ਆਤਮ ਮਾਰਗ ਪਬਲੀਕੇਸ਼ਨ

# ਆਤਮ ਉਪਦੇਸ਼



ਪ੍ਰਕਾਸ਼ਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ, ਰਤਵਾੜਾ ਸਾਹਿਬ

# ਆਤਮ ਉਪਦੇਸ਼

-: ਕਰਤਾ :-

**ਸੰਤ ਬਾਬਾ ਵਰਿਆਮ ਸਿੰਘ ਜੀ**
**ਰਤਵਾੜਾ ਸਾਹਿਬ**

ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।

**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**

**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ ਸੰਪਰਕ ਕੀਤਾ ਸਕਦਾ ਹੈ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**
**ਸੰਪਰਕ ਨੰ: ਦਫਤਰ-94172-14391, 79**

# ਦੋ ਸ਼ਬਦ

'ਆਤਮ ਉਪਦੇਸ਼' ਨਾਮ ਇਹ ਪੁਸਤਕ ਪਾਠਕਾਂ ਲਈ ਆਪਣੇ ਆਪ ਦੀ ਪੜਚੋਲ, ਆਪਣੀ ਜੀਵ ਆਤਮਾ ਦੇ ਉਧਾਰ ਲਈ, ਅੰਦਰਲੀ ਖੋਜ ਕਰਨ ਲਈ 15 ਸਿਰਲੇਖ ਹਨ ਮਹਾਂਪੁਰਖਾਂ ਦੇ ਜਿਨ੍ਹਾਂ ਵਿੱਚ ਮਹਾਂਪੁਰਖਾਂ ਨੇ ਬਹੁਤ ਖੋਲ੍ਹ ਖੋਲ੍ਹ ਕੇ ਆਤਮ-ਤੱਤ, ਆਤਮ-ਪਦ, ਆਤਮ-ਦ੍ਰਿਸ਼ਟੀ, ਆਤਮ-ਜੋਤ, ਆਤਮ-ਜਾਗ, ਆਤਮ-ਮੰਡਲ, ਆਤਮ-ਸਰੂਪ, ਪਰਮ ਸ਼ਾਂਤੀ, ਆਤਮ ਖੋਜ, ਗਗਨ- ਮੰਡਲ, ਸਾਡੇ ਅੰਦਰ ਦਾ ਜੋ ਰਸਤਾ ਉਸ ਨੂੰ ਬਿਆਨ ਕੀਤਾ ਹੈ।

ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਜੋ ਜੀਵਨ ਹੈ ਆਪ ਜੀ ਦੱਸਿਆ ਕਰਦੇ ਸਨ ਕਿ ਮੇਰੇ ਕਈ ਜਨਮ ਜੋ ਮੈਨੂੰ ਯਾਦ ਹਨ। ਇਸ ਸਾਧਨਾ ਅੰਦਰ ਬਤੀਤ ਹੋ ਚੁਕੇ ਹਨ। ਇਕ ਵਾਰ ਤਾਂ ਆਪ ਜੀ ਸਾਰੀਆਂ ਸੰਗਤਾਂ ਨੂੰ ਹਰੀਪੁਰ ਜੋ ਕਿ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਬਖਸ਼ਿਸ਼ ਪ੍ਰਾਪਤ 22 ਮੰਜੀਆਂ ਵਿੱਚੋ ਬਾਬਾ ਜਵਾਹਰ ਸਿੰਘ ਜੀ ਦੇ ਅਸਥਾਨ ਹਨ। ਉਥੇ ਲੈ ਕੇ ਗਏ। ਅਤੇ ਕਈ ਨਿਸ਼ਾਨੀਆਂ ਆਪਣੇ ਪਿਛਲੇ ਜਨਮ ਦੀਆਂ ਦੱਸੀਆਂ ਜੋ ਕਿ ਉਥੇ ਬਰਕਾਰ ਸਨ। ਉਸ ਪਿੰਡ ਦਾ ਨਾਮ ਬਰੋਟੀ ਵਾਲਾ ਪੈਂਦਾ ਹੈ। ਉਥੇ ਇਕ ਪੁਰਾਤਨ ਖੂਹ ਆਪ ਜੀ ਨੇ ਵਖਾਇਆ ਜਿਥੇ ਬੈਠ ਕੇ ਆਪ ਜੀ ਤਪੱਸਿਆ ਕਰਿਆ ਕਰਦੇ ਸਨ। ਆਪ ਜੀ ਦਾ 7 ਫੁੱਟ ਲੰਬਾਂ ਸਰੀਰ ਸੀ ਪੂਰੇ ਜਟਾ-ਜੂਟ ਵੱਡੀਆਂ ਵੱਡੀਆਂ ਜਟਾਵਾਂ ਸਨ। ਧੂਣਾ ਲਗਾਤਾਰ ਜਗਦਾ ਰਹਿੰਦਾ ਆਪ ਜੀ ਅਖੰਡ ਸਮਾਧੀ ਅੰਦਰ ਵਾਹਿਗੁਰੂ ਜੀ ਦਾ ਸਿਮਰਨ ਜਾਰੀ ਰੱਖਦੇ ਸਨ। ਇਕ ਜਨਮ ਪੂਰਾ ਹੀ ਆਪ ਜੀ ਨੇ ਉਸ ਧੂਣੇ ਤੇ ਬੈਠ ਕੇ ਕੱਢ ਦਿਤਾ। ਆਸ਼ਰਮ ਦੀ ਸਾਫ-ਸਫਾਈ ਸੇਵਾ ਸੰਭਾਲ ਨਾਲ ਹੀ ਇਕ ਪਿੰਡ ਸੀ ਜਿਥੋਂ ਇਕ ਬੀਬੀ ਹਰ ਰੋਜ਼ ਆ ਕੇ ਕਰਦੀ ਸੀ। ਆਸ਼ਰਮ ਨੂੰ ਸਾਫ ਸੁਥਰਾ ਰੱਖਣਾ ਅਤੇ ਲੰਗਰ ਆਦਿ ਪ੍ਰਸ਼ਾਦਾ ਤਿਆਰ ਕਰਨਾ ਉਹ ਬੀਬੀ ਸੇਵਾ ਸਮਝ ਕੇ ਕਰਦੀ ਰਹਿੰਦੀ। ਆਪ ਜੀ ਦਸਿਆ ਕਰਦੇ ਸਨ ਕਿ ਇਹ ਬੀਬੀ ਉਹ ਹੀ (ਸੰਤ ਮਾਤਾ ਰਣਜੀਤ ਕੌਰ ਜੀ) ਜਿੰਨ੍ਹਾਂ ਦਾ ਫੁਰਨਾ ਬਣਿਆ ਸੀ ਪਰ ਆਪ ਜੀ ਨੇ ਕਿਹਾ ਇਹ ਸੰਜੋਗ ਅਗਲੇ ਜਨਮ ਵਿੱਚ ਹੋਣਗੇ। ਕਹਿਣ ਦਾ ਭਾਵ ਆਪ ਜੀ ਨੇ ਇਕ ਜਨਮ ਪੂਰਾ ਹੀ ਧੂਣੇ ਤੇ ਬੈਠ ਕੇ ਸਾਧਨਾ ਵਿੱਚ ਹੀ ਕੱਢਿਆ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ। ਆਪ ਜੀ ਦੀ ਜਨਮਾਂ ਜਨਮਾਂ ਦੀ ਕਮਾਈ ਸਦਕਾ ਹੀ ਡੂੰਘੇ ਅਨੁਭਵ ਵਿੱਚ ਜਗਿਆਸੂਆਂ ਨੂੰ ਐਸੇ ਪ੍ਰਵਚਨ ਪੜ੍ਹਨ ਵਿਚਾਰਨ ਲਈ ਮਿਲ ਰਹੇ ਹਨ। ਇਸ ਪੁਸਤਕ ਅੰਦਰ ਮਹਾਂਪੁਰਖਾਂ ਦੇ 15 ਲੇਖ ਹਨ ਜਿਨ੍ਹਾਂ ਵਿੱਚ ਆਤਮ ਉਪਦੇਸ਼ ਬਖਸ਼ਿਸ਼ ਹੋਇਆ ਹੈ।

ਪਹਿਲੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਸਹਿਤ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਜਦੋਂ ਪ੍ਰਕਾਸ਼ ਹੋਇਆ ਓਦੋਂ ਭਾਰਤ ਦੀ ਹਾਲਤ ਕਿਹੋ ਜਿਹੀ ਸੀ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਹੋਣ ਨਾਲ ਕਿਵੇਂ ਹਨੇਰਾ ਦੂਰ ਹੋਣ ਲੱਗਿਆ। ਉਨ੍ਹਾਂ ਦੇ ਬਚਪਨ ਦੀਆਂ ਘਟਨਾਵਾਂ ਅਤੇ ਉਦਾਸੀਆਂ ਦਾ ਸਾਰਾ ਹਾਲ ਇਸ ਲੇਖ ਅੰਦਰ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਨੇ ਬਿਆਨ ਕੀਤਾ ਹੈ ।

ਦੂਜੇ ਦੀਵਾਨ ਵਿਚ ਮਹਾਂਪੁਰਖਾਂ ਨੇ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਰਿਵਾਰ ਦੀ ਲਾਸਾਨੀ ਗਾਥਾ ਇਸ ਲੇਖ ਅੰਦਰ ਮਹਾਂਪੁਰਖਾਂ ਨੇ ਬਿਆਨ ਕੀਤੀ ਹੈ ਕਿਵੇਂ ਬੱਚਿਆਂ ਦੇ ਨਾਲ ਹਕੂਮਤ ਨਾਲ ਸਵਾਲ ਜਵਾਬ ਹੁੰਦੇ ਹਨ ਬੱਚੇ ਕਿਵੇਂ ਪੂਰੇ ਜਾਹੋ ਜਲਾਲ ਨਾਲ ਉੱਨਾਂ ਵੱਲੋਂ ਕੀਤੇ ਗਏ ਸਾਰੇ ਸਵਾਲਾਂ ਦੇ ਜਵਾਬ ਬਾਖੂਬੀ ਦਿੰਦੇ ਹਨ। ਸਾਕਾ ਸਰਹਿੰਦ ਅਤੇ ਸਾਕਾ ਚਮਕੌਰ ਸਾਹਿਬ ਦਾ ਸਾਰਾ ਹਾਲ ਇਸ ਲੇਖ ਅੰਦਰ ਮੌਜੂਦ ਹੈ। ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਵੇਂ ਮੁਗਲ ਸਾਮਰਾਜ ਦੀ ਜੜ੍ਹ ਆਪਣੇ ਪਰਿਵਾਰ ਦੇ ਸੀਸ ਲਾ ਕੇ ਪੁਟ ਦਿਤੀ।

ਤੀਜੇ ਦੀਵਾਨ ਵਿੱਚ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਨੇ ਬਹੁ ਪੱਖੀ ਸਖਸ਼ੀਅਤ ਦੇ ਮਾਲਿਕ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਈ ਪਹਿਲੂਆਂ ਤੇ ਵਿਚਾਰ ਦਿਤੇ ਹਨ। ਪ੍ਰਕਾਸ਼ ਤੋਂ ਪਹਿਲਾਂ ਇਸਲਾਮਿਕ ਪੀਰਾਂ ਨੂੰ ਬਹੁਤ ਵੱਡੇ ਪ੍ਰਕਾਸ਼ ਦੇ ਦਰਸ਼ਨ ਹੋਣਾ ਅਤੇ ਪਟਨਾ ਸਾਹਿਬ ਵਿੱਖੇ ਪਹੁੰਚ ਕੇ ਦਰਸ਼ਨ ਕਰਨੇ। ਅਤੇ ਆਪ ਜੀ ਨੇ ਦੱਸਿਆ ਕਿ ਗੁਰੂ ਘਰ ਨਾਲ ਇਸਲਾਮਿਕ ਸੂਫੀ ਪੀਰਾਂ ਫਕੀਰਾਂ ਦਾ ਕਿੰਨਾ ਗਾੜ੍ਹਾ ਸਬੰਧ ਰਿਹਾ ਹੈ। ਪਟਨੇ ਸਾਹਿਬ ਦੀਆਂ ਘਟਨਾਵਾਂ ਕਿਵੇਂ ਆਪ ਜੀ ਓਥੇ ਖੇਲਦੇ ਹੁੰਦੇ। ਉਸ ਤੋਂ ਬਾਅਦ ਅਨੰਦਪੁਰ ਸਾਹਿਬ ਵਿਖੇ ਆਉਣਾ ਮਸੰਦ ਪ੍ਰਥਾ ਨੂੰ ਖਤਮ ਕਰਨਾ।

ਚੌਥੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਪੰਜ ਪਿਆਰਿਆਂ ਦੇ ਸਿਰਮੌਰ ਜਥੇਦਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਬਾਅਦ ਦੇ ਮਹਾਂਪੁਰਖਾਂ ਦਾ ਜੀਵਨ ਕਿਹੋ ਜਿਹਾ ਸੀ ਸਿੱਖੀ ਨੂੰ ਬਚਾਉਣ ਵਾਸਤੇ ਉਨ੍ਹਾਂ ਨੇ ਆਪਣੇ ਸਰੀਰਾਂ ਦਾ ਕਿਵੇਂ ਬਲੀਦਾਨ ਦਿਤਾ ਬਹੁਤ ਵਿਸਥਾਰ ਨਾਲ ਬਾਬਾ ਖੁਦਾ ਸਿੰਘ ਜੀ ਮਹਾਰਾਜ ਅਤੇ ਬਾਬਾ ਬੀਰ ਸਿੰਘ ਜੀ ਦੇ ਜੀਵਨ ਬਿਰਤਾਂਤ ਇਸ ਲੇਖ ਅੰਦਰ ਦਿਤੇ ਗਏ ਹਨ। ਪੜ੍ਹ ਕੇ ਗਿਆਨ ਰੂਪੀ ਅੱਖਾਂ ਖੁਲ੍ਹ ਜਾਂਦੀਆਂ ਹਨ ਕਿ ਕਿੰਨੀ ਕਰਨੀ ਕਮਾਈ ਵਾਲੀ ਇਹ ਸੰਪ੍ਰਦਾਇ ਹੈ। ਜਦੋਂ ਅੰਗਰੇਜ਼ ਪੰਜਾਬ ਵਿੱਚ ਬੜਿਆ ਉਸ ਸਮੇਂ ਸਿੱਖੀ ਨੂੰ ਕਿਵੇਂ ਬਾਬਾ ਮਹਾਰਾਜ ਸਿੰਘ ਜੀ ਨੇ ਬਚਾਇਆ।

ਪੰਜਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਹੀ ਵਿਸਥਾਰ ਨਾਲ ਪ੍ਰੇਮਾਂ ਭਗਤੀ ਵਿੱਚ ਆ ਕੇ ਭਗਵਾਨ ਨਾਲ ਸ਼ੰਕੇ ਕਿਵੇਂ ਨਿਮਰਤ ਕੀਤੇ ਜਾਂਦੇ ਹਨ। ਨਾਮਦੇਵ ਦੇ ਸ਼ੰਕੇ ਰੰਕੇ ਬੰਕਾ ਨੇ ਕਿਵੇਂ ਦੂਰ ਕੀਤੇ। ਮਹਾਂਪੁਰਖਾਂ ਨੇ ਦੱਸਿਆ ਕਿ ਸਿੱਖੀ ਦਾ ਅੰਤਮ ਗੋਲ ਕੀ ਹੈ। ਕਿ ਅਸੀਂ ਕਹਿ ਦਿੰਦੇ ਹਾਂ ਕਿ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ। ਨਹੀਂ ਇਹ ਸਾਡਾ ਵੇ ਆਫ ਲਾਇਫ ਹੈ। ਇਸ ਤੋਂ ਅੱਗੇ ਤੁਰਨਾ ਹੈ ਅਗੇ ਕਿਥੇ ਜਾਣਾ ਹੈ ਉਹ ਮਹਾਂਪੁਰਖਾਂ ਨੇ ਅਨੇਕਾਂ ਉਧਾਰਨਾ ਦੇ ਕੇ ਇਸ ਲੇਖ ਦੇ ਅੰਦਰ ਸਮਝਾਇਆ ਹੈ।

ਛੇਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਆਤਮ-ਚਿੰਤਨ ਬਾਰੇ ਖੋਲ੍ਹ ਕੇ ਦਸਿਆ ਹੈ। ਕਿ ਆਤਮ ਚਿੰਤਨ ਕਿਵੇਂ ਕਰੀਦਾ ਹੈ? ਮੈਂ ਕੌਣ ਹਾਂ?

ਹਉਮੈਂ ਸਾਡੇ ਅੰਦਰ ਕਿਵੇਂ ਪੈਦਾ ਹੁੰਦੀ ਹੈ? ਇਸ ਨਾਸ਼ ਕਿਵੇਂ ਹੋਵੇ? ਕਿਵੇਂ ਅਸੀਂ ਹਉਮੈਂ ਨੂੰ ਸਮਝ ਕੇ ਫੇਰ ਨਾਮ ਜਪਣਾ ਹੈ? ਨਾਮ ਜਪ ਕੇ ਕਿਵੇਂ ਉਸ ਦਾ ਫਲ ਮੰਗੀਦਾ ਹੈ? ਬਹੁਤ ਹੀ ਵਿਸਥਾਰ ਨਾਲ ਮਹਾਂਪੁਰਖਾਂ ਨੇ ਹਉਮੈਂ ਬਾਰੇ ਸਾਡੇ ਸ਼ੰਕਿਆਂ ਨੂੰ ਨਮਿਰਤ ਕੀਤਾ ਹੈ।

ਸੱਤਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਪੂਰਵਕ ਦੱਸਿਆ ਹੈ ਕਿ ਇਸ ਸੰਸਾਰ ਵਿੱਚ ਅਸੀਂ ਰੋਂਦੇ ਫਿਰਦੇ ਹਾਂ ਅਸੀਂ, ਵਿਰਲਾਪ ਕਰਦੇ ਫਿਰਦੇ ਹਾਂ। ਹਾਂ ਅਸੀਂ ਆਤਮਾ, ਸੰਸਾਰ ਨਾਲ ਸਾਡਾ ਕੋਈ ਸਬੰਧ ਨਹੀਂ। ਇਹ ਤਾਂ ਹੁਕਮ ਦੀ ਖੇਡ ਹੋ ਰਹੀ ਹੈ, ਮਾਲਕ ਕਰਾ ਰਿਹਾ ਹੈ ਜੀਵ ਕਰੀ ਜਾਂਦਾ ਹੈ। ਇਹ ਜੀਵ ਮੈਂ ਪੁਣਾ ਧਾਰਦਾ ਹੈ ਤਾਂ ਫਸਦਾ ਹੈ। ਆਹ ਜਿਹੜੀ ਮੈਂ ਹੈ ਇਹ ਇਹਨੂੰ ਹੀ ਫਸਾਉਂਦੀ ਹੈ। ਜੇ ਇਹਦੇ ਅਨੁਭਵ ਦੇ ਵਿੱਚ ਜਾਗ ਖੁੱਲ੍ਹ ਜਾਏ ਕਿ ਇਹ ਹੁਕਮ ਦੀ ਕ੍ਰਿਆ ਹੋ ਰਹੀ ਹੈ। ਮੈਂ ਤਾਂ ਹਾਂ ਹੀ ਨਹੀਂ, ਮੈਂ ਤਾਂ ਆਤਮ ਸਰੂਪ ਹਾਂ। ਇਹ ਸਰੀਰ ਨੂੰ ਜਿਵੇਂ ਪ੍ਰਮੇਸ਼ਰ ਚਲਾਉਂਦਾ ਹੈ ਚੱਲ ਰਿਹਾ ਹੈ। ਆਹ ਜਾਗ ਨਹੀਂ ਆਉਂਦੀ। ਹਰ ਵਕਤ ਸੁੱਤਾ ਰਹਿਣ ਕਰਕੇ ਇਹ ਜੀਵ ਦੁਖੀ ਹੁੰਦਾ ਹੈ। ਰਾਜੇ ਜਨਕ ਦਾ ਕਿਵੇਂ ਮਹਾਤਮਾ ਅਸ਼ਟਾਵਕਰ ਜੀ ਨੇ ਸੁਪਨਾ ਤੋੜ ਕੇ ਬ੍ਰਹਮੁ ਗਿਆਨ ਦੀ ਅਵਸਥਾ ਤੱਕ ਪਹੁੰਚਾ ਦਿਤਾ। ਸਾਨੂੰ ਵੀ ਇਹ ਗਿਆਨ ਹੋ ਸਕਦਾ ਹੈ ਜੇ ਅਸੀਂ ਇਸ ਲੇਖ ਨੂੰ ਪੂਰੀ ਗਹੁ ਨਾਲ ਪੜੀਏ ਵੀਚਾਰੀਏ।

ਅੱਠਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਤਿੰਨ ਅਸੂਲਾਂ ਤੇ ਵਿਚਾਰ ਕੀਤੀ ਹੈ ਪਹਿਲਾਂ ਬਾਣੀ ਦਾ ਬਾਣ ਲੱਗ ਗਿਆ। ਦੂਸਰਾ ਪ੍ਰਭੂ ਨਾਲ ਪਿਆਰ ਲੱਗਿਆ। ਤੀਸਰਾ ਪਰਇਸਤ੍ਰੀ ਦਾ ਤਿਆਗ, ਚੌਥਾ ਦ੍ਰਿੜ੍ਹਤਾ ਪ੍ਰਮੇਸ਼ਰ ਉਤੇ ਵਿਸ਼ਵਾਸ਼। ਇਹ ਚਾਰੋ ਚੀਜ਼ਾਂ ਦੇ ਨਾਲ ਆਮ ਮਨੁੱਖ ਨੂੰ ਕਿੰਨਾ ਉੱਚਾ ਚੁੱਕ ਦਿੱਤਾ ਕਿ ਪ੍ਰਮੇਸ਼ਰ ਨੂੰ ਆਪ ਆ ਕੇ ਉਹਦੇ ਸਾਰੇ ਕਾਰਜ ਠੀਕ ਕਰਨੇ ਪਏ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਇੱਕ ਕਸਾਈ ਕਿੱਡੀ ਉੱਚੀ ਪਦਵੀ ਪ੍ਰਾਪਤ ਕਰਕੇ ਬੈਠਾ ਹੈ ਪਤਾ ਨਹੀਂ ਉਹਦੀ ਬਾਅਦ ਦੀ ਅਵਸਥਾ ਕਿੱਡੀ ਉੱਚੀ ਹੋਵੇ, ਕਿੱਡਾ ਮਹਾਂਪੁਰਸ਼ ਬਣ ਗਿਆ ਹੋਵੇ। ਬਹੁਤ ਹੀ ਵਿਸਥਾਰ ਨਾਲ ਮਹਾਂਪੁਰਖਾਂ ਨੇ ਇਨ੍ਹਾਂ ਤਿੰਨ ਅਸੂਲਾਂ ਤੇ ਚਾਨਣਾ ਪਾਇਆ ਹੈ।

ਨੌਂਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਹੀ ਪਿਆਰ ਨਾਲ 'ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਓ' ਬਾਹਰਲੇ ਦਾ ਪ੍ਰਤੀਕ ਅੰਦਰ ਨਹੀਂ ਹੈ। ਜਿਹੜੇ ਆਹ ਕਹਿ ਦਿੰਦੇ ਨੇ ਕਿ ਬਾਹਰੋਂ ਆਹ ਨਿਸ਼ਾਨ ਲਗਾ ਲਓ, ਬਾਹਰਲੀਆਂ ਚੀਜ਼ਾਂ ਅੰਦਰਲੇ ਦਾ ਪ੍ਰਤੀਕ ਨੇ। ਅੰਦਰਲਾ ਯੁੱਧ ਜਾਰੀ ਹੈ ਜਦ ਤੋਂ ਸੰਸਾਰ ਰਚਿਆ ਹੈ, ਜਿੱਦਣ ਤੋਂ ਰਚਿਆ ਹੈ। ਵਾਹਿਗੁਰੂ ਜੀ ਨੇ ਇਸ ਸ੍ਰਿਸ਼ਟੀ ਦੇ ਅੰਦਰ ਦ੍ਵੈਤ ਜਿਹੜੀ ਹੈ ਇੱਕ ਹਉਮੈ ਦੀਆਂ ਫੌਜਾਂ ਨੇ, ਇੱਕ ਨਾਮ ਦੀਆਂ ਨੇ, ਇਨ੍ਹਾਂ ਦਾ ਮੁੱਢ ਤੋਂ ਵਿਰੋਧ ਚਲਿਆ ਆ ਰਿਹਾ ਹੈ। ਕਿਹੜੇ ਨਿਸ਼ਾਨੇ ਤੇ ਘਾਵ ਕਰਨਾ ਹੈ ਕਿਵੇਂ ਅਸੁਰੀ ਸੰਪਰਦਾ ਨੂੰ ਜਿਤ ਕੇ ਕਿਹੜਾ ਖੇਤ ਹੈ ਜਿਸ ਵਿੱਚ ਯੁੱਧ ਕਰਨਾ ਹੈ। ਅਖੀਰ

'ਦਾਸ ਕਮੀਰ ਚੜਿਓ ਗੜ੍ਹ ਉਪਰ ਰਾਜ ਲੀਓ ਅਬਿਨਾਸ਼ੀ' ਉਸ ਅਵਿਨਾਸ਼ੀ ਰਾਜ ਦਾ ਸਿਘਾਸਨ ਕਿਵੇਂ ਮੱਲਣਾ ਹੈ। ਧਿਆਨ ਦੀਆਂ ਅਲੱਗ ਅਲੱਗ ਵਿਧੀਆਂ ਕੀ ਹਨ।

ਦੱਸਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਾਬਾ ਬੁੱਢਣ ਸ਼ਾਹ ਜੀ ਜਿੰਨਾਂ ਦਾ ਅਸਥਾਨ ਨਿਸ਼ਾਨੀਆਂ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਕੇ ਅੰਦਰ ਮੌਜੂਦ ਹਨ। ਆਪ ਜੀ ਨੇ ਵਾਹਿਗੁਰੂ ਜੀ ਨੂੰ ਮਿਲਣ ਲਈ ਬਹੁਤ ਜਫਰ ਜਾਲੇ, ਚੀਲੇ ਕੱਟ, ਪ੍ਰਾਣਾਯਾਮ ਸਾਧਿਆ, ਪੁਠੇ ਲੱਟਕਦੇ ਰਹੇ ਅਨੇਕਾਂ ਸਾਧਨ ਜੋ ਇਸਾਲਮ ਧਰਮ ਦੇ ਅੰਦਰ ਹਨ ਉਹ ਆਪ ਜੀ ਨੇ ਕਰੇ ਪਰ ਜੋ ਅੰਦਰ ਸ਼ਾਂਤੀ ਆਉਣੀ ਸੀ ਸਹਜ ਆਉਣਾ ਸੀ ਉਹ ਨਾ ਪ੍ਰਾਪਤ ਹੋਇਆ। ਸਮਾਂ ਪਾ ਕੇ ਗੁਰੂ ਨਾਨਕ ਸਾਹਿਬ ਜੀ ਸੰਸਾਰ ਤੇ ਪ੍ਰਗਟ ਹੋਏ। ਆਪ ਜੀ ਨੇ ਬਾਣੀ ਉਚਾਰੀ ਜੋ ਕਿ ਕਾਕੋ ਨਾਮ ਦੀ ਬੀਬੀ ਗਉਂਦੀ ਫਿਰਦੀ ਹੈ ਆਪ ਜੀ ਨੇ ਜਦੋਂ ਸੁਣੀ ਤਾਂ ਅੰਦਰ ਕੁਝ ਸ਼ਾਂਤੀ ਆਈ ਤੇ ਪੁਛਿਆ ਕਿ ਇਹ ਕਿ ਦੀ ਬਾਣੀ ਹੈ ਕਾਕੋ ਨੇ ਦੱਸਿਆ ਕਿ ਗੁਰੂ ਨਾਨਕ ਦੀ ਹੈ। ਆਪ ਗੁਰੂ ਨਾਨਕ ਸਾਹਿਬ ਨੂੰ ਅੰਦਰੋ ਅੰਦਰੀ ਮਿਲਣ ਲਈ ਖਿਚਾਂ ਪਾਉਂਦੇ ਰਹੇ ਅਖੀਰ ਗੁਰ ਨਾਨਕ ਸਾਹਿਬ ਪਹੁੰਚ ਜਾਂਦੇ ਹਨ ਗਿਆਨ ਬਖਸ਼ਿਸ਼ ਕੀਤਾ ਬਾਬਾ ਬੁਢਣ ਸ਼ਾਹ ਜੀ ਨੇ ਕਟੋਰਾ ਦੁੱਧ ਦਾ ਪੇਸ਼ ਕੀਤਾ ਪਰ ਆਪ ਜੀ ਕਿਹਾ ਅਸੀਂ ਛੇਵੇਂ ਜਾਮੇ ਅੰਦਰ ਇਸ ਨੂੰ ਪੀਵਾਂਗੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਮੇਂ ਤੱਕ ਫੇਰ ਉਡੀਕ ਬੱਝੀ ਫੇਰ ਗੁਰੂ ਹਰਿਗੋਬਿੰਦ ਸਾਹਿਬ ਪਹੁੰਚਦੇ ਹਨ ਗਿਆਨ ਦੀ ਆਖਰੀ ਹੱਦ ਟਪਾ ਦਿਤੀ ਅਤੇ ਬਾਬਾ ਬੁਢਣ ਸ਼ਾਹ ਜੀ ਨੇ ਸਰੀਰ ਦਾ ਪਰਿਤਿਆਗ ਕਰ ਦਿਤਾ ਗੁਰੂ ਮਹਾਰਾਜ ਜੀ ਨੇ ਇਸਲਾਮਿਕ ਧਰਮ ਅਨੁਸਾਰ ਇਸ ਨੂੰ ਦਫਨਾ ਕੇ ਉਪਰ ਮਸਜਿਦ ਬਣਾ ਦਿਤੀ। ਜਿਸ ਦੀਆਂ ਨਿਸ਼ਾਨੀਆਂ ਅੱਜ ਮੌਜੂਦ ਹਨ ਅਨੰਦਪੁਰ ਸਾਹਿਬ ਦੀ ਯਾਤਰਾ ਇਨ੍ਹਾਂ ਦੇ ਦਰਸ਼ਨ ਕਰਕੇ ਹੀ ਸਫਲ ਹੁੰਦੀ ਹੈ। ਇਹ ਸਾਰਾ ਬਹੁਤ ਹੀ ਪਿਆਰੀ ਵਾਰਤਾਲਾਪ ਮਹਾਂਪੁਰਖਾਂ ਦੇ ਮੁਖਾਰਬਿੰਦ ਦੋ ਐਨੀ ਸੋਹਣੀ ਲਗਦੀ ਹੈ ਜਿਸ ਨੂੰ ਪੜ੍ਹ ਕੇ ਸੁਣ ਕੇ ਸਾਰਾ ਸਰੀਰ ਪਵਿੱਤਰ ਹੋ ਜਾਂਦਾ ਹੈ ਪਾਠਕ ਜਨ ਇਸ ਨੂੰ ਪੜ੍ਹ ਕੇ ਆਪਣੇ ਅੰਦਰ ਦੀ ਪੜਚੋਲ ਕਰ ਸਕਦੇ ਹਨ।

ਗਿਆਰਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਗੁਰੂ ਤੇ ਚਾਰ ਕਿਸਮ ਦੇ ਗੁਰੂ ਮਹਾਂਪੁਰਸ਼ਾਂ ਨੇ ਦੱਸੇ ਨੇ। ਪਹਿਲਾ ਹੈ ਕੱਚਾ ਗੁਰੂ, ਉਹ ਤਾਂ ਕੁਛ ਨਹੀਂ ਕਰਿਆ ਕਰਦਾ। ਦੂਸਰਾ ਹੋਇਆ ਕਰਦਾ ਹੈ ਅੰਨ੍ਹਾ ਗੁਰੂ, ਉਹ ਕਰਮਕਾਂਡ 'ਚ ਫਸਾ ਦਿੰਦਾ ਹੈ। ਖੰਡਨ ਮੰਡਨ 'ਚ ਫਸਾ ਦਿੰਦਾ ਹੈ, ਜੀਵ ਦੀ ਬਿਰਤੀ ਨੂੰ ਚੁੱਕ ਕੇ ਰਹਿਤ ਵਿੱਚ ਨਹੀਂ ਲਿਜਾਂਦਾ, ਇੱਕ ਪ੍ਰਮੇਸ਼ਰ ਨਹੀਂ ਸਾਰੇ ਦਿਖਾਉਂਦਾ। ਤੀਸਰਾ ਹੋਇਆ ਕਰਦਾ ਹੈ ਪੰਡਤ ਗੁਰੂ, ਉਹ ਜਾਣਦਾ ਸਭ ਕੁਛ ਹੁੰਦਾ ਹੈ ਲੇਕਿਨ ਉਹਦੇ ਕੋਲ authority ਨਹੀਂ ਹੋਇਆ ਕਰਦੀ। ਉਹ ਖਾਲੀ ਭੜਾਕਾ ਹੁੰਦਾ ਹੈ, ਰਾਈਫਲ 'ਚ ਗੋਲੀ ਨਹੀਂ ਹੁੰਦੀ। ਭੜਾਕਾ ਓਡਾ ਹੀ ਪਾਉਂਦਾ ਹੈ ਲੇਕਿਨ ਕਿਸੇ ਨੂੰ ਘਾਇਲ ਨਹੀਂ ਕਰ ਸਕਦਾ। ਗੁਰੂ ਮੰਤਰ ਦੀ ਮਹਾਨਤਾ, ਗੁਰੂ ਮੰਤਰ ਜੜ੍ਹ ਕਦੋਂ ਫੜ੍ਹਦਾ ਹੈ।

ਗੁਰੂ ਘਰ ਵਿੱਚ ਮੰਤਰ ਕਿਵੇਂ ਦਿਤਾ ਜਾਂਦਾ ਹੈ? ਨਾਮ ਤੇ ਮੰਤਰ 'ਚ ਕੀ ਫਰਕ ਹੈ? ਨਾਮ ਕੀ ਹੈ? ਮੰਤਰ ਕੀ ਹੈ? ਗੁਰ ਮੰਤਰ ਕੀ ਕੰਮ ਕਰਦਾ ਹੈ? ਆਮ ਮੰਤਰ ਕੀ ਕੰਮ ਕਰਦੇ ਹਨ? ਵਾਹਿਗੁਰੂ ਮੰਤਰ ਦਾ ਜਾਪ ਰਸਨਾ ਨਾਲ ਕੀ ਫਲ ਹੈ? ਮੱਧਮਾ, ਪਸੰਤੀ ਅਤੇ ਪਰਾ ਬਾਣੀ ਵਿੱਚ ਮੰਤਰ ਜਪਣ ਦੇ ਫਲ? ਮਾਨਸਿਕ ਨਾਮ ਕੀ ਹੈ? ਗੁਰੂ ਮੂਰਤ ਸ਼ਬਦ ਕੀ ਹੈ? ਗਿਆਨ ਮੰਡਲ, ਵਿਵੇਕ ਮੰਡਲ ਕੀ ਹੈ? ਨਾਮ ਦੀ ਮਹਿਮਾਂ? ਗੁਰ ਮੰਤਰ ਤੇ ਭਰੋਸਾ? ਖਾਣ ਪੀਣ ਦਾ ਪਰਹੇਜ? ਮਨ ਦੀ ਪਵਿੱਤਰਤਾ? ਗੁਰੂ ਦੀ ਬਾਣੀ ਉਤੇ ਭਰੋਸਾ? ਸੰਤੋਖ ਧਾਰਨ? ਅੱਖਾਂ ਦਾ ਸੰਤੋਖ? ਕੰਨਾਂ ਦਾ ਸੰਤੋਖ? ਰਸਨਾ ਦਾ ਸੰਤੋਖ? ਯਥਾ ਲਾਭ ਸੰਤੁਸ਼ਟੇ? ਕਮਾਈ ਦਾ ਸੰਤੋਖ, ਦਾਨ ਹੋਵੇ, ਸਾਂਤਕੀ ਬਿਰਤੀ ਰੱਖੇ, ਨਿਤਨੇਮ ਦਾ ਪੱਕਾ ਹੋਵੇ? ਗੁਰੂ ਦੀ ਕਸਵੱਟੀ? ਅਨੰਦ ਦੀ ਅਵਸਥਾ, ਪ੍ਰਾਪਤੀ। ਇਸ ਲੇਖ ਨੂੰ ਪੜ੍ਹ ਕੇ ਗੁਰਮਤਿ ਦੀ ਰੂਹਾਨੀਅਤ ਦੀ ਸਾਰੀ ਸੋਝ ਪ੍ਰਾਪਤ ਹੋ ਜਾਂਦੀ ਹੈ।

ਬਾਰ੍ਹਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਝੰਡਾ ਬਾਢੀ ਅਤੇ ਇਦਰਸੈਨ ਨੂੰ ਜਾ ਕੇ ਗੁਰੂ ਨਾਨਕ ਸਾਹਿਬ ਮਿਲੇ ਜੋ ਆਖਰੀ ਮੰਜਲ ਸੀ ਰੂਹਾਨੀਅਤ ਦੀ ਉਸ ਨੂੰ ਪਾਰ ਕਰਵਾ ਦਿਤਾ। ਉਹਨਾਂ ਦੇ ਅੰਦਰ ਬਹੁਤ ਤੀਬਰ ਲਗਨ ਸੀ ਪਿਆਸ ਸੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ ਝੰਡਾ ਬਾਢੀ ਅਤੇ ਇੰਦਰਸੈਨ ਦੇ ਜੋ ਬਚਨ ਹੋਏ ਉਹ ਮਹਾਂਪੁਰਖਾਂ ਨੇ ਬਹੁਤ ਵਿਸਥਾਰਪੂਰਵਕ ਨਾਮ ਜਪਣ ਦੀਆਂ ਵੱਖ-ਵੱਖ ਅਵਸਥਾਵਾਂ ਤੇ ਚਾਨਣਾ ਪਾਇਆ ਹੈ ਕਿ ਕਿਵੇਂ ਨਾਮ ਜਪ ਕੇ ਸਾਰੇ ਪੁਰਾਣੇ ਜਨਮਾਂ ਦੇ ਪਏ ਸੰਸਕਾਰਾਂ ਨੂੰ ਅੰਦਰੋਂ ਧੋ ਦਈ ਦਾ ਹੈ। ਫੇਰ ਨਾਮ ਅੰਦਰ ਕਿਵੇਂ ਚਲਾ ਜਾਂਦਾ ਹੈ ਅੰਦਰ ਦੀਆਂ ਅਵਸਥਾ ਕਿਹੜਿਆਂ ਹਨ ਅਸੀਂ ਕਿਵੇਂ ਸੁਤੇ ਪਏ ਨਾਮ ਜਪ ਸਕਦੇ ਹਾਂ ਸੁਰਤਿ ਦੇ ਨਾਲ। ਸਵਾਸ ਸਵਾਸ ਕਿਵੇਂ ਨਾਮ ਜਪਣਾ ਹੈ? ਜੋ ਵਾਹਿਗੁਰੂ ਅਤੇ ਮਨੁੱਖ ਵਿੱਚ ਵਿਥ ਹੈ ਇਹ ਖਾਈ ਜਿਹੜੀ ਹੈ ਇਹ ਵਿੱਥ ਦੀ ਖਾਈ ਹੈ, ਕਾਲ ਦੀ ਖਾਈ ਹੈ, ਇਹ ਵਿੱਥ ਦੀ ਖਾਈ ਜਦੋਂ ਵਾਹਿਗੁਰੂ ਦਾ ਨਾਮ ਜਿਉਂ-ਜਿਉਂ ਜਪਾਂਗੇ, ਇੱਕ ਘੰਟਾ ਜਪਿਆ ਫੇਰ ਦੋ ਘੰਟੇ ਜਪਿਆ ਫੇਰ ਤਿੰਨ ਜਪਿਆ, ਹੌਲੀ-ਹੌਲੀ ਜਦੋਂ ਚੌਵੀ ਘੰਟੇ ਹੋ ਜਾਏਗਾ। ਇਹ ਪੁਲ ਜਿਹਾ ਬਣ ਜਾਏਗਾ ਵਾਹਿਗੁਰੂ ਦੇ ਕੋਲ ਜਾਣ ਦਾ। ਇਹ ਜਹਾਜ਼ ਫੇਰ ਪੂਰਾਂ ਦੇ ਪੂਰ, ਆਪ ਵੀ ਲੰਘੇਗਾ ਤੇ ਪੂਰਾਂ ਦੇ ਪੂਰ ਨੂੰ ਲੰਘਾਉਂਦਾ ਚਲਿਆ ਜਾਂਦਾ ਹੈ। ਡੂੰਘੀ ਮਾਇਆ ਦੀ ਖਾਈ ਨੂੰ ਪਾਰ ਕਰਨ ਵਾਸਤੇ ਨਾਮ ਦਾ ਜਹਾਜ਼ ਹੈ।

ਤੇਰਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਗੁਰੂ ਘਰ ਵਿੱਚ ਅੰਮ੍ਰਿਤ ਸ਼ਕਣ ਦੀ ਮਹਾਨਤਾ? ਮੂਲਮੰਤਰ ਦੀ ਮਹਾਨਤਾ? ਗੁਰ ਮੰਤਰ ਦੀ ਮਹਾਨਤਾ? ਪਹਿਲੇ ਸਮਿਆਂ ਵਿੱਚ ਮੰਤਰ ਕਿਵੇਂ ਦਿਤਾ ਜਾਂਦਾ ਸੀ? ਪ੍ਰਤੀਤ ਭਰੋਸਾ? ਭਾਣਾ ਮੰਨਣ ਦੀ ਸ਼ਕਤੀ? ਭਾਈ ਭਿਖਾਰੀ ਜੀ ਵੱਲੋਂ ਭਾਣਾ ਮੰਨਣਾ? ਵਾਸ਼ਨਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ? ਸ੍ਰੀ ਰਾਮ ਚੰਦਰ ਜੀ ਦੀ ਸਾਖੀ ਵਾਸ਼ਨਾ ਪ੍ਰਥਾਇ? ਪੂਰਨ ਲਗਨ, ਮਨ ਦੀ ਦ੍ਰਿੜ੍ਹਤਾ? ਨਿੰਦਿਆ ਦਾ ਤਿਆਗ? ਨਾਮ ਦਾ ਰਸਨਾ ਨਾਲ ਉਚਾਰਨ? ਕੰਠ ਦੁਆਰਾ ਉਚਾਰਨ? ਹਿਰਦੇ ਵਿੱਚ

ਉਚਾਰਨ? ਨਾਭੀ ਵਿੱਚ ਉਚਾਰਨ? ਮਨ ਦੇ ਨਾਲ ਉਚਾਰਨ? ਸੁਰਤ ਦੇ ਨਾਲ ਨਾਮ ਕਿਵੇਂ ਜਪਿਆ ਜਾਂਦਾ ਹੈ? ਨਾਮ ਦਾ ਨਸ਼ਾ? ਨਾਮ ਦੀ ਮਸਤੀ? ਸਾਵਿਕਲਪ ਸਮਾਧੀ, ਨਿਰਵਿਕਲਪ ਸਮਾਧੀ ਕੀ ਹੈ? ਸਹਜ ਸਮਾਧ ਕੀ ਹੈ? ਭੁੱਖ ਤੇ ਨੀਂਦ ਦਾ ਤਿਆਗ ਕਿਥੇ ਹੁੰਦੇ ਹਨ? ਅਨਹਦ ਸ਼ਬਦ ਕੀ ਹੈ? ਭਾਈ ਮੰਝ ਤੇ ਗੁਰੂ ਦੀ ਕਸਵੱਟੀ? ਸਿੱਖੀ ਕਿੰਨੇ ਪ੍ਰਕਾਰ ਦੀ ਹੈ? ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਡੱਲੇ ਦੀ ਸਿੱਖੀ ਦੀ ਪਰਖ? ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੁਆਣਾ ਸਾਹਿਬ ਵਾਲਿਆਂ ਦੁਆਰਾ ਹਜੂਰ ਸਾਹਿਬ ਵਿੱਖੇ ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਕਰਨੇ? ਗੁਰੂ ਦੀ ਕਸਵਟੀ ਤੇ ਸ਼ੁਕਰ? ਧਰਮਸਾਲਾ ਗੁਰੂ ਘਰ ਦੀਆਂ ਰੋਟੀ ਕੀ ਕੰਮ ਕਰਦੀਆਂ ਹਨ ? ਸਬਰ ਤੇ ਸ਼ੁਕਰ ਦੇ ਅਰਥ? ਔਰੰਗਜੇਬ ਦੇ ਸਮੇਂ ਦਾ ਫਕੀਰ ਸਰਮੱਦ ਦੀ ਕਥਾ? ਦੇ ਅਧਿਆਸ ਕਿਵੇਂ ਟੁਟਦਾ ਹੈ? ਗੁਰੂ ਵੱਲੋਂ ਸਿੱਖ ਦੀ ਪ੍ਰਤਿਪਾਲਣਾ?

ਚੌਦਵੇਂ ਦੀਵਾਨ ਵਿੱਚ ਮਹਾਂਪੁਰਸ਼ਾਂ ਨੇ ਰੂਹਾਨੀਅਤ ਦੀ ਆਖਰੀ ਹੱਦ ਕਿਥੇ ਹੈ? ਇਹ ਜੋ ਜੀਵ ਹੈ ਜਿਸ ਨੇ ਮਾਨਸ ਦੇਹੀ ਧਾਰਨ ਕੀਤੀ ਹੈ ਦਾ ਅਸਲੀ ਨਿਸ਼ਾਨਾ ਕਿਥੇ ਹੈ ਲਖਸ਼ ਕੀ ਹੈ? ਯੋਗੀਆਂ ਦੇ ਛੇ ਕਰਮ ਕਿਹੜੇ ਸਨ ਜਿਹੜੇ ਉਹਨਾਂ ਨੂੰ ਹਰ ਰੋਜ਼ ਕਰਨੇ ਪੈਂਦੇ ਸਨ ਜਿਸ ਕਾਰਨ ਉਨ੍ਹਾਂ ਨੂੰ ਯੋਗੀਸ਼ਵਰ ਦੀ ਪਦਵੀ ਮਿਲਦੀ ਸੀ। ਧੀਰਜ ਦਾ ਬਹੁਤ ਵੱਡਾ ਗੁਣ ਜੋ ਹੈ ਉਹ ਮਨੁੱਖ ਦੇ ਅੰਦਰ ਜੇ ਹੋਵੇ ਕਿੰਨੇ ਵੱਡੇ ਨੁਕਸਾਨ ਤੋਂ ਬਚ ਸਕਦਾ ਹੈ। ਭਗਤ ਬੇਣੀ ਜੀ ਦੀ ਜੀਵਨ ਗਾਥਾ? ਸ੍ਰੀ ਮਾਨ ਸੰਤ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਹਰਖੋਵਾਲ ਵਾਲਿਆਂ ਦੇ ਜੀਵਨ ਦੀ ਝਲਕ? ਸਾਧੂ ਦੇ ਦਰਸ਼ਨਾਂ ਦਾ ਕੀ ਫਲ ਹੁੰਦਾ ਹੈ? ਅਜਾਮਲ ਨੂੰ ਕਿਵੇਂ ਮਹਾਂਪੁਰਖਾਂ ਨੇ ਭਵਜਲ ਪਾਰ ਕਰਾ ਦਿਤਾ?

ਪੰਦਰਵੇਂ ਤੇ ਆਖਰੀ ਸਿਰਲੇਖ ਵਿੱਚ ਮਹਾਂਪੁਰਖਾਂ ਨੇ ਕਲਯੁਗ ਦੀ ਸ਼ੁਰੂਆਤ ਸਮੇਂ ਕਿਵੇਂ ਇਸ ਨੇ ਪਹਿਲਾਂ ਆਇਆ? ਰਾਜੇ ਪ੍ਰੀਸ਼ਦ ਜੋ ਕਿ ਅਰਜਨ ਦਾ ਪੜਪੋਤਾ ਦੇ ਰਾਜ ਵਿੱਚ ਕਲਯੁਗ ਨੇ ਕਿਵੇਂ ਆਪਣੀ ਹੋਂਦ ਨੂੰ ਜਤਾਇਆ? ਪ੍ਰੈਕਟੀਕਲ ਕਰਮ ਜਿਹੜੇ ਨਾਮ ਜਪਣ ਦੇ ਨੇ ਉਨ੍ਹਾਂ ਨੂੰ ਸਮਝ ਕੇ ਨਾਮ ਵੱਲ ਕਿਵੇਂ ਚੱਲਣਾ ਹੈ? ਕਿਉਂਕਿ ਨਾਮ ਜਪਣਾ ਵਾਹਿਗੁਰੂ ਦੀ ਸੇਵਾ ਹੈ। ਇਹਦੇ ਨਾਲ ਅੰਧਕਾਰ ਦੂਰ ਹੋਣਾ ਹੈ, ਬੇਚੈਨੀ ਦੂਰ ਹੋਣੀ ਹੈ। ਬਹੁਤ ਵੱਡੇ ਸੰਕਟ ਦੇ ਵਿੱਚੋਂ ਅਸੀਂ ਲੰਘ ਰਹੇ ਹਾਂ, ਕਲਜੁਗ ਦਾ ਪੂਰਾ ਜ਼ੋਰ ਪੈ ਰਿਹਾ ਹੈ, ਸੱਚ ਕਿਤੇ ਕਿਨਾਰੇ ਹੀ ਰਹਿ ਗਿਆ। ਮਾਤਾ ਲੋਈ, ਭਗਤ ਕਬੀਰ, ਸ੍ਰੀ ਮਾਨ ਸੰਤ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਹਰਖੋਵਾਲ, ਭਗਤ ਬੇਣੀ ਅਨੇਕਾਂ ਮਿਸਾਲਾਂ ਦੇ ਕੇ ਮਹਾਪੁਰਖਾਂ ਨੇ ਜੀਵ ਆਤਮਾ ਨੂੰ ਨਾਮ ਮਾਰਗ ਤੇ ਤੋਰਨ ਦੀ ਕੋਸ਼ਿਸ਼ ਕੀਤੀ ਗਈ ਹੈ?

ਪੂਰੇ ਪੰਦਰਾਂ ਲੇਖਾਂ ਦਾ ਬਹੁਤ ਹੀ ਪਿਆਰਾ ਸੰਗ੍ਰਹਿ ਪਾਠਕਾ ਲਈ ਛਪ ਚੁਕੇ 'ਆਤਮ ਮਾਰਗ' ਰੂਹਾਨੀ ਪਤ੍ਰਿਕਾ ਵਿੱਚੋਂ ਲੇਖਾਂ ਨੂੰ ਕੱਢ ਕੇ

ਪੁਸਤਕ ਦਾ ਰੂਪ ਦਿਤਾ ਗਿਆ ਹੈ। ਜੋ ਕਿ ਪਾਠਕਾਂ ਲਈ ਬਹੁਤ ਵੱਡਾ ਵਰਦਾਨ ਸਾਬਿਤ ਹੋਵੇਗਾ। ਜਿਹੜੇ ਪਾਠਕ ਆਤਮਾ ਦੇ ਖੋਜੀ ਹਨ ਆਪਣੀ ਆਤਮਾ ਨੂੰ ਨਿਖਾਰ ਕੇ ਪਰਮਾਤਮਾ ਵਿੱਚ ਅਭੇਦ ਕਰਨਾ ਚਾਹੁੰਦੇ ਹਨ ਉਨ੍ਹਾਂ ਲਈ ਬਹੁਤ ਹੀ ਵੱਡਾ ਖਜਾਨਾ ਹੈ।

ਇਸ ਪੁਸਤਕ ਨੂੰ ਮੇਰੇ ਪਿਆਰੇ ਮੁਰਸ਼ਦ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ 104ਵੇਂ ਜਨਮ ਦਿਹਾੜੇ ਤੇ ਇਲੈਕਟਰੌਨਿਕ ਮੀਡੀਏ ਰਾਹੀਂ www.ratwarasahib.com ਅਤੇ https://vgrmct.org ਤੇ ਪੀ.ਡੀ.ਐਫ. ਫਾਰਮੇਟ ਵਿੱਚ ਪਬਲਿਸ਼ ਕੀਤਾ ਜਾ ਰਿਹਾ ਹੈ। ਜਿਥੋਂ ਆਪ ਜੀ ਆਪਣੇ ਮੋਬਾਇਲ ਤੇ ਡਾਊਨਲੋਡ ਕਰਕੇ ਪੜ੍ਹ ਸਕਦੇ ਹੋ ਜੀ।

ਧੰਨਵਾਦ ਸਹਿਤ

13.06.2022

ਗੁਰਿੰਦਰ ਸਿੰਘ
ਅਦਾਰਾ 'ਆਤਮ ਮਾਰਗ'
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ
ਡਾ. ਮੁੱਲਾਂਪੁਰ ਗਰੀਬਦਾਸ
ਤਹਿ. ਖਰੜ, ਜਿਲ੍ਹਾ - ਮੋਹਾਲੀ
140901

# ਤੱਤਕਰਾ


| | | |
|---|---|---|
| 1. | ਸ੍ਰੀ ਗੁਰੂ ਨਾਨਕ ਦੇਵ ਜੀ | 11 |
| 2. | ਸ਼ਹੀਦੀ ਸਾਕਾ | 45 |
| 3. | ਚਿਤ ਨਾ ਭਯੋ ਹਮਰੋ ਆਬਨ ਕਹ | 80 |
| 4. | ਰਾੜਾ ਸਾਹਿਬ ਸੰਪ੍ਰਦਾਇ ਦੇ ਉਪਰਲੇ ਮਹਾਂਪੁਰਖਾਂ ਦੇ ਜੀਵਨ ਦੀਆਂ ਝਲਕੀਆਂ | 115 |
| 5. | ਆਤਮ ਚਿੰਤਨ | 191 |
| 6. | ਮਨੁ ਬੇਚੈ ਸਤਿਗੁਰ ਕੈ ਪਾਸਿ..। | 211 |
| 7. | ਪ੍ਰਭੂ ਪਿਆਰ, ਵਿਸ਼ਵਾਸ਼, ਦ੍ਰਿੜਤਾ ਅਤੇ ਪਰਇਸਤ੍ਰੀ ਤਿਆਗ | 241 |
| 8. | ਗਗਨ ਦਮਾਮਾ ਬਾਜਿਓ....। | 276 |
| 9. | ਗੁਰੂ ਨਾਨਕ ਪਾਤਸ਼ਾਹ ਤੇ ਭਾਈ ਬੁੱਢਣਸ਼ਾਹ | 294 |
| 10. | ਗੁਰੂ ਮਿਲੇ ਫਲ ਅਨੇਕ ਹੈਂ | 319 |
| 11. | ਨਾਮ ਜੁਗਤਿ | 364 |
| 12. | ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥ | 401 |
| 13. | ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ | 444 |
| 14. | ਹਉ ਭਾਲਿ ਵਿਕੁੰਨੀ ਹੋਈ॥ | 473 |

# 1

## ਸ੍ਰੀ ਗੁਰੁ ਨਾਨਕ ਦੇਵ ਜੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ, ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ*
*ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਅੱਜ ਦੇ ਮਹਾਨ ਪਵਿੱਤਰ ਦਿਹਾੜੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ, ਕਾਰੋਬਾਰ ਸੰਕੋਚ ਕੇ ਆਪ ਗੁਰੂ ਨਾਨਕ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਗੁਰੂ ਦਰਬਾਰ 'ਚ ਪਹੁੰਚੇ ਓਂ, ਸੁਰਤ ਨੂੰ ਇਕਾਗਰ ਕਰੋ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਤੇ ਬਾਣੀ ਜੋ ਵਿਚਾਰ ਕੀਤੀ ਜਾ ਰਹੀ ਹੈ ਓਸਨੂੰ ਮਨ ਵਿਚ ਧਾਰਨ ਕਰੋ। ਅੱਜ ਸਾਰਾ ਸੰਸਾਰ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਦੇ ਸਬੰਧ ਵਿਚ ਅਨੇਕਾਂ ਕਿਸਮ ਦੇ ਪ੍ਰੋਗਰਾਂਮ ਕਰਕੇ ਆਪਣੀ ਸ਼ਰਧਾ ਭੇਟ ਕਰ ਰਿਹਾ ਹੈ। ਐਸਾ ਵੀ ਬਹੁਤ ਸਾਰੇ ਮਹਾਂਪੁਰਸ਼ਾਂ ਦਾ ਖਿਆਲ ਹੈ ਕਿ ਅੱਜ ਸਾਡੀਆਂ ਭਾਵਨਾਵਾਂ ਤੋਂ ਪ੍ਰਸੰਨ ਹੋ ਕੇ ਗੁਰੂ ਮਹਾਰਾਜ ਦਾਤਾਂ ਵੀ ਬਖਸ਼ ਰਹੇ ਨੇ ਤੇ ਸਾਰਿਆਂ ਦੇ ਉੱਤੇ ਮਿਹਰ ਦਾ ਆਪਣਾ ਹੱਥ ਰੱਖਿਆ ਹੋਇਆ, ਇਕੱਲੇ-ਇਕੱਲੇ ਦਿਲ ਦੀ ਭਾਵਨਾ ਨੂੰ ਜਾਂਚ ਰਹੇ ਨੇ। ਸਾਡਾ

ਭਲਾ ਇਸ ਗੱਲ ਵਿਚ ਹੈ ਕਿ ਪਿਆਰ ਭਾਵ ਵਿਚ ਆਓ। ਗੁਰੂ ਨਾਨਕ ਪਾਤਸ਼ਾਹ ਦੀ ਹਾਜ਼ਰੀ ਮਹਿਸੂਸ ਕਰੋ। ਜੋ ਕੁਛ ਉਨ੍ਹਾਂ ਨੇ ਸੰਸਾਰ 'ਤੇ ਆ ਕੇ ਕੀਤਾ ਹੈ, ਉਹਨੂੰ ਕੋਈ ਦੁਨੀਆਂ ਦਾ ਬੰਦਾ ਬਿਆਨ ਨਹੀਂ ਕਰ ਸਕਦਾ, ਦੱਸ ਨਹੀਂ ਸਕਦਾ। ਕਿਉਂਕਿ ਬਹੁਤ ਹੀ ਔਖੀ ਬਾਤ ਹੈ ਦੱਸਣੀ। 'ਕਥਨਾ ਕਰੜਾ ਸਾਰੁ' ਹੈ, ਫੇਰ ਵੀ ਥੋੜ੍ਹੀ ਬਹੁਤੀ ਵਿਚਾਰ ਆਪਾਂ ਕਰਾਂਗੇ ਕਿ ਮਹਾਰਾਜ ਜੀ ਨੇ ਸੰਸਾਰ 'ਤੇ ਆ ਕੇ ਕਿਸ ਤਰ੍ਹਾਂ ਦੇ ਨਾਲ ਗੁਮਰਾਹ ਹੋਈ-ਹੋਈ ਜਨਤਾ ਨੂੰ ਰਾਹੇ ਪਾਇਆ, ਮਹਾਰਾਜ ਜੀ ਨੇ, ਚਾਰ ਉਦਾਸੀਆਂ ਵੱਡੀਆਂ-ਵੱਡੀਆਂ ਕੀਤੀਆਂ। ਜੋ ਅੱਜ ਦੇ ਭੁਗੋਲ ਨੂੰ ਜਾਨਣ ਵਾਲੇ ਬੰਦੇ ਨੇ, ਉਨ੍ਹਾਂ ਨੇ ਕੁਛ ਥਾਵਾਂ ਦਾ ਅੱਟਾ ਸੱਟਾ ਲਾ ਕੇ ਇਹ ਗੱਲ ਜਾਨਣ ਦੀ ਕੋਸ਼ਿਸ਼ ਕਰੀ ਹੈ ਕਿ ਗੁਰੂ ਨਾਨਕ ਫੇਰ ਕਿੱਥੇ ਗਏ? ਇਸ ਤੋਂ ਅੱਗੇ ਹੋਰ ਕਿੱਥੇ ਗਏ? ਕਿਹੜੇ ਰਸਤੇ ਗਏ। ਇਸ ਗੱਲ ਨੂੰ ਦੁਨੀਆਂ ਦੇ ਅੰਦਰ ਤਾਂ ਕੋਈ ਬੰਦਾ ਨਹੀਂ ਹੈ ਜਿਹੜਾ ਦੱਸ ਸਕੇ। ਕਿਉਂਕਿ ਗੁਰੂ ਨਾਨਕ ਦੀਆਂ ਜੋ ਯਾਤਰਾ ਸਨ, ਉਨ੍ਹਾਂ ਨੂੰ ਕੋਈ ਦੱਸ ਹੀ ਨਹੀਂ ਸਕਦਾ। ਬੜੀ ਅਜੀਬ ਗੱਲ ਹੈ ਕਿ ਉਨ੍ਹਾਂ ਨੂੰ ਦੱਸ ਕਿਉਂ ਨਹੀਂ ਸਕਦੇ ਅਸੀਂ। ਇਹ ਗੱਲ ਸਮਝਿਓ। ਕਈ ਬੰਦੇ ਕਹਿੰਦੇ ਨੇ ਗੁਰੂ ਨਾਨਕ ਓਥੇ ਗਏ, ਓਥੇ ਗਏ, ਓਥੇ ਗਏ। ਲੇਕਿਨ ਗੁਰੂ ਨਾਨਕ ਨੇ ਜਿੰਨਾਂ ਸਫਰ ਕੀਤਾ ਹੈ, ਏਨਾਂ ਨਾ ਕਿਸੇ ਨੇ ਅੱਜ ਤੋਂ ਪਹਿਲਾਂ ਕੀਤਾ ਸੀ, ਨਾ ਕੋਈ ਹੋਰ ਕਰ ਸਕਿਆ ਹੈ। ਕੁਛ ਸਫਰ ਉਨ੍ਹਾਂ ਨੇ ਸਰੀਰਕ ਰੂਪ ਦੇ ਅੰਦਰ ਕੀਤਾ ਹੈ, ਸਾਡੇ ਵਾਗੂੰ, ਪੈਦਲ ਚੱਲੇ ਨੇ, ਜੰਗਲਾਂ 'ਚੋਂ ਲੰਘੇ ਨੇ। ਉਨ੍ਹਾਂ ਨੂੰ ਪਤਾ ਹੈ ਕਿ ਨਿਰਜਨ ਵਣਾਂ ਦੇ ਵਿਚ ਕਿਉਂ ਤੁਰੇ ਫਿਰਦੇ ਸੀ। ਜਦੋਂ ਅਸੀਂ ਯੂ.ਪੀ 'ਚ ਗਏ। ਤਿੰਨ ਸੌ, ਚਾਰ ਸੌ ਮੀਲ ਦਾ ਇਲਾਕਾ, ਜਿਹਦੇ 'ਚ ਸ਼ੇਰ ਰਹਿੰਦੇ ਸੀ, ਹਾਥੀ ਰਹਿੰਦੇ ਸੀ। ਰਿੱਛ ਰਹਿੰਦੇ ਸੀ, ਚਿੱਤੇ ਰਹਿੰਦੇ ਸੀ, ਬਘਿਆੜ ਰਹਿੰਦੇ ਨੇ, ਬੇਅੰਤ ਵੱਡੀਆਂ-ਵੱਡੀਆਂ ਸਰਾਲਾਂ ਜਿਹੜੀਆਂ ਹਿਰਨਾਂ ਨੂੰ ਸਾਬਤਾਂ ਹੀ ਨਿਘਾਰ ਜਾਂਦੀਆਂ ਨੇ। ਉਹ ਅਸੀਂ ਦੇਖੀਆਂ ਓਥੇ ਜਾ ਕੇ ਤੇ ਖਿਆਲ ਆਇਆ ਕਰੇ ਕਿ ਗੁਰੂ ਨਾਨਕ ਇਨ੍ਹਾਂ ਜੰਗਲਾਂ ਦੇ ਅੰਦਰ ਇਕੱਲੇ ਹੀ ਤੁਰੇ ਫਿਰਦੇ ਸੀ। ਉਹ ਸਾਰੀ ਧਰਤੀ ਨੂੰ ਆਪਣੀ ਛੋਹ ਦੇ ਰਹੇ ਸੀ, ਚਾਹੇ ਜੰਗਲ ਹੈ, ਚਾਹੇ ਪਹਾੜ ਹੈ, ਚਾਹੇ ਆਬਾਦੀ ਹੈ, ਉਹਦੇ ਅੰਦਰ ਆਪ ਨੇ ਜਿੱਥੇ ਵੀ ਕੋਈ ਭੁੱਲਿਆ ਹੋਇਆ ਸੀ, ਰੁਕਿਆ ਹੋਇਆ ਸੀ, ਪਿਛਲੇ ਜੁਗਾਂ ਦੀ ਕਮਾਈ ਕਰਕੇ ਰਾਹ ਨਹੀਂ ਸੀ ਲੱਭ ਰਿਹਾ, ਉਸਨੂੰ ਰਸਤਾ ਦਿਖਾਇਆ। ਆਪ ਦੇ ਸਫਰਾਂ ਬਾਰੇ ਮਿਣਿਆ ਕਿਉਂ ਨਹੀਂ ਜਾਂਦਾ ਇਹ ਕਹਿੰਦੇ ਨੇ ਕਿ ਚੌਵੀ ਹਜ਼ਾਰ ਮੀਲ ਗੁਰੂ ਨਾਨਕ ਨੇ ਸਫਰ ਕੀਤਾ। ਇਹ ਵੀ ਬੜੀ ਮਿਹਰਬਾਨੀ ਹੈ ਇਨ੍ਹਾਂ ਦੀ ਕਿ ਏਨਾਂ ਲਿਖ ਦਿੱਤਾ। ਲੇਕਿਨ ਗੁਰੂ ਨਾਨਕ ਨੇ ਜੋ ਰੂਹਾਨੀ ਸਫਰ ਕੀਤੇ, ਆਤਮਕ ਮੰਡਲ ਦੇ ਉਨ੍ਹਾਂ ਨੂੰ ਕੋਈ ਜਾਣ ਨਹੀਂ ਸਕਦਾ, ਜਦੋਂ ਜ਼ਿਕਰ ਆਉਂਦਾ ਹੈ ਕਿ ਦੱਤਾ ਤਰੇ ਦੇ ਪਾਸ ਗਏ, ਦੱਤਾ ਤਰੇ ਤਾਂ ਹੈ ਨਹੀਂ ਓਸ ਵੇਲੇ ਸੰਸਾਰ ਦੇ ਅੰਦਰ। ਸੰਨਿਆਸੀ ਸੀ, ਕਿਸ ਮੰਡਲ 'ਚ ਵਸਦਾ ਸੀ। ਧਰਤੀ ਤੋਂ ਕਿੰਨੀ ਦੂਰੀ ਤੇ ਸੀ, ਆਹ ਬ੍ਰਹਿਮੰਡ ਸਥੂਲ ਤੋਂ ਕਿੰਨੀ ਦੂਰੀ 'ਤੇ ਸੀ, ਪ੍ਰਹਿਲਾਦ ਦੇ ਪਾਸ ਜਾਂਦੇ ਨੇ, ਧਰੂੰ ਦੇ ਪਾਸ ਜਾਂਦੇ ਨੇ। ਕੋਈ ਬੰਦਾ ਨਹੀਂ ਲਾ ਸਕਦਾ

ਅੰਦਾਜ਼ਾ ਕਿਉਂਕਿ ਉਹ ਗੱਲਾਂ ਗਿਣਤੀ-ਮਿਣਤੀ ਤੋਂ ਬਾਹਰ ਹੋਰ ਕਿਸਮ ਨਾਲ ਸਬੰਧ ਰਖਦੀਆਂ ਨੇ, ਤੇ ਨਾ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿਉਂਕਿ ਦੁਨੀਆਂ ਦੇ ਅੰਦਰ ਕੋਈ ਐਸੀ ਬਾਤ ਨਹੀਂ ਹੈ, ਨਾ ਕੋਈ ਬੋਲੀ ਹੈ ਜਿਹਦੇ ਨਾਲ ਇਹ ਦੱਸ ਦਿੱਤਾ ਜਾਵੇ ਕਿ ਗੁਰੂ ਨਾਨਕ ਨੇ ਐਨਾ ਸਫਰ ਕੀਤਾ। ਇਸ ਪੁਰੀ ਤੋਂ ਅਗਲੀ ਪੁਰੀ ਐਨੀ ਦੂਰ ਸੀ। ਕੋਈ ਨਹੀਂ ਦਸ ਸਕਦਾ ਕਿਉਂਕਿ ਸਾਨੂੰ ਗਿਆਨ ਨਹੀਂ ਓਸਦਾ। ਨਾ ਗਿਆਨ ਹੋਣ ਕਰਕੇ ਅਸੀਂ ਅੱਟੇ-ਸੱਟੇ ਲਾ ਨਹੀਂ ਸਕਦੇ। ਲੇਕਿਨ ਸੰਸਾਰ ਦੇ ਅੰਦਰ ਆਹ ਧਰਤੀ ਦੇ ਉਤੇ ਗੁਰੂ ਨਾਨਕ ਨੇ ਕੋਈ ਥਾਂ ਨਹੀਂ ਛੱਡੀ, ਨਾ ਅਫਰੀਕਾ ਛੱਡੀ ਹੈ, ਨਾ ਯੂਰਪ ਛੱਡਿਆ ਹੈ, ਨਾ ਕੋਈ ਹੋਰ, ਭਾਈ ਗੁਰਦਾਸ ਜੀ ਜਿਹੜੇ ਕਿ ਗੁਰੂ ਨਾਨਕ ਪਾਤਸ਼ਾਹ ਤੋਂ ਥੋੜ੍ਹਾ ਜਿਹਾ ਚਿਰ ਪਿਛੋਂ ਹੋਏ ਨੇ, ਆਪ ਹੀ ਗਵਾਹੀ ਦਿੰਦੇ ਨੇ ਕਿ ਜਿੱਥੇ ਤੱਕ ਧਰਤੀ 'ਤੇ ਮਨੁੱਖ ਸੀ, ਓਸ ਥਾਂ ਤੱਕ ਗੁਰੂ ਨਾਨਕ ਗਿਆ। ਓਥੇ ਤੱਕ ਜਾ ਕੇ ਗੁਰੂ ਨਾਨਕ ਨੇ ਸਭ ਨੂੰ ਸੁਮੱਤ ਲਾਈ। ਇਹਦੇ 'ਚ ਸਵਾਲ ਆਉਂਦਾ ਹੈ ਕਿ ਬੋਲੀ ਕਿਵੇ ਸਮਝੀ? ਬੋਲੀ ਤਾਂ ਸਾਰੀ ਸ੍ਰਿਸ਼ਟੀ ਦੀ ਬੋਲੀ ਪਹਿਲਾਂ ਇੱਕ ਹੈ, ਜਿਹਨੂੰ 'ਪਰਾ ਬਾਣੀ' ਕਹਿੰਦੇ ਨੇ, ਕੋਈ ਬੰਦਾ ਨਹੀਂ ਹੈ ਜਿਹੜਾ ਉਥੇ ਹੋਰ ਬੋਲੀ ਬੋਲਦਾ ਹੋਵੇ। ਉਸ ਤੋਂ ਬਾਅਦ ਭਾਵਾਂ ਦੀ ਬੋਲੀ ਹੈ ਜਿਹਨੂੰ ਪਸੰਤੀ ਬਾਣੀ ਕਹਿੰਦੇ ਨੇ, ਉਹ ਵੀ ਇੱਕ ਹੈ। ਇੱਥੋਂ ਆ ਕੇ ਫਰਕ ਪੈਂਦਾ ਹੈ, 'ਬੈਖਰੀ' ਅੱਡ ਹੋ ਜਾਂਦੀ ਹੈ। 'ਮਧਮਾ' ਅੱਡ ਹੋ ਜਾਂਦੀ ਹੈ, ਅੰਦਰੋਂ ਸਾਰੀ ਬੋਲੀ ਇੱਕ ਹੈ ਜਿਹਨੂੰ telepathy ਕਹਿੰਦੇ ਨੇ, telepathy ਨੂੰ ਜਾਨਣ ਵਾਲਾ ਚਾਹੇ ਅੰਗਰੇਜ਼ ਹੈ, ਚਾਹੇ ਅਰਬ ਦਾ ਬੰਦਾ ਹੈ, ਚਾਹੇ ਹਿੰਦੋਸਤਾਨ ਦਾ ਹੈ. ਚਾਹੇ ਅਫਰੀਕਾ ਦਾ ਹੈ, ਜੋ telepathy ਜਾਣਦਾ ਹੈ, ਕੁੱਤੇ ਦੀ ਬੋਲੀ ਸਮਝਦਾ ਹੈ, ਹਰਨ ਦੀ ਬੋਲੀ ਸਮਝਦਾ ਹੈ, ਸੱਪ ਦੀ ਬੋਲੀ ਸਮਝਦਾ ਹੈ, ਪੰਛੀਆਂ ਦੀ ਬੋਲੀ ਸਮਝਦਾ ਹੈ ਕਿਉਂਕਿ ਪਰਾ ਤੇ ਪਸੰਤੀ ਬਾਣੀ ਇੱਕੋ ਹੈ। ਜਿੱਥੇ telepathy ਕੰਮ ਕਰਦੀ ਹੈ, ਉਥੇ ਬਾਣੀ ਇੱਕ ਹੈ। ਦੂਸਰਾ ਗੁਰੂ ਨਾਨਕ ਪਾਤਸ਼ਾਹ ਸਮਰੱਥ ਸਨ, ਇਸ ਕਰਕੇ ਇਸ ਗੱਲ ਦੇ ਵਿਚ ਬਹਿਸ ਨਹੀਂ ਹੋਇਆ ਕਰਦੀ। ਲੇਕਿਨ ਆਪ ਦਾ ਜਿੰਨਾਂ ਕੁ ਜਨਮਸਾਖੀਆਂ ਦੇ ਰਾਹੀਂ, ਜਾਂ ਹੋਰ ਪੁਸਤਕਾਂ ਦੇ ਰਾਹੀਂ, ਸਾਡੇ ਪਾਸ ਕੁਛ ਗਿਆਨ ਪਹੁੰਚਿਆ ਹੈ। ਉਹਦੇ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਪਹਾੜਾਂ ਉਤੇ ਚੜ੍ਹਾਈ ਕੀਤੀ, ਓਹੋ ਜਿਹੇ ਹੀ ਵਸਤਰ ਪਹਿਨੇ। ਰੱਸੇ ਪੇਟ ਦੇ ਨਾਲ ਵਲੇਟੇ। ਓਹੋ ਜਿਹਾ ਹੀ ਕੱਪੜਾ ਪਹਿਨਿਆ, ਚਮੜੇ ਦੇ ਜੋੜੇ ਪਾ ਲਏ। ਪਹਾੜਾਂ 'ਤੇ ਚੜ੍ਹਨ ਵਾਲੇ ਜਿਹੜੇ ਹੁੰਦੇ ਨੇ ਉਸ ਤਰ੍ਹਾਂ ਦੀ ਵਰਦੀ ਪਾ ਲਈ ਉਨ੍ਹਾਂ, ਕਿਉਂਕਿ ਪਹਾੜਾਂ 'ਤੇ ਚੜ੍ਹਨਾ ਸੀ, ਬਰਫਾਂ 'ਚ ਜਾਣਾ ਸੀ। ਉਹੋ ਜਿਹੀਆਂ ਹੀ ਆਪਣੇ ਹੱਥ ਵਿਚ ਚੀਜ਼ਾਂ ਰੱਖ ਲਈਆਂ। ਆਪ ਅੱਜ ਉਥੇ ਪਹੁੰਚਦੇ ਨੇ, ਜਿਸ ਥਾਂ ਦੇ ਉਤੇ ਸਿੱਧ ਮੰਡਲੀ ਬੈਠੀ ਹੈ। ਉਹ ਸਿੱਧ ਮੰਡਲੀ ਜਦੋਂ ਹਿੰਦੋਸਤਾਨ ਦੇ ਵਿਚ ਜ਼ੁਲਮ ਹੋਣ ਲੱਗੇ, ਇਸਲਾਮ ਵਾਲਿਆਂ ਨੇ ਆ ਕੇ ਕਬਜ਼ਾ ਕੀਤਾ। ਉਸ ਵੇਲੇ ਜੋ ਰਾਜੇ ਸੀ ਜ਼ੋਰ ਜ਼ਬਰ ਦੇ ਨਾਲ, ਦੇਸ਼ ਦੇ ਉਤੇ ਕਾਬੂ ਪਾਉਣਾ ਚਾਹੁੰਦੇ ਸਨ, ਕਿਉਂਕਿ ਭਾਰਤ ਵਰਸ਼ ਦੀ ਸੰਸਕ੍ਰਿਤੀ ਐਸੀ ਸੀ ਕਿ ਸਭ

ਨੂੰ ਆਪਣੇ ਵਿਚ ਸ਼ਾਮਲ ਲੈਂਦੀ ਸੀ। ਪਰ ਇਹ ਜਦੋਂ ਆਏ ਇਨ੍ਹਾਂ ਨੇ ਉਸ ਸੰਸਕ੍ਰਿਤੀ ਨੂੰ ਨਾਸ਼ ਕਰਨਾ ਸ਼ੁਰੂ ਕਰ ਦਿੱਤਾ, ਜ਼ੋਰ ਨਾਲ ਮੰਦਰ ਢਹਿਣੇ ਸ਼ੁਰੂ ਹੋ ਗਏ। ਪੁਸਤਕਾਲਿਆ ਜਲਣੇ ਸ਼ੁਰੂ ਹੋ ਗਏ, ਟੈਕਸਲਾ ਦਾ ਜੋ ਪੁਸਤਕਾਲਿਆ ਸੀ, ਉਹਦੇ 'ਚ ਦੁਨੀਆਂ ਭਰ ਤੋਂ ਉਸ ਵੇਲੇ ਦੀਆਂ ਹੱਥ ਲਿਖਤ ਪੁਸਤਕਾਂ ਸਨ। ਮੁਹੰਮਦ ਗਜ਼ਨਵੀ ਨੇ ਆ ਕੇ ਜਦੋਂ ਪੁੱਛਿਆ ਕਿ ਇਹ ਐਨੀਆਂ ਪੁਸਤਕਾਂ ਦਾ ਭੰਡਾਰ ਕਿਉਂ ਰੱਖਿਆ ਹੈ। ਕਹਿਣ ਲੱਗੇ, ਮਹਾਰਾਜ! ਇਹ ਪੁਸਤਕਾਂ ਹਜ਼ਾਰਾਂ ਸਾਲਾਂ ਤੋਂ ਚਲੀਆਂ ਆ ਰਹੀਆਂ ਨੇ, ਹੱਥ ਲਿਖਤ, ਗਿਆਨ ਹੈ, ਕਹਿੰਦਾ ਕੁਰਾਨ ਸ਼ਰੀਫ ਵੀ ਹੈ ਇਹਦੇ 'ਚ? ਕਹਿੰਦੇ, ਨਹੀਂ। ਕਹਿੰਦਾ, ਜੇ ਕੁਰਾਨ ਸ਼ਰੀਫ ਨਹੀਂ ਹੈ, ਬਾਕੀ ਤਾਂ ਜਿੰਨੀ ਪੜ੍ਹਾਈ ਹੈ ਸਭ ਕੁਫਰ ਹੈ ਇਸ ਕਰਕੇ ਇਹਨੂੰ ਅੱਗ ਲਾ ਦਿਓ। ਪਤਾ ਨਹੀਂ ਕਿੰਨੇ ਹਜ਼ਾਰ ਪੁਸਤਕ ਹੱਥ ਲਿਖਤ, ਓਸ ਲਾਇਬ੍ਰੇਰੀ ਦੀ ਜਾਲੀ ਗਈ। ਮਥਰਾ ਦੇ ਵਿਚ ਪਹੁੰਚਦੇ ਨੇ, ਉਥੇ ਕੁਰਾਨ ਸ਼ਰੀਫ ਰੱਖ ਲਿਆ। ਇਹੀ ਸਵਾਲ ਉਥੇ ਕਰਿਆ, ਉਹ ਬਹੁਤ ਵੱਡੀ ਲਾਇਬ੍ਰੇਰੀ ਸੀ। ਕੁਰਾਨ ਸ਼ਰੀਫ ਹੈ? ਕਹਿੰਦੇ ਹਾਂ। ਕਹਿੰਦਾ ਜੇ ਕੁਰਾਨ ਸ਼ਰੀਫ ਹੈ, ਬਾਕੀ ਕਿਤਾਬਾਂ ਦੀ ਕੀ ਲੋੜ ਹੈ, ਬਾਕੀਆਂ ਨੂੰ ਜਾਲ ਦਿਓ, ਇਕੱਲਾ ਰੱਖ ਲਓ। ਮੰਦਰ ਗਿਰਾਏ ਜਾ ਰਹੇ ਸਨ, ਜ਼ਬਰਦਸਤੀ ਧਰਮ ਬਦਲਿਆ ਜਾਂਦਾ ਸੀ। ਜ਼ੁਲਮ ਐਨਾ ਵਧ ਗਿਆ ਸੀ ਕਿ ਬਾਬਰ ਆਪਣੀ ਤਉਜ਼ਕੇ-ਬਾਬਰੀ 'ਚ ਲਿਖਦਾ ਹੈ ਕਿ ਜਦੋਂ ਮਥੁਰਾ 'ਤੇ ਹਮਲਾ ਕਰਿਆ, ਮੇਰਾ ਬੜਾ ਮੁਕਾਬਲਾ ਹੋਇਆ। ਮਨ 'ਚ ਮੇਰੇ ਬੜਾ ਗੁੱਸਾ ਆਇਆ ਪਬਲਿਕ ਦੇ ਉਤੇ। ਪਬਲਿਕ ਲੜੀ ਉਥੇ ਆ ਕੇ ਲੇਕਿਨ ਅੱਲਾਹ ਤਾਲਾ ਨੇ ਮੈਨੂੰ ਫਤਹਿ ਦੇ ਦਿੱਤੀ ਤੇ ਮੈਂ ਇੱਕ ਲੱਖ ਬੰਦਾ ਕੈਦ ਕਰ ਲਿਆ, ਮੇਰੇ ਮਨ 'ਚ ਆਈ ਕਿ ਮੈਂ ਅੱਲਾਹ ਨੂੰ ਪ੍ਰਸੰਨ ਕਰਾਂ। ਮੈਂ ਆਪਣਾ ਟੈਂਟ ਲਾ ਲਿਆ ਤਾਂ ਕਿ ਮੈਂ ਆਪਣੀਆਂ ਅੱਖਾਂ ਦੇ ਨਾਲ ਦੇਖਾਂ ਕਿ ਕਾਫਰਾਂ ਦੀ ਗਰਦਨ 'ਤੇ ਤਲਵਾਰ ਕਿਵੇਂ ਚੱਲ ਰਹੀ ਹੈ। ਕਹਿੰਦਾ, ਇੱਕੋ ਹੀ ਦਿਨ ਦੇ ਅੰਦਰ ਮੈਂ ਇੱਕ ਲੱਖ ਬੰਦਾ, ਇੱਕੋ ਥਾਂ 'ਤੇ ਕਤਲ ਕਰਾਇਆ, ਐਨਾ ਖ਼ੂਨ ਉੱਚਾ ਉਠਿਆ ਕਿ ਮੈਨੂੰ ਤਿੰਨ ਵਾਰੀ ਆਪਣਾ ਟੈਂਟ ਬਦਲ-ਬਦਲ ਕੇ ਪਿੱਛੇ ਲਾਉਣਾ ਪਿਆ ਤੇ ਮੈਂ ਉਮੀਦ ਕਰਦਾ ਹਾਂ ਕਿ ਅੱਲਾਹ ਤਾਲਾ ਮੇਰੇ ਉਤੇ ਪ੍ਰਸੰਨ ਹੋ ਕੇ ਆਪਣੀ ਬਖਸ਼ਿਸ਼ ਕਰੇਗਾ ਕਿ ਮੈਂ ਇੱਕ ਲੱਖ ਕਾਫਰ ਮਾਰ ਦਿੱਤਾ। ਇਹ ਸੋਚ ਆ ਚੁੱਕੀ ਸੀ। ਇਨ੍ਹਾਂ ਚੀਜ਼ਾਂ ਤੋਂ ਡਰਦੇ ਹੋਏ। ਜਿਹੜੇ ਜੋਗੀ ਸਨ, ਉਹ ਸਾਰੇ ਸ਼ਕਤੀ ਵਾਲੇ ਨਹੀਂ ਸੀ, ਲੇਕਿਨ ਸ਼ਕਤੀਆਂ ਉਨ੍ਹਾਂ 'ਚ ਬਹੁਤ ਜ਼ਿਆਦਾ ਸੀ। ਇਧਰ ਜਿਹੜੇ ਪੀਰ ਸੀ ਇਨ੍ਹਾਂ 'ਚ ਵੀ ਬੜੀਆਂ ਸ਼ਕਤੀਆਂ ਸੀ। ਬੜੇ ਆਪਸ ਵਿਚ ਮੁਕਾਬਲੇ ਹੁੰਦੇ, ਇੱਕ ਮੁਕਾਬਲੇ ਦਾ ਜ਼ਿਕਰ ਆਉਂਦਾ ਹੈ ਅਜਮੇਰ ਸ਼ਰੀਫ ਦੇ ਅੰਦਰ। ਜਦੋਂ ਮਯੁਦੀਨ ਆਏ ਬਾਬਾ ਫਰੀਦ ਦੇ ਦਾਦਾ ਗੁਰੂ ਉਸ ਵੇਲੇ ਬੜੇ ਕੌਤਕ ਉਥੇ ਹੋਏ ਕਿ ਜੋ ਸਾਗਰ ਸੀ ਜਿਸਨੂੰ ਪੁਸ਼ਕਰ ਤੀਰਥ ਕਹਿੰਦੇ ਨੇ ਉਥੇ ਨਾਹੁੰਣ ਵਾਸਤੇ ਗਏ, ਉਹਦੇ ਮੁਰੀਦ। ਹਿੰਦੂਆਂ ਨੇ ਇਸ਼ਨਾਨ ਨਾ ਕਰਨ ਦਿੱਤਾ। ਧੱਕੇ ਮਾਰੇ, ਪੀਰ ਕੋਲ ਆ ਕੇ ਦੱਸੀ। ਪੀਰ ਕਹਿੰਦਾ ਮੇਰਾ ਇੱਕ ਪਿਆਲਾ ਲੈ ਜਾਓ, ਭਰ ਲਿਆਓ, ਪਾਣੀ ਦਾ। ਇੱਕ ਪਿਆਲਾ ਔਰੰਗਜ਼ੇਬ ਨੇ ਓਸਨੂੰ ਭਰਨ ਵੇਲੇ

ਯਤਨ ਕੀਤਾ ਤਾਂ ਇਹ ਦਸਦੇ ਨੇ ਉਹਦਾ ਪੜ ਪਾਟਿਆ ਹੋਇਆ ਸੀ ਤੇ ਜੀਵ ਜੰਤੂ ਜਿਸ ਵਕਤ ਤੜਫਣ ਲੱਗੇ, ਪ੍ਰਿਥਵੀ ਰਾਜ ਚੌਹਾਨ ਆਪ ਗਿਆ, ਬੇਨਤੀ ਕਰੀ ਕਿ ਤੇ ਉਸਨੇ ਉਹ ਪਿਆਲਾ ਵਾਪਸ ਪਾ ਦਿੱਤਾ। ਸਾਰਾ ਜਿਹੜਾ ਤੀਰਥ ਸੀ, ਪੁਸ਼ਕਰ ਤੀਰਥ ਸਾਡਾ ਮੁੜ ਕੇ ਫੇਰ ਪਾਣੀ ਨਾਲ ਭਰ ਗਿਆ। ਐਸੀਆਂ ਸ਼ਕਤੀਆਂ ਪੀਰ ਲੋਕ ਵੀ ਦਿਖਾਇਆ ਕਰਦੇ ਸੀ। ਉਹਦੇ ਕੋਲ ਵੀ ਇੱਕ ਸ਼ਕਤੀ ਵਾਲਾ ਰਾਜਪਾਲ ਸੀਗਾ। ਬੜੀਆਂ ਉਨ੍ਹਾਂ ਦੀਆਂ ਆਪਸ ਵਿਚ ਸ਼ਕਤੀਆਂ ਦੀਆਂ ਲੜਾਈਆਂ ਹੋਈਆਂ ਅਖੀਰ ਮਯੂਦੀਨ ਨੇ ਆਪਣੀ ਸ਼ਕਤੀ ਦੇ ਨਾਲ ਉਸਨੂੰ ਇਸਲਾਮ ਵਿਚ ਲੈ ਆਂਦਾ। ਇਨ੍ਹਾਂ ਗੱਲਾਂ ਤੋਂ ਡਰਦੇ ਹੋਏ ਜੋਗੀ, ਭਾਰਤ ਵਰਸ਼ ਨੂੰ ਛੱਡ ਕੇ ਪਹਾੜਾਂ ਦੇ ਓਸ ਕੋਨੇ 'ਚ ਚਲੇ ਗਏ, ਜਿੱਥੇ ਮਨੁੱਖ ਜਾ ਹੀ ਨਹੀਂ ਸੀ ਸਕਦਾ। ਔਸ਼ਧੀਆਂ ਖਾਂਦੇ ਸੀ ਤੇ ਉਨ੍ਹਾਂ ਕੋਲ ਉਡਣ ਦੀ ਸ਼ਕਤੀ ਸੀ। ਪਹਾੜਾਂ ਦੇ ਉਤੇ ਦੀ ਹੋ ਕੇ ਓਸ ਥਾਂ 'ਤੇ ਪਹੁੰਚ ਜਾਂਦੇ ਨੇ ਤੇ ਜਦੋਂ ਗੁਰੂ ਨਾਨਕ ਪਾਤਸ਼ਾਹ ਪਹਾੜ ਚੜ੍ਹਦੇ ਹੋਏ ਜਾ ਰਹੇ ਨੇ। ਓਸ ਵੇਲੇ ਜੋਗੀਆਂ ਨੇ ਦੇਖਿਆ ਕਿ ਕੋਈ ਮਨੁੱਖ ਆ ਰਹੇ ਨੇ ਕਿ ਪਹਾੜਾਂ 'ਤੇ ਚੜ੍ਹਦੇ ਹੋਏ ਆ ਰਹੇ ਨੇ। ਬਰਫਾਂ 'ਤੇ ਚਲੇ ਆ ਰਹੇ ਨੇ। ਇਨ੍ਹਾਂ ਕੋਲ ਕਿਹੜੀ ਸ਼ਕਤੀ ਹੈ, ਜਿਹਦੇ ਕਰਕੇ ਇੱਥੇ ਪਹੁੰਚ ਗਏ। ਜਦੋਂ ਸਿੱਧਾਂ ਦੇ ਪਾਸ ਗੁਰੂ ਨਾਨਕ ਜਾਂਦੇ ਨੇ, ਬੈਠ ਗਏ, ਬਚਨ ਬਿਲਾਸ ਚੱਲ ਪਏ ਉਨ੍ਹਾਂ ਦੇ। ਓਸ ਵੇਲੇ ਸਾਰੇ ਸਿੱਧਾਂ ਨੇ ਏਸ ਗੱਲ ਨੂੰ ਜਾਨਣ ਦਾ ਯਤਨ ਕੀਤਾ ਕਿ ਇਹ ਕੋਈ ਵਲੀ ਪੁਰਸ਼ ਆ ਗਿਆ। ਵੈਸੇ ਤਾਂ ਇੱਥੇ ਹੋਈ ਪਹੁੰਚ ਹੀ ਨਹੀਂ ਸਕਦਾ ਤੇ ਇਹ ਆ ਗਿਆ। ਇਸ ਤੋਂ ਪਹਿਲਾਂ ਹਿੰਦੋਸਤਾਨ ਦਾ ਹਾਲ ਚਾਲ ਪੁੱਛਣਾ ਚਾਹੀਦਾ ਹੈ। ਜਿਹਨੂੰ ਇਹ ਮਾਤ ਲੋਕ ਕਹਿੰਦੇ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਉਨ੍ਹਾਂ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਕਰਕੇ ਪੁੱਛ ਕੀਤੀ –

***ਧਾਰਨਾ – ਮਾਤ ਲੋਕ ਵਿਚ ਕੀ ਹੈ ਵਰਤਾਰਾ,***
***ਸਿੱਧ ਪੁੱਛਣ ਦੱਸੀਂ ਨਾਨਕਾ।***

***ਫਿਰਿ ਪੁਛਣਿ ਸਿਧ ਨਾਨਕਾ!***
***ਮਾਤ ਲੋਕ ਵਿਚਿ ਕਿਆ ਵਰਤਾਰਾ?***

***ਭਾਈ ਗੁਰਦਾਸ ਜੀ, ਵਾਰ /29***

ਕਿਉਂਕਿ ਤੂੰ ਹੁਣੇ-ਹੁਣੇ ਹਿੰਦੋਸਤਾਨ ਤੋਂ ਆਇਆ ਹੈ, ਭਾਰਤ ਵਰਸ਼ 'ਚੋਂ ਆਇਆ ਹੈ। ਇਹ ਦੱਸ ਕਿ ਉਥੇ ਹੁਣ ਕੀ ਵਰਤ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਲੋਕ ਰਹਿ ਰਹੇ ਨੇ, ਕਿਵੇਂ ਕਰਮ ਧਰਮ ਚੱਲ ਰਹੇ ਨੇ, ਕਿਵੇਂ ਪੂਜਾ ਪਾਠ ਚੱਲ ਰਹੇ ਨੇ। ਕਿਸ ਤਰ੍ਹਾਂ ਦੇ ਨਾਲ ਪਰਜਾ ਰਹਿ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਉਪਦੇਸ਼ਕ ਲੋਕ ਜਿਹੜੇ ਨੇ ਉਹ ਰਹਿ ਰਹੇ ਨੇ? ਕਿਸ ਤਰ੍ਹਾਂ ਦੇ ਨਾਲ ਸੇਵਾ ਕਰਨ ਵਾਲੇ ਸੇਵਕ ਨੇ, ਚੇਲੇ ਨੇ ਕਿਵੇਂ ਰਹਿ ਰਹੇ ਨੇ? ਰਾਜੇ ਕਿਹੋ ਜਿਹੇ ਨੇ, ਇਸਤਰੀ ਤੇ ਪੁਰਖਾਂ ਨੇ ਮਰਿਯਾਦਾ ਕਾਇਮ ਰੱਖੀ ਹੋਈ ਹੈ ਕਿ ਛੱਡ ਦਿੱਤੀ? ਇਹ ਸਵਾਲ ਉਨ੍ਹਾਂ ਨੇ ਗੁਰੂ ਨਾਨਕ 'ਤੇ ਕਰ ਦਿੱਤਾ।

***ਸਭ ਸਿਧੀ ਇਹ ਬੁਝਿਆ***

*ਕਲਿ ਤਾਰਣਿ ਨਾਨਕ ਅਵਤਾਰਾ।*

***ਭਾਈ ਗੁਰਦਾਸ ਜੀ, ਵਾਰ /29***

ਬਚਨਾਂ ਤੋਂ ਬੁੱਝ ਲਿਆ ਕਿ ਕਲਜੁਗ ਨੂੰ ਤਾਰਨ ਵਾਲਾ ਇਹ ਆ ਗਿਆ ਨਾਨਕ।

ਬਾਬੇ ਕਿਹਾ ਨਾਥ ਜੀ!

ਕੀ ਦੱਸੀਏ? ਸੱਚ ਦਾ ਚੰਦਰਮਾ ਅਲੋਪ ਹੋ ਗਿਆ ਤੇ ਕੂੜ ਦਾ ਅੰਧਿਆਰਾ ਮੱਸਿਆ ਪੈ ਗਈ ਪੱਕੀਓ ਹੀ। ਚਾਨਣ ਨਜ਼ਰ ਨਹੀਂ ਆਉਂਦਾ –

*ਬਾਬੇ ਆਖਿਆ: ਨਾਥ ਜੀ! ਸਚੁ ਚੰਦਰਮਾਂ ਕੂੜੁ ਅੰਧਾਰਾ।*

***ਭਾਈ ਗੁਰਦਾਸ ਜੀ, ਵਾਰ /29***

ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ ਤੇ ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਕੋਈ ਕਿਰਨ ਰੋਸ਼ਨੀ ਦੀ ਨਜ਼ਰ ਆ ਜਾਵੇ ਲੇਕਿਨ ਆਈ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ – ਸਾਰੇ ਕੂੜ ਦਾ ਹੋ ਗਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ।***

***ਸਚਿ ਕਾਲੁ ਕੂੜੁ ਵਰਤਿਆ***
***ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***
***ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥***
***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥***
***ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥***
***ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ 1 ॥***
***ਮਃ 1 ॥***
***ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥***
***ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥***
***ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥***
***ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥***
***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥***
***ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥***
***ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥***
***ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥***
***ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥***
***ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥***

***ਅੰਗ – 469***

ਕਹਿੰਦੇ, ਨਾਥ ਜੀ! ਸੱਚ ਦਾ ਕਾਲ ਪੈ ਗਿਆ। ਸਾਰੇ ਪਾਖੰਡ ਹੀ ਪਾਖੰਡ ਤੇ ਨਿਰਜਿੰਦ ਰਸਮਾਂ ਆ ਗਈਆਂ। ਕੁਛ ਨਹੀਂ ਪਤਾ ਲਗਦਾ। ਜੋ ਰਾਜੇ ਦੀ ਗੱਲ ਕਰੀ ਹੈ, ਲਬ ਬਣ ਗਿਆ ਤੇ ਪਾਪ ਬਣ ਗਿਆ ਰਾਜਾ,

ਲੋਕਾਂ ਦਾ ਧਨ ਖੋਹ ਖੋਹ ਕੇ, ਇਕੱਠਾ ਕਰਕੇ ਖਜ਼ਾਨੇ ਭਰ ਲਏ, ਟੈਕਸ ਲਾ ਲਾ ਕੇ, ਜ਼ੇਜ਼ੀਏ ਲਾ ਲਾ ਕੇ, ਐਨਾ ਲਬ ਹੋ ਗਿਆ ਕਿ ਬੇਅੰਤ ਧਨ ਇਕੱਠਾ ਕਰਕੇ ਆਪ ਐਸ਼ਾਂ ਕਰਦੇ ਨੇ ਤੇ ਜਿਹੜਾ ਵਜ਼ੀਰ ਹੈ ਉਹ ਪਾਪ ਦਾ ਰੂਪ ਧਾਰ ਕੇ, ਗਲਤ ਹੋ ਗਿਆ। ਜਿਹੜੇ ਰਾਖੀ ਕਰਨ ਵਾਲੇ ਨੇ ਪਰਜਾ ਦੇ, ਪਰਜਾ ਨੂੰ ਉਨ੍ਹਾਂ ਨੇ ਖਾਣਾ ਸ਼ੁਰੂ ਕਰ ਦਿੱਤਾ। ਵਾੜ ਖੇਤ ਨੂੰ ਖਾ ਰਹੀ ਹੈ ਤੇ ਜੋ ਰਾਜ ਗੱਦੀ 'ਤੇ ਬੈਠੇ ਨੇ, ਰਾਜੇ ਦਾ ਧਰਮ ਹੋਇਆ ਕਰਦਾ ਹੈ ਕਿ –

***ਰਾਜੇ ਚੁਲੀ ਨਿਆਵ ਕੀ ..........॥*** ***ਅੰਗ – 1240***

ਨਿਆਂ ਕਰਨਾ, ਪਰਜਾ ਨੂੰ ਪਾਲਣਾ। ਪਰਜਾ ਨੂੰ ਬਾਲ-ਬੱਚੇ ਸਮਝਣਾ। ਆਪਣਾ ਸਮਝਣਾ ਤੇ ਰਾਜੇ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਪਰਜਾ ਦੀ ਸੇਵਾ ਕਰੇ, ਸੇਵਾ ਕਰਨ ਦੇ ਨਾਲ ਰਾਜੇ ਦਾ ਉਧਾਰ ਹੋ ਜਾਂਦਾ ਹੈ। ਜੋ ਹੁਣ ਦੇ ਰਾਜੇ ਨੇ ਮਹਾਰਾਜ ਕਹਿਣ ਲੱਗੇ ਕਿ ਸੇਵਾ ਤਾਂ ਉਨ੍ਹਾਂ ਨੇ ਕੀ ਕਰਨੀ ਹੈ। ਉਹ ਤਾਂ ਜਿਵੇਂ ਭੇਡ ਬੱਕਰੀਆਂ ਨੂੰ ਕਸਾਈ ਵੱਢਦੇ ਨੇ, ਐਸ ਤਰ੍ਹਾਂ ਦੇ ਨਾਲ ਵੱਢ ਰਹੇ ਨੇ ਤੇ ਉਹ ਰਾਜੇ ਨਹੀਂ ਹਨ। ਐਉਂ ਲਗਦਾ ਹੈ ਕਿ ਤਪ ਤੋਂ ਹੀਣੇ ਲੋਕ, ਜਿਨ੍ਹਾਂ ਦੀ ਬਿਰਤੀ ਕਸਾਈਆਂ ਵਾਲੀ ਹੈ, ਉਹ ਰਾਜ ਗੱਦੀਆਂ 'ਤੇ ਕਬਜ਼ਾ ਕਰਕੇ ਬੈਠ ਗਏ ਨੇ, ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਰਾਜ ਗੱਦੀਆਂ 'ਤੇ ਕਸਾਈ ਆ ਕੇ ਬੈਠ ਗਏ।,***
***ਡਾਕੂ ਬਣ ਗਏ ਰਾਖੇ ਪਰਜਾ ਦੇ।***

***ਕਲਿ ਆਈ ਕੁਤੇ ਮੁਹੀ ਖਾਜੁ***
***ਹੋਇਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***
***ਪਰਜਾ ਅੰਧੀ ਗਿਆਨ ਬਿਨੁ***
***ਕੂੜੁ ਕੁਸਤਿ ਮੁਖਹੁ ਆਲਾਈ।***
***ਚੇਲੇ ਸਾਜ ਵਜਾਇਦੇ ਨਚਨਿ***
***ਗੁਰੂ ਬਹੁਤੁ ਬਿਧਿ ਭਾਈ।***
***ਸੇਵਕ ਬੈਠਨਿ ਘਰਾਂ ਵਿਚਿ***
***ਗੁਰ ਉਠਿ ਘਰੀ ਤਿਨਾੜੇ ਜਾਈ।***
***ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।***
***ਇਸਤ੍ਰੀ ਪੁਰਖੈ ਦਾਮ ਹਿਤ***
***ਭਾਵੈ ਆਇ ਕਿਥਾਊ ਜਾਈ।***
***ਵਰਤਿਆ ਪਾਪ ਸਭਸ ਜਗ ਮਾਂਹੀ॥***

***ਭਾਈ ਗੁਰਦਾਸ ਜੀ, ਵਾਰ 1/30***

ਕਹਿਣ ਲੱਗੇ, ਨਾਥ ਜੀ! ਮਰੀਆਂ ਹੋਈਆਂ ਚੀਜ਼ਾਂ ਨੂੰ ਖਾਣ ਵਾਲੇ ਆ ਗਏ, ਪਰਜਾ ਨੂੰ ਖਾ ਰਹੇ, ਲੁੱਟ ਰਹੇ ਨੇ, ਬੇਗਾਨਾ ਹੱਕ ਖਾ ਰਹੇ ਨੇ ਤੇ ਕੁੱਤੀ ਮੁਹੀ ਆ ਗਈ, ਰਾਜੇ ਧਰਮ ਕਰਦੇ ਸੀ। ਨਿਆਂ ਕਰਦੇ ਸੀ। ਪਰਜਾ ਦੇ ਮਾਤਾ ਪਿਤਾ ਕਹਾਉਂਦੇ ਸੀ। ਪਰਜਾ ਰੱਬ ਤੋਂ ਦੂਸਰਾ ਦਰਜਾ

ਰਾਜੇ ਨੂੰ ਦਿਆ ਕਰਦੀ ਸੀ। ਪਰ ਹੁਣ

***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***

ਇਹ ਤਾਂ ਵਾੜ ਹੀ ਖੇਤ ਨੂੰ ਖਾਣ ਲਗ ਗਈ –

***ਪਰਜਾ ਅੰਧੀ ਗਿਆਨ ਬਿਨੁ***
***ਕੂੜ ਕੁਸਤਿ ਮੁਖਹੁ ਆਲਾਈ।***

ਪਰਜਾ ਨੂੰ ਕੋਈ ਗਿਆਨ ਨਹੀਂ, ਕੋਈ ਪਤਾ ਨਹੀਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਆਪਣਾ ਜੀਵਨ ਕਿਵੇਂ ਗੁਜ਼ਾਰਨਾ ਹੈ। ਬਿਲਕੁਲ ਅਣਜਾਣ ਹੋ ਗਏ ਤੇ ਓਧਰ ਰਾਜੇ ਦੂਜੇ ਪਾਸੇ ਨੇ ਤੇ ਪਰਜਾ ਇਧਰਲੇ ਪਾਸੇ ਨੇ, ਦੋਹੇਂ extream ਦੇ ਉਤੇ ਨੇ। ਦੋਵੇਂ ਭੁੱਲੀਂ ਫਿਰਦੇ ਨੇ, ਪਰਜਾ ਵੀ ਭੁੱਲੀਂ ਫਿਰਦੀ ਹੈ, ਰਾਜੇ ਵੀ ਭੁੱਲੇ ਫਿਰਦੇ ਨੇ ਤੇ ਗਿਆਨ ਹੈ ਨਹੀਂ, ਝੂਠ ਤੁਫਾਨ ਮੂੰਹੋਂ ਬੋਲੀ ਜਾਂਦੇ ਨੇ। ਆਪਸ ਵਿਚ ਇਤਫਾਕ ਨਹੀਂ ਕਿਸੇ ਦਾ ਵੀ। ਜਿਹੜੇ ਆਚਾਰੀਆਂ ਨੇ ਉਹ ਵੀ ਗਿਰ ਚੁੱਕੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਚਦੇ ਫਿਰਦੇ ਨੇ। ਸੇਵਕ ਘਰਾਂ 'ਚ ਬੈਠੇ ਨੇ, ਹੁਣ ਗੁਰੂ ਟੋਲ੍ਹਦਾ ਫਿਰਦਾ ਹੈ ਕਿ ਫਲਾਣਾ ਸੇਵਕ ਜੇ ਮੇਰੇ ਕਾਬੂ ਆ ਜਾਵੇ, ਪੈਸੇ ਵਾਲਾ ਹੈ, ਉਹਦਾ ਰਸੂਖ ਵੀ ਹੈ, ਉਹਦੇ ਨਾਲ ਆਹ ਪਿੰਡ ਸਾਰਾ ਹੀ ਆ ਜਾਏਗਾ। ਉਹਨੂੰ ਟੋਲ੍ਹਦੇ ਨੇ, ਉਹਦੀ ਵਡਿਆਈ ਕਰਦੇ ਨੇ, ਪਬਲਿਕ ਦੇ ਵਿਚ ਸਿਰੋਪੇ ਦਿੰਦੇ ਨੇ। ਬੜਾ ਮਾਣ ਕਰਦੇ ਨੇ ਕਿ ਇਹ ਲੱਭ ਜਾਵੇ ਮੈਨੂੰ। ਕਹਿੰਦੇ, ਸੇਵਕਾਂ ਨੂੰ ਭਾਲਣ ਵਾਸਤੇ ਗੁਰੂ ਉਨ੍ਹਾਂ ਦੇ ਘਰ ਤੁਰੇ ਫਿਰਦੇ ਨੇ ਕਿ ਆਹ ਬੰਦਾ ਸਾਡੇ ਤੋਂ ਦੂਰ ਨਾ ਹੋ ਜਾਵੇ ਕਿਤੇ, ਤੇ ਸੇਵਕ ਜਿਹੜੇ ਨੇ ਬੇਪਰਵਾਹ ਨੇ ਗੁਰੂ ਦੇ ਦਰਸ਼ਨ ਨੂੰ ਨਹੀਂ ਜਾਂਦੇ, ਘਰ 'ਚ ਬਹਿੰਦੇ ਨੇ। ਗੁਰੂ ਆਪ ਤੁਰੇ ਫਿਰਦੇ ਨੇ ਸੇਵਕਾਂ ਦੇ ਘਰਾਂ 'ਚ। ਜਿਹੜੇ ਜੱਜ ਨੇ ਇਹ ਰਿਸ਼ਵਤ ਤੋਂ ਬਗੈਰ ਕੋਈ ਗੱਲ ਨਹੀਂ ਕਰਦੇ। ਪੈਸੇ ਲੈਂਦੇ ਨੇ। ਜਿਹਦਾ ਹੱਕ ਹੈ ਉਹ ਦੂਸਰੇ ਨੂੰ ਦੇ ਦਿੰਦੇ ਨੇ। ਜਿਹੜਾ ਬੇਕਸੂਰ ਹੈ ਉਹਦੇ ਉਤੇ ਕਸੂਰ ਪਾ ਦਿੰਦੇ ਨੇ। ਕੇਸ ਪਾ ਦਿੰਦੇ ਨੇ, ਕਹਿੰਦੇ ਆਹ ਹੋ ਰਿਹਾ ਹੈ। ਪਹਿਲਾਂ ਇਸਤ੍ਰੀ ਪਤੀਵਰਤਾ ਹੁੰਦੀ, ਆਪਣੇ ਪਤੀ ਤੋਂ ਬਗੈਰ ਕਿਸੇ ਦਾ ਪਰਛਾਵਾਂ ਆਪਣੇ ਸਰੀਰ 'ਤੇ ਨਹੀਂ ਸੀ ਪੈਣ ਦਿੰਦੀ। ਜੋ ਪਤੀ ਹੋਇਆ ਕਰਦਾ ਸੀ ਉਹ ਸਤਿ ਦਾ ਜੀਵਨ ਬਤੀਤ ਕਰਨ ਵਾਲਾ ਹੋਇਆ ਕਰਦਾ ਹੈ। ਕਿਸੇ ਪਰਾਈ ਇਸਤ੍ਰੀ ਵਲ ਨਿਗ੍ਹਾ ਚੁੱਕ ਕੇ ਨਹੀਂ ਸੀ ਦੇਖਦਾ। ਕਹਿੰਦੇ, ਇਹ ਮਰਿਯਾਦਾ ਟੁੱਟ ਗਈ, ਇਸਤਰੀਆਂ ਦੇ ਆਪਣੇ ਰਾਹ ਨੇ, ਪਤੀਆਂ ਦੇ ਆਪਣੇ ਰਾਹ ਨੇ, ਪਿਆਰ ਕਿਸ ਚੀਜ਼ ਦਾ ਰਹਿ ਗਿਆ, ਸਾਂਝ ਕਿਸ ਚੀਜ਼ ਦੀ ਰਹਿ ਗਈ, ਪੈਸੇ ਦੀ ਸਾਂਝ ਰਹਿ ਗਈ। ਉਹ ਭਾਵੇਂ ਕਿਤੇ ਤੁਰਿਆ ਫਿਰੇ, ਉਹ ਕਿਤੇ ਤੁਰੀ ਫਿਰੇ, ਪੈਸਾ ਹੋਣਾ ਚਾਹੀਦਾ ਹੈ। ਪੈਸਾ ਇਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਦਾ ਹੈ, ਪਿਆਰ ਨਹੀਂ ਰਿਹਾ। ਕੀ ਦੱਸੀਏ, ਪਾਪ ਦਾ ਪਸਾਰਾ ਹੋ ਗਿਆ ਸਾਰੇ। ਪਾਪ ਹੀ ਪਾਪ ਨਜ਼ਰ ਆਉਂਦਾ ਹੈ।

ਰਾਜੇ ਕਸਾਈ ਬਣ ਗਏ, ਕਲਜੁਗ ਦੀ ਕੈਂਚੀ ਦੇ ਨਾਲ ਪਰਜਾ ਨੂੰ

ਕੱਟਣਾ ਸ਼ੁਰੂ ਕਰ ਦਿੱਤਾ ਇਨ੍ਹਾਂ ਨੇ।

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥***
***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***
***ਅੰਗ - 145***

ਕਹਿੰਦੇ ਨਾਥ ਜੀ! ਘੁੱਪ ਹਨ੍ਹੇਰ ਪਿਆ ਹੈ, ਕੋਈ ਰਸਤਾ ਨਹੀਂ ਲੱਭਦਾ, ਨਾ ਮੱਠਾਂ 'ਤੇ ਕੋਈ ਰਸਤਾ ਹੈ, ਨਾ ਮੰਦਰਾਂ 'ਚ ਕੋਈ ਰਾਹ ਲੱਭਦਾ ਹੈ, ਨਾ ਕਿਤੇ ਮਸੀਤਾਂ 'ਚ ਰਾਹ ਲੱਭਦਾ ਹਾਂ। ਮੈਂ ਸਾਰੇ ਫਿਰ ਤੁਰ ਕੇ ਆਇਆ ਹਾਂ।

***ਵਿਚਿ ਹਉਮੈ ਕਰਿ ਦੁਖੁ ਰੋਈ ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - 145***

ਹੋਏਗਾ ਕੀ ਸੰਸਾਰ ਦਾ? ਇਹ ਤਾਂ ਇੱਕ ਹੋਵੇ ਤਾਂ ਹੋਵੇ, ਇਹ ਤਾਂ ਬਿਮਾਰੀ ਫੈਲ ਗਈ ਸਾਰੇ। ਐਸਾ ਹਾਲ ਹੋ ਗਿਆ ਉਨ੍ਹਾਂ ਦਾ, ਕਰਮ ਧਰਮ ਸਾਰੇ ਟੁੱਟ ਗਏ ਪਹਿਲੇ ਜੁਗਾਂ ਦੇ। ਕਿਉਂ ਟੁੱਟ ਗਏ? ਕਹਿੰਦੇ, ਨੀਚ ਦੇ ਘਰ ਜਨਮ ਹੋ ਗਿਆ।

***ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥***
***ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ - 161***

ਉਸ ਨੇ ਆਪਣੀ ਨੀਚਤਾ ਫੈਲਾਉਣੀ ਸ਼ੁਰੂ ਕਰ ਦਿੱਤੀ।

***ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ਅੰਗ - 161***

ਬਾਕੀ ਜਿਹੜੇ ਰਾਜੇ ਨੇ ਇਹ ਤਾਂ ਸ਼ੇਰਾਂ ਵਾਂਗੂੰ ਮਾਰਦੇ ਨੇ ਪਬਲਿਕ ਨੂੰ। ਰਾਜੇ ਤੇ ਮੁਕੱਦਮ, ਇੰਤਜ਼ਾਮ ਕਰਨ ਵਾਲੇ ਛੋਟੇ ਅਫਸਰ ਇਹ ਰਾਜੇ ਦੇ ਕੋਲ ਜਾ ਕੇ ਚੁਗਲੀਆਂ ਕਰਦੇ ਨੇ। ਮੁਖਬਰੀਆਂ ਕਰਦੇ ਨੇ ਕਿ ਆਹ ਬੰਦਾ ਐਉਂ ਕਹਿੰਦਾ ਹੈ ਜੀ ਤੁਹਾਨੂੰ। ਮਹਾਰਾਜ! ਇਹਦੇ ਕੋਲ ਬੜਾ ਧਨ ਹੈ, ਜੇ ਥੋੜ੍ਹਾ ਜਿਹਾ ਖਿੱਚ ਦੇਵੋਂ ਤੁਹਾਨੂੰ ਧਨ ਹੀ ਧਨ ਮਿਲ ਜਾਏਗਾ। ਥੋੜ੍ਹੀ ਜਿਹੀ ਤੰਗੀ ਕਰ ਦਿਓ, ਦੇਖੋ ਤਾਂ ਸਹੀ ਲੈ ਜਾਓ ਫੜ ਕੇ ਦੇਖੋ, ਕਿਵੇਂ ਧਨ ਘਟਦਾ ਹੈ। ਇਹਦੀਆਂ ਲੜਕੀਆਂ ਬੜੀਆਂ ਖ਼ੂਬਸੂਰਤ ਨੇ ਮਹਾਰਾਜ। ਇਹਦੇ ਕੋਲ ਹੋਰ ਬੜੀਆਂ ਚੀਜ਼ਾਂ ਨੇ। ਲੇਕਿਨ ਤੁਹਾਡਾ ਦੋਖੀ ਹੈ ਇਹ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤਾਂ ਰਾਜ ਪ੍ਰਬੰਧ ਚਲਦਾ ਹੈ।

***ਰਾਜੇ ਸੀਹ ਮੁਕਦਮ ਕੁਤੇ ॥***
***ਜਾਇ ਜਗਾਇਨਿ੍ ਬੈਠੇ ਸੁਤੇ ॥ ਅੰਗ - 1288***

ਰਾਜੇ ਸ਼ੇਰ ਨੇ ਤੇ ਹਾਕਮ ਕੁੱਤੇ ਬਣੇ ਹੋਏ ਨੇ। ਰਾਜਾ ਬੈਠਾ ਹੈ ਚੁੱਪ ਕਰਿਆ ਹੋਇਆ, ਚੁਗਲੀਆਂ ਕਰ-ਕਰ ਕੇ ਉਹਨੂੰ ਜਗਾ ਦਿੰਦੇ ਨੇ। ਉਹ ਕੀ ਕਰਦਾ ਹੈ, ਕਹਿੰਦੇ ਫੇਰ ਉਹ ਝਪਟਾ ਮਾਰਦਾ ਹੈ।

***ਚਾਕਰ ਨਹਦਾ ਪਾਇਨਿ੍ ਘਾਉ ॥ ਅੰਗ - 1288***

ਚਾਕਰਾਂ ਨੂੰ ਹੁਕਮ ਦੇ ਦਿੰਦਾ ਹੈ, ਉਹ ਨਹੁੰਦਰਾਂ ਦੇ ਨਾਲ ਵਲੂੰਦਰ ਦਿੰਦੇ ਨੇ ਉਹਨੂੰ। ਉਹਦਾ ਧਨ ਵੀ ਖੋਹ ਲੈਂਦੇ ਨੇ, ਦੁਖੀ ਕਰਦੇ ਨੇ। ਕਹਿੰਦੇ ਜਿਹੜਾ ਬਾਕੀ ਕੁਛ ਥੋੜ੍ਹਾ ਬਹੁਤਾ ਬਚ ਜਾਂਦਾ ਹੈ –

***ਰਤੁ ਪਿਤੁ ਕੁਤਿਹੋ ਚਟਿ ਜਾਹੁ ॥      ਅੰਗ – 1288***

ਕਹਿੰਦੇ ਜਿਹੜੇ ਛੋਟੇ ਹਾਕਮ ਨੇ, ਜਦੋਂ ਰਾਜੇ ਦੀ ਨਿਗ੍ਹਾਂ ਗਲਤ ਹੋ ਗਈ ਫੇਰ ਕੁੱਤੇ ਉਹਦਾ ਖ਼ੂਨ ਆਪ ਚੱਟ ਜਾਂਦੇ ਨੇ। ਜਿੱਥੇ ਜੀਅ ਹੋਸੀ ਛਾਰ, ਪਰ ਵਾਹਿਗੁਰੂ ਤਾਂ ਸਾਰਿਆਂ ਨੂੰ ਸੰਭਾਲਣ ਵਾਲਾ ਹੈ, ਜਦੋਂ ਸਾਰ ਹੋਈ ਉਥੇ ਦਰਗਾਹ 'ਚ ਜਾ ਕੇ ਇਨ੍ਹਾਂ ਦੇ ਨੱਕ ਵੱਢੇ ਜਾਣੇ ਨੇ। ਇਸ ਤਰ੍ਹਾਂ ਦੇ ਨਾਲ ਰਾਜੇ ਨੂੰ ਜਿਹੜੀ ਪਰਜਾ ਚੌਧਰੀ ਨੇ, ਮੁਕਦਮ ਨੇ, ਇਹ ਜਗਾਉਂਦੇ ਨੇ, ਉਹ ਕਹਿੰਦੇ ਨਹੁੰਦਰਾਂ ਦੇ ਨਾਲ ਧਨ ਮਾਲ ਲੁੱਟ ਕੇ, ਜਿਹੜਾ ਬਾਕੀ ਦੀ ਥੋੜੀ ਬਹੁਤੀ ਰੱਤ ਉਨ੍ਹਾਂ 'ਚ ਰਹਿ ਜਾਂਦੀ ਹੈ, ਉਹਨੂੰ ਇਹ ਕਹਿੰਦੇ ਨੇ ਕੁੱਤੇ ਚੱਟ ਜਾਂਦੇ ਨੇ, ਆਹ ਹਾਲ ਕਹਿੰਦੇ ਭਾਈ ਮਾਤ ਲੋਕ ਦੇ ਵਿਚ ਹੋ ਰਿਹਾ ਹੈ। ਬਾਕੀ ਜਿਹੜੇ ਹੈਗੇ ਆਗੂ ਸੰਸਾਰ ਦੇ, ਉਨ੍ਹਾਂ ਦੀਆਂ ਅੱਖਾਂ ਨਹੀਂ ਰਹੀਆਂ, ਭੇਖ ਦੇ ਵਿਚ ਪੈ ਗਏ, ਭਰਮਾਂ 'ਚ ਪੈ ਗਏ, ਲੋਕਾਂ ਨੂੰ ਵੰਡ ਦਿੱਤਾ, ਮਰਿਆਦਾ ਸੰਪਰਦਾਵਾਂ ਬਣ ਗਈਆਂ। ਹਿੰਦੋਸਤਾਨ 'ਚ ਕਿੰਨੀਆਂ ਹੀ ਸੰਪਰਦਾਵਾਂ ਨੇ, ਕਦੇ ਸੋਚ ਕੇ ਦੇਖੋ, ਇੱਕ ਸੰਤ ਹੋਏ ਨੇ ਗਣੇਸ਼ਾ ਦਾਸ ਜੀ, ਉਨ੍ਹਾਂ ਨੇ ਹਿੰਦੋਸਤਾਨ 'ਚ ਫਿਰ ਕੇ ਇੱਕ ਲਿਸਟ ਬਣਾਈ ਕਿ ਕਿੰਨੀਆਂ ਸੰਪਰਦਾਵਾਂ ਨੇ, ਉਨ੍ਹਾਂ ਨੇ ਗਿਣਿਆ ਕਿ 33,200 ਸੰਪਰਦਾ ਹਿੰਦੋਸਤਾਨ 'ਚ ਨੇ, ਜਿਸ ਦੇਸ਼ 'ਚ 38000 ਕਿਸਮ ਦੇ ਮਾਨਤਾ ਕਰਨ ਵਾਲੇ ਰਹਿੰਦੇ ਹੋਣ, ਉਥੇ ਏਕਤਾ ਕਿਵੇਂ ਹੋ ਸਕਦੀ ਹੈ। ਉਥੇ ਇੱਕ ਖਿਆਲ 'ਤੇ ਕਿਵੇਂ ਆ ਸਕਦੇ ਨੇ, ਮਹਾਰਾਜ ਕਹਿੰਦੇ, ਪਾਰ ਕੋਈ ਨਹੀਂ ਲੰਘ ਰਿਹਾ। ਉਹ ਤਾਂ ਜਿੰਨੀ ਪਰਜਾ ਸੀ, ਜਿੰਨੀ ਦੁਨੀਆਂ ਸੀ, ਕਹਿੰਦੇ ਅੰਨ੍ਹੇ ਆਗੂਆਂ ਨੇ, ਅੰਨ੍ਹੇ ਖੂਹ ਵਿਚ ਸੁੱਟ ਦਿੱਤੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਅੰਨ੍ਹੇ ਖੂਹ ਵਿਚ ਸੁੱਟ 'ਤੀ,***
***ਦੁਨੀਆਂ ਅੰਨ੍ਹੇ ਆਗੂਆਂ ਨੇ।***

ਮਹਾਰਾਜ ਕਹਿੰਦੇ, ਨਾਥ ਜੀ! ਜਿਹੜੇ ਅਨੁਭਵ ਤੋਂ ਹੀਣੇ ਨੇਤ੍ਰਹੀਣ ਆਗੂ ਨੇ, ਉਨ੍ਹਾ ਨੇ ਦੁਨੀਆਂ ਦੀਆਂ ਅੱਖਾਂ ਵੀ ਲੈ ਲਈਆਂ ਤੇ ਉਨ੍ਹਾਂ ਨੂੰ ਅੰਨ੍ਹੇ ਖੂਹ ਵਿਚ ਸੁੱਟਣਾ ਸ਼ੁਰੂ ਕਰਿਆ ਹੋਇਆ ਹੈ, ਕੋਈ ਪਾਰ ਉਤਾਰਾ ਸੁਝਦਾ ਨਹੀਂ ਸੰਸਾਰ ਦਾ। ਭਰਮ ਤੇ ਵਹਿਮ ਪ੍ਰਚਲਤ ਹੋ ਗਏ। ਪਾਖੰਡ ਜਿਹਨੂੰ ਕਹਿੰਦੇ ਨੇ, ਹਰ ਥਾਂ ਦੇ ਉਤੇ ਪਾਖੰਡ ਹੀ ਪਾਖੰਡ ਨਜ਼ਰ ਆਉਂਦਾ ਹੈ। ਬੜੇ ਅਸੀਂ ਦੇਖੇ ਨੇ –

***ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੂ ਚੇਲੇ।***
***ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।***
***ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।***
***ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।***
***ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।***

***ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।***
***ਭਾਈ ਗੁਰਦਾਸ ਜੀ, ਵਾਰ 1/26***

ਸਭ ਹਉਮੈ ਹੀ ਹਉਮੈ ਪ੍ਰਧਾਨ ਹੋਈ ਪਈ ਹੈ। ਇੱਕ ਦੂਜੇ ਨੂੰ ਕੋਈ ਨਹੀਂ ਮੰਨਦਾ, ਇੱਕ ਘਰ ਦੇ ਅੰਦਰ, ਇੱਕ ਸੂਰਜ ਨੂੰ ਮੰਨਣ ਵਾਲਾ ਹੈ, ਇੱਕ ਚੰਦਰਮਾ ਨੂੰ ਮੰਨਣ ਵਾਲਾ ਹੈ, ਇੱਕ ਤਾਰਿਆਂ ਨੂੰ ਮੰਨਣ ਵਾਲਾ, ਇੱਕ ਧਰਮਰਾਜ ਨੂੰ ਮੱਥੇ ਟੇਕਦਾ ਹੈ। ਇੱਕ ਰਾਮਚੰਦਰ ਜੀ ਨੂੰ ਮੰਨਦਾ ਹੈ, ਇੱਕ ਸ਼ਿਵ ਜੀ ਨੂੰ ਮੰਨਦਾ ਹੈ, ਇੱਕ ਭੈਰੋ ਨੂੰ ਮੰਨਦਾ ਹੈ, ਇੱਕ ਦੇਵੀ ਨੂੰ ਮੰਨਦਾ ਹੈ, ਇੱਕੋ ਹੀ ਘਰ ਦੇ ਅੰਦਰ ਅੱਡ-ਅੱਡ ਖਿਆਲ, ਅੱਡ-ਅੱਡ ਮੱਤ ਨੇ, ਅੱਡ-ਅੱਡ ਧਾਰਨਾ ਨੇ। ਸੱਚ ਕਿਨਾਰੇ ਰਹਿ ਗਿਆ, ਕਿਤੇ ਨਹੀਂ ਪਤਾ ਲਗਦਾ। ਕਹਿੰਦੇ -

***ਹਉਮੈ ਅੰਦਰਿ ਸਭਿ ਕੋ ਡੂਬੇ ਗੁਰੂ ਸਣੇ ਬਹੁ ਚੇਲੇ।***

ਅਸੀਂ ਮੇਲਿਆਂ 'ਤੇ, ਯਾਤਰੂ ਜਿਹੜੇ ਜਾ ਰਹੇ ਨੇ ਉਨ੍ਹਾਂ ਨੂੰ ਵੀ, ਤੀਰਥਾਂ ਦੇ ਉਤੇ ਵੀ, ਸਾਰੇ ਢੂੰਡੇ, ਹਿੰਦੂ ਵੀ ਦੇਖੇ ਅਸੀਂ, ਤੁਰਕਾਂ ਨੂੰ ਮਿਲ ਕੇ ਵੱਡਿਆਂ-ਵੱਡਿਆਂ ਨੂੰ ਦੇਖਿਆ -

***ਡਿਠੇ ਹਿੰਦੂ ਤੁਰਕਿ ਸਭਿ***
***ਪੀਰ ਪੈਕੰਬਰਿ ਕਉਮਿ ਕਤੇਲੇ।***
***ਭਾਈ ਗੁਰਦਾਸ ਜੀ, ਵਾਰ 1/26***

ਪੀਰਾਂ-ਪੈਕੰਬਰਾਂ ਨੂੰ ਮਿਲੇ ਤੇ ਉਨ੍ਹਾਂ ਕੌਮਾਂ ਨੂੰ ਜਿਹੜੇ ਤਲਵਾਰ ਦੇ ਜ਼ੋਰ ਨਾਲ ਦੂਜੇ ਦਾ ਧਰਮ ਬਦਲਦੇ ਨੇ, ਉਨ੍ਹਾਂ ਨੂੰ ਵੀ ਮਿਲ ਕੇ ਅਸੀਂ ਦੇਖਿਆ, ਨਤੀਜਾ ਕੱਢਿਆ -

***ਅੰਧੀ ਅੰਧੇ ਖੂਹੇ ਠੇਲੇ।*** ***ਭਾਈ ਗੁਰਦਾਸ ਜੀ, ਵਾਰ 1/26***

ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਦੇ ਵਿਚ ਸੁੱਟ ਦਿੱਤਾ। ਕਹਿੰਦੇ, ਆਹ ਹਾਲ ਮਾਤ ਲੋਕ ਦਾ ਹੈ। ਜਦੋਂ ਮਹਾਰਾਜ ਤੋਂ ਬਚਨ ਸੁਣੇ।

***ਬਾਬੇ ਆਖਿਆ : ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਸੰਸਾਰਾ।***
***ਪਾਪ ਗਿਰਾਸੀ ਪਿਰਥਮੀ***
***ਧਉਲੁ ਖੜਾ ਧਰਿ ਹੇਠ ਪੁਕਾਰਾ।***
***(ਭਾਈ ਗੁਰਦਾਸ ਜੀ, ਵਾਰ 1/26)***

ਤੁਹਾਡੇ ਕੋਲ ਵੀ ਮੈਂ ਇਹ ਦੇਖਣ ਵਾਸਤੇ ਆਇਆ ਹਾਂ, ਕੀ ਇੱਥੇ ਸੱਚ ਹੈ ਕਿ ਨਹੀਂ ਹੈ। ਬਾਕੀ ਸੰਸਾਰ ਤਾਂ ਜਿਹੜਾ ਹੈ -

***ਪਾਪ ਗਿਰਾਸੀ ਪਿਰਥਮੀ***
***ਧਉਲੁ ਖੜਾ ਧਰਿ ਹੇਠ ਪੁਕਾਰਾ।***
***(ਭਾਈ ਗੁਰਦਾਸ ਜੀ, ਵਾਰ 1/26)***

ਪੁਕਾਰਾਂ ਕਰ ਰਿਹਾ ਹੈ, ਰੋ ਰਿਹਾ ਹੈ ਧੌਲ, ਅਕਾਲ ਪੁਰਖ ਦੇ ਦਰ 'ਤੇ ਫਰਿਆਦਾਂ ਕਰ ਰਿਹਾ ਹੈ ਤੇ ਐਸ ਵੇਲੇ -

***ਥੰਮੇ ਕੋਇ ਨ ਸਾਧੁ ਬਿਨੁ***

*ਸਾਧੁ ਨ ਦਿਸੈ ਜਗਿ ਵਿਚਿ ਕੋਆ।*

*ਭਾਈ ਗੁਰਦਾਸ ਜੀ, ਵਾਰ 1/23*

ਸਾਧ ਤੋਂ ਬਗੈਰ ਐਸ ਵੇਲੇ ਕੋਈ ਨਹੀਂ ਸੰਸਾਰ ਨੂੰ ਸੰਭਾਲ ਸਕਦਾ। ਲੇਕਿਨ ਸਾਧ ਸੰਸਾਰ ਵਿਚ ਹੈ ਨਹੀਂ।

ਗੁਰੂ ਨਾਨਕ ਪਾਤਸ਼ਾਹ ਸੰਤ ਬਣਾਉਣ ਆਏ ਸੀ, ਸਾਧ ਪੈਦਾ ਕਰਨ ਆਏ ਸੀ। ਕਿਉਂਕਿ ਜਦੋਂ ਸਾਧੂ ਦੀ ਅਣਹੋਂਦ ਹੋ ਜਾਂਦੀ ਹੈ ਉਸ ਵੇਲੇ ਪ੍ਰਿਥਵੀ ਦੇ ਉਤੇ ਬੇਅੰਤ ਜ਼ੁਲਮ, ਬੇਅੰਤ ਜ਼ੁਲਮ ਸ਼ੁਰੂ ਹੋ ਜਾਂਦੇ ਨੇ। ਕਹਿੰਦੇ, ਸਾਧ ਕੋਈ ਦਿਸਦਾ ਨਹੀਂ ਹੈ। ਸਾਧ ਬਿਨਾਂ ਇਹ ਪ੍ਰਿਥਵੀ ਜਿਹੜੀ ਹੈ, ਇਹਦਾ ਧੌਲ ਜਿਹੜਾ ਹੈ ਉਹ ਪੁਕਾਰਾਂ ਕਰ ਰਿਹਾ ਹੈ ਤੇ ਤੁਸੀਂ ਲੋਕ ਡਰ ਗਏ, ਚੰਗਿਆਈ ਸਾਰੀ ਨਿਕਲ ਆਈ, ਸੁਸਾਇਟੀ 'ਚੋਂ, ਨਿਕਲ ਕੇ ਤੁਸੀਂ ਛੁਪ ਕੇ ਬਹਿ ਗਏ, ਹੁਣ ਮਾੜੇ ਬੰਦਿਆਂ ਦਾ ਹਾਲ ਓਹੀ ਹੋਣਾ ਹੈ ਜਿਹੜਾ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਲੈ ਲਓ ਤੁਸੀਂ ਪ੍ਰਚਾਰ ਨਾ ਕਰੋ। ਥੋੜ੍ਹੇ ਦਿਨਾਂ 'ਚ ਦੇਖੋ, ਦੋ ਕੁ ਸਾਲਾਂ ਦੇ ਵਿਚ ਕੀ ਭਾਣਾ ਵਰਤਦਾ ਹੈ। ਆਦਮੀ ਬਹਿ ਜਾਏ ਕਿ ਮੈਂ ਤਾਂ ਨਾਮ ਜਪਣਾ ਹੈ ਇਕੱਲੇ ਨੇ, ਮੈਨੂੰ ਕੀ ਹੈ, ਕੋਈ ਕੁਛ ਖਾਵੇ, ਕੋਈ ਕੁਛ ਪੀਵੇ, ਮੇਰੇ ਨਾਲ ਕੀ ਸਬੰਧ ਹੈ, ਮੈਂ ਆਪਣਾ ਆਪ ਠੀਕ ਰੱਖਾਂ। ਕਹਿੰਦੇ, ਤੁਸੀਂ ਏਸ ਖ਼ੁਦਗਰਜ਼ੀ 'ਚ ਆ ਗਏ। ਚਾਹੀਦਾ ਤਾਂ ਇਹ ਸੀ ਕਿ ਤੁਸੀਂ ਸੰਸਾਰ 'ਚ ਰਹਿੰਦੇ। ਜਿਹੜੇ ਵੱਡੇ-ਵੱਡੇ ਰਾਜਿਆਂ ਨੂੰ ਤੁਸੀਂ ਆਪਣੇ ਚੇਲੇ ਬਣਾਇਆ ਹੈ, ਇਨ੍ਹਾਂ ਨੂੰ ਸ਼ੁੱਭ ਮੱਤ ਦੇ ਕੇ ਰਾਜ ਕਰਨ ਲਾਉਂਦੇ ਤੇ ਪਰਜਾ ਦਾ ਉਧਾਰ ਹੁੰਦਾ, ਗਿਆਨ ਦਾ ਪ੍ਰਕਾਸ਼ ਹੁੰਦਾ। ਤੁਸੀਂ ਤਾਂ ਤਖਤਾਂ ਤੋਂ ਲਾਹ ਕੇ ਉਨ੍ਹਾਂ ਨੂੰ ਕੰਦਰਾਂ 'ਚ ਬਿਠਾ ਦਿੱਤਾ। ਹੁਣ ਦੱਸੋਂ ਜਗਤ ਦਾ ਕੀ ਹਾਲ-

*ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।*

*ਭਾਈ ਗੁਰਦਾਸ ਜੀ, ਵਾਰ 1/29*

ਜਿਹੜੇ ਤੁਹਾਡੇ ਉਥੇ ਮਾੜੇ-ਮੋਟੇ ਜੋਗੀ ਰਹਿੰਦੇ ਨੇ, ਉਹ ਜਾਂ ਤਾਂ ਸ਼ਰਾਬ ਪੀਂਦੇ ਨੇ, ਜਾਂ ਸੁਲਫਾ ਪੀਈ ਜਾਂਦੇ ਨੇ ਦਿਨ-ਰਾਤ। ਸਵੇਰੇ ਉਠ ਨਾਹੁੰਣਾ ਨਹੀਂ, ਧੂੰਏਂ ਦੀ ਸੁਆਹ ਹੋਰ ਮਲ ਲੈਣੀ ਹੈ ਉਤੇ, ਕੇਸਾਂ ਨੂੰ ਵਾਹੁੰਣਾ ਨਹੀਂ, ਤੇਲ ਨਹੀਂ ਲਾਉਣਾ ਤੇ ਜਟਾਵਾਂ ਬਣਾਂ ਲੈਣੀਆਂ। ਵਿੱਚ ਜੂੰਆਂ ਤੁਰੀਆਂ ਫਿਰਦੀਆਂ ਨੇ। ਫੁਰਮਾਨ ਹੈ -

*ਧਾਰਨਾ - ਡੁੱਬ ਗਿਆ ਜਗ ਸਾਰਾ ਜੀ,*
*ਪੂਰੇ ਸਤਿਗੁਰ ਬਾਝੋਂ।*

ਇੱਕ ਦੋ ਚਾਰ ਨਹੀਂ, ਸਾਰਾ ਜਗ ਡੁੱਬ ਗਿਆ, ਕਿਉਂਕਿ ਪੂਰੇ ਗੁਰੂ ਦੀ ਅਣਹੋਂਦ ਹੋ ਗਈ। ਸਾਰੀ ਵਿਚਾਰ ਸੁਣੀ, ਬਹੁਤ ਵਿਸਥਾਰ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਨਕਸ਼ਾ ਖਿੱਚਿਆ ਕਿ ਆਦਮੀ ਦਾ ਮੌਲਿਕ ਅਧਿਕਾਰ, ਆਜ਼ਾਦੀ ਦਾ ਖਤਮ ਹੋ ਗਿਆ। ਭੇਡਾਂ, ਬੱਕਰੀਆਂ ਵਾਂਗੂੰ ਬੰਦੇ ਹੋ ਗਏ। ਕੋਈ ਆਪਣੀ ਰਾਖੀ ਨਹੀਂ ਕਰ ਸਕਦਾ। ਆਪ-ਹੁਦਰਾ ਜੀਵਨ ਹੋ ਗਿਆ। ਹਜ਼ਾਰਾ ਦੀ ਤਾਦਾਦ ਦੇ ਵਿਚ ਸੰਪਰਦਾਵਾਂ

ਹੋਣ ਕਰਕੇ, ਇਕ ਸੰਪਰਦਾ ਦੂਜੇ ਨਾਲ ਮੇਲ ਨਹੀਂ ਖਾਂਦੀ। ਉਹਦੀ ਨਿੰਦਿਆ ਕਰਦੇ, ਉਹਨੂੰ ਗਿਰਾਉਂਦੇ ਨੇ, ਇਸ ਤਰ੍ਹਾਂ ਦੇ ਨਾਲ ਕੋਈ ਪਾਰ-ਉਤਰਾ ਨਹੀਂ ਹੋ ਰਿਹਾ ਤੇ ਸੰਸਾਰ ਡੁੱਬ ਗਿਆ ਤੇ ਦੁੱਖਾਂ ਵਿਚ ਪੈ ਗਿਆ ਭਾਰਤ ਵਰਸ਼। ਜਦੋਂ ਐਨੀ ਵਿਚਾਰ ਸਰਵਣ ਕੀਤੀ, ਉਸ ਵੇਲੇ ਮਨ 'ਚ ਉਨ੍ਹਾਂ ਦੇ ਖਿਆਲ ਆਇਆ। ਵੱਖਰੇ ਹੋ ਕੇ ਸੋਚਿਆ ਕਿ ਇਹ ਜਿਹੜਾ ਬੱਚਾ ਆਇਆ ਹੈ ਸਾਡੇ ਕੋਲ, ਕਿਉਂਕਿ ਉਨ੍ਹਾਂ ਦੀਆਂ ਉਮਰਾਂ ਤਾਂ ਸੈਂਕੜੇ ਸਾਲਾਂ ਦੀਆਂ ਸੀ। ਗੁਰੂ ਨਾਨਕ ਦੀ ਉਮਰ ਅਜੇ ਛੋਟੀ ਸੀ। ਚਾਲੀ-ਬਿਤਾਲੀ ਦੇ ਨੇੜੇ ਸੀ ਇਕ ਇਹ ਜਿਹੜਾ ਬੱਚਾ ਆਇਆ ਹੈ ਇਹਦਾ ਤਾਂ ਕੋਈ ਜਵਾਬ ਨਹੀਂ ਹੈ, ਹਰ ਗੱਲ ਦੇ ਉਤੇ ਪਤੇ ਦੀ ਗੱਲ ਕਰਦਾ ਹੈ। ਜੇ ਕਿਤੇ ਇਹ ਸਾਡੇ ਧਰਮ ਵਿਚ ਆ ਜਾਵੇ, ਤਾਂ ਸਾਡਾ ਬਹੁਤ ਪ੍ਰਚਾਰ ਵਧ ਸਕਦਾ ਹੈ। ਨੌਜਵਾਨ ਹੈ, ਪ੍ਰਾਣਾਯਾਮ ਦੇ ਨਾਲ ਉਮਰ ਵਧਾਉਣ ਦੀ ਕਿਰਿਆ ਅਸੀਂ ਦਸ ਹੀ ਦੇਣੀ ਹੈ। ਜੇ ਦੋ ਹਜ਼ਾਰ ਸਾਲ ਜੀਉਂਦਾ ਰਹਿ ਗਿਆ ਇਹ ਤਾਂ ਸਾਡਾ ਧਰਮ ਤਾਂ ਸਾਰੀਆਂ ਦੁਨੀਆਂ 'ਚ ਜਾ ਸਕਦਾ ਹੈ, ਕਿਉਂਕਿ ਐਨਾ ਅਨੁਭਵ ਤਾਂ ਸਾਡੇ ਕੋਲ ਵੀ ਨਹੀਂ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਕਹਿੰਦੇ ਹੇ ਨਾਨਕ! ਤੇਰਾ ਧਰਮ ਕੀ ਹੈ, ਮਹਾਰਾਜ ਕਹਿੰਦੇ ਮੇਰਾ ਧਰਮ ਤਾਂ ਨਿਰੰਕਾਰ ਹੈ, ਅਕਾਲ ਪੁਰਖ, ਹੋਰ ਕੋਈ ਸੰਪਰਦਾ ਨਹੀਂ ਹੈ। ਇਹ ਰੂਹ ਵਿਛੜੀ ਹੋਈ ਹੈ ਪ੍ਰਮੇਸ਼ਰ ਤੋਂ। ਇਹਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਣਾ ਆਹ ਧਰਮ ਹੈ, ਹੋਰ ਸਾਡਾ ਕੋਈ ਧਰਮ ਨਹੀਂ, ਸਾਡੀ ਰੂਪ-ਰੇਖਾ ਨਹੀਂ, ਕੁਛ ਨਹੀਂ। ਕਹਿਣ ਲੱਗੇ, ਸੰਸਾਰ ਦੇ ਅੰਦਰ ਰੌਲਾ-ਗੌਲਾ ਬਹੁਤ ਹੈ। ਤੂੰ ਹੀ ਦੱਸਿਆ ਕਿ ਐਨਾ ਝਗੜਾ ਝਾਟਾ ਹੈ, ਇਹੋ ਜਿਹੜੇ ਝਗੜਿਆਂ ਦੇ ਵਿਚ ਕੋਈ ਬੰਦਾ ਭਗਤੀ ਕਰ ਲਏਗਾ? ਕੋਈ ਲੰਘ ਜਾਏਗਾ ਪਾਰ? ਕੀ ਸਾਧਨ ਤੂੰ ਕਰਨਾ ਚਾਹੁੰਦਾ ਹੈਂ, ਪ੍ਰਾਣਾਯਾਮ ਸਿਖਾ, ਹੱਠ ਯੋਗ ਦੀਆਂ ਕਿਰਿਆ, ਨਿਉਲੀ, ਧੋਤੀ, ਬਸਤੀ, ਕਪਾਲੀ ਇਹ ਚੀਜ਼ਾਂ ਜੇ ਸੰਸਾਰ ਨੂੰ ਦੱਸੇਂਗਾ ਤਾਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਆ ਜਾਣਗੀਆਂ ਤੇ ਬੜੀ ਮਾਨਤਾ ਹੋ ਜਾਏਗੀ। ਇਹ ਦੱਸ ਤੂੰ ਪਹਿਲਾਂ ਕਿ ਤੇਰੇ ਕੋਲ ਕੀ ਹੈ? ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ ਨਾ, ਹੱਠ ਯੋਗ ਦੀਆਂ; ਜੇ ਹਜ਼ਾਰ ਬੰਦਾ ਹੱਠ ਯੋਗ ਦੇ ਨਾਲ ਪ੍ਰਾਣਾਯਾਮ ਕਰਨ ਲੱਗੇ, ਕੁੰਡਲੀ ਨੂੰ ਜਗਾਵੇ ਤੇ ਛੇ ਚੱਕਰ ਮੂਲਧਾਰ ਚੱਕਰ ਤੋਂ ਲੈ ਕੇ ਭੰਨਦਾ ਜਾਵੇ। ਕਹਿੰਦੇ, ਵੈਸੇ ਤਾਂ ਹੈ ਨਹੀਂ ਕੋਈ, ਉਹਦੇ ਵਾਸਤੇ ਬ੍ਰਹਮਚਰੀਆ ਚਾਹੀਦਾ ਹੈ, ਖੁਰਾਕ ਸ਼ੁੱਧ ਚਾਹੀਦੀ ਹੈ। ਖਿਆਲ ਸ਼ੁੱਧ ਚਾਹੀਦੇ ਨੇ, ਆਚਾਰ ਸ਼ੁੱਧ ਚਾਹੀਦਾ ਹੈ। ਰਿਹਾਇਸ਼ ਸ਼ੁੱਧ ਚਾਹੀਦੀ ਹੈ, ਇਹ ਚੀਜ਼ਾਂ ਹੈ ਨਹੀਂ। ਫੇਰ ਇਕਾਂਤ ਚਾਹੀਦੀ ਹੈ ਕਿ ਕੋਈ ਬੰਦਾ ਨੇੜੇ-ਤੇੜੇ ਨਾ ਆਵੇ। ਫੇਰ ਉਹਦੇ ਗੁਜ਼ਾਰੇ ਵਾਸਤੇ ਰੋਟੀ ਪਾਣੀ ਵੀ ਚਾਹੀਦਾ ਹੈ। ਕੱਪੜੇ ਵੀ ਉਹਨੂੰ ਚਾਹੀਦੇ ਨੇ, ਸਰੀਰ ਢਕਣ ਵਾਸਤੇ। ਕੋਈ ਛੱਤ ਵੀ ਚਾਹੀਦੀ ਹੈ ਜਿਹਦੇ ਵਿਚ ਉਹ ਰਹੇ, ਕਹਿੰਦੇ ਫੇਰ ਤਾਂ ਲੋੜਾਂ ਤਾਂ ਹਟੀਆਂ ਨਾ, ਇਨ੍ਹਾਂ ਦੇ ਵਿਚ ਜੇ ਕੋਈ ਹਜ਼ਾਰ ਬੰਦਾ ਕਰਨ ਵੀ ਲਗ ਜਾਏ, ਨੌਂ ਸੌ ਨੜਿਨਵੇਂ ਤਾਂ ਪਾਗਲਖਾਨੇ ਚਲੇ ਜਾਣਗੇ। ਕਿਉਂਕਿ ਕੋਈ ਝਾਲ ਨਹੀਂ ਝੱਲ ਸਕਦਾ ਕਿਉਂਕਿ ਬਹੁਤ ਸਾਰੇ ਪ੍ਰੇਮੀ ਨੇ ਪ੍ਰਾਣਾਯਾਮ ਕਰਨ ਲਗ ਜਾਂਦੇ ਨੇ, ਸੁਣ ਸੁਣਾ ਕੇ।

ਤਾਕਤ ਹੈ ਨਹੀਂ ਅੰਦਰ, ਬਾਕੀ ਦੀ ਰਹਿਤ ਰਹੀ ਨਹੀਂ। ਖੁਰਾਕ ਕੀ ਹੈ? ਡਾਲਡਾ ਖਾਂਦੇ ਨੇ। ਅੰਨ ਦੇ ਵਿਚੋਂ ਵੀ ਸੱਤਿਆ ਨਿਕਲ ਗਈ ਸਾਧਸੰਗਤ ਜੀ! ਜਿਹੜਾ ਅਸੀਂ ਅੰਨ੍ਹ ਖਾਂਦੇ ਹਾਂ ਇਹ ਸਾਰਿਆਂ ਨੂੰ ਨਹੀਂ ਪਤਾ।

ਇੱਕ ਵਾਰੀ ਮੈਂ ਯੂ.ਪੀ ਸੀ, ਉਥੇ ਡਾਕਟਰ ਆਏ ਦੁਨੀਆਂ ਭਰ ਦੇ। ਸਾਇੰਸਦਾਨ ਆਏ ਸਾਰੇ ਖੇਤੀ-ਬਾੜੀ ਵਾਲੇ ਤੇ ਉਥੇ ਇੱਕ ਮੀਟਿੰਗ ਹੋਈ ਪੰਤ ਨਗਰ, ਉਹਦੇ ਵਿਚ ਉਨ੍ਹਾਂ ਨੇ ਗੱਲ ਕਰੀ ਕਿ ਜਿਹੜੀ ਪਹਿਲਾਂ ਕਣਕ ਹੋਇਆ ਕਰਦੀ ਸੀ, ਦੇਸੀ ਕਣਕ। ਉਹਦੇ ਵਿਚ 21% ਪ੍ਰੋਟੀਨ ਹੋਇਆ ਕਰਦੀ ਹੈ ਤੇ ਜਿਹੜੀਆਂ ਅਸੀਂ ਭੁੱਖ ਦੂਰ ਕਰਨ ਵਾਸਤੇ ਹੁਣ ਕਣਕਾਂ ਬਣਾਈਆਂ ਨੇ। ਇਹਦੇ ਵਿੱਚ ਜਿਹੜੀ ਕਲਿਆਣ ਕਣਕ ਹੈ ਇਹਦੇ 'ਚ 11% ਪ੍ਰੋਟੀਨ ਹੈ, ਯਾਨਿ 10% ਘਟ ਗਈ। ਪੁਰਾਣੀ ਕਣਕ ਦੀਆਂ ਜੇ ਕੋਈ ਚਾਰ ਰੋਟੀਆਂ ਖਾਂਦਾ ਸੀ ਤਾਂ ਕਲਿਆਣ ਦੀਆਂ ਅੱਠ ਖਾਵੇ ਤਾਂ ਬਰਾਬਰ ਹੁੰਦਾ ਹੈ। ਕਹਿੰਦੇ ਜਿਹੜੇ ਹੁਣ ਨਵੇਂ ਬੀਜ ਕੱਢੇ ਨੇ, ਇਨ੍ਹਾਂ ਦੇ ਵਿਚ 8% ਰਹਿ ਗਈ ਤੇ ਇਹਦਾ ਮਤਲਬ ਹੈ ਕਿ ਜੇ ਚਾਰ ਰੋਟੀਆਂ ਖਾਂਦਾ ਹੈ ਆਦਮੀ ਤੇ ਜੇ ਹੁਣ ਦਸ ਖਾਵੇ ਤਾਂ ਚਾਰ ਦੀ ਤਾਕਤ ਆਉਂਦੀ ਹੈ ਐਨੀ ਤਾਕਤ ਅਨਾਜ 'ਚ ਘਟ ਗਈ। ਐਨੀ ਹੀ ਤਾਕਤ ਗੰਨੇ 'ਚ ਘਟ ਗਈ, ਗੁੜ 'ਚ ਘਟ ਗਈ। ਪਹਿਲਾਂ ਗੁੜ ਖਾਂਦੇ ਸੀ ਲੋਕ ਸ਼ੇਰਾਂ ਵਰਗੇ ਰਹਿੰਦੇ ਸੀ, ਸਿਹਤਾਂ ਬਣਦੀਆਂ ਸੀ। ਘੋੜਿਆਂ ਨੂੰ ਦਿੰਦੇ ਸੀ, ਬਲਦਾਂ ਨੂੰ ਦਿੰਦੇ ਸੀ, ਪਾਲਾ ਨਹੀਂ ਸੀ ਲਗਦਾ, ਹੁਣ ਗੁੜ 'ਚ ਤਾਕਤ ਹੀ ਨਹੀਂ, ਚੀਨੀ ਬਣ ਗਈ, ਜ਼ਹਿਰ ਬਣ ਗਈ ਚੀਨੀ, ਸਿਹਤ ਨੂੰ ਖਰਾਬ ਕਰ ਰਹੀ ਹੈ। ਹੋਰ ਜਿੰਨੀਆਂ ਖੁਰਾਕਾਂ ਖਾਂਦੇ ਹਾਂ, ਦੁੱਧ ਪੀਂਦੇ ਹਾਂ, ਇਹਦੇ ਵਿਚ 10% ਯੂਰੀਆ ਦੁੱਧ ਵਿਚ ਆ ਜਾਂਦਾ ਹੈ। ਉਹ ਯੂਰੀਆ ਸਾਡੇ ਸਰੀਰ 'ਚ ਵੜ ਜਾਂਦਾ ਹੈ। ਅਸੀਂ ਰੋਗੀ ਹੋ ਜਾਂਦੇ ਹਾਂ। ਜਿਹੜਾ ਦੁੱਧ ਸ਼ਹਿਰ 'ਚ ਵਿਕਦਾ ਹੈ, ਉਹਦੇ ਵਿਚ ਦਵਾਈ ਪੈਂਦੀ ਹੈ। ਦਵਾਈ ਪੈਣ ਦੇ ਨਾਲ ਉਹ ਬਿਲਕੁਲ ਹੀ ਜ਼ਹਿਰ ਹੈ ਤੇ ਪੀ.ਜੀ.ਆਈ ਮੇਰੇ ਦੇਖਦੇ-ਦੇਖਦੇ ਭਰ ਗਈ, ਮੇਲਾ ਲਗਦਾ ਹੈ ਇੱਥੇ। ਪਹਿਲਾਂ ਕੋਈ ਨਹੀਂ ਸੀ ਹੁੰਦਾ ਜਦੋਂ ਮੈਂ ਇੱਥੈ ਹੁੰਦਾ ਸੀ। ਟਾਂਵੇਂ-ਟਾਂਵੇਂ ਬੰਦੇ ਜਾਂਦੇ ਸੀ, ਡਾਕਟਰ ਵਿਹਲੇ ਹੀ ਬੈਠੇ ਰਹਿੰਦੇ ਸੀ। ਹੁਣ ਤਾਂ ਚਾਹੇ ਸਾਰਾ ਚੰਡੀਗੜ੍ਹ ਬਣਾ ਦਿਓ ਤੁਸੀਂ ਹਸਪਤਾਲਾਂ ਦਾ ਤਾਂ ਵੀ ਨਹੀਂ ਲੋਕਾਂ ਦੀ ਵਾਰੀ ਆਉਂਦੀ। ਹੁਣ ਕਿਹੜਾ ਬੰਦਾ ਹੈ ਜਿਹੜਾ ਐਹੋ ਜਿਹੇ ਸਾਧਨ ਕਰ ਲਏਗਾ ਕਰੜੇ। ਹੁਣ ਤਾਂ ਰਸਤਾ ਇਹੋ ਜਿਹਾ ਚਾਹੀਦਾ ਹੈ, ਜਿਹੜਾ ਬਹੁਤਾ ਹੀ ਸੁਖਾਲਾ ਹੋਵੇ। ਮਹਾਰਾਜ ਕਹਿੰਦੇ ਨਾਥ ਜੀ! ਇਹ ਜਿਹੜੀ ਤੁਹਾਡੀ ਕਿਰਿਆ ਹੈ, ਨੇਤੀ, ਧੋਤੀ, ਕਪਾਲੀ, ਬਸਤੀ ਆਦਿ ਇਹ ਗ੍ਰਿਹਸਤੀ ਬੰਦੇ ਨਹੀਂ ਕਰ ਸਕਦੇ। ਗ੍ਰਿਹਸਤੀ ਬੰਦਾ ਜੇ ਨਹੀਂ ਤਰਦਾ, ਬਾਕੀ ਤਾਂ ਸਾਰੇ ਗ੍ਰਿਹਸਤੀ ਨੇ, ਤੁਸੀਂ ਥੋੜ੍ਹੇ ਜਿਹੇ ਸਾਧ-ਸੰਤ ਬਾਹਰ ਫਿਰਦੇ ਓਂ। ਬਾਕੀ ਸੰਸਾਰ ਨੂੰ ਕਿਵੇਂ ਤਾਰੋਂਗੇ। ਜਿਹੜੇ ਤੁਸੀਂ ਬਾਹਰ ਵੀ ਫਿਰਦੇ ਓਂ, ਤੁਹਾਡੇ ਵੀ ਮਨ ਜਿਹੜੇ ਨੇ ਇਹ ਚੋਰਾਂ ਦੇ ਨਾਲ ਰੁਕੇ ਪਏ ਨੇ -

***ਦੇਸ ਛੋਡਿ ਪਰਦੇਸ ਸਿਧਾਇਆ ਪੰਚ ਚੰਡਾਲ ਨਾਲੇ ਲੈ ਆਇਆ।***

ਮਨ ਤਾਂ ਸਾਧਿਆ ਨਹੀਂ ਹੈ। ਸਰੀਰ ਦੀਆਂ ਤੁਸੀਂ ਸਾਧਨਾ ਕਰਾਈ ਜਾਂਦੇ ਓਂ, ਇਹਦੇ ਨਾਲ ਤਾਂ ਲੰਘਣਾ ਨਹੀਂ ਪਾਰ। ਕਹਿਣ ਲੱਗੇ ਨਾਨਕ! –

***ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ ਅੰਗ – 938***

ਦੁਤਰ ਉਹ ਹੁੰਦਾ ਹੈ ਜਿਹੜਾ ਤਰਿਆ ਹੀ ਨਾ ਜਾਵੇ। ਦਸ ਉਹਨੂੰ ਪਾਰ ਕਿਵੇਂ ਲੰਘਾਂਗੇ –

***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥***

***ਅੰਗ – 938***

ਮਹਾਰਾਜ ਕਹਿੰਦੇ, ਚਰਪਟ ਜੀ! ਤੁਸੀਂ ਤਾਂ ਪਹਿਲਾਂ ਹੀ ਦੁਤਰ ਕਹਿ ਦਿੱਤਾ ਇਹਨੂੰ ਕਿ ਤਰਿਆ ਹੀ ਨਹੀਂ ਜਾਂਦਾ। ਅਸੀਂ ਤਾਂ ਨਹੀਂ ਨਾ ਮੰਨਦੇ ਕਿ ਤਰਿਆ ਨਹੀਂ ਜਾਂਦਾ। ਅਸੀਂ ਤਾਂ ਕਹਿੰਦੇ ਹਾਂ ਕਿ ਤਰਿਆ ਜਾਂਦਾ ਹੈ ਇਹ ਤੇ ਤੁਹਾਡੇ ਮੱਤ ਦੇ ਮੁਤਾਬਿਕ ਇਹ ਦੁਤਰ ਹੈ, ਕਿਉਂਕਿ ਤੁਹਾਡੀ ਜਿਹੜੀ ਕਿਰਿਆ ਹੈ ਇਹ ਤਰ ਨਹੀਂ ਸਕਦੀ, ਲੰਘ ਨਹੀਂ ਸਕਦੀ। ਜਿਹੜੀ ਕਿਰਿਆ ਲੰਘਾ ਨਾ ਸਕੇ, ਫੇਰ ਉਹਨੂੰ reject ਕਰ ਦਿਓ। ਇਸ ਕਰਕੇ ਤੁਹਾਡੇ ਕਹਿਣ ਦੇ ਮੁਤਾਬਿਕ ਇਹ ਤੁਹਾਡਾ ਜਿਹੜਾ ਮਤ ਹੈ ਇਹ ਕਿਸੇ ਕਿਨਾਰੇ ਨਹੀਂ ਪਹੁੰਚਾਉਂਦਾ, ਇਹਦਾ ਪ੍ਰਚਾਰ ਤੁਸੀਂ ਕਿਉਂ ਕਰਦੇ ਓਂ, ਜਿਹੜਾ ਤਰ ਹੀ ਨਹੀਂ ਸਕਦਾ, ਲੰਘ ਹੀ ਨਹੀਂ ਸਕਦਾ। ਕਿਹਾ ਹੈ ਨਾ ਤੁਸੀਂ ਦੁਤਰ? ਜਿਹੜਾ ਤਰਿਆ ਹੀ ਨਹੀਂ ਜਾਂਦਾ, ਫੇਰ ਉਹਨੂੰ ਦੱਸੋ ਤਾਰੋਗੇ ਕਿਵੇਂ? ਤੁਹਾਡੇ ਜਿੰਨੇ ਸਾਧਨ ਨੇ, ਫੇਰ ਇਹ ਤਾਰਦੇ ਨਾ ਹੋਏ। ਕਹਿਣ ਲੱਗੇ, ਹੇ ਨਾਨਕ! ਤੂੰ ਫੇਰ ਕੀ ਕਰਿਆ ਹੈ, ਮਹਾਰਾਜ ਕਹਿੰਦੇ, ਦੇਖੋ ਆਦਮੀ ਦੇ ਸਰੀਰ ਅੰਦਰ ਸੁਰਤ ਹੈ, ਇਹ ਸੁਰਤ ਹੈਗੀ ਹਉਮੈ ਦੀ। ਇਹਦੇ ਉਤੇ ਇੱਕ ਹੋਰ ਸੁਰਤ ਹੈ ਜਿਹਨੂੰ ਉਨਮਨੀ ਸੁਰਤ ਕਹਿੰਦੇ ਨੇ। ਆਤਮ ਬੁੱਧੀ ਕਹਿੰਦੇ ਨੇ। ਆਤਮ ਵਿਸ਼ੈਣੀ ਬੁੱਧੀ, ਇਹ ਜਿਹੜੀ ਹੈ, ਇਹ ਪ੍ਰਾਕ੍ਰਿਤੀ ਨੂੰ ਵਿਸ਼ੇ ਕਰਨ ਵਾਲੀ ਬੁੱਧੀ ਆਦਮੀ ਦੇ ਅੰਦਰ ਹੈ ਤੇ ਅਸੀਂ ਇਸ ਸੁਰਤ ਦੇ ਨਾਲ ਨਾਮ ਜੋੜ ਦੇਣਾ ਹੈ। ਸ਼ਬਦ ਜੋੜ ਦੇਣਾ ਹੈ, ਸ਼ਬਦ ਦੀ ਧੁਨ ਦੇ ਨਾਲ ਇਸ ਬੁੱਧੀ 'ਚੋਂ ਪਾਰ ਹੋ ਕੇ ਆਤਮਕ ਬੁੱਧੀ 'ਚ ਬਿਰਤੀ ਪਹੁੰਚ ਜਾਣੀ ਹੈ। ਫੇਰ ਆਦਮੀ ਬੱਚੇ ਪਾਲਦਾ, ਖੇਤੀਬਾੜੀ ਕਰਦਾ, ਵਣਜ-ਵਪਾਰ ਕਰਦਾ। ਸਾਰੇ ਕੰਮ ਕਰਦਾ ਹੋਇਆ, ਇਸ ਸਾਗਰ ਨੂੰ ਸੁਖਾਲਾ ਹੀ ਤਰ ਜਾਂਦਾ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਨਾਨਕ ਨਾਮ ਵਖਾਣੇ ਜੀ,***
***ਸੁਰਤ ਸ਼ਬਦ ਭਵਸਾਗਰ ਤਰੀਐ।***

ਮਹਾਰਾਜ ਕਹਿਣ ਲੱਗੇ, ਚਰਪਟ ਜੀ! ਸਾਡਾ ਜੋ ਮਾਰਗ ਹੈ ਇਹ ਬੜਾ ਹੀ ਸਿੱਧਾ ਹੈ। ਗੁਰੂ ਸ਼ਬਦ ਦਿੰਦਾ ਹੈ ਸ਼ਬਦ ਦੀ ਧੁਨ ਜਿਹੜੀ ਹੈ, ਸੁਰਤ ਉਹਦੇ ਨਾਲ ਜੁੜ ਜਾਂਦੀ ਹੈ ਤੇ ਸ਼ਬਦ ਆਇਆ ਹੈ ਅਕਾਲ-ਪੁਰਖ ਦੇ ਦਰ ਤੋਂ। ਜਦੋਂ ਸੁਰਤ ਇਹਦੇ ਨਾਲ ਜੁੜ ਜਾਏਗੀ, ਉਸ ਵੇਲੇ ਸੁਰਤ

ਨੂੰ ਉਹ ਉਸ ਪਾਸੇ ਵਲ ਨੂੰ ਖਿਚਣਾ ਸ਼ੁਰੂ ਕਰ ਦਿੰਦਾ ਹੈ। ਆਹ ਜਿਹੜੀ ਸਰੀਰ ਸੁਰਤ ਹੈ ਇਹਦੇ ਵਿਚੋਂ ਉੱਚਾ ਹੋ ਕੇ ਆਤਮਕ ਸੁਰਤ ਦੇ ਵਿਚ ਦਾਖਲ ਹੋ ਜਾਂਦਾ ਹੈ ਤੇ ਇਹਨੂੰ ਬ੍ਰਹਮਗਿਆਨੀ ਦੀ ਪ੍ਰਾਪਤੀ ਹੋ ਕੇ, ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਨੇ। ਮਹਾਰਾਜ ਕਹਿੰਦੇ–

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***

***ਅੰਗ - 938***

ਕਹਿੰਦੇ ਤੁਸੀਂ ਗ੍ਰਿਹਸਤ ਦੀ ਗੱਲ ਕਰਦੇ ਓਂ ਨਾ ਬਾਰ-ਬਾਰ ਕਿ ਗ੍ਰਿਹਸਤੀ ਤਾਂ ਲੰਘ ਹੀ ਨਹੀਂ ਸਕਦਾ। ਕਹਿੰਦੇ, ਹੁਣ ਵੀ ਸਾਡਾ ਇਹ ਮਤ ਹੈ ਕਿ ਗ੍ਰਿਹਸਤੀ ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਸੋਚਣ ਵਾਲੀ ਗੱਲ ਨਹੀਂ ਹੈ, ਕਿ ਗ੍ਰਿਹਸਤੀ ਪਾਰ ਹੋ ਜਾਏਗਾ। ਮਹਾਰਾਜ ਕਹਿੰਦੇ, ਠੀਕ ਹੈ ਜਿਹੜਾ ਆਮ ਗ੍ਰਿਹਸਤੀ ਹੈ, ਸਾਧੂ ਹੈ, ਉਹ ਵੀ ਦੋਵੇਂ ਨਹੀਂ ਪਾਰ ਹੋ ਸਕਦੇ। ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਵਖੀਲੀ, ਹੰਕਾਰ ਨੇ ਗ੍ਰਿਹਸਤੀ ਦੱਬਿਆ ਹੋਇਆ ਹੈ, ਉਹਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਲੰਘਣ ਦਾ। ਪਰ ਜਿਹੜੇ ਅਸੀਂ ਗ੍ਰਿਹਸਤੀ ਪੈਦਾ ਕਰਦੇ ਹਾਂ। ਆਦਰਸ਼ਕ ਗ੍ਰਿਹਸਤੀ ਪੈਦਾ ਕਰ ਰਹੇ ਹਾਂ। ਉਹ ਗ੍ਰਿਹਸਤੀ ਜਿਹੜੇ ਗ੍ਰਹਿਸਤ ਵਿਚ ਰਹਿੰਦੇ ਹੋਣ ਤੇ ਹੋਣ ਸਾਧੂ। ਪਕੜ ਨਾ ਕੋਈ ਵੀ ਹੋਵੇ।

***ਸੋ ਗਿਰਹੀ ਜੋ ਨਿਗ੍ਰਹੁ ਕਰੈ ॥***
***ਜਪੁ ਤਪੁ ਸੰਜਮੁ ਭੀਖਿਆ ਕਰੈ ॥*** ***ਅੰਗ - 952***

ਹਰ ਵਕਤ ਜਪ ਦੀ, ਤਪ ਦੀ, ਅਰਦਾਸ ਕਰਦਾ ਰਹਿੰਦਾ ਹੈ ਕਿ ਮੈਂ ਨਾਮ ਜਪਦਾ ਰਹਿੰਦਾ ਹਾਂ ਕਿ ਮੈਂ ਨਾਮ ਜਪਾਂ, ਬੰਦਗੀ ਕਰਾਂ, ਸੱਚੇ ਪਾਤਸ਼ਾਹ! ਮੈਨੂੰ ਜੀਵਨ ਦੇ ਸਿੱਖਾਂ ਵਾਲਾ। ਮੈਂ ਤੇਰਾ ਨਾਮ ਜਪਾਂਗਾ, ਮੈਨੂੰ ਓਹੀ ਮਿਲਾਈਂ ਜਿਹੜਿਆਂ ਦੇ ਮਿਲਿਆ 'ਤੇ ਤੇਰਾ ਨਾਮ ਚਿੱਤ ਆਵੇ। ਉਹ ਜਾਗੇ ਹੋਏ ਗ੍ਰਿਹਸਤੀ ਪੈਦਾ ਕਰਨੇ ਨੇ।

***ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥***

***ਅੰਗ - 952***

ਸੋ ਗ੍ਰਹਿਸਤੀਆਂ ਦੀ ਗੱਲ ਇਹ ਬਾਰ-ਬਾਰ ਨਾ ਸੋਚੋ। ਉਨ੍ਹਾਂ ਦੇ ਮਨ 'ਚ ਕਿੰਨੀ ਗੱਲ ਸੀ। ਜਿਸ ਵਕਤ ਗੁਰੂ ਮਹਾਰਾਜ ਜੀ ਆਏ ਅਚੱਲ ਵਟਾਲੇ, ਉਥੇ ਉਨ੍ਹਾਂ ਨੇ ਬੜੀਆਂ ਸਿੱਧੀਆਂ ਦਿਖਾਈਆਂ। ਕੋਈ ਸ਼ੇਰ ਬਣ ਗਏ, ਕੋਈ ਵੱਡੇ-ਵੱਡੇ ਸੱਪ ਬਣ ਗਏ। ਕੋਈ ਅੱਗ ਸੁੱਟਣ ਲਗ ਗਏ। ਕੋਈ ਉਤੋਂ ਅੱਗ ਦੇ ਗੋਲੇ ਵੱਡੇ-ਵੱਡੇ ਗੋਲੇ ਤੋੜ-ਤੋੜ ਸੁੱਟਣ ਲਗ ਗਏ। ਕੋਈ ਕੁਛ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ। ਕੋਈ ਹਨ੍ਹੇਰੀ ਲਿਆ ਰਿਹਾ ਹੈ, ਕੋਈ ਬਿਲਕੁਲ ਕਾਲੀ ਬੋਲੀ ਰਾਤ ਪਾ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਿਹੜੇ ਸਿੱਖ ਸੀ, ਕਹਿਣ ਲੱਗੇ ਸੱਚੇ ਪਾਤਸ਼ਾਹ! ਆਪਾਂ ਵੀ ਕੁਛ ਦਿਖਾਈਏ। ਮਹਾਰਾਜ ਕਹਿੰਦੇ ਨਾ, ਕੁਛ ਨਹੀਂ ਦਿਖਾਉਣਾ। ਮਹਾਰਾਜ ਨੇ ਨਿਗ੍ਹਾ ਕਰ ਦਿੱਤੀ। ਸਾਰਿਆਂ ਦੀ ਸ਼ਕਤੀ ਉਪਰ ਨੂੰ ਹੱਥ ਕਰਕੇ ਖਿੱਚ ਲਈ, ਦੜੰਮ-ਦੜੰਮ ਥੱਲੇ ਗਿਰਦੇ ਨੇ, ਜਿਹੜੇ ਅਸਮਾਨਾਂ 'ਚ ਉਡਦੇ ਸੀ। ਲੰਮੇ ਗਿਰਦੇ ਨੇ, ਧਰਤੀ ਤੋਂ ਉਠਣ ਦੀ ਤਾਕਤ ਨਹੀਂ ਸ਼ਰਮਿੰਦੇ

ਹੋਏ ਪਏ ਨੇ ਕਿ ਆਹ ਕੀ ਹੋ ਗਿਆ। ਹੁਣ ਤਾਂ ਰਹੀ ਨਹੀਂ ਤਾਕਤ। ਸ਼ੇਰ ਜਿਹੜਾ ਸੀ ਉਹ ਅਸਲੀ ਰੂਪ 'ਚ ਆ ਗਿਆ। ਸੱਪ ਵੀ ਆ ਗਿਆ। ਹੁਣ ਮੁੜ ਕੇ ਨਹੀਂ ਕੁਛ ਕਰ ਸਕਦੇ। ਬਹੁਤ ਸ਼ਰਮਿੰਦੇ ਹੋ ਗਏ। ਬਚਨ ਬਿਲਾਸ ਕੀਤੇ ਉਹਦੇ 'ਚ ਹਾਰ ਗਏ ਤੇ ਸਾਰਿਆਂ ਸਿੱਧਾਂ ਨੇ ਨਮਸ਼ਕਾਰ ਕਰ ਦਿੱਤੀ। ਇਕ ਸਿੱਧ ਭੰਗਰਨਾਥ ਨਾਮ ਦਾ ਉਹਨੂੰ ਕਹਿੰਦੇ ਕਿ ਤੂੰ ਨਮਸ਼ਕਾਰ ਨਹੀਂ ਕਰਦਾ? ਉਹ ਕਹਿੰਦਾ, ਮੈਂ ਨਾਨਕ ਨੂੰ ਨਮਸ਼ਕਾਰ ਕਰਾਂ? ਗ੍ਰਿਹਸਤੀ ਨੂੰ? ਦੇਖੋ ਮੇਰਾ ਕਹਿੰਦਾ ਪ੍ਰਣ ਹੈ ਕਿ ਜੇ ਸੂਰਜ ਛਿਪਦੇ 'ਚੋਂ ਨਿਕਲਣ ਲਗ ਜਾਵੇ, ਚੜ੍ਹਦੇ ਵਲ ਨੂੰ ਆਉਣ ਲਗ ਜਾਵੇ, ਦਰਿਆ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ 'ਤੇ ਚਲੇ ਜਾਣ। ਧਰਤੀ ਮਰਿਆਦਾ ਬਦਲ ਲਵੇ, ਸਮੁੰਦਰ ਮਰਿਆਦਾ ਬਦਲ ਲਵੇ। ਸਭ ਕੁਛ ਹੋ ਜਾਵੇ ਪਰ ਭੰਗਰਦਾਸ ਗੁਰੂ ਨਾਨਕ ਨੂੰ ਨਾ ਕਦੇ ਮੱਥਾ ਟੇਕੇ। ਗ੍ਰਹਿਸਤੀ ਨੂੰ ਨਿਵਾਂ ਮੈਂ, ਬਿਲਕੁਲ ਨਹੀਂ। ਐਨਾ ਕਹਿ ਕੇ ਅਸਮਾਨ ਵਿਚ ਉਡਣ ਲੱਗਿਆ, ਜਿਸ ਵਕਤ ਉਡਣ ਲੱਗਿਆ, ਮਹਾਰਾਜ ਨੇ ਖੜਾਵ ਵਲ ਨਿਗ੍ਹਾ ਕੀਤੀ, ਖੜਾਵ ਨਾਲ ਹੀ ਉਡ ਗਈ। ਜਾ ਕੇ ਐਨੇ ਜ਼ੋਰ ਦੀ ਸਿਰ 'ਚ ਵੱਜੇ, ਜਿਵੇਂ ਕੋਈ ਬਹੁਤ ਵੱਡੀ ਜ਼ੋਰ ਨਾਲ ਡਾਂਗ ਮਾਰਦਾ ਹੈ। ਉਹ ਇੱਕ ਦਮ ਦੂਜੇ ਪਾਸੇ ਨੂੰ ਮੂੰਹ ਕਰ ਲਿਆ। ਗੁਰੂ ਨਾਨਕ ਸਾਹਿਬ ਨੇ, ਜਦੋਂ ਫੇਰ ਉਹ ਦੂਜੇ ਪਾਸੇ ਨੂੰ ਉਡਣ ਲੱਗੇ ਤਾਂ ਫੇਰ ਸਿਰ 'ਚ ਲੱਗੇ। ਉਹ ਖੜਾਂਵ ਕੁੱਟਦੀ-ਕੁੱਟਦੀ ਉਸਨੂੰ ਥੱਲੇ ਲੈ ਆਈ। ਜਦੋਂ ਹੇਠਾਂ ਆ ਗਿਆ, ਹੁਣ ਝੁਕਦਾ ਨਹੀਂ, ਖੜਾਂਵ ਸਿਰ 'ਚ ਦੜਾਕ-ਦੜਾਕ ਪੈਂਦੀ ਹੈ, ਮਲ੍ਹਕ ਦੇ ਕੇ ਝੁਕ ਗਿਆ, ਮੱਥਾ ਟੇਕ ਦਿੱਤਾ। ਐਨਾ ਕੱਟੜਪੁਣਾ ਉਨ੍ਹਾਂ ਲੋਕਾਂ ਦੇ ਅੰਦਰ ਸੀ। ਸਭ ਕੁਛ ਦੇਖਦੇ ਸੀ ਕਿ ਸਾਡੇ ਨਾਲੋਂ ਹਜ਼ਾਰਾਂ ਗੁਣਾਂ ਸ਼ਕਤੀ ਹੈ ਗੁਰੂ ਨਾਨਕ ਵਿਚ ਹੈ। ਟਟਿਆਣਾ ਸੂਰਜ ਦਾ ਮੁਕਾਬਲਾ ਕਰਦਾ ਹੈ। ਲੇਕਿਨ ਗ੍ਰਿਹਸਤ ਦੀ ਐਨੀ ਨਫਰਤ ਸੀ ਤੇ ਗ੍ਰਹਿਸਤੀ ਦੇ ਹੱਥ ਦਾ ਖਾਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਨਾਲ ਗੱਲ ਕਰਨ ਨੂੰ ਵੀ ਨਹੀਂ ਤਿਆਰ ਸੀ। ਮੰਗਦੇ ਉਨ੍ਹਾਂ ਕੋਲੋਂ ਹੀ ਸੀ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਕਿੰਨਾਂ ਪਾਖੰਡ ਹੈ, ਜਿਨ੍ਹਾਂ ਨੂੰ ਨਿੰਦਦੇ ਓ ਉਨ੍ਹਾਂ ਦੇ ਘਰ ਜਾ ਕੇ ਹੀ ਰਾਸ਼ਨ ਮੰਗ ਕੇ ਲਿਆਉਂਦੇ ਓਂ। ਕਹਿੰਦੇ ਇਹ ਗੱਲਾਂ ਗਲਤ ਨੇ ਭਾਈ, ਸੋ ਗ੍ਰਿਹਸਤੀ ਅਸੀਂ ਸੁੱਚਾ-ਸੱਚਾ ਬਣਾ ਦੇਣਾ ਹੈ। ਕਹਿੰਦੇ ਇਕਾਂਤ ਕਿੱਥੋਂ ਦੇਵੋਂਗੇ, ਗ੍ਰਿਹਸਤੀ ਨੂੰ ਇਕਾਂਤ ਬਿਨਾਂ ਭਜਨ ਨਹੀਂ ਹੁੰਦਾ, ਉਹ ਤਾਂ ਬਾਲ-ਬੱਚਿਆਂ 'ਚ ਉਲਝਿਆ ਰਹੇਗਾ। ਮਹਾਰਾਜ ਕਹਿੰਦੇ, ਅਸੀਂ ਜੁਗਤ ਦਸ ਦੇਣੀ ਹੈ।

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ***
***ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅੰਗ - 522***

ਐਸੀ ਜੁਗਤ ਦੇ ਦੇਣੀ ਹੈ ਕਿ ਕਾਰੋਬਾਰ ਕਰਦਾ, ਬਾਲ ਬੱਚਿਆਂ 'ਚ ਰਹਿੰਦਾ, ਪਿਆਰ ਕਰਦਾ, ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ। ਦੇਸ਼ ਦੀ ਜ਼ਰੂਰਤਾਂ ਪੂਰੀਆਂ ਕਰਦਾ, ਧਰਮ ਦੀਆਂ ਲੋੜਾਂ ਪੂਰੀਆਂ ਕਰਦਾ। ਫੇਰ ਉਹਨੂੰ ਅਸੀਂ ਜੁਗਤ ਦੇ ਦੇਵਾਂਗੇ, ਜਿਹਦੀ ਜੁਗਤ ਦੇ ਨਾਲ ਉਹ ਲੰਘ ਜਾਏਗਾ। ਉਹ ਜੁਗਤ ਕੀ ਹੈ -

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

***ਅੰਗ - 938***

ਮੁਰਗਾਬੀ ਰਹਿੰਦੀ ਹੈ ਪਾਣੀ 'ਚ, ਉਹਦੇ ਫੰਗ ਨਹੀਂ ਭਿੱਜਦੇ, ਜਿਥੋਂ ਜੀਅ ਕਰਦੀ ਹੈ ਉਡ ਜਾਂਦੀ ਹੈ ਤੇ ਕਮਲ ਫੁੱਲ ਹੈ ਉਹ ਡੁੱਬਦਾ ਨਹੀਂ ਪਾਣੀ 'ਚ, ਜਿੰਨਾਂ ਪਾਣੀ ਚੜ੍ਹ ਜਾਵੇ, ਓਨੀ ਹੀ ਡੰਡੀ ਓਹਦੀ ਵਧ ਜਾਂਦੀ ਹੈ। ਇਕਾਂਤ ਜਿਹੜੀ ਅਸੀਂ ਉਹਨੂੰ ਦੇਣੀ ਹੈ ਨਾ -

***ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥***

***ਅੰਗ - 938***

ਸ਼ਬਦ ਦੀ ਧੁੰਨ ਹਰ ਵਕਤ ਉਹਦੇ ਅੰਦਰ ਵਾਹਿਗੁਰੂ-ਵਾਹਿਗੁਰੂ ਹੋਈ ਜਾਣਾ ਹੈ, ਕਹਿੰਦੇ ਉਹਦਾ ਮਨ ਇਕਾਂਤ ਹੋਏਗਾ, ਉਹਦੇ ਮਨ ਨੇ ਨੱਠਣਾ ਨਹੀਂ। ਏਧਰ ਓਧਰ ਨਹੀਂ ਜਾਣਾ ਤੇ ਆਸ਼ਾਵਾਂ ਮੇਰੇ ਸਿੱਖ ਨੇ ਨਹੀਂ ਸੋਚਣੀਆਂ, ਭਾਣੇ 'ਚ ਰਹਿਣਾ ਹੈ। ਜੋ ਕੁਛ ਰਜ਼ਾ ਵਿਚ ਹੋ ਗਿਆ ਠੀਕ ਹੈ, ਚਿਤਵਨੀਆਂ ਨਹੀਂ ਕਰਨੀਆਂ।

***ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥***

***ਅੰਗ - 938***

ਐਨੀ ਗੱਲ ਜਿਸ ਵਕਤ ਉਨ੍ਹਾਂ ਨੇ ਸੁਣੀ, ਕਹਿਣ ਲੱਗੇ, ਨਾਨਕ ਜੀ! ਤੁਸੀਂ ਸਾਡੀ ਸਲਾਹ ਮੰਨੋ, ਉਹ ਇਹ ਹੈ ਕਿ ਆਹ ਦੁਨੀਆਂ ਨੂੰ ਛੱਡ ਕੇ ਜਿੰਨਾਂ ਚਿਰ ਗੋਸ਼ਾਨਸ਼ੀਨੀ ਨਹੀਂ ਅਖਤਿਆਰ ਕਰਦੇ, ਓਨੀਂ ਦੇਰ ਔਖ ਹੀ ਔਖ ਹੈ, ਦੁੱਖ ਹੀ ਦੁੱਖ ਹੈ। ਗ੍ਰਿਹਸਤੀ ਨੂੰ ਕਿੰਨੇ ਝੰਜਟ ਪੈਣੇ ਨੇ ਤੇ ਅਸੀਂ ਸਲਾਹ ਦਿੰਦੇ ਹਾਂ ਇਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਕੰਦ ਮੂਲ ਖਾ ਕੇ ਕਰ ਲੈ ਗੁਜ਼ਾਰਾ,***
***ਘਰ ਬਾਰ ਛੱਡ ਆਪਣਾ।***

***ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥***

***ਅੰਗ - 938***

ਆਹ ਜਿਹੜੇ ਝੰਜਟ ਨੇ, ਹੱਟੀਆਂ ਦੇ, ਖੇਤੀਆਂ ਬਾੜੀਆਂ ਵਣਜ ਵਪਾਰ ਦੇ। ਇਨ੍ਹਾਂ ਨੂੰ ਛੱਡ ਕੇ ਆਦਮੀ ਨਿਰਾਲਾ ਰਹਿਣਾ ਚਾਹੀਦਾ ਹੈ। ਬਾਹਰ ਰੋਹੀਆਂ ਦੇ ਵਿਚ ਫਿਰਨਾ ਤੁਰਨਾ ਚਾਹੀਦਾ ਹੈ। ਨਾ ਕਿਸੇ ਦੇ ਦੁੱਖ ਦਾ ਪਤਾ ਲੱਗੇ ਤੇ ਨਾ ਆਪਣੇ ਮਨ ਵਿਚ ਕਲਪਨਾ ਆਵੇ -

***ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥***

***ਅੰਗ - 939***

ਕਹਿੰਦੇ, ਕੰਦ ਮੂਲ ਚੁਣ ਕੇ ਖਾ ਲਓ, ਨਾ ਕਿਸੇ ਨਾਲ ਰੌਲਾ, ਨਾ ਕਿਸੇ ਨਾ ਝਗੜਾ ਨਾ ਕਿਸੇ ਨਾਲ ਝਾਟਾ -

***ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥***

***ਅੰਗ - 939***

ਤੀਰਥਾਂ 'ਤੇ ਨਾਹੁੰਦਾ ਰਹੇ, ਤੀਰਥਾਂ ਦੇ ਕੰਢੇ ਠੰਢੇ ਪਾਣੀ ਕੋਲ ਰਹਿ

ਕੇ ਸੁਖ ਫਲ ਪਾਵੇ ਤੇ ਮੈਲ ਨਹੀਂ ਲਗਦੀ।

***ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥***

***ਅੰਗ - 939***

ਕਹਿੰਦੇ ਆਹ ਤਰੀਕਾ ਹੈ ਜੋਗ ਜੁਗਤ ਦਾ, ਤੁਹਾਡੇ ਵਾਲਾ ਤਰੀਕਾ ਹੈ ਕੋਈ? ਗ੍ਰਹਿਸਤੀ ਨੂੰ ਤਾਂ ਹਜ਼ਾਰਾਂ ਹੀ ਝੰਜਟ ਨੇ, ਹਜ਼ਾਰਾਂ ਹੀ ਸੋਚੀ ਜਾਂਦਾ ਹੈ। ਲੰਘੇਗਾ ਕਿਵੇਂ, ਰਹਿ ਜਾਏਗਾ ਇਹ ਤਾਂ ਵਿਚੇ ਹੀ। ਉਸ ਵੇਲੇ ਮਹਾਰਾਜ ਕਹਿੰਦੇ, ਨਾਥ ਜੀ! ਅਸਲੀ ਚੀਜ਼ ਮਨ ਹੋਇਆ ਕਰਦਾ, ਜੇ ਘਰ ਬਾਰ ਛੱਡ ਕੇ ਵੀ ਮਨ ਓਹੀ ਗੱਲਾਂ ਸੋਚੀ ਜਾਵੇ। ਫੇਰ ਘਰ-ਬਾਰ ਛੱਡਣ ਦਾ ਫਾਇਦਾ ਕੀ। ਇਹ ਤਾਂ ਹਾਟੀ-ਬਾਟੀ ਜਿਹੜੀ ਹੈ, ਦੁਨੀਆਂ ਹੈ ਇਹਦੇ 'ਚ ਬੰਦਾ ਦੁੱਖ ਸਹਾਰਦਾ ਹੈ, ਦੁੱਖ ਸਹਾਰਨ ਵਾਲੇ ਬੰਦੇ ਨੂੰ ਨੀਂਦ ਨਹੀਂ ਆਇਆ ਕਰਦੀ ਅਗਿਆਨ 'ਚ। ਦੂਸਰਾ ਇਹ ਹੈ ਕਿ ਬੇਗਾਨੇ ਘਰਾਂ 'ਚ ਚਿੱਤ ਨਹੀਂ ਡੋਲਾਂਦਾ। ਅੰਦਰ ਤਾਂ ਚੋਰ ਬੈਠਾ ਹੈ ਕਾਮ ਦਾ। ਕਿਵੇਂ ਰੋਕ ਲਏਗਾ ਓਸਨੂੰ? ਬਾਹਰੋਂ ਸਾਧੂ ਬਣਿਆ ਹੋਇਆ ਹੈ, ਉਹਦੇ ਖਿਆਲ ਗੰਦੇ ਫਿਰੀ ਜਾਣੇ ਨੇ, ਲਕੋ ਕੇ ਰਖਦਾ ਹੈ, ਮਹਾਰਾਜ ਕਹਿੰਦੇ -

***ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੁੋਲਾਈ ॥***

***ਅੰਗ - 939***

ਗ੍ਰਹਿਸਤੀ ਬੰਦਾ ਆਪਣੇ ਹੱਕ ਦੇ ਉਤੇ ਰਹਿੰਦਾ, ਬੇਗਾਨਿਆਂ ਵਲ ਚਿੱਤ ਨਹੀਂ ਡੋਲਾਂਦਾ।-

***ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥***

***ਅੰਗ - 939***

ਨਾਮ ਤੋਂ ਬਗੈਰ ਕਿਵੇਂ ਮਨ ਟਿਕ ਜਾਏਗਾ। ਮਨ ਟਿਕਣਾ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬਿਨਾਂ ਨਾਮ ਤੋਂ ਮਨ ਵਸ ਨਹੀਂਓਂ ਆਉਣਾ।***

ਲੇਕਿਨ ਜਿਹੜਾ ਬੰਦਗੀ ਕਰਨ ਵਾਲਾ ਹੈ, ਜਦੋਂ ਨਾਮ ਪ੍ਰਗਟ ਹੋ ਗਿਆ ਅੰਦਰ, ਉਸ ਵੇਲੇ ਮਨ ਟਿਕ ਜਾਇਆ ਕਰਦਾ ਹੈ। ਮਨ ਅ-ਮਨ, ਹੋ ਜਾਇਆ ਕਰਦਾ ਹੈ। ਮਨੋ-ਨਾਸ਼, ਵਾਸ਼ਨਾ ਖ੍ਹੈ, ਤਤ੍ਵ ਗਿਆਨ ਹੋ ਜਾਇਆ ਕਰਦਾ ਹੈ। ਸੋ ਸਾਨੂੰ ਗੁਰੂ ਨੇ ਅੰਦਰ ਦਿਖਾ ਦਿੱਤਾ। ਹੱਟਾਂ ਦਿਖਾ ਦਿਤੀਆਂ, ਬਜ਼ਾਰ ਦਿਖਾ ਦਿੱਤੇ, ਸਭ ਕੁਛ ਦਿਖਾ ਦਿੱਤਾ। ਅੰਦਰ ਘਰ ਦਿਖਾ ਦਿੱਤਾ।

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ - 1291***

ਕਹਿੰਦੇ, ਗੁਰੂ ਨੇ ਦਿਖਾ ਦਿੱਤਾ ਇਹ, ਹੁਣ ਅਸੀਂ ਵਪਾਰ ਕਾਹਦਾ

ਕਰਦੇ ਹਾਂ। ਸਹਿਜ ਨਾਲ ਕਰਦੇ ਹਾਂ।

*ਧਾਰਨਾ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਵਾਹਿਗੁਰੂ.।*

ਮਹਾਰਾਜ ਕਹਿਣ ਲੱਗੇ, ਨਾਥ ਜੀ! ਅਸੀਂ ਸਹਿਜ ਦੇ ਨਾਲ ਨਾਮ ਦਾ ਵਪਾਰ ਕਰਦੇ ਹਾਂ। ਸਾਨੂੰ ਲੋੜ ਨਹੀਂ ਹੈ ਤੁਹਾਡੇ ਵਾਂਗਣ ਪੁੱਠੇ ਲੀਰਾਂ ਅੰਦਰ ਲੰਘਾਉਣੀਆਂ ਪੰਦਰਾਂ-ਪੰਦਰਾਂ ਹੱਥ ਲੰਬੀਆਂ, ਫੇਰ ਅੰਦਰੋਂ ਕੱਢਣੀਆਂ, ਮਿਹਦਾ ਸਾਫ ਕਰਨਾ, ਨੱਕ ਵਿਚ ਰੱਸੀ ਪਾ ਕੇ ਉਹਨੂੰ ਮਧਾਣੀ ਵਾਂਗਣ ਰਿੜਕਣਾ, ਧੌਂਕਣੀ ਵਾਂਗਣ ਪੇਟ ਨੂੰ ਕਰਨਾ। ਨਾ, ਸਾਨੂੰ ਨਹੀਂ ਲੋੜ, ਅਸੀਂ ਤਾਂ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਇਹ ਵੱਡਾ ਵਪਾਰ ਹੈ -

*ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥*
*ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥*

*ਅੰਗ - 939*

ਕਿਉਂਕਿ -

*ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥*

*ਅੰਗ - 939*

ਜਿਹੜਾ ਹਰ ਵਕਤ ਸ਼ਬਦ ਅੰਦਰ ਚੱਲ ਜਾਣਾ ਹੈ, ਇਹ ਕਹਿੰਦੇ ਮੁੰਦਰਾ ਪੈ ਗਈਆਂ ਸਾਡੇ। ਹਉਮੈ ਵੀ, ਹੰਗਤਾ ਤੇ ਮਮਤਾ ਦੂਰ ਕਰ ਦਿੱਤੀਆਂ, ਸਭ ਕੁਛ ਪ੍ਰਮੇਸ਼ਰ ਦਾ ਜਾਣ ਕੇ।

*ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ*
*ਗੁਰ ਕੈ ਸਬਦਿ ਸੁ ਸਮਝ ਪਰੀ ॥* *ਅੰਗ - 939*

ਪੰਜੇ ਚੋਰਾਂ ਨੂੰ ਨਾਮ ਨੇ ਨਠਾ ਦਿੱਤਾ। ਗੁਰੂ ਦੇ ਸ਼ਬਦ ਦੀ ਜਦੋਂ ਸਮਝ ਪੈ ਗਈ ਕਿ ਘਟ-ਘਟ 'ਚ ਵਿਆਪਕ ਵਾਹਿਗੁਰੂ ਹੈ, ਇਹ ਪੰਜੋ ਚੋਰ ਨੱਠ ਗਏ -

*ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥*

*ਅੰਗ - 939*

ਝੋਲੀ ਪੈ ਗਈ ਸਾਡੇ, ਜਿਧਰ ਦੇਖਦੇ ਹਾਂ ਵਾਹਿਗੁਰੂ ਹੈ, ਇਹ ਕਹਿੰਦੇ ਝੋਲੀ ਪਾ ਲਈ ਅਸੀਂ।

*ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥*

*ਅੰਗ - 939*

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਉਨ੍ਹਾਂ ਦੇ ਨਾਲ ਬਚਨ ਕੀਤੇ, ਉਸ ਵੇਲੇ ਸਿੱਧਾਂ ਨੇ ਫੇਰ ਸੋਚਿਆ ਕਿ ਗੱਲਾਂ 'ਚ ਤਾਂ ਇਹ ਆਉਣ ਨਹੀਂ ਦਿੰਦਾ। ਇਹਨੂੰ ਕੋਈ ਚਮਤਕਾਰ ਦਿਖਾਈਏ, ਹੋ ਸਕਦਾ ਹੈ ਫੇਰ ਇਹ ਮੰਨ ਜਾਵੇ, ਓਸ ਵੇਲੇ ਗੋਰਖ ਕਹਿਣ ਲੱਗਿਆ, ਨਾਨਕ ਜੀ! ਔਹ ਦੇਖੋ ਸਾਮ੍ਹਣੇ ਪਾਣੀ ਨਜ਼ਰ ਆਉਂਦਾ ਹੈ ਨਾ। ਦੇਖੋ ਧਿਆਨ ਨਾਲ, ਕਹਿੰਦੇ ਹਾਂ ਨਾਥ ਜੀ! ਪਾਣੀ ਹੈ। ਜਾਓ ਕਹਿੰਦੇ ਇੱਕ ਕੁਮੰਡਲ ਪਾਣੀ ਦਾ ਭਰ

ਲਿਆਓ। ਚਿੱਪੀ ਦੇ ਦਿੱਤੀ ਤੇ ਗੁਰੁ ਨਾਨਕ ਪਾਤਸ਼ਾਹ ਪਾਣੀ ਭਰਨ ਵਾਸਤੇ ਚਿੱਪੀ ਲੈ ਕੇ ਜਾਂਦੇ ਨੇ, ਅੱਗੇ ਜਾ ਕੇ ਕੀ ਦੇਖਦੇ ਨੇ ਕਿ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੀਰੇ ਲਾਲ ਜਵਾਹਰਾਤ ਅਨੇਕਾ ਹੀ ਰੰਗਾਂ ਦੇ ਜਿਧਰ ਦੇਖਦੇ ਨੇ ਅੱਖਾਂ ਨਹੀਂ ਟਿਕਦੀਆਂ, ਮਾਇਆ ਹੀ ਮਾਇਆ ਪਸਾਰ ਦਿੱਤੀ। ਪਹਾੜ ਸੋਨੇ ਦੇ ਬਣਾ ਦਿੱਤੇ ਤੇ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਇਹ ਤਾਂ ਛਲ ਕਰਿਆ ਹੈ। ਮਹਾਰਾਜ ਨੇ ਦ੍ਰਿਸ਼ਟੀ ਕਰੀ ਓਹਦੀ ਸਾਰੀ ਮਾਇਆ ਗੁੰਮ ਕਰ ਦਿੱਤੀ। ਇੱਕ ਨਾ ਰਹਿਣ ਦਿੱਤੀ, ਉਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।***
***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।***
***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।***
***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।***

***ਭਾਈ ਗੁਰਦਾਸ ਜੀ, ਵਾਰ 1/31***

ਸਾਰਾ ਕੁਛ ਗੁੰਮ ਕਰ ਦਿੱਤਾ। ਪਾਣੀ ਵੀ ਨਾ ਰਹਿਣ ਦਿੱਤਾ -

***ਫਿਰਿ ਆਇਆ ਗੁਰ :***
***ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।***

***ਭਾਈ ਗੁਰਦਾਸ ਜੀ, ਵਾਰ 1/31***

ਕਹਿੰਦੇ, ਦੇਖੋ ਉਥੇ ਤਾਂ ਪਾਣੀ ਹੀ ਨਹੀਂ ਹੈ। ਹੈਰਾਨ ਹੋ ਗਿਆ ਗੋਰਖ ਕਿ ਕਿਧਰ ਗਏ ਹੀਰੇ, ਲਾਲ, ਜਵਾਹਰਾਤ ਜਿੰਨੇ ਸੀਗੇ ਪਏ ਇਥੇ, ਸੋਨੇ ਦੇ ਪਹਾੜ ਬਣਾਏ ਸੀ। ਇਹ ਤਾਂ ਕੁਛ ਵੀ ਨਹੀਂ ਰਿਹਾ, ਪਾਣੀ ਵੀ ਗਿਆ ਹੱਥੋਂ। ਬਥੇਰੀ ਕੋਸ਼ਿਸ਼ ਕਰਦਾ ਹੈ ਕਿ ਪਾਣੀ ਆ ਜਾਏ, ਪਰ ਆਇਆ ਨਾ ਹੱਥ। ਮਹਾਰਾਜ ਕਹਿੰਦੇ, ਇਹ ਕੀ ਤੁਸੀ ਕੌਤਕ ਕਰਦੇ ਓਂ। ਕਹਿੰਦੇ, ਦੇਖ ਨਾਨਕ! ਇੱਕ ਫੁਰਨਾ ਕਰਿਆ ਹੈ ਸਿਰਫ ਆਹ ਸਾਰਾ ਪਾਣੀ, ਸਾਰਾ ਪਹਾੜ ਹੀਰੇ ਲਾਲ, ਜਵਾਹਰਾਤ ਦਾ ਬਣਾ ਦਿਤਾ। ਤੂੰ ਸਾਡਾ ਜੋਗ ਧਾਰਨ ਕਰ ਲੈ, ਦੇਖ ਕਿੰਨੀ ਸ਼ਕਤੀ ਹੈ। ਮਹਾਰਾਜ ਕਹਿੰਦੇ, ਨਾਥ ਜੀ! ਇਹ ਤਾਂ ਸਾਰੀ ਮਾਇਆ ਦੀ ਚੀਜ਼ ਹੈ। ਮਾਇਆ ਤੋਂ ਆਪਾਂ ਉਚਾ ਉਠ ਕੇ ਪਾਰਬ੍ਰਹਮ ਪ੍ਰਮੇਸ਼ਰ 'ਚ ਜਾਣਾ ਹੈ, ਤੁਸੀਂ ਪ੍ਰਮੇਸ਼ਰ ਨੂੰ ਨਹੀਂ ਮੰਨਦੇ। ਸੁੰਨ ਨੂੰ ਮੰਨਦੇ ਓਂ, ਸਾਡਾ ਪ੍ਰਮੇਸ਼ਰ ਸੁੰਨ ਨਹੀਂ ਹੈ, ਉਹ ਜੀਵਨ ਹੈ, ਅਫੁਰ ਅਵਸਥਾ 'ਚ ਹੈ, ਲੇਕਿਨ ਉਹ ਹੋਂਦ ਹੈ, ਅਣਹੋਂਦ ਨਹੀਂ। ਤੁਹਾਡਾ ਰੱਬ ਜਿਹੜਾ ਹੈ ਉਹ ਅਣਹੋਂਦ ਹੈ। ਕੁਛ ਨਹੀਂ ਕਰਦਾ। ਸੋ ਇਸ ਤਰ੍ਹਾਂ ਬੇਅੰਤ ਬਚਨ ਹੋਏ, ਤਾਂ ਸਿੱਧਾਂ ਨੇ ਅਖੀਰ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ, ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,***
***ਸ਼ਬਦਾਂ ਦੇ ਬਾਣ ਮਾਰ ਕੇ।***

***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।***

*ਕਲਿਜੁਗਿ ਨਾਨਕ ਨਾਮੁ ਸੁਖਾਲਾ।*

***ਭਾਈ ਗੁਰਦਾਸ ਜੀ, ਵਾਰ 1/31***

ਦੱਸ ਦਿੱਤਾ ਕਿ ਨਾਮ ਜਪਣਾ ਸੁਖਾਲਾ ਤੇ ਕਲਿਆਣਕਾਰੀ ਹੈ। ਇਹ ਤਾਂ ਕਿਲ੍ਹਾ ਬੜਾ ਵੱਡਾ ਫਤਹਿ ਕਰ ਲਿਆ ਗੁਰੂ ਨਾਨਕ ਪਾਤਸ਼ਾਹ ਨੇ। ਤੇ ਦੂਜੇ ਪਾਸੇ ਪੱਛਮ ਦਾ ਕਿਲ੍ਹਾ ਉਹ ਬਹੁਤ ਸਖਤ ਸੀਗਾ। ਇਸ ਤੋਂ ਵੀ ਕਿਤੇ ਜ਼ਿਆਦਾ ਸਖਤ, ਉਹ ਸੀ ਇਸਲਾਮ ਦਾ, ਇਸਲਾਮ ਵਾਲਿਆਂ ਨੂੰ ਇਹ ਭਰਮ ਪੈ ਗਿਆ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ, ਪੱਕਾ ਹੋ ਗਿਆ ਸੀ। ਦੋ ਕਿਸਮ ਦੇ ਸੀ ਇੱਕ ਸੂਫੀ ਸੀ, ਉਨ੍ਹਾਂ ਦੇ ਖਿਆਲ ਤਾਂ ਹੋਰ ਸੀਗੇ। ਲੇਕਿਨ ਉਹ ਨਾਲ ਟਕਰਾਅ ਹੋ ਜਾਣ ਕਰਕੇ ਸੂਫੀਆਂ ਦੀਆਂ ਖੱਲ੍ਹਾਂ ਲਾਹ ਦਿੱਤੀਆਂ। ਸੂਲੀਆਂ 'ਤੇ ਚਾੜ੍ਹ ਦਿੱਤਾ। ਬਰਦਾਸ਼ਤ ਨਹੀ ਸੀ ਕਰਦੇ ਕਿ ਜੋ ਗੱਲ ਅਸੀਂ ਜਾਣੀ ਹੈ ਇਸ ਤੋਂ ਵੱਧ ਗਿਆਨ ਹੈ ਹੀ ਨਹੀਂ। ਜਿਹੜਾ ਕਰੇਗਾ ਉਹਨੂੰ ਅਸੀਂ ਮਾਰ ਦੇਣਾ ਹੈ। ਧਰਮ ਦੇ ਵਿਚ ਜਦੋਂ ਜਾਨ ਖਤਮ ਹੋਣੀ ਹੋਵੇ ਉਹ ਫੇਰ ਕੱਟੜ ਰੂਪ ਧਾਰਨ ਕਰਿਆ ਕਰਦਾ ਹੈ। ਉਹਦੇ 'ਚ ਲਚਕ ਨਹੀਂ ਰਿਹਾ ਕਰਦੀ। ਜਿਹੜੇ ਧਰਮ ਦੇ ਵਿਚ ਗਿਆਨ ਦੇ ਬੇਅੰਤ ਭੰਡਾਰੇ ਨੇ, ਉਹਦੀ ਹੋਰ approach (ਸਰਬ ਸਾਂਝੀ) ਹੋਇਆ ਕਰਦੀ ਹੈ। ਸੋ ਉਥੇ ਗੁਰੂ ਨਾਨਕ ਪਾਤਸ਼ਾਹ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੱਕਾ ਸੁਣੀਦਾ ਹੈ, ਕਿਤੇ ਜੇ ਲੋਟ ਲਗ ਜਾਵੇ ਤਾਂ ਉਹਦੀ ਵੀ ਆਪਾਂ ਜ਼ਿਆਰਤ ਕਰ ਲਈਏ, ਮਹਾਰਾਜ ਕਹਿੰਦੇ, ਮਰਦਾਨਿਆਂ! ਤੈਨੂੰ ਪਤਾ ਹੈ ਜੇ ਹਿੰਦੂ ਮੱਕੇ ਚਲਿਆ ਜਾਵੇ, ਉਹਨੂੰ ਜਾਨ ਤੋਂ ਮਾਰ ਦਿੰਦੇ ਨੇ, ਜਿਹੜਾ ਹਿੰਦੂ ਵੀ ਜਾਂਦਾ ਹੈ ਉਹ ਵੀ ਬਾਹਰ ਇੱਕ ਲਾਇਨ ਹੈ ਉਸ ਤੋਂ ਅੰਦਰ ਨਹੀਂ ਜਾ ਸਕਦਾ। ਉਥੇ ਆਪਾਂ ਕਿਵੇਂ ਪਹੁੰਚ ਜਾਵਾਂਗੇ। ਫੇਰ ਆਹ ਸਾਰਾ ਹੀ ਇਸਲਾਮ ਦਾ ਦੇਸ਼ ਹੈ ਤੇ ਲੰਘਣ ਨਹੀਂ ਦੇਣਾ ਸਾਨੂੰ ਕਿਸੇ ਨੇ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਤੁਹਾਡੇ ਤੋਂ ਕੋਈ ਵੱਡਾ ਨਹੀਂ ਹੈ, ਤੁਸੀਂ ਸਭ ਕੁਛ ਕਰ ਸਕਦੇ ਓਂ, ਹਾਜ਼ੀਆਂ ਦੇ ਨਾਲ ਰਲ ਕੇ ਤੁਰ ਪਏ ਤੇ ਗੁਰੂ ਨਾਨਕ ਤੁਰੇ ਜਾਂਦੇ ਨੇ। ਇੱਕ ਬਦਲੀ ਆਈ ਹੋਈ ਹੈ, ਧੁੱਪ ਬਹੁਤ ਹੀ ਕੜਕਦੀ ਹੈ ਉਹ ਗੁਰੂ ਨਾਨਕ ਪਾਤਸ਼ਾਹ ਦੇ ਛਾਂ ਕਰੀ ਜਾਂਦੀ ਹੈ। ਨਾਲ ਜਿਹੜੀਆਂ ਜਾਂਦੀ ਹੈ ਹਾਜ਼ੀਆਂ ਦੀ ਜਮਾਤ ਉਨ੍ਹਾਂ 'ਤੇ ਵੀ ਛਾਂ ਕਰਦੀ ਹੈ। ਉਹ ਜਿਹੜੇ ਪੀਰ ਸੀ ਉਹ ਕਹਿਣ ਲੱਗੇ ਕਿ ਹਿੰਦੂ ਆਪਣੇ ਨਾਲ ਜਾ ਰਿਹਾ ਹੈ, ਇਹਨੇ ਜਹਾਜ਼ ਚੜ੍ਹ ਜਾਣਾ ਹੈ ਆਪਣੇ ਨਾਲ ਹੀ। ਜਦੋਂ ਪਤਾ ਲਗ ਗਿਆ ਤਾਂ ਨਾਲ ਆਪਾਂ ਨੂੰ ਤੇ ਨਾਲ ਇਹਨੂੰ ਪਤਾ ਹੈ ਕੀ ਸਜ਼ਾ ਮਿਲੇਗੀ। ਹੋ ਸਕਦਾ ਹੈ ਮਾਰ ਦੇਣ, ਚੰਗਾ ਇਹ ਹੈ ਕਿ ਇਹਨੂੰ ਕਹਿ ਦੇਈਏ ਕਿ ਸਾਡੇ ਨਾਲ ਨਾ ਜਾਹ। ਕਹਿਣ ਲੱਗੇ, ਨਾਨਕ ਦਰਵੇਸ਼! ਦੇਖ ਅਸੀਂ ਜਾਦੇ ਹਾਂ ਹੱਜ ਨੂੰ, ਉਥੇ ਹਿੰਦੂ ਨੂੰ ਨਹੀਂ ਜਾਣ ਦਿੰਦੇ। ਜੇ ਤੂੰ ਗਿਆ ਸਾਨੂੰ ਔਖ ਹੋ ਜਾਏਗੀ, ਕਸ਼ਟ ਦੇ ਵਿਚ ਪੈ ਜਾਵਾਂਗੇ, ਤੂੰ ਸਾਡੇ ਨਾਲ ਨਾ ਤੁਰ, ਇਕੱਲੇ ਨੇ ਜਾਣਾ ਹੈ ਜਾਹ, ਮਹਾਰਾਜ ਕਹਿੰਦੇ, ਅਸੀਂ ਤੁਹਾਡਾ ਕੀ ਵਿਗਾੜਦੇ ਹਾਂ, ਧਰਤੀ ਰੱਬ ਦੀ ਹੈ ਉਹਦੇ ਉਤੇ ਤੁਰੇ ਜਾਂਦੇ ਹਾਂ। ਕਹਿੰਦੇ ਸਾਡੇ ਨਾਲ ਨਾ ਤੁਰ। ਮਹਾਰਾਜ ਕਹਿੰਦੇ, ਮਰਦਾਨਿਆਂ! ਫੇਰ ਬਹਿ ਜਾ। ਜਾਣ ਦਿੰਦੇ ਨੇ ਕਿਤੇ ਆਪਾਂ ਨੂੰ?

ਆਹ ਸਿੰਧ ਦੀ ਗੱਲ ਹੈ, ਸੱਖਰ ਦੇ ਕੋਲ ਬੈਠ ਗਏ, ਉਹ ਬਦਲੀ ਮਹਾਰਾਜ 'ਤੇ ਠਹਿਰ ਗਈ, ਉਹ ਧੁੱਪ ਦੇ ਵਿਚ ਤੁਰੇ ਜਾਂਦੇ ਨੇ। ਕਹਿੰਦੇ, ਹੈਫ ਹੈ ਅੱਲਾਹ ਦਾ, ਦੇਖੋ, ਕਾਫਰ ਦੇ ਉਤੇ ਅੱਲਾਹ ਤਾਲਾਹ ਦਿਆਲ ਹੋਇਆ-ਹੋਇਆ ਹੈ। ਉਹਦੇ ਉਤੇ ਛਾਂ ਕਰ ਦਿੱਤੀ ਸਾਡੇ ਉਤੇ ਧੁੱਪ ਕਰ ਦਿੱਤੀ ਤੇ ਇਧਰੋਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਨਾ ਕਰਿਆ ਮੱਕੇ 'ਚ ਚਲੇ ਗਏ। ਜਾ ਕੇ ਹਾਜ਼ੀ ਲੋਕ ਜਿਹੜੇ ਪਹਿਲਾਂ ਪਹੁੰਚੇ ਹੋਏ ਨੇ, ਉਹ ਸਾਰੇ ਲੰਮੇ ਪਏ ਨੇ, ਮੱਕੇ ਵਲ ਨੂੰ ਸਭ ਨੇ ਸਿਰ ਕਰਿਆ ਹੋਇਆ ਹੈ। ਜਿਵੇਂ ਆਪਾਂ ਦਰਬਾਰ ਸਾਹਿਬ ਜਾਈਏ ਤੇ ਪ੍ਰਕਰਮਾ 'ਚ ਸੌਂ ਜਾਈਏ ਤੇ ਅਸੀਂ ਸਿਰ ਹਰਿਮੰਦਰ ਸਾਹਿਬ ਵਲ ਨੂੰ ਕਰਕੇ ਪੈਂਦੇ ਹਾਂ, ਕਿਉਂਕਿ ਸਤਿਕਾਰ ਦਾ ਤਰੀਕਾ ਹੈ ਇਹ, ਗੁਰੂ ਨਾਨਕ ਪਾਤਸ਼ਾਹ ਨੇ ਭਰਮ ਕੱਢਣਾ ਸੀ ਤੇ ਉਹ ਪ੍ਰਕਰਮਾ ਦੇ ਵਿਚ ਪੈਰ ਓਧਰ ਕਰਕੇ ਪੈ ਗਿਆ ਤੇ ਸਵੇਰ ਵੇਲੇ ਜਦੋਂ ਆਇਆ ਇੰਤਜ਼ਾਮ ਕਰਨ ਵਾਲਾ ਜੀਵਨ, ਉਸ ਨੇ ਆ ਕੇ ਦੇਖਿਆ ਕਿ ਬਾਕੀ ਤਾਂ ਸਾਰੇ ਪਏ ਨੇ ਠੀਕ, ਆਹ ਬੰਦਾ ਕੌਣ ਆ ਗਿਆ ਜਿਹੜਾ ਪੈਰ ਕਰੀਂ ਪਿਆ ਹੈ। ਐਡਾ ਕ੍ਰੋਧ ਚੜ੍ਹਿਆ ਗੁਰੂ ਨਾਨਕ ਪਾਤਸ਼ਾਹ ਦੀ ਵੱਖੀ 'ਚ, ਪੂਰੇ ਜ਼ੋਰ ਨਾਲ ਲੱਤ ਮਾਰੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।***
***ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।***
***ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।***
***ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।***
***ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?***
***ਲਤਾਂ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ।***

***ਭਾਈ ਗੁਰਦਾਸ ਜੀ, ਵਾਰ 1/32***

ਮਹਾਰਾਜ ਕਹਿਣ ਕਿਉਂ ਮਾਰਦਾ ਹੈਂ? ਕਹਿੰਦਾ, ਤੂੰ ਖੁਦਾ ਦੇ ਘਰ ਵਲ ਪੈਰ ਕਰੀਂ ਪਿਆ ਹੈਂ। ਮਹਾਰਾਜ ਕਹਿੰਦੇ, ਹਨ੍ਹੇਰੇ ਹੋਏ ਆਏ ਸੀ। ਥੱਕੇ ਹੋਏ ਸੀ, ਸਾਨੂੰ ਨਹੀਂ ਪਤਾ ਕਿ ਅਸੀਂ ਖੁਦਾ ਦੇ ਘਰ ਵਲ ਸਿਰ ਕਰਕੇ ਪਏ ਹਾਂ ਜਾਂ ਪੈਰ ਕਰਕੇ ਪਏ ਹਾਂ। ਹੋ ਸਕਦਾ ਹੈ ਸੁੱਤੇ ਪਏ ਹੀ ਬਦਲ ਗਏ ਹੋਈਏ ਪਾਸੇ ਲੈਂਦੇ-ਲੈਂਦੇ। ਹੁਣ ਤੂੰ ਮਿਹਰਬਾਨੀ ਕਰ, ਲੱਤ ਤੂੰ ਮਾਰੀ ਜ਼ੋਰ ਦੀ, ਉਠ ਨਹੀਂ ਹੁੰਦਾ ਸਾਡੇ ਤੋਂ ਤੇ ਤੂੰ ਸਾਡੇ ਪੈਰ ਓਧਰ ਕਰ ਦੇ, ਜਿਧਰ ਖੁਦਾ ਦਾ ਘਰ ਨਹੀਂ ਹੈ। ਭਾਈ ਸਾਹਿਬ ਕਹਿੰਦੇ ਨੇ ਕਿ-

***ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।***
***ਹੋਇ ਹੈਰਾਨੁ ਕਰੇਨਿ ਜੁਹਾਰੀ॥***

***ਭਾਈ ਗੁਰਦਾਸ ਜੀ, ਵਾਰ 1/32***

ਉਥੇ ਹੀ ਨਹੀਂ ਕਿ ਮਾੜਾ ਜਿਹਾ ਘੁੰਮਾ ਦੇ, ਘੜੀਸ ਲਿਆ ਗੁੱਸੇ 'ਚ ਆਏ ਨੇ। ਕਹਿੰਦਾ ਕਰਦਾ ਹਾਂ ਤੇਰੇ ਪੈਰ। ਜਦੋਂ ਘੁੰਮਾ ਕੇ ਜ਼ੋਰ ਨਾਲ ਪੈਰ ਮਾਰੇ ਨਾ ਧਰਤੀ 'ਤੇ ਤਾਂ ਮਹਾਰਾਜ ਕਹਿੰਦੇ ਦੇਖ ਲੈ ਕਿਤੇ ਖੁਦਾ ਦਾ ਘਰ ਨਾ ਏਧਰ ਹੋਵੇ, ਕੀ ਦੇਖਦਾ ਹੈ ਸਾਮ੍ਹਣੇ ਮੱਕਾ। ਡਰ ਗਿਆ ਕਿ ਹੈਂ ਆਹ ਕੀ ਭਾਣਾ ਵਰਤਿਆ। ਮਹਾਰਾਜ ਕਹਿੰਦੇ, ਦੂਜੇ ਪਾਸੇ ਕਰ ਦੇ।

ਜਦੋਂ ਉਸ ਨੇ ਦੂਜੇ ਪਾਸੇ ਕਰੇ ਓਧਰ ਵੀ ਮੱਕਾ, ਜਿਧਰ ਕਰੇ ਮੱਕਾ। ਚਰਨਾਂ ਨੂੰ ਹੱਥ ਲਾਉਣ ਦੀ ਦੇਰ ਸੀ, ਗੁਰੂ ਨਾਨਕ ਦੇ ਚਰਨ ਕੋਈ ਮਾਮੂਲੀ ਚਰਨ ਤਾਂ ਨਹੀਂ ਨਾ, ਸਾਧਸੰਗਤ ਜੀ! ਚਰਨਾਂ ਨੂੰ ਹੱਥ ਲਾਉਣ ਨਾਲ ਹੀ, ਛੋਹਣ ਨਾਲ ਬਿਰਤੀ ਖੁਲ੍ਹ ਜਾਂਦੀ ਸੀ।

ਗੁਰੂ ਨਾਨਕ ਪਾਤਸ਼ਾਹ ਤਲਵੰਡੀ ਦੇ ਵਿਚ ਆਰਾਮ ਕਰ ਰਹੇ ਨੇ, ਮਾਤਾ ਜੀ ਨੇ ਪ੍ਰਸ਼ਾਦਾ ਤਿਆਰ ਕਰ ਦਿੱਤਾ। ਤੁਲਸਾਂ ਦਾਸੀ ਨੂੰ ਕਹਿਣ ਲੱਗੇ, ਤੁਲਸਾਂ! ਔਹ ਨਾਨਕ ਜੀ! ਸੁੱਤੇ ਪਏ ਨੇ, ਜਾਹ, ਜਾ ਕੇ ਜਗਾ ਲਿਆ ਤੇ ਪ੍ਰਸ਼ਾਦਾ ਛਕ ਲੈਣ। ਮਾਤਾ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਕਦੇ ਵੀ ਨਹੀਂ ਸੌਂਦਾ, ਉਹ ਤਾਂ ਸਦਾ ਜਾਗਦਾ ਹੈ, ਸਾਨੂੰ ਜਗਾਉਣ ਆਇਆ ਹੈ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨਾਲ ਬਚਨ ਹੋਏ ਕਿ ਮੈਂ ਕਿਹਾ ਕਿ ਮਹਾਰਾਜ ਜੀ! ਬਹੁਤ ਥੋੜ੍ਹੀ ਨੀਂਦ ਲੈਂਦੇ ਓਂ ਤੁਸੀਂ, ਰਾਤ ਨੂੰ ਸਾਢੇ ਗਿਆਰ੍ਹਾਂ ਦੀਵਾਨ ਤੋਂ ਆਉਂਦੇ ਓਂ ਤੇ ਤੁਸੀਂ ਇੱਕ ਵਜੇ ਫੇਰ ਉਠ ਖੜ੍ਹਦੇ ਓਂ। ਡੇਢ ਘੰਟਾ ਹੀ ਨੀਂਦ ਲੈਂਦੇ ਓਂ। ਮਹਾਰਾਜ ਹੱਸ ਪਏ, ਮੈਂ ਕਿਹਾ ਮਹਾਰਾਜ! ਕੀ ਗੱਲ? ਮਹਾਰਾਜ ਕਹਿੰਦੇ, ਡੇਢ ਘੰਟਾ ਅਸੀਂ ਕਿਤੇ ਸੌਂਦੇ ਹਾਂ? ਮੈਂ ਕਿਹਾ, ਫੇਰ ਕੀ ਕਰਦੇ ਓਂ? ਮੰਜੇ 'ਤੇ ਪਏ ਰਹਿੰਦੇ ਓਂ? ਕਹਿੰਦੇ, ਨਾ ਸਰੀਰ ਮੰਜੇ 'ਤੇ ਹੁੰਦਾ ਹੈ, ਅਸੀਂ ਤਾਂ ਜੇ ਸਰੀਰ ਨੂੰ ਨਾਲ ਲੈ ਕੇ ਜਾਈਏ, ਪਾਸਪੋਰਟ ਦੀ ਲੋੜ ਹੈ, ਜਹਾਜ਼ 'ਤੇ ਚੜ੍ਹਨ ਦੀ ਲੋੜ ਹੈ। ਕਹਿੰਦੇ, ਬੇਅੰਤ ਨੇ ਪ੍ਰੇਮੀ ਜੋ ਕੋਈ ਅਰਦਾਸ ਕਰਦਾ ਹੈ ਕਿ ਸਾਡਾ ਆਹ ਕਰ ਦਿਓ, ਆਹ ਕਰ ਦਿਓ, ਕਹਿੰਦੇ ਅਸੀਂ ਰਾਤ ਨੂੰ ਫੇਰ ਸੂਖਸ਼ਮ ਸਰੀਰ ਦੇ ਨਾਲ ਜਾ ਕੇ ਕਿਸੇ ਨੂੰ ਦਰਸ਼ਨ ਦਿੰਦੇ ਹਾਂ, ਕਿਸੇ ਦਾ ਕਾਰਜ ਸਿੱਧ ਕਰਦੇ ਹਾਂ। ਮੈਂ ਕਿਹਾ ਮਹਾਰਾਜ! ਸਰੀਰ ਇੱਥੇ ਕਿਵੇਂ ਰਹਿ ਜਾਂਦਾ ਹੈ। ਕਹਿੰਦੇ, ਇਹ ਵੀ ਗੱਲ ਪੁਛਣੀ ਹੈ? ਮੈਂ ਕਿਹਾ, ਹਾਂ ਜੀ। ਕਹਿੰਦੇ, ਇੱਕ ਚਾਂਦੀ ਦੀ ਕਿਰਨ ਹੁੰਦੀ ਹੈ। ਜਦੋਂ ਸਰੀਰ ਦੇ ਵਿਚੋਂ ਨਿਕਲ ਜਾਂਦੀ ਹੈ ਰੂਹ ਤੇ ਉਹ ਕਿਰਨ ਇਹਦੇ ਨਾਲ ਜੁੜੀ ਰਹਿੰਦੀ ਹੈ। ਇਸੇ ਕਰਕੇ ਸੰਤਾਂ ਨੂੰ ਇੱਕ ਦਮ ਨਹੀਂ ਉਠਾਉਣਾ ਚਾਹੀਦਾ। ਪਤਾ ਨਹੀਂ ਕਿੱਥੇ ਗਏ ਹੁੰਦੇ ਨੇ। ਸੋ ਇਹ ਤੁਲਸਾਂ ਦਾਸੀ ਆਈ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਲ ਖੜ੍ਹ ਗਈ, ਆਵਾਜ਼ ਨਹੀਂ ਮਾਰਦੀ। ਸ਼ਰਧਾ ਵਾਲੀ ਸੀ, ਇਹਦੇ ਮਨ ਵਿਚ ਆਇਆ ਕਿ ਆਪ ਦੇ ਚਰਨ ਦਾ ਅੰਗੂਠਾ ਕੱਪੜੇ ਤੋਂ ਬਾਹਰ ਹੈ। ਕਿਉਂ ਨਾ ਮੈਂ ਮਸਤਕ ਲਾ ਦੇਵਾਂ। ਮਸਤਕ ਦੀ ਛੋਹ ਦੇ ਨਾਲ ਇਨ੍ਹਾਂ ਨੂੰ ਜਾਗ ਆ ਜਾਏਗੀ। ਓਸ ਵੇਲੇ ਇਹਨੇ ਮਸਤਕ ਗੁਰੂ ਨਾਨਕ ਦੇ ਅੰਗੂਠੇ ਨਾਲ ਲਾ ਦਿੱਤਾ। ਲਾਉਣ ਦੀ ਦੇਰ ਸੀ, ਤੜੱਕ ਹੋਈ ਆਵਾਜ਼, ਕੀ ਦੇਖਦੀ ਹੈ ਸਾਰਾ ਹੀ ਸੰਸਾਰ ਖੁੱਲ੍ਹ ਗਿਆ, ਕੰਧਾਂ ਉਹਦੇ ਵਾਸਤੇ ਰਹੀਆਂ ਹੀ ਨਾ, ਦੂਰੀ ਰਹੀ ਤੇ ਜਿੱਥੇ ਗੁਰੂ ਨਾਨਕ ਸੀ ਉਥੇ ਪਹੁੰਚ ਗਈ। ਉਥੇ ਕੀ ਕਰਦੇ ਨੇ, ਮਨਸੁਖ ਦਾ ਜਹਾਜ਼ ਡੁੱਬ ਰਿਹਾ ਹੈ। ਉਹ ਅਰਦਾਸਾਂ ਕਰ ਰਿਹਾ ਹੈ ਕਿ ਪਾਤਸ਼ਾਹ ਮੇਰਾ ਜਹਾਜ਼ ਬੰਨ੍ਹੇ ਲਾਓ। ਮਹਾਰਾਜ ਉਹਦੀ ਸਹਾਇਤਾ ਕਰ

ਰਹੇ ਨੇ, ਤੇ ਜਹਾਜ਼ ਨੂੰ ਬੰਨ੍ਹੇ ਲਾ ਰਹੇ ਨੇ। ਵਾਪਸ ਆ ਗਈ ਕਿ ਜਹਾਜ਼ ਡੁੱਬ ਜਾਏਗਾ, ਜੇ ਮੈਂ ਜਗਾ ਦਿੱਤੇ। ਮਾਤਾ ਜੀ ਨੇ ਪੁੱਛਿਆ ਕਿ ਜਗਾਇਆ ਨਹੀਂ ਤੂੰ? ਕਹਿੰਦੀ ਕੀਹਨੂੰ ਜਗਾਵਾਂ? ਕਹਿੰਦੇ, ਮੈਂ ਤੈਨੂੰ ਕਿਹਾ ਹੈ ਕਿ ਨਾਨਕ ਜੀ ਨੂੰ ਜਗਾ ਕੇ ਲਿਆ। ਕਹਿੰਦੀ, ਉਹ ਤਾਂ ਮਨਸੁਖ ਦਾ ਜਹਾਜ਼ ਕੰਢੇ ਲਾ ਰਹੇ ਨੇ। ਬੜੀ ਨਰਾਜ਼ ਹੋਈ ਮਾਤਾ। ਜਾ ਕੇ ਆਪ ਆਵਾਜ਼ ਦੇ ਦਿਤੀ, ਪਾਤਸ਼ਾਹ! ਉਠੋ, ਕਹਿੰਦੀ ਨਾਨਕ ਜੀ! ਅੱਗੇ ਤਾਂ ਸ਼ਰੀਕ ਹੀ ਮਸ਼ਕਰੀਆਂ ਕਰਦੇ ਸੀ, ਹੁਣ ਤਾਂ ਘਰ ਦੇ ਨੌਕਰ ਚਾਕਰ ਵੀ ਕਰਨ ਲਗ ਗਏ। ਕਹਿੰਦੇ ਕੀ ਗੱਲ? ਕਹਿੰਦੇ, ਆਹ ਤੁਲਸਾਂ ਦਾਸੀ ਦੀ ਗੱਲ ਸੁਣੋ, ਮੈਂ ਭੇਜਿਆ ਕਿ ਜਗਾ ਕੇ ਲਿਆਓ। ਮੈਨੂੰ ਆ ਕੇ ਖਬਰਾਂ ਦਿੰਦੀ ਹੈ ਕਿ ਗੁਰੂ ਨਾਨਕ ਸਮੁੰਦਰ 'ਚ ਜਹਾਜ਼ ਬੰਨ੍ਹੇ ਲਾ ਰਿਹਾ ਹੈ ਮਨਸੁਖ ਦਾ। ਲੰਕਾ ਨੂੰ ਜਾ ਰਿਹਾ ਹੈ। ਕਹਿੰਦੇ ਇਹ ਤਾਂ ਝੱਲੀ ਹੈ, ਓਸੇ ਵੇਲੇ ਬੇਬੇ ਨੇ ਬੋਚ ਲਈ ਗੱਲ, ਕਹਿੰਦੀ ਵੀਰ ਜੀ! ਕ੍ਰਿਪਾ ਕਰੋ, ਕ੍ਰਿਪਾ ਕਰੋ। ਝੱਲੀ ਨਾ ਕਹੋ। ਕਹਿੰਦੇ, ਐਨੀ ਕੁ ਝੱਲੀ ਹੋ ਜਾਊ, ਭੇਤ ਲਕੋ ਲਏਗੀ, ਬੱਸ ਬਾਕੀ ਸਾਰੀ ਸਾਵਧਾਨ ਰਹੇਗੀ।

ਗੁਰੂ ਨਾਨਕ ਦੇ ਚਰਨਾਂ ਨੂੰ ਹੱਥ ਲਾ ਕੇ ਹੋਇਆ ਕੀ? ਉਹਦੀ ਸੁਰਤੀ ਖੁੱਲ੍ਹ ਗਈ। ਉਹ ਜਿਧਰ ਦੇਖਦਾ ਹੈ, ਮੱਕਾ ਹੀ ਮੱਕਾ। ਕੋਈ ਥਾਂ ਹੀ ਨਹੀਂ ਹੈ ਕਾਹਬੇ ਤੋਂ ਬਿਨਾਂ। ਅੱਲਾਹ ਦੇ ਦਰਸ਼ਨ ਹੋ ਰਹੇ ਨੇ ਹਰ ਥਾਂ ਤੋਂ। ਹੈਰਾਨ ਹੋ ਗਿਆ, ਕਿ ਖੁਦਾ ਆ ਗਿਆ, ਖੁਦਾ ਆ ਗਿਆ। ਦੁਨੀਆਂ ਇਕੱਠੀ ਹੋ ਗਈ। ਉਸ ਵੇਲੇ ਸਾਰੇ ਇਕੱਠੇ ਹੋ ਗਏ, ਚਾਰੇ ਇਮਾਮ ਆ ਗਏ ਤੇ ਬਚਨ ਚੱਲਣ ਲਗ ਗਏ। ਉਸ ਨੇ ਸਾਰੀ ਗੱਲ ਦੱਸ ਦਿਤੀ ਤੇ ਉਨ੍ਹਾਂ ਦੇ ਮਨ ਵਿਚ ਵੀ ਕੁਛ ਗਿਆਨ ਹੋ ਗਿਆ, ਕੋਈ ਵੱਡਾ ਕਲਾਵਾਨ ਪੁਰਸ਼ ਆ ਗਿਆ, ਬਈ ਚਲੋ ਇਸ 'ਤੇ ਕੋਈ ਸਵਾਲ ਕਰੀਏ, ਇਸ ਤੋਂ ਕੋਈ ਗੱਲ ਪੁੱਛੀਏ? ਉਸ ਵੇਲੇ ਗੁਰੂ ਨਾਨਕ ਤੋਂ ਆਹ ਗੱਲ ਪੁੱਛਦੇ ਨੇ –

***ਧਾਰਨਾ – ਵੱਡਾ ਹਿੰਦੂ ਹੈ ਕਿ ਮੁਸਲਮਨੋਈ***
***ਖੋਲ੍ਹ ਕੇ ਕਿਤਾਬ ਪੁੱਛਦੇ।***

ਕਹਿਣ ਲੱਗੇ, ਹੇ ਨਾਨਕ! ਤੂੰ ਇਹ ਦੱਸ ਕਿ ਤੂੰ ਹਿੰਦੂ ਹੈਂ ਕਿ ਮੁਸਲਮਾਨ ਹੈਂ? ਮਹਾਰਾਜ ਕਹਿੰਦੇ ਅਸੀਂ ਤਾਂ ਪੰਜ ਤੱਤ ਦੇ ਪੁਤਲੇ ਹਾਂ, ਨਾ ਹਿੰਦੂ ਨਾ ਮੁਸਲਮਾਨ; ਦੋਹਾਂ ਤੋਂ ਮੁਸਲਮਾਨ। ਉਸ ਵੇਲੇ ਸਵਾਲ ਕਰਨੇ ਸ਼ੁਰੂ ਕਰ ਦਿਤੇ, ਵੱਡੀ ਗੋਸ਼ਟ ਹੋਈ, ਉਹਦੇ 'ਚ ਇੱਕ ਸਵਾਲ ਕਰਿਆ–

***ਵੱਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।***
***ਭਾਈ ਗੁਰਦਾਸ ਜੀ, ਵਾਰ 1/33***

ਗੁਰੂ ਨਾਨਕ ਦੀ ਤਾਕਤ ਨੂੰ ਕੋਈ ਲਖ ਨਹੀਂ ਸਕਦਾ। ਮਹਾਰਾਜ ਕਹਿੰਦੇ ਵੱਡੇ ਤਾਂ ਪ੍ਰੇਮੀਓ ਅਮਲ ਹੋਇਆ ਕਰਦੇ ਨੇ। ਜੇ ਮੁਸਲਮਾਨ ਗੰਦੇ ਕੰਮ ਕਰਦਾ ਹੈ ਉਹਨੂੰ ਵੱਡਾ ਕਿਵੇਂ ਕਹਿ ਦੇਈਏ। ਜੇ ਹਿੰਦੂ ਆਪਣੇ ਧਰਮ ਦੇ ਵਿਪਰੀਤ ਮਾੜੇ ਕੰਮ ਕਰਦਾ ਹੈ, ਉਹਨੂੰ ਵੱਡਾ ਕਿਵੇਂ ਕਹਿ ਦੇਈਏ।

*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*

***ਭਾਈ ਗੁਰਦਾਸ ਜੀ, ਵਾਰ 1/33***

ਰੱਬ ਦੇ ਦਰ 'ਤੇ ਕੋਈ ਮਜ਼੍ਹਬ ਨਹੀਂ ਚਲਦਾ, ਉਥੇ ਤਾਂ ਅਮਲਾਂ ਦਾ ਨਿਬੇੜਾ ਹੁੰਦਾ ਹੈ।

*ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।*

***ਭਾਈ ਗੁਰਦਾਸ ਜੀ, ਵਾਰ 1/33***

ਉਹ ਨਮਾਜ਼ ਪੜ੍ਹਦਾ ਹੈ, ਉਹ ਪੂਜਾ ਕਰਦਾ ਹੈ। ਦੋਵੇਂ ਕਿਹਦੀ ਪੂਜਾ ਕਰਦੇ ਨੇ ਇਕ ਕਹਿੰਦਾ ਕਿ ਮੈਂ ਰਾਮ ਦੀ, ਪ੍ਰਭੂ ਦੀ, ਪ੍ਰਮੇਸ਼ਰ ਦੀ, ਗੋਬਿੰਦ ਦੀ। ਦੂਜਾ ਕਹਿੰਦਾ ਕਿ ਮੈਂ ਅੱਲਾਹ ਤਾਲਾ ਦੀ ਨਮਾਜ਼ ਪੜ੍ਹਦਾ ਹਾਂ, ਖੁਦਾ ਦੀ। ਕਹਿੰਦੇ ਇਹ ਤਾਂ ਇੱਕੋ ਹੀ ਹੋਇਆ ਤੁਹਾਡੇ ਦੋਹਾਂ ਦਾ, ਕਿਉਂ ਅੰਨ੍ਹੇ ਹੋ ਕੇ ਲੜਦੇ ਓਂ, ਆਪਸ ਵਿਚ। ਇੱਕੋ ਹੀ ਹੈ ਉਹ –

*ਕਰਨਿ ਬਖੀਲੀ ਆਪਿ ਵਿਚਿ*
*ਰਾਮ ਰਹੀਮ ਇਕ ਥਾਇ ਖਲੋਈ।*
*ਰਾਹਿ ਸੈਤਾਨੀ ਦੁਨੀਆਂ ਗੋਈ॥*

***ਭਾਈ ਗੁਰਦਾਸ ਜੀ, ਵਾਰ 1/33***

ਸ਼ੈਤਾਨ ਦੇ ਰਾਹ ਪੈ ਗਈ, ਸੋ ਗੁਰੂ ਨਾਨਕ ਪਾਤਸ਼ਾਹ ਉਥੇ ਬੈਠ ਕੇ ਬੜੀ ਲੰਮੀ ਗੋਸ਼ਟ ਕੀਤੀ। ਕਿੰਨੇ ਮਹੀਨੇ ਚਲਦੀ ਰਹੀ। ਅਖੀਰ ਹਾਜ਼ੀਆਂ ਨੇ, ਸਾਰਿਆਂ ਨੇ ਗੁਰੂ ਨਾਨਕ ਨੂੰ ਨਮਸ਼ਕਾਰ ਕਰ ਦਿਤੀ। ਚਾਰੇ ਇਮਾਮਾਂ ਨੇ ਸਿਜਦਾ ਕਰ ਦਿੱਤਾ, ਕਹਿਣ ਲੱਗੇ, ਨਾਨਕ! ਤੂੰ ਵਲੀ ਪੁਰਸ਼ ਆਇਆ ਤੇ ਹੁਣ ਤੂੰ ਜਾਨੈ ਤੇ ਸਾਨੂੰ ਕੋਈ ਨਿਸ਼ਾਨੀ ਦੇ ਜਾ। ਗੁਰੂ ਨਾਨਕ ਨੇ ਆਪਣੀ ਖੜਾਵ ਉਥੇ ਨਿਸ਼ਾਨੀ ਦੇ ਦਿਤੀ। ਉਸ ਤੋਂ ਬਾਅਦ ਬਗਦਾਦ ਵਿਚ ਪਹੁੰਚਦੇ ਨੇ, ਨਦੀ ਦਾ ਕਿਨਾਰਾ ਹੈ, ਓਸ ਥਾਂ 'ਤੇ ਬੈਠੇ ਅੰਮ੍ਰਿਤ ਵੇਲੇ ਤੋਂ ਸਮਾਧੀ ਸਥਿਤ, ਦਿਨ ਚੜ੍ਹ ਆਇਆ ਤਾਂ ਇੱਕ ਪੀਰ ਦਾ ਮੁਰੀਦ ਜੋ ਹਿੰਦੀ ਸਮਝਣ ਵਾਲਾ ਸੀ। ਉਹ ਜਿਸ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬੈਠੇ ਸੀ, ਉਥੇ ਨੇੜੇ ਆ ਕੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਇਹ ਫਕੀਰ ਕੌਣ ਨੇ। ਕਿਸ ਘਰਾਣੇ ਦੇ ਨੇ, ਇਨ੍ਹਾਂ ਕੋਲ ਰਬਾਬ ਹੈ ਤੇ ਇਹ ਕੁਛ ਪੜ੍ਹਦੇ ਨੇ, ਸੁਣਨ ਦੀ, ਕੋਸ਼ਿਸ਼ ਕਰੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇਸ ਦੇ ਭਾਵ ਨਾਲ ਪੜ੍ਹ ਰਹੇ ਨੇ –

*ਧਾਰਨਾ – ਲੱਖਾਂ ਪਾਤਾਲ ਤੇ ਆਕਾਸ਼ ਕੁਦਰਤ ਤੇਰੀ,*
*ਆਵੇ ਨਾ ਕੋਈ ਅੰਤ ਮਾਲਕਾ।*

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ – 5*

ਚੰਗੀ ਤਰ੍ਹਾਂ ਸਮਝ ਲਈ ਗੱਲ ਓਸ ਮੁਰੀਦ ਨੇ। ਹੈਰਾਨ ਹੋ ਗਿਆ ਇਕ ਇਹ ਕਾਫਰ ਮੁਸਲਮਾਨ ਦੇਸ਼ ਵਿਚ? ਤੇ ਆਇਆ ਵੀ ਉਥੇ ਹੈ

ਜਿਥੇ ਇਸਲਾਮ ਦੀ ਜਗ੍ਹਾ ਹੈ। ਜਿਵੇਂ ਆਪਣੇ ਦਰਬਾਰ ਸਾਹਿਬ, ਅਕਾਲ ਤਖਤ ਹੈ, ਬਗਦਾਦ ਇਸੇ ਤਰ੍ਹਾਂ ਮੁਸਲਮਾਨਾਂ ਲਈ ਸੀ, ਉਥੋਂ ਫਤਵੇ ਆਉਂਦੇ ਸੀ, ਉਥੋਂ ਹੀ ਸ਼ਰ੍ਹਾ ਦੀ ਤਸ਼ਰੀਹ ਆਇਆ ਕਰਦੀ ਸੀ। ਕੋਈ ਗੁੰਝਲ ਪੈ ਜਾਏ, ਓਸ ਥਾਂ ਨੂੰ ਲਿਖਦੇ ਸੀ। ਓਸ ਥਾਂ ਦਾ ਪੀਰ ਓਸ ਨੂੰ ਦਸਤਗੀਰ ਕਹਿੰਦੇ ਸੀ, ਉਹ ਕਈ ਨੰਬਰ ਤੋਂ ਬਾਅਦ ਫੇਰ ਵੀ ਦਸਤਗੀਰ ਹੀ ਕਿਹਾ ਜਾਂਦਾ ਸੀ। ਜਿਵੇਂ ਨਾਨਕ ਕਹਿੰਦੇ ਨੇ, ਇਸ ਤਰ੍ਹਾਂ ਉਨ੍ਹਾਂ ਨੂੰ ਦਸਤਗੀਰ ਕਹਿੰਦੇ ਸੀ। ਓਸ ਮੁਰੀਦ ਨੇ ਜਾ ਕੇ ਜਦੋਂ ਗਿਆ ਤਾਂ ਪੀਰ ਨੇ ਪੁੱਛਿਆ ਕਿ ਕੀ ਕੀ ਗੱਲ, ਅੱਜ ਦੇਰ ਕਰ ਦਿੱਤੀ। ਕਹਿੰਦਾ, ਮਹਾਰਾਜ ਦੇਰ ਕਾਹਦੀ ਕਰ ਦਿੱਤੀ। ਇੱਕ ਕਾਫਰ ਆਇਆ ਬੈਠਾ ਹੈ ਸ਼ਹਿਰ ਦੇ ਬਾਹਰ ਤੇ ਕੁਫਰ ਬੋਲ ਰਿਹਾ ਹੈ, ਕਹਿੰਦੇ ਕੀ ਕੁਫਰ ਬੋਲਦਾ ਹੈ, ਕਹਿੰਦਾ, ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ; ਮੈਂ ਧਿਆਨ ਨਾਲ ਸੁਣਿਆ ਹੈ। ਕਿਉਂਕਿ ਮੈਂ ਹਿੰਦੀ ਜਾਣਦਾ ਹਾਂ। ਇੱਕ ਗੱਲ ਨਹੀਂ ਦੂਸਰਾ ਉਹਨੇ ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਰਬਾਬ ਹੈ ਕੋਲ ਤੇ ਉਹਦੇ ਨਾਲ ਕੁਛ ਗਾ ਰਿਹਾ ਹੈ। ਕਹਿੰਦਾ ਹੈਂ! ਇਹ ਨਗਰੀ ਹੋਵੇ ਇਸਲਾਮ ਦੀ ਤੇ ਉਥੇ ਆ ਕੇ ਕੋਈ ਕੁਫਰ ਦਾ ਪ੍ਰਚਾਰ ਕਰੇ? ਕ੍ਰੋਧ ਵਿਚ ਆ ਗਿਆ, ਲਾਲ ਗੁਲਾਲ ਹੋ ਗਿਆ। ਅੱਗ ਬਗੋਲਾ ਹੋ ਗਿਆ। ਹੁਕਮ ਦਿੱਤਾ ਕਿ ਸਾਰੇ ਸ਼ਹਿਰ ਵਿਚ ਹੁਕਮ ਕਰ ਦਿਓ ਕਿ ਸਾਰੇ ਉਥੇ ਚਲੋ ਦਰਿਆ ਦੇ ਕੰਢੇ ਤੇ ਉਹ ਜੋ ਕਾਫਰ ਹੈ ਉਹਦੇ ਉਤੇ ਐਨੇ ਵੱਟੇ ਸੁੱਟੋ ਕਿ ਐਨੇ ਵੱਟੇ ਮਾਰੋ ਕਿ ਹੇਠਾਂ ਆ ਕੇ ਦਬ ਕੇ ਮਰ ਜਾਵੇ। ਹੁਕਮ ਹੋ ਗਿਆ, ਸਾਰੇ ਹੀ ਚੱਲ ਪਏ। ਮਰਦਾਨੇ ਨੇ ਦੇਖ ਲਏ, ਕਹਿੰਦਾ ਸੱਚੇ ਪਾਤਸ਼ਾਹ! ਆਹ ਜਿਹੜੇ ਲੋਕ ਆਉਂਦੇ ਨੇ ਸੁੱਖ ਨਹੀਂ ਹੈ। ਬੜੇ ਕ੍ਰੋਧ ਨਾਲ ਕਾਹਲੇ-ਕਾਹਲੇ ਤੁਰੇ ਆਉਂਦੇ ਨੇ, ਇੱਕ ਤੋਂ ਇੱਕ ਅੱਗੇ ਤੇ ਇਨ੍ਹਾਂ ਦੇ ਹੱਥਾਂ ਵਿਚ ਤਾਂ ਵੱਟੇ ਨੇ। ਕਹਿੰਦੇ, ਮਰਦਾਨਿਆਂ! ਕੋਈ ਗੱਲ ਨਹੀਂ। ਤੂੰ ਨਾ ਫਿਕਰ ਕਰ, ਜਦੋਂ ਨੇੜੇ ਆਏ ਉਸ ਵੇਲੇ ਗੁਰੂ ਮਹਾਰਾਜ ਨੇ ਇੱਕ ਜੈਕਾਰਾ ਬੁਲਾਇਆ। ਐਉਂ ਪੜ੍ਹ ਲਓ -

***ਧਾਰਨਾ - ਏਕੰਕਾਰ ਦਾ ਜੈਕਾਰਾ ਸੁਣ ਕੇ,***
***ਸੁੰਨ ਮੁੰਨ ਨਗਰੀ ਹੋ ਗਈ।***

ਐਨੀ ਜਦੋਂ ਆਵਾਜ਼ ਸੁਣੀ ਸਾਰਿਆਂ ਨੇ, ਐਸੀ ਆਵਾਜ਼ ਵਿਚ ਤਾਸੀਰ ਸੀ, ਸਾਰੇ ਜਿੱਥੇ ਕੋਈ ਖੜ੍ਹਾ ਹੈ ਖੜ੍ਹਾ ਹੀ ਰਹਿ ਗਿਆ। ਚੁੱਪ ਕਰੇ ਬੈਠੇ ਨੇ, ਸਮਾਧੀਆਂ ਲਗ ਗਈਆਂ। ਪੀਰ ਨੇ ਦੇਖਿਆ ਕਿ ਸਾਰੀ ਨਗਰੀ ਚੁੱਪ ਹੋ ਗਈ, ਕੀ ਹੋ ਗਿਆ ਇਹ? ਅੰਤਰ ਧਿਆਨ ਹੋਇਆ ਦੇਖਣ ਵਾਸਤੇ। ਕਰਾਮਾਤੀ ਪੀਰ ਬਹੁਤ ਵੱਡਾ ਸੀ, ਅਰ ਇਹ ਸਮਝਦਾ ਸੀ ਕਿ ਅੱਜ ਸੰਸਾਰ 'ਚ ਮੇਰੇ ਨਾਲੋਂ ਤਾਕਤ ਵਿਚ ਕੋਈ ਵੱਡਾ ਨਹੀਂ। ਮਾੜੇ ਮੋਟੇ ਦੇ ਪੈਰ ਨਹੀਂ ਸੀ ਲਗਣ ਦਿੰਦਾ। ਦੇਖਿਆ ਕਿ ਕੋਈ ਬਹੁਤ ਵੱਡਾ ਆ ਗਿਆ ਤੇ ਉਹਦੇ ਬੋਲ ਵਿਚ ਐਸੀ ਤਾਸੀਰ ਹੈ ਕਿ ਇਹ ਤਾਂ ਉਹਨੇ ਆਵਾਜ਼ ਦਿੱਤੀ ਹੈ, ਆਵਾਜ਼ ਦੇ ਨਾਲ ਹੀ ਲੋਕਾਂ ਦੀ ਸਮਾਧੀ ਲਾ ਦਿੱਤੀ। ਉਸ ਵੇਲੇ ਪੀਰ ਨੇ ਆਪਣੀ ਸ਼ਕਤੀ ਲਾਈ ਤੇ ਲਾ ਕੇ ਉਨ੍ਹਾਂ ਦੀ ਜੜ੍ਹਤਾ ਦੂਰ ਕਰ ਦਿਤੀ। ਲਿਖਦੇ ਨੇ -

*ਸ੍ਰੀ ਨਾਨਕ ਸੁਨਿਕੈ ਤਿਹ ਕਾਲਾ। ਊਚੀ ਦੀਨੀ ਬਾਂਗ ਬਿਸਾਲਾ॥*
*ਨਿਰੰਕਾਰ ਸਤਿ ਸ੍ਰੀ ਅਕਾਲਾ। ਗੁਰਬਰ ਏਕੰਕਾਰ ਕ੍ਰਿਪਾਲਾ।*
*ਸੁਨਿ ਕਰਿ ਬਾਂਗ ਸਰਬ ਨਰ ਨਾਰੀ। ਸੁੰਨ ਮੁੰਨ ਹੋਏ ਇਕ ਵਾਰੀ॥*
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1047***

ਸੁੰਨ-ਮੁੰਨ ਹੋ ਗਏ। ਨਾ ਕੋਈ ਤੁਰਦਾ ਹੈ, ਨਾ ਕਿਸੇ ਨੂੰ ਧਿਆਨ ਹੈ, ਕਿ ਵੱਟੇ ਮਾਰਨ ਜਾਂਦੇ ਸੀ। ਚੁੱਪ ਕਰੇ ਬੈਠੇ ਨੇ। ਪੀਰ ਉਠ ਕੇ ਆ ਗਿਆ, ਦੇਖਿਆ ਉਨ੍ਹਾਂ ਵਲ, ਉਨ੍ਹਾਂ ਦੀ ਜੜ੍ਹਤਾ ਦੂਰ ਕਰਕੇ ਕਹਿਣ ਲੱਗਿਆ, ਤੁਹਾਨੂੰ ਵੱਟੇ ਮਾਰਨ ਭੇਜਿਆ ਹੈ, ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ ਆਵਾਜ਼ ਦੀ ਤਾਸੀਰ ਐਸੀ ਹੈ। ਅਸੀਂ ਸਭ ਕੁਛ ਭੁੱਲ ਗਏ। ਅਫੁਰ ਅਵਸਥਾ 'ਚ ਪਹੁੰਚਾ ਦਿਤੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਸ ਤਰ੍ਹਾਂ ਹੋ ਵੀ ਜਾਂਦਾ ਹੈ?

ਬਾਬਾ ਰਾਮ ਸਿੰਘ ਜੀ ਨਾਮਧਾਰੀ, ਇਕ ਵਾਰੀ ਦੀਵਾਨ ਵਿਚ ਕੀਰਤਨ ਕਰ ਰਹੇ ਨੇ, ਇੱਕ ਤਰਕਬਾਜ਼ ਨੇ ਉੱਠ ਕੇ ਤਰਕ ਕਰ ਦਿੱਤੀ ਕਿ ਤੁਸੀਂ ਵਾਹਿਗੁਰੂ ਨਹੀਂ ਕਦੇ ਵੀ ਕਹਿੰਦੇ ਸਤਿਨਾਮ ਕਹਿੰਦੇ ਓਂ। ਕਹਿਣ ਲੱਗੇ, ਪ੍ਰੇਮੀਆਂ! ਇਹ ਜਿਹੜਾ ਤੂੰ ਮੰਤਰ ਕਹਿੰਦਾ ਹੈਂ ਇਹ ਗੋਪ ਮੰਤਰ ਹੈ, ਅੰਦਰ ਰੱਖਿਆ ਫਲ ਦਿੰਦਾ ਹੈ, ਬਾਹਰ ਰੱਖਿਆ ਨਹੀਂ ਦਿੰਦਾ। ਇਹਨੂੰ ਜਿੰਨਾਂ ਗੁਪਤ ਰੱਖ ਲਓ, ਓਨਾਂ ਹੀ ਫਲ ਹੈ ਇਹਦਾ। ਕਹਿੰਦੇ, ਸਾਨੂੰ ਕੀ ਪਤਾ ਤੁਹਾਡਾ ਖਿਆਲ ਹੈ ਇਹ। ਕਹਿੰਦੇ, ਚੰਗਾ! ਸਵੇਰੇ ਆ ਜਾਇਓ, ਇੱਕ ਰੱਸੀ ਲੈ ਆਇਓ, ਸਾਰੇ ਜਣੇ ਲੰਮੀ ਰੱਸੀ, ਬਾਣ ਦੀ। ਰੱਸੀ ਲੈ ਆਂਦੀ, ਬਾਬਾ ਜੀ ਖੜ੍ਹੇ ਨੇ, ਕੀਰਤਨ ਕਰਦੇ ਨੇ, ਲਓ ਕਹਿੰਦੇ ਪ੍ਰੇਮੀਓਂ ਹੁਣ ਮੈਂ ਨਾਨਕ ਦਾ ਛੱਤੀ ਜੁਗ ਦਾ ਜਪਿਆ ਹੋਇਆ ਨਾਮ, ਉੱਚੀ ਬੋਲਣ ਲੱਗਿਆ ਹਾਂ ਹੋਸ਼ ਸੰਭਾਲੋ। ਰੱਸੀ ਫੜਾ ਦਿੱਤੀ ਸਾਰਿਆਂ ਨੂੰ ਉਚੀ ਆਵਾਜ਼ 'ਚ ਪੂਰੇ ਗਲੇ ਦੇ ਨਾਲ 'ਵਾਹਿਗੁਰੂ' ਆਵਾਜ਼ ਬੋਲ ਦਿੱਤੀ। ਬੋਲਣ ਦੀ ਦੇਰ ਸੀ, ਸਾਰੀ ਸੰਗਤ ਸੁੰਨ ਮੁੰਨ ਹੋ ਗਈ। ਇੱਕ ਵੀ ਨਾ ਬੋਲੇ। ਚੁੱਪ ਕਰਕੇ ਸਮਾਧੀ ਲਗ ਗਈ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਜੈਕਾਰਾ ਦਿੱਤਾ ਉਸ ਵੇਲੇ ਸੁੰਨ ਮੁੰਨ ਹੋ ਗਏ, ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਫਿਰਿ ਬਾਬਾ ਗਇਆ ਬਗਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
***ਭਾਈ ਗੁਰਦਾਸ ਜੀ, ਵਾਰ 1/35***

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਪੜ੍ਹਨ ਤੋਂ ਬਾਅਦ, ਨਮਾਜ਼ ਕਹਿ ਲਓ, ਪੂਜਾ ਕਹਿ ਲਓ; ਗੱਲ ਇੱਕੋ ਹੀ ਹੋਇਆ ਕਰਦੀ ਹੈ -

*ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*
***ਭਾਈ ਗੁਰਦਾਸ ਜੀ, ਵਾਰ 1/35***

ਹੈਰਾਨ ਹੋ ਗਿਆ।

***ਵੇਖੈ ਧਿਆਨੁ ਲਗਾਇ ਕਰਿ ਇਕੁ ਫਕਰਿ ਵਡਾ ਮਰਦਾਨਾ।***
***ਭਾਈ ਗੁਰਦਾਸ ਜੀ, ਵਾਰ 1/35***

ਕਹਿਣ ਲੱਗਿਆ, ਇੱਕ ਫਕੀਰ ਆ ਗਿਆ ਤੇ ਜਿਹਦੀ ਗੱਲ ਕਰਦੇ ਨੇ, ਉਹ ਤਾਂ ਬਹੁਤ ਸ਼ਕਤੀ ਵਾਲਾ ਹੈ ਤੇ ਉਸ ਵੇਲੇ ਪੀਰ ਉਨ੍ਹਾਂ 'ਚ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ, ਵੱਟੇ ਮਾਰੋ। ਸਾਰੇ ਫੇਰ ਵੱਟੇ ਮਾਰਨ ਤੁਰ ਜਾਂਦੇ ਨੇ। ਪੀਰ ਮੂਹਰੇ ਹੈ, ਬਾਕੀ ਸਭ ਪਿੱਛੇ ਨੇ। ਜਦੋਂ ਹੱਥ ਉਚੇ ਕਰਕੇ ਲੱਗੇ ਮਾਰਨ, ਗੁਰੂ ਮਹਾਰਾਜ ਨੇ ਉਪਰ ਨੂੰ ਦ੍ਰਿਸ਼ਟੀ ਕਰ ਦਿਤੀ, ਉਥੇ ਹੀ ਰੁਕ ਗਏ ਸਾਰੇ, ਨਾ ਕੋਈ ਵੱਟਾ ਮਾਰਦਾ ਹੈ, ਨਾ ਕੋਈ ਹਿਲਦਾ ਹੈ, ਨਾ ਕਿਸੇ ਦਾ ਪੈਰ ਪੁੱਟ ਹੁੰਦਾ ਹੈ। ਜਿਹਨੇ ਪੈਰ ਚੁੱਕਿਆ ਹੋਇਆ ਹੈ, ਚੁਕਿਆ ਹੀ ਖੜ੍ਹਾ ਹੈ। ਜਿਹਨੇ ਧਰਤੀ 'ਤੇ ਰੱਖ ਕੇ ਪਿਛਲਾ ਚੁੱਕ ਲਿਆ। ਉਹਨੇ ਪਿਛਲਾ ਹੀ ਚੁੱਕਿਆ ਹੈ। ਜਿਹਨੇ ਵੱਟਾ ਘੁੰਮਾਉਣ ਵਾਸਤੇ ਬਾਂਹ ਘੁੰਮਾਈ ਹੈ, ਉਹਦੀ ਬਾਂਹ ਘੁੰਮ ਹੀ ਰਹੀ ਹੈ। ਜੜ੍ਹ ਬਣੇ ਖੜ੍ਹੇ ਨੇ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ, ਨਾ ਆਪ ਹਿਲਦਾ ਹੈ, ਨਾ ਕੋਈ ਦੂਜਿਆਂ ਨੂੰ ਹਿਲਾਉਂਦਾ ਹੈ। ਉਸ ਵੇਲੇ ਅੰਦਰ ਹੀ ਅੰਦਰ ਹੰਕਾਰ ਢਲ ਗਿਆ ਤੇ ਅੰਦਰ ਹੀ ਅੰਦਰ ਅਰਦਾਸ ਕਰੀ ਕਿ ਪੀਰ ਜੀ, ਮੈਂ ਗੱਲ ਕਰਨੀ ਹੈ। ਤੁਹਾਡੇ ਨਾਲ। ਮੰਨਿਆ ਨਹੀਂ ਹੈ, ਇਹ ਤਾਂ ਮੰਨ ਲਿਆ ਕਿ ਸ਼ਕਤੀ ਇਹਦੀ ਮੇਰੇ ਨਾਲੋਂ ਵੱਧ ਹੈ, ਪਰ ਮੈਂ ਚਰਚਾ 'ਚ ਹਰਾ ਦੇਣਾ ਹੈ ਇਹ। ਅੰਦਰ ਹੀ ਕਰੀ ਅਰਦਾਸ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕਰ ਦਿੱਤੀ, ਪੀਰ ਗੁਰੂ ਨਾਨਕ ਦੇ ਪਾਸ ਆ ਕੇ ਬਹਿ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪੀਰ ਜੀ, ਐਨਾ ਕ੍ਰੋਧ?

ਕਹਿੰਦਾ ਕ੍ਰੋਧ? ਤੁਸੀਂ ਤਾਂ ਸ਼ਰ੍ਹਾ ਦੀਆਂ ਧੱਜੀਆਂ ਉਡਾ ਦਿੱਤੀਆਂ।

ਕਹਿੰਦੇ, ਫੇਰ ਮਾਰੀਦਾ ਹੁੰਦਾ ਹੈ ਕਿ ਵਿਚਾਰ ਕਰੀਦੀ ਹੁੰਦੀ ਹੈ? ਸਿਆਣਾ ਬੰਦਾ ਵਿਚਾਰ ਕਰਦਾ ਹੈ, ਕਮਲਾ ਬੰਦਾ ਦੰਡ ਦਿੰਦਾ ਹੈ।

ਤੇ ਤੁਸੀਂ ਵਿਚਾਰ ਕਰੋ, ਵਿਚਾਰ ਵਾਲੀ ਗੱਲ 'ਤੇ ਕਿ ਤੁਹਾਨੂੰ ਕੀ ਇਤਰਾਜ਼ ਹੈ? ਨਾ ਕਿ ਪੱਥਰ ਚੁੱਕ ਲਓ।

ਕਹਿੰਦਾ, ਮਹਾਰਾਜ! ਇਨ੍ਹਾਂ 'ਤੇ ਕ੍ਰਿਪਾ ਕਰੋ, ਪੱਥਰ ਸੁੱਟ ਦਿੰਦੇ ਨੇ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਹਿੰਦਾ ਸੁੱਟ ਦਿਓ ਪੱਥਰ। ਆ ਜਾਓ, ਬਹਿ ਜਾਓ ਸਾਰੇ। ਸਾਰੇ ਘੇਰਾ ਘੱਤ ਕੇ ਬੈਠ ਗਏ। ਵਿਚਾਲੇ ਗੁਰੂ ਨਾਨਕ ਪਾਤਸ਼ਾਹ ਨੇ, ਸਾਮ੍ਹਣੇ ਪੀਰ ਬੈਠਾ ਹੈ। ਉਹਦਾ ਲੜਕਾ ਬੈਠਾ ਹੈ, ਹੋਰ ਮੁਖੀ-ਮੁਖੀ ਚੇਲੇ ਬੈਠੇ ਨੇ। ਬਾਕੀ ਸ਼ਹਿਰ ਬੈਠਾ ਹੈ। Pin drop silence ਹੋਈ ਹੋਈ ਹੈ ਕਿ ਦੋਹਾਂ ਦੇ ਬਚਨ ਸੁਣੀਏ ਕਿ ਕੀ ਕਹਿੰਦੇ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕੀ ਇਤਰਾਜ਼ ਹੈ, ਕਹਿੰਦੇ, ਸਰੋਦ ਵਜਾਉਂਦੇ ਓਂ। ਤੁਸੀਂ ਸਾਜ ਵਜਾਉਂਦੇ ਓਂ। ਮਹਾਰਾਜ ਕਹਿੰਦੇ, ਇਹ ਕੋਈ ਮਾੜੀ ਗੱਲ ਹੈ ਇਹ ਰੂਹ ਦੀ ਖੁਰਾਕ ਹੈ। ਇਹਦੀ ਜੇ ਦੁਰਵਰਤੋਂ ਕਰੀ ਜਾਵੇ

ਤਾਂ ਇਹ ਮਾੜਾ ਹੈ ਜੇ ਵਿਸ਼ੇ ਵਿਕਾਰ ਇਸ਼ਕੀਏ ਮਜਾਜ਼ੀ ਗੀਤ ਇਹਦੇ ਨਾਲ ਗਾਏ ਜਾਣ ਤਾਂ ਇਹ ਬੁੱਧੀ ਨੂੰ ਵਿਚਿਲਤ ਕਰਦੀ ਹੈ। ਲੇਕਿਨ ਜੇ ਹਰੀ ਦਾ ਜਸ ਕਰਿਆ ਜਾਵੇ ਤਾਂ ਆਤਮਾ ਨੂੰ ਚੁੱਕ ਕੇ ਆਪਣੇ ਘਰ ਵਿਚ ਲੈ ਜਾਂਦੀ ਹੈ। ਕਹਿੰਦੇ, ਤੁਹਾਡੇ ਇਸਲਾਮ ਵਿਚ ਹੀ ਲਿਖਿਆ ਹੋਇਆ ਹੈ ਕਿ ਜਦੋਂ ਖੁਦਾ ਨੇ ਜੁੱਸਾ ਬਣਾਇਆ, ਇਹਦੇ 'ਚ ਰੂਹ ਪਾਈ, ਰੂਹ ਟਿਕੀ ਨਾ। ਬਾਹਰ ਨਿਕਲ ਗਈ, ਖੁਦਾ ਨੇ ਕਿਹਾ ਕਿ ਕੀ ਗੱਲ ਤੂੰ ਟਿਕਦੀ ਨਹੀਂ। ਕਹਿੰਦੀ ਉਥੇ ਤਾਂ, ਸੁੰਨ-ਮੁੰਨ ਪਿਆ ਹੈ, ਮੈਂ ਕੀ ਟਿਕਾਂ। ਕਹਿੰਦੇ ਜਾਹ, ਆਪਣੀ ਦਰਗਾਹ ਦੇ ਨਾਦ ਇਹਦੇ ਵਿਚ ਪਾ ਦਿੱਤੇ। ਅਨਹਦ ਨਾਦ ਪਾ ਦਿੱਤੇ, ਜਦੋਂ ਗਈ ਤਾਂ ਅਨਹਦ ਨਾਦਾਂ ਦੀ ਮਸਤੀ ਚੜ੍ਹ ਗਈ। ਲੇਕਿਨ ਫੇਰ ਬਾਹਰ ਆ ਗਈ। ਕਹਿੰਦੇ ਹੁਣ ਕਿਉਂ ਬਾਹਰ ਆ ਗਈ? ਕਹਿੰਦੀ, ਹਨ੍ਹੇਰ ਗੁਬਾਰ ਪਿਆ ਹੈ। ਕਹਿੰਦੇ ਚੰਗਾ ਮੈਂ ਦਰਗਾਹ ਦਾ ਚਾਨਣਾ ਵੀ ਇਹਦੇ 'ਚ ਪਾ ਦਿੰਦਾ ਹਾਂ। ਜਿਹੜਾ ਸਾਡੇ ਵਿਚ ਹੈ ਸਾਧਸੰਗਤ ਜੀ, ਓਹੀ ਦਰਗਾਹ ਵਿਚ ਹੈ। ਇੱਥੇ ਵੀ ਛੋਟੀ ਜਿਹੀ ਦਰਗਾਹ ਹੈ ਦਸਵੇਂ ਦੁਆਰ 'ਚ। ਕਹਿੰਦੇ ਓਸ ਵੇਲੇ ਤੋਂ ਰੂਹ ਉਸ ਰਾਗ ਨੂੰ ਸੁਣ ਕੇ ਆਹ ਸਰੀਰ 'ਚ ਰਹੀ ਹੈ, ਰਾਗ ਤਾਂ ਮਾੜਾ ਨਹੀਂ। ਇਹ ਥੱਲੇ ਉਤਰ ਆਈ, ਇਹਦੇ ਵਾਪਸ ਲਿਜਾਣ ਦਾ ਕੇਵਲ ਇੱਕੋ ਸਾਧਨ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - 1075***

ਪੀਰ ਮੰਨ ਗਿਆ ਤੇ ਦੂਸਰਾ ਕੀ ਇਤਰਾਜ਼ ਹੈ। ਕਹਿਣ ਲੱਗਿਆ, ਦੂਸਰਾ ਇਹ ਹੈ ਕਿ ਤੁਸੀਂ ਕੁਫਰ ਬੋਲਿਆ ਹੈ। ਝੂਠ ਬੋਲਿਆ ਹੈ -

***ਧਾਰਨਾ - ਸੱਤ ਪਤਾਲ ਤੇ ਆਕਾਸ਼ ਸਾਰੇ ਆਖਦੇ,***
***ਦੱਸ ਕਾਹਨੂੰ ਕੁਫਰ ਬੋਲਦੈਂ।***

ਕਹਿਣ ਲੱਗਿਆ, ਨਾਨਕ ਜੀ! ਸਾਰਾ ਸੰਸਾਰ ਹਿੰਦੂ ਧਰਮ ਚੌਦਾਂ, ਸੱਤ ਆਕਾਸ਼ ਤੇ ਸੱਤ ਪਾਤਾਲ; ਅਤਲ, ਬਿਤਲ, ਸਤਲ ਨਾਉਂ ਨੇ ਉਨ੍ਹਾਂ ਦੇ। ਭਵ, ਭੂਤ ਇਹ ਸਾਰੇ ਆਕਾਸ਼ਾਂ ਦੇ ਨਾਉਂ। ਅਸੀਂ ਵੀ ਸੱਤ ਕਹਿੰਦੇ ਹਾਂ ਉਹ ਵੀ ਸੱਤ ਕਹਿੰਦੇ ਨੇ। ਤੂੰ ਲੱਖਾਂ ਕਿਵੇਂ ਬੋਲਦਾ ਹੈਂ? ਝੂਠ ਬੋਲਦਾ ਹੈਂ ਤੂੰ ਇਹ ਗੱਲ। ਕੁਫਰ ਬੋਲਦਾ ਹੈਂ, ਗੁਮਰਾਹ ਕਰੇਗਾ ਸੁਣਨ ਵਾਲਿਆਂ ਨੂੰ। ਮਹਾਰਾਜ ਮੁਸਕਰਾ ਪਏ, ਕਹਿੰਦੇ ਪੀਰ ਜੀ! ਇਹ ਤਾਂ ਨਿਗ੍ਹਾ ਦੀ ਗੱਲ ਹੈ। ਜਿਹਦੀ ਨਿਗ੍ਹਾ 'ਚ ਸੱਤ ਆਉਂਦੇ ਨੇ ਉਹ ਸੱਤ ਕਹਿੰਦਾ ਹੈ। ਜਿਹਦੀ ਨਿਗ੍ਹਾ 'ਚ ਲੱਖਾਂ ਆਉਂਦੇ ਨੇ ਉਹ ਲੱਖਾਂ ਬੋਲਦਾ ਹੈ -

***ਧਾਰਨਾ - ਜਿਹਨੂੰ ਲੱਖਾਂ ਹੀ ਆਕਾਸ਼ ਨਜ਼ਰ ਆਏ***
***ਲੱਖਾਂ ਦੀ ਉਹ ਗੱਲ ਕਰਦਾ।***

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥***

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥* ***ਅੰਗ - 5***

ਪੀਰ ਜੀ! ਲੱਖਾਂ ਦੀ ਕੀ ਗੱਲ ਕਰਦੇ ਓਂ। ਇਹ ਤਾਂ ਲੇਖੇ ਤੋਂ ਅੱਗੇ ਦੀਆਂ ਗੱਲਾਂ ਨੇ। ਇਹਦਾ ਲੇਖਾ ਨਹੀਂ ਹੋ ਸਕਦਾ। ਕੋਈ ਇਹਦਾ ਹਿਸਾਬ ਕਿਤਾਬ ਨਹੀਂ। ਬੇਅੰਤ ਜਿਹਨੂੰ ਕਹਿ ਦਿੱਤਾ ਉਹਦਾ ਅੰਤ ਕਿਵੇਂ ਲੈ ਲਓਂਗੇ ਤੁਸੀਂ। ਕਹਿੰਦੇ ਦੇਖੋ, ਤੁਹਾਡਾ ਪੈਗੰਬਰ ਜਿਸ ਵਕਤ ਇਹਨੂੰ ਬੁਲਾਇਆ। ਜ਼ਬਰਾਈਦ ਇਹਨੂੰ ਲੈਣ ਵਾਸਤੇ ਆਉਂਦਾ ਹੈ, ਜਦੋਂ ਦਰਗਾਹ ਨੂੰ ਜਾਂਦਾ ਹੈ ਤਾਂ ਰਸਤੇ ਦੇ ਵਿਚ ਇੱਕ ਊਠਾਂ ਦੀ ਕਤਾਰ ਆ ਗਈ। ਉਹਨੂੰ ਦੇਖ ਕੇ ਪੈਗੰਬਰ ਖੜ੍ਹਾ ਹੋ ਗਿਆ। ਹੈ ਨਾ ਤੁਹਾਡੇ ਲਿਖਿਆ ਹੋਇਆ। ਕਹਿੰਦਾ, ਉਥੇ ਉਹ ਕਹਿਣ ਲੱਗੇ ਕਿ ਲੰਘ ਗਿਆ । ਇੱਕ ਦੀ ਜਿਹੜੀ ਮੁਹਾਰ ਹੈ ਇਹਨੂੰ ਚੁੱਕੋ ਤੇ ਥੱਲੇ ਦੀ ਲੰਘ ਆਓ। ਕਹਿੰਦਾ ਇਹ ਮੁੱਕੇ ਤਾਂ ਲੰਘ ਆਵਾਂਗੇ। ਕਹਿੰਦਾ, ਇਹ ਤਾਂ ਮੈਂ ਜਦੋਂ ਪੈਦਾ ਹੋਇਆ ਸੀ ਉਸ ਵੇਲੇ ਵੀ ਚਲਦੀ ਸੀ। ਮੇਰੇ ਤੋਂ ਜਿਹੜਾ ਪਹਿਲਾਂ ਜ਼ਬਰਾਈਲ ਸੀ ਉਹ ਵੀ ਚਲਦਾ ਸੀ। ਮੇਰੀ ਉਮਰ ਸੋਲਾਂ ਕਰੋੜ, ਖਰਬ ਸਾਲ ਦੀ ਹੈ। ਮੇਰੇ ਤੋਂ ਪਹਿਲਾਂ ਵੀ ਇਹ ਚਲਦੀ ਸੀ, ਪਤਾ ਨਹੀਂ ਕਿਹੜੇ ਵੇਲੇ ਦੇ ਇਹ ਚਲਦੇ ਨੇ ਉੱਠ। ਕਹਿੰਦੇ ਇਹਦੇ ਉਤੇ ਕੀ ਹੈ, ਕਹਿੰਦੇ ਇੱਕ ਲਾਈਨ 'ਚੋਂ ਕੱਢ ਕੇ ਦੇਖ ਲੈਂਦੇ ਹਾਂ। ਇੱਕ ਉਠ ਕੱਢ ਲਿਆ, ਜਿਸ ਵਕਤ ਬਿਠਾਇਆ, ਉਹਦੇ ਉਤੇ ਦੋ ਬਕਸੇ ਲੱਦੇ ਹੋਏ, ਬਕਸਾ ਖੋਲ੍ਹਿਆ ਤਾਂ ਇੱਕ ਆਂਡਾ ਵਿਚੋਂ ਕੱਢ ਲਿਆ। ਆਂਡਾ ਭੰਨਿਆਂ ਤਾਂ ਕੀ ਦੇਖਦੇ ਨੇ ਕਿ ਇੱਕ ਬ੍ਰਹਿਮੰਡ ਦਿਸਿਆ ਸਾਰਾ। ਕਹਿੰਦਾ ਐਨੇ ਬ੍ਰਹਿਮੰਡ ਨੇ, ਪ੍ਰਮੇਸ਼ਰ ਦਾ ਕੋਈ ਅੰਤ ਨਹੀਂ ਹੈ, ਕਿੰਨੀ ਕੁਦਰਤ ਹੈ ਉਹਦੀ, ਇਥੇ ਤਾਂ ਵਾਹ-ਵਾਹ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਵਾਹਿਗੁਰੂ-ਵਾਹਿਗੁਰੂ। ਇਹੀ ਅੰਤਮ ਨਾਮ ਹੈ। ਪੀਰ ਚੁੱਪ ਕਰ ਗਿਆ, ਕਹਿੰਦਾ ਫੇਰ ਅਸੀਂ ਤਾਂ, ਤਾਂ ਮੰਨਦੇ ਹਾਂ ਜੇ ਸਾਨੂੰ ਦਿਖਾਵੇਂ। ਭਾਈ ਗੁਰਦਾਸ ਜੀ ਲਿਖਦੇ ਨੇ -

*ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰਿ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾ ਜੋ ਤੁਹਿ ਪਾਈ।*

***ਭਾਈ ਗੁਰਦਾਸ ਜੀ, ਵਾਰ 1/36***

ਸਾਨੂੰ ਦਿਖਾਲ, ਮਹਾਰਾਜ ਕਹਿੰਦੇ ਚੱਲ ਪੀਰ ਜੀ! ਤੈਨੂੰ ਦਿਖਾਲੀਏ। ਲੱਖਾਂ ਹੀ ਆਕਾਸ਼ ਪਾਤਾਲ, ਪੀਰ ਕਹਿੰਦਾ ਮੇਰੀ ਉਮਰ ਬੁਢਾਪੇ ਦੀ ਹੈ। ਦੇਖਦੇ-ਦੇਖਦੇ ਮੈਂ ਉਥੇ ਹੀ ਨਾ ਚੜ੍ਹਾਈ ਕਰ ਜਾਵਾਂ। ਐਉਂ ਕਰੋ ਮੇਰੇ ਲੜਕੇ ਨੂੰ ਲੈ ਜਾਓ। ਕਹਿੰਦੇ ਇਤਬਾਰ ਹੈ ਤੈਨੂੰ ਇਸ ਲੜਕੇ 'ਤੇ। ਕਹਿੰਦੇ ਹਾਂ, ਇਹ ਲੜਕਾ ਬਿਲਕੁਲ ਕਾਬਲ ਹੈ, ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਸੀ। ਉਹਦਾ ਨਾਉਂ ਬਹਿਲੋਲ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, 'ਕਿ ਤੁਸੀਂ ਇੱਥੇ ਹੀ ਬੈਠਿਓ, ਆਏ ਅਸੀਂ। ਉਸ ਵੇਲੇ ਬਾਂਹ ਫੜ ਲਈ, ਕਹਿੰਦੇ ਮੀਚ ਅੱਖਾਂ। ਨੇਤਰ ਬੰਦ ਕਰ ਲਏ,

ਦੇਖ ਆਕਾਸ਼, ਦੇਖ ਆਕਾਸ਼, ਦੇਖਦਾ ਹੀ ਤੁਰਿਆ ਜਾਂਦਾ ਹੈ, ਦੇਖਦਾ ਹੀ ਤੁਰਿਆ ਜਾਂਦਾ ਹੈ। ਦਿਨ ਰਾਤ ਮੁਕਦੇ ਜਾਂਦੇ ਨੇ। ਥੱਕ ਗਿਆ ਕਹਿੰਦਾ ਇਹ ਤਾਂ ਅੰਤ ਹੀ ਨਹੀਂ ਆਉਂਦਾ, ਕਹਿੰਦਾ, ਚੱਲ ਤੈਨੂੰ ਪਾਤਾਲ ਦਿਖਾਈਏ। ਫੇਰ ਪਾਤਾਲ ਦਿਖਾਉਣੇ ਸ਼ੁਰੂ ਕਰ ਦਿਤੇ, ਕਹਿੰਦਾ ਮਹਾਰਾਜ! ਇਹ ਤਾਂ ਪਤਾ ਨਹੀਂ ਕਿੰਨੇ ਕੁ ਸਾਲ ਆਪਾਂ ਨੂੰ ਹੋ ਗਏ, ਉਹ ਤਾਂ ਮਰ-ਮੁਰ ਵੀ ਗਏ ਹੋਣੇ, ਜਿਹਨੂੰ ਅਸੀਂ ਜਾ ਕੇ ਦਸਣਾ ਸੀ। ਹੁਣ ਕ੍ਰਿਪਾ ਕਰੋ ਆਪਾਂ ਵਾਪਸ ਚੱਲੀਏ। ਕਹਿੰਦੇ, ਮਰੇ ਨਹੀਂ ਹੈਗੇ ਇਹ ਸਮੇਂ ਦਾ ਹੇਰ ਫੇਰ ਹੈ। ਇਹ ਗੱਲ ਸਮਝ 'ਚ ਨਹੀਂ ਆਉਂਦੀ, ਦੁਨੀਆਂ ਦੇ, ਸਮੇਂ ਦਾ ਹੇਰ ਫੇਰ ਹੈ। ਇਸ ਤਰ੍ਹਾਂ ਕਰ ਤੇਰੇ ਅੱਬਾ ਜਾਨ ਨੇ ਨਹੀਂ ਮੰਨਣਾ, ਆਹ ਦੇਖ ਆਪਣੀ ਸੰਗਤ। ਅੱਗੇ ਗਏ ਤਾਂ ਇਹ ਸੰਗਤ ਹਰੀ ਦਾ ਜਸ ਕਰ ਰਹੀ ਹੈ, ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਉਸੇ ਵੇਲੇ ਸਾਰੀ ਸੰਗਤ ਸਤਿਕਾਰ ਵਾਸਤੇ ਨਮਸ਼ਕਾਰਾਂ ਕਰਨ ਲਗ ਗਈ। ਮਹਾਰਾਜ ਸੰਗਤ 'ਚ ਬੈਠ ਗਏ। ਪ੍ਰਸ਼ਾਦ ਵਰਤਾਓ ਭਾਈ, ਪ੍ਰਸ਼ਾਦ ਵਰਤਾਇਆ, ਬਰਤਨ ਲਿਆ, ਉਹਦੇ ਵਿਚ ਉਹਨੂੰ ਪ੍ਰਸ਼ਾਦ ਪਾ ਦਿੱਤਾ। ਫੇਰ ਅਗਲੇ ਪਾਤਾਲ 'ਚ ਗਏ, ਫੇਰ ਪ੍ਰਸ਼ਾਦ। ਜਿੱਥੇ ਦੇਖੇ ਗੁਰੂ ਨਾਨਕ ਦੀ ਸੰਗਤ, ਕਹਿਣ ਲੱਗਿਆ ਹੈਂ, ਕ੍ਰੋੜਾਂ ਬ੍ਰਹਿਮੰਡਾਂ ਵਿਚ ਇੱਕੋ ਗੁਰੂ ਨਾਨਕ ਪਾਤਸ਼ਾਹ ਨੇ। ਜੇ ਮੈਂ ਧੋਖਾ ਨਾ ਖਾਵਾਂ ਇਹ ਤਾਂ ਅੱਲਾਹ ਤਾਲਾਹ ਆਪ ਆ ਗਿਆ। ਬੋਲਦਾ ਨਹੀਂ ਹੁਣ, ਵਿਸਮਾਦ 'ਚ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਚੱਲ ਆ ਹੁਣ ਚੱਲੀਏ। ਭਾਂਡਾ ਭਰਿਆ ਹੋਇਆ ਹੈ ਪ੍ਰਸ਼ਾਦ ਦਾ। ਥਾਂ-ਥਾਂ 'ਤੇ ਕੜਾਹ ਪ੍ਰਸ਼ਾਦ, ਥਾਂ-ਥਾਂ ਤੋਂ ਕੜਾਹ ਪ੍ਰਸ਼ਾਦ। ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੀਆਂ ਸੰਗਤਾਂ, ਏਸ ਵੇਲੇ ਸਾਰੇ ਬ੍ਰਹਿਮੰਡਾਂ 'ਚ ਅਕਾਲ ਪੁਰਖ ਨੇ ਸਾਡੀ ਡਿਊਟੀ ਲਾਈ ਹੈ।

ਸਾਧਸੰਗਤ ਜੀ! ਸਾਡਾ ਹੀ ਨਹੀਂ ਇਕੱਲਿਆਂ ਦਾ ਗੁਰੂ ਨਾਨਕ। ਉਹ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀਆਂ ਜਿੰਨੀਆਂ ਅਬਾਦੀਆਂ ਨੇ ਸਭ ਦਾ ਹੀ ਹੈ। ਹੋ ਸਕਦਾ ਹੈ ਸਾਡੇ ਨਾਲੋਂ ਜ਼ਿਆਦਾ ਉਨ੍ਹਾਂ ਦੀ ਕਦਰ ਪਾ ਲਈ ਹੋਵੇ। ਅਸੀਂ ਤਾਂ ਪਾਈ ਨਹੀਂ ਹੈ, ਅਸੀਂ ਤਾਂ ਸ਼ਰਾਬ ਹੀ ਨਹੀਂ ਛੱਡਦੇ, ਉਹਦੇ ਕਹਿਣ 'ਤੇ। ਨਾਮ ਹੀ ਨਹੀਂ ਜਪਦੇ। ਉਸ ਵੇਲੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਏਧਰ ਥੋੜ੍ਹਾ ਜਿਹਾ ਸਮਾਂ ਲੰਘਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ।***
***ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।***
***ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।***
***ਜਾਹਰ ਕਲਾ ਨ ਛਪੈ ਛਪਾਈ।***

***ਭਾਈ ਗੁਰਦਾਸ ਜੀ, ਵਾਰ 1/36***

ਹੁਣ ਕਿਵੇਂ ਛੁਪ ਜਾਵੇ। ਉਹਨੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਕਹਿੰਦਾ ਅੱਬਾ ਜਾਨ! ਸਿਜਦਾ ਕਰੋ ਇਹ ਤਾਂ ਖੁਦਾਵੰਦ ਤਾਲਾ ਆਪ ਆ ਗਿਆ। ਆਪ ਹੀ ਹੈ, ਮੈਂ ਸਭ ਕੁਛ ਦੇਖ ਲਿਆ। ਜੋ ਕਹਿੰਦੇ ਨੇ ਠੀਕ

ਹੈ ਇਸਦਾ ਕੋਈ ਅੰਤ ਨਹੀਂ ਆਉਣਾ, ਤੇ ਹੁਣ ਕੌਣ ਹੈ ਜਿਹੜਾ ਇਹ ਚੀਜ਼ ਕਰ ਦੇਵੇ –

*ਧਾਰਨਾ – ਵਾਹਵਾ ਵਾਹਵਾ ਬਈ*
*ਝੱਲੇ ਕਿਹੜਾ ਝਾਲ ਗੁਰਾਂ ਦੀ।*

ਲੱਖਾਂ ਆਕਾਸ਼ ਪਾਤਾਲ ਦਿਖਾਏ।

*ਜਾਹਰ ਕਲਾ ਨ ਛਪੈ ਛਪਾਈ।*

***ਭਾਈ ਗੁਰਦਾਸ ਜੀ, ਵਾਰ 1/36***

ਕੌਣ ਸੀ ਦੁਨੀਆਂ ਦੇ ਅੰਦਰ, ਜਿਹੜਾ ਗੁਰੂ ਨਾਨਕ ਦੀ ਝਾਲ ਝੱਲ ਸਕਦਾ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ 'ਵਾਹਿਗੁਰੂ' ਨਾਮ ਦਾ ਸਤਿਨਾਮ ਦਾ ਡੰਕਾ ਸਾਰੇ ਸੰਸਾਰ 'ਚ ਵਜਾ ਕੇ, ਸਾਰਾ ਸੰਸਾਰ ਜਿੱਤ ਲਿਆ –

*ਧਾਰਨਾ – ਸਤਿਨਾਮ ਵਾਲਾ ਡੰਕਾ ਵਜਾ ਕੇ,*
*ਬਾਬੇ ਜਿੱਤੀ ਸਾਰੀ ਦੁਨੀਆਂ।*

*ਗੜ ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲਾ ਆਕਾਸ ਲਖ ਜੀ ਧਰੀ ਜਗਤੁ ਸਬਾਇਆ।*
*ਜੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈ ਸਭ ਚਿਤਿ ਗੁਪਤਿ ਸਭ ਚਰਨੀ ਲਾਇਆ।*
*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।*
*ਭਇਆ ਅਨੰਦੁ ਜਗਤੁ ਵਿਚਿ*
*ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਣਿ ਨਿਵਾਇਆ।*

***ਭਾਈ ਗੁਰਦਾਸ ਜੀ, ਵਾਰ 1/37***

*ਧਾਰਨਾ – ਵਾਹਵਾ-ਵਾਹਵਾ ਬਈ ਕਲਜੁਗ ਤਾਰਨੇ ਨੂੰ।*
*ਸਤਿਗੁਰ ਨਾਨਕ ਜਗ ਵਿਚ ਆਇਆ।*

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ 'ਸ਼ਬਦ ਸੁਰਤਿ' ਦਾ ਨਾਮ ਮਾਰਗ ਪ੍ਰਚਲਤ ਕੀਤਾ। ਗ੍ਰਿਹਸਤ ਵਿਚ ਰਹਿੰਦੇ ਹੋਏ, ਕਾਰੋਬਾਰ ਕਰਦੇ ਹੋਏ, ਨੇਕ ਨੀਤ ਹੋ ਕੇ, ਪ੍ਰਮੇਸ਼ਰ ਦੇ ਦਰ 'ਤੇ ਪਹੁੰਚਣ ਦੀ ਜਾਂਚ ਦੱਸੀ। ਜ਼ਿੰਦਗੀ ਨੂੰ ਸੁਖਾਲਾ ਕਰ ਦਿੱਤਾ, ਭਰਮਾਂ-ਭੁਲੇਖਿਆਂ ਵਿਚੋਂ ਕੱਢ ਦਿੱਤਾ। ਮਨੁੱਖ ਕਿਹੋ ਜਿਹਾ ਹੀ ਹੈ। ਜਿਹੋ ਜਿਹਾ ਵੀ ਹੈ ਜੇ ਉਹਦਾ ਪ੍ਰਮੇਸ਼ਰ ਵਲ ਉਸ ਦਾ ਚਿੱਤ ਹੋ ਜਾਵੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੁੰਦਾ ਹੈ। ਸਾਨੂੰ ਰੂਪ-ਰੇਖਾਂ 'ਚੋਂ, ਭੇਖਾਂ 'ਚੋਂ ਕੱਢ ਦਿੱਤਾ, ਨਿਰਾਰਥਕ ਰਸਮਾਂ ਵਿਚੋਂ ਕੱਢ ਦਿੱਤਾ। ਜੇ ਜਨੇਊ ਨੂੰ ਦੇਖਿਆ ਗੁਰੂ ਨਾਨਕ ਨੇ, ਕਹਿ ਦਿੱਤਾ ਕਿ ਇਹ ਜਨੇਊ ਸੱਚ ਦਾ ਨਹੀਂ ਹੈ। ਜਨੇਊ ਉਹ ਪਾਇਆ ਜਿਹੜਾ ਦਰਗਾਹ ਵਿਚ ਨਾਲ ਜਾਵੇ। ਮੱਥੇ 'ਤੇ ਚਿੰਨ੍ਹ ਉਹ ਲਾ ਜਿਹੜਾ ਦਰਗਾਹ ਦੇ ਵਿਚ ਨਿਸ਼ਾਨ ਬਣ ਜਾਵੇ ਉਹ ਨਾਮ ਦਾ ਹੈ। ਇਸੇ ਤਰ੍ਹਾਂ ਜੇ ਨਮਾਜ਼ ਪੜ੍ਹਨੀ ਹੈ ਤਾਂ ਚਿੱਤ ਨੂੰ ਇਕਾਗਰ ਕਰਕੇ ਹਰੀ ਦੀ ਹਜ਼ੂਰੀ ਵਿਚ ਪੜ੍ਹ। ਅੱਖਰ ਨਾ ਗਿਣ,

ਅੱਖਰ ਗਿਣਨ ਤੋਂ ਹਟਾ ਦਿੱਤਾ, ਜਿੰਦ ਪਾ ਦਿੱਤੀ ਧਰਮ ਦੇ ਅੰਦਰ ਤੇ ਨਵੀਂ ਰੌਂ ਦੇ ਕੇ ਨਵੇਂ ਖਿਆਲ ਦੇ ਕੇ, ਨਰੋਏ ਮਨੁੱਖ ਪੈਦਾ ਕਰਕੇ ਉਹਨੂੰ ਖਾਲਸੇ ਦੀ ਪਦਵੀ ਦੇ ਦਿਤੀ। ਬ੍ਰਹਮਗਿਆਨੀ ਦੀ ਤੇ ਸੰਸਾਰ ਦੇ ਉਧਾਰ ਵਾਸਤੇ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸੰਸਾਰ ਨੂੰ ਸੇਧ ਦੇ ਦਿਤੀ। ਹੁਣ ਅਸੀਂ ਲੋਕ ਹਾਂ ਸਾਡਾ ਫਰਜ਼ ਬਣ ਜਾਂਦਾ ਹੈ। ਅਸੀਂ ਆਪ ਕਿੰਨਾ ਬਾਣੀ ਦੇ ਉਤੇ ਚੱਲ ਕੇ ਕਮਾਈ ਕਰਦੇ ਹਾਂ। ਕਿੰਨਾ ਕੁ ਸਾਧਨ ਕਰਦੇ ਹਾਂ। ਪਹਿਲਾਂ ਆਪਣੇ ਆਪ ਨੂੰ ਸਮਝਾਵੋ -

***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥***

***ਅੰਗ - 31***

ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰੋ, ਫੇਰ ਕਿਸੇ ਨੂੰ ਕੋਈ ਗੱਲ ਕਹੋ। ਜੇ ਗੱਲ ਦੂਜੀ ਕਹੀ ਜਾਵੇ ਉਹਦਾ ਅਸਰ ਨਹੀਂ ਹੋਇਆ ਕਰਦਾ, ਅਸਰ ਉਸੇ ਗੱਲ ਦਾ ਹੁੰਦਾ ਹੈ, ਗੁਰੂ ਨਾਨਕ ਨੇ ਨਿਰੰਕਾਰ ਦੀ ਆਵਾਜ਼ ਮਾਰੀ ਸੁੰਨ ਮੁੰਨ ਨਗਰੀ ਹੋ ਗਈ। ਅਸੀਂ ਜਿੰਨੀਆਂ ਜੀਅ ਕਰਦਾ ਹੈ ਮਾਰੀ ਜਾਈਏ, ਚਿੜੀ ਵੀ ਨਹੀਂ ਉਡਦੀ। ਸੋ ਫਰਕ ਹੈ ਸਾਡੀ ਕਮਾਈ ਦੇ ਵਿਚ। ਸਾਧਸੰਗਤ ਜੀ! ਗੁਰੂ ਨਾਨਕ ਨੂੰ ਪਛਾਣੋ।

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ - 1395***

ਹਾਜ਼ਰ ਨਾਜ਼ਰ ਨੇ ਉਨ੍ਹਾਂ ਦਾ ਧਿਆਨ ਕਰੋ, ਧਿਆਨ ਕਰਕੇ ਪ੍ਰਮੇਸ਼ਰ ਦਾ ਨਾਮ ਜਪੋ ਤੇ ਆਪਣਾ ਜੀਵਨ ਸਫਲਾ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੇ।

***ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ***

# 2

# ਸ਼ਹੀਦੀ ਸਾਕਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*
*ਧਾਰਨਾ - ਲੇਖੇ ਵਿਚ ਲਾ ਲਓ ਜੀ, ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥*
*ਅੰਗ - 694*

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਇਸ ਪੰਡਾਲ ਦੇ ਆਖਰੀ ਦੀਵਾਨ ਵਿਚ ਆਪ ਕਾਰੋਬਾਰ ਛੱਡਦੇ ਹੋਏ ਪਹੁੰਚੇ ਓਂ। ਮਾਨਸ ਜਨਮ ਦੀ ਮਹੱਤਤਾ, ਪ੍ਰਮੇਸ਼ਰ ਕਿਵੇਂ ਮਿਲਦਾ ਹੈ, ਗੁਰੂ ਧਾਰਨ ਤੋਂ ਬਗੈਰ ਰਸਤਾ ਨਹੀਂ ਲੱਭਦਾ। ਇਸ ਤਰ੍ਹਾਂ ਹੀ ਬਹੁਤ ਸਾਰੇ ਬਚਨ ਆਪ ਨੇ ਸਰਵਣ ਕਰੇ, ਗੁਰਬਾਣੀ ਦੇ ਆਧਾਰ 'ਤੇ। ਮੇਰੇ ਪਿਛਲੇ ਪਾਸੇ ਇੱਕ ਬੋਰਡ ਲੱਗਿਆ ਹੋਇਆ ਹੈ। ਉਸ 'ਤੇ ਲਿਖਿਆ ਹੋਇਆਂ ਹੈ। ਕਿ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਇਹ ਦੀਵਾਨ ਸਮਰਪਿਤ ਕਰਦੇ ਹਾਂ। ਬਹੁਤ ਵੱਡੀ ਚੀਜ਼ ਹੈ ਕਿ ਇੱਕ ਐਸਾ ਵਾਕਾ ਜੋ ਦੁਨੀਆਂ ਦੇ ਵਿਚ ਕਿਤੇ ਵੀ ਨਹੀਂ ਹੋਇਆ। ਮਿਸਾਲ ਹੀ ਨਹੀਂ ਜਿਸਦੀ ਮਿਲਦੀ। ਉਸ ਨੂੰ ਸਮਰਪਿਤ ਕਰਨ ਵਾਸਤੇ ਆਪ ਹੁੰਮ-ਹੁੰਮਾ ਕੇ, ਪਹੁੰਚਦੇ ਓਂ, ਦੀਵਾਨ ਅਸਥਾਨ ਦੇ ਅੰਦਰ। ਜਦੋਂ ਤੱਕ ਸਾਨੂੰ ਸਹੀ ਗੱਲ ਦਾ ਪਤਾ ਨਹੀਂ ਲਗਦਾ, ਓਨੀਂ ਦੇਰ ਤੱਕ ਬਹੁਤ ਕਿਸਮ ਦੇ ਸਾਡੇ ਮਨਾਂ ਦੇ ਅੰਦਰ ਖਿਆਲ ਆਪੋ ਆਪਣਾ ਰੰਗ ਦਿੰਦੇ ਨੇ। ਗੁਰੂ ਦਸ਼ਮੇਸ਼ ਪਿਤਾ ਦਾ ਜੋ ਜੀਵਨ ਹੈ ਪਿਆਰ ਭਰਿਆ ਹੈ ਜਿੰਨਾਂ

ਪਿਆਰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੀਤਾ ਹੈ, ਉਥੇ ਆਪ ਨੇ ਫੁਰਮਾਨ ਇਹ ਕਰ ਦਿੱਤਾ ਕਿ ਪਿਆਰਿਓ! ਰੱਬ ਨੂੰ ਮਿਲਣਾ ਚਾਹੁੰਦੇ ਓਂ, ਪਰ ਇੱਕ ਮੇਰੀ ਗੱਲ ਸੁਣ ਲਓ -

***ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ***
***ਤਿਨ ਹੀ ਪ੍ਰਭ ਪਾਇਓ॥***

ਆਪ ਪਿਆਰ ਦੇ ਸਾਗਰ ਸਨ। ਐਨੇ ਪਿਆਰ ਦੇ ਹੁੰਦਿਆਂ ਯੁੱਧ ਜੰਗ ਕਿਵੇਂ ਗਲ ਪੈ ਗਏ? ਯੁੱਧ ਤਾਂ ਉਹਦੇ ਨਾਲ ਹੀ ਪੈਂਦੇ ਨੇ ਜਿਹਨੇ ਕੁਛ ਗੈਰ-ਕਾਨੂੰਨੀ ਕਰੀ ਹੋਵੇ, ਗਲਤ ਕੰਮ ਕਰੇ ਹੋਣ, ਜਾਂ ਆਪ ਰਾਜ ਵਗੈਰਾ ਲੈਣਾ ਚਾਹੁੰਦਾ ਹੋਵੇ, ਤਾਂ ਯੁੱਧ ਪੈਂਦੇ ਨੇ ਗਲ, ਉਹ ਤਾਂ ਆਰਾਮ ਦੇ ਨਾਲ ਐਸੇ-ਐਸੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਾਰਜ ਕੀਤੇ ਆਪਣੀ ਛੋਟੀ ਜਿਹੀ ਜ਼ਿੰਦਗੀ 'ਚ, 42 ਕੁ ਸਾਲ ਦੇ ਸਨ ਆਪ। ਹੈਰਾਨ ਹੋ ਜਾਈਦਾ ਹੈ ਕਿ ਆਪ ਨੂੰ ਸਮਾਂ ਕਿੱਥੋਂ ਮਿਲ ਗਿਆ, ਐਨੀਆਂ ਪੁਸਤਕਾਂ ਤੇ ਐਨਾ ਲਿਖਣ ਵਾਸਤੇ ਤੇ ਫੇਰ ਕਿੱਡੀ ਵੱਡੀ ਸੋਚ, ਉਥੇ ਚੁੱਪ ਕਰ ਜਾਈਦਾ ਹੈ ਕਿ ਉਨ੍ਹਾਂ ਦੇ ਬਾਰੇ ਸੋਚਿਆ ਨਹੀਂ ਜਾ ਸਕਦਾ। ਆਪ ਦਾ ਸਾਰਿਆਂ ਨਾਲ ਪਿਆਰ ਸੀ, ਸਭ ਧਰਮਾਂ ਨਾਲ। ਆਪ ਦੇ ਜੋ ਖਿਲਾਫ ਜੋ ਯੁੱਧ ਜੰਗ ਹੋਏ ਨੇ ਉਹਦੇ 'ਚ ਅਸੀਂ ਕਿਸੇ ਕੌਮ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ, ਇਹ ਗੱਲ ਧਿਆਨ ਨਾਲ ਸੁਣਿਓ।

300 ਸਾਲ ਤੋਂ ਸਾਡੇ ਬਜ਼ੁਰਗ ਇੱਕ ਗੱਲ ਕਹਿੰਦੇ ਆਉਂਦੇ ਸੀ, ਉਹ ਗੱਲ ਇਹ ਸੀ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਕਦੋਂ ਗੱਲ ਚੱਲ ਪਈ, ਵਾਹਿਗੁਰੂ ਜਾਣੇ। ਫੇਰ ਨਾਲ ਇਹ ਕਹਿ ਦਿੰਦੇ ਸੀ, ਜਦੋਂ ਮੈਂ ਛੋਟਾ ਸੀ, ਜਦ ਮੈਂ ਸੁਣਦਾ ਹੁੰਦਾ ਕਿ ਲਾਲਾ ਹੁੰਦਾ ਹੈ ਗੁੜ ਦਾ ਗਰਮ, ਨਾ ਤਾਂ ਗੁੜ ਬਣਿਆ ਹੁੰਦਾ, ਨਾ ਰਸ ਹੀ ਹੁੰਦਾ ਹੈ ਉਸ ਵਿਚ, ਵਿਚ ਵਿਚਾਲੇ ਜਿਹੇ ਹੁੰਦਾ ਹੈ। ਉਹ ਹੱਥ ਨਾਲ ਚਿੰਬੜ ਜਾਂਦਾ ਹੈ। ਜੇ ਬਾਂਹ ਪਾ ਦਿਓ ਉਹਦੇ ਵਿਚ ਬਾਂਹ ਦੇ ਉਤੇ ਉਹਦੀਆਂ ਤੈਹਾਂ ਦੀਆਂ ਤੈਹਾਂ ਜਮ ਜਾਂਦੀਆਂ ਨੇ। ਫੇਰ ਕਹਿੰਦੇ ਤਿਲਾਂ 'ਚ ਪਾ ਦੇਵੇ। ਜਿੰਨੇ ਤਿਲ ਜਲ ਜਾਣ ਜੇ ਐਨੀਆਂ ਸਹੁੰਆਂ ਜੇ ਇਸਲਾਮ ਵਾਲਾ ਮੁਸਲਮਾਨ ਖਾਵੇ, ਤਾਂ ਵੀ ਨਾ ਇਤਬਾਰ ਕਰੋ। ਐਸੀਆਂ ਬਾਤਾਂ ਸੀਨਾ-ਬ-ਸੀਨਾ ਚਲਦੀਆਂ ਹੋਈਆਂ, ਬਗੈਰ ਸੋਚ ਤੋਂ ਅਸੀਂ ਇਸਨੂੰ ਦੱਬੀ ਗਏ, ਪਰ ਜਦੋਂ ਅਸੀਂ ਗੁਰੂ ਸਾਹਿਬ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਹਨੇ ਗੁਰੂ ਸਾਹਿਬ ਦੀ ਪੈਗੰਬਰੀ ਦਾ ਐਲਾਨ ਕੀਤਾ ਹੈ ਉਹ ਭੀਖਣਸ਼ਾਹ ਪੀਰ ਸੀ। ਮੁਸਲਮਾਨ ਸੀ। ਮੁਸਲਮਾਨਾਂ ਦਾ ਨਿਹਚਾ ਸੀ ਕਿ ਆਖਰੀ ਪੈਗੰਬਰ ਮੁਹੰਮਦ ਸਾਹਿਬ ਹੈ। ਪਰ ਈਸਾ ਜੀ ਨੇ 1600 ਸਾਲ ਪਹਿਲਾਂ ਇਹ ਗੱਲ ਕਹਿ ਦਿੱਤੀ ਸੀ ਕਿ ਇੱਕ ਪੈਗੰਬਰ ਸੰਸਾਰ 'ਤੇ ਆ ਰਿਹਾ ਹੈ। ਅੱਜ ਮੈਂ ਉਹ ਦੇਖਿਆ ਹੈ, ਅਸਮਾਨ ਖੁੱਲ੍ਹ ਗਿਆ ਮੇਰੇ ਸਾਮ੍ਹਣੇ। ਉਹ ਸਫੈਦ ਘੋੜੇ 'ਤੇ ਥੋੜ੍ਹਾ ਜਿਹਾ ਨੀਲੇ ਰੰਗ ਦਾ ਹੈ, ਉਹਦੇ ਉਤੇ ਬੈਠਾ ਹੈ। ਕਮਾਨ ਉਹਨੇ ਮੋਢੇ 'ਚ ਪਾਈ ਹੋਈ ਹੈ, ਦੂਜੇ ਮੋਢੇ 'ਚ, ਭੱਥੇ 'ਚ ਤੀਰ ਪਾਏ ਹੋਏ ਨੇ। ਤਲਵਾਰ ਲਟਕਦੀ ਹੈ, ਉਹਦੇ ਘੋੜੇ ਦੀ ਜੋ ਥੈਲੀ ਹੈ ਉਹਦੇ ਨਾਲ। ਬਰਛਾ

ਲਟਕ ਰਿਹਾ ਹੈ। ਸ਼ਸਤਰਧਾਰੀ ਹੋ ਕੇ ਆ ਰਿਹਾ ਹੈ, ਕਲਗੀ ਲੱਗੀ ਹੋਈ ਹੈ ਤੇ ਸੱਚੇ ਪਾਤਸ਼ਾਹ ਕਹਾਉਂਦਾ ਹੈ। 1600 ਸਾਲ ਪਹਿਲਾਂ ਇਹ ਪੇਸ਼ੀਨਗੋਈ ਈਸਾ ਜੀ ਨੇ ਦੋ ਵਾਰੀ ਆਪਣੇ ਚੇਲਿਆਂ ਨੂੰ ਸੁਣਾਈ। ਉਸ ਤੋਂ ਬਾਅਦ ਕੋਈ ਵੀ ਐਸਾ ਮਹਾਂਪੁਰਸ਼ ਨਹੀਂ ਆਇਆ ਜਿਹਦੀ ਇਹ ਸ਼ਕਲ ਹੋਵੇ। ਇਸਲਾਮ ਵਾਲਿਆਂ ਦਾ ਖਿਆਲ ਸੀ ਕਿ ਮੁਹੰਮਦ ਸਾਹਿਬ ਆਖਰੀ ਪੈਗੰਬਰ ਨੇ ਇਨ੍ਹਾਂ ਤੋਂ ਬਾਅਦ ਕੋਈ ਆ ਨਹੀਂ ਸਕਦਾ। ਠੀਕ ਹੈ ਉਨ੍ਹਾਂ ਦਾ ਨਿਸ਼ਚਾ ਇਵੇਂ ਜਿਵੇਂ ਹੋਣਾ ਚਾਹੀਦਾ। ਆਪਣੇ ਗੁਰੂ 'ਤੇ, ਆਪਣੇ ਪੀਰ ਪੈਗੰਬਰ 'ਤੇ ਨਿਸ਼ਚਾ ਪੂਰਾ ਹੋਣਾ ਚਾਹੀਦਾ ਹੈ। ਪਰ ਇਹ ਜੋ ਦੁਨੀਆਂ ਹੈ ਇਹ infinity (ਅਨੰਤਤਾ) ਹੈ, ਅੰਗ੍ਰੇਜ਼ੀ ਦਾ ਅੱਖਰ ਹੈ। ਜਿਹਦਾ ਕੋਈ ਹੱਦ ਬੰਨਾ ਹੀ ਨਾ ਹੋਵੇ, ਬੇਅੰਤ ਕਹਿ ਦਿਓ ਜਿਹਨੂੰ, ਉਹ ਹੈ ਇਹ। limit 'ਚ ਨਹੀਂ ਲਿਆਂਦੀ ਜਾ ਸਕਦੀ। ਇਹਦਾ ਕੋਈ ਅੰਤ ਨਹੀਂ, ਕਿਹੜੇ ਵੇਲੇ ਬਣੀ, ਕਿੰਨੀ ਦੇਰ ਇਹਨੇ ਰਹਿਣਾ ਹੈ, ਵਾਹਿਗੁਰੂ ਜਾਣੇ –

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਅੰਗ – 4***

ਇਸ ਤੋਂ ਬਾਅਦ ਜਿੱਥੇ ਵੀ ਬਹੁਤ important (ਬਹੁਤ ਜਰੂਰੀ) ਮਸਲੇ ਆਏ। ਉਥੇ ਇਸਲਾਮ ਵਾਲਿਆਂ ਨੇ ਹੀ ਹਮਦਰਦੀ ਦਿਖਾਈ ਬਹੁਤ, ਜ਼ਬਰਦਸਤ। ਇਤਿਹਾਸ ਗਵਾਹ ਹੈ।

ਜਦੋਂ ਆਪ ਲਖਨੌਰ ਆਉਂਦੇ ਨੇ ਉਥੇ ਦਾ ਜੋ ਪੀਰ ਸੀ, ਉਹਨੇ ਸੱਤ ਸਿਜਦੇ ਕੀਤੇ, ਪਾਲਕੀ 'ਚੋਂ ਉਤਰ ਕੇ, ਜਿਹੜੇ ਮੁਰੀਦ ਸੀ ਉਹ ਕੱਟੜ ਕਿਸਮ ਦੇ ਹੁੰਦੇ ਨੇ, ਕਹਿਣ ਲੱਗੇ, ਪੀਰ ਜੀ! ਇਹ ਕੀ ਹੈ, ਬਾਲਕ ਨੂੰ ਤੁਸੀਂ ਕਿਉਂ ਸਿਜਦੇ ਕਰਦੇ ਓਂ? ਕਹਿਣ ਲੱਗੇ, ਅੱਖਾਂ ਖੋਲ੍ਹੋ। ਮੈਂ ਜਦੋਂ ਰੱਬ ਦੀ ਦਰਗਾਹ 'ਚ ਜਾਂਦਾ ਹਾਂ, ਉਥੇ ਇਹੀ ਹੁੰਦਾ ਹੈ ਜਿਹੜਾ ਸਾਡੀਆਂ ਅਰਜ਼ੀਆਂ, ਪਰਚੇ ਅੱਗੇ ਲੈ ਕੇ ਜਾਂਦਾ ਹੈ। ਇਹ ਹੁਣ ਇਥੇ ਦੇਖਿਆ ਹੈ ਮੈਂ ਅੱਜ, ਫੇਰ ਕਿਉਂ ਨਾ ਮੈਂ ਸਿਜਦਾ ਕਰਾਂ। ਹੋਸ਼ 'ਚ ਆਓ, ਸ਼ਰਧਾ 'ਚ ਆਓ, ਤੁਸੀਂ ਵੀ ਸਾਰੇ ਮੱਥਾ ਟੇਕੋ। ਜਿਸ ਵਕਤ ਬਗੈਰ ਕਿਸੇ ਕਾਰਨ ਤੋਂ ਪਾਉਂਟਾ ਸਾਹਿਬ ਪਹਾੜੀਆਂ ਨੇ ਇਕੱਠੇ ਹੋ ਕੇ ਗੁਰੂ ਮਹਾਰਾਜ 'ਤੇ ਹਮਲਾ ਕਰ ਦਿੱਤਾ। ਮਹਾਰਾਜ ਇਸ ਤਰ੍ਹਾਂ ਕਹਿੰਦੇ ਸਨ –

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋਂ ਬਿਨੁ ਕਾਜਾ। ਬਚਿਤ੍ਰ ਨਾਟਕ***

ਅਸੀਂ ਤਾਂ ਉਹਦੀ ਲੜਕੀ ਨੂੰ ਤਿੰਨ ਲੱਖ ਦਾ ਤੰਬੋਲ ਭੇਜਿਆ ਸੀ, ਕਿਉਂਕਿ ਉਹਦੀ ਸ਼ਾਦੀ ਸੀ। ਉਸ ਵੇਲੇ ਦਾ ਤਿੰਨ ਲੱਖ, ਹੁਣ ਦੇ ਤਿੰਨ ਕਰੋੜ ਦੇ ਬਰਾਬਰ ਹੈ। ਤਿੰਨ ਕਰੋੜ ਦਾ ਸਮਾਨ ਰਾਜੇ ਨੂੰ ਮਹਾਰਾਜ ਜੀ ਨੇ ਭੇਜਿਆ ਕਿ ਇਹਦੀ ਲੜਕੀ ਦੀ ਸ਼ਾਦੀ ਹੈ, ਐਨੇ ਤੋਹਫੇ ਭੇਜੇ, ਸੈਂਕੜੇ ਹੀ ਘੋੜ ਸਵਾਰ ਲੈ ਕੇ ਗਏ। ਇਹ ਬਹੁਤ ਪਿਆਰ ਦਾ ਸਲੂਕ ਕਰ ਰਹੇ ਨੇ ਮਹਾਰਾਜ, ਉਧਰਲੇ ਪਾਸੇ ਗੁੰਦਾਂ ਗੁੰਦੀਆਂ ਜਾਂਦੀਆਂ ਨੇ ਕਿ ਇਨ੍ਹਾਂ ਦਾ ਸਮਾਨ ਖੋਹ ਲਓ। ਦੀਵਾਨ ਨੰਦ ਚੰਦ ਲੈ ਕੇ ਗਿਆ, ਉਹਨੂੰ ਪਤਾ ਲਗ

ਗਿਆ ਉਹ ਵਾਪਸ ਲੈ ਆਇਆ। ਕਹਿੰਦਾ, ਸੱਚੇ ਪਾਤਸ਼ਾਹ ਉਹ ਤਾਂ ਐਨਾ ਮਾੜਾ ਕੰਮ ਕਰਦੇ ਨੇ, ਸਾਨੂੰ ਗਿਣਿਆ ਹੀ ਨਹੀਂ ਹੈ, ਜ਼ਬਰਦਸਤੀ ਖੋਹਣ ਲੱਗੇ ਸੀ ਸਾਰੇ। ਗਲਤ ਨੇ ਇਹ ਬੰਦੇ। ਅਖੀਰ ਇਹ ਹੋਇਆ ਕਿ ਲੜਾਈ ਬੜੀ ਜ਼ਬਰਦਸਤ ਪਾਉਂਟੇ ਸਾਹਿਬ ਹੋਈ। ਪਠਾਣ ਜੋ ਸੀ ਉਹ ਉਨ੍ਹਾਂ ਨੇ ਗੱਠ ਲਏ। ਚਾਰ ਸੌ ਪਠਾਣ। ਕਾਲੇ ਖਾਂ ਦਾ ਜੋ ਸੌ ਦਾ ਜੱਥਾ ਸੀ ਉਹ ਟਿਕਿਆ ਰਿਹਾ। ਬੁੱਧੂ ਸ਼ਾਹ ਨੂੰ ਪਤਾ ਲਗਦਾ ਹੈ, ਸੱਤ ਸੌ ਮੁਰੀਦ ਦੋ ਪੁੱਤਰ, ਦੋ ਆਪਣੇ ਰਿਸ਼ਤੇਦਾਰ, ਘਰਵਾਲੀ ਦੇ ਭਰਾ, ਮੈਦਾਨੇ-ਏ-ਜੰਗ 'ਚ ਲਿਆ ਕੇ ਐਨੇ ਜ਼ੋਰ ਨਾਲ ਲੜਿਆ ਕਿ ਉਹ ਪਾਸਾ ਦਬਿਆ ਹੀ ਨਾ ਬੁੱਧੂਸ਼ਾਹ ਵਾਲਾ, ਚੜ੍ਹਦਾ ਹੀ ਚਲਿਆ ਗਿਆ। ਅਖੀਰ ਰਾਜਿਆਂ ਨੂੰ ਹਾਰ ਹੋਈ, ਗੁਰੂ ਮਹਾਰਾਜ ਨੇ ਜਦੋਂ ਬਖਸ਼ਿਸ਼ਾਂ ਦੇਣੀਆਂ ਸ਼ੁਰੂ ਕਰੀਆਂ। ਬੁੱਧੂਸ਼ਾਹ ਦੀ ਵਾਰੀ ਆਈ ਮਹਾਰਾਜ ਕਹਿਣ ਲੱਗੇ, ਪੀਰ ਬੁੱਧੂਸ਼ਾਹ! ਤੇਰੇ ਦੋ ਪੁੱਤਰ ਚੜ੍ਹਾਈ ਕਰ ਗਏ, ਦੋ ਸਾਲੇ ਚੜ੍ਹਾਈ ਕਰ ਗਏ। ਮੰਗ ਕੀ ਮੰਗਦਾ ਹੈਂ, ਜੋ ਮੰਗੇਂਗਾ, ਅਕਾਲਪੁਰਖ ਤੋਂ ਤੈਨੂੰ ਅੱਜ ਦਿਵਾ ਦੇਵਾਂਗੇ। ਪੀਰ ਇਹ ਬਚਨ ਸੁਣ ਕੇ ਝੁਕ ਗਿਆ, ਸਿਜਦੇ ਵਿਚ ਆ ਗਿਆ। ਕਹਿਣ ਲੱਗੇ, ਹੇ ਖੁਦਾਵੰਦ ਤਾਲਾ! ਜੇ ਕੁਛ ਤੂੰ ਮੈਨੂੰ ਦੇਣਾ ਚਾਹੁੰਦਾ ਹੈਂ, ਮੇਰੇ 'ਤੇ ਅਤਿ ਦਾ ਖੁਸ਼ ਹੋਇਆ ਹੈ ਤਾਂ ਆਹ ਜਿਹੜੇ ਤੁਹਾਡੇ ਕੰਘੇ 'ਚ, ਕੰਘਾ ਕਰਨ ਵੇਲੇ ਕੇਸ ਟੁੱਟੇ ਹੋਏ ਨੇ, ਕ੍ਰਿਪਾ ਕਰਕੇ ਮੈਨੂੰ ਇਹ ਦੇ ਦਿਓ, ਮੈਨੂੰ ਸਾਰੀ ਦੁਨੀਆਂ ਦੀ ਦੌਲਤ ਮਿਲ ਜਾਏਗੀ। ਮੈਨੂੰ ਅਫਸੋਸ ਨਹੀਂ ਪਾਤਸ਼ਾਹ। ਮੇਰੇ ਪੁੱਤਰ ਤੇਰੇ ਲੋਕ 'ਚ ਚਲੇ ਗਏ। ਉਨ੍ਹਾਂ ਨੇ ਜਨਮ ਸਫਲਾ ਕਰ ਲਿਆ। ਮੇਰੇ ਰਿਸ਼ਤੇਦਾਰ ਸਾਰੇ ਜਿਹੜੇ ਨੇ ਤੇਰੇ ਲੋਕ ਪਹੁੰਚ ਗਏ। ਉਨ੍ਹਾਂ ਨੇ ਬਗੈਰ ਤਪ ਕਰਨ 'ਤੇ ਬਹੁਤ ਵੱਡੀ ਪਦਵੀ ਪ੍ਰਾਪਤ ਕਰ ਲਈ। ਮੇਰੇ ਵਰਗਾ ਭਾਗਾਂ ਵਾਲਾ ਕੌਣ ਹੈ।

ਉਹ ਵੀ ਇਸਲਾਮ ਵਾਲਾ ਹੀ ਸੀ। ਕੌਣ ਕਿਸੇ ਦੇ ਵਾਸਤੇ ਕੁਰਬਾਨੀਆਂ ਦਿੰਦਾ ਹੈ ਦੇਖੋ, ਪੀਰ ਬੁੱਧੂਸ਼ਾਹ ਮਹਾਰਾਜ ਨੂੰ ਇੱਕ ਵਾਰੀ ਮਿਲਿਆ ਹੈ, ਕਿੰਨਾਂ ਸ਼ਰਧਾਲੂ ਹੋਇਆ, ਕਿੱਡੀ ਵੱਡੀ ਉਹਨੇ ਕੁਰਬਾਨੀ ਕੀਤੀ। ਤਿੰਨ ਸੌ ਮੁਰੀਦ ਮਾਰਿਆ ਗਿਆ ਇਸ ਜੰਗ 'ਚ, ਸੱਤ ਸੌ ਵਿਚੋਂ। ਚਾਰ ਸੌ ਬਚੇ। ਇਸ ਤਰ੍ਹਾਂ ਦੇ ਨਾਲ ਜਦੋਂ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਨਿਹੰਗ ਖਾਨ ਦੇ ਕੋਲ ਭਾਈ ਬਚਿੱਤਰ ਸਿੰਘ ਨੂੰ ਛੱਡਣ ਗਏ ਕਿ ਇਹ ਜ਼ਖਮੀ ਜ਼ਿਆਦਾ ਹੋ ਗਿਆ, ਸਾਡੇ ਨਾਲ ਜਾ ਨਹੀਂ ਸਕਦਾ। ਇਲਾਜ ਕਰਾਓ ਜੇ ਰਾਜ਼ੀ ਹੋ ਗਿਆ ਤਾਂ ਠੀਕ ਹੈ, ਨਹੀਂ ਜੇ ਚੜ੍ਹਾਈ ਕਰ ਗਿਆ ਤਾਂ ਤੁਸੀਂ ਇਹਦਾ ਸਸਕਾਰ ਬਾ-ਇਜ਼ਤ ਤਰੀਕੇ ਨਾਲ ਕਰ ਦਿਓ, ਕਿਉਂਕਿ ਸੂਰਮਾ ਹੈ, ਗੁਰਮੁਖ ਪਿਆਰਾ ਹੈ। ਪਿੱਛੇ ਹੀ ਫੌਜ ਆ ਜਾਂਦੀ ਹੈ, ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਕਿਲੇ ਦੀ ਤਲਾਸ਼ੀ ਹੋਣੀ ਸ਼ੁਰੂ ਹੋ ਗਈ। ਉਹ ਇੱਕ ਕਮਰਾ ਜਿਹੜਾ ਸੀ ਉਹਦੀ ਤਲਾਸ਼ੀ ਨਾ ਉਹਨੇ ਹੋਣ ਦਿੱਤੀ, ਜਦੋਂ ਕਹਿਣ ਲੱਗੇ ਕਿ ਇਹ ਵੀ ਖੋਲ੍ਹ, ਕਹਿੰਦਾ ਇਹ ਨਹੀਂ ਮੈਂ ਖੋਲ੍ਹਣਾ ਮੇਰੀ ਅਣਖ ਦਾ ਸਵਾਲ ਹੈ। ਇਹਦੇ 'ਚ ਮੈਂ ਮਰ ਜਾਣਾ ਹੈ ਕਟ ਕੇ। ਇਹ ਕਮਰਾ ਨਹੀਂ ਮੈਂ ਖੋਲ੍ਹਣ ਦੇਣਾ। ਕਿਉਂ? ਕਹਿੰਦਾ ਐਸ ਵੇਲੇ ਮੇਰਾ ਦਾਮਾਦ ਤੇ ਮੇਰੀ ਲੜਕੀ ਕਮਰੇ ਦੇ

ਅੰਦਰ ਨੇ, ਭਾਈ ਬਚਿੱਤਰ ਸਿੰਘ ਜ਼ਖਮੀ ਹੋਇਆ ਪਿਆ ਸੀ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੂੰ ਪਤਾ ਲੱਗਿਆ, ਉਹ ਲੜਕੀ ਕਹਿੰਦੀ ਅੱਬਾ ਜਾਨ! ਦੇਖੋ, ਨੇਕ ਲੜਕੀਆਂ ਮਾਂ-ਬਾਪ ਦੇ ਬਚਨ ਨੂੰ ਪਾਲਦੀਆਂ ਨੇ। ਤੇਰੇ ਮੁੱਖ ਤੋਂ ਬਚਨ ਨਿਕਲ ਗਿਆ ਕਿ ਮੇਰਾ ਦਾਮਾਦ 'ਤੇ ਮੇਰੀ ਲੜਕੀ ਅੰਦਰ ਕਮਰੇ ਵਿਚ ਨੇ। ਹੁਣ ਮੇਰੇ ਵਾਸਤੇ ਕੋਈ ਵਰ ਨਾ ਟੋਲ੍ਹੀਂ। ਮੈਨੂੰ ਜੋ ਖੁਦਾ ਨੇ ਦੇ ਦਿਤਾ ਉਹ ਮੈਨੂੰ ਮਨਜ਼ੂਰ ਹੈ, ਭਾਈ ਬਚਿੱਤਰ ਸਿੰਘ ਚੜ੍ਹਾਈ ਕਰ ਗਿਆ, ਇਸ ਬੀਬੀ ਨੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਾਇਆ। ਗੁਰੂ ਦਸ਼ਮੇਸ਼ ਪਿਤਾ ਨਾਲ ਪਿਆਰ ਕਰਦੀ ਸੀ। ਇਹ ਵੀ ਮੁਸਲਮਾਨ ਹੀ ਸੀ।

ਜਦੋਂ ਮਾਛੀਵਾੜੇ ਜਾ ਕੇ ਗੁਲਾਬਾ ਮਸੰਦ ਡਰ ਜਾਂਦਾ ਹੈ। ਉਸ ਵੇਲੇ ਗਨੀ ਖਾਂ ਤੇ ਨਬੀ ਖਾਂ ਦੋਵੇਂ ਭਰਾ, ਗੁਰੂ ਮਹਾਰਾਜ ਨੂੰ ਆਪਣੇ ਘਰ ਲੈ ਜਾਂਦੇ ਨੇ। ਹਾਂਲਾਂਕਿ ਘੇਰਿਆ ਹੋਇਆ ਸੀ ਸਾਰਾ ਮਾਛੀਵਾੜਾ ਜੇ ਇਕੱਲੇ-ਇਕੱਲੇ ਘਰ ਦੀ ਤਲਾਸ਼ੀ ਲੈਂਦੀ ਹੈ ਫੌਜ, ਹੁਣ ਤਾਂ ਸਭ ਨੂੰ ਪਤਾ ਹੀ ਹੈ ਤੇ ਹੋਣਾ ਕੀ ਸੀ, ਉਨ੍ਹਾਂ ਨੇ ਪਨਾਹ ਦਿੱਤੀ ਹੋਈ ਸੀ। ਪਹਿਲਾਂ ਤਾਂ ਉਹ ਮਾਰੇ ਜਾਂਦੇ ਸਾਰੇ ਪਰਿਵਾਰ ਸਮੇਤ, ਕਿੱਡੀ ਦੁਰਘਟਨਾ ਹੋਣੀ ਸੀ। ਕਿੰਨੀ ਦੇਰ ਇਸੀ ਜਾਨ 'ਤੇ ਖੇਲ੍ਹ ਕੇ ਗੁਰੂ ਮਹਾਰਾਜ ਨੂੰ ਪਾਰ ਕਰ ਦਿਤਾ। ਤਿੰਨ ਮੁਸਲਮਾਨ ਗਵਾਹੀ ਦੇਣ ਆਏ। ਸਲੋਅ ਵਾਲੇ ਪੀਰ ਸੀ, ਗੁਰੂ ਮਹਾਰਾਜ ਨੂੰ ਫਾਰਸੀ ਪੜ੍ਹਾਉਣ ਵਾਲੇ ਸੀ, ਇੱਕ ਸੱਯਦ ਸੀ। ਚੰਗੀ ਤਰ੍ਹਾਂ ਦਲੇਰ ਖਾਂ ਨਵਾਬ ਨੇ ਪੁੱਛਿਆ, ਸਿਪਾਸਲਾਰ ਨੇ ਕਿ ਦੇਖੋ, ਪੀਰ ਜੀ! ਤੁਸੀਂ ਇਸਲਾਮ ਨਾਲ ਸਬੰਧ ਰਖਦੇ ਓਂ ਤੇ ਗੁਰੂ ਗੋਬਿੰਦ ਸਿੰਘ ਤੋਂ ਇਸਲਾਮ ਨੂੰ ਬੜਾ ਭਾਰਾ ਖਤਰਾ ਹੈ। ਉਹ ਇਹਦਾ ਫੈਲਾਓ ਨਹੀਂ ਹੋਣ ਦੇ ਰਿਹਾ, ਨਹੀਂ ਤਾਂ ਸਾਰਾ ਭਾਰਤਵਰਸ਼ ਮੁਸਲਮਾਨ ਬਣ ਜਾਂਦਾ ਜੇ ਗੁਰੂ ਗੋਬਿੰਦ ਸਿੰਘ ਨਾ ਹੁੰਦਾ। ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਜੇ ਉਹ ਬੰਦਾ ਫੜਿਆ ਜਾਵੇ, ਤੁਸੀਂ ਅੱਲਾਹ ਨੂੰ ਜਾਮਨ ਜਾਣ ਕੇ ਦੱਸੋ ਕਿ ਗੁਰੂ ਗੋਬਿੰਦ ਸਿੰਘ ਹੈ? ਸਲੋਅ ਵਾਲੇ ਪੀਰ ਕਹਿਣ ਲੱਗੇ, ਕਹਿੰਦੇ ਤੋਬਾ, ਤੋਬਾ ਇਹ ਤਾਂ ਤਾਂ ਪੀਰਾਂ ਦੇ ਪੀਰ, ਇਹ ਸਾਰੀਆਂ ਦੁਨੀਆਂ ਦੇ ਪੀਰਾਂ ਦੇ ਪੀਰ ਨੇ। ਸਭ ਵੱਡੇ ਤੇ ਉਚੇ ਪੀਰ ਨੇ, ਦੇਖੀਂ ਕੋਈ ਗੱਲ ਕਹਿ ਨਾ ਦੇਣ। ਤਬਾਹ ਕਰ ਦੇਣਗੇ ਜੇ ਇਨ੍ਹਾਂ ਦਾ ਬਚਨ ਨਿਕਲ ਗਿਆ। ਦੂਸਰੇ ਨੇ ਤੀਸਰੇ ਨੇ, ਤਿੰਨਾਂ ਨੇ ਇੱਕ ਬਿਆਨ ਦੇ ਦਿਤਾ। ਗੁਰੁ ਮਹਾਰਾਜ ਉਸ ਥਾਂ ਤੋਂ ਨਿਕਲ ਕੇ ਦੀਨੇ ਕਾਂਗੜ, ਰਾਏਕੋਟ ਜਾਂਦੇ ਨੇ। ਰਾਏਕੋਟ ਦਾ ਜੋ ਨਵਾਬ ਹੈ ਉਹ ਮੁਸਲਮਾਨ ਹੈ, ਗੁਰੂ ਮਹਾਰਾਜ ਨਾਲ ਬਹੁਤ ਪਿਆਰ ਕਰਦਾ ਹੈ ਤੇ ਨਵਾਬ ਸਰਹੰਦ ਉਹਨੂੰ ਚਿੱਠੀ ਲਿਖਦਾ ਹੈ ਕਿ ਤੇਰੇ ਵਰਗਾ ਕੋਈ ਅਕਲਮੰਦ ਨਹੀਂ ਹੈ ਕਿਉਂਕਿ ਤੂੰ ਗੁਰੂ ਗੋਬਿੰਦ ਸਿੰਘ ਜਿਹੜਾ ਕਿਸੇ ਦੇ ਕਾਬੂ ਨਹੀਂ ਸੀ ਆ ਰਿਹਾ, ਤੂੰ ਆਪਣਾ ਜਾਲ ਵਿਛਾ ਕੇ ਇੱਥੇ ਆਪਣੇ ਰਾਜ ਵਿੱਚ ਹੀ ਰੱਖਿਆ ਹੋਇਆ ਹੈ। ਉਹਨੂੰ ਫੜ ਕੇ ਹੱਥਕੜੀਆਂ, ਬੇੜੀਆਂ ਲਾ ਕੇ ਮੇਰੇ ਪੇਸ਼ ਕਰ ਦੇ। ਤੈਨੂੰ ਵੱਡਾ ਰਾਜ ਹੋਰ ਮਿਲੇਗਾ। ਉਹਨੇ ਜਵਾਬ ਦਿੱਤਾ ਕਿ ਨਵਾਬ ਸਾਹਿਬ! ਮੈਂ ਗੁਰੂ ਗੋਬਿੰਦ ਸਿੰਘ ਦਾ ਮੁਰੀਦ ਹਾਂ, ਪੀਰਾਂ ਦੇ

ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਨੇ, ਜਦੋਂ ਤਕ ਮੇਰੇ ਰਾਜ ਦੇ ਅੰਦਰ ਇੱਕ ਵੀ ਬੰਦਾ ਜੀਉਂਦਾ ਹੈ, ਗੁਰੂ ਦਸਵੇਂ ਪਾਤਸ਼ਾਹ ਵਲ ਕੋਈ ਝਾਕ ਨਹੀਂ ਸਕਦਾ। ਉਹ ਵੀ ਮੁਸਲਮਾਨ ਸੀ ਤੇ ਫੇਰ ਰਾਜਸੀ ਬੰਦਾ ਸੀ, ਪਰਵਾਹ ਨੇ ਕਰੀ ਕਿ ਮੇਰਾ ਰਾਜ ਚਲਿਆ ਜਾਏਗਾ ਜਾਂ ਸਜ਼ਾ ਹੋਏਗੀ ਮੈਨੂੰ।

ਇਹ ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਇੱਕ ਐਵੇਂ ਵਾਧੂ ਦੀ ਗੱਲ ਚੱਲ ਰਹੀ ਹੈ। ਸਾਡੇ ਵੇਲੇ ਤਾਂ ਹੀ ਹੁੰਦੀ ਸੀ ਉਨ੍ਹਾਂ ਦਿਨਾਂ 'ਚ, ਹੁਣ ਤਾਂ ਮੈਨੂੰ ਪਤਾ ਨਹੀਂ। ਗੁਰੂ ਦਸਵੇਂ ਸਾਰਿਆਂ ਦੇ ਪਿਆਰੇ ਸੀ। ਮਸਜਿਦ ਦਾ ਓਨਾਂ ਹੀ ਸਤਿਕਾਰ ਕਰਦੇ ਸੀ, ਜਿੰਨਾਂ ਮੰਦਰ ਦਾ ਕਰਦੇ ਸੀ। ਸਗੋਂ ਇਹ ਕਹਿੰਦੇ ਸੀ ਕਿ -

***ਦੇਹਰਾ ਮਸੀਤ ਸੋਈ ਪੂਜਾ ਓ ਨਮਾਜ਼ ਓਈ।***

ਪੂਜਾ ਤੇ ਨਾਮ ਵਿਚ ਕੋਈ ਫਰਕ ਨਹੀਂ, ਬੋਲੀ ਦਾ ਫਰਕ ਹੈ। ਦੇਹੁਰਾ ਜਿਹੜਾ ਹੈ, ਮੰਦਰ ਹੈ ਉਹ ਵੀ ਪੂਜਨੀਕ ਥਾਂ ਹੈ ਤੇ ਜਿਹੜੀ ਮਸਜਿਦ ਹੈ, ਉਹ ਪੂਜਨੀਕ ਥਾਂ ਹੈ ਇਨ੍ਹਾਂ ਦਾ ਸਤਿਕਾਰ ਕਰੋ, ਕਿਉਂਕਿ ਇੱਥੇ ਪ੍ਰਮੇਸ਼ਰ ਦੇ ਪਿਆਰੇ ਇਕੱਠੇ ਹੋ ਕੇ ਵਾਹਿਗੁਰੂ ਨਾਲ ਆਪਣਾ ਧਿਆਨ ਜੋੜਦੇ ਨੇ। ਗੁਰੂ ਦਸ਼ਮੇਸ਼ ਪਿਤਾ ਨੂੰ ਸਮਝਣਾ ਬੜਾ ਔਖਾ ਹੈ ਕਿਉਂਕਿ ਬਹੁ ਚਰਚਿਤ ਚਰਿਤ੍ਰ ਉਨ੍ਹਾਂ ਦਾ ਸੀ। ਬਹੁਤ ਵੱਡੀਆਂ ਬਾਤਾਂ ਨੇ ਗੁਰੂ ਦਸਵੇਂ ਪਾਤਸ਼ਾਹ ਦੀਆਂ। ਜਿੰਨੀਆਂ ਗੱਲਾਂ ਕਰੀ ਜਾਓ, ਓਨੀਆਂ ਹੀ ਹੋਰ ਆਈ ਜਾਂਦੀਆ ਨੇ। ਆਪ ਦੇ ਨਾਲ ਅਕਾਰਨ ਯੁੱਧ ਛਿੜੇ। ਗੁਰੂ ਨੌਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ, ਗੁਰੂ ਪੰਜਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ? ਉਹਦਾ ਕਾਰਨ ਸੀ ਇੱਕ ਜ਼ਬਰਦਸਤ, ਲਿਖਦੇ ਤਾਂ ਹੋਰ ਤਰ੍ਹਾਂ ਨੇ ਲੇਕਿਨ ਅੰਦਰੋਂ ਗੱਲ ਹੋਰ ਸੀ। ਗੁਰੂ ਸਾਹਿਬ ਇਹ ਕਹਿੰਦੇ ਸੀ ਕਿ ਦੇਖੋ ਰਾਜਾ ਰਾਜ ਕਰੇ, ਠੀਕ ਹੈ ਰਾਜ ਕਿਸੇ ਨਾ ਕਿਸੇ ਨੇ ਕਰਨਾ ਹੈ, ਪਰ ਰਾਜੇ ਦਾ ਜਿਹੜਾ ਧਰਮ ਹੁੰਦਾ ਹੈ ਉਹ ਧਰਮ ਹੁੰਦਾ ਹੈ, ਇੱਕ ਅੱਖ ਦੇ ਨਾਲ ਦੇਖਣਾ ਸਭ ਨੂੰ, ਕਿਸੇ ਨੂੰ ਛੋਟਾ ਨਹੀਂ, ਕਿਸੇ ਨੂੰ ਵੱਡਾ ਨਹੀਂ, ਇੱਥੇ ਇਸਲਾਮ ਦਾ ਰਾਜ ਹੋਣ ਕਰਕੇ ਇੱਕ ਗਲਤ ਗੱਲ ਉਨ੍ਹਾਂ ਦੇ ਮਨਾਂ 'ਚ ਪੈ ਗਈ ਸੀ ਕਿ ਇਸਲਾਮ ਨੂੰ ਜਿਹੜਾ ਨਹੀਂ ਮੰਨਦਾ ਉਹ ਕਾਫਰ ਹੈ, ਉਹ ਕੁਫਰ ਕਰਦਾ ਹੈ, ਕਾਫਰ ਨਾਸਤਕ ਨੂੰ ਕਹਿੰਦੇ ਨੇ, ਇੱਥੇ ਤਾਂ ਮੰਨਦੇ ਸੀ ਸਾਰੇ, ਚਾਹੇ ਮੂਰਤੀਆਂ 'ਚ ਮੰਨਦੇ ਸੀ, ਚਾਹੇ ਕਿਸੇ ਹੋਰ ਤਰੀਕੇ ਨਾਲ। ਪ੍ਰਮੇਸ਼ਰ ਨੂੰ ਤਾਂ ਸਾਰੇ ਹੀ ਮੰਨਦੇ ਸੀ, ਉਨ੍ਹਾਂ ਦਾ ਇਸ ਤਰ੍ਹਾਂ ਸੀ ਕਿ ਕਾਫਰ ਨੂੰ ਮੋਮਨ ਬਣਾਓ ਚਾਹੇ ਲਾਲਚ ਦੇ ਕੇ ਬਣਾਓ, ਪੈਸੇ ਦੇ ਕੇ ਬਣਾਓ, ਜੇ ਨਹੀਂ ਬਣਦਾ ਤਾਂ ਮਾਰਿਆ ਵੀ ਜਾ ਸਕਦਾ ਹੈ, ਉਹਦਾ ਦੋਸ਼ ਨਹੀਂ ਹੈ ਕੋਈ। ਆਹ ਜਿਹੜਾ ਮੈਂ ਪਿਛਲਾ ਪਹਿਰਾ ਬੋਲਿਆ ਹੈ ਇਹ ਤਾਂ ਅਪਣਾਅ ਲਿਆ, ਪਰ ਬਾਕੀ ਨਹੀਂ ਅਪਣਾਇਆ। ਨਤੀਜਾ ਇਹ ਹੋਇਆ ਕਿ ਇੱਥੇ ਕਤਲਾਮ ਹੁੰਦੀ ਰਹਿੰਦੀ ਸੀ ਹਰ ਵਕਤ। ਬੰਦੇ ਫੜ ਲੈਣੇ, ਮਾਰ ਦੇਣੇ, ਕੋਈ ਦਾਦ ਫਰਿਆਦ, ਕੋਈ ਕਾਨੂੰਨ ਕੁਛ ਨਹੀਂ ਸੀ। ਰਾਜੇ ਦੀ ਜ਼ੁਬਾਨ ਕਾਨੂੰਨ ਸੀ। ਮਹਾਰਾਜ ਇਹ ਕਹਿੰਦੇ ਸੀ ਕਿ

ਜੀਉਣ ਦਾ ਹੱਕ ਹੈ, ਤੂੰ ਰਾਜਾ ਹੈਂ, ਰਾਜ ਕਰ, ਤੇਰੇ ਰਾਜ ਨੂੰ ਨਹੀਂ ਅਸੀਂ ਖੋਂਹਦੇ। ਤੇਰੀ ਫੌਜ ਨਾਲ ਨਹੀਂ ਅਸੀਂ ਲੜਦੇ। ਅਸੀਂ ਕੋਈ ਵੱਖਰੇ ਹੋ ਕੇ ਨਹੀਂ ਬਹਿੰਦੇ ਕਿ ਨਵੀਆਂ ਅਸੀਂ ਫੌਜਾਂ ਰੱਖਦੇ ਹਾਂ। ਤੂੰ ਰਾਜ ਕਰ, ਪਰ ਨਿਆਂ ਦਾ ਰਾਜ ਕਰ।

***ਰਾਜੇ ਚੁਲੀ ਨਿਆਵ ਕੀ***

ਸਭ ਨੂੰ ਇੱਕੋ ਜਿਹਾ ਅਧਿਕਾਰ ਦੇ। ਪੂਜਾ ਕਰਨ ਵਾਲੇ ਨੂੰ ਪੂਜਾ ਕਰਨ ਦੇ, ਮਸਜਿਦ ਜਾਣ ਵਾਲੇ ਨੂੰ ਮਸਜਿਦ ਜਾਣ ਦੇ। ਜੋ ਆਦਮੀ ਦਾ ਹੱਕ ਹੈ ਉਹ ਕਾਨੂੰਨ ਦੇ ਅੰਦਰ ਰਹਿ ਕੇ ਉਹਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ, ਆਪਣੇ ਜੀਵਨ ਦੇ ਨਿਰਭਾਹ ਵਾਸਤੇ। ਲੇਕਿਨ ਉਹ ਰਾਜੇ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ। ਉਨ੍ਹਾਂ ਦਾ ਕਾਨੂੰਨ ਕੋਈ ਨਹੀਂ ਸੀ, ਜ਼ੁਬਾਨ ਸੀ ਰਾਜੇ ਦੀ, ਜੋ ਕਹਿ ਦਿੱਤਾ ਉਹ ਹੋ ਗਿਆ। ਉਹਦੇ ਨਾਲ ਇਹ ਹੋ ਗਿਆ ਕਿ ਹਿੰਦੂਆਂ ਨੂੰ ਐਨੀ ਤੰਗੀ ਆ ਗਈ ਕਿ ਨਾ ਇਹ ਪੂਜਾ ਕਰ ਸਕਣ, ਨਾ ਮੰਦਰ ਬਣਾ ਸਕਣ। ਬਹੁਤ ਮੁਸ਼ਕਲਾਂ ਪੇਸ਼ ਆ ਗਈਆਂ, ਇੱਥੇ ਹੀ ਨਹੀਂ ਜਿਹੜੇ ਛੋਟੇ ਹਾਕਮ ਸੀ, ਉਹ ਬਹੁਤ ਜ਼ਿਆਦਤੀਆਂ ਕਰਨ ਲੱਗ ਗਏ, ਅਰ ਪਾਪ ਕਰਨੇ ਸ਼ੁਰੂ ਕਰ ਦਿੱਤੇ ਉਨ੍ਹਾਂ ਦੀਆਂ ਧੀਆਂ, ਨੂੰਹਾਂ ਚੁੱਕ ਕੇ ਲੈ ਜਾਣੀਆਂ। ਧਰਮ ਤੋਂ ਕੁਧਰਮ ਕਰਦੇ ਸੀ। ਐਸੇ-ਐਸੇ ਅਫਸਰ ਆਏ, ਜਿਨ੍ਹਾਂ ਨੇ ਗਰੀਬ ਜਨਤਾ ਨੂੰ ਇਹ ਕਹਿ ਦਿੱਤਾ ਕਿ ਜੇ ਸਾਨੂੰ ਥੁੱਕਣ ਦੀ ਲੋੜ ਪਵੇ ਤਾਂ ਮੂੰਹ ਅੱਡਣਾ ਹੈ ਤੁਸੀਂ। ਕਿਉਂਕਿ ਸਾਡਾ ਹੱਕ ਹੈ ਰੱਬ ਵਾਲਿਆਂ ਦਾ, ਤੁਹਾਡੇ ਮੂੰਹ 'ਚ ਥੁੱਕ ਦੇਣਾ। ਇੱਕ ਗੱਲ ਨਹੀਂ ਬੇਅੰਤ ਨੇ ਇਹ ਗੱਲਾਂ। ਹਿਸਾਬ ਕਿਤਾਬ ਤੋਂ ਬਾਹਰੀਆਂ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਵੀ ਇੱਹ ਗੱਲ ਕਹੀ ਕਿ ਇਨਸਾਫ ਹੋਣਾ ਚਾਹੀਦਾ ਹੈ। ਗੁਰੂ ਨੌਂਵੇਂ ਪਾਤਸ਼ਾਹ ਨੇ ਵੀ ਇਹੀ ਕਿਹਾ ਕਿ ਹਿੰਦੂ ਕਿਉਂ ਨਹੀਂ ਜੰਞੂ ਪਾ ਸਕਦੇ, ਕਿਉਂ ਇਹ ਪੂਜਾ ਨਹੀਂ ਕਰ ਸਕਦੇ, ਇਹ ਤਿਲਕ ਕਿਉਂ ਨਹੀਂ ਲਾ ਸਕਦੇ। ਇਨ੍ਹਾਂ ਦਾ ਧਾਰਮਿਕ ਚਿੰਨ੍ਹ ਹੈ, ਜੇ ਤੁਸੀਂ ਸੁੰਨਤ ਕਰਦੇ ਓਂ ਤਾਂ ਇਹ ਵੀ ਤਿਲਕ ਲਾ ਸਕਦੇ ਨੇ। ਹੱਕ ਹੋਣਾ ਚਾਹੀਦਾ ਹੈ ਆਪਣੇ ਧਰਮ ਦੇ ਮੁਤਾਬਿਕ ਸਭ ਨੂੰ ਪੂਜਾ ਪਾਠ ਕਰਨ ਦਾ। ਏਸ ਗੱਲ ਦੇ ਉਤੇ ਮਹਾਰਾਜ ਜੀ ਨੂੰ ਸ਼ਹੀਦ ਕਰ ਦਿੱਤਾ। ਗੁਰੂ ਦਸ਼ਮੇਸ਼ ਪਿਤਾ ਦੇ ਗਲ ਕੁਦਰਤੀ ਤੌਰ ਤੇ ਝਗੜਾ ਪੈਣਾ ਹੀ ਪੈਣਾ ਸੀ। ਇਹ ਇਸਲਾਮ ਵਾਲਿਆਂ ਨੇ ਨਹੀਂ ਪਾਇਆ, ਨਾ ਪਹਿਲਾਂ ਪਹਾੜੀਆਂ ਨੇ ਪਾਇਆ। ਉਹ ਤਾਂ ਪਹਿਲਾਂ ਦੂਰ ਰਹੇ। ਉਹ ਤਾਂ ਜਦੋਂ ਬੁਲਾਏ ਤਾਂ ਹੀ ਆਏ। ਪਹਿਲਾਂ ਬਿਲਾਸਪੁਰੀਆ ਸਾਰੇ ਇੱਕਠੇ ਹੋ ਕੇ ਲੜਦੇ ਰਹੇ ਮਹਾਰਾਜ ਨਾਲ। ਮਹਾਰਾਜ ਨੇ ਮੀਟਿੰਗ ਕਰਕੇ ਸਮਝਾਏ ਕਿ ਅਸੀਂ ਤਾਂ ਤੁਹਾਡੇ ਹੱਕਾਂ ਵਾਸਤੇ ਲੜ ਰਹੇ ਹਾਂ। ਅਸੀਂ ਰਾਜ ਨਹੀਂ ਲੈਣਾ, ਤੁਹਾਨੂੰ ਕਿਉਂ ਖਤਰਾ ਪੈ ਗਿਆ? ਤੁਹਾਡੀਆਂ ਫੌਜਾਂ ਕਿੰਨੀ ਵਾਰ ਸਾਡੇ ਤੋਂ ਹਾਰੀਆਂ ਨੇ ਅਸੀਂ ਰਾਜ ਲਿਆ? ਅਸੀਂ ਜੇ ਰਾਜ ਲੈਣਾ ਹੁੰਦਾ ਤਾਂ ਹੁਣ ਨੂੰ ਤਾਂ ਅਸੀਂ ਸਾਰਿਆਂ ਦਾ ਰਾਜ ਲੈ ਲੈਂਦੇ। ਇੱਥੇ ਥਾਂ-ਥਾਂ ਦੇ ਉਤੇ ਖਾਲਸਾ ਗੱਜਦਾ ਹੁੰਦਾ। ਉਹ ਨਹੀਂ ਇਹ ਸਮਝੇ, ਉਨ੍ਹਾਂ ਨੇ ਸਗੋਂ ਚਿੱਠੀ ਲਿਖ ਕੇ ਉਨ੍ਹਾਂ ਨੂੰ

ਉਕਸਾਇਆ ਤੇ ਬੁਲਾਇਆ। ਇਸ ਤਰ੍ਹਾਂ ਦੇ ਨਾਲ ਬਹੁਤ ਜੰਗ ਯੁੱਧ ਹੁੰਦੇ ਰਹੇ। ਅੱਜ ਬਹੁਤ ਭਿਆਨਕ ਯੁੱਧ ਹੈ ਜਿਹਦੇ ਵਿਚ ਦਿੱਲੀ ਤੋਂ ਬਹੁਤ ਵੱਡੀ ਫੌਜ ਆਈ ਹੋਈ ਹੈ, ਕਿਲ੍ਹਾ ਫਤਹਿ ਨਹੀਂ ਕਰ ਸਕਦੇ। ਬਹੁਤ ਵਾਰੀ ਹੱਲੇ ਕੀਤੇ, ਹਰ ਵਾਰੀ ਮੂੰਹ ਦੀ ਖਾ ਕੇ ਪਿੱਛੇ ਹਟਦੇ ਨੇ। ਚਾਰ ਮਹੀਨੇ ਲੰਘ ਗਏ, ਓਸ ਵੇਲੇ ਰੋਪੜ ਦਾ ਇੱਕ ਵੱਡਾ ਸਿਪਾ ਸਲਾਰ ਜਰਨੈਲ ਸੀ, ਮੁਗਲ ਖਾਨ ਉਹਦਾ ਨਾਉਂ ਸੀ, ਪਠਾਣ ਜਾਤੀ ਸੀ। ਉਹਨੇ ਸਾਰਿਆਂ ਨੂੰ ਮੀਟਿੰਗ ਕਰਕੇ, ਸੀਨੀਅਰ ਸੀ ਕਹਿਣ ਲੱਗਿਆ ਕਿ ਓ ਐਨੇ ਬੁਝਦਿਲ, ਕਿੰਨੇ ਕੁ ਨੇ ਸਿੱਖ, ਸਾਡੀ ਇਹ ਖਬਰ ਹੈ ਕਿ ਸਿਰਫ ਪੰਜ ਹਜ਼ਾਰ ਨੇ ਅਨੰਦਪੁਰ ਸਾਹਿਬ ਵਿੱਚ ਆਏ ਹੋਏ। ਆਪਾਂ ਲੱਖਾਂ ਦੀ ਤਾਦਾਦ 'ਚ ਬੈਠੇ ਹਾਂ। ਜੇ ਸਾਡੇ 'ਚੋਂ ਮਰ ਵੀ ਜਾਣਗੇ, ਤੀਹ ਚਾਲੀ, ਪੰਜਾਹ ਹਜ਼ਾਰ ਤਾਂ ਕੀ ਹੈ, ਅੱਜ ਜੰਗ ਦਾ ਖਾਤਮਾ ਕਰ ਦੇਈਏ। ਬਾਕੀ ਤਾਂ ਚੁੱਪ ਕਰ ਰਹੇ, ਏਸੇ ਨੇ ਬੀੜਾ ਚੁੱਕ ਲਿਆ ਮੁਗਲ ਖਾਨ ਨੇ, ਬਹੁਤ ਸਖਤ ਹੱਲਾਂ ਹੋਇਆ, ਓਧਰ ਸਿੰਘ ਵੀ ਜਾਨਾਂ ਤੋੜ ਕੇ ਮੁਕਾਬਲਾ ਕਰਦੇ ਰਹੇ। ਓਸ ਵੇਲੇ ਐਹੋ ਜਿਹੇ ਯੁੱਧ ਦੇ ਵਿਚ ਘਟਨਾ ਵਾਪਰਦੀ ਹੈ ਜਿਹਦੇ ਨਾਲ ਪਤਾ ਲਗ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਆਦਰਸ਼ ਕੀ ਸੀਗਾ। ਕੀ ਉਹ ਬਦਲੇ ਦੀ ਭਾਵਨਾ ਲਈਂ ਬੈਠੇ ਸੀ? ਜਾਂ ਉਨ੍ਹਾਂ ਦਾ ਕਿਤੇ ਹੋਰ ਨਿਸ਼ਾਨਾ ਸੀ। ਉਸ ਵੇਲੇ ਇੱਕ ਗੁਰਸਿੱਖ ਜਿਸਦਾ ਨਾਮ ਘਨਈਆ ਸੀ, ਉਹ ਪਾਣੀ ਪਿਲਾ ਰਿਹਾ ਹੈ। ਇੱਕ ਗੱਲ ਇਹ ਹੈ ਕਿ ਜੰਗ ਮੱਚਿਆ ਹੋਇਆ ਹੈ, ਨਾ ਕੋਈ ਉਹਦੇ ਗੋਲੀ ਮਾਰਦਾ ਹੈ, ਨਾ ਕੋਈ ਉਹਦੇ ਤਲਵਾਰ ਮਾਰਦਾ ਹੈ, ਨਾ ਕੋਈ ਬਰਛਾ ਮਾਰਦਾ ਹੈ, ਜੰਗ 'ਚ ਐਉਂ ਤੁਰਿਆ ਫਿਰਦਾ ਹੈ ਜਿਵੇਂ ਕੋਈ ਜਾਣਦਾ ਹੀ ਨਹੀਂ। ਮਸ਼ਕ ਪਾਈ ਹੋਈ ਹੈ, ਜਿਹੜਾ ਗਿਰ ਜਾਂਦਾ ਹੈ, ਨੱਠ ਕੇ, ਜਾ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਹੋਸ਼ 'ਚ ਆ ਜਾਂਦਾ ਹੈ, ਮੁੜ ਕੇ ਫੇਰ ਲੜਨ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਦਿਨ ਪੜ੍ਹਾਈ ਗਿਆ, ਯੁੱਧ ਵੀ ਸਾਰਾ ਦਿਨ ਹੁੰਦਾ ਰਿਹਾ। ਇੱਕ ਗੱਲ ਤੋਂ ਸਿੰਘ ਹੈਰਾਨ ਹੋਣ, ਕਹਿਣ ਘਨਈਆਂ ਪਾਣੀ ਪਿਲਾਉਂਦਾ ਹੈ, ਨਾ ਇਹਦੇ ਕੋਈ ਗੋਲੀ ਲਗਦੀ ਹੈ, ਨਾ ਕੋਈ ਤੀਰ ਲਗਦਾ ਹੈ, ਵਿਚੇ ਤੁਰਿਆ ਫਿਰਦਾ ਹੈ ਕਿ ਉਹ ਮਾਰਦੇ ਨਹੀਂ, ਹੋਵੇ ਨਾ ਤਾਂ ਇਹ ਉਨ੍ਹਾਂ ਦਾ ਜਾਸੂਸ ਨਾ ਹੋਵੇ ਕਿਤੇ? ਗੁਰੂ ਮਹਾਰਾਜ ਦੇ ਕੋਲ ਸ਼ਿਕਾਇਤ ਕਰੀ, ਗੁਰੂ ਜੋ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸਕਦਾ। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ –

*ਧਾਰਨਾ – ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*

***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਸਤਿਗੁਰੂ, ਜਿਹਦੀ ਕ੍ਰਿਆ ਨੂੰ ਕੋਈ ਜਾਣ ਨਾ ਸਕੇ, ਉਹਨੂੰ ਅਗੰਮ ਕਹਿੰਦੇ ਨੇ, ਕਿਸੇ ਨਾਲ ਵੀ ਉਹਦਾ ਵੈਰ ਨਹੀਂ ਹੁੰਦਾ ਤੇ ਉਹਦੀ ਸਾਰੀ ਕ੍ਰਿਆ ਨਿਰਾਲੀ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਸ਼ਾਮ ਨੂੰ ਪੁੱਛਦੇ ਨੇ ਕਿ ਪਿਆਰਿਓ! ਯੁੱਧ ਦਾ ਹਾਲ ਕਿਵੇਂ ਰਿਹਾ? ਕਹਿੰਦੇ, ਮਹਾਰਾਜ! ਅੱਜ ਤਾਂ ਬਹੁਤ ਸਖਤ ਯੁੱਧ ਹੋਇਆ ਹੈ, ਪਰ ਮਹਾਰਾਜ! ਇੱਕ ਸ਼ਿਕਾਇਤ ਹੈ ਕਿ ਆਪਣੀ ਫੌਜ ਦੇ ਅੰਦਰ ਇੱਕ ਘਨਈਆ ਸਾਧ ਹੈ। ਸਾਧ ਬਿਰਤੀ ਵਾਲੇ ਨੂੰ ਸਾਧ ਕਹਿੰਦੇ ਨੇ। ਮਹਾਰਾਜ ਨੇ ਕਿਹਾ ਕਿ ਘਨਈਆਂ ਤੂੰ ਵੀ ਕ੍ਰਿਪਾਨ ਪਾਇਆ ਕਰ। ਕਹਿੰਦਾ ਸਤਿ ਬਚਨ। ਐਧਰਲੇ ਪਾਸੇ ਤਾਂ ਮਸ਼ਕ ਹੁੰਦੀ ਹੈ ਉਹਦੀ, ਉਹ ਕ੍ਰਿਪਾਨ ਦਾ ਜਿਹੜਾ ਮੁੱਠਾ ਸੀ ਉਹ ਪਿਛਲੇ ਪਾਸੇ ਰੱਖਿਆ ਕਰੇ, ਮੂਹਰਲੇ ਪਾਸੇ ਹੇਠਲਾ ਪਾਸਾ ਰੱਖਿਆ ਕਰੇ। ਬਹੁਤ ਵਾਰੀ ਸਿੰਘਾਂ ਨੇ ਕਿਹਾ ਕਿ ਤੂੰ ਕ੍ਰਿਪਾਨ ਐਉਂ ਪਾਇਆ ਕਰ। ਉਹ ਮਹਾਰਾਜ ਨੂੰ ਕਿਹਾ। ਮਹਾਰਾਜ ਜੀ ਨੇ ਪੁੱਛਿਆ ਕਿ ਘਨਈਆ ਤੂੰ ਉਸ ਤਰ੍ਹਾਂ ਨਹੀਂ ਪਾਉਂਦਾ ਕ੍ਰਿਪਾਨ ਭਾਈ? ਕਹਿੰਦਾ, ਸੱਚੇ ਪਾਤਸ਼ਾਹ! ਜੇ ਕਿਸੇ ਨੇ ਮੈਨੂੰ ਮਾਰਨਾ ਹੋਏਗਾ, ਉਹ ਪਿਛੋਂ ਹੀ ਖਿੱਚ ਲਏਗਾ। ਉਹਦੀ ਬਿਰਤੀ ਐਸੀ ਸੀ, ਉਹਨੂੰ ਫਰਕ ਨਹੀਂ ਸੀ ਜੀਉਣ ਦਾ ਤੇ ਮਰਨ ਦਾ। ਡਿਊਟੀ ਕਰਦਾ ਸੀ ਪਾਣੀ ਪਿਲਾਉਣ ਦੀ।

ਮਹਾਰਾਜ ਜੀ ਕੋਲ ਸ਼ਿਕਾਇਤ ਕੀਤੀ ਕਿ ਘਨਈਆ ਸਾਧ ਹੈ ਨਾ ਜਿਹੜਾ ਸ਼ੱਕ ਪੈਂਦਾ ਹੈ ਸਾਨੂੰ ਉਸ 'ਤੇ। ਇੱਕ ਤਾਂ ਉਹ ਪਾਣੀ ਪਿਲਾਈ ਜਾਂਦਾ ਹੈ ਜਿਹੜਾ ਮੂਹਰੇ ਆਉਂਦਾ ਹੈ ਉਹਨੂੰ ਪਿਲਾਉਂਦਾ ਹੈ। ਅਸੀਂ ਹਾਕਾਂ ਮਾਰਦੇ ਰਹਿ ਜਾਂਦੇ ਹਾਂ, ਜਿਹੜਾ ਪਾਣੀ ਕਹਿ ਦੇਵੇ ਪਹਿਲਾਂ ਓਧਰ ਨੂੰ ਨੱਠ ਜਾਂਦਾ ਹੈ, ਚਾਹੇ ਉਨ੍ਹਾਂ ਦਾ ਬੰਦਾ ਹੋਵੇ, ਚਾਹੇ ਸਾਡਾ ਹੋਵੇ। ਦੂਸਰਾ ਮਹਾਰਾਜ! ਜੇ ਉਹ ਆਪਣੀ ਖਾਲਸਾ ਫੌਜ ਦਾ ਹੋਵੇ ਤਾਂ ਉਹ ਮਾਰਨ, ਪਰ ਉਹ ਇਹਨੂੰ ਮਾਰਦੇ ਨਹੀਂ। ਜੇ ਕਿਤੇ ਸਾਮ੍ਹਣੇ ਵੀ ਆ ਜਾਵੇ, ਤੀਰ ਚਲਾਉਣ ਲੱਗਿਆ ਅਗਲਾ ਤੀਰ ਰੋਕ ਲੈਂਦਾ ਹੈ ਕਿ ਇਹਦੇ ਨਾ ਕਿਤੇ ਲਗ ਜਾਵੇ। ਉਹ ਤਾਂ ਐਨ ਨਿਧੜਕ ਤੁਰਦਾ ਫਿਰਦਾ ਹੈ, ਨਾ ਕੋਈ ਗੋਲੀ ਲਗਦੀ ਹੈ ਉਹਦੇ, ਨਾ ਕੋਈ ਤੀਰ ਲਗਦਾ ਹੈ, ਕੁਛ ਨਹੀਂ ਹੁੰਦਾ, ਵਿਚ ਘਮਸਾਨ ਦੇ ਜਦੋਂ ਗਿਰਦਾ ਹੈ, ਨੱਠ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਮਹਾਰਾਜ ਕਹਿੰਦੇ, ਹਾਜ਼ਰ ਕਰੋ। ਕਹਿੰਦੇ, ਘਨਈਆ! ਤੇਰੀ ਸ਼ਿਕਾਇਤ ਹੋ ਰਹੀ ਹੈ, ਤੂੰ ਪਾਣੀ ਪਿਲਾਉਂਦਾ ਹੈਂ ਦੁਸ਼ਮਣਾਂ ਨੂੰ? ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਤਾਂ ਕੋਈ ਸਮਝ ਨਹੀਂ ਹੈ, ਜਿਹੜੀ ਮੈਨੂੰ ਸਮਝ ਹੈ ਉਹ ਐਨੀ ਹੀ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥***

***ਅੰਗ – 290***

ਤੂੰਹੀਂ ਦੁਨੀਆਂ ਦਾ ਮਾਲਕ ਹੈਂ, ਤੂੰ ਹੀ ਰਚਨਾ ਰਚੀ ਹੈ। ਤੂੰ ਹੀ ਆਪਣਾ ਇੱਕ ਸਰੂਪ ਲੱਖਾਂ, ਕਰੋੜਾਂ, ਅਰਬਾਂ, ਖਰਬਾਂ 'ਚ ਬਣਾ ਲਿਆ –

ਸੱਚੇ ਪਾਤਸ਼ਾਹ! ਤੇਰੀ ਬਾਣੀ ਇਹ ਕਹਿੰਦੀ ਹੈ –

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ – 275*

ਤੂੰ ਹੀ ਪਸਰਿਆ ਹੋਇਆ ਹੈ ਸਾਰੇ। ਇੱਕ ਤੋਂ ਤੂੰ ਅਨੇਕ ਹੋਇਆਂ-ਹੋਇਆਂ ਹੈਂ, ਆਪੇ ਹੀ। ਮੈਂ ਕੀ ਜੀਵ ਹਾਂ ਜਿਹੜਾ ਤੇਰੇ ਖੇਲ੍ਹ ਨੂੰ ਜਾਣ ਜਾਵਾਂ। ਤੇਰੀ ਖੇਲ੍ਹ ਨੂੰ ਨਹੀਂ ਕੋਈ ਦੁਨੀਆਂ 'ਚ ਜਾਣ ਸਕਦਾ। ਕਿਉਂਕਿ ਤੁਸੀਂ ਆਪ ਹੀ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ –

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਪਾਤਸ਼ਾਹ! ਪਾਣੀ ਦੇ ਉਤੋਂ ਉੱਠੀਆਂ ਹੋਈਆਂ ਲਹਿਰਾਂ ਪਾਣੀ ਦਾ ਰੂਪ ਹੁੰਦੀਆਂ ਨੇ। ਤੇਰਾ ਆਪ ਹੀ ਪਸਾਰਾ ਕੀਤਾ ਹੋਇਆ ਹੈ।

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ – 275*

*ਸੋਧਤ ਸੋਧਤ ਸੋਧਤ ਸੀਝਿਆ ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ – 281*

ਤੂੰ ਆਪ ਹੀ ਸੂਖਮ ਹੈਂ, ਆਪ ਹੀ ਅਸਥੂਲ ਹੈਂ, ਆਪਣੀ ਖੇਡ ਕਰ ਰਿਹਾ ਹੈਂ ਪਾਤਸ਼ਾਹ! –

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ – 537*

*ਆਪਿ ਕਥੈ ਆਪਿ ਸੁਨਨੈਹਾਰੁ ॥*
*ਆਪਹਿ ਏਕੁ ਆਪਿ ਬਿਸਥਾਰੁ ॥*
*ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥*
*ਆਪਨੈ ਭਾਣੈ ਲਏ ਸਮਾਏ ॥* **ਅੰਗ - 292**

ਜਿਸ ਦਿਨ ਤੇਰਾ ਜੀਅ ਕਰਿਆ ਸ੍ਰਿਸ਼ਟੀ ਖਤਮ ਕਰ ਦਏਗਾ -

*ਤੁਮ ਤੇ ਭਿੰਨ ਨਹੀ ਕਿਛੁ ਹੋਇ ॥*
*ਆਪਨ ਸੂਤਿ ਸਭੁ ਜਗਤੁ ਪਰੋਇ ॥* **ਅੰਗ - 292**

ਸੋ ਪਾਤਸ਼ਾਹ! ਜਿਹਦੇ ਉਤੇ ਕ੍ਰਿਪਾ ਕਰ ਦਿੰਦਾ ਹੈਂ -

*ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥*
*ਸਚੁ ਨਾਮੁ ਸੋਈ ਜਨੁ ਪਾਏ ॥*
*ਸੋ ਸਮਦਰਸੀ ਤਤ ਕਾ ਬੇਤਾ ॥* **ਅੰਗ - 292**

ਇਸ ਤਰ੍ਹਾਂ ਪਾਤਸ਼ਾਹ! ਮੈਂ ਤਾਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ। ਜਿੱਥੇ ਵੀ ਮੈਂ ਦੇਖਦਾ ਹਾਂ -

*ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥* **ਅੰਗ - 292**

ਜਿਧਰ ਨੂੰ ਮੈਂ ਦੇਖਦਾ ਹਾਂ, ਤੇਰਾ ਹੀ ਰੂਪ ਮੈਨੂੰ ਨਜ਼ਰ ਆਉਂਦਾ ਹੈ, ਉਹੀ ਜਿਗਾ ਕਲਗੀ ਲੱਗੀ ਹੋਈ, ਓਹੀ ਤੇਰਾ ਨੂਰਾਨੀ ਚਿਹਰਾ, ਪਾਣੀ ਦੀ ਆਵਾਜ਼ ਆਉਂਦੀ ਹੈ ਪਾਤਸ਼ਾਹ! ਮੈਂ ਤੈਨੂੰ ਕਿਵੇਂ ਛੱਡ ਦੇਵਾਂ ਪਾਣੀ। ਐਧਰ ਵੀ ਤੂੰ ਓਧਰ ਵੀ ਤੂੰ। ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ, ਪੜ੍ਹੋ ਪਿਆਰ ਨਾਲ–

*ਧਾਰਨਾ – ਪਾਣੀ ਤੈਨੂੰ ਹੀ ਪਿਲਾਵਾਂ ਸਾਹਿਬ ਮੇਰਿਆ,*
*ਮੈਂ ਕੀ ਜਾਣਾ ਤੇਰੀ ਸਾਰ ਨੂੰ।*

ਪਾਤਸ਼ਾਹ! ਤੇਰੀ ਹੀ ਬਾਣੀ ਇਸ ਤਰ੍ਹਾਂ ਦੇ ਨਾਲ ਸਮਝਾਉਂਦੀ ਹੈ ਕਿ ਤੂੰ ਆਪੇ ਹੀ ਪਸਾਰਾ ਕਰ ਲੈਂਦਾ ਹੈਂ ਆਪਣੀ ਮੌਜ ਦੇ ਵਿਚ, ਜਦੋਂ ਤੇਰਾ ਜੀਅ ਕਰਦਾ ਹੈ ਸੰਕੋਚ ਕਰ ਦਿੰਦਾ ਹੈਂ, ਜਿੰਨੀ ਖੇਲ੍ਹ ਹੋ ਰਹੀ ਹੈ ਸਭ ਤੂੰ ਆਪ ਹੀ ਕਰਾ ਰਿਹਾ ਹੈਂ, ਦੂਜਾ ਇੱਥੇ ਹੈ ਨਹੀਂ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* **ਅੰਗ - 968**

ਸੋ ਸਮਦ੍ਰਿਸ਼ਟੀ ਦੇ ਵਿਚ ਬੋਲ ਰਿਹਾ ਹੈ -

*ਸੋ ਸਮਦਰਸੀ ਤਤ ਕਾ ਬੇਤਾ ॥*
*ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥* **ਅੰਗ - 292**

ਸਾਰੀ ਸ੍ਰਿਸ਼ਟੀ ਨੂੰ ਫਤਹਿ ਕਰਨ ਵਾਲਾ ਉਹ ਵਜੂਦ ਹੁੰਦਾ ਹੈ ਜਿਹਦੇ ਵਿਚ ਇਹ ਗਿਆਨ ਪਰਪੱਕ ਤੌਰ 'ਤੇ ਆ ਜਾਵੇ। ਪਾਤਸ਼ਾਹ! ਤੇਰੇ ਬਿਨਾਂ ਤਾਂ ਮੈਨੂੰ ਹੋਰ ਦੂਜਾ ਕੋਈ ਦਿਸਿਆ ਹੀ ਨਹੀਂ। ਸਗੋਂ ਜਦੋਂ ਤੋਂ ਮੈਂ ਤੇਰੀ ਸ਼ਰਨ ਲਈ ਹੈ, ਮੇਰਾ ਭੇਦ ਮੁੱਕ ਗਿਆ ਸਾਰਾ ਹੀ -

*ਧਾਰਨਾ - ਨਾ ਦਿਸੇ ਬੇਗਾਨਾ ਜੀ,*
*ਨਾ ਕੋਈ ਬੈਰੀ - ਨਾ ਕੋਈ ਬੈਰੀ।*

***ਬਿਸਰਿ ਗਈ ਸਭ ਤਾਤਿ ਪਰਾਈ ॥***
***74ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - 1299***

ਪਾਤਸ਼ਾਹ! ਤੇਰੀ ਬਾਣੀ ਦੇ ਪ੍ਰਕਾਸ਼ ਵਿਚ ਕਿੱਥੇ ਰਹਿ ਗਿਆ ਬੈਰੀ, ਕਿੱਥੇ ਰਹਿ ਗਿਆ ਬੇਗਾਨਾ। ਮੇਰੀ ਤਾਂ ਦ੍ਰਿਸ਼ਟੀ ਦੇ ਵਿਚ ਤੂੰ ਹੀਂ ਨਜ਼ਰ ਆਉਂਦਾ ਹੈਂ। ਜਦੋਂ ਤੋਂ ਸੁਰਮਾ ਗਿਆਨ ਦਾ ਪੈ ਗਿਆ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥***
***ਅੰਗ - 293***

ਮੈਨੂੰ ਤਾਂ ਤੇਰੇ ਬਿਨਾਂ ਹੋਰ ਕੋਈ ਨਜ਼ਰ ਆਉਂਦਾ ਹੀ ਨਹੀਂ।

ਜਿੱਥੇ ਤਕ ਮੇਰੀ ਨਿਗ੍ਹਾ ਜਾਂਦੀ ਹੈ ਤੇਰਾ ਹੀ ਖੇਲ੍ਹ ਹੋ ਰਿਹਾ ਹੈ। ਤੂੰ ਆਪੇ ਕਰ -

***"ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ***
***"ਤੁਰਕ ਅਤੁਰਕ ਨ ਦਿਸਦਾ ਮੈਨੂੰ,***
***ਤੂੰ ਸਾਰੇ ਦਿਸ ਆਈਂ।***
***"ਪਿਆਰੇ ਦੇ ਇਕ ਪਿਆਰ ਪ੍ਰੋਤਾ,***
***ਉਸ ਦੀ ਸੇਵ ਕਰਾਵਾਂ,***
***"ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।"***
***ਹੱਸੇ ਤੇ ਗਲ ਲਾਇਆ ਪਯਾਰਾ, ਡੱਬੀ ਹੱਥ ਫੜਾਈ -***
***"ਪਾਣੀ ਨਾਲ ਮਲ੍ਹਮ ਬੀ ਰੱਖੀਂ, ਲੋੜ ਪਈ ਤੇ ਲਾਈਂ"***
***(ਕਲਗੀਧਰ ਚਮਤਕਾਰ) ਪੰਨਾ - 746***

ਹੱਸੇ ਜਦੋਂ ਐਨੇ ਬਚਨ ਸੁਣੇ, ਮਹਾਰਾਜ ਖਿੜ-ਖਿੜਾ ਕੇ ਹੱਸ ਪਏ, ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਤਾਂ ਇਹਨੂੰ ਸਜ਼ਾ ਦੇਣਗੇ । ਬੜੀ ਭਾਰੀ ਅਵੱਗਿਆ ਕਰਦਾ ਹੈ, ਮਹਾਰਾਜ ਬਹੁਤ ਹੱਸੇ ਤੇ ਖਿੱਚ ਕੇ ਭਾਈ ਘਨਈਏ ਨੂੰ ਗਲ ਲਾ ਲਿਆ। ਨਾਲ ਹੁਕਮ ਦੇ ਦਿੱਤਾ ਕਿ ਆਹ ਮਲ੍ਹਮ ਤੇ ਪੱਟੀਆਂ ਦਿਓ, ਵੱਡੀ ਡੱਬੀ ਹਾਜ਼ਰ ਹੋ ਗਈ, ਪੱਟੀਆਂ ਆ ਗਈਆਂ। ਮਹਾਰਾਜ ਕਹਿੰਦੇ, ਲੈ ਘਨਈਆ! ਹੁਣ ਤੂੰ ਮੈਨੂੰ ਇਕੱਲਾ ਪਾਣੀ ਨਾ ਪਿਲਾਇਆ ਕਰੀਂ, ਮੇਰੇ ਜ਼ਖਮਾਂ ਦੇ ਉਤੇ ਮਲ੍ਹਮ ਭਰ ਕੇ ਪੱਟੀਆਂ ਵੀ ਲਾਇਆ ਕਰੀਂ। ਗੁਰੂ ਨੇ ਪ੍ਰਵਾਨਗੀ ਦੇ ਦਿੱਤੀ ।

ਹੁਣ ਗੁਰਸਿੱਖੀ ਕਿੱਥੇ ਅਕਾਸ਼ਾਂ 'ਚ ਉਡਾਰੀਆਂ ਮਾਰਦੀ ਹੈ ਸਾਧਸੰਗਤ ਜੀ, ਅਸੀਂ ਸਮਝਾ ਨਹੀਂ ਸਕੇ ਦੁਨੀਆਂ ਨੂੰ ਕਿ ਸਿੱਖ ਦਾ ਹਿਰਦਾ ਤਾਂ ਐਨਾ ਵਿਸ਼ਾਲ ਹੈ, ਸਾਰਾ ਸੰਸਾਰ ਉਹਦੇ ਵਿਚ ਸਮਾਅ ਜਾਂਦਾ ਹੈ। ਉਹ ਤਾਂ ਕਿਸੇ ਦਾ ਵੈਰੀ ਹੈ ਹੀ ਨਹੀਂ। ਕਿਸੇ ਦਾ ਮਾੜਾ ਕਰਦਾ ਹੀ ਨਹੀਂ। ਉਹ ਨਿਤਨੇਮ ਕਰਕੇ ਰੋਜ਼ ਕਹਿੰਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।***

ਉਹ ਤਾਂ ਦੁਨੀਆਂ ਦਾ ਭਲਾ ਕਰਦਾ ਹੈ, ਕਿਸਾਨ ਹੋ ਕੇ ਬੇਅੰਤ ਖੇਤੀ ਪੈਦਾ ਕਰਦਾ ਹੈ, ਭੁੱਖਿਆਂ ਦੇ ਢਿੱਡ ਭਰਦਾ ਹੈ। ਹੋਰ ਕਾਰੋਬਾਰੀ ਹੋ ਕੇ ਨੇਕ ਕੰਮ ਕਰਦਾ ਹੈ। ਲੋਕ ਕਹਿੰਦੇ ਨੇ ਕਿ ਸਰਦਾਰ ਆ ਗਿਆ, ਕੋਈ ਦੁੱਖ ਹੈ, ਕੋਈ ਆਪਸ ਵਿਚ ਝਗੜਾ ਹੈ, ਸਰਦਾਰ ਜੀ, ਜ਼ਰਾ ਖੜ੍ਹਿਓ। ਆਹ ਸਾਡੀ ਗੱਲ ਸੁਣ ਕੇ ਜਾਇਓ। ਵਿਸ਼ਵਾਸ਼ ਹੈ ਗੁਰਸਿੱਖ ਦੇ ਉਤੇ, ਸੋ ਐਸਾ ਉੱਚਾ ਆਦਰਸ਼ ਗੁਰੂ ਨੇ ਪੈਦਾ ਕੀਤਾ। ਜਿਹਨੂੰ ਖਾਲਸਾ ਆਦਰਸ਼ ਕਹਿੰਦੇ ਨੇ, ਖਾਲਸਾ ਆਦਰਸ਼ ਇਹੀ ਹੈ ਕਿ ਇੱਕ ਤੋਂ ਬਗੈਰ ਦੂਜਾ ਨਜ਼ਰ ਨਾ ਆਵੇ। ਸੋ ਐਸੇ ਵਾਕਿਆਤ ਯੁੱਧ ਵਿਚ ਹੁੰਦੇ ਵੀ ਰਹੇ। ਅੱਜ ਮਾਤਾ ਜੀਤੋ ਜੀ, ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਜਲਦੀ ਆ ਕੇ ਨਮਸ਼ਕਾਰ ਕਰਨ ਲੱਗ ਗਏ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਅੱਜ ਤੁਸੀਂ ਜਲਦੀ ਆ ਗਏ? ਕਹਿੰਦੇ ਪਾਤਸ਼ਾਹ! ਜਦੋਂ ਮੈਂ ਭਜਨ ਕਰਨ ਲਈ ਸੁਰਤ ਚਾੜ੍ਹੀ ਤ੍ਰਿਕੁਟੀ ਤੋਂ ਲੰਘੀ, ਸਹੰਸਰਾਰ ਦਲ 'ਚੋਂ ਲੰਘ ਕੇ ਦਸਵੇਂ ਦੁਆਰ 'ਚ ਗਈ, ਪਾਤਸ਼ਾਹ! ਉਥੇ ਤਾਂ ਮੈਂ ਹੋਰ ਹੀ ਕੁਛ ਦੇਖਿਆ, ਮੈਂ ਤਾਂ ਕੰਬ ਗਈ ਦੇਖ ਕੇ, ਕਹਿੰਦੇ ਕੀ? ਕਹਿੰਦੇ ਤੁਹਾਡੀ ਖੇਲ੍ਹ ਦੇਖੀ ਮੈਂ। ਐਡੀ ਬਿਖੜੀ ਖੇਲ੍ਹ ਤੁਸੀਂ ਖੇਲ੍ਹਣੀ ਚਾਹੁੰਦੇ ਓਂ? ਸਾਹਿਬਜ਼ਾਦੇ ਕਿਤੇ, ਮਾਤਾ ਕਿਤੇ, ਤੁਸੀਂ ਕਿਤੇ, ਅਨੰਦਪੁਰ ਉਜੜਿਆ ਹੋਇਆ, ਵੱਡੇ ਸਾਹਿਬਜ਼ਾਦੇ ਯੁੱਧ ਦੇ ਵਿੱਚ ਸ਼ਹੀਦੀਆਂ ਪਾ ਰਹੇ ਨੇ। ਛੋਟਿਆਂ ਨੂੰ ਨੀਹਾਂ 'ਚ ਚੁਣਿਆ ਜਾ ਰਿਹਾ ਹੈ। ਮਹਾਰਾਜ ਜੀ ਨੇ ਬੜੇ ਧਿਆਨ ਨਾਲ ਉਨ੍ਹਾਂ ਵਲ ਦੇਖਿਆ, ਚੁੱਪ ਕਰ ਗਏ।

ਕਹਿੰਦੇ, ਮਹਾਰਾਜ! ਇਹ ਕੀ ਹੋਇਆ?

ਕਹਿੰਦੇ, ਤੁਸੀਂ ਭਜਨ ਦੇ ਬਲ ਨਾਲ ਜਿਹੜਾ ਕੁਛ ਹੋਣ ਵਾਲਾ ਹੈ ਉਹ ਦੇਖ ਲਿਆ।

ਮਹਾਰਾਜ! ਭਾਣਾ ਇਵੇਂ ਵਰਤੇਗਾ?

ਕਹਿੰਦੇ, ਹਾਂ।

ਬੱਚਿਆਂ ਨੂੰ ਤਾਂ ਬਚਾ ਲਓ?

ਕਿਤੇ ਭੇਜ ਦਿਓ, ਨਾਹਨ ਵਾਲਿਆਂ ਵਲ ਭੇਜ ਦਿਓ, ਹੋਰ ਦੂਰ-ਦਰਾਜ਼ ਸਿੱਖੀ ਹੈ ਉਥੇ ਭੇਜ ਦਿਓ, ਆਸਾਮ ਵਲ ਭੇਜ ਦਿਓ, ਰਾਜਾ ਰਤਨਰਾਇ ਵਲ ਭੇਜ ਦਿਓ, ਹੋਰ ਕਿਤੇ ਭੇਜ ਦਿਓ, ਕਹਿੰਦੇ ਇਨ੍ਹਾਂ ਦੇ ਜ਼ਿੰਮੇ ਜੋ ਡਿਊਟੀ ਲੱਗੀ ਹੈ, ਇਨ੍ਹਾਂ ਨੇ ਓਹੀ ਨਿਭਾਉਣੀ ਹੈ।

ਫੇਰ ਮਹਾਰਾਜ! ਮੈਂ ਤਾਂ ਦੇਖ ਨਹੀਂ ਸਕਦੀ? ਮੇਰੇ ਤੋਂ ਕਿਵੇਂ ਦੇਖਿਆ ਜਾਵੇਗਾ ਸਾਰਾ ਹਾਲ?

ਕਹਿੰਦੇ, ਦੇਖੋ, ਤੁਸੀਂ ਹੋਂ ਯੋਗੀ, ਮਾਤਾ ਜੀ ਯੋਗੀ ਨੇ, ਪਿਤਾ ਜੀ ਯੋਗੀ ਸੀ। ਯੋਗੀਆਂ ਨੂੰ ਮਰਨ ਦਾ ਤੇ ਜੰਮਣ ਦਾ ਫਰਕ ਨਹੀਂ ਹੋਇਆ ਕਰਦਾ। ਜਦੋਂ ਜੀਅ ਕਰਦਾ ਹੈ ਸਰੀਰ ਛੱਡ ਕੇ ਮੌਜਾਂ ਲੈ ਸਕਦੇ ਨੇ, ਸਰੀਰ 'ਚ ਆਉਣਾ ਹੋਵੇ ਆ ਜਾਣ, ਨਹੀਂ ਆਉਣਾ ਨਾ ਵਾਪਸ ਆਉਣ।

ਸਹੰਸਰਾਰ ਦਲ ਕਮਲ ਤੱਕ ਤੁਹਾਡੀ ਪਹੁੰਚ, ਉਸ ਤੋਂ ਉਪਰ ਦਸਵੇਂ ਦੁਆਰ ਤਕ ਹੋ ਗਈ ਹੈ। ਉਸ ਤੋਂ ਵੀ ਉਤੇ ਤੁਸੀਂ ਸੁੰਨ ਮੰਡਲ ਤੇ ਸਚਖੰਡ ਤੱਕ ਪ੍ਰਵੇਸ਼ ਰਖਦੇ ਓਂ। ਤੁਹਾਨੂੰ ਕੋਈ ਦੋਸ਼ ਨਹੀਂ ਹੈ, ਤੁਸੀਂ ਨਹੀਂ ਕੋਈ ਖੇਲ੍ਹ ਦੇਖਣੀ ਤਾਂ ਤੁਸੀਂ ਸਰੀਰ ਦੇ ਵਿਚੋਂ ਚਲੇ ਜਾਵੋ। ਮਾਤਾ ਜੀ ਚਲੇ ਜਾਂਦੇ ਨੇ, ਜਾ ਕੇ ਮਾਤਾ ਗੁਜਰੀ ਜੀ ਨੂੰ ਨਮਸ਼ਕਾਰ ਕਰੀ, ਇੱਕ ਥਾਂ ਬੈਠ ਗਏ, ਮਾਤਾ ਗੁਜਰੀ ਜੀ ਨੇ ਦੇਖਿਆ ਕਿ ਅੱਜ ਇਹ ਸਮਾਧੀ ਲਾ ਕੇ ਕਿਉਂ ਬੈਠ ਗਏ। ਥੋੜ੍ਹੀ ਦੇਰ ਤੋਂ ਬਾਅਦ ਜੋ ਦਾਸੀ ਸੀ ਜਾ ਕੇ ਕਹਿਣ ਲੱਗੀ, ਮਾਤਾ ਜੀਤੋ ਜੀ ਤਾਂ ਸਰੀਰ ਛੱਡ ਗਏ। ਉਸੇ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੂੰ ਖਬਰ ਦਿੱਤੀ ਗਈ। ਮਹਾਰਾਜ ਕਹਿੰਦੇ ਹਾਂ, ਇਨ੍ਹਾਂ ਨੇ ਦੇਖਣਾ ਪਸੰਦ ਨਹੀਂ ਕਰਿਆ। ਨਾਟਕ ਬੜਾ ਬਿਖੜਾ ਆ ਰਿਹਾ ਅੱਗੇ ਵਾਸਤੇ। ਸਿੱਖ ਵੀ ਡੋਲ੍ਹ ਜਾਣਗੇ। ਬੜਾ ਭਾਰਾ ਟੈਸਟ ਹੈ ਜਿਹੜਾ ਦੁਨੀਆਂ 'ਤੇ ਅੱਜ ਤੱਕ ਨਹੀਂ ਕਿਸੇ ਨੇ ਦਿੱਤਾ। ਉਹ ਟੈਸਟ ਉਹ ਪਰਚਾ ਸਾਡੇ ਉਤੇ ਪਿਆ ਹੋਇਆ ਹੈ, ਅਸੀਂ ਉਸ ਇਮਤਿਹਾਨ 'ਚੋਂ ਪਾਸ ਹੋਣਾ ਹੈ। ਸੋ ਉਸ ਵੇਲੇ ਯੁੱਧ ਜਾਰੀ ਨੇ, ਛੇ ਮਹੀਨੇ ਲੰਘ ਗਏ, ਰਾਸ਼ਨ ਰਿਹਾ ਨਾ, ਮਹਾਰਾਜ ਇੱਕ ਦਿਨ ਬਾਹਰ ਆਏ, ਦੇਖ ਕੇ ਪੁੱਛਿਆ ਕਿ ਆਹ ਦਰਖਤਾਂ ਦੇ ਪੱਤੇ ਕਿਉਂ ਨਹੀਂ ਹਨ? ਛਿੱਲਾਂ ਕਿੱਥੇ ਚਲੀਆਂ ਗਈਆਂ। ਕਹਿੰਦੇ, ਸੱਚੇ ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਉਬਾਲ-ਉਬਾਲ ਕੇ ਖਾ ਲਏ, ਕਿਉਂਕਿ ਰਾਸ਼ਨ ਨਹੀਂ ਮਿਲਦਾ। ਰਾਸ਼ਨ ਕਿੰਨਾ ਮਿਲਦਾ ਸੀ, ਇੱਕ ਮੁੱਠੀ ਤੀਸਰੇ ਦਿਨ ਜਾਂ ਤੀਸਰੇ ਦਿਨ ਮਿਲਦੀ ਸੀ ਛੋਲਿਆਂ ਦੀ, ਸਾਹਿਬਜ਼ਾਦਿਆਂ ਨੂੰ ਛੋਟੀ ਮੁੱਠੀ ਦਿੰਦੇ ਸੀਗੇ, ਮਹਾਰਾਜ ਵੀ ਇੱਕ ਦਿਨ ਛੱਡ ਕੇ ਲੈਂਦੇ ਹੁੰਦੇ ਸੀ। ਕਹਿੰਦੇ, ਪਾਤਸ਼ਾਹ! ਉਨ੍ਹਾਂ ਨੇ ਸਰੀਰ ਨੂੰ ਨਰੋਆ ਰੱਖਣ ਵਾਸਤੇ ਇਹ ਪੱਤੇ ਖਾ ਲਏ ਤੇ ਛਿੱਲ ਪੀਹ-ਪੀਹ ਕੇ ਖਾ ਗਏ। ਮਹਾਰਾਜ ਕਹਿੰਦੇ, ਖਾਲਸੇ ਨੇ ਬਹੁਤ ਵੱਡਾ ਤਪ ਕਰਿਆ ਹੈ। ਜੇ ਨਿਭ ਗਿਆ ਇਹਦਾ ਫਲ ਇੱਥੇ ਹੀ ਪਾਉਣਗੇ, ਏਸ ਸੰਸਾਰ ਦੇ ਅੰਦਰ। ਅਖੀਰ ਉਹ ਸਮਾਂ ਆ ਗਿਆ ਜਦੋਂ ਛਲ ਕਪਟ ਸ਼ੁਰੂ ਹੋ ਗਏ, ਧੋਖੇ ਨਾਲ ਚਿੱਠੀ ਲਿਖੀ ਕਿ ਮਹਾਰਾਜ ਕਿਲ੍ਹਾ ਛੱਡ ਜਾਓ, ਅਸੀਂ ਕੀ ਲੈਣਾ ਹੈ ਇੱਕ ਫਕੀਰ ਨਾਲ ਮੱਥਾ ਲਾ ਕੇ, ਹੁਣ ਤਾਂ ਸਵਾਲ ਬਣ ਗਿਆ, ਛੇ ਮਹੀਨੇ ਦੇ ਅਸੀਂ ਬੈਠੇ ਹਾਂ, ਬਾਦਸ਼ਾਹ ਵਲੋਂ ਬਾਰ-ਬਾਰ ਤਾਕੀਦ ਆਉਂਦੀ ਹੈ ਤੇ ਕਿਲ੍ਹਾ ਛੱਡ ਦਿਓ, ਸਾਡਾ ਵੀ ਮੂੰਹ ਮੱਥਾ ਬਚ ਜਾਏਗਾ ਤੇ ਤੁਹਾਨੂੰ ਫਰਕ ਕੋਈ ਨਹੀਂ, ਤੁਸੀਂ ਮਾਲਵੇ ਵਲ ਚਲੇ ਜਾਓ। ਬੇਅੰਤ ਸਿੱਖੀ ਹੈ ਉਥੇ। ਉਥੇ ਪ੍ਰਚਾਰ ਕਰ ਲਿਓ। ਚਾਹੇ ਫੇਰ ਆ ਹੀ ਜਾਣਾ ਥੋੜ੍ਹੇ ਦਿਨਾਂ 'ਚ, ਇੱਕ ਵਾਰੀ ਛੱਡ ਦਿਓ, ਉਹ ਜਿਸ ਵਕਤ ਗੱਲ ਹੋਈ, ਉਸ ਵੇਲੇ ਵਿਚਾਰਾਂ ਹੋਣੀਆਂ ਸ਼ੁਰੂ ਹੋ ਗਈਆਂ ਕਿ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਅਖੀਰ ਇਕੱਠ ਹੋ ਗਿਆ, ਸਾਰੇ ਇਕੱਠੇ ਹੋ ਕੇ ਆਏ। ਬਹੁਤ ਐਸੇ chance (ਸਮੇਂ) ਸੰਤਾਂ ਦੇ ਜੀਵਨ 'ਚ ਆਉਂਦੇ ਨੇ, ਗੁਰੂਆਂ ਦੇ ਵੀ, ਵੱਡੇ-ਵੱਡੇ ਲੀਡਰਾਂ ਦੇ, ਜਦੋਂ ਸਾਰੇ ਇੱਕ ਰਾਏ ਹੋ ਕੇ ਆਪਣੀ ਰਾਏ ਦੇਣ ਆਉਂਦੇ ਨੇ।

ਮਹਾਰਾਜ ਕਹਿੰਦੇ, ਕਿਵੇਂ ਆਏ?

ਕਹਿੰਦੇ ਮਹਾਰਾਜ! ਦੇਖੋ, ਚਿੱਠੀ ਆ ਗਈ ਹੈ, ਬੜਾ ਸੁਨਹਿਰੀ ਮੌਕਾ ਹੈ, ਦਿੱਕਤਾਂ 'ਚੋਂ ਬਚ ਜਾਣ ਦਾ, ਸੰਕਟਾਂ 'ਚੋਂ ਲੰਘ ਜਾਣ ਦਾ, ਰਾਸ਼ਨ ਹੈ ਨਹੀਂ, ਭੁੱਖ ਨਾਲ ਇਨ੍ਹਾਂ ਸਾਰਿਆਂ ਨੇ ਚੜ੍ਹਾਈ ਕਰ ਜਾਣੀ ਹੈ। ਦੇਖੋ, ਵੱਡੇ-ਵੱਡੇ ਜਿਹੜੇ ਸਾਡੇ ਕੋਲ ਹਾਥੀ ਵਗੈਰਾ ਸੀ, ਸਭ ਮਰ ਚੁੱਕੇ ਨੇ, ਕੋਈ ਚੀਜ਼ ਨਹੀਂ ਖਾਣ ਨੂੰ, ਕੋਠੇ ਬਿਲਕੁਲ ਖਾਲੀ ਹੋ ਗਏ ਨੇ, ਜਿਹੜਾ ਥੋੜ੍ਹਾ ਜਿਹਾ ਰਾਸ਼ਨ ਹੈ ਦੋ ਚਾਰ ਦਿਨ 'ਚ ਉਹ ਵੀ ਖਤਮ ਹੋ ਜਾਏਗਾ। ਫੇਰ ਤਾਂ ਇੱਕ ਦਾਣਾ ਵੀ ਨਹੀਂ ਮਿਲਣਾ, ਬਾਹਰੋਂ ਆ ਨਹੀਂ ਰਿਹਾ। ਚੰਗਾ ਇਹ ਹੈ ਕਿ ਇਨ੍ਹਾਂ ਦੀ ਗੱਲ ਮੰਨ ਲਈਏ।

ਮਹਾਰਾਜ ਕਹਿੰਦੇ, ਸਾਰਾ ਹੀ ਧੋਖਾ ਹੈ। ਮਾਤਾ ਜੀ ਆ ਗਏ। ਉਨ੍ਹਾਂ ਨੇ ਵੀ ਕਿਹਾ ਕਿ ਮਾਤਾ ਜੀ! ਧੋਖਾ ਹੈ। ਤੁਹਾਨੂੰ ਦਿਖਾ ਦਿੰਦੇ ਹਾਂ। ਰਾਤ ਨੂੰ ਗੱਡਿਆਂ ਦੇ ਅੰਦਰ ਜਿੰਨਾਂ ਕੂੜ-ਕਬਾੜ ਸੀ ਭਰ ਕੇ ਉਤੇ ਮਖਮਲੀ ਵੱਡੇ-ਵੱਡੇ ਦੁਸ਼ਾਲੇ ਦੇ ਦਿੱਤੇ, ਮਿਸਾਲਾਂ ਜਲਾ ਦਿੱਤੀਆਂ, ਬਲਦਾਂ ਦੇ ਸਿੰਗ ਰੇਸ਼ਮੀ ਕੱਪੜਿਆਂ ਨਾਲ ਬੰਨ੍ਹ ਦਿੱਤੇ, ਗੱਡਿਆਂ 'ਤੇ ਤੋਰ ਦਿੱਤੇ, ਘੁੰਗਰੂ ਖੜਕਦੇ ਜਾਂਦੇ ਨੇ, ਟੱਲ੍ਹ ਖੜਕਦੇ ਜਾਂਦੇ ਨੇ, ਪਤਾ ਲਗ ਗਿਆ ਕਿ ਗੁਰੂ ਕਾ ਮਾਲ ਜਾ ਰਿਹਾ ਹੈ, ਨੱਠ ਕੇ ਪੈ ਗਏ ਉਸ 'ਤੇ। ਜਦੋਂ ਬੋਰੀਆਂ ਖੋਲ੍ਹੀਆਂ, ਹੋਰ ਖੋਲ੍ਹਿਆ ਸਮਾਨ, ਕੀ ਨਿਕਲਦਾ ਹੈ ਟੁੱਟੇ ਹੋਏ ਛਿੱਤਰ, ਹੋਰ ਪੁਰਾਣੀਆਂ ਚੀਜ਼ਾਂ। ਬੜੇ ਸ਼ਰਮਿੰਦੇ ਹੋਏ ਤੇ ਅਫਸਰਾਂ ਨੇ ਦੂਜੇ ਦਿਨ ਹੀ ਮਹਾਰਾਜ ਕੋਲ ਸੁਨੇਹਾ ਭੇਜ ਦਿੱਤਾ ਕਿ ਆਹ ਸਿਪਾਹੀਆਂ ਨੇ ਜਿਹੜੀ ਗਲਤੀ ਕਰੀ ਹੈ ਅਸੀਂ ਉਨ੍ਹਾਂ ਨੂੰ ਦੰਡ ਦੇ ਦਿੱਤਾ। ਅਸੀਂ ਬੜੀ ਈਮਾਨਦਾਰੀ ਨਾਲ ਕਹਿੰਦੇ ਹਾਂ। ਉਸ ਤੋਂ ਥੋੜ੍ਹੇ ਦਿਨਾਂ ਬਾਅਦ ਫੇਰ ਇਕੱਠ ਹੋਇਆ, ਇਹ ਗੱਲ ਚਲਦੀ ਰਹੀ। ਬਹੁਤ ਸਾਰਿਆਂ ਨੇ ਇਹ ਗੱਲ ਕਹੀ ਕਿ ਮਹਾਰਾਜ! ਦੇਖੋ, ਅਸੀਂ ਵੀ ਮਨੁੱਖ ਹਾਂ, ਸਾਨੂੰ ਵੀ ਅਕਲ ਹੈ। ਮਹਾਰਾਜ ਕਹਿੰਦੇ, ਤੁਸੀਂ ਸਿੱਖ ਓਂ ਕਿ ਗੁਰੂ ਓਂ? ਕਹਿੰਦੇ, ਮਹਾਰਾਜ! ਹਾਂ ਤਾਂ ਸਿੱਖ, ਪਰ ਸਾਨੂੰ ਇਹ ਤਾਂ ਪਤਾ ਹੈ ਨਾ ਕਿ ਬਿਪਤਾ 'ਚੋਂ ਕਿਵੇਂ ਬਚ ਜਾਈਦਾ ਹੈ। ਕਿਲ੍ਹਾ ਛੱਡ ਦਿਓ। ਮਹਾਰਾਜ ਕਹਿੰਦੇ, ਜੇ ਕਿਲ੍ਹਾ ਛੱਡਣਾ ਹੈ, ਭਾਈ ਲਿਖ ਕੇ ਦੇ ਦਿਓ ਕਿ ਨਾ ਤੂੰ ਸਾਡਾ ਗੁਰੂ ਤੇ ਨਾ ਅਸੀਂ ਤੇਰੇ ਸਿੱਖ। ਦਸਤਖਤ ਹੋਣੇ ਸ਼ੁਰੂ ਹੋ ਗਏ। ਬਹੁਤ ਸਾਰੇ ਨਿਕਲ ਗਏ, ਉਸ ਤੋਂ ਬਾਅਦ ਜਿਹੜੇ ਅੰਦਰ ਰਹਿ ਗਏ, ਉਹ ਦ੍ਰਿੜ੍ਹ ਨਿਸ਼ਚੇ ਨਾਲ ਨੇ ਲੇਕਿਨ ਸੋਚਦੇ ਨੇ ਕਿ ਕੋਈ ਤਰੀਕਾ ਐਸਾ ਹੋਵੇ, ਜਿਹਦੇ ਨਾਲ ਬਚਾਓ ਹੋ ਜਾਵੇ। ਅਖੀਰ ਦਿੱਲੀ ਤੋਂ ਚਿੱਠੀ ਆਈ, ਮੋਹਰ ਲੱਗੀ ਹੋਈ ਬਾਦਸ਼ਾਹ ਦੀ, ਕੁਰਾਨ ਸ਼ਰੀਫ ਰੱਖਿਆ ਹੋਇਆ, ਗਊ ਆਟੇ ਦੀ ਬਣਾ ਕੇ ਰੱਖੀ ਹੋਈ, ਪੋਥੀਆਂ ਰੱਖੀਆਂ ਹੋਈਆਂ, ਤਿਲਕ ਰੱਖਿਆ ਹੋਇਆ, ਜੰਞੂ ਨਾਲ ਰੱਖ ਕੇ ਭੇਜਿਆ। ਪਹਾੜੀ ਰਾਜਿਆਂ ਨੇ ਸਹੁੰ ਖਾਧੀ, ਮੁਗਲ ਫੌਜਾਂ ਨੇ ਸਹੁੰ ਖਾਧੀ ਕਿ ਅਸੀਂ ਅੱਲਾ ਤਾਲਾਹ ਨੂੰ ਜਾਮਨ ਦੇ ਕੇ ਇਹ ਬਾਤ ਆਪ ਨੂੰ ਪ੍ਰਗਟ ਕਰਦੇ ਹਾਂ ਕਿ ਕਿਲ੍ਹਾ ਛੱਡ ਜਾਓ, ਲੜਾਈ ਝਗੜਾ ਸਾਡਾ ਤੁਹਾਡੇ ਨਾਲ ਕੋਈ ਨਹੀਂ, ਸਾਡਾ ਕਾਹਦਾ ਝਗੜਾ ਤੁਹਾਡੇ ਨਾਲ, ਤੁਸੀਂ ਕੋਈ ਦੇਸ਼ ਮੱਲੀਂ ਬੈਠੇ ਓਂ? ਕਿਲ੍ਹੇ ਦਾ ਰੌਲਾ ਹੈ।

ਉਸ ਵੇਲੇ ਸਿੰਘਾਂ ਦਾ ਇਕੱਠ ਹੋਇਆ, ਮਹਾਰਾਜ ਜੀ ਨੂੰ ਸਾਰੇ ਕਹਿਣ ਲੱਗੇ। ਮਹਾਰਾਜ ਕਹਿੰਦੇ, ਦੇਖੋ ਪਹਿਲਾਂ ਵੀ ਧੋਖਾ ਸੀ, ਹੁਣ ਵੀ ਧੋਖਾ ਹੈ। ਰਾਜੇ ਦਾ ਕਦੇ ਇਤਬਾਰ ਨਹੀਂ ਕਰੀਦਾ। ਰਾਜੇ ਦੀ ਜ਼ੁਬਾਨ ਨਹੀਂ ਹੋਇਆ ਕਰਦੀ, ਬੰਦੇ ਦੀ ਹੋਇਆ ਕਰਦੀ। ਰਾਜਾ ਹਿਤ ਦਾ ਹੁੰਦਾ ਹੈ, ਹਿਤ ਪੁੱਗ ਗਿਆ ਤਾਂ ਜ਼ੁਬਾਨ; ਜੇ ਹਿਤ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਥੇ ਹੀ ਜ਼ੁਬਾਨ ਤੋੜ ਦਏਗਾ। ਲਿਖੇ ਹੋਏ ਅਹਿਦਨਾਮੇ ਟੁੱਟ ਜਾਂਦੇ ਨੇ। ਬੜਾ ਸਮਝਾਇਆ ਮਹਾਰਾਜ ਨੇ। ਕੋਈ ਨਾ ਸਮਝਿਆ। ਜਿਹੜੇ ਸਿੱਖ ਸਿਦਕ ਵਾਲੇ ਉਹ ਚੁੱਪ ਕਰੇ ਬੈਠੇ ਨੇ। ਜਿਸ ਵਕਤ ਪੁੱਛਿਆ ਮਹਾਰਾਜ ਜੀ ਨੇ, ਬਹੁਤ ਸਾਰਿਆਂ ਨੇ ਤਾਂ ਕਿਹਾ ਕਿ ਮਹਾਰਾਜ! ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਜਿਹੜੇ ਸਿਦਕੀ ਸੀ ਉਹ ਕਹਿਣ ਲੱਗੇ ਕਿ ਪਾਤਸ਼ਾਹ! ਅਸੀਂ ਤਾਂ ਤੇਰੇ ਉਤੇ ਵਿਕ ਗਏ ਹਾਂ ਸਾਡਾ ਤਾਂ ਆਪਣਾ ਬਿਕਾਇਆ ਰਿਹਾ ਕੋਈ ਨਹੀਂ। ਇਹ ਜਿਹੜੇ ਸੀਸ ਨੇ ਜਿੱਥੇ ਤੇਰਾ ਜੀਅ ਕਰਦਾ ਹੈ ਲਾ ਦੇ, ਚਾਹੇ ਇਨ੍ਹਾਂ ਨੂੰ ਰੱਖ ਲਿਆ।

ਅਖੀਰ ਐਸਾ ਇਤਿਹਾਸ ਵਿਚ ਆਉਂਦਾ ਹੈ ਕਿ ਮਾਤਾ ਜੀ ਨੂੰ ਕਿਹਾ ਕਿ ਸਾਹਿਬਜ਼ਾਦੇ ਛੋਟੇ ਲੈ ਕੇ ਤੁਰ ਪਵੋ। ਆਪੇ ਹੀ ਆਉਣਗੇ ਪਿੱਛੇ। ਮਹਾਰਾਜ ਨੇ ਕਿਹਾ, ਗੁਰਸਿੱਖੋ! ਸੱਤ ਦਿਨ ਹੋਰ ਠਹਿਰੋ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅੱਗੇ ਛੇ ਮਹੀਨੇ 'ਚ ਕੁਛ ਨਹੀਂ ਬਣਿਆ, ਹੁਣ ਸੱਤਾਂ ਦਿਨਾਂ 'ਚ ਕੀ ਬਣ ਜਾਣਾ ਹੈ। ਫੌਜ ਤਾਂ ਉਵੇਂ ਜਿਵੇਂ ਬੈਠੀ ਹੈ ਆਲੇ-ਦੁਆਲੇ, ਇੱਥੇ ਖਾਣ ਪੀਣ ਨੂੰ ਕੁਛ ਹੈ ਨਹੀਂ। ਐਨੀਆਂ ਦਿੱਕਤਾਂ ਪੈ ਗਈਆਂ, ਐਡਾ ਸਖਤ ਇਮਤਿਹਾਨ ਹੋ ਗਿਆ, ਉਹਦੇ 'ਚੋਂ ਪਾਸ ਹੋਣਾ ਹੀ ਔਖਾ ਹੋ ਗਿਆ, ਭਾਈ ਦਇਆ ਸਿੰਘ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਦੱਸੋ? ਕਹਿੰਦੇ ਕਿ ਸੱਚੇ ਪਾਤਸ਼ਾਹ! ਅਸੀਂ ਤਾਂ ਹਾਂ ਹੀ ਨਹੀਂ, ਤੁਹਾਡੀ ਜਿਵੇਂ ਰਜ਼ਾ ਹੈ ਅਸੀਂ ਉਸ ਤਰ੍ਹਾਂ ਹੀ ਚੱਲਾਂਗੇ। ਲੇਕਿਨ ਕੁਛ ਐਸੇ ਨਿਕਲੇ ਜਿਨ੍ਹਾਂ ਨੇ ਸਮਾਨ ਲੱਦਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਜਦੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਜਦੋਂ ਤੁਰਨ ਲੱਗੇ, ਮਹਾਰਾਜ! ਕਹਿੰਦੇ, ਮਾਤਾ ਜੀ! ਜਾਂਦੇ ਤਾਂ ਤੁਸੀਂ ਹੋਂ, ਪਰ ਅੱਗੇ ਸੰਕਟ ਬਹੁਤ ਪਏ ਨੇ। ਇਹ ਤੁਹਾਨੂੰ ਫੇਰ ਸਾਡੀ ਗੱਲ ਚੇਤੇ ਆਏਗੀ। ਚੰਗਾ ਜੇ ਤੁਹਾਡੀ ਰਜ਼ਾ ਇਸ ਤਰ੍ਹਾਂ ਹੀ ਹੈ ਤਾਂ ਸਾਨੂੰ ਵੀ ਕੋਈ ਇਤਰਾਜ਼ ਨਹੀਂ। ਦੂਸਰੀ ਬਾਤ ਇਹ ਹੈ ਕਿ ਇਸ ਵੇਲੇ ਇਨ੍ਹਾਂ ਨੇ ਕੁਰਾਨ ਸ਼ਰੀਫ ਰੱਖ ਕੇ ਭੇਜਿਆ ਹੈ, ਸਾਨੂੰ ਪਤਾ ਹੈ ਕਿ ਇਹ ਧੋਖਾ ਦੇ ਰਹੇ ਨੇ, ਨਾਸਤਕ ਲੋਕ ਨੇ। ਲੇਕਿਨ ਸਾਡੇ ਮੂਹਰੇ ਇਕ ਬੜੀ ਭਾਰੀ ਸਮੱਸਿਆ ਆ ਗਈ ਹੈ, ਉਹ ਇਹ ਹੈ ਕਿ ਧਰਮ ਗ੍ਰੰਥ ਦਾ ਅਸੀਂ ਆਦਰ ਕਰਨਾ ਹੈ, ਦੁਨੀਆਂ ਦੇ ਜਿੰਨੇ ਧਰਮ ਗ੍ਰੰਥ ਨੇ ਉਨ੍ਹਾਂ ਸਾਰਿਆਂ ਦਾ ਆਦਰ ਕਰਨਾ ਹੈ, ਚਲੋ ਅਸੀਂ ਇਸ ਆਦਰ ਦੇ ਨਮਿੱਤ ਕਿਲ੍ਹਾ ਛੱਡ ਦਿੰਦੇ ਹਾਂ। ਕਿਲ੍ਹਾ ਛੱਡਣ ਲਈ ਘੰਟੇ, ਦੋ ਘੰਟਿਆਂ ਬਾਅਦ ਵਾਰੀ-ਵਾਰੀ ਤੁਰ ਪਏ। ਸਵਾ ਪਹਿਰ ਜਦੋਂ ਰਾਤ ਲੰਘ ਗਈ ਤਾਂ ਉਸ ਵੇਲੇ ਗੁਰੂ ਮਹਾਰਾਜ ਜੀ ਪੰਜ ਸੌ ਸਿੰਘ ਨਾਲ ਹੈ ਤੇ ਚੱਲ ਪੈਂਦੇ, ਹਨ੍ਹੇਰ ਗੁਬਾਰ ਹੋਈ-ਹੋਈ ਹੈ, ਹੱਥ ਮਾਰਿਆਂ ਕੁਛ ਲੱਭਦਾ ਨਹੀਂ। ਜਿਸ ਵਕਤ ਰੌਲਾ-

ਗੋਲਾ ਸੁੰਨ ਹੋ ਗਿਆ, ਉਸ ਵੇਲੇ ਫੌਜਾਂ ਇੱਕ ਦਮ ਅਨੰਦਪੁਰ ਸਾਹਿਬ ਟੁੱਟ ਕੇ ਪੈ ਗਈਆਂ, ਲੁੱਟਣ ਵਾਸਤੇ। ਉਥੇ ਮਹਾਰਾਜ ਨੇ ਛੱਡਿਆ ਹੀ ਕੁਛ ਨਹੀਂ ਸੀ। ਉਸ ਤੋਂ ਬਾਅਦ ਉਹ ਕਹਿਣ ਲੱਗੇ ਜਿਹੜੇ ਜਰਨੈਲ ਸੀ ਕਿ ਦੇਖੋ, ਇਸ ਤੋਂ ਵੱਧ ਮੌਕਾ ਕਦੇ ਨਹੀਂ ਮਿਲਣਾ, ਓਧਰ ਸਰਸਾ ਦਰਿਆ ਹੈ, ਏਧਰ ਆਪਾਂ ਹਾਂ, ਵਿਚਾਲੇ ਘੇਰ ਕੇ ਗੁਰੂ ਗੋਬਿੰਦ ਸਿੰਘ ਨੂੰ ਸ਼ਹੀਦ ਕਰ ਦਿਓ। ਬੜਾ ਭਾਰਾ ਇਨਾਮ ਪਾਵਾਂਗੇ। ਨਾ ਕਸਮ ਦੀ ਲਿਹਾਜ਼ ਨਾ ਕੋਈ ਬਚਨ ਦੀ ਲਿਹਾਜ਼।

ਉਸ ਵੇਲੇ ਹੱਲਾ ਹੋ ਜਾਂਦਾ ਹੈ। ਸਾਹਿਬ ਅਜੀਤ ਸਿੰਘ ਜੀ ਪੰਜ ਸੌ ਸਿੰਘ ਲੈ ਕੇ ਰੋਕਦੇ ਨੇ। ਬੜਾ ਭਾਰੀ ਘਮਸਾਨ ਦਾ ਯੁੱਧ ਹੁੰਦਾ ਹੈ। ਗੁਰੂ ਮਹਾਰਾਜ ਨੇ ਭਾਈ ਆਲਮ ਸਿੰਘ ਨੂੰ ਕਿਹਾ, ਦੂਜਿਆਂ ਨੂੰ ਕਿਹਾ ਕਿ ਸਾਹਿਬ ਅਜੀਤ ਸਿੰਘ ਨੂੰ ਲਿਆਓ ਸਾਡੇ ਕੋਲ। ਉਸ ਥਾਂ ਬਹੁਤ ਡੱਟ ਕੇ ਮੁਕਾਬਲਾ ਹੋਇਆ ਜੀਵਨ ਸਿੰਘ ਵੀ ਉਸ ਥਾਂ ਦੇ ਉਤੇ ਸ਼ਹੀਦ ਹੋ ਗਿਆ। ਸਰਸੇ ਨੂੰ ਲੰਘਣ ਵੇਲੇ ਸਾਰਾ ਹੀ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਤਾਵਾਂ ਇੱਕ ਪਾਸੇ ਹੋ ਗਈਆਂ, ਮਾਤਾ ਗੁਜਰੀ ਜੀ ਦੋਵੇਂ ਸਾਹਿਬਜ਼ਾਦਿਆਂ ਨੂੰ ਲੈ ਕੇ ਇੱਕ ਪਾਸੇ ਹੋ ਗਏ। ਗੁਰੂ ਮਹਾਰਾਜ ਜੀ ਸਰਸੇ ਤੋਂ ਪਾਰ ਲੰਘੇ। ਉਸ ਤੋਂ ਬਾਅਦ ਜਦੋਂ ਇਕੱਠ ਹੋਇਆ, ਥੋੜ੍ਹੇ ਸਿੰਘ ਹੋਰ ਰਲੇ, ਉਹ ਕਹਿੰਦੇ ਸੱਚੇ ਪਾਤਸ਼ਾਹ! ਸਰਸੇ ਨੇ ਤਾਂ ਸਭ ਕੁਛ ਰੋੜ੍ਹ ਦਿੱਤਾ। ਬਹੁਤ ਸਿੰਘ ਲੰਘੇ ਕਿਉਂਕਿ ਜ਼ੋਰ ਪੈ ਰਿਹਾ ਸੀ ਪਿੱਛੋਂ, ਉਸ ਵੇਲੇ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਫੌਜ ਪਾਰ ਹੋਣ ਦੀਆਂ ਤਿਆਰੀਆਂ ਕਰ ਰਹੀ ਹੈ, ਸਰਸਾ ਥੋੜ੍ਹਾ ਉਤਰ ਰਿਹਾ ਹੈ, ਆਪ ਬੰਦੋਬਸਤ ਕਰੋ। ਮਹਾਰਾਜ ਜੀ ਰੋਪੜ ਦੇ ਵਿੱਚ ਆ ਕੇ ਨਿਹੰਗ ਖਾਂਨ ਨੂੰ, ਬਚਿੱਤਰ ਸਿੰਘ ਉਨ੍ਹਾਂ ਕੋਲ ਸੰਭਾਲਦੇ ਨੇ, ਕਿਉਂਕਿ ਬਹੁਤੇ ਜ਼ਖਮੀ ਸੀ। ਉਸ ਤੋਂ ਬਾਅਦ ਆਪ ਚਮਕੌਰ ਸਾਹਿਬ ਚਲੇ ਜਾਂਦੇ ਨੇ। ਇਨ੍ਹਾਂ ਦਿਨਾਂ ਦੇ ਅੰਦਰ ਬਹੁਤ ਭਿਆਨਕ ਯੁੱਧ ਹੋ ਰਿਹਾ। ਇਹ ਸਿੱਖ ਇਤਿਹਾਸ ਦਾ ਕਰਬਲਾ ਦਾ ਦਿਨ ਹੈ, ਇਹ ਜਿਹੜੇ ਹੈਗੇ। ਇਹਦੇ ਉਤੇ ਸਿੱਖੀ ਪਰਖੀ ਗਈ ਪੂਰੀ ਤਰ੍ਹਾਂ ਨਾਲ। ਕਿਉਂਕਿ ਬਚਨਾਂ ਨੂੰ ਕਰ ਲੈਣਾ, ਇਹ ਹੋਰ ਗੱਲ ਹੈ, ਰੱਬ ਨੂੰ ਮਿਲ ਜਾਣਾ ਹੋਰ ਗੱਲ ਹੈ, ਪਰ ਰੱਬ ਨੂੰ ਮਿਲ ਕੇ ਰੱਬ ਵਰਗਾ ਜੀਵਨ ਗੁਜ਼ਾਰ ਦੇਣਾ, ਉਹ ਔਖਾ ਹੈ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥***

***ਅੰਗ - 68***

ਇਸ ਤਰ੍ਹਾਂ ਦੇ ਨਾਲ ਭਿਆਨਕ ਯੁੱਧ ਹੁੰਦਾ ਹੈ, ਚਮਕੌਰ ਸਾਹਿਬ ਦੇ ਅੰਦਰ, ਬਹੁਤ ਭਿਆਨਕ, ਚਾਲੀ ਸਿੰਘ ਨੇ ਤੇ ਬਾਹਰਲੇ ਪਾਸੇ ਫੌਜ ਤਾਜ਼ਾ ਦਮ ਵੀ ਆ ਗਈ, ਉਸ ਵੇਲੇ ਬਹੁਤ ਵਧ-ਵਧ ਕੇ, ਅੱਗੇ ਹੋ-ਹੋ ਕੇ ਲੜਦੇ ਨੇ, ਪਹਿਲਾਂ ਸਾਰਿਆਂ ਤੋਂ ਦੋ ਸਿੰਘ ਗੇਟ ਵਾਲੇ ਜ਼ਖਮੀ ਹੋ ਗਏ ਸੀ। ਫੇਰ ਇੱਕ ਸਿੰਘ ਬਾਹਰ ਨਿਕਲ ਗਿਆ, ਫੇਰ ਪੰਜ-ਪੰਜ ਨਿਕਲਦੇ ਰਹੇ, ਸ਼ਾਮ ਤੱਕ ਯੁੱਧ ਹੁੰਦਾ ਰਿਹਾ। ਜਿਸ ਵਕਤ ਸ਼ਾਮ ਪੈ ਗਈ, ਉਸ ਵੇਲੇ ਪੰਜ ਸਿੰਘ ਬਚੇ ਕਿਲ੍ਹੇ ਦੇ ਅੰਦਰ, ਕਈ ਅੱਠ ਕਹਿੰਦੇ ਨੇ; ਉਸ ਵੇਲੇ ਪੰਜਾਂ ਨੇ ਇਕੱਠੇ ਹੋਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਕੱਲ੍ਹ ਨੂੰ ਜੰਗ

ਕਰਾਂਗੇ। ਤੁਸੀਂ ਨਾ ਕਰਿਓ, ਅਸੀਂ ਇਕੱਲੇ ਬਾਹਰ ਨਿਕਲਾਂਗੇ, ਤੁਸੀਂ ਸਾਡਾ ਯੁੱਧ ਦੇਖਿਓ ਤੁਸੀਂ ਅੱਖਾਂ ਨਾਲ ਕਿ ਅਸੀਂ ਕਿਵੇਂ ਕਰਨਾ ਹੈ। ਉਹ ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਵਰਗੇ ਲੱਖਾਂ ਮਾਰੇ ਜਾਣ, ਕੋਈ ਫਰਕ ਨਹੀਂ ਪੈਂਦਾ। ਜੇ ਗੁਰੂ ਦਸ਼ਮੇਸ਼ ਪਿਤਾ ਸ਼ਹੀਦ ਹੋ ਗਏ, ਫੇਰ ਸਿੱਖ ਕਿੱਥੋਂ ਬਣਨਗੇ। ਖਾਲਸਾ ਕਿੱਥੋਂ ਹੋਏਗਾ। ਇਹ ਤਾਂ ਇੱਥੇ ਹੀ ਸਾਰਾ ਖਤਮ ਹੋ ਗਿਆ। ਪੰਜਾਂ ਨੇ ਉਸ ਵੇਲੇ ਹੁਕਮ ਦਿੱਤਾ ਮਹਾਰਾਜ ਨੂੰ ਕਿ ਅਸੀਂ ਪੰਜ ਸਿੰਘ; ਤੁਸੀਂ ਬਚਨ ਕੀਤਾ ਹੈ ਕਿ ਜਿੱਥੇ ਪੰਜ ਸਿੰਘ ਹੋਣਗੇ, ਉਥੇ ਮੈਂ ਵਰਤਾਂਗਾ। ਸੋ ਸੱਚੇ ਪਾਤਸ਼ਾਹ! ਤੁਸੀਂ ਹੁਣ ਚਾਹੇ ਸ਼ਕਤੀ ਵਰਤੋ, ਚਾਹੇ ਇਨਸਾਨੀ ਤਾਕਤ ਵਰਤੋ, ਪਰ ਕਿਲ੍ਹੇ 'ਚੋਂ ਨਿਕਲ ਕੇ ਜਾ ਕੇ ਦੁਬਾਰਾ ਪੰਥ ਦੀ ਸਾਜਨਾ ਕਰੋ, ਅਸੀਂ ਇੱਥੇ ਯੁੱਧ ਕਰਾਂਗੇ ਆਖਰੀ ਦਮ ਤੱਕ। ਸੋ ਉਸ ਵੇਲੇ ਮਹਾਰਾਜ ਜੀ ਨੇ ਕਿ ਠੀਕ ਹੈ ਕਿ ਮੈਂ ਖਾਲਸੇ ਨੂੰ ਕੁਛ ਦੇਣਾ ਚਾਹੁੰਦਾ ਹਾਂ, ਉਨ੍ਹਾਂ ਪ੍ਰਕਰਮਾ ਕਰਕੇ, ਐਸਾ ਲਿਖਿਆ ਹੈ ਕਿ ਸੰਤ ਸਿੰਘ ਨੂੰ ਕਲਗੀ ਦਿੱਤੀ, ਨਾਲ ਸਮਝਾ ਦਿੱਤਾ ਕਿ ਤੇਰੀ ਸ਼ਕਲ ਮੇਰੇ ਨਾਲ ਰਲਦੀ ਹੈ, ਬੜਾ ਸਮਾਂ ਮਿਲ ਜਾਏਗਾ ਇਹ ਨਿਰਣਾ ਹੋਣ ਵਾਸਤੇ ਕਿ ਮੈਂ ਸ਼ਹੀਦ ਹੋਇਆ ਹਾਂ ਕਿ ਮੈਂ ਜੀਉਂਦਾ ਚਲਿਆ ਗਿਆ। ਨਾਲ ਮਹਾਰਾਜ ਜੀ ਨੇ ਕਿਹਾ ਕਿ ਦੇਖੋ, ਅਸੀਂ ਚੋਰਾਂ ਵਾਂਗਣ ਨਹੀਂ ਜਾਣਾ, ਕਲੰਕ ਲਗ ਜਾਏਗਾ, ਅਸੀਂ ਸੂਰਮਿਆਂ ਵਾਂਗਣ ਨਿਕਲਣਾ ਹੈ। ਜਦੋਂ ਮਹਾਰਾਜ ਜੀ ਆਏ ਤਾੜੀ ਸਾਹਿਬ, ਉਥੇ ਆ ਕੇ ਤਿੰਨ ਵਾਰੀ ਉੱਚੀ ਆਵਾਜ਼ ਵਿਚ ਕਿਹਾ ਕਿ ਹਿੰਦੂਆਂ ਦਾ ਪੀਰ ਜਾ ਰਿਹਾ ਹੈ, 'ਹਿੰਦ ਪੀਰ ਮੇ ਰਵੀ', ਤਿੰਨ ਵਾਰੀ ਐਨੇ ਉੱਚੇ ਬੋਲੇ ਕਿ ਮਿਸਾਲਾਂ ਵਾਲੇ ਨੱਠ ਕੇ ਆਏ, ਮਹਾਰਾਜ ਜੀ ਨੇ ਬਾਣ ਮਾਰੇ ਤੇ ਉਸ ਤੋਂ ਬਾਅਦ ਘਮਸਾਨ ਦਾ ਯੁੱਧ ਆਪਸ ਵਿਚ ਹੁੰਦਾ ਰਿਹਾ, ਤਾਰੇ ਦੀ ਸੇਧ ਮਹਾਰਾਜ ਜੀ ਨੇ ਦੱਸੀ ਹੋਈ ਸੀ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਨੂੰ ਓਸ ਸੇਧ 'ਤੇ ਮਹਾਰਾਜ ਕਹਿੰਦੇ ਤੁਸੀਂ ਤੁਰ ਆਇਓ, ਐਧਰ ਹੋ ਜਾਓ, ਓਧਰ ਹੋ ਜਾਓ, ਮਹਾਰਾਜ ਕਹਿੰਦੇ, ਤੁਸੀਂ ਸੇਧ ਨਾ ਛੱਡਿਓ। ਆਪਾਂ ਮਿਲ ਜਾਵਾਂਗੇ ਸਵੇਰੇ।

ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਇਸ ਭਿਆਨਕ ਯੁੱਧ 'ਚੋਂ ਨਿਕਲਣ ਤੋਂ ਬਾਅਦ ਮਾਛੀਵਾੜੇ ਜਾਂਦੇ ਨੇ ਗੁਲਾਬੇ ਦੇ, ਉਸ ਤੋਂ ਬਾਅਦ ਗਨੀ ਖਾਂ, ਨਬੀ ਖਾਂ ਲੈ ਜਾਂਦੇ ਨੇ, ਉੱਚ ਦਾ ਪੀਰ ਬਣਾ ਕੇ, ਮਹਾਰਾਜ ਜੀ ਮਾਲਵੇ ਵਲ ਨੂੰ ਜਾਂਦੇ, ਅੱਜ ਰਾਏਕੋਟ, ਰਾਏ ਕੱਲੇ ਦੇ ਪਾਸ ਜੋ ਮੁਸਲਮਾਨ ਹਾਕਮ ਹੈ, ਉਥੇ ਆਪ ਗਏ। ਜਦੋਂ ਉਹਨੂੰ ਪਤਾ ਲੱਗਿਆ ਤਾਂ ਬਹੁਤ ਸ਼ਰਧਾ 'ਤੇ ਪਿਆਰ ਨਾਲ ਗੁਰੂ ਮਹਾਰਾਜ ਜੀ ਨੂੰ ਲੈਣ ਵਾਸਤੇ ਆਉਂਦਾ ਹੈ। ਟਿਕਾਣਾ ਕਰਾਇਆ ਤਾਂ ਉਸ ਤੋਂ ਬਾਅਦ ਮਹਾਰਾਜ ਜੀ ਨੇ ਕਿਹਾ ਕਿ ਰਾਏ ਕੱਲਾ! ਕੋਈ ਸਹੀ ਬੰਦਾ ਦੇ ਜਿਹੜਾ ਸਹੀ ਖਬਰ ਸਰਹੰਦ ਜਾ ਕੇ ਲੈ ਆਵੇ। ਉਹਨੇ ਕਿਹਾ ਕਿ ਮਹਾਰਾਜ! ਬਹੁਤ ਪਿਆਰ ਕਰਨ ਵਾਲਾ ਤੇ ਵਿਸ਼ਵਾਸ਼ ਪਾਤਰ ਇੱਕ ਮਾਹੀ ਹੈ ਇੱਥੇ, ਬੜਾ ਸਿਆਣਾ ਹੈ ਉਹ। ਉਸ ਨੂੰ ਅਸੀਂ ਭੇਜਦੇ ਹਾਂ। ਮਹਾਰਾਜ ਕਹਿੰਦੇ, ਦੇਖ ਬਈ ਮਾਹੀ! ਅੱਜ ਹੀ ਅੱਜ ਖਬਰ ਲਿਆਈਂ। ਕਹਿੰਦਾ, ਸੱਚੇ ਪਾਤਸ਼ਾਹ! ਇਥੋਂ ਪੰਜਾਹ

ਕੋਹ ਹੈ ਸਰਹੰਦ। ਪੰਜਾਹ ਕੋਹ ਦਾ ਮਤਲਬ ਹੋ ਗਿਆ ਸੌ-ਸਵਾ ਸੌ ਕਿਲੋਮੀਟਰ। ਸੱਚੇ ਪਾਤਸ਼ਾਹ! ਜੇ ਤੁਹਾਡੀ ਸ਼ਕਤੀ ਹੋਵੇ ਤਾਂ ਮੈਂ ਉਥੋਂ ਆ ਸਕਦਾ ਹਾਂ, ਮੇਰੇ 'ਚ ਨਹੀਂ ਐਨੀ ਤਾਕਤ, ਮੈਂ ਤਾਂ ਜੇ ਇੱਕ ਦਿਨ ਵਿੱਚ ਪਹੁੰਚ ਵੀ ਜਾਵਾਂ ਤਾਂ ਵੀ ਵੱਡੀ ਬਾਤ ਹੈ। ਮਹਾਰਾਜ ਕਹਿੰਦੇ, ਕੋਈ ਨਾ ਤੂੰ ਹੁਣੇ ਪਹੁੰਚ ਜਾਏਂਗਾ। ਖਬਰ ਲਈਂ, ਖਬਰ ਲੈ ਕੇ ਆ ਜਾਈਂ। ਸਾਰੇ ਹੈਰਾਨ ਨੇ ਕਿ ਅੱਜ ਕਿਵੇਂ ਆ ਜਾਏਗਾ। ਉਥੇ ਹੀ ਬੈਠੇ ਨੇ ਮਹਾਰਾਜ। ਬੋਹੜ ਦਾ ਦਰਖਤ ਹੈ, ਰਾਏ ਕੱਲੇ ਨੂੰ ਕਹਿਣ ਲੱਗੇ, ਕੋਈ ਬੰਦਾ ਉਪਰ ਦਰਖਤ 'ਤੇ ਚਾੜ੍ਹ ਦੇਖ ਤਾਂ ਆਉਂਦਾ ਹੈ ਉਹ। ਕਹਿੰਦੇ, ਸੱਚੇ ਪਾਤਸ਼ਾਹ! ਅਜੇ ਤਾਂ ਪਹੁੰਚਿਆ ਵੀ ਨਹੀਂ ਹੋਣਾ, ਕਿਉਂਕਿ ਜਾਣਦੇ ਨਹੀਂ ਸੀ ਲੀਲਾ ਨੂੰ। ਫੇਰ ਮਹਾਰਾਜ ਨੇ ਦੂਸਰੀ ਵਾਰੀ ਫੇਰ ਕਿਹਾ, ਤੀਸਰੀ ਦਫਾ ਜਦ ਕਿਹਾ ਤਾਂ ਇੱਕ ਬੰਦਾ ਚੜ੍ਹ ਗਿਆ, ਦੇਖਦਾ ਹੈ ਤਾਂ ਬਹੁਤ ਕਾਹਲੀ ਨਾਲ ਕੋਈ ਆ ਰਿਹਾ ਹੈ। ਹੇਠਾਂ ਉਤਰ ਆਇਆ ਕਹਿਣ ਲੱਗਿਆ ਕਿ ਮਹਾਰਾਜ! ਹੋਵੇ ਨਾ ਤਾਂ ਉਹ ਮਾਹੀ ਹੀ ਲਗਦਾ ਹੈ ਮੈਨੂੰ ਤਾਂ। ਬਹੁਤ ਕਾਹਲੀ-ਕਾਹਲੀ ਆ ਰਿਹਾ ਹੈ। ਸਾਰੇ ਹੈਰਾਨ ਹੋ ਗਏ। ਮਹਾਰਾਜ ਪਲੰਘ 'ਤੇ ਬੈਠੇ ਨੇ, ਉਹ ਜਿਸ ਵਕਤ ਆਇਆ ਤਾਂ ਉੱਚੀ-ਉੱਚੀ ਆ ਕੇ ਰੋਂਦਾ ਹੈ ਮਹਾਰਾਜ ਕੋਲ ਆ ਕੇ, ਬੋਲਦਾ ਨਹੀਂ। ਮਹਾਰਾਜ ਕਹਿੰਦੇ, ਕੀ ਗੱਲ ਪ੍ਰੇਮੀਆਂ! ਹੋਇਆ ਕੀ? ਤੂੰ ਦੱਸ ਸਾਰੀ ਗੱਲ? ਕਹਿੰਦਾ, ਮਹਾਰਾਜ! ਕੀ ਦੱਸਾਂ? ਜੋ ਕੁਛ ਹੋਇਆ ਮੇਰੀ ਜ਼ੁਬਾਨ ਨਹੀਂ ਦੱਸ ਸਕਦੀ। ਮੈਂ ਕਹਿ ਨਹੀਂ ਸਕਦਾ। ਮਹਾਰਾਜ ਕਹਿੰਦੇ, ਦੇਖ ਅਸੀਂ ਤੈਨੂੰ ਪੁੱਛਣ ਲਈ ਭੇਜਿਆ ਹੈ ਤੇ ਹੁਣ ਤੂੰ ਹਾਲ ਦੱਸ ਸਾਰੇ ਬੈਠੇ ਨੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਜੋ ਤੁਹਾਡਾ ਰਸੋਈਆ ਸੀ ਗੰਗੂ ਨਾਮ ਦਾ, ਬੇਈਮਾਨ, ਨਮਕ ਹਰਾਮ ਉਸ ਨੇ ਜਾ ਕੇ ਪੈਸੇ 'ਤੇ ਅੱਖ ਰੱਖ ਕੇ ਹਾਕਮ ਨੂੰ ਖਬਰ ਦਿੱਤੀ, ਉਹ ਹਾਕਮ ਮੁਰਿੰਡੇ ਵਾਲਾ ਸਰਹੰਦ ਲੈ ਗਿਆ ਤੇ ਸਾਹਿਬਜ਼ਾਇਆਂ ਤੇ ਮਾਤਾ ਜੀ ਨੂੰ ਬੁਰਜ ਦੇ ਵਿਚ ਕੈਦ ਕਰ ਦਿੱਤਾ। ਉਸ ਤੋਂ ਬਾਅਦ ਜਦੋਂ ਦੂਸਰੇ ਦਿਨ ਕਚਹਿਰੀ ਲੱਗੀ, ਤਾਂ ਉਸ ਵੇਲੇ ਨੇ ਮੁਰਿੰਡੇ ਵਾਲੇ ਨੇ ਕਿਹਾ ਕਿ ਮੈਂ ਗੁਰੂ ਸਾਹਿਬ ਦੇ ਬੱਚਿਆਂ ਨੂੰ ਤੇ ਮਾਤਾ ਨੂੰ ਲੈ ਆਇਆ ਹਾਂ। ਨਵਾਬ ਨੇ ਕਿਹਾ ਕਿ ਬੱਚਿਆਂ ਨੂੰ ਅਸੀਂ ਦੇਖਣਾ ਚਾਹੁੰਦੇ ਹਾਂ। ਕਚਹਿਰੀ ਵਿਚ ਪੇਸ਼ ਕਰੋ। ਮਾਤਾ ਜੀ ਕੋਲ ਗਏ, ਮਾਤਾ ਜੀ ਨੇ ਦਿਲਾਸਾ ਦਿੱਤਾ ਬੱਚਿਆਂ ਨੂੰ। ਹੌਂਸਲਾ ਦਿੱਤਾ ਕਿ ਦੇਖਿਓ ਹੌਂਸਲਾ ਨਹੀਂ ਹਾਰਨਾਂ, ਕਿਉਂਕਿ ਉਮਰ ਛੋਟੀ ਹੈ ਪੰਜ ਸਾਲ, ਸੱਤ ਸਾਲ ਦੀ; ਝੁਕਣਾ ਨਹੀਂ, ਡਰਨਾ ਨਹੀਂ, ਤੁਸੀਂ ਆਪਣੇ ਆਰਦਸ਼ ਦੇ ਉਤੇ ਕਾਇਮ ਰਹਿਣਾ ਹੈ। ਮੌਤ ਕੋਈ ਚੀਜ਼ ਦੁਨੀਆਂ 'ਚ ਨਹੀਂ ਹੋਇਆ ਕਰਦੀ। ਮੌਤ ਸਿਰਫ ਉਨ੍ਹਾਂ ਵਾਸਤੇ ਹੁੰਦੀ ਹੈ ਜਿਹੜੇ ਪਾਪ ਕਰਦੇ ਨੇ। ਗੁਰਮੁਖਾਂ ਵਾਸਤੇ ਕੋਈ ਮੌਤ ਨਹੀਂ ਹੋਇਆ ਕਰਦੀ। ਹੌਂਸਲਾ ਦੇ ਕੇ ਭੇਜਿਆ, ਜਿਸ ਵਕਤ ਸਾਹਿਬਜ਼ਾਦੇ ਆਉਂਦੇ ਨੇ, ਉਹ ਖਿੜਕੀ ਖੁੱਲ੍ਹੀ ਸੀ, ਖਿੜਕੀ ਦੇ ਵਿਚੋਂ ਹੇਠਾਂ ਸਿਰ ਕੱਢ ਕੇ ਪਹਿਲਾਂ ਫੇਰ ਲੰਘਣਾ ਪੈਂਦਾ ਸੀ, ਦੋਵੇਂ ਭਰਾ ਰੁਕ ਗਏ, ਕਹਿੰਦੇ ਦੇਖੋ, ਅੰਦਰ ਬੈਠੇ ਨੇ, ਵੱਡੇ ਕਹਿਣ ਲੱਗੇ ਜ਼ੋਰਾਵਰ ਸਿੰਘ, ਆਪਣਾ ਸੀਸ ਝੁਕ ਜਾਏਗਾ, ਆਪਾਂ ਸੀਸ ਨਹੀਂ ਇਨ੍ਹਾਂ ਨੂੰ ਝੁਕਾਉਣਾ, ਕਿਉਂਕਿ ਇਨ੍ਹਾਂ ਵਿਚ ਧਰਮੀ ਬੰਦਾ

ਇੱਕ ਵੀ ਨਹੀਂ ਹੈ, ਪਾਪ ਕਰਨ ਵਾਲੇ ਨੇ। ਸਾਡਾ ਜੋ ਪਵਿੱਤਰ ਸੀਸ ਹੈ, ਜਿਸ ਦੇ ਅੰਦਰ ਅੰਮ੍ਰਿਤ ਦੇ ਛਿੱਟੇ ਪਏ ਨੇ, ਚੂਲ੍ਹੀਆਂ ਪਈਆਂ ਨੇ, ਇਹ ਪਾਪੀਆਂ ਦੇ ਅੱਗੇ ਨਿਵਣ ਵਾਲਾ ਨਹੀਂ ਹੈ। ਧਰਮੀਆਂ ਦੇ ਧਰਮਾਂ ਦੀ ਅਸੀਂ ਧੂੜ ਹਾਂ, ਉਨ੍ਹਾਂ ਦੇ ਚਰਨ ਧੂੜ ਲੋਚਦੇ ਹਾਂ, ਉਨ੍ਹਾਂ ਦੇ ਚਰਨਾਂ ਵਾਸਤੇ ਕਹਿੰਦੇ ਹਾਂ ਕਿ ਮੇਰੇ ਮੱਥੇ ਦੇ ਉਤੇ ਸੰਤਾਂ ਦਾ ਚਰਨ ਪਵੇ। ਲੇਕਿਨ ਇਨ੍ਹਾਂ ਪਾਪੀਆਂ ਦੇ ਅੱਗੇ ਨਿਵੀਏ?

ਪਹਿਲਾਂ ਪੈਰ ਕੱਢੇ ਤੇ ਅੰਦਰ ਚਲੇ ਗਏ, ਜਾ ਕੇ ਅੰਦਰ ਗੱਜ ਕੇ ਫਤਹਿ ਬੁਲਾਈ। ਜੋ ਉਥੇ ਦਾ ਮਰਿਆਦਾ ਰੱਖਣ ਵਾਲਾ ਸੀ ਕਹਿੰਦਾ ਬੱਚਿਓ! ਐਉਂ ਨਹੀਂ ਹੁੰਦਾ, ਪਹਿਲਾਂ ਅੱਧੇ ਝੁਕੋ, ਫੇਰ ਸੱਤ ਵਾਰੀ ਸਲਾਮ ਕਰੋ। ਕਹਿੰਦੇ, ਅਸੀਂ ਤਾਂ ਨਹੀਂ ਝੁਕਦੇ। ਇੱਕ ਦੂਜੇ ਨਾਲ ਸਲਾਹ ਕਰੀ ਕਿ ਐਸ ਤਰ੍ਹਾਂ ਕਹਿੰਦੇ ਨੇ। ਜਦੋਂ ਪੁੱਛਿਆ ਕਿ ਝੁਕਦੇ ਕਿਉਂ ਨਹੀਂ ਓਂ, ਉਸ ਵੇਲੇ ਇਸ ਤਰ੍ਹਾਂ ਦੇ ਨਾਲ ਜਵਾਬ ਦਿੰਦੇ ਨੇ ਪੜ੍ਹੋ ਸਾਰੇ –

***ਧਾਰਨਾ – ਸੀਸ ਅਰਪ 'ਦੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਂਓਂ ਝੁਕਣੇ।***

ਕਹਿੰਦੇ, ਨਵਾਬ ਸਾਹਿਬ! ਤੁਸੀਂ ਸਾਰੇ ਪਾਪ ਕਮਾਉਣ ਵਾਲੇ ਬੈਠੇ ਓਂ। ਇੱਕ ਗੱਲ ਦਾ ਜਵਾਬ ਦੇਵੋ, ਕੁਰਾਨ ਸ਼ਰੀਫ ਰੱਖ ਕੇ ਤੁਸੀਂ ਕਸਮਾਂ ਤੋੜੀਆਂ। ਜਦੋਂ ਤੁਸੀਂ ਕੁਰਾਨ ਸ਼ਰੀਫ ਨੂੰ ਹੀ ਨਹੀਂ ਮੰਨਦੇ, ਤਾਂ ਫੇਰ ਤੁਸੀਂ ਨਾਸਤਕ ਹੋ ਗਏ, ਕਾਫਰ ਹੋ ਗਏ। ਪਾਮਰ ਲੋਕ ਹੋਂ ਤੁਸੀਂ। ਆਹ ਸੀਸ ਜਿਹੜਾ ਸਾਡਾ ਹੈ ਇਹ ਗੁਰੂ ਨੂੰ ਦਿੱਤਾ ਹੋਇਆ ਹੈ, ਅਰਪਿਆ ਹੋਇਆ ਹੈ। ਸਾਡਾ ਸੀਸ ਨਹੀਂ ਹੈ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ – 827***

ਇਹ ਲੱਗਿਆ ਸਾਡੇ ਉਤੇ ਹੈ ਪਰ ਹੈ ਗੁਰੂ ਦਾ; ਏਸ ਗੁਰੂ ਦੇ ਪਵਿੱਤਰ ਸੀਸ ਨੂੰ ਪਾਪੀਆਂ ਦੇ ਅੱਗੇ ਝੁਕਾ ਦੇਈਏ ਆ ਕੇ, ਕਾਫਰਾਂ ਦੀ ਸਭਾ ਵਿਚ ਝੁਕਾ ਦੇਈਏ। ਜਿਨ੍ਹਾਂ ਨੂੰ ਆਪਣੇ ਈਸ਼ਟ ਦਾ ਹੀ ਧਿਆਨ ਨਹੀਂ ਹੈ, ਕੁਰਾਨ ਸ਼ਰੀਫ ਦੀ ਹੀ ਇੱਜ਼ਤ ਨਹੀਂ ਹੈ, ਪੈਗੰਬਰ ਤੋਂ ਜਿਹੜੇ ਬਾਗੀ ਹੋਏ-ਹੋਏ ਨੇ, ਇਨ੍ਹਾਂ ਨੂੰ ਨਹੀਂ ਸਾਡਾ ਸੀਸ ਝੁਕਣਾ।

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਕਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***
***ਇਹ ਨਰ ਪਾਮਰ ਪਾਪ ਕਮਾਵੈਂ।***
***ਕਿਮ ਇਨ ਆਗੇ ਸੀਸ ਨਿਵਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸੀਸ ਨਿਵਾਉਂਦੇ ਹਾਂ ਅਸੀਂ, ਸਾਧੂ ਸੰਤਾਂ ਦੇ, ਬੰਦਗੀ ਕਰਨ ਵਾਲਿਆ ਦੇ ਚਰਨਾਂ ਦੀ ਧੂੜ ਹਾਂ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ – 306***

ਇਹ ਹੰਕਾਰੀ ਸਿਰ ਨਹੀਂ ਹੈਗਾ, ਨਿਮ੍ਰਤਾ ਦਾ ਭਰਿਆ ਹੋਇਆ ਹੈ। ਪਰ ਇਹ ਪਾਪੀਆਂ ਨੂੰ ਨਹੀਂ ਨਿਵਣਾ। ਬੰਦਗੀ ਕਰਨ ਵਾਲਿਆਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ, ਤਾਂ ਅਸੀਂ ਕਹਿੰਦੇ ਹਾਂ ਕਿ ਇਸ ਸੀਸ ਦਾ ਮੂੜ੍ਹਾ ਬਣਾ ਦੇਈਏ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***

***ਅੰਗ – 558***

ਉਹ ਥਾਂ ਹੈ ਸਾਡੇ ਝੁਕਣ ਦਾ, ਉਥੇ ਅਸੀਂ ਚਰਨਾਂ ਦੀ ਧੂੜ ਬਣਨ ਨੂੰ ਤਿਆਰ ਹਾਂ ਪਰ ਪਾਪੀਆਂ ਦੇ ਅੱਗੇ? ਕਹਿਣ ਲੱਗੇ, ਬੱਚਿਓ! ਕਿਸ ਜ਼ੋਰ ਦੇ ਅੱਗੇ ਤੁਸੀਂ ਗੱਲਾਂ ਕਰ ਰਹੇ ਓਂ? ਤੁਹਾਡਾ ਪਿਤਾ, ਤੁਹਾਡੇ ਭਰਾ ਸਾਰੇ ਸ਼ਹੀਦ ਹੋ ਚੁੱਕੇ ਨੇ। ਅੱਖਾਂ ਨਾਲ ਦੇਖਿਆ ਅਸੀਂ ਗੁਰੂ ਗੋਬਿੰਦ ਸਿੰਘ ਸ਼ਹੀਦ ਹੋਇਆ ਤੇ ਤੁਸੀਂ ਹੁਣ ਕਿਸ ਦੀ ਆਸ ਰੱਖਦੇ ਓਂ। ਕਹਿਣ ਲੱਗੇ, ਹੱਸ ਪਏ ਦੋਵੇਂ, ਕਹਿੰਦੇ ਪਿਤਾ ਜੀ? ਕੌਣ ਹੈ ਦੁਨੀਆਂ ਦੇ ਅੰਦਰ ਪੈਦਾ ਹੋਇਆ, ਜਿਹੜਾ ਉਨ੍ਹਾਂ ਦੀ ਝਾਲ ਨੂੰ ਝੱਲ ਲਵੇ –

***ਧਾਰਨਾ – ਐਸਾ ਜੰਮਿਆ ਨਾ ਜਗਤ ਉਤੇ ਕੋਈ,***
***ਝਾਲ ਜਿਹੜਾ ਝੱਲੇ ਗੁਰਾਂ ਦੀ।***

ਇਹ ਗੱਲ ਕਹਿੰਦੇ ਓਂ ਕਿ ਸ਼ਹੀਦ ਕਰ ਦਿੱਤੇ। ਕੌਣ ਹੈ ਦੁਨੀਆਂ ਦੇ ਵਿੱਚ ਜਿਹੜਾ ਗੁਰੂ ਮਹਾਰਾਜ ਦੀ ਝਾਲ ਝੱਲੇ।

***ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ।***
***ਜਗ ਮਹਿਂ ਕੌਨ ਸਕਹਿ ਤਿਹ ਮਾਰਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਕੋਈ ਵੀ ਦੁਨੀਆਂ ਦੇ ਅੰਦਰ ਐਸਾ ਨਹੀਂ ਜਿਹੜਾ ਉਨ੍ਹਾਂ ਨੂੰ ਮਾਰ ਸਕੇ। ਐਨਾ ਕੂੜ ਬੋਲਦੇ ਓਂ? ਓਸ ਵੇਲੇ ਸਾਰੇ ਚੁੱਪ ਕਰ ਰਹੇ, ਬਚਨ ਸੁਣਦੇ ਨੇ ਕਿ ਐਨੀ ਦਲੇਰੀ? ਐਨੀ ਸਾਫਗੋਈ ਤੇ ਐਨੀ ਬਾਤ ਇਹ ਕਰ ਰਹੇ ਨੇ, ਤਾਂ ਉਸ ਵੇਲੇ ਜਿਹੜੇ ਸਿਆਣੇ ਸੀ ਵਿੱਚ ਬੈਠੇ ਉਹ ਕਹਿਣ ਲੱਗੇ ਨਵਾਬ ਸਾਹਿਬ! ਇਹ ਬੱਚੇ ਨੇ, ਬੱਚਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਕਿਉਂਕਿ ਸ਼ੀਰਖੋਰ ਨੇ, ਪੰਜ ਸਾਲ ਤੇ ਸੱਤ ਸਾਲ ਦੇ। ਤੁਸੀਂ ਆਪਣੇ ਬੱਚਿਆਂ ਵਲ ਨਿਗ੍ਹਾ ਮਾਰੋ ਕਿਸੇ ਨਾਲ ਲੜਾਈ ਕਰਦੇ ਨੇ, ਝਗੜਾ ਕਰਦੇ ਨੇ।

***ਸ਼ੀਰ ਖੋਰ ਇਨ ਕਹਾਂ ਬਿਗਾਰਾ।***
***ਲਰਿਬੇ ਮਿਲਿਬੇਨਹਿਨ ਬਿਚਾਰਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਨਾ ਇਨ੍ਹਾਂ ਨੂੰ ਪਤਾ ਹੈ ਕਿ ਲੜਾਈ ਕੀ ਹੁੰਦੀ ਹੈ, ਨਾ ਇਨ੍ਹਾਂ ਨੂੰ ਪਤਾ ਹੈ ਕਿ ਮਿਲਾਪ ਕੀ ਹੁੰਦਾ ਹੈ? ਇਹ ਬੱਚੇ ਆਪਣੀ ਮਰਜ਼ੀ ਦੇ ਨਾਲ ਬੋਲੀ ਜਾਂਦੇ ਨੇ, ਜੋ ਕੁਛ ਇਨ੍ਹਾਂ ਨੇ ਸਮਝਿਆ ਹੈ, ਮਾੜੀ ਤਾਂ ਕੋਈ ਗੱਲ ਇਨ੍ਹਾਂ ਨੇ ਕਹੀ ਨਹੀਂ, ਸਾਰੀ ਗੱਲ ਤਾਂ ਇਨ੍ਹਾਂ ਨੇ ਸਹੀ ਕਹਿ ਦਿੱਤੀ। ਅਸੀਂ ਸਾਰੇ ਸ਼ਰਮਸ਼ਾਰ ਹਾਂ, ਕੁਰਾਨ ਸ਼ਰੀਫ ਰੱਖ ਕੇ ਅਸੀਂ ਕਸਮਾਂ ਤੋੜੀਆਂ,

ਠੀਕ ਹੈ ਬੱਚੇ ਕਹਿੰਦੇ ਨੇ ਕਿ ਤੁਸੀਂ ਕਾਫਰ ਓਂ, ਤੁਸੀਂ ਆਪਣੇ ਧਰਮ ਨੂੰ ਨਹੀਂ ਮੰਨਿਆ। ਤੁਸੀਂ ਐਡੀ ਵੱਡੀ ਗਲਤ ਗੱਲ ਕਰੀ ਹੈ। ਕੀ ਤੁਹਾਡਾ ਇਤਬਾਰ ਤੁਸੀਂ ਤਾਂ ਕਾਫਰ ਓਂ। ਨਵਾਬ ਨਰਮੀ 'ਚ ਆ ਗਿਆ ਕਹਿਣ ਲੱਗਿਆ, ਅੱਛਾ, ਫੇਰ ਇਨ੍ਹਾਂ ਨੂੰ ਸਜ਼ਾ ਕਾਹਦੀ ਦੇਣੀ ਹੈ। ਬੱਚਿਆਂ ਨੂੰ ਛੱਡ ਦਿਓ।

ਉਸ ਵੇਲੇ ਸਾਰਿਆਂ ਦੇ ਮਨਾਂ 'ਚ ਇੱਕ ਖੁਸ਼ੀ ਜਿਹੀ ਦੌੜੀ ਕਿਉਂਕਿ ਸਾਰੇ ਬਾਲ ਬੱਚਿਆਂ ਵਾਲੇ ਸੀ। ਇੱਕ ਖੜ੍ਹਾ ਹੋ ਗਿਆ ਖਤਰੀ ਸੁੱਚਾ ਨੰਦ ਨਾਮ ਦਾ, ਜਿਹਨੂੰ ਝੂਠਾ ਨੰਦ ਕਹਿੰਦੇ ਨੇ, ਕਹਿੰਦਾ ਨਵਾਬ ਸਾਹਿਬ! ਮੇਰੀ ਜਾਤ ਦੇ, ਮੇਰੇ ਭਾਈਚਾਰੇ ਦੇ ਨੇ, ਮੈਂ ਤੁਹਾਡਾ ਹੈਗਾ ਖੈਰ ਖੁਵਾ ਗਲਤੀ ਨਾ ਕਰੋ, ਇਹ ਬੱਚੇ ਬੱਚੇ ਨਹੀ ਰਹਿਣੇ, ਇਹ ਤਾਂ ਇਨ੍ਹਾਂ ਨੇ ਦਿਨਾਂ 'ਚ ਹੀ ਵੱਡੇ ਹੋ ਜਾਣਾ ਹੈ। ਜੋ ਕੁਛ ਇਨ੍ਹਾਂ ਦੇ ਪਿਤਾ ਨੇ ਕਰਿਆ ਹੈ ਉਸ ਤੋਂ ਇਨ੍ਹਾਂ ਨੇ ਘੱਟ ਨਹੀਂ ਕਰਨਾ। ਆਓ ਮੈਂ ਤੁਹਾਨੂੰ ਦਿਖਾ ਦੇਵਾਂ। ਬਾਹਰ ਲੈ ਗਏ ਤਿੰਨ ਦੁਕਾਨਾਂ ਲਾ ਦਿੱਤੀਆਂ। ਬੱਚਿਆਂ ਨੂੰ ਬੁਲਾ ਲਿਆ, ਪਹਿਲੀ ਮਠਿਆਈ ਦੀ ਦੁਕਾਨ ਹੈ, ਦੂਸਰੀ ਜੋ ਹੈ ਉਹ ਖੇਡਾਂ ਦੀ ਹੈ, ਤੀਸਰੀ ਸਸ਼ਤਰਾਂ ਦੀ ਹੈ, ਕਾਜ਼ੀ ਕਹਿਣ ਲੱਗਿਆ, ਕਿ ਮੇਰੀ ਕਿਤਾਬ ਦੇ ਵਿੱਚ ਕੋਈ ਫਤਵਾ ਨਹੀਂ ਜਿਹੜਾ ਇਨ੍ਹਾਂ ਬੱਚਿਆ 'ਤੇ ਲਗ ਜਾਵੇ ਇਨ੍ਹਾਂ ਦੀ ਬਾਗੀ ਗੱਲ ਮੈਂ ਸੁਣੀ ਹੀ ਨਹੀਂ ਹੈ। ਨਾਲੇ ਬੱਚੇ ਕਿਹੜੀ ਬਗਾਵਤ ਕਰ ਸਕਦੇ ਨੇ। ਇਨ੍ਹਾਂ ਨੂੰ ਤਾਂ ਮੁਆਫ ਹੁੰਦਾ ਹੈ ਸਾਰਾ ਕੁਛ। ਕਹਿਣ ਲੱਗੇ, ਹੁਣੇ ਦਿਖਾ ਦਿੰਦੇ ਹਾਂ। ਦੁਕਾਨ 'ਤੇ ਲੈ ਗਏ। ਮਠਿਆਈ ਵਲ ਦੇਖਿਆ ਤਕ ਨਹੀਂ, ਖੇਡਾਂ ਵਲ ਨਿਗ੍ਹਾ ਹੀ ਨਹੀਂ ਕਰੀ। ਜਿਥੇ ਸ਼ਸਤਰ ਸੀ, ਛੋਟੀਆਂ-ਛੋਟੀਆਂ ਬਰਛੀਆਂ, ਛੋਟੇ-ਛੋਟੇ ਕਮਾਣਾ ਤੀਰ ਕਟਾਰਾਂ ਕ੍ਰਿਪਾਨਾਂ, ਉਹ ਚੁੱਕ ਕੇ ਫਟਾ-ਫਟ ਲਾਉਣ ਲਗ ਗਏ, ਪੇਟੀ ਲੈ ਕੇ ਉਹਦੇ ਵਿਚ, ਐਨ ਸਜ ਗਏ। ਬੜੇ ਪਿਆਰ ਨਾਲ ਕਹਿਣ ਲੱਗਿਆ, ਝੂਠਾ ਨੰਦ। ਕਹਿੰਦਾ, ਸ਼ਸਤਰ ਤਾਂ ਬੜੇ ਤੁਹਾਡੇ ਸਜਦੇ ਨੇ। ਜੇ ਤੁਹਾਨੂੰ ਅਸੀਂ ਛੱਡ ਦੇਈਏ, ਤੁਸੀਂ ਕੀ ਕਰੋਂਗੇ।

ਵੱਡੇ ਬੋਲੇ ਕਿ ਦੇਖੋ ਅਸੀਂ ਜਿਸ ਮੰਤਵ ਵਾਸਤੇ ਸਾਡੇ ਨਾਲ ਯੁੱਧ ਹੋ ਰਿਹਾ ਹੈ ਜਦ ਤੱਕ ਇਹ ਸਹੀ ਨਹੀਂ ਹੁੰਦਾ, ਓਨਾਂ ਚਿਰ ਤੱਕ ਇਹ ਯੁੱਧ ਹਟਣਾ ਨਹੀਂ ਹੈ। ਉਹ ਹੈ ਕਿ ਸਾਰਿਆਂ ਨੂੰ ਆਪਣੇ ਧਰਮ ਦੇ ਮੁਤਾਬਿਕ ਖੁੱਲ੍ਹ। ਬੰਦੇ ਆਜ਼ਾਦ ਹੋਣ, ਰਾਜਾ ਸਹੀ ਰਾਜ ਕਰਦਾ ਹੋਵੇ। ਪੱਖ-ਪਾਤ ਨਾ ਕੋਈ ਕਰਦਾ ਹੋਵੇ। ਤੁਸੀਂ ਕੀ ਕਰੋਂਗੇ? ਕਹਿੰਦੇ ਅਸੀਂ ਵੱਡੇ ਹੋ ਕੇ, ਆਪਣੇ ਹਮ ਖਿਆਲ ਅਸੀਂ ਇਕੱਠੇ ਕਰਾਂਗੇ। ਫੇਰ ਯੁੱਧ ਲੜਾਂਗੇ। ਜਦ ਐਨੀ ਗੱਲ ਹੋਈ, ਕਹਿੰਦਾ, ਕਾਜ਼ੀ ਸਾਹਿਬ! ਦੇਖੋਂ, ਕਿਤਾਬ, ਇਹਦੇ ਵਿਚ ਆਉਂਦਾ ਹੈ ਫਤਵਾ?

ਕਹਿੰਦਾ, ਤੁਸੀਂ ਮੇਰੀ ਗੱਲ ਮੰਨੋ। ਮੈਂ ਪੂਰੀ ਤਰ੍ਹਾਂ ਨਾਲ ਤਾੜੀ ਹੋਈ ਹੈ ਗੱਲ, ਇਸ ਤਰ੍ਹਾਂ ਕਹਿੰਦਾ ਹੈ -

***ਧਾਰਨਾ - ਇਹ ਬੱਚੇ ਨਾਗਾਂ ਦੇ,***
***ਇਹ ਨਹੀਂ ਜੀਉਂਦੇ ਛੱਡਣ ਜੋਗੇ।***

***ਨਵਾਬ ਸਾਹਿਬ! ਐਡੀ ਗਲਤੀ?***

*ਸੁਨਤਿ ਜਰਯੋ ਖੱਤ੍ਰੀ ਮਤਿਮੰਦ।*
*ਬੋਲਯੋ ਬਾਕ ਸੁਨਾਵਨ ਬ੍ਰਿੰਦ।*
*ਇਹ ਨਾਗਨ ਕੇ ਬੱਚੇ ਛੋਟੇ।*
*ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸੁਣ ਲਈਆਂ ਗੱਲਾਂ ਇਨ੍ਹਾਂ ਦੀਆਂ?

*ਨਹਿਂ ਨਬਾਬ ਕੋ ਕਰਹਿਂ ਸਲਾਮੂ।*
*ਡਰਪਤਿ ਨਹੀਂ ਬਿਲੋਕਿ ਤਮਾਮੂ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਇਹ ਡਰਦੇ ਨਹੀਂ, ਭੋਰਾ ਜਿੰਨਾਂ ਵੀ ਨਹੀਂ ਝੁਕੇ ਹੈਗੇ। ਬੱਚਾ ਹੈ ਡਰ ਜਾਂਦਾ ਹੈ, ਕੰਬ ਜਾਂਦਾ ਹੈ। ਅਸੀਂ ਐਨੇ ਬੈਠੇ ਹਾਂ, ਕਿਹੋ ਜਿਹੀਆਂ ਅੱਖਾਂ ਵਾਲੇ ਬੈਠੇ ਨੇ ਜਿਨ੍ਹਾਂ ਨੂੰ ਦੇਖ ਕੇ ਆਦਮੀ ਐਵੇਂ ਹੀ ਡਰ ਜਾਂਦਾ ਹੈ, ਕਿਹੋ ਜਿਹੇ ਦਿਉ ਕੱਦ ਬੰਦੇ ਬੈਠੇ ਨੇ ਮਾੜਾ ਝਾਕਣ ਵਾਲੇ ਉਨ੍ਹਾਂ ਤੋਂ ਨਹੀਂ ਡਰਦੇ, ਇਹ ਤਾਂ ਐਉਂ ਖੜ੍ਹੇ ਨੇ ਜਿਵੇਂ ਡਰ ਨੂੰ ਜਾਣਦੇ ਹੀ ਨਹੀਂ ਹਨ। ਉਸ ਵੇਲੇ ਬੋਲਿਆ ਕਿ ਤੁਹਾਨੂੰ ਡਰ ਨਹੀਂ ਲਗਦਾ? ਬੱਚੇ ਕਹਿੰਦੇ ਡਰ, ਅਸੀਂ ਨਿਰਭਉ ਨੂੰ ਜਪਦੇ ਹਾਂ। ਨਿਰਭਉ ਨੂੰ ਜਿਹੜਾ ਜਪੇਗਾ ਉਹਦਾ ਭਉ ਖਤਮ ਹੋ ਜਾਏਗਾ, ਡਰ ਨਹੀਂ ਰਿਹਾ ਕਰਦਾ।

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* ***ਅੰਗ - 293***

ਡਰਦੇ ਤਾਂ ਓਹੀ ਨੇ, ਜਿਹੜੇ ਗਲਤ ਕੰਮ ਕਰਦੇ ਹੋਣ, ਕੋਈ ਸਮਗਲਿੰਗ ਕਰਦਾ ਹੈ, ਕੋਈ ਚੋਰੀਆਂ ਕਰਦਾ ਹੈ, ਕੋਈ ਯਾਰੀਆਂ ਕਰਦਾ ਹੈ, ਕੋਈ ਵਿਭਚਾਰ ਕਰਦਾ ਹੈ, ਕੋਈ ਕਾਨੂੰਨ ਤੋਂ ਉਲਟ ਗੱਲ ਕਰਦਾ ਹੈ। ਕਹਿੰਦੇ, ਬਾਕੀ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਣਾ ਹੈ ਭਜਨ ਕਰਨਾ ਹੈ, ਦੁਨੀਆਂ ਦਾ ਭਲਾ ਕਰਨਾ ਹੈ, ਉਹ ਵੀ ਡਰਦੇ ਨੇ ਕਦੇ?

*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ*
*ਸੋ ਡਰੈ ਜਿਨਿ ਪਾਪ ਕਮਤੇ ਰਾਮ ॥*
*ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥*

***ਅੰਗ - 540***

ਉਸ ਵੇਲੇ ਕਹਿਣ ਲੱਗੇ ਕਿ ਦੇਖੋ, ਤੁਹਾਨੂੰ ਅਸੀਂ ਜੀਉਂਦਾ ਤਾਂ ਛੱਡ ਦਿੰਦੇ ਹਾਂ ਪਰ ਸ਼ਰਤ ਇੱਕ ਹੈ। ਉਹ ਇਹ ਹੈ ਕਿ ਤੁਸੀਂ, ਹੁਣ ਪਿਤਾ ਤੁਹਾਡਾ ਮਾਰਿਆ ਗਿਆ, ਭਰਾ ਤੁਹਾਡੇ ਮਾਰੇ ਗਏ, ਘਰ ਤੁਹਾਡੇ ਢਾਹ ਦਿੱਤੇ, ਕੋਈ ਥਾਂ ਨਹੀਂ ਹੈ ਤੁਹਾਨੂੰ ਕਿਸੇ ਥਾਂ ਦੇ ਜਾਣ ਲਈ। ਤੁਸੀਂ ਹੁਣ ਸਾਡੇ ਦੀਨ ਵਿਚ ਆ ਜਾਓ -

*ਦੀਨ ਬਿਖੈ ਆਵਹੁ ਤੁਮ ਅਬੈ।*
*ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸਾਡੀ ਜੋ ਸ਼ਰ੍ਹਾ ਹੈ ਤੁਰਕ ਦੀ ਉਸਨੂੰ ਮੰਨੋ।

***ਪੁਨ ਤੁਮ ਕੋ ਦੇਂ ਬਹੁ ਬਡਿਆਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਤੁਹਾਨੂੰ ਫੇਰ ਬਾਅਦ ਵਿਚ ਵਡਿਆਈ ਦੇ ਦੇਵਾਂਗੇ, ਪਿੰਡ ਦੇ ਦੇਵਾਂਗੇ, ਇਲਾਕਾ ਪਰਗਣਾ ਦੇ ਦੇਵਾਂਗੇ ਤੇ ਨਾਲ ਹਾਥੀ ਘੋੜੇ ਦੇ ਦੇਵਾਂਗੇ।

***ਗਜ ਬਾਜੀ ਅਰੁ ਧਨ ਸਮੁਦਾਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਬੇਅੰਤ ਲੱਖਾਂ ਦੀ ਤਾਦਾਦ 'ਚ ਧਨ ਦੇ ਦੇਵਾਂਗੇ। ਨਾਲ ਗ੍ਰਾਮ ਦੇਵਾਂਗੇ, ਨਾਲ ਵਡਿਆਈ ਦੇਵਾਗੇ।

***ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।***
***ਕੇਤਿਕ ਚਮੂੰ ਸੰਗ ਤੁਮ ਲਾਵਹਿ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਤੁਹਾਨੂੰ ਅਸੀਂ ਫੌਜ ਵੀ ਦੇ ਦੇਵਾਂਗੇ। ਜੇ ਲੜਨ ਭਿੜਨ ਦਾ ਸ਼ੌਂਕ ਹੀ ਹੈ। ਤੀਰ ਕਮਾਨ ਚਲਾਉਣ ਦਾ, ਫੌਜਾਂ ਆਪਣੀਆਂ ਹੈਗੀਆਂ ਇਹਦੇ ਵਿਚ ਤੁਹਾਡੀ ਮਤੈਹਿਤ ਅਸੀਂ ਫੌਜ ਦੇ ਦੇਵਾਂਗੇ।

***ਜਿਮ ਹਮ ਕਰਹਿਂ ਅਧਿਕ ਸਿਰਦਾਰੀ।***
***ਤਿਮ ਹੋਵਹੁਗੇ ਲਿਹੁ ਸੁਖ ਭਾਰੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਜਿਸ ਤਰ੍ਹਾਂ ਦੇ ਨਾਲ ਅਸੀਂ ਸਿਰਦਾਰੀ ਕਰਦੇ ਹਾਂ, ਸਾਡੇ ਵਾਂਗੂੰ ਤੁਸੀਂ ਵੀ ਹੋ ਜਾਵੋਂਗੇ। ਪਰ ਅਸਾਡੀ ਗੱਲ ਤੁਸੀਂ ਮੰਨ ਲਓ। ਉਸ ਵੇਲੇ ਕਹਿਣ ਲੱਗੇ, ਨਵਾਬ ਸਾਹਿਬ! ਗੱਲ ਤਾਂ ਇਹ ਹੈ ਕਿ ਅੱਲਾਹ ਨੂੰ ਮੰਨਣਾ ਹੈ, ਅਸੀਂ ਕਿਸਨੂੰ ਮੰਨਦੇ ਹਾਂ ਅਸੀਂ ਅੱਲਾਹ ਨੂੰ ਹੀ ਮੰਨ ਰਹੇ ਹਾਂ। ਅਸੀਂ ਅੱਲਾਹ ਨੂੰ ਵਾਹਿਦ ਸਮਝਦੇ ਹਾਂ, ਤੁਸੀਂ ਕਹਿੰਦੇ ਓਂ ਇਲ-ਇਲਾ ਲਾ ਇਲਾ, ਵਾਹਿਗੁਰੂ ਇੱਕ ਹੈ ਸਾਰੇ ਪਰੀਪੂਰਨ ਹੈ। ਅਸੀਂ ਵੀ ਇਹੀ ਕਹਿੰਦੇ ਹਾਂ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਅਸੀਂ ਆਪਣੀ ਬੋਲੀ 'ਚ ਕਹਿੰਦੇ ਹਾਂ, 'ੴ ਸਤਿਨਾਮੁ ਕਰਤਾ ਪੁਰਖੁ' ਉਹ ਕਲਮਾਂ ਅਰਬੀ 'ਚ ਹੈ, ਸਾਡਾ ਜੋ ਕਲਮਾ ਹੈ ਇਹ ਅਸੀਂ ਆਪਣੀ ਬੋਲੀ ਵਿਚ ਪੜ੍ਹ ਰਹੇ ਹਾਂ। ਦੱਸੋ ਫਰਕ ਕੀ ਪੈ ਗਿਆ। ਜੇ ਤਾਂ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਮੁੜ ਕੇ ਅਸੀਂ ਮਰਨਾ ਨਹੀਂ ਹੈ, ਸਦਾ ਵਾਸਤੇ ਸੰਸਾਰ 'ਤੇ ਰਹਿਣਾ ਹੈ ਤਾਂ ਤਾਂ, ਗੱਲ ਕੋਈ ਸੋਚ ਸਕਦਾ ਹੈ ਕਮਲਾ ਬੰਦਾ ਫੇਰ ਵੀ, ਸਿਆਣਾ ਤਾਂ ਫੇਰ ਵੀ ਨਹੀਂ ਸੋਚਦਾ, ਪਰ ਇਹ ਦੱਸੋ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਜੀਉਂਦਾ ਰਹੇਗਾ, ਮਰੇਗਾ ਨਹੀਂ। ਨੀਵੀਆਂ ਪਾ ਲਈਆਂ, ਕਹਿੰਦੇ ਮਰਨਾ ਤਾਂ ਹੈ। ਫੇਰ ਦਰਗਾਹ ਵਿਚ ਜਾਏਗਾ ਕਿ ਨਹੀਂ। ਕਹਿੰਦੇ, ਉਹ ਵੀ ਜਾਏਗਾ। ਫੇਰ ਉਥੇ ਜਿਹੜਾ ਇਹ ਧਰਮ ਹਾਰਿਆ ਹੈ, ਇਹਦਾ ਲੇਖਾ ਦੇਣਾ ਪਵੇਗਾ ਕਿ ਟੁੱਟ ਜਾਏਗਾ ਉਹ। ਨਾ ਪ੍ਰੇਮੀਓਂ! ਬੜਾ ਤੁਹਾਡੇ ਮਨਾਂ ਵਿਚ ਭਰਮ ਪੈ ਗਿਆ। ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਹਰੀ ਵੀ ਓਹੀ ਹੈ, ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਆਪਸ ਵਿਚ ਵਾਦ-ਵਿਵਾਦ ਕਰਦੇ ਓਂ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ,***

***ਭਰਮਾਂ ਵਿੱਚ ਪੈ ਗਈ ਦੁਨੀਆਂ।***

ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਰਾਮ ਵੀ ਓਹੀ ਹੈ, ਰਾਮ ਵੀ ਓਹੀ ਹੈ, ਨਾਰਾਇਣ ਵੀ ਓਹੀ ਹੈ, God ਵੀ ਓਹੀ ਹੈ, ਕਿਹੜੀ ਗੱਲ ਦਾ ਰੌਲਾ ਰਹਿ ਗਿਆ।

***ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥***

***ਅੰਗ - 483***

ਜਿਹਨੂੰ ਤੁਸੀਂ ਅੱਲਾਹ ਕਹਿੰਦੇ ਓਂ ਉਹ ਘਟ-ਘਟ ਦੇ ਵਿਚ ਸਾਡੇ ਵਿਆਪਕ ਹੈ। ਉਹਨੂੰ ਕਿਵੇਂ ਕੱਢ ਲਓਂਗੇ, ਅਸੀਂ ਤਾਂ ਪਹਿਲਾਂ ਹੀ ਓਥੇ ਹਾਂ। ਉਹਦਾ ਨਾਮ ਰਹੀਮ ਹੈ, ਉਹਨੂੰ ਹੀ ਕਰਨ ਕਾਰਨ ਕਹਿੰਦੇ ਨੇ -

***ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥***
***ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥***
***ਓੁਂ ਨਮੋ ਭਗਵੰਤ ਗੁਸਾਈ ॥***
***ਖਾਲਕੁ ਰਵਿ ਰਹਿਆ ਸਰਬ ਠਾਈ ॥ ਅੰਗ - 897***
***ਕਹੁ ਨਾਨਕ ਗੁਰਿ ਖੋਏ ਭਰਮ ॥***
***ਏਕੋ ਅਲਹੁ ਪਾਰਬ੍ਰਹਮ ॥ ਅੰਗ - 897***

ਸਾਡੇ 'ਚ ਤਾਂ ਭਰਮ ਹੈ ਹੀ ਨਹੀਂ। ਇਹ ਜਿਹੜੀ ਤੁਸੀਂ ਮਰਿਆਦਾ ਕਹਿੰਦੇ ਓਂ, ਇਹ ਤੁਹਾਡੀ ਵਾਧੂ ਦੀ ਗੱਲ ਹੈ। ਇਹ ਤਾਂ ਗੁਰੂ ਮਹਾਰਾਜ ਨੇ ਸਾਡਾ ਭਰਮ ਨਿਬੇੜ ਦਿੱਤਾ।

***ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥***
***ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ 4 ॥***
***ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ਅੰਗ - 885***

ਕਹਿੰਦੇ ਨਹੀਂ ਜਿਵੇਂ ਅਸੀਂ ਹਾਂ ਉਸ ਤਰ੍ਹਾਂ ਦਾ ਹੋਣਾ ਪਵੇਗਾ, ਕਹਿੰਦੇ ਨਾਮ ਨਹੀਂ ਸਾਡੇ ਅੰਦਰੋਂ ਨਿਕਲਣਾ।

***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥***

***ਅੰਗ - 808***

ਬਾਕੀ ਤੁਹਾਡੀ ਮਰਜ਼ੀ ਹੈ ਜੋ ਕੁਛ ਕਰਨਾ ਹੈ ਕਰੋ, ਅਸੀਂ ਤੁਹਾਨੂੰ ਦੱਸ ਦਿੱਤੀ ਗੱਲ ਸਾਰੀ। ਮੀਟਿੰਗ ਹੁੰਦੀ ਹੈ, ਕਹਿਣ ਲੱਗੇ, ਇਹ ਤਾਂ ਜਾਂ ਤਾਂ ਇਹ ਬਣ ਜਾਣ, ਨਹੀਂ ਫੇਰ ਇਨ੍ਹਾਂ ਨੂੰ ਛੱਡਣਾ ਨਹੀਂ ਹੈ। ਵਿਚਾਰਾਂ ਚਲਦੀਆਂ ਨੇ। ਏਧਰ ਇਹ ਦੋਵੇਂ ਵੀਚਾਰ ਕਰਦੇ ਨੇ। ਕਹਿਣ ਲੱਗੇ, ਭਰਾ ਜੀ! ਹੁਣ ਆਪਾਂ ਕੀ ਕਰੀਏ, ਦੇਖੋ, ਆਪਣੇ ਪਿਤਾ ਜੀ ਦੇ ਜੋ ਪੜਦਾਦਾ ਜੀ ਸੀਗੇ, ਗੁਰੂ ਪੰਜਵੇਂ ਪਾਤਸ਼ਾਹ ਉਨ੍ਹਾਂ ਨੇ ਆਪਣਾ ਧਰਮ ਨਹੀਂ ਹਾਰਿਆ ਤੇ ਉਨ੍ਹਾਂ ਨੇ ਆਪਣਾ ਸੀਸ ਦੇ ਦਿੱਤਾ, ਫੇਰ ਆਪਣੇ ਦਾਦਾ ਜੀ ਨੂੰ ਕਿੰਨਾਂ ਇਨ੍ਹਾਂ ਨੇ ਬਰਗਲਾਇਆ ਕਿ ਆਹ ਕਰਾਂਗੇ, ਔਹ ਕਰਾਂਗੇ, ਸਾਰੀ ਮੁਸਲਿਮ ਦਾ ਪੀਰ ਮੰਨਾਂਗੇ। ਤੁਸੀਂ ਇੱਕ ਵਾਰੀ ਇਸਲਾਮ ਵਿੱਚ ਆ ਜਾਓ, ਸਾਰਾ ਭਾਰਤ ਵਰਸ਼ ਅਸੀਂ ਇਸਲਾਮ 'ਚ ਕਰਕੇ, ਫੇਰ ਤੁਸੀਂ ਵੱਡੇ ਪੀਰ ਤੁਹਾਨੂੰ ਹੀ ਮੰਨਾਂਗੇ, ਤੁਹਾਡੀਆਂ ਯਾਦਾਂ ਕਾਇਮ ਕਰਾਂਗੇ, ਕਿੰਨਾਂ ਕੁਛ ਕਿਹਾ। ਦਾਦਾ ਜੀ ਨੂੰ ਪੜਦਾਦਾ ਜੀ ਨੂੰ, ਫੇਰ ਤਨ ਤਾਂ ਆਪਣਾ ਨਾਸ਼ਵੰਤ ਹੈ,

ਇਹਨੇ ਤਾਂ ਰਹਿਣਾ ਨਹੀਂ ਹੈ, ਲਾਲਚਾਂ ਦੇ ਵਿੱਚ ਦਾਦਾ ਜੀ ਨਾ ਆਏ। ਉਨ੍ਹਾਂ ਨੇ ਵੀ ਆਪਣਾ ਸੀਸ ਦੇ ਦਿੱਤਾ ਤੇ ਇਸੇ ਤਰ੍ਹਾਂ ਦੇ ਨਾਲ ਬੜਾ ਕੁਛ ਉਨ੍ਹਾਂ ਨੂੰ ਦਿਖਾਇਆ। ਉਨ੍ਹਾਂ ਨੇ ਸ਼ਹੀਦੀ ਦਾ ਸਾਕਾ ਕਰਕੇ ਦਿਖਾ ਦਿੱਤਾ।

***ਤਿਮ ਸ਼ਾਕਾ ਜਗ ਤੁਮ ਦਿਖਰਾਵੋ।***
***ਮਨ ਕੋ ਥਿਰ ਕਰਿ ਨਹੀਂ ਡੁਲਾਵੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - 5952***

ਮਨ ਆਪਾਂ ਤਕੜਾ ਕਰ ਲਈਏ, ਡੋਲਾਈਏ ਨਾ ਕਿਸੇ ਤਰੀਕੇ ਨਾਲ। ਕੁਛ ਕਹੀ ਜਾਣ ਜਿਹੜਾ ਇਨ੍ਹਾਂ ਦਾ ਜੀਅ ਕਰਦਾ ਹੈ -

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - 5952***

ਜਿਵੇਂ ਰਘੁਕੁਲ ਵੰਸ਼ ਦੀ ਰੀਤ ਹੈ ਕਿ ਕਿੰਨੀਆਂ ਹੀ ਤਕਲੀਫਾਂ ਹੋਣ ਬਚਨ ਨਹੀਂ ਹਾਰਦੇ। ਕਿੰਨੀਆਂ ਹੀ ਤਕਲੀਫਾਂ ਹੋ ਗਈਆਂ। ਸ੍ਰੀ ਰਾਮਚੰਦਰ ਜੀ ਬਨਵਾਸ 'ਚ ਗਏ ਲੇਕਿਨ ਬਚਨ ਨਹੀਂ ਹਾਰਿਆ ਉਨ੍ਹਾਂ ਨੇ। ਆਪਣੀ ਬੰਸ ਦੀ ਵੀ ਜੋ ਰੀਤ ਹੈ, ਉਹਦੇ ਵਲ ਧਿਆਨ ਦੇਵੋ -

***ਧਾਰਨਾ - ਸੀਸ ਦੇਣਾ ਤੇ ਧਰਮ ਨਹੀਂਓਂ ਹਾਰਨਾ,***
***ਇਹ ਹੈ ਰੀਤ ਗੁਰੂ ਪੰਥ ਦੀ।***

ਕਹਿਣ ਲੱਗੇ, ਭਰਾਤਾ ਜੀ! ਫਤਹਿ ਸਿੰਘਾ ਡੋਲਣਾ ਨਹੀਂ ਹੈ। ਸੀਸ ਦੇਵਾਂਗੇ, ਧਰਮ ਨਹੀਂ ਹਾਰਨਾ, ਆਪਣੇ ਤਾਂ ਵੰਸ ਦੀ ਰੀਤ ਤੁਰੀ ਆਈ ਹੈ, ਦੋ ਸੀਸ ਅਰਪਣ ਕਰ ਦਿੱਤੇ, ਸੱਤ ਕਿਵੇਂ ਪੂਰੇ ਹੋਣਗੇ, ਦੋ ਵੱਡੇ ਭਰਾਤਾ ਨੇ ਦੇ ਦਿੱਤੇ, ਚਾਰ ਤਾਂ ਹੋ ਗਏ ਨਾ, ਦੋ ਆਪਾਂ ਦੇ ਦੇਈਏ ਛੇ ਹੋ ਗਏ। ਇੱਕ ਰਹਿ ਗਿਆ ਬਾਕੀ। ਇਹ ਜੜ੍ਹ ਪੁੱਟੀ ਜਾਣੀ ਹੈ ਇਨ੍ਹਾਂ ਦੇ ਜ਼ੁਲਮ ਦੇ ਰਾਜ ਦੀ, ਪਰ ਪੁੱਟ ਹੋਣੀ ਹੈ ਸਾਡੇ ਸੀਸ ਦਿੱਤਿਆਂ। ਸਾਡਾ ਖ਼ੂਨ ਡੁਲ੍ਹਿਆਂ 'ਤੇ, ਸੋ ਆਪਾਂ ਨੂੰ ਏਸ ਨੇਕ ਕਾਰਜ ਦੇ ਵਿਚ ਦ੍ਰਿੜ੍ਹ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ ਦੇ ਨਾਲ ਉਹ ਸੁੱਚਾ ਨੰਦ ਚੁੱਕਦਾ ਹੈ, ਨਾਲ ਇਹ ਕਹਿੰਦਾ ਹੈ ਕਿ ਇਹ ਬੱਚੇ ਜਿਹੜੇ ਨੇ ਇਹ ਛੱਡਣੇ ਨਹੀਂ ਚਾਹੀਦੇ। ਬਿਲਕੁਲ ਗਲਤੀ ਨਾ ਕਰੋ, ਉਸ ਵੇਲੇ, ਸਭਾ ਦੇ ਵਿਚ ਮਲੇਰਕੋਟਲੀਏ ਬੈਠੇ ਸੀ। ਸੁਣ ਰਹੇ ਸੀ ਸਾਰੀਆਂ ਗੱਲਾਂ, ਪੁੱਛਿਆ ਕਿ ਸਭ ਦੀ ਰਾਏ ਕੀ ਹੈ, ਤੁਸੀਂ ਸਾਰੇ ਬੈਠੇ ਓਂ ਵੱਡੇ-ਵੱਡੇ, ਕੀ ਰਾਏ ਹੈ। ਕਹਿਣ ਲੱਗੇ, ਨਵਾਬ ਸਾਹਿਬ! ਬਿਲਕੁਲ ਅਨਿਆਏ ਹੋ ਰਿਹਾ ਹੈ। ਕੁਰਾਨ ਸ਼ਰੀਫ 'ਤੇ ਅਸੀਂ ਡੋਲੇ ਹਾਂ, ਇਹ ਸੱਚ ਕਹਿੰਦੇ ਨੇ, ਅਸੀਂ ਧੋਖਾ ਦਿੱਤਾ ਹੈ, ਅਸੀਂ ਕਾਫਰ ਬਣੇ ਹੋਏ ਹਾਂ ਇਸ ਵੇਲੇ। ਪਰ ਆਹ ਸ਼ੀਰਖੋਰ ਬੱਚਿਆਂ ਨੂੰ ਕਿਹੜੀ ਕਿਤਾਬ ਹੈ ਜਿਹੜੀ ਦਫਾ ਲਾ ਦਏਗੀ। ਜਿਹੜੀ ਦਫਾ ਕਾਜ਼ੀ ਲਾ ਰਿਹਾ ਹੈ, ਇਨ੍ਹਾਂ ਬੱਚਿਆਂ ਨੂੰ ਹਾਨ ਤੇ ਲਾਭ ਦਾ ਪਤਾ ਹੀ ਨਹੀਂ ਹੈ।

***ਹੁਤੇ ਸਭਾ ਮਹਿਂ ਖਾਨ ਮਲੇਰੀ।***
***ਹਤਹਿ ਜਾਨਿ ਬੋਲੇ ਤਿਸ ਬੇਰੀ।***
***ਬਾਲਕ ਸ਼ੀਰ ਖੋਰ ਕਯਾ ਦੋਸ਼।***
***ਹਾਨ ਲਾਭ ਕੀ ਇਨਹਿ ਨ ਹੋਸ਼।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ 5953***

ਉਸੇ ਵੇਲੇ ਖੜ੍ਹੇ ਹੋ ਕੇ ਬੋਲਣ ਲਗ ਗਏ ਕਿ ਇਨ੍ਹਾਂ ਨੂੰ ਕੀ ਹੋਸ਼ ਹੈ ਹਾਨ ਕਿੱਥੇ ਹੈ, ਲਾਭ ਕਿੱਥੇ ਹੈ। ਇਨ੍ਹਾਂ ਨੂੰ ਤੁਸੀਂ ਇਹੋ ਜਿਹੀ ਸਜ਼ਾ ਦਿੰਦੇ ਓ? ਜੇ ਸਜ਼ਾ ਦਿੰਦੇ ਓਂ ਤਾਂ ਅਸੀਂ ਇਸ ਸਜ਼ਾ ਦੇ ਕਸੂਰ ਦੇ ਭਾਗੀ ਨਹੀਂ ਬਣਦੇ, ਅਸੀਂ ਤੁਹਾਡੀ ਸਭਾ ਛੱਡ ਕੇ ਬਾਹਰ ਜਾ ਰਹੇ ਹਾਂ। ਅਸੀਂ ਨਹੀਂ ਇਸ ਪਾਪ ਦੇ ਭਾਗੀ ਬਣਨਾ। ਐਨਾ ਕਹਿ ਕੇ ਨਵਾਬ ਮਲੇਰਕੋਟਲੀਏ ਉਠੇ, ਸਭਾ ਦੇ ਵਿਚੋਂ ਬਾਹਰ ਚਲੇ ਗਏ। ਲੇਕਿਨ ਏਧਰ ਉਹ ਸੁੱਚਾ ਨੰਦ ਚੱਕੀ ਜਾਂਦਾ ਹੈ, ਮੌਕਾ ਨਾ ਗਵਾਓ ਤੇ ਤੁਸੀਂ ਹੁਣ ਇਨ੍ਹਾਂ ਨੂੰ ਛੱਡੋ ਨਾ ਜੀਉਂਦੇ। ਮੇਰੀ ਤਾਂ ਰਾਏ ਪੱਕੀ ਹੈ ਕਿ ਇਨ੍ਹਾਂ ਨੂੰ ਇੱਥੇ ਹੀ ਸ਼ਹੀਦ ਕਰ ਦਿਓ। ਉਸ ਵੇਲੇ ਫੇਰ ਪੁੱਛਦਾ ਹੈ ਨਵਾਬ, ਕਹਿੰਦਾ ਦੇਖੋ ਜਿਵੇਂ ਤੁਹਾਡਾ ਪਿਤਾ ਮਾਰਿਆ ਗਿਆ, ਤੁਹਾਡੇ ਭਰਾ ਮਾਰੇ ਗਏ, ਲੱਖਾਂ ਹਜ਼ਾਰਾਂ ਸਿੱਖ ਮਾਰੇ ਗਏ, ਬਚਾ ਲਓ ਜੇ ਜਾਨ ਤੁਹਾਡੇ ਤੋਂ ਬਚਦੀ ਹੈ। ਤੁਹਾਨੂੰ ਮੌਤ ਤੋਂ ਡਰ ਨਹੀਂ ਲਗਦਾ। ਸਾਹਿਬ ਜ਼ੋਰਾਵਰ ਸਿੰਘ, ਫਤਹਿ ਸਿੰਘ ਦੋਵੇਂ ਬੋਲੇ, ਮੌਤ ਤੋਂ ਡਰ, ਮੌਤ ਤਾਂ ਅਸੀਂ ਜਿੱਤੀ ਹੋਈ ਹੈ। ਮੌਤ ਤੋਂ ਉਹ ਡਰਦਾ ਹੈ ਜਿਹਨੇ ਜ਼ਿੰਦਗੀ 'ਚ ਆ ਕੇ ਮਾੜੇ ਕੰਮ ਕਰੇ ਨੇ, ਉਹਨੂੰ ਅੱਗੇ ਜਾ ਕੇ ਦਰਗਾਹ ਦੇ ਵਿੱਚ ਚੋਟਾ ਪੈਣਗੀਆਂ। ਉਹਨੂੰ ਰੋਣਾ ਪਏਗਾ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥***

***ਅੰਗ - 315***

ਡਰੋ ਤੁਸੀਂ, ਪਾਪ ਕਮਾਇਆ ਹੈ। ਅਸੀਂ ਕਿਉਂ ਡਰੀਏ, ਮੌਤ ਤਾਂ ਹੁੰਦੀ ਹੀ ਨਹੀ, ਪਿਆਰਿਓ! ਤੁਹਾਨੂੰ ਕੀ ਪੜਦਾ ਪੈ ਗਿਆ, ਮੌਤ ਹੈ ਹੀ ਨਹੀਂ, ਰੱਬ ਨੇ ਬਣਾਈ ਨਹੀਂ।

***ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਅੰਗ - 281***

ਦਿਸਦੀ ਚੀਜ਼ ਦਿਸਣ ਤੋਂ ਹਟ ਜਾਂਦੀ ਹੈ ਕਿਉਂਕਿ ਕਦੇ ਆਤਮਾ ਵੀ ਮਰਦੀ ਹੈ? ਸਰੀਰ ਨੇ ਰਹਿਣਾ ਕਦੇ ਨਹੀਂ ਜਿਸ ਤੋਂ ਤੁਸੀਂ ਡਰਦੇ ਓਂ, ਇਹਨੇ ਤਾਂ ਜਾਣਾ ਹੀ ਜਾਣਾ ਹੈ।

***ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥***

***ਅੰਗ - 1380***

ਸੌ ਵਰ੍ਹਿਆ ਨਾਲ ਨਹੀਂ ਜੀਉਂਦਾ ਰਹਿੰਦਾ ਤੇ ਫੇਰ ਸੰਸਾਰ ਦੇ ਉਤੇ ਬਹੁਤ ਵੱਡੇ-ਵੱਡੇ ਪੀਰ ਪੈਗੰਬਰ ਆਏ ਨੇ, ਕੋਈ ਰਿਹਾ ਹੈ ਇਸ ਥਾਂ 'ਤੇ? -

***ਧਾਰਨਾ - ਇੱਥੇ ਰਿਹਾ ਨਾ ਜਗਤ ਉਤੇ ਕੋਈ,***
***ਵਾਰੀ ਆਈ ਉਠ ਜਾਵਣਾ।***
***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***

*ਮੌਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਕਹਿਣ ਲੱਗੇ ਨਵਾਬ ਸਾਹਿਬ! ਤੁਸੀਂ ਰਹਿ ਜਾਓਂਗੇ ਇੱਥੇ। ਆਹ ਜਿਹੜੀ ਤੁਹਾਡੀ ਸਭਾ ਬੈਠੀ ਹੈ ਇਹ ਰਹਿ ਜਾਊਗੀ। ਤੁਸੀਂ ਤਾਂ ਤੁਸੀਂ ਆਹ ਮਕਾਨ ਵੀ ਨਹੀਂ ਰਹਿਣੇ। ਕਿਲ੍ਹੇ ਵੀ ਨਹੀਂ ਰਹਿਣੇ, ਸੂਰਜ ਨਹੀਂ ਰਹਿਣਾ, ਚੰਦਰਮਾ ਵੀ ਨਹੀਂ ਰਹਿਣਾ, ਕੋਈ ਚੀਜ਼ ਵੀ ਨਹੀਂ ਇਹ ਤਾਂ ਸਾਰੀ ਕਾਲ ਨੇ ਖਾਧੀ ਪਈ ਹੈ। ਉਸ ਜੀਵਨ ਵਾਸਤੇ ਅਸੀਂ ਧਰਮ ਹਾਰ ਕੇ ਉਹਦੀ ਲੋਚਾ ਕਰੀ ਹੈ ਸਾਨੂੰ ਤਾਂ ਅਨੰਦ ਹੈ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ – 1365*

ਜਾਣਦਾ ਨਹੀਂ ਹੈ –

*ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥*
*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥*

*ਅੰਗ – 555*

ਜਿਹੜਾ ਸਰੀਰ ਧਰਮ ਵਾਸਤੇ ਦੇ ਗਿਆ, ਸਤਿ ਵਾਸਤੇ ਜੂਝ ਗਿਆ, ਉਹ ਦੁਬਾਰਾ ਚੱਕਰ 'ਚ ਨਹੀਂ ਆਉਂਦਾ, ਜਨਮ ਮਰਨ ਤੋਂ ਛੁੱਟ ਜਾਂਦਾ ਹੈ। ਜਦੋਂ ਚੱਕਰ 'ਚੋਂ ਅਸੀਂ ਛੁੱਟ ਜਾਣਾ ਹੈ, ਸਾਨੂੰ ਅਫਸੋਸ ਹੋਣਾ ਚਾਹੀਦਾ ਹੈ ਕਿ ਖੁਸ਼ੀ ਹੋਣੀ ਚਾਹੀਦੀ ਹੈ। ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ। ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ। ਜੋ ਅਸੀਂ ਕਹਿ ਦਿੱਤਾ, ਅਸੀਂ ਉਸ ਦੇ ਉਤੇ ਅਟੱਲ ਹਾਂ, ਉਸ ਨੇ ਨਵਾਬ ਨੇ ਚਾਰੇ ਪਾਸੇ ਦੇਖਿਆ, ਜਿਧਰ ਦੇਖੇ ਨੀਵੀਆਂ ਪਾ ਲੈਣ, ਕਹਿੰਦਾ ਕੋਈ ਵੀ ਨਹੀਂ ਉਠਦਾ ਇਨ੍ਹਾਂ ਨੂੰ ਮਾਰਨ ਵਾਸਤੇ, ਇੱਕ ਨਾ ਉਠਿਆ। ਅਖੀਰ ਇਕ ਅਫਗਾਨ ਸੀਗਾ ਉਹਦੇ ਵਲ ਇਸ਼ਾਰਾ ਹੋਇਆ। ਪਹਿਲਾਂ ਕੰਧਾਂ ਦੇ ਵਿਚ ਚਿਣਦੇ ਨੇ, ਚਿਣਨ ਦੇ ਨਾਲ ਬੜੀਆਂ ਮੰਨੋਰੰਜਕ ਬਾਤਾਂ ਦੱਸਿਆ ਕਰਦੇ ਨੇ ਕਿ ਐਸ ਤਰ੍ਹਾਂ ਹੋਇਆ, ਐਸ ਤਰ੍ਹਾਂ ਹੋਇਆ ਕਿ ਕੰਧ ਜਦ ਛਾਤੀ ਤੱਕ ਆ ਗਈ ਤਾਂ ਜ਼ੋਰਾਵਾਰ ਸਿੰਘ ਦੇ ਨੇਤਰਾਂ 'ਚੋਂ ਜਲ ਆ ਗਿਆ, ਫਤਹਿ ਸਿੰਘ ਕਹਿੰਦਾ, ਵੀਰ ਜੀ ਤੁਸੀਂ ਡੋਲਦੇ ਓਂ, ਕਹਿੰਦਾ ਨਹੀਂ ਭਰਾਤਾ ਤੂੰ ਸੰਸਾਰ 'ਚ ਮੇਰੇ ਤੋਂ ਬਾਅਦ ਆਇਆ ਲੇਕਿਨ ਹੁਣ ਜਾ ਮੇਰੇ ਤੋਂ ਪਹਿਲਾਂ ਰਿਹਾ ਹੈਂ ਤੇ ਮੈਂ ਪਿੱਛੇ ਰਹਿ ਗਿਆ। ਜੇ ਇਨ੍ਹਾਂ ਨੇ ਨਾ ਸ਼ਹੀਦ ਕਰਿਆ ਫੇਰ ਮੈਂ ਤਾਂ ਪਿੱਛੇ ਰਹਿ ਗਿਆ। ਐਸੀਆਂ ਮੰਨੋਰੰਜਕ ਬਾਤਾਂ ਹੋਇਆ ਕਰਦੀਆਂ ਨੇ। ਜੋ ਤੱਤ ਬਾਤ ਹੈ ਉਹਦੀ ਮੈਂ ਬੇਨਤੀ ਕਰਦਾ ਹਾਂ ਕਿ ਕੰਧ ਫਟ ਜਾਂਦੀ ਹੈ, ਫਟਣ ਦੇ ਨਾਲ ਐਸਾ ਹੋਇਆ ਜਿਵੇਂ ਭੁਚਾਲ ਆ ਗਿਆ ਹੁੰਦਾ ਹੈ। ਰੋੜੇ ਉਡਣ ਲੱਗ ਗਏ ਹਵਾ 'ਚ, ਅਜੇ ਵੀ ਨਬਜ਼ ਨਹੀਂ ਪਛਾਣੀ ਉਸ ਨੇ ਕੁਦਰਤ ਦੀ। ਰੌਲਾ ਪੈ ਗਿਆ, ਹਾਹਾਕਾਰ ਮਚ ਗਿਆ। ਉਸ ਵੇਲੇ ਸਾਰਿਆਂ ਵਲ ਦੇਖਿਆ, ਕਹਿਣ ਲੱਗਿਆ ਕਿ ਇਨ੍ਹਾਂ ਨੂੰ ਕਤਲ ਕਰੋ। ਜਿਹੜੇ

ਨਾਮੀ ਜਲਾਲ ਸੀ ਨੀਵੀਆਂ ਪਾਈ ਬੈਠੇ ਨੇ ਕਿ ਅਸੀਂ ਮਾਸੂਮਾਂ ਨੂੰ ਕਤਲ ਕਰੀਏ? ਇੱਕ ਉਠਿਆ ਫੇਰ ਅਫਗਾਨਿਸਤਾਨ ਦਾ ਸੀ, ਅਫਰੀਦੀ ਸੀ, ਬੜਾ ਵੱਡਾ ਸਾਢੇ ਛੇ ਫੁੱਟ ਲੰਮਾ, ਚੌੜਾ ਆ ਕੇ ਉਸ ਨੇ ਛੁਰੀ ਲੈ ਕੇ ਜਿਵੇਂ ਬੱਕਰਿਆਂ ਨੂੰ ਜਿਹਵਾ ਕਰੀਦਾ ਹੈ, ਐਉਂ ਗਰਦਨਾਂ ਕੱਟ ਦਿੱਤੀਆਂ।

ਐਨੀ ਜਦੋਂ ਗੱਲ ਹੋਈ, ਸਾਰੇ ਓਥੇ ਜਿੰਨੇ ਬੈਠੇ ਸੀ ਮਹਾਰਾਜ ਜੀ ਦੇ ਆਲੇ-ਦੁਆਲੇ ਸਾਰੇ ਰੋਣ ਲੱਗ ਗਏ। ਕਈ ਤਾਂ ਹੁਬਕੀਆਂ ਲੈ-ਲੈ ਰੋਂਦੇ ਨੇ, ਕਈ ਉੱਚੀ-ਉੱਚੀ ਰੋਣ ਲਗ ਗਏ। ਮਹਾਰਾਜ ਜੀ ਕਹਿਣ ਲੱਗੇ, ਮਾਹੀ! ਮਾਤਾ ਜੀ ਦਾ ਨਹੀਂ ਤੂੰ ਹਾਲ ਦੱਸਿਆ, ਕਹਿੰਦਾ ਸੱਚੇ ਪਾਤਸ਼ਾਹ! ਜਿਸ ਵਕਤ ਸਾਹਿਬਜ਼ਾਦਿਆਂ ਨੇ ਸੀਸ ਦਿੱਤਾ ਉਸ ਵੇਲੇ ਜਿਹੜੇ ਪਿਆਰ ਵਾਲੇ ਬੰਦੇ ਬਾਹਰ ਸੀ ਉਹ ਮੈਨੂੰ ਮਿਲੇ, ਕਹਿਣ ਲੱਗੇ, ਅਸਮਾਨਾਂ ਦੇ ਵਿਚੋਂ ਆਵਾਜ਼ਾਂ ਆਉਂਦੀਆਂ ਸੀ ਜੈ ਜੈਕਾਰ ਦੀਆਂ। ਐਉਂ ਪੜ੍ਹ ਲਓ –

***ਧਾਰਨਾ – ਵਾਹਵਾ-ਵਾਹਵਾ ਬਈ***
***ਸੀਸ ਦੇ ਕੇ ਧਰਮ ਰੱਖਿਆ,***
***ਜੈ-ਜੈਕਾਰ ਦਰਗਾਹ ਵਿਚ ਹੋਵੇ।***

ਕਹਿਣ ਲੱਗਿਆ, ਮਹਾਰਾਜ! ਮਾਤਾ ਜੀ ਬਾਰੇ ਮੈਂ ਸੁਣਿਆ ਹੈ, ਉਸ ਵੇਲੇ ਟੋਡਰ ਮੱਲ ਨੂੰ ਜਦੋਂ ਪਤਾ ਲਗਦਾ ਹੈ। ਕੋਸ਼ਿਸ਼ ਕਰੀ ਉਹਨੇ ਕਿ ਮੈਂ ਪੈਸੇ ਦੇ ਕੇ ਛੁਡਾ ਲਵਾਂ, ਇਨ੍ਹਾਂ ਦੇ ਬਦਲੇ, ਸੋਨਾ ਚਾਂਦੀ ਜੋ ਮੰਗਣ ਦੇ ਦੇਵਾਂ। ਇਨ੍ਹਾਂ ਨੂੰ ਛੁਡਾ ਲਵਾਂ ਕਿਉਂਕਿ ਉਸ ਵੇਲੇ ਦਾ ਰਿਵਾਜ਼ ਸੀ। ਮਾਇਆ ਨਾਲ ਤੋਲ ਕੇ ਛੁਡਾ ਲਿਆ ਕਰਦੇ ਸੀ। ਮਾਤਾ ਜੀ ਦੇ ਕੋਲ ਪਹੁੰਚ ਜਾਂਦਾ ਹੈ ਸਰਕਾਰੀ ਅਸਰ-ਰਸੂਖ ਹੈ, ਪੈਸੇ ਦਾ ਬਲ ਹੈ। ਉਥੇ ਜਾ ਕੇ ਦੇਖਿਆ ਮਾਤਾ ਜੀ ਚੁੱਪ ਕਰੇ ਬੈਠੇ ਨੇ, ਕਿਸੇ ਨਤੀਜੇ ਵਲ ਨਿਗ੍ਹਾ ਹੈ, ਕਿਉਂਕਿ ਅੰਤਰਜਾਮੀ ਸੀ, ਜਾਣਦੇ ਸੀ ਕਿ ਕੀ ਭਾਣਾ ਵਰਤਣਾ ਹੈ। ਉਸ ਵੇਲੇ ਅਚਾਨਕ ਮਾਤਾ ਜੀ ਬੋਲੇ ਕਹਿਣ ਲੱਗੇ, ਬੇਟਾ! ਆ ਗਏ ਤੁਸੀਂ? ਦੋਹਾਂ ਨੇ ਨਮਸ਼ਕਾਰ ਕਰੀ। ਤੁਸੀਂ ਆ ਗਏ? ਪਿਆਰ ਦੇਣ ਵਾਸਤੇ ਕਲਾਵੇ 'ਚ ਲੈਣ ਦਾ ਯਤਨ ਕਰਿਆ, ਦੋਵੇਂ ਨਾ ਆਏ ਬਾਹਾਂ 'ਚ। ਕਹਿਣ ਲੱਗੀ, ਇਹ ਕੀ ਹੋ ਗਿਆ ਕਿ ਅੱਜ ਤੁਸੀਂ ਫੜੇ ਹੋਏ ਨਹੀਂ ਮੇਰੇ ਤੋਂ ਫੜ ਹੁੰਦੇ, ਕੀ ਭਾਣਾ ਵਰਤਿਆ ਹੈ? ਕਹਿੰਦੇ, ਮਾਤਾ! ਅਸੀਂ ਪੰਜ ਭੂਤਕ ਚੋਲਾ ਧਰਮ ਦੀ ਖਾਤਰ ਛੱਡ ਦਿੱਤਾ ਹੈ ਤੇ ਹੁਣ ਅਸੀਂ ਤੁਹਾਡੇ ਕੋਲ ਆਏ ਹਾਂ, ਸਾਨੂੰ ਹੁਕਮ ਦੇਵੋ ਕਿ ਅਸੀਂ ਇਕੱਲੇ ਹੀ ਜਾਈਏ ਕੀ ਹੁਕਮ ਹੈ? ਮਾਤਾ ਜੀ ਕਹਿਣ ਲੱਗੇ, ਦੇਖੋ ਲਾਲ ਜੀ! ਕਿੱਡੇ ਯੁੱਧ ਦੇ ਵਿੱਚ ਮੈਂ ਤੁਹਾਨੂੰ ਨਾਲ ਰੱਖਿਆ। ਇੱਥੇ ਵੀ ਮੈਂ ਤੁਹਾਡੇ ਨਾਲ ਆਈ ਹਾਂ। ਹੁਣ ਮੈਂ ਤੁਹਾਨੂੰ ਇਕੱਲਿਆਂ ਨੂੰ ਨਹੀਂ ਜਾਣ ਦੇਣਾ। ਮੈਂ ਵੀ ਨਾਲ ਚੱਲਾਂਗੀ। ਥੋੜ੍ਹਾ ਇੰਤਜ਼ਾਰ ਕਰੋ।

ਮਹਾਰਾਜ! ਮੇਰੇ ਤਾਂ ਨੇਤਰਾਂ 'ਚ ਜਲ ਜਾ ਰਿਹਾ ਸੀ। ਬਈ ਇਹ ਤਾਂ ਭਾਣਾ ਹੋਰ ਵਰਤ ਗਿਆ। ਲੇਕਿਨ ਮਾਤਾ ਜੀ ਦੀ ਦ੍ਰਿੜ੍ਹਤਾ ਦੇਖ ਕੇ ਮੈਨੂੰ ਹੈਰਾਨੀ ਬੜੀ ਆ ਰਹੀ ਸੀ। ਮਾਤਾ ਜੀ ਨੇ ਉਸ ਵੇਲੇ

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਸ਼ੁਰੂ ਕਰ ਲਿਆ ਤੇ ਜਿਸ ਵਕਤ ਪਹੁੰਚਦੇ ਨੇ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥*

*ਅੰਗ - 8*

ਐਨਾ ਕਹਿ ਕੇ ਸਵਾਸ ਖਿੱਚ ਲਿਆ ਅੰਦਰ। ਮਹਾਰਾਜ! ਦਸਵੇਂ ਦੁਆਰ ਤੱਕ ਸਵਾਸ ਉਨ੍ਹਾਂ ਨੇ ਛੱਡ ਦਿੱਤਾ ਤੇ ਟੋਡਰ ਮੱਲ ਇਹ ਬਾਤ ਦੱਸੀ ਕਿ ਐਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਆਪਣਾ ਸਰੀਰ ਛੱਡਿਆ। ਮਹਾਰਾਜ ਕਹਿੰਦੇ, ਪਿਆਰਿਓ! ਮਾਤਾ ਜੀ ਯੋਗੀ ਸਨ, ਪਿਤਾ ਜੀ ਯੋਗੀ ਸਨ। ਜਿਸਦੀ ਵੀ ਬਿਰਤੀ ਦਸਵੇਂ ਦੁਆਰ ਤੱਕ ਪਹੁੰਚ ਜਾਂਦੀ ਹੈ। ਉਹ ਆਪਣੀ ਮਰਜ਼ੀ ਦੇ ਨਾਲ ਸਵਾਸ ਸਰੀਰ 'ਚੋਂ ਕੱਢ ਸਕਦਾ ਹੈ। ਐਸਾ ਫੁਰਮਾਨ ਗੁਰੂ ਗ੍ਰੰਥ ਸਾਹਿਬ ਦਾ ਹੈ -

*ਧਾਰਨਾ - ਆਵੇ ਜਾਏ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

ਦਾਦੀ ਅੰਮਾਂ ਨੇ ਕਿਹਾ ਕਿ ਬੱਚਿਓ! ਤੁਸੀਂ ਹੁਣ ਇਕੱਲੇ ਨਾ ਜਾਣਾ। ਤੁਹਾਡੇ ਨਾਲ ਰਹੀ ਹਾਂ ਤੇ ਹੁਣ ਆਪਾਂ ਤਿੰਨੋਂ ਇਕੱਠੇ ਚਲਦੇ ਹਾਂ। ਸਰੀਰ ਛੱਡ ਦਿੱਤਾ ਮਹਾਰਾਜ! ਉਨ੍ਹਾਂ ਨੇ ਵੀ। ਐਨੇ ਬਚਨ ਸੁਣਦਿਆਂ ਕੋਈ ਵੀ ਐਸਾ ਨਾ ਰਿਹਾ ਜਿਸਦੀਆਂ ਅੱਖਾਂ 'ਚੋਂ ਜਲ ਨਾ ਜਾਂਦਾ ਹੋਵੇ। ਗੁਰੂ ਮਹਾਰਾਜ ਜੀ ਉਸ ਵੇਲੇ ਬਹੁਤ ਗੰਭੀਰ ਹੋਏ-ਹੋਏ, ਮੰਜੇ 'ਤੇ ਬੈਠੇ ਹੇਠਾਂ ਨੀਵੀਂ ਪਾਈ ਹੋਈ ਹੈ ਤੇ ਇੱਕ ਕਾਂਹੀ ਦੇ ਬੂਟੇ ਦੀ ਜੜ੍ਹ ਦੇ ਵਿਚ ਛੋਟੀ ਕਰਦ ਘੁਮਾ ਰਹੇ ਨੇ ਤੇ ਓਸ ਵੇਲੇ ਆਪ ਨੇ ਕਿਹਾ ਕਿ ਤੁਸੀਂ ਐਨਾ ਅਫਸੋਸ ਨਾ ਕਰੋ। ਉਸ ਸਦਾ ਵਾਸਤੇ ਦੁਨੀਆਂ ਨੂੰ ਰਸਤਾ ਦਿਖਾ ਗਏ। ਕਮਜ਼ੋਰਾਂ ਨੂੰ ਪ੍ਰਕਾਸ਼ ਕਰ ਗਏ। ਰੋਣਾ ਉਹਨੂੰ ਚਾਹੀਦਾ ਹੈ -

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*

*ਅੰਗ - 1365*

ਐਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਵਾਹਵਾ-ਵਾਹਵਾ ਬਈ ਰੋਵਹੁ ਸਾਕਤੁ ਬਪੁਰੇ ਨੂੰ।*
*ਜਿਹੜਾ ਹਾਟੋ ਹਾਟ ਬਕਾਇ।*

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*

*ਅੰਗ - 1365*

ਜਿਹਨੇ ਕੁੱਤੇ ਬਿੱਲੇ ਬਣਨਾ ਹੈ, ਘਾਣੀਆਂ 'ਚ ਜਾ ਕੇ ਪੀੜੇ ਜਾਣਾ ਹੈ, ਕੁੰਭੀ ਨਰਕ ਦੇ ਵਿਚ ਸੜਨਾ ਹੈ ਜਿਨ੍ਹਾਂ ਨੂੰ ਅੱਗ ਦੇ ਥੰਮ੍ਹਾਂ ਨਾਲ ਲਾਉਣਾ ਹੈ ਰੋਵੋ ਉਨ੍ਹਾਂ ਨੂੰ, ਬਰਬਾਦ ਕਰਕੇ ਚਲੇ ਗਏ। ਅਪਜਸ ਖੱਟ ਕੇ ਚਲੇ ਗਏ। ਪਿਆਰਿਓ! ਇਹ ਨਿੱਕੀਆਂ ਜਿੰਦਾਂ ਨੇ ਐਸਾ ਜਸ ਖੱਟਿਆ ਹੈ ਕਿ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਦੇ ਕਾਰਨਾਮੇ ਦੇ ਉਤੇ ਦੁਨੀਆ ਜਸ ਗਾਏਗੀ।

*ਧਾਰਨਾ - ਵਾਹਵਾ ਵਾਹਵਾ ਜਸ ਗਾਉ ਸਾਰੀ ਦੁਨੀਆਂ।*
*ਐਸੀ ਕਰਨੀ ਕਰ ਗਏ ਪਿਆਰੇ।*

ਮਹਾਰਾਜ ਮੁਖਾਤਬ ਹੋਏ, ਨਾਲ ਦੀ ਨਾਲ ਉਹ ਕਾਹੀ ਦਾ ਬੂਟਾ, ਜੜ੍ਹੋਂ ਪੁੱਟ ਲਿਆ, ਸਾਰਿਆਂ ਵਲ ਦੇਖਿਆ, ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਕਹਿੰਦੇ ਕਿਉਂ ਤੁਸੀਂ ਵੈਰਾਗ ਕਰ ਰਹੇ ਓਂ, ਉਨ੍ਹਾਂ ਨੇ ਤਾਂ ਧਰਮ ਦਾ ਪ੍ਰਤੱਖ ਰੂਪ ਦਿਖਾ ਹੈ। ਦੁਨੀਆਂ ਨੇ ਜਦੋਂ ਤੱਕ ਰਹਿਣਾ ਹੈ ਜਸ ਗਾਉਣਾ ਹੈ ਇਨ੍ਹਾ ਨਿੱਕੀਆਂ ਜਿੰਦਾਂ ਦਾ। ਬਾਕੀ ਇਹ ਹੈ ਕਿ ਇਹ ਪਾਪ ਐਨਾ ਭਾਰਾ ਹੋ ਗਿਆ, ਆਹ ਪਾਪ ਦੀ ਜੜ੍ਹ ਪੁੱਟੀ ਗਈ, ਉਨ੍ਹਾਂ ਦੇ ਸ਼ਹੀਦੀ ਦੇਣ ਨਾਲ। ਮੁਗਲ ਰਾਜ ਦਾ ਹੁਣ ਖਾਤਮਾ ਹੋਣ ਵਾਲਾ ਹੀ ਹੈ। ਥੋੜ੍ਹਾ ਚਿਰ ਰਹਿੰਦਾ ਹੈ, ਤੁਸੀਂ ਲੋਕ ਦੇਖ ਲਓਂਗੇ।

ਕਿਉਂਕਿ –

ਪਾਪੀ ਕੇ ਮਾਰਨੇ ਕਉ ਪਾਪ ਮਹਾਂ ਬਲੀ ਹੈ।

ਜਦੋਂ ਪਾਪ ਵਧ ਜਾਂਦਾ ਹੈ, ਪਾਪੀ ਮਰ ਜਾਂਦਾ ਹੈ। ਉਹਨੂੰ ਪਾਪ ਹੀ ਮਾਰਦਾ ਹੈ, ਮਾਰਦਾ ਨਹੀਂ ਹੈ ਕੋਈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਜਦੋਂ ਕਾਹੀਂ ਦਾ ਬੂਟਾ ਪੁੱਟ ਦਿੱਤਾ ਕਹਿਣ ਲੱਗੇ, ਮਲੇਰਕੋਟਲੀਆਂ ਦੀ ਜੜ੍ਹ ਹਰੀ ਰਹੇਗੀ। ਕਿਉਂਕਿ ਭਾਵੇਂ ਉਹ ਲੜਦੇ ਨੇ ਸਾਡੇ ਨਾਲ, ਠੀਕ ਹੈ ਚੜ੍ਹ ਕੇ ਆਉਂਦੇ ਨੇ, ਸੂਰਮੇ ਸੂਰਮਿਆਂ ਨਾਲ ਲੜਦੇ ਨੇ, ਕੋਈ ਵੈਰ ਨਹੀਂ ਹੁੰਦਾ ਆਪਸ ਵਿਚ। ਕੋਈ ਕੀਨਾਖੋਰੀ ਨਹੀਂ ਹੁੰਦੀ। ਠੀਕ ਹੈ ਯੁੱਧ ਆਉਂਦਾ ਹੈ, ਯੁੱਧ ਆਦਿ ਜੁਗਾਦਿ ਤੋਂ ਚੱਲੇ ਹੋਏ ਨੇ, ਫੇਰ ਵੀ ਸੂਰਮੇ ਨਿਕਲੇ ਜਿਨ੍ਹਾਂ ਨੇ ਇਨਸਾਫ ਦੇ ਉਤੇ ਆਵਾਜ਼ ਉਠਾ ਦਿੱਤੀ, ਇਨ੍ਹਾਂ ਦੀ ਜੜ੍ਹ ਲੱਗੀ ਰਹੇਗੀ। ਪੰਥ ਦਾ ਰਾਜ ਤੇਜ ਵਧੇਗਾ ਓਸ ਵੇਲੇ ਇਨ੍ਹਾਂ ਵਲ ਕੋਈ ਝਾਕੇਗਾ ਨਹੀਂ, ਸਤਿਕਾਰ ਹੋਵੇਗਾ ਇਨ੍ਹਾਂ ਦਾ ਸਦਾ ਵਾਸਤੇ। ਇਨ੍ਹਾਂ ਨੇ ਹਾਅ ਦਾ ਨਾਅਰਾ ਮਾਰਿਆ। ਹਾਅ ਦਾ ਨਾਅਰਾ ਮਾਰਨ ਵਾਲਾ ਬਹੁਤ ਵੱਡਾ ਬੰਦਾ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਕਹਿਣ ਲੱਗਿਆ ਰਾਏ ਕੱਲਾ! ਮਹਾਰਾਜ! ਮੈਨੂੰ ਬੜਾ ਅਫਸੋਸ ਹੈ, ਮੇਰੇ ਤੋਂ ਬੋਲਿਆ ਨਹੀਂ ਜਾਂਦਾ, ਕਹਿੰਦੇ ਗੱਲ ਕਰ। ਕਹਿਣ ਲੱਗਿਆ ਕਿ ਪਾਤਸ਼ਾਹ! ਇਹ ਸਰਾਫ ਬਖਸ਼ ਦਿਓ। ਇਹ ਇਸਲਾਮ ਵਾਲਿਆਂ ਵਿੱਚ ਮੈਂ ਵੀ ਆਉਂਦਾ ਹਾਂ। ਮੇਰਾ ਵੀ ਰਾਜ ਭਾਗ ਹੈ। ਸਾਰਾ ਰਾਜ ਲੈ ਕੇ ਜਿੱਥੇ ਚੱਲੋਂਗੇ, ਮੈਂ ਤੁਹਾਡੇ ਪਿੱਛੇ ਚੱਲਾਂਗਾ ਪਾਤਸ਼ਾਹ, ਜਦੋਂ ਤੱਕ ਤੁਸੀਂ ਬਖਸ਼ਦੇ ਨਹੀਂ ਓਂ, ਓਨੀਂ ਦੇਰ ਤੱਕ ਅਸੀਂ ਰਾਜ ਭਾਗ ਹੁਣੇ ਛੱਡ ਦਿੰਦੇ ਹਾਂ, ਫੇਰ ਵੀ ਤਾਂ ਛੁਟਣਾ ਹੀ ਹੈ। ਜਿੱਥੇ ਜਾਓਂਗੇ ਬਾਲ ਬੱਚਿਆਂ ਸਮੇਤ ਅਸੀਂ ਤੁਹਾਡੇ ਪਿੱਛੇ ਹੀ ਚੱਲਾਂਗੇ। ਮਹਾਰਾਜ ਕਹਿਣ ਲੱਗੇ, ਰਾਏ ਕੱਲੇ! ਠੀਕ ਹੈ ਬਚਨ ਹੋ ਗਿਆ ਸਾਡੇ ਤੋਂ, ਇਹ ਤਾਂ ਨਹੀਂ ਟਲਣਾ। ਪਰ ਆਹ ਸ੍ਰੀ ਸਾਹਿਬ ਅਸੀਂ ਤੈਨੂੰ ਦਿੰਦੇ ਹਾਂ, ਜਦੋਂ ਤੱਕ ਤੁਸੀਂ ਇਸ ਸ੍ਰੀ ਸਾਹਿਬ ਦਾ ਸਤਿਕਾਰ ਕਰੋਂਗੇ, ਪੂਜਾ ਕਰੋਂਗੇ, ਓਨੀਂ ਦੇਰ ਤੱਕ ਤੁਹਾਡੇ ਰਾਜ ਵੱਲ ਕੋਈ ਝਾਕ ਨਹੀਂ ਸਕੇਗਾ। ਪਰ ਪਿਆਰਿਆ! ਜਿਸ ਦਿਨ ਇਹ ਪਹਿਨ ਲਈ ਤੇਰੀ ਓਲਾਦ ਨੇ ਕਿਸੇ ਨੇ। ਉਸੇ ਦਿਨ ਤੁਹਾਡਾ ਰਾਜ ਖਤਮ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਇਹ ਵਾਕਾ ਜੋ ਹੈ ਸਰਹੰਦ ਦਾ ਕਿਉਂਕਿ ਉਥੇ ਲਿਖਿਆ ਹੋਇਆ ਹੈ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ। ਉਹਨੂੰ ਸਮਰਪਿਤ ਕਰਦੇ ਹਾਂ ਇਹ ਸਾਰਾ ਪ੍ਰੋਗਰਾਮ, ਉਨ੍ਹਾਂ ਦੇ

ਬਾਰੇ ਕਿੱਡੀ ਵੱਡੀ ਉਨ੍ਹਾਂ ਦੀ ਸੋਚ ਸੀ। ਮਹਾਨ ਹਸਤੀਆਂ ਸਨ ਉਹ। ਜਿਨ੍ਹਾਂ ਨੂੰ ਐਵੇਂ ਨਹੀਂ ਭੁੱਲਿਆ ਜਾ ਸਕਦਾ। ਸਾਡੇ ਵਾਸਤੇ ਬਹੁਤ ਵੱਡੀ ਮਿਸਾਲ ਨੇ ਉਹ। ਪੈਰ-ਪੈਰ ਤੇ ਸਾਨੂੰ ਡੋਲਦਿਆਂ ਨੂੰ ਬਚਾਉਣ ਵਾਲੇ ਨੇ, ਗੁਰੂ ਦਸ਼ਮੇਸ਼ ਪਿਤਾ, ਉਨ੍ਹਾਂ ਬਾਰੇ ਤਾਂ ਕੁਛ ਕਿਹਾ ਹੀ ਨਹੀਂ ਜਾ ਸਕਦਾ, ਐਉਂ ਪੜ੍ਹ ਲਓ-

***ਧਾਰਨਾ - ਤੇਰੇ ਵਰਗਾ ਨਾ ਜਗਤ ਉਤੇ ਹੋਇਆ,***

***ਮਹਿਮਾ ਤੇਰੀ ਕੌਣ ਜਾਣਦਾ।***

ਸੋ ਸਾਧਸੰਗਤ ਜੀ! ਇਸ ਤਰ੍ਹਾਂ ਦੇ ਨਾਲ -

***ਸਤਿਗੁਰ ਪੁਰਖ ਅਗੰਮ ਹੈ ਨਿਰਵੈਰੁ ਨਿਰਾਲਾ।***

ਅਗੰਮਤਾ 'ਚ ਨਹੀਂ ਆਉਂਦੀ ਉਹਦੀ ਕ੍ਰਿਆ ਤੇ ਨਿਰਵੈਰ ਹੈ ਨਿਰਾਲਾ ਹੈ। ਓਸ ਗੁਰੂ ਦੀ ਸਿੱਖੀ ਦੇ ਵਿਚ ਅਸੀਂ ਆ ਕੇ ਕਿੰਨਾ ਕੇ ਉਸ ਦੇ ਹੁਕਮਾਂ 'ਤੇ ਚਲਦੇ ਹਾਂ। ਇਹ ਵਿਚਾਰ ਦੀ ਗੱਲ ਹੈ। ਪਿੱਠ ਦੇਈਂ ਤੁਰੇ ਫਿਰਦੇ ਹਾਂ ਗੁਰੂ ਨੂੰ। ਜਿਹਨੇ ਸਾਨੂੰ ਬਚਾ ਲਿਆ, ਐਸ ਰੂਪ 'ਚ ਰੱਖ ਲਿਆ, ਉਹਦਾ ਧਿਆਨ ਨਹੀਂ ਹੈ, ਉਹਨੂੰ ਨਾ ਛੱਡੋ। ਉਹ ਹਾਜ਼ਰ ਨਾਜ਼ਰ ਨੇ ਇੱਕ ਜੇ ਮੈਂ ਗੱਲ ਦੱਸਾਂ ਬੁਰਾ ਨਾ ਮੰਨਿਓ, ਮੈਨੂੰ ਨਾ ਕਹਿਓ। ਉਹ ਗੱਲ ਇਹ ਹੈ ਕਿ ਜਦੋਂ ਮੈਂ ਇੱਥੇ ਆਇਆ ਯੂ.ਪੀ. ਤੋਂ ਇੱਕ ਸਕਿੰਟ 'ਚ ਮੇਰਾ, ਇੱਕ ਮਿੰਟ ਤਾਂ ਬਹੁਤ ਹੈ ਸਕਿੰਟ 'ਚ ਮੇਰਾ ਫਾਰਮ ਵਿਕ ਗਿਆ। ਐਵੇਂ ਹੀ ਮੈਨੂੰ ਕਹਿਣ ਲੱਗਿਆ ਕਿ ਤੁਸੀਂ ਜ਼ਮੀਨ ਵੇਚਦੇ ਓਂ, ਮੈਂ ਕਿਹਾ ਹਾਂ। ਉਹਨੇ ਪੰਜ ਸੌ ਰੁਪਿਆ ਕੱਢ ਕੇ ਮੇਰੇ ਹੱਥ 'ਤੇ ਰੱਖ ਦਿੱਤਾ। ਨਾ ਭਾਅ ਪੁੱਛਿਆ ਨਾ ਗੱਲ ਕਰੀ। ਮੈਂ ਕਿਹਾ, ਭਾਅ? ਕਹਿੰਦਾ ਹੁਣ ਤਾਂ ਬਚਨ ਹੋ ਗਿਆ। ਭਾਅ ਹੋ ਹੀ ਜਾਣਾ ਹੈ ਆਪੇ ਹੀ। ਮੈਂ ਵੀ ਸੋਚਾਂ ਕਿ ਇਹ ਮਹਾਰਾਜ ਜੀ ਦੀ ਹੀ ਕੋਈ ਕ੍ਰਿਆ ਹੈ, ਸੱਤ ਟਿਊਬਵੈਲ ਸੀ, ਚਾਰ ਮੋਘੇ ਸੀ; ਬੜੀ insentive (ਪ੍ਰੋਤਸਾਹਨ) ਖੇਤੀ ਮੈਂ ਕਰਿਆ ਕਰਦਾ ਸੀ। ਪੂਰਾ ਝਾੜ ਲੈਂਦਾ ਹੈ, ਆਹ ਨਹੀਂ ਕਿ ਆਹ ਫਸਲ ਖਰਾਬ ਗਈ, ਔਹ ਹੋ ਗਈ। ਸਭ ਕੁਛ ਸੀ, ਕਾਰਾਂ ਵਗੈਰਾ ਸਭ ਕੁਛ ਆਪਣੇ ਕੋਲ ਸੀ। ਉਹ ਜਦੋਂ ਵਿਕ ਗਿਆ, ਸੰਗਤ ਸਾਰੀ ਕਹੇ ਕਿ ਸਤਿਸੰਗ ਲੱਗਿਆ ਹੋਇਆ, ਉੱਚੀ-ਉੱਚੀ ਰੋਣ ਸਾਰੇ ਕਿ ਫਾਰਮ ਵੇਚ ਦਿੱਤਾ? ਹੁਣ ਸਾਡਾ ਕੀ ਬਣੇਗਾ? ਅਸੀਂ ਤਾਂ ਰਹਿ ਗਏ ਇੱਥੇ ਐਵੇਂ ਹੀ। ਡੇਢ ਸਾਲ ਮੈਨੂੰ ਓਥੇ ਰਹਿਣਾ ਪਿਆ ਵੇਚ ਕੇ ਵੀ, ਕਿ ਉਦਾਸ ਹੋ ਗਿਆ ਸਾਰਾ ਇਲਾਕਾ। ਉਸ ਤੋਂ ਬਾਅਦ ਜਦੋਂ ਮੈਂ ਇੱਥੇ ਆਇਆ ਤਾਂ ਇੱਥੇ ਮੈਂ ਹਾਲ ਚਾਲ ਦੇਖਿਆ, ਪਿੰਡਾਂ ਦਾ ਚੰਡੀਗੜ੍ਹ ਦੇ ਦੁਆਲੇ ਕਿ ਇਹ ਜ਼ਰਦਾ ਖਾਂਦੇ ਨੇ। ਆਹ ਹੋ ਕੀ ਗਿਆ। ਪੰਜ ਗੁਰੂ ਅਨੰਦਪੁਰ ਸਾਹਿਬ ਹੋਏ ਨੇ, ਇਹ ਕਿੱਧਰ ਚਲੇ ਗਏ ਸਾਡੇ ਲੀਡਰ, ਸਿੱਖੀ ਨਹੀਂ ਇੱਥੇ ਭੌਰਾ ਜਿੰਨੀ ਵੀ। ਜਿਹੜੇ ਪਿੰਡ ਜਾਈਏ ਸਿੱਖ ਹੀ ਨਹੀਂ ਕੋਈ। ਗੁਰਦੁਆਰੇ ਹੈਗੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਪ੍ਰਕਾਸ਼ ਨਹੀਂ ਕਰਦੇ, ਇੱਕ ਨੂੰ ਕਿਹਾ ਕਿ ਤੂੰ ਪ੍ਰਕਾਸ਼ ਕਿਉਂ ਨਹੀਂ ਕਰਦਾ। ਕਹਿੰਦੇ ਪ੍ਰਕਾਸ਼ ਤਾਂ ਅਸੀਂ ਕਰ ਲਈਏ, (ਓਹੀ ਪਿੰਡ ਚਾਹੜਮਾਜਰਾ ਜਿੱਥੇ ਆਪਣਾ ਡੇਰਾ ਬਣਿਆ ਹੋਇਆ ਹੈ, ਰਤਵਾੜਾ ਸਾਹਿਬ) ਸਾਨੂੰ ਐਉਂ ਦਸ ਜਾਓ ਕਿ ਸਿੱਧਾ ਕਿਧਰ ਹੁੰਦਾ ਹੈ,

ਪੁੱਠਾ ਕਿੱਧਰ ਹੁੰਦਾ ਹੈ। ਸਾਡਾ ਇੱਕ ਸਿੰਘ ਕਹਿੰਦਾ ਆਹ ਮੁੜਮੁੜਾ ਹੈ ਨਾ, ਕਹਿੰਦਾ ਉਤੇ ਨੂੰ ਰੱਖੀਦਾ ਹੈ ਇਹ। ਆਹ ਹਾਲ ਸੀਗਾ ਇੱਥੇ, ਜਾ ਕੇ ਪੁੱਛਣਾ ਕਿ ਕੋਈ ਸਿੰਘ ਹੈ? ਕਹਿੰਦੇ ਨਾ ਜੀ। ਮੰਨਦੇ ਸੀ ਜਾਂ ਤਾਂ ਜੈਂਤੀ ਦੇਵੀ, ਆਹ ਨੇੜੇ ਹੀ ਹੈ ਜਾਂ ਮਨਸਾ ਦੇਵੀ ਜਾਂ ਗੁੱਗੇ ਦੇ ਉਥੇ ਬਣੇ ਹੋਏ ਸੀ ਉਨ੍ਹਾਂ ਸੱਪਾਂ ਨੂੰ ਪਾਈ ਜਾਂਦੇ ਸੀ ਚੇਤ ਦੇ ਮਹੀਨੇ। ਕਿਸੇ ਨੂੰ ਨਹੀਂ ਸੀ ਪਤਾ ਸਿੱਖੀ ਬਾਰੇ ਕਿ ਕੀ ਹੈ। ਮੈਂ ਹੈਰਾਨ ਹੋਈ ਜਾਣਾ ਕਿ ਏਥੇ ਦੇਖੋ ਕਿੱਡੇ ਯੁੱਧ ਹੋਏ ਨੇ, ਕਿੱਡੀਆਂ ਵੱਡੀਆਂ ਘਟਨਾਵਾਂ ਹੋਈਆਂ ਨੇ ਤੇ ਕਿੱਡੇ ਜ਼ਬਰਦਸਤ ਗੁਰੂ ਏਥੇ ਗੁਰੂ ਦਸਵੇਂ ਪਾਤਸ਼ਾਹ ਵਰਗੇ, ਗੁਰੂ ਨੌਵੇਂ ਪਾਤਸ਼ਾਹ ਪੰਜ ਗੁਰੂ ਇੱਥੇ ਅਨੰਦਪੁਰ ਸਾਹਿਬ ਰਹੇ ਨੇ। ਉਨ੍ਹਾਂ ਦੇ ਚਰਨ ਥਾਂ-ਥਾਂ 'ਤੇ ਪਏ ਹੋਏ ਨੇ, ਆਹ ਹਾਲ ਇਸ ਇਲਾਕੇ ਦਾ? ਓਸ ਵੇਲੇ ਮੈਂ ਤੇ ਬੀਬੀ ਜੀ, ਦੋਵੇਂ ਤੁਰ ਪਏ, ਆਪਣਾ ਖਰਚ ਆਪਣੀ ਕਾਰ, ਮੁੱਢ ਤੋਂ ਹੀ ਮੈਂ ਆਪਣਾ ਖਰਚ ਕਰਦਾ ਰਿਹਾ, ਮੈਂ ਇਸ ਤਰ੍ਹਾਂ ਨਹੀਂ ਕਰਿਆ ਕਿ ਪੈਸੇ ਲੈ ਕੇ ਆਪਣਾ ਖਰਚ ਤੋਰਾਂ। ਬੜਾ ਮੈਨੂੰ ਸੰਗਤਾਂ ਕਹਿੰਦੀਆਂ ਸੀ ਕਿ ਕੰਮ ਕਿਵੇਂ ਚਲਾਓਂਗੇ ਤੁਸੀਂ। ਪੈਟਰੋਲ ਵੀ ਪੁਆਉਣਾ ਹੈ ਗੱਡੀਆਂ 'ਚ ਹੋਰ ਵੀ ਕਰਨਾ ਹੈ। ਮੈਂ ਕਿਹਾ ਮੈਨੂੰ ਲੋੜ ਨਹੀਂ ਹਾਲੇ, ਮੇਰੇ ਕੋਲ ਪੈਸੇ ਬਥੇਰੇ ਨੇ ਫਾਰਮ ਵੇਚਿਆ ਹੈ। ਦੋਵੇਂ ਜਣੇ ਅਸੀਂ ਤੁਰ ਜਾਇਆ ਕਰੀਏ, ਜਾ ਕੇ ਮੈਂ ਕਿਹਾ ਜੇ ਕੋਈ ਨਹੀਂ ਨਾ ਲਵਾਉਂਦਾ, ਲਵਾਉਣ ਵਾਲਾ ਤਾਂ ਹੈ ਨਹੀਂ ਸੀ, ਸਵਾਲ ਹੀ ਨਹੀਂ ਸੀ ਪੈਦਾ ਹੁੰਦਾ, ਜਦੋਂ ਸਿੱਖ ਹੀ ਨਹੀਂ ਸੀ। ਆਪਾਂ ਹੀ ਕਰਨਾ ਹੈ, ਐਨਾ ਅਸੀਂ ਕਹਿ ਦਿਆ ਕਰੀਏ ਕਿ ਭਾਈ, ਤੁਹਾਡੇ ਪਿੰਡ ਅਸੀਂ ਕੀਰਤਨ ਕਰਨਾ ਹੈ, ਕੋਈ ਥਾਂ ਸਾਨੂੰ ਦਸ ਦਿਓ ਇਥੇ, ਸਾਨੂੰ ਨਾ ਦਰੀ ਦੀ ਲੋੜ ਹੈ, ਨਾ ਹੋਰ ਕਿਸੇ ਚੀਜ਼ ਦੀ। ਇੱਕ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਜੇ ਕਿਤੋਂ ਲਿਆ ਸਕਦੇ ਓਂ ਤਾਂ ਲੈ ਆਇਓ। ਨਹੀਂ ਤਾਂ ਅਸੀਂ ਉਹ ਵੀ ਆਪਣੀ ਲੈ ਆਵਾਂਗੇ। ਫੈਕਟਰੀਆਂ 'ਚ ਜਿਹੜੇ ਮੁੰਡੇ ਕੰਮ ਕਰਦੇ ਸੀ, ਉਹ ਵੀ ਕੁਛ ਨਾਲ ਰਲ ਗਏ। ਅਸੀਂ ਇੱਕ ਦਮ ਸ਼ੁਰੂ ਕਰ ਦਿੱਤਾ ਕਿ ਜਿਵੇਂ ਬੜੀ ਭਾਰੀ ਮੁਹਿੰਮ ਹੁੰਦੀ ਹੈ ਸਾਮ੍ਹਣੇ। ਸਵੇਰੇ ਹੀ ਨਿਕਲ ਜਾਣਾ, ਰਾਤ ਨੂੰ ਇੱਕ ਡੇਢ ਵਜੇ ਆਉਣਾ, ਰੋਟੀ ਆ ਕੇ ਪਕਾਉਣੀ, ਕਈ ਵਾਰੀ ਕਹਿ ਦੇਣਾ ਕਿ ਰੋਟੀ ਰਹਿਣ ਦੇ, ਹੁਣ ਡੇਢ ਤਾਂ ਰਾਤ ਦਾ ਵੱਜ ਗਿਆ, ਇਸ਼ਨਾਨ ਦਾ ਮੌਕਾ ਹੋ ਗਿਆ। ਉਹਦੇ ਨਾਲ ਪਤਾ ਲੱਗਣ ਲੱਗਿਆ ਸਿੱਖੀ ਦਾ। ਅੰਮ੍ਰਿਤ ਅਸੀਂ ਛਕਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਅਸੀਂ ਅੰਮ੍ਰਿਤ ਛਕਾ ਰਹੇ ਸੀ ਉਥੇ ਸਰਦਾਰ ਜਗੀਰ ਸਿੰਘ ਰੋਪੜ ਵਾਲੇ ਉਹ ਪਰਿਵਾਰ ਲੈ ਕੇ ਆ ਗਏ, ਅੰਮ੍ਰਿਤ ਛਕਣ, ਮੈਂ ਜਾਣਦਾ ਨਹੀਂ ਸੀ, ਉਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਬਾਅਦ ਸੰਗਤ 'ਚ ਖੜ੍ਹੇ ਹੋ ਕੇ ਕਹਿਣ ਲੱਗੇ ਕਿ ਸਿੰਘੋ! ਇੱਕ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਧਿਆਨ ਨਾਲ ਸੁਣਿਓ ਤੁਸੀਂ, ਕਹਿੰਦਾ ਮੈਂ ਮੀਟਿੰਗ ਸੀ ਸਾਡੀ ਹੈਦਰਾਬਾਦ, ਸਾਰੇ ਪਰਿਵਾਰ ਨੂੰ ਮੈਂ ਕਾਰ 'ਚ ਲੈ ਗਿਆ ਕਿ ਉਥੇ ਅੰਮ੍ਰਿਤ ਛਕਾਂਗੇ ਹਜ਼ੂਰ ਸਾਹਿਬ, ਕਹਿੰਦਾ ਜਦੋਂ ਅਸੀਂ ਲਾਈਨ 'ਚ ਬਹਿ ਗਏ। ਮੈਂ ਵੀ ਬੈਠਾ ਸੀ, ਸੋਧ ਸੁਧਾਈ ਹੋ ਰਹੀ ਹੈ, ਮੈਨੂੰ ਥੋੜ੍ਹਾ ਜਿਹਾ ਐਉਂ ਲੱਗਿਆ ਜਿਵੇਂ ਝੂਟਾ ਜਿਹਾ ਆਉਂਦਾ ਹੈ ਤੇ ਨਾਲ ਦੀ ਨਾਲ ਆਵਾਜ਼ ਆਈ ਸਿੰਘਾਂ ਲਾਈਨ 'ਚੋਂ ਉੱਠ ਕੇ ਪਾਸੇ ਹੋ ਜਾ। ਤੂੰ ਇੱਥੇ ਨਹੀਂ ਅੰਮ੍ਰਿਤ ਛਕਣਾ। ਕਹਿੰਦਾ, ਮੇਰੇ ਮੂੰਹ 'ਚੋਂ ਨਿਕਲ ਗਿਆ ਕਿ

ਮਹਾਰਾਜ, ਮੈਂ ਤਾਂ ਆਇਆ ਇੱਥੇ ਅੰਮ੍ਰਿਤ ਛਕਣ ਵਾਸਤੇ ਹਾਂ, ਤੁਸੀਂ ਕਹਿੰਦੇ ਓਂ ਤੂੰ ਨਹੀਂ ਇੱਥੇ ਅੰਮ੍ਰਿਤ ਛਕਣਾ, ਤੂੰ ਰੋਪੜ ਜਾ ਕੇ ਅੰਮ੍ਰਿਤ ਛਕ ਜ਼ਿਲੇ 'ਚ। ਕਹਿੰਦਾ, ਮਹਾਰਾਜ! ਉਥੇ ਕੌਣ ਛਕਾਉਂਦਾ ਹੈ? ਕਹਿੰਦੇ, ਉਥੇ ਵਰਿਆਮ ਸਿੰਘ ਨੂੰ ਅਸੀਂ ਭੇਜ ਦਿੱਤਾ। ਤੇ ਟੋਲ੍ਹਦਾ ਰਿਹਾ ਇੱਥੇ ਢਾਈ ਮਹੀਨੇ ਆ ਕੇ। ਕੁਛ ਨਾ ਪਤਾ ਲੱਗੇ। ਕਿਉਂਕਿ ਮੈਂ ਤਾਂ ਬਾਹਰੋਂ ਆਇਆ ਸੀ, ਕੋਈ ਨਾ ਐਨੀ ਵਾਕਫੀ ਸੀ, ਨਾ ਕੋਈ ਰੌਲਾ ਗੌਲਾ ਸੀ, ਚੁੱਪ ਕਰਕੇ ਅਸੀਂ ਜਾਂਦੇ ਸੀ, ਇੱਕ-ਇੱਕ ਪਿੰਡ ਲੈ ਲਿਆ ਕਿ ਕੋਈ ਪਿੰਡ ਨਹੀਂ ਛੱਡਣਾ ਇੱਥੇ ਦਾ ਕਿ ਇਨ੍ਹਾਂ 'ਤੇ ਕਿਹੜਾ ਬੋਝ ਪੈਂਦਾ ਹੈ, ਜਿਹੜਾ ਚੜ੍ਹਾਵਾ ਚੜ੍ਹਦਾ ਸੀ ਉਥੇ ਛੱਡ ਜਾਣਾ ਕਿ ਤੁਸੀਂ ਕੁਛ ਬਣਾ ਲਿਓ ਇਹਦਾ।

ਉਸ ਤੋਂ ਬਾਅਦ ਜਦੋਂ ਉਸ ਨੇ ਇਹ ਗੱਲ ਕਹੀ ਮੈਨੂੰ ਨਹੀਂ ਪਤਾ ਕਿ ਸੰਗਤ 'ਤੇ ਕੀ ਅਸਰ ਹੋਇਆ, ਮੇਰੇ 'ਤੇ ਬਹੁਤ ਜ਼ਬਰਦਸਤ ਅਸਰ ਹੋਇਆ, ਮੈਂ ਕਿਹਾ, ਹੈਂ ਗੁਰੂ ਮਹਾਰਾਜ ਸਾਨੂੰ ਦੇਖ ਰਹੇ ਨੇ ਕਿ ਕੀ ਕਰਦੇ ਨੇ, ਮੇਰਾ ਫਾਰਮ ਏਸ ਗੱਲ 'ਤੇ ਹੀ ਵਿਕਾਇਆ ਹੈ ਕਿ ਤੂੰ ਅੰਮ੍ਰਿਤ ਛਕਾ, ਉਥੇ ਜਾ ਕੇ। ਉਸ ਦਿਨ ਤੋਂ ਮੈਨੂੰ ਬਹੁਤ ਡਰ ਲੱਗਣ ਲਗ ਗਿਆ ਕਿ ਮਹਾਰਾਜ ਤਾਂ ਮੈਨੂੰ ਹਰ ਵਕਤ ਦੇਖ ਰਹੇ ਨੇ, ਇਹ ਹੁਕਮ ਉਨ੍ਹਾਂ ਦਾ ਹੈ। ਉਨ੍ਹਾਂ ਦੇ ਹੁਕਮ ਨਾਲ ਹੀ ਅੱਜ ਤਿੰਨ ਲੱਖ ਸੱਠ ਹਜ਼ਾਰ ਸਿੰਘ ਤਿਆਰ ਹੋ ਗਿਆ, ਥੋੜ੍ਹੇ ਜਿਹੇ ਸਮੇਂ ਵਿਚ ਹੀ, ਗੁਰੂ ਦੇ ਲੜ ਲਗ ਗਏ। ਸੋ ਇਹ ਮੈਂ ਤਾਂ ਬੇਨਤੀ ਕਰਦਾ ਹਾਂ ਕਿ ਸਾਡੇ 'ਚ ਨਹੀਂ ਤਾਕਤ ਕਿ ਆਹ ਉਮਰ ਹੈ, ਅੱਸੀ ਸਾਲ ਦੇ ਨੇੜੇ ਢੁਕਣ ਵਾਲੇ ਹਾਂ ਤੇ ਐਨਾ ਕੀਰਤਨ ਜ਼ੋਰ ਦੀ ਕਰੀਏ, ਚੱਲੀਏ। ਉਹ ਸੱਤਿਆ ਦੇ ਰਹੇ ਨੇ ਨਾਲ ਦੀ ਨਾਲ। ਨਾਲ ਦੀ ਨਾਲ ਤੁਹਾਨੂੰ ਪਰੇਰ ਰਹੇ ਨੇ ਤੇ ਮੈਂ ਇਹ ਕਹਿੰਦਾ ਹਾਂ ਕਿ ਗੁਰੂ ਕਿਤੇ ਗਿਆ ਨਹੀਂ ਹੈ, ਹਾਜ਼ਰ ਨਾਜ਼ਰ ਨੇ। ਸਾਰਾ ਕੁਛ ਦੇਖਦਾ ਹੈ, ਬੁਲਾ ਕੇ ਤਾਂ ਦੇਖੋ ਪੰਜ ਸਿੰਘਾਂ ਨੂੰ ਬੁਲਾਓ, ਆਪਣਾ ਕੰਮ ਕਰਾ ਲਓ। ਮਹਾਰਾਜ ਦਾ ਬਚਨ ਹੈ ਕਿ ਪੰਜ ਸਿੰਘ 'ਚ ਮੈਂ ਵਰਤਾਂਗਾ। ਮੈਨੂੰ ਕਹਿੰਦੇ ਨੇ ਕਿ ਬਾਬਾ ਜੀ ਆਹ ਨਹੀਂ ਹੁੰਦਾ ਸਾਡੀਆਂ ਮੱਝਾਂ ਦੁੱਧ ਨਹੀਂ ਦਿੰਦੀਆਂ। ਫਲਾਣਾ ਨਹੀਂ ਹੁੰਦਾ, ਮੈਂ ਕੱਲ੍ਹ ਵੀ ਦੱਸਿਆ ਸੀ ਕਿ ਤੁਸੀਂ ਪੰਜ ਸਿੰਘ ਬੁਲਾ ਲਓ। ਬਾਬਾ ਜੀ ਨੂੰ ਕਿਉਂ ਕਹਿੰਦੇ ਓਂ। ਪੰਜ ਸਿੰਘਾਂ ਨੂੰ ਗੁਰੂ ਦਸਵੇਂ ਪਾਤਸ਼ਾਹ ਦਾ ਰੂਪ ਜਾਣ ਕੇ ਉਨ੍ਹਾਂ ਦੀ ਸੇਵਾ ਕਰੋ, ਅਰਦਾਸ ਕਰਾਓ, ਗੁਰੂ ਸਾਹਿਬ ਜਾ ਨਹੀਂ ਸਕਦੇ, ਉਨ੍ਹਾਂ ਨੇ ਕਹਿ ਦਿੱਤਾ ਕਿ ਜਿੱਥੇ ਪੰਜ ਸਿੰਘ ਹੋਣਗੇ, ਜਦੋਂ ਚਮਕੌਰ ਦੀ ਗੜ੍ਹੀ ਛੱਡੀ ਹੈ, ਉਥੇ ਕਹਿ ਦਿੱਤਾ ਮਹਾਰਾਜ ਨੇ ਕਿ ਬਈ ਪੰਜਾਂ 'ਚ ਮੈਂ ਵਰਤਿਆ ਕਰਾਂਗਾ। ਮੈਂ ਵਜੂਦ ਵੱਖਰਾ ਹੈ, ਲੇਕਿਨ ਮੇਰਾ ਜਿਹੜਾ ਅਸਲੀ ਵਜੂਦ ਹੈ ਉਹ ਪੰਜਾਂ ਵਿੱਚ ਤੁਸੀਂ ਦੇਖਿਆ ਕਰੋਂਗੇ, ਮੈਂ ਪੰਜਾਂ 'ਚ ਵਰਤਿਆ ਕਰਾਂਗਾ। ਇੱਕ 'ਚ ਕਿਉਂ ਨਾ ਕਿਹਾ, ਇੱਕ ਪੋਲਲੂਟਏ ਹੋ ਜਾਂਦਾ ਹੈ। ਗੁਰੂ ਬਣ ਕੇ ਬੈਠ ਜਾਵੇ, ਮਾਇਆ ਉਹਨੂੰ ਸੁੱਟ ਲਵੇ, ਫੇਰ ਤਾਂ ਗਲਤ ਹੋ ਗਿਆ। ਪੰਜਾਂ ਨੂੰ ਨਹੀਂ ਸੁੱਟ ਸਕਦੀ ਮਾਇਆ, ਇਹ ਆਉਂਦੇ ਹੀ ਰਹਿਣੇ ਨੇ, ਚੁਣੇ ਜਾਂਦੇ ਰਹਿਣੇ ਨੇ ਇਵੇਂ ਜਿਵੇਂ। ਇਸੇ ਤਰ੍ਹਾਂ ਗੁਰੂ ਵਰਤਣਾ ਹੈ। ਤੁਹਾਡਾ ਕਾਰਜ

ਹੈ ਕੋਈ, ਕੋਈ ਔਕੜ ਹੈ, ਤੁਸੀਂ ਪੰਜ ਸਿੰਘਾਂ ਨੂੰ ਅਰਦਾਸ ਕਰਾਓ ਭਾਈ ਨਿਹਚੇ ਨਾਲ। ਗੁਰੂ ਮਹਾਰਾਜ ਉਥੇ ਸਹਾਈ ਹੋਣਗੇ।

ਸੋ ਐਨੀਆਂ ਜੋ ਮੈਂ ਬੇਨਤੀਆਂ ਕੀਤੀਆਂ ਨੇ, ਸੋ ਇਨ੍ਹਾਂ ਨੂੰ ਯਾਦ ਰੱਖੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# 3

## ਚਿਤ ਨਾ ਭਯੋ ਹਮਰੋ ਆਵਨ ਕਹ

*ਸ਼ਾਨ.............................................................।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਤੇਰੇ ਨਾਮ ਦਾ ਦਾਨ ਮੇਰੇ ਸਾਹਿਬਾ,*
*ਦੋਵੇਂ ਹੱਥ ਜੋੜ ਮੰਗਦਾ।*

*ਹਰਿ ਸਮਰਥ ਕੀ ਸਰਨਾ ॥*
*ਜੀਉ ਪਿੰਡੁ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ ॥ 1 ॥*
*ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥*
*ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥ 1 ॥*
*ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ ॥*
*ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥*
*ਅੰਗ - 988*

*ਧਾਰਨਾ - ਪਿਆਰੇ ਜੀ, ਦੋਵੇਂ ਹੱਥ ਜੋੜ ਮੰਗਦਾ,*
*ਮੈਨੂੰ ਦੇਵਹੁ ਆਪਣਾ ਨਾਮ।*

*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ...........॥*

*ਧਾਰਨਾ - ਸੁਣ ਲਓ ਪਿਆਰਿਓ ਕਥਾ, ਦਸਵੇਂ ਗੁਰਾਂ ਦੀ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਅੱਜ ਮਹਾਨ ਪਵਿੱਤਰ ਦਿਹਾੜਾ ਸਾਰੇ ਸੰਸਾਰ ਵਾਸਤੇ ਜਾਂ ਐਉਂ ਸਮਝ ਲਓ ਸਾਰੀ ਪ੍ਰਕ੍ਰਿਤੀ ਵਾਸਤੇ ਕਿ ਅੱਜ ਦੇ ਦਿਨ ਉਹ ਮਹਾਂ ਪਿਆਰ ਕਰਨ ਵਾਲੇ, ਦਰਦਾਂ ਦੇ ਭਰੇ ਦਿਲਾਂ ਵਾਲੇ ਗੁਰੂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਹੋਇਆ। ਉਸ ਉਤਸਵ ਨੂੰ ਮਨਾਉਣ ਵਾਸਤੇ ਆਪ ਕਾਰੋਬਾਰ ਸੰਕੋਚਦੇ ਹੋਏ ਦੂਰ ਦਰਾਜ਼ ਤੋਂ ਅਨੇਕਾਂ ਕਿਸਮ ਦੀਆਂ ਸਵਾਰੀਆਂ ਦੇ ਰਾਹੀਂ ਗੁਰੂ ਦਰਬਾਰ 'ਚ ਪਹੁੰਚੇ ਓਂ। ਹੁਣ ਜੋ ਥੋੜ੍ਹਾ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ, ਉਹ ਧਿਆਨ ਦੇ ਕੇ

ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਪੂਰਾ-ਪੂਰਾ ਲਾਭ ਉਠਾਓ। ਜਦੋਂ ਅਸੀਂ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰਾਂਗੇ, ਕੰਨਾਂ ਦੇ ਨਾਲ ਗੁਰੂ ਉਸਤਤ, ਗੁਰੂ ਜਸ ਸਰਵਣ ਕਰਾਂਗੇ, ਰਸਨਾ ਦੇ ਨਾਲ ਸ਼ਬਦ 'ਚ ਬੋਲਾਂਗੇ। ਹਿਰਦੇ ਵਿਚ ਵਿਚਾਰ ਕਰਾਂਗੇ। ਉਸ ਵੇਲੇ ਮਹਾਰਾਜ ਫੁਰਮਾਨ ਕਰਦੇ ਨੇ ਫਲ ਕੀ ਹੁੰਦਾ ਹੈ? -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਜਗਾਂ ਦਾ ਫਲ ਮਿਲ ਜਾਂਦਾ ਹੈ। ਜਿਹਨੇ ਕੁਛ ਮੰਗਣਾ ਹੈ ਮੰਗ ਲਓ। ਪਰ ਇਹ ਜਿਹੜਾ ਤਰੀਕਾ ਦੱਸਿਆ ਹੈ ਇਹ ਵਰਤ ਕੇ, ਚਿੱਤ ਬਿਰਤੀ ਇਕਾਗਰ ਹੋ ਜਾਵੇ। ਗੁਰੂ ਦੇ ਨਾਲ ਬਿਰਤੀ ਜੁੜ ਜਾਵੇ, ਮੰਗ ਲਓ ਸੰਸਾਰ ਮੰਗ ਲਓ। ਸੰਸਾਰ ਮੰਗਣ ਦੇ ਨਾਲ ਤਾਂ ਕੁਛ ਵਿਗੜਦਾ ਹੀ ਨਹੀਂ ਹੈ। ਕੁਛ ਨਹੀਂ ਘਟਦਾ -

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥***
***ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥***

***ਅੰਗ - 917***

ਲੇਕਿਨ ਮੰਗਣਾ ਕੀ ਹੈ, ਉਸ ਤੋਂ ਨਾਮ ਮੰਗੋ। ਬਾਕੀ ਨੂੰ ਤਾਂ ਮਹਾਰਾਜ ਕਹਿੰਦੇ -

***ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ ॥***
***ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥***

***ਅੰਗ - 988***

ਬਾਕੀਆਂ ਨੂੰ ਛੱਡ ਦੇ ਆਲ ਜਾਲ ਨੂੰ। ਕੁਛ ਨਹੀਂ ਹੈ। ਹਰੀ ਦੇ ਗੁਣ ਗਾਓ।

ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਅੱਜ ਸੰਸਾਰ ਦੇ ਉਤੇ ਬੇਅੰਤ-ਬੇਅੰਤ ਨੇ। ਉਨ੍ਹਾਂ ਦੇ ਜੀਵਨ ਦੇ ਕੁਛ ਪੱਖਾਂ ਦੀ ਵਿਚਾਰ ਕਰਨ ਵਾਸਤੇ ਆਪਾਂ ਇੱਥੇ ਆਏ ਹਾਂ, ਧਿਆਨ ਦੇ ਨਾਲ ਸਰਵਣ ਕਰਿਓ ਕਿਉਂਕਿ ਗੁਰੂ ਦਸਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਕਹਿਣ ਵਾਸਤੇ ਕੋਈ ਵੀ ਦੁਨੀਆਂ ਦੇ ਅੰਦਰ ਨਹੀਂ ਆਇਆ ਜਿਹੜਾ ਸਮਰਥ ਹੋਵੇ। ਆਪ ਨੇ ਜ਼ਿੰਦਗੀ ਦੇ ਹਰ ਪੱਖ ਦੇ ਵਿੱਚ ਕੁਝ ਨਾ ਕੁਝ ਕੀਤਾ ਹੈ। ਰਸਤਾ ਦਿਖਾਇਆ ਹੈ ਹਰ ਪੱਖ ਦੇ ਵਿੱਚ। ਐਨੇ ਪੱਖ ਨੇ ਦੁਨੀਆਂ ਦੇ ਅੰਦਰ ਕਿ ਵਿਚਾਰ ਨਹੀਂ ਕੀਤੀ ਜਾ ਸਕੀ। ਲਿਟਰੇਚਰ ਕਿੰਨਾ ਰਚਿਆ ਹੈ ਕਿ ਓਹਦਾ ਹਿਸਾਬ ਕਿਤਾਬ ਹੀ ਨਹੀਂ ਲਾਇਆ ਜਾ ਸਕਦਾ। 102 ਲਿਖਾਰੀ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਸਨ। 52 ਕਵੀ ਤੇ 50 ਲਿਖਣ ਵਾਲੇ। ਹਰ ਵਕਤ ਉਨ੍ਹਾਂ ਦਾ ਕੰਮ ਸੀ ਕਿ ਲਿਖਦੇ ਰਹਿਣਾ, ਲਿਖਦੇ ਰਹਿਣਾ। ਸਾਰੇ ਪੁਰਾਣੇ ਗ੍ਰੰਥ ਅਰਬੀ ਦੇ, ਪਸ਼ਤੋ ਦੇ, ਸੰਸਕ੍ਰਿਤ ਦੇ, ਹਿੰਦੀ ਦੇ, ਹੋਰ ਅਨੇਕਾਂ ਭਾਸ਼ਾਵਾਂ ਦੇ ਜੋ ਉਸ ਵੇਲੇ ਭਾਰਤ ਵਰਸ਼ ਵਿੱਚ ਪ੍ਰਚਲਿਤ ਸਨ, ਗੁਰੂ ਮਹਾਰਾਜ ਨੇ ਉਨ੍ਹਾਂ ਸਾਰਿਆਂ ਦਾ ਅਨੁਵਾਦ ਕੀਤਾ। ਲੇਕਿਨ ਇਹ ਦੂਸਰੀ ਗੱਲ ਹੈ ਕਿ ਸਾਡੇ ਹੱਥ 'ਚੋਂ ਨਿਕਲ ਗਏ ਤੇ ਅੱਜ ਅਸੀਂ ਗੁਰੂ ਦਸਵੇਂ

ਪਾਤਸ਼ਾਹ ਦਾ ਲਿਖਿਆ ਹੋਇਆ ਨਾ ਪੜ੍ਹ ਸਕਦੇ ਹਾਂ ਨਾ ਸਮਝ ਸਕਦੇ ਹਾਂ। ਸਮਾਂ ਨਹੀਂ ਸਾਡੇ ਕੋਲ। ਕਿਉਂਕਿ ਬਹੁ ਭਾਸ਼ਾ 'ਚ ਲਿਖਿਆ ਹੋਇਆ ਹੋਣ ਕਰਕੇ ਵਿਦਵਾਨ ਪੁਰਸ਼ ਤਾਂ ਸਮਝ ਜਾਂਦਾ ਹੈ ਦੂਸਰੇ ਆਮ ਪੁਰਸ਼ ਨੂੰ ਨਹੀਂ ਪਤਾ ਲਗਦਾ ਕਿ ਮਹਾਰਾਜ ਨੇ ਐਨੇ ਔਖੇ ਲਫਜ਼ ਲਿਆਂਦੇ ਕਿੱਥੋਂ ਅਰ ਲੱਖਾਂ ਦੀ ਤਾਦਾਦ 'ਚ। ਕਿਸੇ ਬੰਦੇ ਦੇ ਪੰਜ ਹਜ਼ਾਰ ਡਿਕਸ਼ਨਰੀ ਦਾ ਸ਼ਬਦ ਯਾਦ ਹੋਵੇ, ਉਹ great-great person ਗਿਣਿਆ ਜਾਂਦਾ ਹੈ। ਲੇਕਿਨ ਗੁਰੂ ਦਸ਼ਮੇਸ਼ ਪਿਤਾ ਦੇ ਸ਼ਬਦ ਵੱਖਰੇ-ਵੱਖਰੇ ਕਰਕੇ ਰੱਖੋ ਪਤਾ ਹੀ ਨਹੀਂ ਲਗਦਾ ਕਿ ਐਨੇ ਅੱਖਰ ਆ ਕਿੱਥੋਂ ਗਏ। ਇਸ ਕਰਕੇ ਉਨ੍ਹਾਂ ਦੀ ਮਹਾਨਤਾ ਹਰ ਪਾਸੇ ਹੈ। ਮਹਾਰਾਜ ਇਹ ਕਹਿੰਦੇ ਨੇ ਕਿ ਸਾਡਾ ਆਉਣਾ ਕਿਵੇਂ ਹੋਇਆ। ਹੁਣੇ ਇੱਥੇ ਪਹਿਲਾਂ ਸ਼ਬਦ ਪੜ੍ਹਿਆ ਜਾ ਰਿਹਾ ਸੀ ਤੇ ਮਹਾਰਾਜ ਆਪਣੇ ਹੱਥਾਂ ਨਾਲ ਲਿਖਦੇ ਨੇ, ਕਿਸੇ ਦੀ ਸੁਣੀ ਸੁਣਾਈ ਬਾਤ ਨਹੀਂ ਹੈ ਗੁਰੂ ਮਹਾਰਾਜ ਨੇ ਆਪਣੀ ਗੱਲ ਆਪ ਲਿਖੀ ਹੈ, ਆਪ ਫੁਰਮਾਨ ਕਰਦੇ ਨੇ -

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।***

ਪਿਛਲੇ ਜਨਮ ਦੇ ਅੰਦਰ ਮੈਂ -

***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਸੋਭਿਤ ਹੈ ਤਹਾਂ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਕਹਿੰਦੇ ਉਹ ਜਿਹੜਾ ਪਰਬਤ ਸੀ ਉਥੇ ਅਸੀਂ ਤਪ ਕਰ ਰਹੇ ਸੀ।

***ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ।***

ਸੱਤ ਚੋਟੀਆਂ ਸੋਭਦੀਆਂ ਨੇ, ਪਤਾ ਦਿੱਤਾ ਤੇ ਉਨ੍ਹਾਂ ਨੂੰ ਸਪਤ ਸ੍ਰਿੰਗ ਕਹਿੰਦੇ ਨੇ। ਦੂਸਰੀ ਨਿਸ਼ਾਨੀ ਇਹ ਦਿੱਤੀ ਕਿ ਉਸ ਥਾਂ ਦੇ ਉਤੇ ਜਦੋਂ ਮਹਾਂਭਾਰਤ ਦਾ ਯੁੱਧ ਜਿੱਤਿਆ ਗਿਆ ਤਾਂ ਉਸ ਵੇਲੇ ਪਾਂਡਵਾਂ ਨੇ ਰਾਜ ਕਰਿਆ ਸਾਰਾ। ਰਾਜਸੀ ਯੱਗ ਕਰਿਆ। ਸਾਰਾ ਹਿੰਦੋਸਤਾਨ ਭਾਰਤ ਵਰਸ਼ ਉਨ੍ਹਾਂ ਦੇ ਅਧਿਕਾਰ ਦੇ ਥੱਲੇ ਆ ਗਿਆ। ਉਸ ਵੇਲੇ ਹਿੰਦੋਸਤਾਨ ਜਿਹਨੂੰ ਭਾਰਤ ਕਹਿੰਦੇ ਸੀ ਉਦੋਂ ਇਹਦੇ ਵਿੱਚ ਈਰਾਨ, ਬ੍ਰਹਮਾ, ਅਰਬ, ਲੰਕਾ ਵਗੈਰਾ ਵੀ ਵਿੱਚ ਹੁੰਦਾ ਸੀ। ਅੱਡ ਰਾਜ ਨਹੀਂ ਸੀ ਹੁੰਦੇ। ਸਾਰਾ ਪਹਾੜ ਹੁੰਦਾ ਸੀ। ਉਹਦਾ ਰਾਜ ਲੈ ਕੇ ਚਿੱਤ ਨਾ ਉਨ੍ਹਾਂ ਦਾ ਲੱਗਿਆ। ਉਦਾਸ ਹੋ ਗਏ। ਉਹ ਬੰਦੇ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਨੂੰ ਜਾ ਕੇ ਨਮਸ਼ਕਾਰਾਂ ਕਰਿਆ ਕਰਦੇ ਸੀ। ਨਾ-ਸ਼ਸਤਰ ਗੁਰੂ ਦਰੋਣਾਚਾਰੀਆ ਨਜ਼ਰ ਆ ਰਿਹਾ ਹੈ, ਨਾ ਭੀਸ਼ਮ ਪਿਤਾਮਾ ਕੁਲ ਦਾ ਦਾਦਾ ਨਜ਼ਰ ਆ ਰਿਹਾ ਹੈ। ਨਾ ਕੋਈ ਹੋਰ ਚੰਗੇ-ਚੰਗੇ ਰਾਜੇ, ਜਿਨ੍ਹਾਂ ਨਾਲ ਮਿਤਰਤਾ ਸੀ ਕੋਈ ਨਜ਼ਰ ਨਹੀਂ ਆ ਰਿਹਾ। ਇਸ ਲੜਾਈ ਦੇ ਅੰਦਰ 45 ਲੱਖ ਬੰਦਾ ਯੁੱਧ ਕਰਨ ਵਾਸਤੇ ਆਇਆ ਜਿਹਨੂੰ 18 ਕੂਹਣੀਆਂ ਕਹਿੰਦੇ ਸੀ, 45 ਲੱਖ ਦੇ ਵਿਚੋਂ ਸਿਰਫ ਸੱਤ ਬੰਦੇ ਬਚੇ ਸੀ, ਬਾਕੀ ਸਾਰੇ ਮਾਰੇ ਗਏ। ਬਹਾਦਰ ਸੂਰਮੇ ਆਪਣੇ ਵੀ

ਤੇ ਉਨ੍ਹਾਂ ਦੇ ਵੀ ਮਾਰੇ ਗਏ। ਐਨੇ ਬੰਦਿਆਂ ਦਾ ਜਦ ਖ਼ੂਨ ਹੋ ਜਾਵੇ, ਤਖਤ ਤਾਂ ਫੇਰ ਇਹ ਖ਼ੂਨ ਦਾ ਬਣਿਆ ਹੋਇਆ ਤਖਤ ਹੋ ਗਿਆ, ਉਹਦੇ ਉਤੇ ਜੀਅ ਕੀ ਲੱਗਣਾ ਹੈ, ਉਦਾਸ ਹੋ ਗਏ ਤੇ ਇਸਦੇ ਪਸ਼ਚਾਤਾਪ ਵਾਸਤੇ, ਪਰਾਸ਼ਚਿਤ ਵਾਸਤੇ ਉਨ੍ਹਾਂ ਨੇ ਵੱਡਾ ਭਾਰਾ ਯੱਗ ਕਰਿਆ। ਉਹਦੇ ਨਾਲ ਵੀ ਦਿਲ ਨਾ ਲੱਗਿਆ, ਕਿਉਂਕਿ ਆਪਣੇ ਵੀ ਸਭ ਪੁੱਤਰ ਮਾਰੇ ਗਏ। ਪੰਜ ਪੁੱਤਰ ਇੱਕ ਮਾਰੇ ਗਏ ਤੇ ਇੱਕ ਅਰਜਨ ਦਾ ਪੁੱਤਰ ਮਾਰਿਆ ਗਿਆ। ਦਿਲ ਨਾ ਲੱਗਿਆ, ਉਹ ਤਪ ਕਰਨ ਵਾਸਤੇ ਇਨ੍ਹਾਂ ਪਰਬਤਾਂ 'ਤੇ ਚਲੇ ਗਏ। ਦਰੋਪਤੀ ਨਾਲ ਚਲੀ ਗਈ, ਪੰਜੋ ਪਾਂਡਵ ਚਲੇ ਗਏ ਤੇ ਉਸ ਤੋਂ ਬਾਅਦ ਇਤਿਹਾਸ ਵਿਚ ਉਨ੍ਹਾਂ ਦਾ ਕਿਤੇ ਨਾਮ ਨਹੀਂ ਆਉਂਦਾ। ਕਿਸੇ ਨੇ ਮੁੜ ਕੇ ਦੇਖੇ ਨਹੀਂ। ਕਿਸੇ ਪੱਤਰੇ 'ਤੇ ਨਹੀਂ ਆਉਂਦਾ ਕਿ ਉਹ ਮੁੜ ਕੇ ਆ ਗਏ ਸੰਸਾਰ ਦੇ ਅੰਦਰ। ਉਥੇ ਹੀ ਉਨ੍ਹਾਂ ਦੇ ਸਰੀਰ ਬਰਫਾਂ 'ਚ ਗਲ ਗਏ। ਮਹਾਰਾਜ ਕਹਿੰਦੇ ਉਹ ਜਗ੍ਹਾ ਹੈ –

*ਪੰਡੁ ਰਾਜ ਜਹ ਜੋਗ ਕਮਾਵਾ।*
*ਤਹ ਹਮ ਅਧਿਕ ਤਪੱਸਿਆ ਸਾਧੀ।*
*ਮਹਾਕਾਲ ਕਾਲਿਕਾ ਅਰਾਧੀ।*

ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਮਹਾਂਕਾਲ ਹੈ, time & space ਨੂੰ ਵੀ ਜਿਹੜਾ ਖਤਮ ਕਰ ਦਿੰਦਾ ਹੈ, ਇਹ ਗੱਲ ਸਾਇੰਟੇਫਿਕ ਹੈ, ਆਪਣੇ ਸਮਝ ਆਉਣ ਤੋਂ ਬਾਹਰਲੀ ਬਾਤ ਹੈ। ਸਾਇੰਸ ਨੂੰ ਵੀ ਨਹੀਂ ਪਤਾ ਕਿ ਸਮਾਂ ਵੀ ਕਦੇ ਖਤਮ ਹੋ ਜਾਂਦਾ ਹੈ? ਲੇਕਿਨ ਹੁਣ ਪਤਾ ਲੱਗ ਗਿਆ ਕਿ ਸਮਾਂ create ਕੀਤਾ ਗਿਆ ਹੈ, space ਵੀ ਬਣਾਈ ਗਈ ਹੈ। ਵਾਹਿਗੁਰੂ ਵਿੱਚ ਨਾ space ਹੈ ਨਾ ਸਮਾਂ ਹੈ। ਦੋਵੇਂ ਚੀਜ਼ਾਂ ਨਹੀਂ ਹਨ, ਇਹ ਤਾਂ ਸਾਡੇ ਕੋਲ ਸਮਾਂ ਹੈ, ਸਾਡੀ ਉਮਰ ਘਟਦੀ ਹੈ, ਬਚਪਨ ਹੁੰਦਾ ਹੈ, ਜਵਾਨ ਹੁੰਦੇ ਹਾਂ, ਬੁਢਾਪਾ ਆ ਜਾਂਦਾ ਹੈ ਮਰ ਜਾਂਦੇ ਹਾਂ। ਸਮੇਂ ਦਾ ਸਾਡੇ ਉਤੇ ਅਸਰ ਹੁੰਦਾ ਹੈ। ਲੇਕਿਨ ਮਹਾਂਕਾਲ 'ਤੇ ਸਮੇਂ ਦਾ ਅਸਰ ਨਹੀਂ ਹੁੰਦਾ। ਮਹਾਰਾਜ ਕਹਿੰਦੇ ਜਿਹੜਾ ਕਾਲ ਦਾ ਵੀ ਮਹਾਂਕਾਲ ਹੈ, ਅਸੀਂ ਉਹਦੀ ਤਪਸਿਆ ਸਾਧੀ ਹੈ, ਤੇ ਵਾਹਿਗੁਰੂ ਦਾ ਐਨਾ ਭਜਨ ਕਰਿਆ, ਐਨਾ ਨਾਮ ਜਪਿਆ, ਐਨੇ ਪਿਆਰ ਦੇ ਵਿੱਚ ਅਸੀਂ ਗੁਲਤਾਨ ਹੋ ਗਏ। ਸਾਨੂੰ ਆਪਣੀ ਸੁੱਧ ਬੁੱਧ ਕੋਈ ਨਾ ਰਹੀ। ਤੇ ਸਾਨੂੰ ਜਿਹੜਾ ਮੈਂ ਸੀ। ਮੇਰਾ ਆਪਾ ਰੱਬ ਵਰਗਾ ਹੀ ਹੋ ਗਿਆ। ਰੱਬ ਉਹਦੇ ਵਿੱਚ ਰਲ ਗਿਆ, ਮੇਰੇ ਦੋ ਰੂਪ ਨਾ ਰਹੇ ਤੇ ਮੈਂ ਅਕਾਲ ਦੇ ਨਾਲ ਰਲ ਗਿਆ।

*ਧਾਰਨਾ – ਹੋ ਗਿਆ ਇੱਕ ਰੂਪ, ਆਪਾ ਨਾਲ ਅਕਾਲ ਦੇ।*

*ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ।*
*ਬਹੁ ਬਿਧਿ ਜੋਗ ਸਾਧਨਾ ਸਾਧਾ।*
*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*

*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*

ਗੁਰੂ ਮਹਾਰਾਜ ਕਹਿਣ ਲੱਗੇ ਕਿ ਅਸੀਂ ਤਪ ਕਰ ਰਹੇ ਸੀ। ਹੁਣ ਮੇਰਾ ਤੇ ਵਾਹਿਗੁਰੂ ਦਾ ਇੱਕੋ ਹੀ ਰੂਪ ਹੋ ਗਿਆ–

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਅੰਗ – 278*

ਜਿਵੇਂ ਦਰਿਆ ਜਾ ਕੇ ਸਮੁੰਦਰ 'ਚ ਪੈ ਜਾਵੇ, ਫੇਰ ਉਸ ਦਰਿਆ ਨੂੰ ਜੇ ਭਾਲੀਏ ਕਿ ਕਿੱਥੇ ਕੁ ਚਲਿਆ ਗਿਆ। ਉਹ ਤਾਂ ਉਹਦੇ ਨਾਲ ਰਲ ਗਿਆ। ਜੋਤ ਦੇ ਨਾਲ ਜੋਤ ਰਲ ਗਈ। ਕਹਿੰਦੇ ਐਨਾ ਡੂੰਘਾ ਧਿਆਨ ਚਲਿਆ ਗਿਆ, ਐਨੀ ਸਰੂਪ ਦੇ ਵਿੱਚ ਪਹੁੰਚ ਹੋ ਗਈ, ਵਾਸਾ ਮਿਲ ਗਿਆ ਕਿ ਇੱਕੋ ਰੂਪ ਬਣ ਗਿਆ ਸੀ। ਇਧਰਲੇ ਪਾਸੇ ਜੋ ਸਾਡੇ ਮਾਤਾ ਸੀ ਉਨ੍ਹਾਂ ਨੇ ਬਹੁਤ ਘੋਰ ਤਪਸਿਆ ਕਰੀ ਸੀ, ਇਸ ਜਨਮ ਦੇ ਅੰਦਰ 28 ਸਾਲ ਮਾਤਾ ਗੁਜਰੀ ਜੀ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਭੌਰੇ ਵਿੱਚ ਤਪ ਕਰਦੇ ਸੀ ਤੇ ਆਪ ਦਰਵਾਜ਼ੇ 'ਤੇ ਬੈਠੇ ਰਹਿੰਦੇ ਸੀ। ਜਿੰਨਾਂ ਨਾਮ ਉਨ੍ਹਾਂ ਨੇ ਜਪਿਆ, ਓਨਾਂ ਹੀ ਮਾਤਾ ਗੁਜਰੀ ਜੀ ਨੇ ਜਪਿਆ, ਮਾਤਾ ਜੀ ਕੋਈ ਘੱਟ ਨਹੀਂ ਸੀਗੇ। ਬੰਦਗੀ ਦੇ ਵਿੱਚ ਕੋਈ ਕਸਰ ਨਹੀਂ ਸੀ। ਕਹਿੰਦੇ ਦੋਹਾਂ ਨੇ ਵਾਹਿਗੁਰੂ ਦੀ ਅਰਾਧਨਾ ਕਰੀ, ਕਈ ਤਰੀਕਿਆਂ ਨਾਲ ਭਜਨ ਬੰਦਗੀ ਕਰੀ, ਇਸ ਜਨਮ ਵਿੱਚ ਵੀ ਤੇ ਪਹਿਲੇ ਵਿੱਚ ਵੀ। ਉਸ ਵੇਲੇ ਹੋਰ ਕੋਈ ਮਾਂ ਨਹੀਂ ਸੰਸਾਰ ਦੇ ਅੰਦਰ ਕੋਈ ਵੀ ਜਿਹੜੀ ਗੁਰੂ ਦਸਵੇਂ ਪਾਤਸ਼ਾਹ ਨੂੰ ਜਨਮ ਦੇ ਦਿੰਦੀ। ਕਿਉਂਕਿ ਤਪ ਵਾਲੀ ਮਾਂ ਹੋਵੇ ਤਾਂ ਮਹਾਂਪੁਰਸ਼ਾਂ ਦਾ ਜਨਮ ਹੋਇਆ ਕਰਦਾ ਹੈ। ਮਾਂ ਵਿੱਚ ਕੋਈ ਵੱਡਾ ਗੁਣ ਹੋਣਾ ਚਾਹੀਦਾ ਹੈ। ਵੱਡੀਆਂ ਰੂਹਾਂ ਉਸ ਦੀ ਕੁੱਖ 'ਚ ਆ ਕੇ ਨਿਵਾਸ ਕਰਦੀਆਂ ਨੇ। ਇਸੇ ਕਰਕੇ ਉਹ ਮਾਵਾਂ ਨੂੰ ਧੰਨ ਕਹਿੰਦੇ ਨੇ ਕਿ ਧੰਨ ਹੈ ਤੂੰ, ਇਸਨੇ ਤੇਰੇ ਤਪ ਕਰਕੇ ਜਨਮ ਲਿਆ ਹੈ। ਤਪ ਤੋਂ ਹੀਣੀ ਮਾਂ ਦੇ ਹੋਰ ਤਰ੍ਹਾਂ ਦੇ ਪੁੱਤਰ ਹੁੰਦੇ ਨੇ ਨਾਸਤਕ ਵਗੈਰਾ। ਇਸੇ ਕਰਕੇ ਉਹਨੂੰ ਕਹਿੰਦੇ ਨੇ ਕਿ ਤੂੰ ਵਿਧਵਾ ਹੋ ਜਾਂਦੀ ਤਾਂ ਚੰਗਾ ਸੀ। ਐਸੇ ਪੁੱਤਰਾਂ ਦਾ ਜਨਮ ਤਾਂ ਨਾ ਹੁੰਦਾ ਜਿਹੜੇ ਸੰਸਾਰ ਨੂੰ ਖਰਾਬ ਕਰਦੇ ਨੇ।

*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*

ਵਾਹਿਗੁਰੂ ਪ੍ਰਸੰਨ ਹੋ ਗਿਆ –

*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*

ਮੈਨੂੰ ਹੁਕਮ ਦੇ ਦਿੱਤਾ ਕਿ ਤੁਸੀਂ ਸੰਸਾਰ 'ਚ ਜਾਓ ਹੁਣ। ਅਸੀਂ ਕਿਸੇ ਕਰਮ ਦੇ ਬੰਨ੍ਹੇ ਹੋਏ ਨਹੀਂ ਆਏ। ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ ਤੇ ਬਹੁਤ ਗੱਲਾਂ ਸਮਝਾ ਕੇ ਭੇਜਿਆ ਹੈ। ਸੰਸਾਰ ਦੀ ਹਾਲਤ ਦੇਖ ਕੇ ਕਿ ਇਸ ਵੇਲੇ ਜੋ ਕਲਜੁਗ ਦਾ ਜ਼ੋਰ ਚੱਲ ਰਿਹਾ ਹੈ। ਇਹਦੇ ਵਿੱਚ ਦੋ ਪੱਖ ਨੇ, ਇੱਕ ਤਾਂ ਉਹ ਸੀ ਜੋ ਰੂਹਾਨੀ ਪੱਖ ਸੀ, ਪਾਖੰਡ ਵਗੈਰਾ; ਉਹ

ਤਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦੱਸ ਜਾਮਿਆਂ 'ਚ, ਨੌਂ ਜਾਮਿਆਂ 'ਚ ਜੋਤ ਨੇ ਕੰਮ ਕਰਕੇ ਭਰਮ ਤੇ ਵਹਿਮ ਹਟਾ ਦਿੱਤੇ ਸੀ, ਹੁਣ ਇੱਕ ਐਸੇ ਜਾਮੇ ਦੀ ਲੋੜ ਸੀ ਜਿਹੜਾ ਅਮੋੜ ਬੰਦਿਆਂ ਨੂੰ ਵੀ ਮੋੜ ਸਕੇ। ਜਿਸਦਾ ਜਲਵਾ ਜਿਸਦਾ ਰੋਹਬ ਉਨ੍ਹਾਂ ਦੇ ਉਤੇ ਵੀ ਕਾਇਮ ਹੋ ਜਾਵੇ। ਸੋ ਅਕਾਲ ਪੁਰਖ ਨੇ ਇਸ ਤਰ੍ਹਾਂ ਦੀਆਂ ਗ'ਲਾਂ ਸਮਝਾ ਕੇ ਜਦੋਂ ਭੇਜਿਆ, ਮਹਾਰਾਜ ਕਹਿੰਦੇ -

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।***

ਕਿਉਂਕਿ ਪਰਮ ਅਨੰਦ ਨੂੰ ਛੱਡ ਕੇ ਜਦੋਂ ਅਸੀਂ ਨਾਟਕ ਦੇਖਿਆ ਬਈ ਯੁੱਧ ਹੀ ਯੁੱਧ ਨੇ, ਥਾਂ-ਥਾਂ 'ਤੇ ਤੁਰੇ ਫਿਰਨਾ ਹੈ, ਬੱਚੇ ਵੀ ਸ਼ਹੀਦ ਕਰ ਦੇਣੇ ਨੇ, ਪਿਤਾ ਵੀ ਸ਼ਹੀਦ ਕਰਾ ਦੇਣਾ ਹੈ, ਮਾਤਾ ਵੀ ਸ਼ਹੀਦ ਕਰਾ ਦੇਣੇ ਨੇ, ਬੇਅੰਤ ਪਿਆਰੇ ਜਿਹੜੇ ਸਿੰਘ ਨੇ, ਸਾਥੀ ਨੇ ਉਹ ਸਭ ਸ਼ਹੀਦ ਹੋ ਜਾਣੇ ਨੇ ਤੇ ਭੁੰਜੇ ਸੌਣਾ ਹੈ, ਰੋੜਾਂ ਦੀ ਸੇਜ 'ਤੇ, ਸਾਰਾ ਜਦੋਂ ਹਾਲ ਦੇਖਿਆ, ਮਹਾਰਾਜ ਕਹਿੰਦੇ ਉਸ ਵੇਲੇ ਸਾਡੇ ਚਿੱਤ ਵਿੱਚ ਪ੍ਰਭੂ ਦੇ ਪਿਆਰ ਦਾ ਜੋ ਅਨੰਦ ਸੀ ਉਹਨੂੰ ਛੱਡਣ ਨੂੰ ਜੀਅ ਨਾ ਕਰਿਆ।

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।***
***ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।***
***ਇਮ ਕਹਿ ਕੇ ਇਹ ਲੋਕ ਪਠਾਯੋ।***

ਜਿਵੇਂ ਤਿਵੇਂ ਸਮਝਾਉਣਾ ਕੀਤਾ ਕਿ ਹੁਣ ਤੁਹਾਨੂੰ ਜਾਣਾ ਹੀ ਪੈਣਾ ਹੈ ਤੇ ਜਦੋਂ ਮੈਂ ਇਧਰ ਦੇਖ ਲਵਾਂ ਉਸ ਵੇਲੇ ਇਧਰਲਾ ਬਹੁਤ ਬੁਰਾ ਹਾਲ ਹੈ, ਬੜਾ ਹੀ ਜ਼ਾਲਮ ਬਾਦਸ਼ਾਹ ਸੰਸਾਰ ਦੇ ਪਟ 'ਤੇ ਔਰੰਗਜ਼ੇਬ ਆਇਆ ਹੋਇਆ ਹੈ। ਜਿਹਨੇ ਇਹ ਪ੍ਰਣ ਕਰ ਲਿਆ ਸੀ। ਕਿ ਸਵਾ ਮਣ ਜਨੇਊ ਜਦੋਂ ਤੱਕ ਨਹੀਂ ਲਹਿੰਦੇ ਮੈਂ ਖਾਣਾ ਨਹੀਂ ਖਾਣਾ। ਆਪਣੇ ਪਿਤਾ ਨੂੰ ਕਤਲ ਕਰਾ ਦਿੱਤਾ, ਭਰਾਵਾਂ ਨੂੰ ਕਤਲ ਕਰਾ ਦਿੱਤਾ। ਵੱਡੇ-ਵੱਡੇ ਸਰਮੱਦ ਵਰਗੇ ਪੀਰਾਂ ਨੂੰ ਕਤਲ ਕਰਾ ਦਿਤਾ। ਮੁਸਲਮਾਨਾਂ ਨੂੰ ਵੀ ਕਰਾ ਦਿੱਤਾ ਹਿੰਦੂ ਸੰਤਾਂ ਨੂੰ ਵੀ ਕਰਾ ਦਿੱਤਾ। ਜ਼ੋਰ ਜ਼ਬਰ ਦੇ ਨਾਲ ਚਲਾਉਂਦਾ ਸੀ ਆਪਣੀ ਮਰਜ਼ੀ ਦੇ ਮੁਤਾਬਿਕ ਜਿਹੜੇ ਸਾਧੂ ਸੀ ਸੁਤੰਤਰ ਹੁੰਦੇ ਨੇ ਚਾਹੇ ਉਹ ਕਿਸੇ ਵੀ ਧਰਮ ਦੇ ਹੋਣ। ਉਨ੍ਹਾਂ ਨੂੰ ਜੇ ਕੋਈ ਆਪਣੀ ਮਰਜ਼ੀ ਨਾਲ ਚਲਾਵੇ ਤਾਂ ਜ਼ਬਰ ਹੋ ਜਾਇਆ ਕਰਦਾ ਹੈ। ਜੋ ਸੂਫੀ ਪੀਰ ਸਨ ਉਹ ਪ੍ਰਮੇਸ਼ਰ ਦਾ ਨੂਰ ਸਭ ਵਿੱਚ ਦੇਖਦੇ ਸਨ। ਸਾਰਿਆਂ ਦੇ ਅੰਦਰ ਪ੍ਰਭੂ ਦੀ, ਅੱਲਾਹ ਦੀ ਜੋਤ ਦੇਖਦੇ ਸੀ। ਉਨ੍ਹਾਂ ਨੂੰ ਵੀ ਉਹ ਲਾਈਨਾਂ 'ਚੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ। ਗਿਆਨ ਦੀ ਅਵਸਥਾ 'ਚ ਨਹੀਂ ਸੀ ਪਹੁੰਚਣ ਦਿੰਦਾ। ਜਦੋਂ ਇਹ ਸਾਰਾ ਹਾਲ ਦੇਖਿਆ corruption (ਭ੍ਰਿਸ਼ਟਾਚਾਰ) ਹੀ corruption ਹੋ ਗਈ ਤੇ ਹੋ ਵੀ ਧਰਮ ਦੇ ਨਾਉਂ 'ਤੇ ਹੋ ਗਈ, ਜਦੋਂ ਧਰਮ ਦੇ ਨਾਉਂ 'ਤੇ ਬੰਦੇ ਮਾਰੇ ਜਾਣ ਲੱਗ ਜਾਣ ਫੇਰ ਬਚਾਉ ਕਿੱਥੇ ਹੋਇਆ ਕਰਦਾ ਹੈ, ਕਿਤੇ ਵੀ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ

ਜੇ ਪਰਮਾਰਥ ਵਾਸਤੇ ਹੀ ਪਾਪ ਕਰਨ ਲਗ ਜਾਵੇ, ਫੇਰ ਤਾਂ ਧਰਮਰਾਜ ਡਰ ਕੇ ਅਕਾਲ ਪੁਰਖ ਕੋਲ ਚਲਿਆ ਜਾਂਦਾ ਹੈ, ਕਿਉਂ ਡਰਦਾ ਹੈ, ਕਿਉਂਕਿ ਉਹ ਐਨਾ ਵੱਡਾ ਅਪਰਾਧ ਕਰ ਦਿੰਦੇ ਨੇ ਧਰਮ ਦੇ ਨਾਮ 'ਤੇ ਕਿ ਧਰਮਰਾਜ ਨੂੰ ਇਹ ਨਹੀਂ ਪਤਾ ਲਗਦਾ ਹੈ ਕਿ ਇਨ੍ਹਾਂ ਨੂੰ ਕਿਹੜੇ ਨਰਕ ਵਿੱਚ ਮੈਂ ਸੁੱਟਾਂ। ਅਕਾਲ ਪੁਰਖ ਨੂੰ ਪੁੱਛਦੇ ਨੇ ਕਿ ਮੈਨੂੰ ਕੋਈ ਨਵਾਂ ਨਰਕ ਬਣਾ ਕੇ ਦਿਓ, ਪਹਿਲੇ ਨਰਕ ਜਿਹੜੇ ਨਿੰਦਕਾਂ ਦੇ, ਹਤਿਆਰਿਆਂ ਦੇ, ਠੱਗਾਂ ਦੇ ਚੋਰਾਂ ਦੇ, ਬੇਮੁੱਖਾਂ ਦੇ ਉਨ੍ਹਾਂ 'ਚ ਇਨ੍ਹਾਂ ਦੀ ਥਾਂ ਨਹੀਂ ਹੈ। ਇਨ੍ਹਾਂ ਨੇ ਧਰਮ ਦੇ ਨਾਉਂ 'ਤੇ ਪਾਪ ਕਰੇ ਨੇ, ਲੇਕਿਨ ਪਾਪ ਕਰਨ ਵਾਲਾ ਇਹ ਸਮਝਦਾ ਹੈ। ਕਿ ਮੈਂ ਪੁੰਨ ਕਰਿਆ ਹੈ। ਫਰਕ ਐਨਾ ਹੀ ਸੀ ਸੋਚ ਦਾ ਸਾਰਾ ਹੀ।

ਮਹਾਰਾਜ ਕਹਿੰਦੇ ਇਹ ਸਾਰੀਆਂ ਚੀਜ਼ਾਂ ਦੇਖ ਕੇ ਸਾਡਾ ਚਿੱਤ ਨਾ ਕਰੇ, ਉਸ ਵੇਲੇ ਅਕਾਲ ਪੁਰਖ ਨੇ ਸਾਨੂੰ ਹੁਕਮ ਦਿੱਤਾ ਇਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਨਾਲ –

***ਧਾਰਨਾ – ਮੈ ਅਪਨਾ ਸੁਤ ਤੁਹਿ ਨਿਵਾਜਾ***

***ਧਰਮ ਚਲਾਓ ਜਗ 'ਤੇ।***
***ਮੈ ਅਪਨਾ ਸੁਤ ਤੁਹਿ ਨਿਵਾਜਾ***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

***ਅਕਾਲ ਪੁਰਖ ਬਾਚ॥ ਚੌਪਈ॥***

ਕਹਿਣ ਲੱਗੇ ਮੈਂ ਆਪ ਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ, ਨਿਵਾਜਿਸ਼ ਪਹਿਲਾਂ ਹੋਈ ਹੈ।

ਸੰਸਾਰ ਦੇ ਉਤੇ ਬਹੁਤ ਮਹਾਂਪੁਰਖ ਆਏ ਨੇ, ਜਦੋਂ ਤੋਂ ਸੰਸਾਰ ਰਚਿਆ ਹੈ ਉਦੋਂ ਤੋਂ ਆਉਂਦੇ ਹੀ ਰਹਿੰਦੇ ਨੇ ਤੇ ਜੇ ਅਸੀਂ ਵੱਡਿਆਂ-ਵੱਡਿਆਂ ਦੇ ਬਾਰੇ ਪੜ੍ਹੀਏ ਤਾਂ ਈਸਾਈ ਧਰਮ ਦੇ ਜੋ ਮੁਖੀ ਸਨ, ਈਸਾ ਜੀ, ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸੁਨੇਹਾ ਇੱਕ ਫਰਿਸ਼ਤੇ ਦੇ ਰਾਹੀਂ ਪ੍ਰਾਪਤ ਹੋਇਆ ਤੇ ਨਾਲ ਪ੍ਰਮੇਸ਼ਰ ਵਲੋਂ ਸ਼ਕਤੀ ਆਈ। ਫਰਿਸ਼ਤੇ ਨੇ ਆ ਕੇ ਕਿਹਾ ਕਿ ਤੁਸੀਂ ਆਹ ਕੰਮ ਸੰਸਾਰ ਦੇ ਉਤੇ ਕਰੋ। ਨੇਕ ਕੰਮ, ਨੇਕ ਬੁੱਧੀ ਦੁਨੀਆਂ ਨੂੰ ਬਖਸ਼ੋ। ਇਸੇ ਤਰ੍ਹਾਂ ਇਸਲਾਮ ਦੇ ਪੈਗੰਬਰ ਮੁਹੰਮਦ ਸਾਹਿਬ ਜੀ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਇਆ ਉਸ ਤੋਂ ਬਾਅਦ ਉਨ੍ਹਾਂ ਨੂੰ ਬੁਲਾਇਆ ਗਿਆ ਸੱਤਵੇਂ ਅਸਮਾਨ 'ਤੇ ਪ੍ਰਮੇਸ਼ਰ ਦੇ ਆਮ੍ਹਣੇ-ਸਾਮ੍ਹਣੇ ਗੱਲਬਾਤ ਹੋਈ। ਹੋਰ ਬੇਅੰਤ ਮਹਾਤਮਾ ਹੋਏ ਨੇ ਵੱਡਿਆਂ-ਵੱਡਿਆਂ ਦਾ ਮੈਂ ਜ਼ਿਕਰ ਕਰਦਾ ਹਾਂ। ਗੁਰੂ ਦਸ਼ਮੇਸ਼ ਪਿਤਾ ਨੂੰ ਦਰਗਾਹ ਦੇ ਵਿੱਚ ਜਦੋਂ ਤੁਰਨ ਤੋਂ ਪਹਿਲਾਂ ਨਿਵਾਜਿਸ਼ ਹੋਈ। ਈਸਾ ਜੀ ਨੂੰ ਪ੍ਰਮੇਸ਼ਰ ਕਹਿੰਦੇ ਨੇ, ਜਦੋਂ ਉਨ੍ਹਾਂ ਨੇ ਸੰਸਾਰ ਦਾ ਕੰਮ ਦੇਖਿਆ ਕਿ ਬਹੁਤ ਜ਼ਾਲਮ ਨੇ, ਬਾਦਸ਼ਾਹ ਤਾਂ ਸੁਣਦੇ ਹੀ ਨਹੀਂ ਕਿਸੇ ਦੀ ਗੱਲ ਉਸ ਵੇਲੇ ਆਇਆ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਪੁੱਤਰ ਦੀ ਪਦਵੀ ਦਿੰਦਾ ਹਾਂ।

ਗੁਰੂ ਦਸ਼ਮੇਸ਼ ਪਿਤਾ ਨੂੰ ਜਦੋਂ ਤੋਰਿਆ ਹੈ ਸੰਸਾਰ 'ਤੇ ਉਸ ਵੇਲੇ ਇਹ ਗੱਲ ਕਹੀ -

***ਮੈ ਅਪਨਾ ਸੁਤ ਤੁਹਿ ਨਿਵਾਜਾ।***

ਮੈਂ ਆਪਣਾ ਪੁੱਤਰ ਨਿਵਾਜ ਕੇ ਤੈਨੂੰ ਭੇਜਦਾ ਹਾਂ। ਵੈਸੇ ਪ੍ਰਮੇਸ਼ਰ ਦਾ ਕੋਈ ਪੁੱਤਰ ਨਹੀਂ ਸਾਰੇ ਹੀ ਪੁੱਤਰ ਨੇ ਜਿੰਨਾਂ ਸੰਸਾਰ ਹੈ। ਨਾ ਕੋਈ ਮਾਂ ਹੈ ਉਹਦੀ, ਨਾ ਕੋਈ ਪਿਉ ਹੈ, ਨਾ ਕੋਈ ਭਰਾ ਹੈ, ਨਾ ਕੋਈ ਪੁੱਤਰ ਹੈ ਉਹ ਨਿਵਾਜਦਾ ਹੈ। ਪੁੱਤਰ ਦਾ ਦਰਜਾ ਦਿੰਦਾ ਹੈ। ਕਹਿੰਦੇ ਮੈਂ ਪੁੱਤਰ ਦਾ ਦਰਜਾ ਦੇ ਕੇ ਭੇਜਦਾ ਹਾਂ। ਉਥੇ ਜਾ ਕੇ ਧਰਮ ਚਲਾਉਣਾ ਹੈ, ਧਰਮ ਦੀ ਗੱਲ ਹੁਣ ਸਮਝ 'ਚ ਨਹੀਂ ਆਉਂਦੀ ਸਾਡੇ ਕਿ ਧਰਮ ਕਿਹੜਾ ਚਲਾਉਣਾ ਸੀਗਾ। ਇੱਕ ਪਾਸੇ ਤਾਂ ਇਸੇ ਕਥਾ ਦੇ ਅੰਦਰ ਗੁਰੂ ਮਹਾਰਾਜ ਆਪਣੇ ਦਸਤ-ਏ-ਮੁਬਾਰਕ ਨਾਲ ਲਿਖਦੇ ਨੇ ਕਿ ਜਿੰਨੇ ਵੀ ਸਿਆਣੇ ਆਏ ਉਨ੍ਹਾਂ ਨੇ ਆਪਣਾ-ਆਪਣਾ ਚਲਾ ਦਿੱਤਾ। ਰੱਬ ਦਾ ਰਾਹ ਨਾ ਕਿਸੇ ਨੇ ਦੱਸਿਆ ਤੇ ਆਪਣੇ ਆਪ ਨੂੰ ਵਿੱਚ ਰੱਖ ਲਿਆ ਕਿ ਮੈਨੂੰ ਵੀ ਮੰਨੋ। ਮੇਰੇ ਰਾਹੀਂ ਤੁਸੀਂ ਰੱਬ ਕੋਲ ਪਹੁੰਚ ਸਕਦੇ ਓਂ ਤੇ ਜਦੋਂ ਆਪ ਨੇ ਇਹ ਗੱਲ ਕਹਿ ਦਿੱਤੀ ਤਾਂ ਫੇਰ ਕਿਹੜਾ ਧਰਮ ਰਹਿ ਗਿਆ। ਜਦੋਂ ਇੱਕ ਪਾਸੇ ਤਾਂ ਹੁਕਮ ਹੈ ਕਿ ਆਪਣੇ ਪਿੱਛੇ ਨਹੀਂ ਕੋਈ ਲਾਉਣਾ। ਮਹਾਰਾਜ ਕਹਿੰਦੇ ਦੇਖੋ ਅਸੀਂ ਆਪਣੇ ਪਿੱਛੇ ਨਹੀਂ ਲਾਉਂਦੇ -

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***
***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***

***ਅਕਾਲ ਪੁਰਖ ਬਾਚ॥ ਚੌਪਈ॥***

ਦੇਖਿਓ ਮੈਨੂੰ ਨਾ ਕਿਤੇ ਰੱਬ ਕਹਿਣ ਲੱਗ ਜਾਇਓ ਕਿਤੇ ਭੁੱਲ ਕੇ, ਪ੍ਰਮੇਸ਼ਰ ਤਾਂ ਓਹੀ ਹੈ ਜਿਹੜਾ ਸਾਰੇ ਪਰੀਪੂਰਨ ਹੈ। ਉਹਦੇ ਮੈਂ ਲੜ ਲਾਉਣ ਵਾਸਤੇ ਆਇਆ ਹਾਂ ਤੇ ਇੱਕ ਰਸਤਾ ਪ੍ਰਚਲਤ ਕਰਨ ਵਾਸਤੇ ਆਇਆ ਹਾਂ ਜਿਹਨੂੰ ਧਰਮ ਦਾ ਰਾਹ ਕਹਿੰਦੇ ਨੇ। ਧਰਮ ਦੇ ਰਾਹ ਦੀਆਂ values (ਕੀਮਤਾਂ) ਹੁੰਦੀਆਂ ਨੇ। ਇਨਸਾਨੀ ਕੀਮਤਾਂ ਹੁੰਦੀਆਂ ਨੇ। ਉਹ ਮਨੁੱਖ ਦੇ ਵਿਚੋਂ ਗਾਇਬ ਹੋ ਗਈਆਂ ਸੀ। ਉਹ ਮਨੁੱਖ ਦੇ ਵਿੱਚ ਦੁਬਾਰਾ ਭਰਨੀਆਂ ਸੀ। ਖਿਮਾ ਰਹੀ ਨਹੀਂ, ਦਇਆ ਨਹੀਂ ਸੀ ਰਹੀ, ਸਤਿ ਦਾ ਜੀਵਨ ਨਹੀਂ ਸੀ ਰਿਹਾ, ਅਹਿੰਸਾ ਖਤਮ ਹੋ ਗਈ ਸੀ, ਬ੍ਰਹਮਚਰੀਆ ਨਹੀਂ ਸੀ ਰਿਹਾ, ਤਪ, ਦਾਨ ਨਹੀਂ ਸੀ ਰਿਹਾ, ਸਤਿ, ਸੰਤੋਖ, ਸੀਲ, ਸੌਚ ਨਹੀਂ ਸੀ ਰਹੀ। ਇਹ ਸਾਰੀਆਂ ਜਿਹੜੀਆਂ values (ਕੀਮਤਾਂ) ਨੇ ਇਸ ਤੋਂ ਆਦਮੀ ਖਾਲੀ ਹੋ ਗਿਆ ਸੀ ਅਕਾਲ ਪੁਰਖ ਨੇ ਕਿਹਾ ਕਿ ਮਨੁੱਖ ਖਾਲੀ ਹੋ ਕੇ ਦੁਖੀ ਹੋ ਰਿਹਾ ਹੈ। ਜਦੋਂ ਤੱਕ ਇਹਦੇ ਅੰਦਰ ਇਹ ਗੁਣ ਨਹੀਂ ਹੋਣਗੇ, ਇਹ ਲੰਘੇਗਾ ਨਹੀਂ। ਧਰਮ ਨੂੰ ਇਹਨੇ ਇੱਕ ਰੂਪ-ਰੇਖਾ ਬਣਾ ਲਿਆ। ਧਰਮ ਨੂੰ ਸਮਝਿਆ ਨਹੀਂ ਹੈ, ਜੇ ਗੁਰੂ ਨਾਨਕ ਪਾਤਸ਼ਾਹ ਨੂੰ ਜਨੇਊ ਪਾਉਣ ਵਾਸਤੇ ਆਖਿਆ ਪਾਧੇ ਨੇ, ਇਕੱਠ

ਹੋਇਆ ਬਹੁਤ ਵੱਡਾ ਤਾਂ ਗੁਰੂ ਨਾਨਕ ਨੇ ਕਿਹਾ ਕਿ ਆਹ ਜਨੇਊ ਕੀ ਕੰਮ ਕਰਦਾ ਹੈ, ਧਾਗਾ ਪਾ ਕੇ ਗਲ ਵਿੱਚ ਮੇਰਾ ਕੀ ਬਣ ਜਾਏਗਾ, ਕਹਿੰਦੇ ਯਗੋ ਪਵਿਤ ਜਿਹੜਾ ਪਾਉਣਾ ਹੈ ਇਹਦੇ ਨਾਲ ਤੂੰ ਹਿੰਦੂ ਬਣ ਜਾਏਂਗਾ। ਹਾਲੇ ਤੱਕ ਤੂੰ ਕੁਛ ਵੀ ਨਹੀਂ ਹੈਗਾ ਤੇ ਤੇਰੀ ਜਾਤ ਖੱਤਰੀ ਦੀ ਹੈ ਤੇ ਜਦੋਂ ਜਨੇਊ ਪਾਏਂਗਾ ਤਾਂ ਤੈਨੂੰ ਸਭਾ ਸੁਸਾਇਟੀ ਨੇ ਮਾਣ ਦੇਣਾ ਹੈ ਨਹੀਂ ਤਾਂ ਤੇਰਾ ਬਾਈਕਾਟ ਕਰ ਦੇਣਗੇ, ਤੇਰੇ ਨਾਲ ਕਿਸੇ ਨੇ ਬੋਲਣਾ ਨਹੀਂ। ਮਹਾਰਾਜ ਕਹਿੰਦੇ, ਇਹ ਤਾਂ ਫੇਰ ਕੋਈ ਨਹੀਂ, ਧਾਗਾ ਪਾ ਕੇ ਆਦਮੀ ਬਦਲ ਗਿਆ? ਬੰਦਾ ਤਾਂ ਓਹੀ ਡਾਕੇ ਮਾਰਨ ਵਾਲਾ, ਚੋਰੀਆਂ ਕਰਨ ਵਾਲਾ, ਠੱਗੀਆਂ ਕਰਨ ਵਾਲਾ ਤੇ ਇੱਕ ਧਾਗਾ ਪਾ ਲਿਆ ਉਹਨੇ ਗਲ ਵਿੱਚ ਉਹ ਪਵਿੱਤਰ ਹੋ ਗਿਆ? ਕਹਿੰਦੇ ਇਹ ਤਾਂ ਗੱਲ ਪਾਧਾ ਜੀ! ਮਨ ਨੂੰ ਨਹੀਂ ਲਗਦੀ ਕਿ ਧਾਗਾ ਪਾ ਲਓ ਤੇ ਉਹ ਪਵਿੱਤਰ ਹੋ ਗਿਆ। ਜਨੇਊ ਪਾ ਲਿਆ ਤੇ ਉਹ ਪਵਿੱਤਰ ਹੋ ਗਿਆ। ਨਹੀਂ ਕਹਿੰਦੇ, ਇਹਦੇ ਵਿੱਚ ਗੜਬੜ ਹੋਈ ਹੋਈ ਹੈ। ਇਹਦਾ ਮਤਲਬ ਇਹ ਨਹੀਂ ਸੀ ਇਹ ਤਾਂ ਕੋਈ ਪ੍ਰਤੀਕ ਸੀ। ਕਿਸੇ ਚੀਜ਼ ਦਾ ਤੇ ਪਾਧੇ ਨੇ ਕਿਹਾ ਕਿ ਫੇਰ ਉਹ ਜਨੇਊ ਕਿਹੜਾ ਪਾਉਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਦੇਖ ਜੇ ਜਨੇਊ ਪਾਉਣਾ ਹੈ ਤਾਂ ਦਇਆ ਦੀ ਕਪਾਹ ਲੈ, ਸੰਤੋਖ ਦਾ ਸੂਤ ਲੈ ਤੇ ਜਤ ਦੀਆਂ ਗੱਠਾਂ ਦੇਹ ਤੇ ਸਤਿ ਦਾ ਵੱਟ ਚਾੜ੍ਹ। ਹੁਣ ਸਤਿ ਦਾ ਜੀਵਨ 'ਤੇ ਜਤ ਇੰਦਰਿਆਂ ਦਾ ਜਤ ਸਾਰਿਆਂ ਦਾ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥***

.................................

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਪੰਨਾ – 274***

***ਮਿਥਿਆ ਨਾਹੀ ਰਸਨਾ ਪਰਸ ॥*** ***ਅੰਗ – 274***

ਨਾ ਜ਼ੁਬਾਨ ਦੇ ਉਤੇ ਝੂਠ ਲੱਗੇ, ਨਾ ਕੰਨ ਕਿਸੇ ਦੀ ਨਿੰਦਿਆ ਸੁਣਨ ਤੇ ਨਾ ਜੀਭ ਕਿਸੇ ਦੀ ਨਿੰਦਿਆ ਚੁਗਲੀ ਦੀ ਬਾਤ ਕਰੇ ਤੇ ਨਾ ਅੱਖਾਂ ਬੇਗਾਨਾ ਰੂਪ ਦੇਖ ਕੇ ਆਪਣੇ ਆਪ ਨੂੰ ਛੱਡਣ।

***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥***

***ਅੰਗ – 471***

ਕਹਿੰਦੇ ਜੇ ਤੇਰੇ ਕੋਲ ਇਹ ਹੈਗਾ ਤਾਂ ਮੈਨੂੰ ਦੇ ਦੇ। ਗੁਰੂ ਨਾਨਕ ਵੀ values (ਕਦਰ-ਕੀਮਤ) ਆਦਮੀ ਦੇ ਅੰਦਰ ਪਾਉਣ ਆਏ ਸੀ। Human values (ਮਨੁੱਖੀ ਕਦਰਾਂ ਕੀਮਤਾਂ) ਅਲੋਪ ਹੋ ਚੁੱਕੀਆਂ ਸੀ, ਗੁਰੂ ਦਸ਼ਮੇਸ਼ ਪਿਤਾ ਵੀ ਇਹ ਪਾਉਣ ਆਏ ਸੀ ਇਹ ਨਹੀਂ ਸੀ ਪਤਾ ਕਿ ਮਨੁੱਖ ਦੀ ਸ਼ਕਲ ਬਦਲ ਦਿਓ ਨਾ ਉਹ ਇਨਸਾਨੀ ਕੀਮਤਾਂ ਆਦਮੀ ਦੇ ਅੰਦਰ ਪਾਉਣ ਆਏ ਸੀ ਤੇ ਪ੍ਰਮੇਸ਼ਰ ਨੇ ਜਿਵੇਂ ਪੈਦਾ ਕੀਤਾ ਸੀ ਮਨੁੱਖ ਨੇ ਉਹਦੇ ਵਿੱਚ ਭੰਨ ਤੋੜ ਕਰ ਲਈ। ਕੇਸ ਜਮਾਂਦਰੂ ਆਉਂਦੇ ਨੇ ਸਾਡੇ, ਅਸੀਂ ਤਾਂ ਨਹੀਂ ਲਾਉਂਦੇ। ਉਹਦੀ ਹੁਕਮ ਅਦੂਲੀ ਕਰ ਲਈ। ਇਹ ਗੱਲ ਸਮਝਾਉਣੀ ਸੀ ਮਹਾਰਾਜ ਨੇ ਸਾਰੀ ਕਿ natural life (ਕੁਦਰਤੀ ਜੀਵਨ) ਕਿਵੇਂ ਜੀਊਂਈ ਜਾਂਦੀ ਹੈ, Nature (ਕੁਦਰਤ) ਦੇ ਨਾਲ ਅਸੀਂ ਕਿਵੇਂ ਰਲ

ਕੇ ਚਲ ਸਕਦੇ ਹਾਂ ਕਿਉਂਕਿ ਕੁਦਰਤ ਨੇ ਕੋਈ ਗੱਲ ਗਲਤ ਨਹੀਂ ਕਰੀ। ਉਹ ਸਾਡੇ ਭਲੇ ਵਾਸਤੇ ਹੀ ਕਰਦੀ ਹੈ। ਜੋ ਸਾਡੇ ਸਰੀਰ ਦੀ ਬਣਤਰ, ਜੋ ਬੀਬੀਆਂ ਦੇ ਸਰੀਰ ਦੀ ਬਣਤਰ ਉਹ ਕੁਦਰਤ ਨੇ ਬਣਾਈ ਹੈ, ਇਹਨੂੰ ਭੰਨ-ਤੋੜ ਕਰੀਏ ਫੇਰ ਗਲਤ ਹੋ ਜਾਂਦਾ ਹੈ। ਇਹ ਸਾਰੀਆਂ ਚੀਜ਼ਾਂ, values (ਕਦਰਾਂ-ਕੀਮਤਾਂ) ਦੱਸਣ ਵਾਸਤੇ ਮਹਾਰਾਜ ਨੂੰ ਹੁਕਮ ਹੋਇਆ –

***ਜਹਾ ਤਹਾ ਤੇ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਜਿਹੜੀ ਮਾੜੀ ਬੁੱਧੀ ਹੈ ਉਹ ਬੁੱਧੀ ਨੂੰ ਦੂਰ ਕਰੋ, ਜਿਹੜੇ ਗਲਤ ਨਿਹਚੇ ਨੇ ਉਨ੍ਹਾਂ ਨੂੰ ਦੂਰ ਕਰੋ। ਮਹਾਰਾਜ ਕਹਿਣ ਲੱਗੇ, ਜਦੋਂ ਅਸੀਂ ਧਿਆਨ ਕਰਕੇ ਦੇਖਿਆ ਸਾਨੂੰ ਨਜ਼ਰ ਆਇਆ ਕਿ ਹਰੀ ਦੀ ਜੋਤ ਤਾਂ ਅਲੋਪ ਹੋ ਗਈ ਸਾਰਿਆਂ ਦੇ ਹਿਰਦਿਆਂ ਦੇ ਵਿਚੋਂ ਤੇ ਮਾਇਆ ਦਾ ਗੁਬਾਰ ਹਰ ਹਿਰਦੇ ਵਿੱਚ ਛਾਇਆ ਹੋਇਆ –

***ਧਾਰਨਾ – ਜੋਤ ਹਰੀ ਦੀ ਨਜ਼ਰ ਨਾ ਆਵੇ,***
***ਮਾਇਆ ਦਾ ਗੁਬਾਰ ਛਾ ਗਿਆ।***

ਕਿਸੇ ਨੇ ਕਿਹਾ ਕਿ ਸਾਡੇ ਮੰਦਰ ਦੇ ਵਿੱਚ ਰੱਬ ਰਹਿੰਦਾ ਹੈ ਹੋਰ ਕਿਤੇ ਨਹੀਂ, ਕਿਸੇ ਨੇ ਕਿਹਾ ਮਸਜਿਦ ਵਿੱਚ ਰੱਬ ਰਹਿੰਦਾ ਹੋਰ ਬਾਹਰ ਕਿਤੇ ਨਹੀਂ। ਰੱਬ ਤਾਂ ਸਭ ਦੇ ਦਿਲ ਵਿੱਚ ਰਹਿੰਦਾ ਹੈ ਕੋਈ ਥਾਂ ਐਸਾ ਨਹੀਂ ਜਿੱਥੇ ਪ੍ਰਮੇਸ਼ਰ ਨਾ ਹੋਵੇ। ਕਿਸੇ ਨੇ ਰਾਮ ਨੂੰ ਰੱਬ ਕਹਿ ਦਿੱਤਾ, ਕਿਸੇ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਰੱਬ ਕਹਿ ਦਿੱਤਾ, ਕੋਈ ਮੱਛ ਅਵਤਾਰ ਨੂੰ ਮੰਨਦਾ ਹੈ, ਕੋਈ ਕੱਛ ਅਵਤਾਰ ਨੂੰ ਮੰਨਦਾ ਹੈ, ਆਪਣੀ-ਆਪਣੀ ਮਾਨਤਾ ਸ਼ੁਰੂ ਹੋ ਗਈ। ਮਹਾਰਾਜ ਕਹਿੰਦੇ, ਛੱਡ ਦੇ ਚੀਜ਼ਾਂ, ਸਭ ਫੋਕਟ ਨੇ, ਜਿਵੇਂ ਬਦਾਮ ਦਾ ਛਿਲਕਾ ਕੁੱਟ ਕੇ ਕੱਢ ਦੇਈਏ ਬਾਹਰ ਤੇ ਕੋਈ ਸਾਂਭ-ਸਾਂਭ ਕੇ ਰੱਖੀ ਜਾਵੇ, ਉਹਨੂੰ ਸਿਆਣਾ ਤਾਂ ਕਿਹਾ ਨਹੀਂ ਜਾਂਦਾ, ਉਹਨੂੰ ਫੋਕਟ ਕਹਿੰਦੇ ਨੇ। ਨਿੰਬੂ ਨਿਚੋੜ ਲਿਆ ਤੇ ਉਹ ਫੋਕਟ ਨੂੰ ਸਾਂਭੀ ਫਿਰਦਾ ਹੈ, ਸੰਤਰਾ ਖਾ ਲਿਆ ਫੋਕਟ ਨੂੰ ਸਾਂਭੀ ਫਿਰਦਾ ਹੈ, ਸੇਬ ਖਾ ਲਿਆ ਉਪਰਲੀ ਛਿੱਲ ਨੂੰ ਸਾਂਭੀ ਫਿਰਦਾ ਹੈ। ਮਹਾਰਾਜ ਕਹਿੰਦੇ ਉਹਦਾ ਕੋਈ ਫਾਇਦਾ ਨਹੀਂ। ਜੀਅ ਦੇ ਵਿੱਚ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ –

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਉਹਨੂੰ ਤੂੰ ਰੱਬ ਜਾਣ। ਜਿਹੜਾ ਹਰ ਥਾਂ ਦੇ ਉਤੇ ਹੈ। ਇਹੀ ਉਪਦੇਸ਼ ਗੁਰੂ ਮਹਾਰਾਜ ਨੇ ਆ ਕੇ ਸਾਨੂੰ ਦਿੱਤਾ ਪੜ੍ਹੋ ਪਿਆਰ ਨਾਲ –

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***

***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***

ਸੰਸਾਰ ਨੂੰ ਦੱਸਿਆ ਗੁਰੂ ਮਹਾਰਾਜ ਨੇ ਆ ਕੇ ਕਿ ਵਾਹਿਗੁਰੂ ਨਾ ਪੱਥਰ ਹੈ, ਨਾ ਕਿਸੇ ਮੰਦਰ ਦੇ ਵਿੱਚ ਕੈਦ ਹੈ, ਨਾ ਮਸਜਿਦ 'ਚ ਕੈਦ ਹੈ, ਨਾ ਕਿਸੇ ਹੋਰ ਧਰਮ ਅਸਥਾਨ 'ਚ ਕੈਦ ਹੈ, ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ, ਜਿੱਥੇ ਜਾਓ ਉਥੇ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***

***ਅੰਗ - 677***

ਜਿੱਥੇ ਵੀ ਅਸੀਂ ਜਾਵਾਂਗੇ ਉਹ ਜਾਗ੍ਰਤ ਜੋਤ -

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਉਹ ਤਾਂ ਜਿੱਥੇ ਤੱਕ ਅਸਮਾਨ ਨੇ, ਜਿੱਥੇ ਤੱਕ ਹੈ ਕੋਈ ਕਹਿ ਨਹੀਂ ਸਕਦਾ। ਕਿਉਂਕਿ ਏਧਰ ਆਦਮੀ ਜੇ ਖਿਆਲ ਲਿਆਵੇ ਤਾਂ ਪਤਾ ਨਹੀਂ ਲਗਦਾ, confuse ਹੋ ਜਾਂਦਾ ਹੈ ਕਿ ਕਿੱਥੇ ਹੋਇਆ ਅੰਤ, ਉਪਰ ਨੂੰ ਝਾਕੋ ਤਾਂ ਨਹੀਂ ਕਿਤੇ ਅੰਤ, ਸੱਜੇ ਪਾਸੇ ਨੂੰ ਦੇਖੋ ਤਾਂ ਨਹੀਂ ਅੰਤ, ਖੱਬੇ ਨੂੰ ਦੇਖੋ ਤਾਂ ਨਹੀਂ ਅੰਤ, ਸਾਮ੍ਹਣੇ ਨੂੰ ਦੇਖੋ ਤਾਂ ਨਹੀਂ ਅੰਤ, ਪਿੱਠ ਵਲ ਦੇਖੋ ਤਾਂ ਨਹੀਂ ਅੰਤ, ਹੇਠਾਂ ਨੂੰ ਦੇਖੋ ਤਾਂ ਨਹੀਂ ਅੰਤ, ਕਿਤੇ ਹੈ ਹੀ ਨਹੀਂ, ਉਹ ਕਹਿੰਦੇ ਉਹ ਤਾਂ ਜੋਤੀ ਸਾਰੇ ਪਰੀਪੂਰਨ ਹੈ। ਉਹਨੂੰ ਵਾਹਿਗੁਰੂ, ਅੱਲਾਹ, ਰਾਮ ਕੁਛ ਕਹੋ ਉਹਨੂੰ ਕਹੋ।

ਉਹਦੇ ਵਿੱਚ ਕੀ ਪਿਆ ਹੈ ਮੜ੍ਹੀਆਂ ਵਿਚ, ਆਦਮੀ ਜੀਉਂਦਾ-ਜੀਉਂਦਾ ਕੁਛ ਕਰ ਨਹੀਂ ਸਕਿਆ। ਇੱਟਾਂ ਲਾ ਦਿਓ ਫੇਰ ਉਹਨੂੰ ਮੱਥੇ ਟੇਕੀ ਜਾਓ। ਰੱਬ ਨੂੰ ਕਿਉਂ ਨਹੀਂ ਮੰਨਦੇ, ਜਿਹੜਾ ਸਾਰੇ ਪਰੀਪੂਰਨ ਹੈ, ਜਾਗ੍ਰਤ ਜੋਤ ਹੈ, ਮੁਰਦਾ ਜੇ ਉਹਦੇ 'ਚ ਤਾਕਤ ਹੋਵੇ ਜੀਉਂਦਾ-ਜੀਉਂਦਾ ਹੀ ਕਰ ਲੈਂਦਾ ਹੈ ਸਭ ਕੁਛ। ਉਹਨੂੰ ਕਿਉਂ ਮੱਥੇ ਟੇਕਦੇ ਓਂ ਜਾ ਕੇ, ਆਪੇ ਹੀ ਬਣਾ ਕੇ ਆਪੇ ਹੀ ਡਰੀ ਜਾਂਦੇ ਨੇ। ਮਹਾਰਾਜ ਕਹਿੰਦੇ, ਭੁੱਲ ਕੇ ਵੀ ਨਾ ਕਰਿਓ ਇਹ ਕੰਮ, ਪ੍ਰੇਮੀਓਂ! ਤੁਹਾਡੀ ਪ੍ਰਮੇਸ਼ਰ ਦੇ ਨਾਲ ਦੂਰੀ ਪੈ ਜਾਏਗੀ। ਤੁਹਾਡੇ ਅੰਦਰਲੇ ਪਾਸੇ ਇੱਕ ਹੋਰ ਆ ਵੜੇਗਾ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥*** ***ਅੰਗ - 1263***

ਇਹ ਤਾਂ ਅੰਦਰ ਸਾਡੇ ਵਾਹਿਗੁਰੂ ਰਹਿੰਦਾ ਹੈ, ਇੱਕ 'ਮੈਂ' ਰਹਿੰਦਾ ਹੈ, ਜੇ ਇੱਕ ਹੋਰ ਵਾੜ ਲਈਏ ਫੇਰ ਤਾਂ ਗੜਬੜ ਮੱਚਣੀ ਹੀ ਹੈ। ਕਈ ਇੱਥੇ ਕਹਿੰਦੇ ਨੇ ਕਿ ਜੀ ਅਸੀਂ ਫਲਾਣੇ ਥਾਉਂ ਮੱਥਾ ਟੇਕਿਆ, ਫਲਾਣੇ ਥਾਉਂ ਗਏ, ਉਹ ਕਬਰ ਨੂੰ ਟੇਕਿਆ, ਉਹਦੀ ਵੀ ਸ਼ੀਰਨੀ ਦਿੱਤੀ, ਉਹਨੂੰ ਉਹ ਕਰਿਆ, ਮੈਂ ਕਿਹਾ ਤੁਸੀਂ ਇੱਕ ਨੂੰ ਮੰਨੋ, ਕਿਸੇ ਨੂੰ ਵੀ। ਜਿਹੜਾ ਸਮਰੱਥ ਹੈ ਉਹਨੂੰ ਮੰਨੋ, ਉਹ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਅੱਲਾਹ ਹੈ, ਰਾਮ ਹੈ, ਉਹਦੀ ਅਰਾਧਨਾ ਕਰੋ, ਜਦੋਂ ਉਹਨੂੰ ਹਿਰਦੇ 'ਚ ਵਸਾ ਲਿਆ

ਫੇਰ ਮਹਾਰਾਜ ਕਹਿੰਦੇ, ਫੇਰ ਨਾ ਮੰਨ ਨਾ ਵਰਤਾਂ ਨੂੰ, ਨਾ ਗੋਰਾਂ ਨੂੰ, ਨਾ ਕਬਰਾਂ ਨੂੰ, ਨਾ ਮੜ੍ਹੀਆਂ ਨੂੰ, ਮੱਠਾਂ ਨੂੰ। ਤੀਰਥਾਂ ਦਾ, ਦਾਨਾਂ ਦਾ, ਦਇਆ, ਤਪ, ਸੰਜਮ ਦਾ ਆਸਰਾ ਨਾ ਲਓ। ਵਾਹਿਗੁਰੂ ਨੂੰ ਹੀ ਦੇਖੋ ਸਾਰੇ ਪਰੀਪੂਰਨ। ਜਦੋਂ ਘਟ ਦੇ ਅੰਦਰੋਂ ਹਨ੍ਹੇਰਾ ਦੂਰ ਹੋ ਗਿਆ, ਸਾਰੇ ਇੱਕ ਵਾਹਿਗੁਰੂ ਦਿੱਸਣ ਲੱਗ ਗਿਆ। ਫੇਰ ਕਹਿੰਦੇ ਕੀ ਹੁੰਦਾ ਹੈ, ਮਨੁੱਖ ਓਹੀ ਜਿਹੜਾ ਮੈਲ ਦਾ ਭਰਿਆ ਹੋਇਆ ਸੀ, ਉਹ ਮਨੁੱਖ pure (ਪਵਿੱਤਰ) ਹੋ ਗਿਆ –

*ਤਬ ਖਾਲਸਾ ਤਾਹਿ ਨਖਾਲਸ ਜਾਨੈ।*

ਖਾਲਸਾ ਦੇ ਵਿੱਚੋਂ ਉਹ ਖਾਲਸਾ ਖਾਲਸ ਹੋ ਜਾਂਦਾ ਹੈ। pure man (ਸ਼ੁਧ ਮਨੁੱਖ) ਹੋ ਜਾਂਦਾ ਹੈ ਫੇਰ ਉਹਦੀ ਨਿਸ਼ਾਨੀ ਕੀ ਹੈ?

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਜਿਸਨੇ ਸਾਰੇ ਆਤਮਾ ਪਰੀਪੂਰਨ ਤੱਕ ਲਈ, ਨਿਹਚਾ ਹੋ ਗਿਆ ਜਿਹਦਾ ਕਿ ਵਾਹਿਗੁਰੂ ਆਤਮਾ ਸਾਰੇ ਪਰੀਪੂਰਨ ਹੈ। ਤੇ ਉਹਦਾ ਰਸ ਜਿਹਨੂੰ ਆ ਗਿਆ, ਇਕ ਤਾਂ ਅਕਲ ਨਾਲ ਸੋਚ ਲਿਆ, ਇੱਕ ਹੁੰਦਾ ਹੈ ਰਸ ਆ ਜਾਣਾ। ਕਹਿੰਦੇ ਉਹ ਖਾਲਸਾ ਹੁੰਦਾ ਹੈ। ਉਹ ਕਿਡਾ ਵੱਡਾ ਹੋ ਗਿਆ, ਕਹਿੰਦੇ ਨਾ ਮੇਰੇ ਵਿੱਚ, ਨਾ ਵਾਹਿਗੁਰੂ ਵਿੱਚ, ਨਾ ਉਹਦੇ ਵਿੱਚ ਕੋਈ ਭੇਤ ਨਹੀਂ ਹੈ। ਐਸਾ ਗੁਰੂ ਮਹਾਰਾਜ ਨੇ ਆ ਕੇ ਉਪਦੇਸ਼ ਦਿੱਤਾ, ਐਸਾ ਧਰਮ ਦੇ ਵਿੱਚ ਉਨ੍ਹਾਂ ਨੇ ਇਨਕਲਾਬ ਲਿਆਂਦਾ ਕਿ ਉਨ੍ਹਾਂ ਦਾ ਸਾਰੇ ਬੋਲਬਾਲਾ ਹੋ ਗਿਆ। ਸਭ ਮੰਨਦੇ ਨੇ ਉਨ੍ਹਾਂ ਨੂੰ। ਮਨੁੱਖ ਦੇ ਬਾਰੇ ਉਨ੍ਹਾਂ ਨੇ ਵਿਸ਼ਲੇਸ਼ਣ ਕੀਤਾ ਹੈ। ਕਿ ਮਨੁੱਖ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਕੋਈ ਜਾਤ ਨਹੀਂ ਮਨੁੱਖ ਦੀ। ਇਹ ਸਾਰੇ ਮਨੁੱਖ ਚਾਹੇ ਇਸਲਾਮ ਦੇ ਵਿੱਚ ਰਹਿਣ ਵਾਲਾ ਹੈ, ਚਾਹੇ ਹਿੰਦੂ ਹੈ, ਚਾਹੇ ਬੋਧੀ ਹੈ, ਚਾਹੇ ਉਹ ਕੋਈ ਵੀ ਹੈ, ਜਾਤ ਇੱਕੋ ਹੀ ਹੈ। ਐਸੇ ਉਪਦੇਸ਼ ਮਹਾਰਾਜ ਨੇ ਆ ਕੇ ਸਾਨੂੰ ਸੰਸਾਰ 'ਤੇ ਦਿੱਤੇ –

*ਧਾਰਨਾ – ਸੁਣ ਗੁਰੂ ਪਿਆਰੇ, ਸੱਚਾ ਅਮਰ ਗੋਬਿੰਦ ਕਾ।*

*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨਾਂ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਮੁਖਿ ਮੱਥੇ ਉੱਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ 41/2*

ਕਹਿੰਦੇ, ਪਿਆਰੀ ਸਾਧ ਸੰਗਤ! ਸੁਣੋ ਗੁਰੂ ਦਾ ਅਮਰ। ਕੀ ਕੀਤਾ ਉਨ੍ਹਾਂ ਨੇ, ਕਹਿੰਦੇ 'ਸਤਿਸੰਗਤ ਮਿਲਾਪ ਕਰ' ਸਤਿਸੰਗਤ ਕਹਿੰਦੇ ਨੇ –

***ਸਤਿਸੰਗਤ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***
***ਅੰਗ - 72***

ਜਿੱਥੇ ਨਾਮ ਜਪਣ ਵਾਲੇ, ਨਾਮ ਦੀ ਵਿਆਖਿਆ ਕਰਨ ਵਾਲੇ, ਨਾਮ ਦੇ ਰਸੀਏ ਬੈਠਦੇ ਸੀ ਕਹਿੰਦੇ ਉਨ੍ਹਾਂ ਦਾ ਮਿਲਾਪ ਕਰਕੇ ਪੰਚ ਦੂਤ ਸਿੰਘਾਰ ਦਿੱਤੇ। ਪੰਜਾਂ ਦੂਤਾਂ ਨੇ ਸਾਰੇ ਸੰਸਾਰ ਨੂੰ ਲੁੱਟਿਆ ਹੋਇਆ ਹੈ। ਅੰਦਰੋਂ ਹੀ ਦੂਤ ਮਾਰ ਦਿੱਤੇ। ਜਿਹੜੇ ਖਸਮ ਨੇ ਵਿਸਾਰ ਦਿੱਤੇ ਸੰਗਤ ਵਿਚ ਹੁਣ ਪਾਖੰਡ ਨਹੀਂ ਉਨ੍ਹਾਂ ਦਾ ਚਲਦਾ। ਨਾ ਮਸੰਦਾਂ ਦਾ ਚਲਦਾ ਹੈ ਨਾ ਕਿਸੇ ਹੋਰ ਮਿਨਾਪਲੀ ਚਲਦੀ ਹੈ। ਭੇਖ ਦਾ ਨਹੀਂ ਚਲਦਾ, ਰਸਮਾਂ ਦਾ ਨਹੀਂ ਚਲਦਾ। ਕਿਉਂਕਿ ਉਹ ਰਲਦੇ ਨਹੀਂ ਖਸਮ ਦੇ ਵਿਸਾਰੇ ਹੋਏ ਨੇ। ਆਪ ਹੀ ਗੁਰੂ ਤੇ ਆਪ ਹੀ ਚੇਲਾ ਹੈ। ਪਹਿਲਾਂ ਅੰਮ੍ਰਿਤ ਛਕਾਇਆ, ਫੇਰ ਆਪ ਮੰਗਿਆ, ਆਪ ਦੇ ਜੋ ਬਚਪਨ ਦੇ ਕੌਤਕ ਨੇ। ਬੜੇ ਹੀ ਬਚਿੱਤਰ ਕੌਤਕ ਨੇ, ਖਿੱਚ ਪਾਉਣ ਵਾਲੇ ਨੇ।

ਜਿਸ ਵਕਤ ਆਪ ਦਾ ਪ੍ਰਕਾਸ਼ ਹੋਇਆ। ਉਸ ਵੇਲੇ ਅੰਮ੍ਰਿਤ ਵੇਲੇ ਦੀ ਨਮਾਜ਼ ਜਿਹਨੂੰ ਫਜ਼ਰ ਦੀ ਨਮਾਜ਼ ਕਹਿੰਦੇ, ਇੱਥੇ ਘੜਾਮ ਦੇ ਵਿੱਚ ਇੱਕ ਸਮਰੱਥ ਪੁਰਸ਼ ਰਹਿੰਦਾ ਸੀ ਤੇ ਮੈਂ ਹੈਰਾਨ ਹਾਂ ਜੇ ਆਪਾਂ ਇਨਸਾਫ ਨਾਲ ਗੱਲ ਕਰੀਏ ਤਾਂ ਤੁਸੀਂ ਹੈਰਾਨ ਹੋ ਜਾਓਂਗੇ ਕਿ ਉਸ ਸੂਫੀ ਪੀਰ ਨੂੰ ਪ੍ਰਕਾਸ਼ ਹੋਇਆ ਸਿਜਦਾ ਕਰ ਰਿਹਾ ਸੀ ਮਗਰਬ ਨੂੰ, ਪੱਛਮ ਨੂੰ। ਲੇਕਿਨ ਹੈਰਾਨ ਹੁੰਦਾ ਹੈ ਕਿ ਪ੍ਰਕਾਸ਼ ਕਿਸ ਥਾਂ ਤੋਂ ਆ ਰਿਹਾ ਹੈ ਤੇ ਉਸ ਵੇਲੇ ਰੁਖ ਬਦਲ ਲਿਆ, ਮਗਰਬ ਵਲ ਪਿੱਠ ਕਰ ਲਈ, ਪੂਰਬ ਵਲ ਮੂੰਹ ਕਰ ਲਿਆ, ਸਾਰੇ ਮੁਰੀਦ ਹੈਰਾਨ ਹੋ ਰਹੇ ਨੇ ਕਿ ਅੱਜ ਮੁਰਸ਼ਦ ਕੀ ਕਰਨ ਲੱਗ ਗਏ ਸਾਡੇ ਕਿ ਮਗਰਬ ਨੂੰ ਨਮਾਜ਼ ਪੜ੍ਹੀ ਜਾਂਦੀ ਹੈ ਤੇ ਇਹਨੇ ਮਗਰਬ ਦੀ ਥਾਂ ਦੇ ਉਤੇ ਪੂਰਬ ਨੂੰ ਮੂੰਹ ਕਰ ਲਿਆ ਤੇ ਜਿਧਰੋਂ ਸੂਰਜ ਚੜ੍ਹਦਾ ਹੈ। ਉਧਰ ਨੂੰ ਮੂੰਹ ਕਰ ਲਿਆ, ਇਹ ਤਾਂ ਉਲਟ ਹੋ ਗਿਆ ਤੇ ਉਧਰ ਪਿੱਠ ਹੋ ਗਈ। ਸ਼ੰਕਾ ਮਨ ਵਿੱਚ ਆ ਗਿਆ। ਉਸ ਵੇਲੇ ਉਹ ਨਮਾਜ਼ ਪੜ੍ਹਦਾ ਵਜਦ 'ਚ ਆ ਗਿਆ। ਨਾਪਣ ਲੱਗ ਗਿਆ, ਅਸਮਾਨ ਨੂੰ, ਧਰਤੀ ਨੂੰ ਕਿ ਆਹ ਪ੍ਰਕਾਸ਼ ਕਿੱਥੋਂ ਆ ਰਿਹਾ ਹੈ। ਦੇਖਣ ਲੱਗ ਗਿਆ। ਵਿਮਾਨ ਤੁਰਿਆ ਆ ਰਿਹਾ ਹੈ, ਪ੍ਰਕਾਸ਼ ਹੀ ਪ੍ਰਕਾਸ਼, ਸਾਰੀ ਸ੍ਰਿਸ਼ਟੀ ਦੇ ਵਿੱਚ ਪ੍ਰਕਾਸ਼ ਹੋ ਗਿਆ। ਬੰਦਗੀ ਕਰਨ ਵਾਲਿਆਂ ਨੂੰ ਪਤਾ ਲੱਗ ਜਾਂਦਾ ਹੈ। ਕਿ ਅੱਜ ਇਸ ਇਲਾਕੇ ਦੇ ਵਿੱਚ ਕੋਈ ਜੋਤ ਵਾਲਾ ਪੁਰਸ਼ ਪਹੁੰਚਿਆ ਹੈ। ਇਹ ਵੀ ਪਤਾ ਲਗ ਜਾਂਦਾ ਹੈ। ਕਿ ਅੱਜ ਕੋਈ ਦੁਸ਼ਟ ਆਤਮਾ ਇੱਥੇ ਆਈ ਹੋਈ ਹੈ। ਨਾਮ ਜਪਣ ਵੇਲੇ ਸਾਰੀ ਚੀਜ਼ ਦੀ ਸੋਝੀ ਹੋ ਜਾਂਦੀ ਹੈ। ਉਸ ਵੇਲੇ ਬੇਅੰਤ ਸੰਤ ਸੀਗੇ, ਬੜੇ-ਬੜੇ ਸਾਧੂ ਸੀ। ਵੱਡੇ-ਵੱਡੇ ਯੋਗੀ ਸੀ, ਲੇਕਿਨ ਕੋਈ ਵੀ ਨਾ ਦੇਖ ਸਕਿਆ। ਦੇਖਿਆ ਕੀਹਨੇ ਭੀਖਣਸ਼ਾਹ ਨੇ ਦੇਖਿਆ, ਪੀਰ ਨੇ ਦੇਖਿਆ। ਪੀਰ ਨੇ ਦੇਖਿਆ ਕਿ ਕੋਈ ਨੂਰ ਅੱਲਾਹ ਦਾ ਉਤਰ ਰਿਹਾ ਹੈ, ਐਡਾ ਪ੍ਰਕਾਸ਼ ਜਿਹੜਾ ਅੱਜ ਤੱਕ ਨਹੀਂ ਦੇਖਿਆ। ਉਹਨੇ ਨਮਾਜ਼ ਓਧਰ ਪੜ੍ਹੀ ਮੂੰਹ ਕਰਕੇ, ਸਿਜਦਾ ਕਰ ਦਿੱਤਾ। ਹੈਰਾਨ ਹੋ ਗਏ ਮੁਰੀਦ ਕਿ ਇਹ ਪੀਰ ਜੀ ਨੇ ਅੱਜ ਕੀ

ਕਰਿਆ ਹੈ। ਜਦੋਂ ਨਮਾਜ਼ ਪੜ੍ਹ ਹਟੇ ਕਹਿਣ ਲੱਗੇ, ਪੀਰ ਜੀ! ਅੱਜ ਤੁਸੀਂ ਕੁਫਰ ਦੀ ਬਾਤ ਕਰੀ ਹੈ। ਸ਼ਰ੍ਹਾ ਦੇ ਉਲਟ ਬਾਤ ਕਰੀ ਹੈ। ਸਾਡੇ ਮਨਾਂ 'ਚ ਸ਼ੰਕੇ ਪੈ ਗਏ ਨੇ, ਆਪ ਸਮਰੱਥ ਪੁਰਸ਼ ਓਂ, ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰੋ। ਮੁਰੀਦਾਂ ਨੂੰ ਕਹਿਣ ਲੱਗੇ ਕਿ ਅੱਜ ਮੈਂ ਦੂਰੀ ਨਾਪ ਲਈ ਹੈ ਏਥੋਂ, ਸੇਧ ਲੈ ਲਈ ਹੈ ਪੂਰੀ ਤੇ ਮੇਰੀ ਸੇਧ ਵਿੱਚ ਗਲਤੀ ਨਹੀਂ ਕੋਈ ਵੀ ਹੋਣੀ ਤੇ ਓਸ ਥਾਂ ਦੇ ਉਤੇ ਅੱਲਾਹ ਦਾ ਨੂਰ, ਵਾਹਿਗੁਰੂ ਦੀ ਜੋਤ ਪ੍ਰਗਟ ਹੋਈ ਹੈ। ਅੱਜ ਤੇ ਮੈਂ ਜਿਸਨੂੰ ਚਾਹੁੰਦਾ ਸੀ ਉਹ ਇੱਥੇ ਆ ਗਿਆ ਧਰਤੀ ਦੇ ਉਤੇ ਤੇ ਮੈਂ ਇਸ ਕਰਕੇ ਉਹਨੂੰ ਪਛਾਣ ਕੇ ਸਿਜਦਾ ਕਰਿਆ ਹੈ। ਲੇਕਿਨ ਸਾਰਿਆਂ ਦੇ ਨਿਹਚੇ ਤਾਂ ਪੱਕੇ ਨਹੀਂ ਹੁੰਦੇ। ਉਸ ਵੇਲੇ ਉਹ ਕਹਿਣ ਲੱਗਿਆ ਕਿ ਹੁਣ ਆਪਾਂ ਛੇਤੀ ਚੱਲੀਏ, ਉਸ ਜੋਤ ਦਾ ਦਰਸ਼ਨ ਕਰੀਏ। ਤਾਂ ਉਸ ਵੇਲੇ ਸਨੇ-ਸਨੇ ਜੋ ਸੇਧ ਲਾਈ ਸੀ। ਉਹਦੇ ਉਤੇ ਤੁਰਦਾ ਰਿਹਾ। ਬੜਾ ਕਾਮਲ ਫਕੀਰ ਸੀ ਜਿਹਨੇ ਬਗੈਰ ਨਕਸ਼ੇ ਤੋਂ, ਬਗੈਰ ਜਾਣਨ ਤੋਂ ਸਫਰ ਆਰੰਭ ਦਿੱਤਾ ਤੇ ਪਤਾ ਹੈ ਉਹਨੂੰ ਕਿ ਇੱਥੇ ਜੋਤ ਹੈ। ਜੋਤ ਧਿਆਨ ਵਿੱਚ ਹੈ। ਚਲਦਾ-ਚਲਦਾ ਬਿਹਾਰ ਵਿੱਚ ਪਹੁੰਚਿਆ, ਉਹਨੂੰ ਚਲਦੇ ਨੂੰ ਕਈ ਮਹੀਨੇ ਲੱਗ ਗਏ। ਉਥੇ ਜਾ ਕੇ ਗੁਰੂ ਮਹਾਰਾਜ ਦਾ ਜਿਸ ਥਾਂ 'ਤੇ ਨਿਵਾਸ ਸੀ, ਗੁਰੂ ਨੌਵੇਂ ਪਾਤਸ਼ਾਹ ਤਾਂ ਆਸਾਮ ਵਲ ਗਏ ਹੋਏ ਸੀ ਤੇ ਇਹ ਪਟਨੇ ਉਸ ਘਰ ਦੇ ਅੱਗੇ ਪਹੁੰਚ ਗਿਆ, ਕਹਿਣ ਲੱਗੇ ਇੱਥੇ ਹੈ ਜੋਤੀ, ਇਸ ਘਰ 'ਚ ਹੈ ਜੋਤੀ। ਹੁਣ ਦੇਖੋ ਕਹਿੰਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ, ਮੈਂ ਸੈਂਟਰ ਲੱਭ ਲਿਆ ਜੋਤੀ ਦਾ। ਜਾ ਕੇ ਬੇਨਤੀ ਕਰੀ ਕਿ ਅੱਲਾਹ ਦੇ ਨੂਰ ਦਾ ਦਰਸ਼ਨ ਕਰਨ ਆਏ ਹਾਂ ਅਸੀਂ, ਮਾਤਾ ਜੀ ਨੇ ਸੁਣਿਆ, ਮਾਤਾ ਗੁਜਰੀ ਨੇ ਸੁਣਿਆ। ਮਾਤਾ ਨਾਨਕੀ ਜੇ ਨੇ ਸੁਣਿਆ ਕਹਿਣ ਲੱਗੇ ਕੋਈ ਸੂਫੀ ਪੀਰ ਆਇਆ ਹੈ। ਮਾਮਾ ਕ੍ਰਿਪਾਲ ਜੀ ਨਾਲ ਸਲਾਹ ਕਰੀ ਕਿ ਹੁਣ ਕੀ ਕਰਿਆ ਜਾਵੇ? ਉਹ ਪੀਰ ਆਇਆ ਹੈ ਪੰਜਾਬ ਤੋਂ ਤੇ ਥਹੁ ਟਿਕਾਣੇ ਦਾ ਪਤਾ ਲੱਗ ਗਿਆ ਸਾਹਿਬਜ਼ਾਦੇ ਨੂੰ ਆਪਾਂ ਤਾਂ ਛੁਪਾ ਕੇ ਰੱਖਦੇ ਸੀ। ਕਿ ਇਹਨੇ ਪ੍ਰਗਟ ਕਰ ਦੇਣਾ ਹੈ। ਰਾਜ ਬੜਾ ਮਾੜਾ ਚੱਲ ਰਿਹਾ ਹੈ ਹੁਣ ਕੀ ਕਰਿਆ ਜਾਵੇ? ਕਿਵੇਂ ਕਰਿਆ ਜਾਵੇ?

ਕਹਿੰਦੇ, ਕੋਈ ਚੇਟਕੀ ਨਾ ਹੋਵੇ, ਕੋਈ ਜਾਦੂ ਟੂਣਾ ਨਾ ਕਰ ਜਾਵੇ। ਦਰਸ਼ਨ ਨਹੀਂ ਕਰਾਉਣੇ। ਉਹਨੂੰ ਕਹਿ ਦਿੱਤਾ ਪੀਰ ਜੀ ਅਜੇ ਦਰਸ਼ਨ ਨਹੀਂ ਕਰਾਉਣੇ। ਤਿੰਨ ਮਹੀਨੇ ਦੇ ਹੋਏ ਨੇ ਅਜੇ। ਉਹ ਕਹਿਣ ਲੱਗਿਆ, ਦਰਸ਼ਨ ਤੋਂ ਬਗੈਰ ਤਾਂ ਮੈਂ ਨਹੀਂ ਜਾਂਦਾ। ਉਥੇ ਹੀ ਭੁੱਖ ਹੜਤਾਲ ਕਰਕੇ, ਮੁਰੀਦਾਂ ਸਣੇ ਦਰਵਾਜ਼ੇ ਦੇ ਅੱਗੇ ਡੇਰਾ ਲਾ ਲਿਆ ਕਿ ਮੈਨੂੰ ਜੋਤ ਨਜ਼ਰ ਆ ਰਹੀ ਹੈ। ਮੈਂ ਐਡੀ ਦੂਰੋਂ ਆਇਆ ਹਾਂ, ਐਨਾ ਪੰਧ ਕਰਕੇ। ਦੋ ਮਹੀਨੇ ਤਾਂ ਮੈਨੂੰ ਚਲਦੇ-ਚਲਦੇ ਨੂੰ ਲੱਗ ਗਏ ਨੇ, ਦੋ ਢਾਈ ਮਹੀਨੇ। ਹੁਣ ਮੈਂ ਨਿਰਾਸ਼ ਵਾਪਸ ਨਹੀਂ ਜਾਣਾ। ਮੈਂ ਅੱਲਾਹ ਦੇ ਦਰਸ਼ਨ ਕਰਕੇ ਜਾਣਾ ਹੈ। ਇੱਕ ਦਿਨ ਲੰਘ ਗਿਆ, ਸਮਝਾਉਂਦੇ ਨੇ ਪੀਰ ਨੂੰ ਕਿ ਜਾਓ ਤੁਸੀਂ, ਇਨ੍ਹਾਂ ਨੇ ਨਹੀਂ ਦਰਸ਼ਨ ਕਰਾਉਣੇ। ਕਹਿੰਦਾ, ਮੈਂ ਜਾਣਾ ਹੀ ਨਹੀਂ, ਅੰਨ੍ਹ ਪਾਣੀ ਛੱਡ ਕੇ ਬਹਿ ਗਿਆ। ਜਦੋਂ ਦੋ ਦਿਨ ਲੰਘ ਗਏ, ਤੀਸਰਾ ਦਿਨ

ਆਇਆ ਤੇ ਫੇਰ ਸਲਾਹ ਹੋਈ ਕਿ ਹੋ ਸਕਦਾ ਹੈ ਕਿ ਇਹ ਸੱਚਾ ਹੋਵੇ, ਕੋਈ ਸਰਾਪ ਨਾ ਦੇ ਜਾਵੇ ਜਾਂਦਾ-ਜਾਂਦਾ। ਕਿਉਂ ਨਾ ਦਰਸ਼ਨ ਕਰਾ ਹੀ ਦੇਈਏ। ਉਸ ਵੇਲੇ ਮਾਤਾ ਗੁਜਰੀ ਜੀ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਬਾਹਾਂ 'ਚ ਪਾ ਕੇ ਲਈ ਆ ਰਹੇ ਨੇ, ਅੱਗੇ ਸੋਨੇ ਤੇ ਚਾਂਦੀ ਦੇ ਪਾਵਿਆਂ ਵਾਲਾ ਪਲੰਘ ਡਿਹਾ ਹੋਇਆ ਹੈ, ਫੁੱਲਾਂ ਦੀ ਸੇਜ ਵਿਛੀ ਹੋਈ ਹੈ। ਉਤੇ ਚਾਨਣੀ ਲੱਗੀ ਹੋਈ ਹੈ। ਬਹੁਤ ਹੀ ਸੁੰਦਰ ਵਸਤਰ ਉਸ ਥਾਂ ਦੇ ਉਤੇ ਵਿਛਾਏ ਹੋਏ ਨੇ, ਹੇਠਾਂ ਗਲੀਚੇ ਵਿਛਾਏ ਹੋਏ ਨੇ।

ਮਾਮਾ ਕ੍ਰਿਪਾਲ ਜੀ ਤੇ ਮਾਤਾ ਜੀ ਹੌਲੀ-ਹੌਲੀ ਗੁਰੂ ਮਹਾਰਾਜ ਨੂੰ ਬਾਹਾਂ 'ਚ ਪਾਈ ਆ ਰਹੇ ਨੇ ਤੇ ਸਾਰਿਆਂ ਨੇ ਦਰਸ਼ਨ ਕਰੇ, ਲਿਆ ਕੇ ਜਿਸ ਵਕਤ ਮੰਜੇ ਦੇ ਉਤੇ ਬਿਰਾਜਮਾਨ ਕਰ ਦਿੱਤੇ ਤਾਂ ਨੂਰ ਝੱਲਿਆ ਨਹੀਂ ਜਾਂਦਾ ਕਿਸੇ ਤੋਂ ਵੀ। ਐਨੀ ਸੁੰਦਰਤਾ। ਉਹ ਸਿਜਦੇ ਕਰਦਾ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ। ਅੱਲਾਹ ਤਾਲਾ! ਤੂੰ ਮੇਰੀ ਇਸੇ ਜਨਮ ਦੇ ਵਿੱਚ ਸੁਣ ਲਈ, ਤੂੰ ਮੈਨੂੰ ਮਨੁੱਖ ਜਾਮੇ ਵਿੱਚ ਦਰਸ਼ਨ ਦੇ ਦਿੱਤੇ। ਮੁਰੀਦਾਂ ਨੂੰ ਕਿਹਾ ਕਿ ਦਰਸ਼ਨ ਕਰ ਲਓ। ਉਸ ਦਿਨ ਇਨ੍ਹਾਂ ਨੂੰ ਮੈਂ ਸਿਜਦਾ ਕਰਿਆ ਸੀ। ਇਹ ਨਿਰਾ ਹੀ ਨੂਰ ਦਾ ਬੁੱਕ ਹੈ। ਸਰੀਰ ਤਾਂ ਦੇਖਣ ਵਾਸਤੇ ਲੱਗਦਾ ਹੈ। ਸਰੀਰ ਨਹੀਂ ਹੈ ਨੂਰ ਹੀ ਨੂਰ ਹੈ।

ਇਹ ਦੇਖਣ ਵਾਸਤੇ ਕਿ ਕੀਹਦਾ ਪੱਖ ਕਰਨਗੇ, ਕੀਹਦੇ ਵਲ ਹੋਣਗੇ, ਦੋ ਕੁੱਜੀਆਂ ਮੰਗਾ ਲਈਆਂ, ਇੱਕ ਓਧਰਲੇ ਹੱਥ ਕੋਲ ਰੱਖ ਦਿੱਤੀ, ਇੱਕਲੇ ਦੂਸਰੇ ਹੱਥ ਕੋਲ ਰੱਖ ਲਈ। ਰੱਖ ਦਿੱਤੀਆਂ ਜ਼ਰਾ ਦੂਰ। ਗੁਰੂ ਮਹਾਰਾਜ ਬੜੇ ਮੁਸਕਰਾਏ, ਤਿੰਨ ਮਹੀਨੇ ਦੇ। ਇਹਦੇ ਵਲ ਦੇਖਿਆ, ਦੇਖ ਕੇ ਬੜੇ ਮੁਸਕਰਾਏ। ਉਸ ਤੋਂ ਬਾਅਦ ਗਰਦਨ ਮੋੜੀ, ਖੱਬੇ ਪਾਸੇ ਪਾਸੇ ਵਾਲੀ ਕੁੱਜੀ 'ਤੇ ਹੱਥ ਰੱਖ ਦਿੱਤਾ। ਇੱਧਰ ਮੋੜੀ ਤੇ ਸੱਜੇ ਵਾਲੀ 'ਤੇ ਹੱਥ ਰੱਖ ਦਿੱਤਾ। ਦੋਹਾਂ 'ਤੇ ਹੀ ਹੱਥ ਰੱਖ ਦਿੱਤਾ। ਫੇਰ ਦੋਹਾਂ ਤੋਂ ਹੱਥ ਚੁੱਕ ਕੇ ਆਪ ਫੇਰ ਮੁਸਕਰਾਏ, ਫੇਰ ਦੇਖਿਆ ਪੀਰ ਵੱਲ ਨੂੰ। ਪੀਰ ਸਮਝ ਗਿਆ ਜੋ ਬਾਤ ਸੀ। ਸਿਜਦਾ ਕੀਤਾ।

ਕਹਿਣ ਲੱਗਿਆ, ਮੁਰੀਦਾਂ ਨੂੰ ਕਿ ਕੁਛ ਸਮਝ ਵਿੱਚ ਪਿਆ?

ਕਹਿੰਦੇ, ਨਾ ਸਾਡੇ ਸਮਝ ਵਿੱਚ ਨਹੀਂ ਕੁਛ ਵੀ ਆਇਆ। ਕਹਿੰਦੇ, ਮੈਂ ਪਰਲਾ ਬਰਤਨ ਰੱਖਿਆ ਸੀ ਇਸਲਾਮ ਵਾਲਿਆਂ ਦਾ। ਉਰਲਾ ਰੱਖਿਆ ਸੀ ਹਿੰਦੂਆਂ ਦਾ। ਜੇ ਤਾਂ ਇਨ੍ਹਾਂ ਨੇ ਦੋਵੇਂ ਹੱਥ ਰੱਖ ਦਿੱਤੇ, ਹਿੰਦੂਆਂ ਵਾਲੇ ਤਾਂ ਹਿੰਦੂਆਂ ਦਾ ਪੱਖ ਕਰਨਗੇ। ਜੇ ਇਸਲਾਮ ਵਾਲਿਆਂ 'ਤੇ ਰੱਖ ਦਿੱਤੇ ਤਾਂ ਇਸਲਾਮ ਦਾ ਪੱਖ ਕਰਨਗੇ। ਇਹ ਤਾਂ ਸੁਲ੍ਹਾ-ਕੁਲ ਆਏ ਇਨ੍ਹਾਂ ਨੂੰ ਹਿੰਦੂ ਤੇ ਮੁਸਲਮਾਨ ਬਰਾਬਰ ਹੋਏਗਾ। ਘੱਟ ਨਹੀਂ ਕੋਈ ਹੋਏਗਾ। ਜੀਵਨ ਦੇ ਅੰਦਰ ਫੇਰ ਤੁਸੀਂ ਦੇਖੋ ਵਿਚਾਰ ਕਰਕੇ, ਗਲਤੀ ਇੱਥੋਂ ਪੈਂਦੀ ਹੈ ਕਿ ਇਤਿਹਾਸਾਂ 'ਚ ਗਲਤੀਆਂ ਹੋ ਜਾਂਦੀਆਂ ਨੇ ਲਿਖਣ ਵਾਲੇ ਵਿਚਾਰ ਕਰਕੇ ਨਹੀਂ ਲਿਖਦੇ, ਇਕੱਲੇ-ਇਕੱਲੇ ਵਾਕੇ ਨੂੰ ਜੋੜਦੇ ਨਹੀਂ, ਜਿਹੜਾ ਕੁਛ ਮੂਹਰੇ ਆਇਆ ਲਿਖ ਦਿੱਤਾ, ਸਾਡੇ ਵਿੱਚ ਇਹ ਪ੍ਰਚਲਤ ਹੋ ਗਿਆ ਕਿ ਮੁਸਲਮਾਨ

ਬਹੁਤ ਮਾੜਾ ਹੈ ਤੇ ਸਾਡਾ ਨਹੀਂ ਉਹ ਮਿੱਤਰ ਹੈਗਾ। ਸਾਡਾ ਕੁਛ ਨਹੀਂ ਲਗਦਾ, ਅਸੀਂ ਭੁੱਲ ਜਾਂਦੇ ਹਾਂ, ਗੁਰੂ ਨਾਨਕ ਨੇ ਕੀਹਦੇ ਨਾਲ ਸਾਰੀ ਜ਼ਿੰਦਗੀ ਸਫਰ ਕਰਿਆ। ਕੌਣ ਸੀਗਾ ਜਿਹਨੂੰ ਕਹਿੰਦੇ ਸੀ ਮਰਦਾਨਿਆਂ! ਧੁਰ ਕੀ ਬਾਣੀ ਆ ਰਹੀ ਹੈ, ਰਬਾਬ ਸੁਰ ਕਰ। ਉਹ ਕੌਣ ਸੀ ?

ਜਿਹੜੇ ਬਹੁਤੇ ਹੀ ਕੱਟੜ ਨੇ ਇਹ ਕਹਿੰਦੇ ਹੋਣੇ ਨੇ, ਗੁਰੂ ਨਾਨਕ ਸਾਹਿਬ ਆਪੇ ਹੀ ਖੂਹ 'ਤੇ ਜਾ ਕੇ ਪਾਣੀ ਪੀਂਦੇ ਹੋਣੇ ਨੇ ਜਾਂ ਭਾਈ ਬਾਲਾ ਲਿਆ ਦਿੰਦਾ ਹੋਣਾ। ਇਹ ਗੱਲਾਂ ਸੋਚਣੀਆਂ ਗਲਤ ਨੇ। ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'। ਇਹ ਐਵੇਂ ਤਾਂ ਨਹੀਂ ਕਵਿਤਾ ਤਾਂ ਨਹੀਂ ਬਣਾ ਰਹੇ। ਉਹ ਤਾਂ ਸਾਨੂੰ ਦੱਸ ਰਹੇ ਨੇ ਕਿ ਮਨੁੱਖ ਮਨੁੱਖ ਹੀ ਹੁੰਦਾ ਹੈ। ਉਹਦੇ ਹੱਥ ਦੀ ਕੋਈ ਭਿੱਟ ਨਹੀਂ ਹੁੰਦੀ। ਮਨੁੱਖ ਮਨੁੱਖ ਹੈ। ਮਨੁੱਖ ਨੂੰ ਮਨੁੱਖ ਵਰਗਾ ਪਿਆਰ ਕਰੋ, ਨੇੜੇ ਰੱਖੋ ਸਾਰਿਆਂ ਨੂੰ। ਕਿਸੇ ਨਾਲ ਨਫਰਤ ਨਾ ਕਰੋ। ਫੇਰ ਹੁਣ ਹਾਲਾਤ ਦੇਖੋ, ਗੁਰੂ ਮਹਾਰਾਜ ਪਾਉਂਟੇ ਸਾਹਿਬ ਆ ਜਾਂਦੇ ਨੇ। ਪਾਉਂਟੇ ਸਾਹਿਬ ਪਠਾਣ ਨੌਕਰ ਰੱਖ ਲਏ ਤੇ ਬਾਈ ਧਾਰ ਦੇ ਰਾਜਿਆਂ ਨੇ ਫਤਹਿ ਚੰਦ ਦੇ ਘਰ ਵਿਆਹੁਣ ਆਉਣਾ ਹੈ। ਭੀਮ ਚੰਦ ਦੇ ਲੜਕੇ ਨੂੰ ਲੈ ਕੇ ਬਾਰਾਤ ਦੇ ਅੰਦਰ ਤੇ ਪਠਾਣ ਕੁਛ, ਚਾਰ ਸੌ ਪਠਾਣ ਜਿਹੜਾ ਹੈ ਉਹ ਔਰੰਗਜ਼ੇਬ ਨੇ ਕੱਢੇ ਸੀ, ਮਹਾਰਾਜ ਨੇ ਬੁੱਧੂਸ਼ਾਹ! ਦੇ ਕਹਿਣ ਦੇ ਉਤੇ ਆਪਣੀ ਥਾਂ ਦੇ ਦਿੱਤਾ ਤੇ ਨੌਕਰ ਰੱਖ ਲਏ ਤੇ ਉਹ ਬੇਈਮਾਨ ਹੋ ਗਿਆ। ਉਹ ਚਲੇ ਗਏ ਲੇਕਿਨ ਕਾਲੇ ਖਾਂ ਸੌ ਬੰਦੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਕੋਲ ਰਿਹਾ। ਮਹਾਰਾਜ ਕਹਿੰਦੇ, ਕਾਲੇ ਖਾਂ! ਤੂੰ ਵੀ ਜਾਹ, ਤੂੰ ਕਾਹਨੂੰ ਰਹਿ ਗਿਆ, ਤੂੰ ਸਾਥੀਆਂ ਨਾਲ ਜਾਣਾ ਸੀ, ਕਹਿੰਦਾ ਮਹਾਰਾਜ! ਉਨ੍ਹਾਂ ਨੇ ਈਮਾਨ ਵੇਚ ਦਿੱਤਾ, ਮੈਂ ਈਮਾਨ ਵਾਲਾ ਬੰਦਾ ਹਾਂ। ਮੈਂ ਤੇਰਾ ਨਮਕ ਖਾਧਾ ਹੈ ਮੈਂ ਕਿੱਥੇ ਜਾਵਾਂ? ਮੈਂ ਤਾਂ ਆਪਣੀ ਜਾਨ ਇੱਥੇ ਦੇਵਾਂਗਾ। ਤੇ ਜਿਸ ਵਕਤ ਬੁੱਧੂਸ਼ਾਹ ਨੂੰ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਦੇ ਉਤੇ ਬਾਈਧਾਰ ਦੇ ਰਾਜਿਆਂ ਨੇ ਮਿਲਵੀ ਫੌਜ ਦਾ ਹੱਲਾ ਕਰ ਦਿੱਤਾ ਉਸ ਵੇਲੇ ਸੱਤ ਸੌ ਮੁਰੀਦ ਲੈ ਕੇ ਪਹੁੰਚਦਾ ਹੈ, ਕੋਈ ਆਉਂਦਾ ਹੈ ਕਿਸੇ ਦੀ ਮਦਦ ਨੂੰ। ਆਪ ਮੈਦਾਨ-ਏ-ਜੰਗ 'ਚ ਆਉਂਦਾ ਹੈ, ਜੰਗ ਸ਼ੁਰੂ ਹੋ ਚੁੱਕਿਆ ਹੈ। ਦੋ ਪੁੱਤਰ ਤੇ ਦੋ ਆਪਣੇ ਭਰਾ ਰਿਸ਼ਤੇਦਾਰ, ਓਸ ਜੰਗ ਦੇ ਵਿੱਚ ਸ਼ਹੀਦ ਕਰਾ ਦਿੱਤੇ। ਸਾਮ੍ਹਣੇ ਅੱਖਾਂ ਦੇ ਪਹਿਲਾਂ ਵੱਡਾ ਪੁੱਤਰ ਸ਼ਹੀਦ ਹੋਇਆ, ਫੇਰ ਛੋਟਾ ਹੋਇਆ, ਇੱਕ ਨੇ ਵੀ ਪੈਰ ਪਿੱਛੇ ਨਹੀਂ ਪਾਇਆ, ਜੰਗ ਜਿੱਤਿਆ ਗਿਆ। ਹੁਣ ਇੱਕ ਪਾਸੇ ਤਾਂ ਤੁਸੀਂ ਲੈ ਲਓ ਹਿੰਦੂ ਰਾਜੇ, ਉਹ ਰਾਜੇ ਜਿਨ੍ਹਾਂ ਨੂੰ ਮਹਾਰਾਜ ਨੇ ਤਿੰਨ ਲੱਖ ਦਾ ਓਸ ਸਮੇਂ ਦਾ ਜਦੋਂ ਨੌਂ ਮਣ ਕੱਚੇ ਛੋਲੇ ਆਉਂਦੇ ਸੀ ਰੁਪਈਏ ਦੇ। ਓਸ ਵੇਲੇ ਦਾ ਜਿਹੜਾ ਗਿਫਟ ਭੇਜਿਆ, ਤੰਬੋਲ ਭੇਜਿਆ, ਲੜਕੀ ਦੀ ਸ਼ਾਦੀ ਤੇ ਉਹਦਾ ਮੁੱਲ ਤਿੰਨ ਲੱਖ ਲਿਖਿਆ ਹੋਇਆ ਹੈ ਇਤਿਹਾਸ ਵਿੱਚ, ਹੁਣ ਦਾ ਤਿੰਨ ਕਰੋੜ ਸਮਝ ਲਓ। ਉਹਨੂੰ ਦੋ ਸੌ ਬੰਦਾ ਲੈ ਕੇ ਗਿਆ ਸੀ, ਉਨ੍ਹਾਂ ਨੇ ਐਨਾ ਕੁਛ ਦੇਣ ਦੇ ਬਾਵਜੂਦ ਵੀ ਉਹਦੀ ਫੌਜ ਗੁਰੂ ਦਸਵੇਂ ਪਾਤਸ਼ਾਹ ਦੇ ਖਿਲਾਫ ਲੜੀ, ਨਾਲ ਨਹੀਂ

ਰਹੀ ਹੈਗੀ। ਹੁਣ ਤੁਸੀਂ ਦੇਖੋ ਮਿੱਤਰ ਕਿਹੜਾ ਸੀ ਤੇ ਗਦਾਰੀ ਕੀਹਨੇ ਕਰੀ। ਐਵੇਂ ਹੀ ਸੁਣ-ਸੁਣਾ ਕੇ ਦੂਜੇ ਦੇ ਖਿਲਾਫ ਖਿਆਲ ਪੈਦਾ ਕਰ ਲੈਣੇ ਬੜੀ ਮਾੜੀ ਗੱਲ ਹੁੰਦੀ ਹੈ। ਇਤਿਹਾਸ ਨੂੰ ਵਾਚੋ, ਵਾਕਿਆਤ ਨੂੰ ਵਾਚੋ। ਉਸ ਵੇਲੇ ਕਿੰਨਾ ਡਰ ਸੀ, ਰਾਜੇ ਵੀ ਖਿਲਾਫ ਸੀਗੇ ਬੁੱਧੂਸ਼ਾਹ ਦੇ। ਖਿਲਾਫ ਹੋਣਾ ਹੀ ਸੀ ਤੇ ਬਾਅਦ ਵਿੱਚ ਉਹਨੂੰ ਪਤਾ ਸੀ ਕਿ ਮੈਨੂੰ ਇਕੱਲੇ ਨੂੰ ਦੰਡ ਦੇਣਗੇ, ਲੇਕਿਨ ਓਸਨੇ ਪ੍ਰਵਾਹ ਨਹੀਂ ਕਰੀ। ਜਦੋਂ ਬੱਚੇ ਸ਼ਹੀਦ ਹੋ ਗਏ, ਗੁਰੂ ਮਹਾਰਾਜ ਨੇ ਸਾਰੇ ਬੁਲਾਏ ਜੰਗ ਤੋਂ ਬਾਅਦ ਤਾਂ ਬੁੱਧੂਸ਼ਾਹ ਦੇ ਪਾਸ ਮਹਾਰਾਜ ਨੇ ਅਫਸੋਸ ਪ੍ਰਗਟ ਕੀਤਾ ਕਿ ਬੁੱਧੂਸ਼ਾਹ! ਤੇਰੇ ਲਖਤ-ਏ-ਜ਼ਿਗਰ ਅੱਖਾਂ ਦੇ ਤਾਰੇ ਤੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ ਤੇ ਅਸੀਂ ਅਸੀਸ ਦਿੰਦੇ ਹਾਂ, ਕਹਿੰਦਾ ਪਾਤਸ਼ਾਹ! ਐਸ ਤਰ੍ਹਾਂ ਨਾ ਕਰੋ ਆਪ ਨੂੰ ਮੈਂ ਤੁੱਛ ਭੇਟਾ ਦਿੱਤੀ ਹੈ। ਮੈਂ ਤਾਂ ਆਪਣਾ ਸਰੀਰ ਦੇਣ ਆਇਆ ਸੀ। ਲੇਕਿਨ ਤੁਹਾਨੂੰ ਮੇਰੇ ਪੁੱਤਰਾਂ ਦਾ ਸਰੀਰ ਪਿਆਰਾ ਸੀ, ਉਨ੍ਹਾਂ ਨੂੰ ਆਪ ਨੇ ਅਲਾਹ ਦੀ ਵਾਰ-ਏ-ਖਾਸ ਦਰਗਾਹ ਵਿੱਚ ਭੇਜ ਦਿੱਤਾ। ਮੈਂ ਰਿਣੀ ਹਾਂ ਤੁਹਾਡਾ ਤੇ ਨਸੀਰਾਂ ਦੇ ਦੋ ਭਰਾਵਾਂ ਨੂੰ ਤੁਸੀਂ ਭੇਜ ਦਿੱਤਾ, ਬਹੁਤ ਅੱਛਾ ਹੁੰਦਾ ਜੇ ਮੈਨੂੰ ਵੀ ਤੁਸੀਂ ਭੇਜ ਦਿੰਦੇ, ਹੁਣ ਕਿੰਨੀ ਅਕੀਦਤ ਹੈ, ਕਿੰਨੀ ਸ਼ਰਧਾ ਹੈ, ਕਿੰਨਾ ਭਰੋਸਾ ਹੈ, ਜੇ ਵੈਰ ਹੁੰਦਾ ਗੁਰੂ ਦਸ਼ਮੇਸ਼ ਪਿਤਾ ਨੂੰ ਮੁਸਲਮਾਨ ਮਾੜਾ ਸਮਝਦੇ ਹੁੰਦੇ ਤਾਂ ਸੱਤ ਸੌ ਬੰਦਾ ਲੜਨ ਵਾਸਤੇ ਕਿਉਂ ਆਉਂਦਾ ਨਾਲ ਲੱਕ ਬੰਨ੍ਹ ਕੇ ਤੇ ਕਿੰਨਾ ਸ਼ਹੀਦ ਹੋਇਆ, ਅਨੁਮਾਨ ਹੈ। ਕਿ 300 ਬੰਦਾ ਉਨ੍ਹਾਂ ‘ਚੋਂ ਸ਼ਹੀਦ ਹੋ ਗਿਆ ਸੀ। ਉਸ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਇਕ ਪਾਸੇ ਰਾਜੇ ਨੇ ਰਾਜਿਆਂ ਦੀ ਆਪਣੀ ਨੀਤੀ ਹੁੰਦੀ ਹੈ, ਜਨਤਾ ਦਾ ਆਪਣਾ ਹਿਸਾਬ ਹੁੰਦਾ ਹੈ। ਰਾਜਿਆਂ ਦੇ ਪਿੱਛੇ ਜਨਤਾ ਨਾਲ ਵਿਗਾੜ ਲਓ ਉਹ ਤਾਂ ਗੱਲ ਮਾੜੀ ਹੁੰਦੀ ਹੈ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਸਰਸੇ ਤੋਂ ਲੰਘਦੇ ਨੇ, ਲੰਘ ਕੇ ਫੌਜ ਪਿੱਛੇ ਪਈ ਹੋਈ ਹੈ ਤੇ ਆਉਂਦੇ ਕਿੱਥੇ ਨੇ, ਨਿਹੰਗ ਕੋਟਲੇ। ਨਿਹੰਗ ਖਾਨ ਦੇ ਕਿਲ੍ਹੇ ਵਿਚ ਆ ਜਾਂਦੇ ਨੇ। ਪਹਿਲਾਂ ਤਾਂ ਕਿਲ੍ਹੇ ਵਿੱਚ ਆਉਣਾ, ਹੁਣ ਉਹਨੂੰ ਤਾਂ ਚਾਹੀਦਾ ਸੀ। ਕਿ ਦਰਵਾਜ਼ੇ ਬੰਦ ਕਰ ਦਿੰਦਾ, ਗੁਰੂ ਮਹਾਰਾਜ ਨਾਲ ਚਾਲੀ ਸਿੰਘ ਸੀਗੇ ਤੇ ਉਥੇ ਹੀ ਫੜ ਕੇ ਬੜਾ ਭਾਰੀ ਇਨਾਮ ਲੈਂਦਾ। ਲੇਕਿਨ ਉਹਨੇ ਗੁਰੂ ਮਹਾਰਾਜ ਨੂੰ ਇੱਕ ਕਮਰੇ ‘ਚ ਕਿ ਮਹਾਰਾਜ ਇੱਥੇ ਤੁਸੀਂ ਬਿਰਾਜੋ, ਪਿੱਛੇ ਹੀ ਫੌਜ ਦਾ ਦਸਤਾ ਆ ਜਾਂਦਾ ਹੈ। ਉਹਨੇ ਤਲਾਸ਼ੀ ਸ਼ੁਰੂ ਕਰ ਦਿੱਤੀ। ਸਾਰੇ ਕਮਰੇ ਦਿਖਾ ਦਿੱਤੇ ਨਿਹੰਗ ਖਾਨ ਨੇ। ਲੇਕਿਨ ਜਿੱਥੇ ਗੁਰੂ ਮਹਾਰਾਜ ਸੀ ਜਦ ਉਹ ਕਮਰਾ ਦਿਖਾਉਣ ਨੂੰ ਕਿਹਾ, ਉਹ ਕਹਿਣ ਲੱਗਿਆ ਕਿ ਮਹਾਰਾਜ! ਇੱਥੇ ਤਾਂ ਮੇਰੇ ਦਾਮਾਦ ਨੇ, ਲੜਕੀ ਹੈ ਮੇਰੀ ਅੰਦਰ। ਇਹ ਨਹੀਂ ਮੈਂ ਖੋਲ੍ਹ ਸਕਦਾ, ਹੁਣ ਕਿੱਡੀ ਵੱਡੀ ਕੁਰਬਾਨੀ ਸੀ। ਉਸ ਲੜਕੀ ਨੇ ਜਦੋਂ ਗੱਲ ਸੁਣੀ ਉਹਨੇ ਕਿਹਾ ਕਿ ਮੇਰੇ ਪਿਤਾ ਨੇ ਆਹ ਗੱਲ ਕਹਿ ਦਿੱਤੀ, ਸਾਰੀ ਜ਼ਿੰਦਗੀ ਕੁਆਰੀ ਰਹੀ, ਵਿਆਹ ਹੀ ਨਹੀਂ ਕਰਾਇਆ। ਕਿੰਨੀ ਅਕੀਦਤ ਸੀ, ਉਸ ਤੋਂ ਬਾਅਦ ਗੁਰੂ ਮਹਾਰਾਜ ਮਾਛੀਵਾੜੇ ਚਲੇ ਜਾਂਦੇ ਨੇ। ਗੁਲਾਬੇ ਨੂੰ ਕਹਿੰਦੇ ਨੇ ਗੁਲਾਬਿਆ! ਦਰਵਾਜ਼ਾ ਖੋਲ੍ਹ, ਜਿਹਦੇ

ਬਾਗ 'ਚ ਰਹੇ ਸੀ। ਗੁਲਾਬਾ ਕਹਿੰਦਾ ਇਹ ਦਰਵਾਜ਼ਾ ਨਹੀਂ ਖੁਲ੍ਹਦਾ, ਬੰਦ ਹੋਇਆ ਹੋਇਆ ਹੈ। ਹਾਲਾਂਕਿ ਚੰਗਾ ਭਲਾ ਖੁਲ੍ਹਦਾ ਸੀ। ਮਹਾਰਾਜ ਕਹਿੰਦੇ ਚੰਗਾ, ਇਹ ਹੁਣ ਖੁਲ੍ਹਣਾ ਹੀ ਨਹੀਂ ਹੈ। ਉਪਰ ਦੀ ਹੋ ਕੇ ਗਏ ਪਾਸੇ ਦੀ। ਉਸ ਵੇਲੇ ਕਿੰਨਾ ਔਖਾ ਸੀ ਤੇ ਕਿਹਨੂੰ-ਕਿਹਨੂੰ ਭੇਤ ਵਿ'ਚ ਲਿਆ ਇ'ਕ ਤਾਂ ਲਲਾਰੀ ਨੂੰ ਲਿਆ ਭੇਤ ਵਿ'ਚ ਕਿ ਤੂੰ ਨੀਲੇ ਵਸਤਰ ਰੰਗ ਦੇ। ਫਟਾਫਟ ਨੀਲੇ ਕਰ ਦੇ ਇਨ੍ਹਾਂ ਨੂੰ। ਦੂਸਰਾ ਦੋਵੇਂ ਭਰਾ ਗਨੀ ਖਾਂ ਨਬੀ ਖਾਂ, ਉਸ ਵੇਲੇ ਇਹ ਦੋਵੇਂ ਭਰਾ ਗਨੀ ਖਾਂ ਨਬੀ ਖਾਂ, ਉਸ ਵੇਲੇ ਹੁਕਮ ਇਹ ਸੀ, ਕਿ ਜਿਸਦੇ ਘਰ ਕੋਈ ਸਿੱਖ ਫੜਿਆ ਗਿਆ ਤੇ ਗੁਰੂ ਰਹਿ ਗਿਆ ਤਾਂ ਉਹਦੇ ਬਾਲ-ਬੱਚੇ ਕੋਹਲੂ ਵਿੱਚ ਸਾਰੀ ਦੁਨੀਆਂ ਦੇ ਸਾਮ੍ਹਣੇ ਪੀੜ ਦਿੱਤੇ ਜਾਣਗੇ। ਪੂਰਾ ਇਤਿਹਾਸ ਨਹੀਂ ਹੈ, ਆਹ ਵਾਲੋਵਾਲ ਪਿਆਰਾ ਸਿੰਘ ਸੀਗਾ ਉਹਦੇ ਸਾਰੇ ਬੱਚੇ ਪੀੜ ਦਿੱਤੇ ਸੀ, ਕਿ ਰਾਤ ਨੂੰ ਤੇਰੇ ਕੋਲ ਗੁਰੂ ਆਏ ਸੀ। ਉਹ ਹਾਲਾਤ ਕੋਈ ਮਾਮੂਲੀ ਨਹੀਂ ਇਨਾਮ ਵੱਡੇ-ਵੱਡੇ ਰੱਖੇ ਗਏ ਸੀ। ਉਸ ਵੇਲੇ ਕੀਹਨੇ ਹੌਂਸਲਾ ਕਰਿਆ ਦੋਹਾਂ ਭਰਾਵਾਂ ਨੇ, ਪਠਾਣਾਂ ਨੇ ਕਰਿਆ ਕਿ ਮਹਾਰਾਜ ਇੱਥੇ ਤਾਂ ਸ਼ੱਕ ਪੈ ਜਾਏਗਾ, ਕੋਈ ਦਸ ਦਏਗਾ, ਤੁਸੀਂ ਸਾਡੇ ਘਰ ਚੱਲੋ ਤੇ ਜਿਸ ਵਕਤ ਗੁਰੂ ਮਹਾਰਾਜ ਜੀ ਉਥੋਂ ਜਾਣ ਦੀ ਤਿਆਰੀ ਕਰਦੇ ਨੇ ਨਿਕਲਣ ਦੀ ਉਸ ਵੇਲੇ ਸਲੋਹ ਵਾਲਾ ਪੀਰ ਆ ਜਾਂਦਾ ਹੈ ਤੇ ਉਹ ਪੀਰ ਇਹ ਗੱਲ ਕਹਿੰਦਾ ਹੈ ਕਿ ਮਹਾਰਾਜ! ਫੌਜ ਨੇ ਬਹੁਤ ਤਕੜਾਈ ਕਰੀ ਹੋਈ ਹੈ। ਚੌਂਕੀਆਂ ਬਹੁਤ ਤਕੜੀਆਂ ਨੇ ਜੇ ਤੁਸੀਂ ਗ੍ਰਿਫਤਾਰ ਹੋ ਗਏ, ਬਹੁਤ ਔਖਾ ਹੋ ਜਾਏਗਾ, ਤੁਹਾਨੂੰ ਸਭ ਜਾਣਦੇ ਨੇ ਤੇ ਕੋਈ ਵਿਉਂਤ ਕਰੀਏ, ਵਿਉਂਤ ਇਹ ਹੈ ਕਿ ਇੱਕ ਪਲਟਨ ਮੇਰੇ ਚੇਲਿਆਂ ਦੀ ਮੇਰੇ ਮੁਰੀਦਾਂ ਦੀ ਆਈ ਹੋਈ ਹੈ ਇੱਥੇ ਤੇ ਮੈਂ ਸਾਰਾ ਇੰਤਜ਼ਾਮ ਕਰ ਦਿੰਦਾ ਹਾਂ ਤੇ ਆਪ ਨੂੰ ਪ੍ਰਵਾਨ ਹੋਵੇ ਉਵੇਂ ਜਿਵੇਂ ਕਰ ਲਿਓ। ਕਿ ਭਾਈ ਦਇਆ ਸਿੰਘ ਨੂੰ ਪਲੰਘੇ ਤੇ ਬਿਠਾਓ। ਦੋਵੇਂ ਇਹ ਚੁੱਕਣਗੇ, ਦੋਵੇਂ ਦੂਸਰੇ ਤੇ ਜੇ ਤਾਂ ਲੰਘ ਗਏ ਫੇਰ ਤਾਂ ਠੀਕ ਹੈ, ਜੇ ਨਾ ਲੰਘੇ ਫੜੇ ਗਏ ਤਾਂ ਅਸਾਨੂੰ ਕਹਿਣ ਦਾ ਮੌਕਾ ਮਿਲ ਜਾਏਗਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ ਨਾ ਅਸੀਂ ਝੂਠ ਬੋਲੀਏ ਤੇ ਨਾਲੇ ਹੈਂ ਵੀ ਨਹੀਂ ਉਹ। ਸੋ ਸਾਰਾ ਇੰਤਜ਼ਾਮ ਕਰ ਲਿਆ ਉਸ ਤੋਂ ਬਾਅਦ ਜਦੋਂ ਸੂਰਜ ਛਿਪਣ ਲੱਗਿਆ ਤੇ ਮੰਜੇ ਤੇ ਬਿਠਾਲ ਕੇ ਜਾ ਰਹੇ ਨੇ, ਉਸ ਵੇਲੇ ਕੁਦਰਤੀ ਗ੍ਰਿਫਤਾਰ ਕਰਨਾ ਸੀ, ਗ੍ਰਿਫਤਾਰ ਕਰਕੇ ਉਹ ਬੰਦ ਕਰ ਦਿੱਤੇ ਤਾਂ ਉਸ ਵੇਲੇ ਜਿਹੜੇ ਦੋਵੇਂ ਭਰਾ ਸੀ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ ਇਹ ਤਾਂ ਪੀਰ ਨੇ। ਕਹਿਣ ਲੱਗੇ, ਗੁਰੂ ਗੋਬਿੰਦ ਸਿੰਘ ਨੂੰ ਸਲੋਹ ਵਾਲੇ ਪੀਰ ਨੇ ਪੜ੍ਹਾਇਆ ਹੈ ਤੇ ਅੱਜ ਉਹ ਤੁਹਾਡੀ ਫੌਜ ਵਿੱਚ ਆਏ ਹੋਏ ਨੇ ਉਨ੍ਹਾਂ ਨੂੰ ਬੁਲਾ ਕੇ ਪੁੱਛ ਲਓ। ਪਿਆਦਾ ਭੇਜ ਦਿੱਤਾ। ਉਹਨੇ ਕਿਹਾ ਕਿ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ, ਅਜੇ ਤਾਂ ਮੈਂ ਨਹੀਂ ਆ ਸਕਦਾ, ਉਸ ਤੋਂ ਬਾਅਦ ਮੈਂ ਇਬਾਬਤ ਕਰਨੀ ਹੈ ਦਿਨ ਚੜ੍ਹੇ ਆਵਾਂਗਾ, ਸਵੇਰੇ। ਤੁਸੀਂ ਉਨ੍ਹਾਂ ਨੂੰ ਕਹੋ ਨਾ ਕੁਛ ਵੀ, ਆਦਰ ਤੇ ਸਤਿਕਾਰ ਨਾਲ ਰੱਖਿਓ। ਐਨੀ ਗੱਲ ਕਹਿ ਕੇ ਉਸੇ ਵੇਲੇ ਆਪਣੇ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਪਿਕਟਾਂ 'ਤੇ ਘੁੰਮ ਕੇ ਆ, ਦੇਖ ਕਿ ਗੱਲ ਗੱਲ ਧੁੰਮ

ਗਈ ਕਿ ਗੁਰੂ ਗੋਬਿੰਦ ਸਿੰਘ ਫੜਿਆ ਗਿਆ। ਉਹਨੇ ਆ ਕੇ ਦਸ ਦਿੱਤਾ ਕਿ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ ਨੇ ਤੇ ਸਵੇਰੇ ਤੁਹਾਡੀ ਗਵਾਹੀ ਨਾਲ ਨਿਰਣਾ ਹੋਣਾ ਹੈ ਕਿਉਂਕਿ ਤੁਸੀਂ ਇਨ੍ਹਾਂ ਨੂੰ ਫਾਰਸੀ ਪੜ੍ਹਾਈ ਹੈ। ਕਹਿਣ ਲੱਗੇ ਕੀ ਕਰਦਾ ਹੈਂ, ਕਹਿੰਦਾ ਜੀ, ਸਭ ਮਸਤ ਹੋ ਕੇ ਸੁਸਤ ਹੋਏ ਬੈਠੇ ਨੇ। ਉਸੇ ਵੇਲੇ ਆਇਆ ਮਹਾਰਾਜ ਦੇ ਕੋਲ ਕਹਿਣ ਲੱਗਿਆ, ਮਹਾਰਾਜ! ਹੁਣ ਨਿਕਲਣ ਦਾ ਮੌਕਾ ਹੈ। ਗੁਰੂ ਮਹਾਰਾਜ ਕੋਲ ਤਿੰਨ ਸ਼ਸਤਰ ਸੀ, ਗੁਰੂ ਤੇਗ ਬਹਾਦਰ ਸਾਹਿਬ ਦੇ, ਜਿਹੜੇ ਉਹ ਕਿਸੇ ਵੀ ਕੀਮਤ ‘ਤੇ ਆਪਣੇ ਕੋਲੋਂ ਨਹੀਂ ਸੀ ਛੱਡਣਾ ਚਾਹੁੰਦੇ। ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਬੁੱਢਾ ਦਰਿਆ ਪਾਰ ਕਰਕੇ ਛੇ-ਸੱਤ ਮੀਲ ਲੈ ਗਏ, ਉਥੇ ਦਰਿਆ ਦੇ ਕੰਢੇ ਉਹਦੇ ਮੁਰੀਦ ਦੀ ਝੌਂਪੜੀ ਬਣੀ ਹੋਈ ਸੀ। ਕਹਿੰਦੇ, ਤੁਸੀਂ ਹੁਣ ਉਥੇ ਦਿਨ ਚੜ੍ਹੇ ਜਾਣਾ ਤਾਂ ਠੀਕ ਨਹੀਂ, ਮੈਂ ਸਾਰਾ ਅੰਦਾਜ਼ਾ ਰੱਖਾਂਗਾ, ਹਰ ਚੀਜ਼ ਦਾ ਪਤਾ ਕਰਾਂਗਾ, ਪਹਿਲਾਂ ਉਨ੍ਹਾਂ ਨੂੰ ਛੁਡਾਈਏ, ਏਥੋਂ ਇਹ ਫੌਜ ਨੇ ਚਲੇ ਜਾਣਾ ਹੈ, ਫੇਰ ਅਸੀਂ ਤੁਹਾਨੂੰ ਲੈ ਲਵਾਂਗੇ। ਸੋ ਮੁਰੀਦ ਨੂੰ ਕਹਿ ਦਿੱਤਾ ਕਿ ਦੇਖੋ, ਇਹ ਮਹਿਮਾਨ ਜੋ ਨੇ ਇਨ੍ਹਾਂ ਦੇ ਬਾਰੇ ਕਿਤੇ ਗੱਲ ਨਹੀਂ ਤੁਸੀਂ ਕਰਨੀ। ਇੱਥੇ ਹੀ ਰਹਿਣਗੇ। ਦੂਸਰੇ ਦਿਨ ਉਹ ਜਾਂਦਾ ਹੈ, ਜਾ ਕੇ ਪੁੱਛਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਚੰਗੀ ਤਰ੍ਹਾਂ ਰਹੇ ਓਂ। ਦੱਸੋ ਇਹ ਗੁਰੂ ਗੋਬਿੰਦ ਸਿੰਘ ਨੇ? ਕਹਿੰਦੇ, ਨਾ ਇਹ ਤਾਂ ਨਹੀਂ ਹਨ, ਇਹ ਤਾਂ ਕੋਈ ਪੀਰ ਨੇ ਆਪਣੇ ਸੈਰ ਸਪਾਟੇ ਕਰਦੇ ਫਿਰਦੇ ਨੇ, ਮੈਂ ਨਹੀਂ ਇਨ੍ਹਾਂ ਨੂੰ ਜਾਣਦਾ, ਮੈਂ ਗੁਰੂ ਗੋਬਿੰਦ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ ਉਵੇਂ ਜਿਵੇਂ ਮੰਜੇ ‘ਤੇ ਫੇਰ ਸ਼ਾਮ ਨੂੰ ਤੁਰਦੇ ਨੇ ਉਥੇ ਤੇ ਜਦੋਂ ਰਾਤ ਨੂੰ ਆਉਂਦੇ ਨੇ ਫੇਰ ਉਹ ਪੀਰ ਆਪਣੇ ਮੁਰੀਦ ਕੋਲ ਆਉਂਦਾ ਹੈ ਸਲੋਅ ਵਾਲਾ, ਉਥੋਂ ਗੁਰੂ ਮਹਾਰਾਜ ਨੂੰ ਫੇਰ ਚਾਰਪਾਈ ‘ਤੇ ਬਿਠਾਇਆ ਜਾਂਦਾ ਹੈ। ਹੁਣ ਐਡਾ ਵੱਡਾ ਨਾਟਕ ਕਿ ਇਹ ਪਹਿਲਾਂ ਪ੍ਰਗਟ ਕਿਉਂ ਨਾ ਹੋਇਆ, ਕਿੰਨਿਆਂ ਦੇ ਮਨਾਂ ‘ਚ ਵਿਚਾਰ ਆਉਂਦੀ ਹੈ ਕਿ ਗੱਲ ਤਾਂ ਇਸ ਤਰ੍ਹਾਂ ਚਲਦੀ ਹੈ, ਗੱਲ ਇਸ ਤਰ੍ਹਾਂ ਚਲਦੀ ਸੀ, ਇਸਲਾਮ ਦਾ ਰਾਜ ਸੀ, ਭੇਤ, ਭੇਤ ਹੀ ਰਹਿੰਦਾ ਹੁੰਦਾ ਹੈ। ਜੇ ਕੋਈ ਦੱਸ ਦਿੰਦਾ ਕਿ ਇਨ੍ਹਾਂ ਨੇ ਕੱਢਿਆ ਹੈ, ਫੇਰ ਉਹ ਕਾਨੂੰਨ ਦੀ ਗ੍ਰਿਫਤ ਵਿੱਚ ਤਾਂ ਬਾਅਦ ਵਿੱਚ ਵੀ ਆ ਸਕਦਾ ਹੈ। ਵੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ, ਤੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ ਤੇ ਇਹ ਗੱਲ ਪ੍ਰਚਲਤ ਨਹੀਂ ਹੋਈ, ਪ੍ਰਚਲਤ ਗੱਲ ਦੂਸਰੀ ਹੋ ਗਈ।

ਸੋ ਜੇ ਪੀਰ ਤੇ ਉਹ ਦੋਵੇਂ ਭਰਾ ਚਾਹੁੰਦੇ ਤਾਂ ਲੱਖਾਂ ਰੁਪਏ ਲੈ ਲੈਣੇ ਸੀ ਉਨ੍ਹਾਂ ਨੇ। ਫੇਰ ਉਹ ਮਿੱਤਰ ਹੋਏ ਕਿ ਦੁਸ਼ਮਣ ਹੋਏ। ਅੱਗੇ ਜਾ ਕੇ ਮਹਾਰਾਜ ਰਾਏ ਕੱਲੇ ਦੇ ਕੋਲ ਪਹੁੰਚ ਜਾਂਦੇ ਨੇ। ਰਾਏ ਕੱਲੇ ਕੋਲ ਮਹਾਰਾਜ ਤਿੰਨ ਮਹੀਨੇ ਰਹੇ। ਨਵਾਬ ਸਰਹੰਦ ਨੂੰ ਪਤਾ ਲਗਦਾ ਹੈ ਕਿ ਰਾਏ ਕੱਲੇ ਦੇ ਕੋਲ ਉਹਦਾ ਰਾਜ ਸੀਗਾ, ਮਲੇਰ ਕੋਟਲੇ ਦੇ ਬਰਾਬਰ-ਬਰਾਬਰ ਆਹ ਮਨਸੂਰਾਂ ਜੋਧਾਂ ਸਭ ਉਹਦੇ ਰਾਜ ਵਿੱਚ ਸੀ, ਲੁਧਿਆਣੇ ਤੱਕ ਰਾਜ ਸੀਗਾ ਉਹਦਾ ਤਾਂ ਉਹਨੂੰ ਸੰਦੇਸ਼ਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ

ਨੇ। ਤੂੰ ਗ੍ਰਿਫਤਾਰ ਕਰਕੇ ਮੇਰੇ ਕੋਲ ਭੇਜ ਦੇ ਔਰੰਗਜ਼ੇਬ ਤੋਂ ਬਹੁਤ ਵੱਡਾ ਇਨਾਮ ਪ੍ਰਾਪਤ ਕਰਾਂਗੇ। ਤੈਨੂੰ ਹੋਰ ਵੱਡੀ ਮਨਸੁਖਦਾਰੀ ਦਿੱਤੀ ਜਾਵੇਗੀ, ਪ੍ਰਵਾਨ ਹੋਏਂਗਾ, ਉਹਨੇ ਜਵਾਬ ਕੀ ਦਿੱਤਾ ਉਹ ਕਹਿੰਦਾ ਨਵਾਬ ਸਾਹਿਬ! ਮੈਂ ਰੱਬ ਵਾਲਾ ਬੰਦਾ ਹਾਂ, ਮੈਂ ਕਾਫਰ ਨਹੀਂ ਹਾਂ, ਮੇਰਾ ਅਕੀਦਾ ਜੋ ਹੈ ਇਹ ਗੁਰੂ ਗੋਬਿੰਦ ਸਿੰਘ ਦੇ ਉਤੇ ਪੀਰਾਂ ਵਾਲਾ ਅਕੀਦਾ ਹੈ ਤੇ ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਆਖਰੀ ਦਮ ਤਕ ਕੱਟ ਮਰਦੇ ਨੇ ਜਦੋਂ ਤੱਕ ਮੇਰੀ ਸਟੇਟ ਦਾ ਇੱਕ ਵੀ ਬੰਦਾ ਬਚਦਾ ਹੈ ਓਨੀਂ ਦੇਰ ਤੱਕ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਹੱਥ ਨਹੀਂ ਲਾ ਸਕਦੇ। ਅੱਜ ਕੋਈ ਰਾਜਾ ਹੈ ਸੰਸਾਰ ਦੇ ਅੰਦਰ, ਜਿਹੜਾ ਕਿਸੇ ਨੂੰ ਪਨਾਹ ਦੇਵੇ। ਕੋਈ ਸਟੇਟ ਹੈ ਜਿਹੜੀ ਕਿਸੇ ਨੂੰ ਪਨਾਹ ਦੇ ਦੇਵੇ, ਕਹਿ ਦੇਵੇ ਕਿ ਅਸੀਂ ਮਰਦੇ ਦਮ ਤੱਕ ਨਹੀਂ ਦੇ ਸਕਦੇ ਤੁਹਾਨੂੰ। ਫੇਰ ਉਨ੍ਹਾਂ ਨੂੰ ਮਿੱਤਰ ਕਹਿਣਾ ਹੈ ਕਿ ਕੀ ਕਹਿਣਾ ਹੈ। ਇਹ ਗਲਤ ਗੱਲਾਂ ਨੇ।

ਭੀਖਣਸ਼ਾਹ ਨੇ ਕੁੱਜੀਆਂ ਲਿਆ ਕੇ ਦੇਖਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਕੀਹਦੇ ਨੇ ਹਿੰਦੂਆਂ ਦੇ ਨੇ ਕਿ ਮੁਸਲਮਾਨਾਂ ਦੇ ਨੇ? ਮਹਾਰਾਜ ਨੇ ਦੱਸਿਆ ਕਿ ਅਸੀਂ ਦੋਹਾਂ ਦੇ ਹਾਂ। ਐਸੇ ਕੌਤਕ ਨੇ ਸਾਧਸੰਗਤ ਜੀ, ਪੜ੍ਹੋ ਪਿਆਰ ਨਾਲ –

***ਧਾਰਨਾ – ਸੁਣ ਲਓ ਪਿਆਰਿਓ ਕਥਾ ਦਸਵੇਂ ਗੁਰਾਂ ਦੀ।***

ਇਸ ਤਰ੍ਹਾਂ ਆਪ ਬਚਪਨ ਤੋਂ ਹੀ ਬਹੁਤ ਹੀ ਪਿਆਰੇ, ਬਹੁਤ ਸੁੰਦਰ, ਜੋ ਦੇਖਦਾ ਸੀ ਮੋਹਿਆ ਜਾਂਦਾ ਸੀ, ਮਾਤਾ ਜੀ ਜਿੱਥੇ ਰਹਿੰਦੇ ਸੀ ਉਥੇ ਖੂਹ ਸੀਗਾ, ਉਸ ਮੁਹੱਲੇ ਤੋਂ ਦੂਰ-ਦੂਰ ਤੋਂ ਸੋਹਣਾ ਪਾਣੀ ਹੋਣ ਕਰਕੇ, ਉਥੇ ਭਰਨ ਵਾਸਤੇ ਆਉਂਦੇ ਸੀ ਤੇ ਨਾਲ ਇਹ ਹੁੰਦਾ ਕਿ ਅਸੀਂ ਬਾਲਾ ਗੋਬਿੰਦ ਰਾਏ ਦੇ ਦਰਸ਼ਨ ਵੀ ਕਰ ਲਵਾਂਗੇ, ਖਿੱਚ ਪੈਂਦੀ ਸੀ ਹਰੇਕ ਨੂੰ। ਜ਼ਰੂਰ ਦਰਸ਼ਨ ਕਰਨੇ ਚਾਹੁੰਦੇ ਸੀ ਲੇਕਿਨ ਮਹਾਰਾਜ ਜੀ ਨੇ ਐਸਾ ਕੌਤਕ ਰਚਿਆ ਕਿ ਗੁਲੇਲੇ ਲੈ ਕੇ ਜਦੋਂ ਘੜਾ ਭਰ ਕੇ ਸਿਰ ‘ਤੇ ਰੱਖਣਾ ਗੁਲੇਲਾ ਮਾਰਨਾ ਤੇ ਘੜਾ ਭੰਨ ਦੇਣਾ। ਉਹ ਘੜੇ ਨਹੀਂ ਸੀ ਭੰਨਦੇ, ਉਹ ਪਾਪਾਂ ਦੇ ਘੜੇ ਭੰਨਦੇ ਸੀ। ਜਿਹਦੇ ਘੜੇ ‘ਚ ਗੁਲੇਲਾ ਲਗਦਾ ਸੀ ਉਹਦੇ ਸਾਰੇ ਪਾਪ ਖੰਡਤ ਕਰ ਦਿੰਦੇ ਸੀ। ਦੁਨੀਆਂ ਨੂੰ ਸਮਝ ਨਹੀਂ ਪਈ ਕਿ ਗੁਰੂ ਦਸਵੇਂ ਪਾਤਸ਼ਾਹ ਗੁਲੇਲੇ ਕਿਉਂ ਮਾਰਦੇ ਸੀ। ਕਿੰਨਿਆਂ ਦਾ ਉਧਾਰ ਕਰਦੇ ਸੀ। ਉਸ ਤੋਂ ਬਾਅਦ ਮਾਤਾ ਜੀ ਨੇ ਗਾਗਰਾਂ ਦੇ ਦਿੱਤੀਆਂ। ਮਹਾਰਾਜ ਨੇ ਤੀਰ ਬਣਾ ਲਏ ਗਾਗਰਾਂ ਦੇ ਵਿੱਚ ਮਾਰਨੇ ਸ਼ੁਰੂ ਕਰ ਦਿੱਤੇ। ਜਦੋਂ ਕਈਆਂ ਨੇ ਕਿਹਾ ਕਿ ਅਸੀਂ ਹੁਣ ਪਾਣੀ ਕਿੱਥੋਂ ਲਈਏ। ਕਹਿੰਦੇ ਖੂਹ ਹੀ ਖਾਰਾ ਹੋ ਜਾਏ, ਖਾਰਾ ਹੋ ਗਿਆ ਉਸੇ ਵੇਲੇ ਖੂਹ।

ਉਥੇ ਇੱਕ ਬਹੁਤ ਵਿਦਵਾਨ ਜਿਸਦਾ ਨਾਉਂ ਸ਼ਿਵਦੱਤ ਸੀ। ਉਹ ਸੱਚੀ ਮੁੱਚੀਂ ਦੀ ਭਗਤੀ ਕਰਦਾ ਹੁੰਦਾ ਸੀ ਤੇ ਰਾਮਚੰਦਰ ਜੀ ਦੇ ਉਤੇ ਉਸਦੀ ਨੇਸ਼ਟਾ ਸੀ ਤੇ ਬਹੁਤ ਬੈਰਾਗ ਕਰਦਾ ਸੀ। ਬੈਰਾਗ ਦੇ ਅੰਦਰ ਨੇਤਰਾਂ ‘ਚੋਂ ਜਲ ਜਾਈ ਜਾਂਦਾ ਤੇ ਗੰਗਾ ਦੇ ਕਿਨਾਰੇ ਬੈਠ ਕੇ ਉਹਨੇ ਭਗਤੀ ਕਰਨੀ। ਹਰ ਵਕਤ ਰੋਂਦਾ ਰਹਿੰਦਾ ਸੀ ਕਿ ਹੇ ਪ੍ਰਭੂ! ਮੈਨੂੰ ਦਰਸ਼ਨ

ਦੇ। ਜੋ ਬੈਰਾਗੀਆਂ ਦੀ ਦਸ਼ਾ ਹੁੰਦੀ ਹੈ ਉਹ ਦਸ਼ਾ ਉਹਦੇ ਉਤੇ ਵਾਪਰਿਆ ਕਰਦੀ ਸੀ। ਅੱਜ ਉਹਦੀ ਅਰਦਾਸ ਦਰਗਾਹ 'ਚ ਕਬੂਲ ਹੋਈ।

ਬਾਲਾ ਗੋਬਿੰਦਰਾਇ ਜੀ ਬੱਚਿਆਂ ਨੂੰ ਲੈ ਕੇ ਉਥੇ ਚਲੇ ਗਏ ਜਿੱਥੇ ਉਹ ਬੈਠਾ ਭਗਤੀ ਕਰਦਾ ਸੀ। ਉਹਦੇ ਕੰਨ 'ਚ ਜਾ ਕੇ, ਬਹੁਤੀ ਵੱਡੀ ਉਮਰ ਨਹੀਂ ਸੀ ਆਪ ਦੀ, ਛੋਟੀ ਜਿਹੀ ਉਮਰ ਸੀ ਪੰਜ ਕੁ ਸਾਲ ਦੀ, ਕੋਲ ਚਲੇ ਗਏ ਜਾ ਕੇ ਕਹਿਣ ਲੱਗੇ, ਪੰਡਤ ਜੀ! ਝਾਤ।

ਉਹਨੇ ਜਦੋਂ ਨੇਤਰ ਖੋਲ੍ਹੇ ਤਾਂ ਉਸ ਵੇਲੇ ਨੂੰ ਅੱਖਾਂ ਤੋਂ ਉਹਲੇ ਹੋ ਚੁੱਕੇ ਸੀ। ਆਵਾਜ਼ ਆਈ ਜਾਂਦੀ ਹੈ ਝਾਤ ਦੀ, ਫੇਰ ਬੈਰਾਗ ਕਰਿਆ ਕਿ ਹੇ ਪ੍ਰਭੂ! ਦਰਸ਼ਨ ਤਾਂ ਦਿੱਤਾ ਪਰ ਮੈਂ ਦੇਖ ਨਹੀਂ ਸਕਿਆ। ਫੇਰ ਆਵਾਜ਼ ਆਈ ਕਿ ਪੰਡਤ ਜੀ! ਦੇਖੋ, ਕੀ ਦੇਖਦਾ ਹੈ ਸਾਮ੍ਹਣੇ ਸ੍ਰੀ ਰਾਮ ਚੰਦਰ ਜੀ ਧਨੁਸ਼ ਬਾਣ ਲਈਂ ਖੜ੍ਹੇ ਨੇ। ਨਮਸ਼ਕਾਰਾਂ ਕਰਦਾ ਹੈ, ਜਦੋਂ ਮੱਥਾ ਟੇਕਦਾ ਹੈ, ਸੀਸ ਚੁੱਕਦਾ ਹੈ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੁੰਦੇ ਨੇ। ਬਾਲਕ ਨੇ ਪੰਜ ਸਾਲ ਦੀ ਉਮਰ ਦੇ। ਜਦੋਂ ਫੇਰ ਹੱਥ ਬੰਨ੍ਹ ਕੇ ਦੇਖਦਾ ਹੈ ਸ੍ਰੀ ਰਾਮਚੰਦਰ ਜੀ ਦੇ ਦਰਸ਼ਨ ਹੁੰਦੇ ਨੇ। ਹੈਰਾਨ ਹੋ ਗਿਆ, ਮਹਾਰਾਜ ਮੁਸਕਰਾ ਰਹੇ ਨੇ। ਉਸਨੂੰ ਪੱਕਾ ਨੇਸ਼ਟਾ ਹੋ ਗਿਆ ਕਿ ਮੇਰਾ ਇਹ ਇਸ਼ਟ ਆ ਗਿਆ ਉਸਨੇ ਤਾਂ ਮੰਨ ਲਿਆ ਫਤਹਿ ਹੋ ਗਈ। ਪਿਆਰ ਫਤਹਿ ਕਹਿੰਦੇ ਨੇ ਇਹਨੂੰ।

ਉਸੇ ਸ਼ਹਿਰ ਦੇ ਅੰਦਰ ਇੱਕ ਰਾਜਾ, ਫਤਹਿਚੰਦ ਜਿਸਦਾ ਨਾਉਂ ਸੀ ਬੇਔਲਾਦ ਸੀ, ਬਹੁਤ ਪੈਸੇ ਵਾਲਾ ਸੀ ਤੇ ਉਹਦੀ ਰਾਣੀ ਨੂੰ ਹਰ ਵਕਤ ਚਿੰਤਾ ਰਹਿੰਦੀ ਸੀ ਕਿ ਬਹੁਤ ਧੰਨ ਹੈ, ਲੇਕਿਨ ਔਲਾਦ ਨਹੀਂ ਹੋਈ ਹੈ। ਫਤਹਿਚੰਦ ਮੈਣੀ ਸੀ, ਮੈਣੀ ਗੋਤ ਤੇ ਉਹਨੂੰ ਰਾਣੀ ਮੈਣੀ ਕਹਿੰਦੇ ਸੀ। ਇਹ ਜਦੋਂ ਸ਼ਿਵਦੱਤ ਦੇ ਪਾਸ ਗਈ ਕਿ ਪੰਡਤ ਜੀ! ਤੁਸੀਂ ਰੱਬ ਨੂੰ ਮਿਲੇ ਹੋਏ ਓਂ, ਸਾਰੇ ਕਹਿੰਦੇ ਨੇ ਕਿ ਪੰਡਤ ਜੀ ਨੂੰ ਰੱਬ ਮਿਲ ਗਿਆ। ਤੁਹਾਡੇ ਉਤੇ ਅੱਜਕੱਲ ਖਾਸ ਨੂਰ ਚੜ੍ਹ ਗਿਆ, ਹਰ ਵਕਤ ਤੁਸੀਂ ਖੁਸ਼ ਰਹਿੰਦੇ ਓਂ, ਤੁਹਾਡੇ ਬਚਨਾਂ 'ਚ ਮਿਠਾਸ ਆ ਗਈ, ਤੁਹਾਡੇ ਨੇਤਰਾਂ 'ਚ ਖਿੱਚ ਹੈ ਤੇ ਤੁਸੀਂ ਮੇਰੇ ਉਤੇ ਕ੍ਰਿਪਾ ਕਰੋ। ਮੇਰੀ ਝੋਲੀ ਦੇ ਵਿੱਚ ਪੁੱਤਰ ਦੀ ਦਾਤ ਪਾਓ। ਕਹਿਣ ਲੱਗੇ ਕਿ ਰਾਣੀ ਸਾਹਿਬ! ਦਾਤਾਂ ਦੇਣ ਵਾਲਾ ਤਾਂ ਇੱਥੇ ਤੁਹਾਡੇ ਕੋਲ ਹੀ ਰਹਿੰਦਾ ਹੈ। ਤੁਸੀਂ ਓਹਦੀ ਆਰਾਧਨਾ ਕਰੋ, ਉਹਨੇ ਆਪ ਹੀ ਦਾਤ ਦੇਣ ਵਾਸਤੇ ਆ ਜਾਣਾ ਹੈ ਕਿਉਂਕਿ ਮੈਂ ਜਦੋਂ ਤੋਂ ਬਾਣੀ ਦੀ ਵਿਚਾਰ ਸ਼ੁਰੂ ਕੀਤੀ ਹੈ ਜਦੋਂ ਤੋਂ ਮੈਨੂੰ ਮਿਲਿਆ ਹੈ ਭਗਵਾਨ, ਉਸੇ ਵੇਲੇ ਤੋਂ ਮੈਂ ਤੱਤ ਬਾਣੀ ਦੀ ਵਿਚਾਰ ਸ਼ੁਰੂ ਕਰ ਦਿੱਤੀ ਤੇ ਓਸ ਬਾਣੀ ਦੇ ਵਿਚੋਂ ਮੈਂ ਏਸ ਤਰ੍ਹਾਂ ਦੇ ਨਾਲ ਗੱਲ ਨੂੰ ਸਮਝਣ ਦਾ ਯਤਨ ਕੀਤਾ ਹੈ–

***ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥***

***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*** ***ਅੰਗ - 266***

ਕਹਿਣ ਲੱਗੇ, ਰਾਣੀ ਸਾਹਿਬ! ਮੈਂ ਗੁਰਬਾਣੀ ਦੀ ਵਿਚਾਰ ਕਰੀ ਹੈ ਕਿ ਜੇ ਚਾਰ ਪਦਾਰਥ - ਧਰਮ, ਅਰਥ, ਕਾਮ, ਮੋਕਸ਼। ਇਹਦੇ 'ਚ ਸਾਰੀ ਦੁਨੀਆਂ ਦੇ ਪਦਾਰਥ ਤੇ ਰੂਹਾਨੀ ਪਦਾਰਥ ਆ ਜਾਂਦੇ ਨੇ। ਇਹ ਸਾਰੇ ਹੀ ਜੇ ਸਾਧੂਆਂ ਦੀ ਸੇਵਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰ ਲਓ ਤੇ ਉਨ੍ਹਾਂ ਦੇ ਮੁ'ਖ 'ਚੋਂ ਨਿਕਲ ਜਾਵੇ ਤਾਂ ਵ'ਡੀ ਤੋਂ ਵ'ਡੀ ਦਾਤ ਮਿਲ ਜਾਂਦੀ ਹੈ। ਐਸ ਤਰ੍ਹਾਂ ਨਹੀਂ ਹੁੰਦਾ ਕਿ ਜੇ ਬਚਨ ਦੇ ਦਿਓ ਜੀ, ਹ'ਟੀ ਤਾਂ ਨਹੀਂ ਹੈ ਇਹ ਕਿ ਸਾਡਾ ਆਹ ਹੋ ਜਾਏ, ਆਹ ਹੋ ਜਾਏ ਜੀ। ਐਸ ਤਰ੍ਹਾਂ ਨਹੀਂ ਹੋਇਆ ਕਰਦਾ, ਸੇਵਾ ਕਰਨੀ ਪੈਂਦੀ ਹੈ, ਰਿਝਾਉਣਾ ਪੈਂਦਾ ਹੈ, ਜਦੋਂ ਗੁਰੂ ਰੀਝਦਾ ਹੈ, ਉਸ ਵੇਲੇ ਮਿਲਦਾ ਹੈ। ਗੁਰੂ ਕਦੋਂ ਰੀਝਦਾ ਹੈ ਜਦੋਂ ਉਹਦਾ ਸਿ'ਖ ਰੀਝ ਜਾਂਦਾ ਹੈ। ਉਹਦਾ ਸਿ'ਖ ਰੀਝ ਜਾਵੇ ਕਿਸੇ ਦੀ ਸੇਵਾ 'ਤੇ ਫੇਰ ਗੁਰੂ ਦਾ ਬਿਰਧ ਬਣ ਜਾਂਦਾ ਹੈ। ਉਹਦੇ ਬਚਨ ਦੀ ਲਾਜ ਰ'ਖਣੀ। ਸੋ ਕਹਿਣ ਲ'ਗੇ, ਬਾਲਾ ਗੋਬਿੰਦ ਰਾਇ! ਬਚਪਨ ਦੇ ਅੰਦਰ, ਸਾਥੀਆਂ ਦੇ ਨਾਲ ਖੇਲ੍ਹਦੇ ਰਹਿੰਦੇ ਨੇ। ਤੁਸੀਂ ਉਨ੍ਹਾਂ ਦੀ ਆਸ ਕਰੋ। ਲੰਗਰ ਤਿਆਰ ਕਰੋ, ਆਰਾਧਨਾ ਕਰੋ, ਉਹ ਆ ਜਾਣਗੇ ਫੇਰ ਉਨ੍ਹਾਂ ਤੋਂ ਮੰਗ ਲੈਣਾ। ਦਰਸ਼ਨ ਕਰਾ ਦਿ'ਤੇ ਕਿ ਆਹ ਨੇ ਜਾਂਦੇ, ਖੇਲ੍ਹਦੇ ਦੇ ਦਰਸ਼ਨ ਕਰਾ ਦਿ'ਤੇ ਮਹਾਰਾਜ ਨੇ। ਸਰੂਪ ਹਿਰਦੇ 'ਚ ਵਸ ਗਿਆ, ਸਮਾਧੀ ਲਾ ਕੇ ਬੈਠਦੀ ਹੈ ਨਾਲ ਇਹ ਹੈ ਕਿ ਹੇ ਬਾਲਾ ਪ੍ਰੀਤਮ! ਜੇ ਪੁ"ਤਰ ਦੇਣਾ ਹੈ ਤਾਂ ਆਪਣੇ ਵਰਗਾ ਦੇਈਂ। ਤੇਰੇ ਵਰਗਾ ਹੋਵੇ ਇੰਨ ਬਿੰਨ, ਜਿਹੜਾ ਖਿੱਚਾਂ ਪਾਉਂਦਾ ਹੋਵੇ, ਜਿਹਦੇ ਨੇਤਰਾਂ 'ਚ ਰਸ ਹੋਵੇ। ਜਿਹਦੇ ਬੋਲ ਦੇ ਵਿੱਚ ਮੁਸਕਾਨ ਹੋਵੇ। ਜਿਹਦੇ ਅੰਗ-ਅੰਗ ਦੇ ਵਿੱਚ ਪਿਆਰ ਹੋਵੇ। ਅੱਜ ਬੈਠੀ ਹੈ ਅੰਮ੍ਰਿਤ ਵੇਲੇ ਦੋ ਵਜੇ ਤੋਂ ਬੈਠੀ ਹੈ, ਚੌਂਕੜਾ ਨਹੀਂ ਹਿਲਾ ਰਹੀ, ਦਿਨ ਚੜ੍ਹ ਗਿਆ। ਉਧਰ ਹੁਕਮ ਕਰ ਦਿੱਤਾ ਕਿ ਘੁੰਗਣੀਆਂ ਬਣਾਓ, ਜੇ ਉਹ ਆ ਗਏ ਤਾਂ ਪ੍ਰਸ਼ਾਦ ਕੀ ਦੇਵਾਂਗੇ। ਨਿਹਚਾ ਹੈ ਦ੍ਰਿੜ੍ਹ ਹਿਰਦੇ ਦੇ ਅੰਦਰ ਕਿ ਜ਼ਰੂਰ ਆਏਗਾ। ਕਿਉਂਕਿ ਪੰਡਤ ਸ਼ਿਵਦੱਤ ਗਲਤ ਬਾਤ ਨਹੀਂ ਕਹਿੰਦਾ। ਇਹ ਬਿਲਕੁਲ ਠੀਕ ਕਹਿੰਦੇ ਨੇ, ਸਮਾਂ ਨਿਕਲਦਾ ਤੁਰਿਆ ਜਾਂਦਾ ਹੈ, ਦਿਨ ਚੜ੍ਹ ਗਿਆ ਤੇ ਓਧਰ ਗੁਰੂ ਦਸ਼ਮੇਸ਼ ਪਿਤਾ ਬਾਲਾ ਪ੍ਰੀਤਮ ਬੱਚਿਆਂ ਨੂੰ ਨਾਲ ਲੈ ਕੇ ਉਹਦੇ ਰਾਜ ਮਹੱਲ ਵੱਲ ਨੂੰ ਤੁਰ ਪਏ। ਪਹਿਰੇਦਾਰ ਖੜ੍ਹੇ ਨੇ, ਰੂਪ ਦੇਖਿਆ ਸਭ ਨੇ ਕੋਈ ਰੋਕ ਨਹੀਂ ਸਕਿਆ ਕਿ ਅਸੀਂ ਰੋਕ ਕੇ ਖਬਰ ਅੰਦਰ ਦੇਈਏ। ਹੈਰਾਨ ਹੋ ਗਏ ਸਰੂਪ ਦੇਖਦੇ ਸਾਰ, ਭੁੱਲ ਗਏ ਸਾਰੇ ਸਭ ਕੁਛ, ਆਪਣਾ ਆਪਾ ਭੁੱਲ ਗਏ। ਮਹਾਰਾਜ ਮਲਕੜੇ ਅੰਦਰ ਚਲੇ ਗਏ, ਪੌੜੀਆਂ ਚੜ੍ਹ ਗਏ। ਜਿਸ ਮਹੱਲ ਦੇ ਅੰਦਰ ਰਾਣੀ ਬੈਠੀ ਸੀ ਚੌਂਕੜਾ ਮਾਰੀਂ ਤੇ ਨੇਤਰ ਬੰਦ ਤੇ ਉਸ ਆਸਣ 'ਤੇ ਗੁਰੂ ਮਹਾਰਾਜ ਚੜ੍ਹੇ ਤੇ ਦੋਹੇਂ ਬਾਹਾਂ ਗਲ 'ਚ ਪਾ ਲਈਆਂ ਤੇ ਗੋਦੀ 'ਚ ਇੱਕ ਦਮ ਲਮਕ ਕੇ ਪੈ ਗਏ। ਮਾਂ......ਮਾਂ। ਆਵਾਜ਼ ਦਿੱਤੀ। ਮਾਂ ਦਾ ਸ਼ਬਦ ਸੁਣਦੇ ਸਾਰ, ਉਹਦੇ ਸਾਰੇ ਸਰੀਰ ਦੇ ਵਿਚੋਂ ਝਰਨ੍ਹਾਟਾਂ ਨਿਕਲਣ ਲੱਗ ਗਈਆਂ। ਸੰਭਲਿਆ ਨਹੀਂ ਜਾਂਦਾ ਐਨਾ

ਅਨੰਦ ਆ ਗਿਆ। ਹੈਰਾਨ ਹੋ ਗਈ ਕਿ ਮਾਂ......? ਮੈਨੂੰ ਵੀ ਕੋਈ ਮਾਂ ਕਹਿਣ ਵਾਲਾ ਆ ਗਿਆ? ਮੇਰੀ ਗੋਦੀ ਦੇ ਵਿੱਚ ਵੀ ਕੋਈ ਪੈ ਕੇ ਕਹਿੰਦਾ ਹੈ ਮਾਂ? ਮੇਰੇ ਗਲ ਵਿੱਚ ਬਾਹਾਂ ਪਾ ਕੇ, ਮੇਰੇ ਸੀਨੇ ਵਿੱਚ ਠੰਢ ਪਾ ਕੇ ਕੋਈ ਕਹਿੰਦਾ ਹੈ ਮਾਂ?

ਸਾਧਸੰਗਤ ਜੀ! ਪੁੱਤਰ ਕਿੱਡੀ ਪਿਆਰੀ ਚੀਜ਼ ਹੈ ਪੁੱਤਰ। ਪੁੱਤਰ ਦੀ ਵਾਸ਼ਨਾ, ਪੁੱਤਰ ਦੀ ਲਾਲਸਾ, ਕਿਵੇਂ ਬੀਬੀਆਂ ਨੂੰ ਤੰਗ ਕਰ ਦਿੰਦੀ ਹੈ। ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਨੇ।

ਜਦੋਂ ਨੇਤਰ ਖੋਲ੍ਹੇ ਹੈਰਾਨ ਹੋ ਗਈ ਕਿ ਇਹ ਤਾਂ ਮੇਰੀ ਗੋਦੀ 'ਚ ਬੈਠੇ ਨੇ। ਕਹਿਣ ਲੱਗੇ ਕਿ ਮਾਂ! ਮੇਰੇ ਵਰਗਾ ਤਾਂ ਮੈਂ ਹੀ ਹਾਂ ਤੇ ਮੈਂ ਤੇਰਾ ਪੁੱਤਰ ਹਾਂ। ਮੇਰੇ ਸਾਥੀਆਂ ਨੂੰ ਭੁੱਖ ਲੱਗੀ ਹੋਈ ਹੈ ਛੇਤੀ ਲਿਆ ਕੇ ਦੇ ਕੁਛ ਖਾਣ ਨੂੰ। ਉਸੇ ਵੇਲੇ ਘੁੰਗਣੀਆਂ ਤਿਆਰ ਸੀ, ਛਕਾਈਆਂ ਆਪ ਨੇ। ਅੱਖਾਂ ਤੋਂ ਓਹਲੇ ਹੋਣ ਨੂੰ ਜੀਅ ਨਹੀਂ ਕਰਦਾ। ਦਿਲ ਨਹੀਂ ਕਰਦਾ ਕਿ ਮੇਰੀਆਂ ਅੱਖਾਂ ਤੋਂ ਓਹਲੇ ਹੋਣ। ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ ਤੇ ਤੇਰੇ ਬਾਗ ਵਿੱਚ ਖੇਲ੍ਹਿਆ ਕਰਾਂਗੇ। ਤੇ ਮਾਤਾ! ਹੁਣ ਤੂੰ ਮੇਰੀ ਮਾਤਾ ਹੋ ਗਈ ਨਾ, ਮੈਂ ਤੇਰਾ ਪੁੱਤਰ ਹੋ ਗਿਆ। ਮੈਂ ਤੇ ਤੂੰ ਇੱਕੋ ਹੋ ਗਏ। ਜਿਹੜਾ ਪਟਨੇ ਸਾਹਿਬ ਦਾ ਤਖਤ ਬਣਿਆ ਹੋਇਆ ਹੈ, ਉਹਦੇ ਮਹਿਲਾਂ 'ਚ ਹੀ ਸੀ। ਸਮਾਂ ਪੈਂਦਾ ਗਿਆ ਹੌਲੀ-ਹੌਲੀ ਇੱਕ ਨਵਾਬ ਸੀ ਉਥੇ ਕਰੀਮ ਖਾਂ ਤੇ ਉਸ ਵੇਲੇ ਦਾ ਰਿਵਾਜ਼ ਇਹ ਸੀ ਕਿ ਜਦੋਂ ਕੋਈ ਆਫੀਸਰ ਆਉਂਦਾ ਨਵਾਬ ਆਉਂਦਾ ਤਾਂ ਸੱਤ ਸਲਾਮਾਂ ਝੁਕ ਕੇ ਕਰਨੀਆਂ ਪੈਂਦੀਆਂ ਸੀ। ਤਾਂ ਜਿਸ ਵਕਤ ਉਹ ਨਵਾਬ ਆਇਆ ਤਾਂ ਮਹਾਰਾਜ ਨੇ ਸਾਰਿਆਂ ਬੱਚਿਆਂ ਨੂੰ ਕਹਿ ਦਿੱਤਾ ਕਿ ਦੰਦੀਆਂ ਚੜ੍ਹਾਉਣੀਆਂ ਨੇ ਝੁਕਣਾ ਨਹੀਂ ਹੈਗਾ। ਉਸੇ ਤਰ੍ਹਾਂ ਕੀਤਾ, ਜਦੋਂ ਸਿਪਾਹੀ ਮਗਰ ਪਏ ਸਾਰੇ ਹੀ, ਕੋਈ ਇਧਰ ਜਾ ਵੜਿਆ ਕੋਈ ਓਧਰ ਜਾ ਵੜਿਆ। ਕੋਈ ਨਾ ਲੱਭਾ, ਇਹ ਖੜ੍ਹੇ ਰਹੇ। ਜਦੋਂ ਉਹਨੇ ਰੂਪ ਦੇਖਿਆ ਤੇ ਤੱਕਣੀ ਦੇਖੀ, ਦਿਲ ਦੇ ਅੰਦਰ ਹੀ ਖੁੱਭ ਗਏ। ਉਸੇ ਵੇਲੇ ਘੋੜੇ ਤੋਂ ਉਤਰਿਆਂ ਸਲਾਮ ਕਰੀ, ਸਿੱਜਦਾ ਕਰਿਆ ਕਹਿਣ ਲੱਗਿਆ, ਕੌਣ ਹੈ ਇਹ ਬਾਲਕ, ਜਿਸਨੇ ਮੈਨੂੰ ਵੀ ਘੋੜੇ ਤੋਂ ਉਤਾਰ ਕੇ ਆਪਣੇ ਚਰਨਾਂ 'ਤੇ ਪਾ ਲਿਆ, ਕਹਿਣ ਲੱਗੇ ਪੰਜਾਬ ਤੋਂ ਆਏ ਗੁਰੂ ਤੇਗ ਬਹਾਦਰ ਸਾਹਿਬ ਦੇ ਫਰਜ਼ੰਦ ਨੇ। ਉਸਨੇ ਬੇਨਤੀ ਕਰੀ ਕਿ ਹੇ ਸਾਹਿਬਜ਼ਾਦੇ! ਮੈਨੂੰ ਰੋਜ਼ ਦਰਸ਼ਨ ਦਿਆ ਕਰ। ਐਸੇ ਪਿਆਰ ਦੀਆਂ ਕਹਾਣੀਆਂ ਕਥਾਵਾਂ ਬੇਅੰਤ ਗਿਣਤੀ ਤੋਂ ਬਾਹਰ ਨੇ, ਲੇਕਿਨ ਸੁਨੇਹਾ ਆ ਗਿਆ ਮਹਾਰਾਜ ਨੂੰ ਕਿ ਵਾਪਸ ਪੰਜਾਬ ਆ ਜਾਓ। ਗੁਰੂ ਨੌਵੇਂ ਪਾਤਸ਼ਾਹ ਨੇ ਤਿਆਰੀਆਂ ਕਰ ਲਈਆਂ, ਪਤਾ ਸੀ ਕਿ ਹੁਣ ਅਸੀਂ ਸ਼ਹੀਦੀ ਦੇ ਦੇਣੀ ਹੈ ਉਸ ਵੇਲੇ ਆਪ ਨੇ ਇਨ੍ਹਾਂ ਨੂੰ ਵਾਪਸ ਬੁਲਾ ਲਿਆ। ਇਹ ਵਿਛੋੜਾ ਜਿਹਨੂੰ ਕਹਿੰਦੇ ਨੇ ਇਹ ਬਹੁਤ ਹੀ ਬੁਰਾ ਸੱਲ੍ਹ ਹੈ ਸਾਧਸੰਗਤ ਜੀ। ਖਾਸ ਕਰਕੇ ਮਹਾਂਪੁਰਸ਼ਾਂ ਦਾ ਵਿਛੋੜਾ, ਉਹ ਝੱਲਣਾ ਔਖਾ ਹੋ ਜਾਂਦਾ ਹੈ, ਝੱਲ ਨਹੀਂ ਹੁੰਦਾ। ਉਸ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

*ਧਾਰਨਾ - ਝੱਲਿਆ ਨਾ ਜਾਵੇ, ਸਤਿਗੁਰ ਤੇਰਾ ਵਿਛੋੜਾ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ - 708*

ਐਸੀ ਹਾਲਤ ਸ਼ਹਿਰ ਦੀ, ਸਾਰਿਆਂ ਦੇ ਅੰਦਰ ਬਿਰਹਾ ਆ ਗਿਆ। ਜਿਸ ਵਕਤ ਮਹਾਰਾਜ ਜੀ ਰਾਣੀ ਦੇ ਪਾਸ ਜਾਂਦੇ ਨੇ ਕਿ ਮਾਤਾ! ਹੁਕਮ ਆ ਗਿਆ ਸਾਨੂੰ ਅਸੀਂ ਜਾ ਰਹੇ ਹਾਂ। ਇਹ ਬਚਨ ਨਹੀਂ ਸੀਗਾ, ਉਹਨੂੰ ਐਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਬਹੁਤ ਅਣੀ ਵਾਲਾ ਬਾਣ ਮਾਰਿਆ ਹੋਵੇ, ਬੇਹੋਸ਼ ਹੋ ਕੇ ਗਿਰ ਗਈ ਉਸੇ ਵੇਲੇ। ਪੱਖੇ ਝੱਲੇ ਗਏ, ਜਲ ਮੂੰਹ ਵਿੱਚ ਪਾਇਆ ਗਿਆ। ਸਾਵਧਾਨ ਕਰਿਆ ਕਹਿਣ ਲੱਗੇ, ਮਾਤਾ! ਐਨਾ ਅਫਸੋਸ ਕਿਸ ਗੱਲ ਦਾ। ਐਡਾ ਦੁੱਖ?

ਕਹਿਣ ਲੱਗੀ, ਪੁੱਤਰ! ਮੈਂ ਰਹਿ ਨਹੀਂ ਸਕਦੀ ਤੇਰੇ ਬਿਨਾਂ। ਬੜੀ ਦੇਰ ਤੋਂ ਬਾਅਦ ਮੇਰੀ ਇੱਛਾ ਪੂਰੀ ਹੋਈ ਸੀ।

ਆਪ ਨੇ ਕਿਹਾ, ਕਿ ਅਸੀਂ ਜਾਂਦੇ ਹਾਂ ਕਿਤੇ? ਜਿਸ ਸਮੇਂ ਅਸੀਂ ਆਉਂਦੇ ਹਾਂ, ਸੰਗਤ ਕਰਿਆ ਕਰਿਓ। ਬਾਣੀ ਦੀ ਵਿਚਾਰ ਕਰਿਆ ਕਰੋ, ਮੇਰੇ ਸਾਥੀ ਜੋ ਨੇ ਇਹ ਆਉਣਗੇ ਜਦੋਂ ਤੁਸੀਂ ਘੁੰਗਣੀਆਂ ਦਾ ਪ੍ਰਸ਼ਾਦ ਇਨ੍ਹਾਂ ਨੂੰ ਵਰਤਾਵੋਂਗੇ ਤਾਂ ਤੁਸੀਂ ਦੇਖੋਂਗੇ ਮੈਂ ਵਿੱਚ ਬੈਠਾ ਹੋਵਾਂਗਾ।

ਨਵਾਬ ਕਰੀਮ ਖਾਂ ਨੂੰ ਪਤਾ ਲੱਗਿਆ। ਬਿਹਬਲ ਹੋ ਗਿਆ, ਰੋ ਰਿਹਾ ਹੈ ਉੱਚੀ-ਉੱਚੀ। ਸਾਹਿਬ! ਮੈਂ ਕਿਵੇਂ ਜੀਵਾਂਗਾ, ਮੇਰਾ ਤਾਂ ਅਮਲ ਤੁਸੀਂ ਬਣ ਚੁੱਕੇ?

ਕਹਿੰਦੇ, ਕਰੀਮ ਖਾਂ! ਸੱਚੇ ਦਿਲ ਦੇ ਨਾਲ ਨਮਾਜ਼ ਪੜ੍ਹੀਂ, ਜਦੋਂ ਤੂੰ ਸਿਜਦਾ ਕਰਕੇ ਦੋਵੇਂ ਹੱਥ ਜੋੜ ਕੇ ਮੰਗੇਂਗਾ ਪ੍ਰਭੂ ਤੋਂ ਤਾਂ ਮੈਂ ਸਾਮ੍ਹਣੇ ਤੇਰੇ ਖੜ੍ਹਾ ਹੋਇਆ ਕਰਾਂਗਾ। ਰੋਜ਼ ਤੈਨੂੰ ਦਰਸ਼ਨ ਹੋਇਆ ਕਰਨਗੇ। ਐਸ ਤਰ੍ਹਾਂ ਬਖਸ਼ਿਸ਼ਾਂ ਕਰਕੇ ਆਪ ਚਲਦੇ-ਚਲਦੇ ਪੰਜਾਬ ਵਲ ਨੂੰ ਆ ਰਹੇ ਨੇ ਤੇ ਅੱਜ ਆਪ ਲਖਨੌਰ ਆ ਜਾਂਦੇ ਨੇ ਤੇ ਉਥੇ ਵੀ ਕਈ ਮਹੀਨੇ ਆਪ ਨੂੰ ਠਹਿਰਣਾ ਪਿਆ ਤੇ ਖੁੱਦੋ-ਖੂੰਡੀ ਖੇਲ੍ਹ ਰਹੇ ਨੇ। ਹਾਕੀ ਖੇਲ੍ਹਦੇ ਨੇ ਅੱਜਕੱਲ੍ਹ ਦੀ ਅੰਗ੍ਰੇਜ਼ੀ ਦੀ ਜ਼ੁਬਾਨ 'ਚ। ਕਿੰਨੇ ਪਿਆਰੇ ਲਗਦੇ ਹੋਣੇ ਨੇ ਖੇਲ੍ਹਦੇ। ਉਹ ਪੀਰ ਭੀਖਣਸ਼ਾਹ ਫੇਰ ਆ ਗਿਆ। ਉਹਨੇ ਉਸੇ ਵੇਲੇ ਸਿਜਦਾ ਕਰਨਾ ਸ਼ੁਰੂ ਕਰ ਦਿੱਤਾ। ਸੱਤ ਸਲਾਮਾਂ ਕੀਤੀਆਂ, ਨਵੇਂ ਮੁਰੀਦ ਰਲੇ ਹੋਏ ਸੀ ਉਨ੍ਹਾਂ ਨੇ ਫੇਰ ਸ਼ੰਕਾ ਕੀਤਾ ਕਿ ਤੁਸੀਂ ਹਿੰਦੂ ਲੜਕੇ ਨੂੰ ਸਲਾਮਾਂ ਕਰੀਂ ਜਾਂਦੇ ਓਂ। ਕਹਿਣ ਲੱਗੇ ਇਹ ਤਾਂ ਅੱਲਾਹ ਦਾ ਨੂਰ ਨੇ ਇਨ੍ਹਾਂ ਦੇ ਦਰਸ਼ਨ ਵਾਸਤੇ ਮੈਂ ਉਥੇ ਪਟਨੇ ਪਹੁੰਚਿਆ ਸੀ। ਆਓ ਮੈਂ ਇੱਕ ਗੱਲ ਪੁੱਛਣੀ ਹੈ ਇਨ੍ਹਾਂ ਤੋਂ, ਉਸ ਵੇਲੇ ਬੱਚੇ ਸੀ, ਅੱਜ ਵੱਡੇ ਨੇ ਮੈਂ ਇੱਕ

ਬਾਤ ਪੁੱਛਣੀ ਹੈ ਕਿ ਇਹ ਕਿਨ੍ਹਾਂ ਵੱਲ ਹੋਣਗੇ। ਉਸ ਵੇਲੇ ਦੋ ਮਠਿਆਈ ਦੇ ਬਰਤਨ ਮੰਗਾਏ ਗਏ, ਕੁੱਜੇ ਮੰਗਾਏ ਗਏ। ਦੋਹਾਂ ਦੇ ਮੂੰਹ ਢਕ ਦਿੱਤੇ ਤੇ ਮਹਾਰਾਜ ਜੀ ਦੇ ਅੱਗੇ ਲਿਜਾ ਕੇ ਰੱਖ ਦਿਤੇ। ਮਹਾਰਾਜ ਕਹਿੰਦੇ, ਦੋ ਕਿਉਂ ਲੈ ਕੇ ਆਏ ਓਂ, ਤਿੰਨ ਲੈ ਕੇ ਆਓ। ਇੱਕ ਹੋਰ ਮੰਗਾ ਲਿਆ, ਹੁਣ ਸੋਚਦੇ ਨੇ ਕਿ ਤੀਜਾ ਕੀਹਦਾ ਮੰਗਾ ਲਿਆ?

ਉਸ ਵੇਲੇ ਆਪ ਬੈਠੇ ਨੇ, ਕੋਈ ਸਵਾਲ ਨਹੀਂ ਹੋ ਰਿਹਾ, ਮਹਾਰਾਜ ਪੀਰ ਵੱਲ ਦੇਖਦੇ ਨੇ, ਮੁਸਕਰਾਏ। ਉਸ ਵੇਲੇ ਇੱਕ ਹੋਰ ਪੀਰ ਆ ਗਿਆ ਜਿਸਦਾ ਨਾਉਂ ਆਰਫਦੀਨ ਸੀ ਲਖਨੌਰ ਦਾ, ਬੜਾ ਹੀ ਕਰਾਮਾਤੀ ਤੇ ਅੰਤਰਜਾਮੀ ਫਕੀਰ ਸੀ, ਪਹੁੰਚਿਆ ਹੋਇਆ ਸੀ ਰੱਬ ਤੱਕ। ਗੁਰੂ ਗ੍ਰੰਥ ਸਾਹਿਬ ਦੀਆਂ ਕਥਾਵਾਂ ਨੂੰ ਪ੍ਰਗਟ ਕਰਨ ਵਾਲੇ ਸਾਧਸੰਗਤ ਜੀ! ਧਿਆਨ ਰੱਖੋ ਮੁਸਲਮਾਨ ਪੀਰ ਨੇ ਜਿਨ੍ਹਾਂ ਨੇ ਸੱਚ ਬੋਲਿਆ। ਹਿੰਦੂ ਦਾ ਜ਼ਿਕਰ ਨਹੀਂ ਆਇਆ, ਜਾਂ ਤਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ, ਜਾਂ ਪਹੁੰਚ ਨਹੀਂ ਸੀ ਐਡੀ ਵੱਡੀ। ਉਨ੍ਹਾਂ ਦੀ ਪਹੁੰਚ ਵੱਡੀ ਸੀ, ਇਹ ਗੱਲ ਮੰਨਣੀ ਪੈਣੀ ਹੈ। ਐਵੇਂ ਨਹੀਂ ਅਸੀਂ ਕਹਿ ਦੇਈਏ ਕਿ ਸੂਫੀ ਪੀਰ ਸੀ। ਬਾਬਾ ਫਰੀਦ ਗੁਰੂ ਗ੍ਰੰਥ ਸਾਹਿਬ 'ਚ ਨਾ ਆਉਂਦੇ ਜੇ ਉੱਚੇ ਨਾ ਹੁੰਦੇ।

ਉਹ ਜਦੋਂ ਪਾਲਕੀ 'ਚੋਂ ਉਤਰਿਆ, ਉਤਰ ਕੇ ਸਿਜਦਾ ਕੀਤਾ, ਉਹ ਕਹਿੰਦਾ, ਵਲੀ ਅੱਲਾਹ! ਸੁਬ੍ਹਾਨ ਅੱਲਾਹ! ਸੁਬ੍ਹਾਨ ਅੱਲਾਹ! ਕਹਿਣ ਲੱਗ ਗਿਆ ਤੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਤੁਸੀਂ ਤਾਂ ਸਭ ਤੋਂ ਵੱਡੇ ਓਂ? ਤੁਹਾਡੇ ਸਮਾਨ ਭਾਰਤ ਵਰਸ਼ ਵਿੱਚ ਪੀਰ ਨਹੀਂ ਹੈ? ਤੁਸੀਂ ਇਹ ਕੀ ਕੰਮ ਕਰਿਆ ਹੈ, ਇਸ ਬੱਚੇ ਨੂੰ ਸਲਾਮ ਕਰੀ ਹੈ ਤੇ ਨਾਲ ਤੁਸੀਂ ਸੁਬ੍ਹਾਨ ਅੱਲਾਹ! ਸੁਬ੍ਹਾਨ ਅੱਲਾਹ ਕਹਿ ਰਹੇ ਓਂ? ਕਹਿਣ ਲੱਗੇ, ਮੈਂ ਹੈਰਾਨ ਹਾਂ ਅੱਲਾਹ ਦੀ ਕੁਦਰਤ ਤੋਂ। ਜਦੋਂ ਮੈਂ ਮਰੱਕ੍ਬੇ 'ਚ ਜਾਂਦਾ ਹਾਂ, ਸਮਾਧੀ ਵਿੱਚ; ਤੇ ਉਥੇ ਅੱਲਾਹ ਦੇ ਦਰ 'ਤੇ ਪਹੁੰਚਦਾ ਹਾਂ ਤਾਂ ਉਥੇ ਮੈਂ ਕੀ ਦੇਖਦਾ ਹਾਂ ਕਿ ਉਥੇ ਬੇਅੰਤ ਪੀਰ ਪੈਗੰਬਰ, ਅਉਲੀਏ ਖੜ੍ਹੇ ਨੇ, ਅੱਲਾਹ ਦੇ ਦਰ ਦੇ ਬਾਹਰ ਖੜ੍ਹੇ ਨੇ।

***ਜਿਤੁ ਦਰ ਲੱਖ ਮਹੁੰਮਦਾ, ਲੱਖ ਬ੍ਰਹਮੇ ਬਿਸ਼ਨ ਮਹੇਸ਼।***

ਸਭ ਨੇ ਉਥੇ, ਲੇਕਿਨ ਕੋਈ ਖੁਦਾ ਦੇ ਕੋਲ ਨਹੀਂ ਪਹੁੰਚਦਾ। ਮੈਂ ਹੈਰਾਨ ਹਾਂ ਜਿੰਨੀਆਂ ਅਰਜ਼ੀਆਂ ਜਿੰਨੀਆਂ ਬੇਨਤੀਆਂ ਕਰਦੇ ਨੇ, ਸਾਰੀਆਂ ਅਰਜ਼ੀਆਂ ਇਸ ਬੱਚੇ ਦੇ ਹੱਥ ਵਿੱਚ ਹੁੰਦੀਆਂ ਨੇ ਇਹ ਅੱਲਾਹ ਤਾਲਾਹ ਦੇ ਕੋਲ ਅੰਦਰ ਜਾਂਦਾ ਹੈ -

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥*** ***ਅੰਗ - 8***

ਤੇ ਉਧਰੋਂ ਸੁਨੇਹੇ ਲਿਆ ਕੇ ਦਿੰਦਾ ਹੈ ਤੇ ਅੱਜ ਮੈਨੂੰ ਇਸ ਦੇ ਇਸ ਰੂਪ ਵਿੱਚ ਦਰਸ਼ਨ ਹੋ ਗਏ, ਇਸ ਧਰਤੀ ਦੇ ਅੰਦਰ ਮੈਂ ਤਾਂ ਸਲਾਮਾਂ ਕਰੀਆਂ ਨੇ।

ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਪਹੁੰਚ

ਜਾਂਦੇ ਨੇ। ਅੱਜ ਆਪ ਖੇਲ੍ਹਦੇ-ਖੇਲ੍ਹਦੇ ਆਉਂਦੇ ਨੇ, ਨੌਂ ਸਾਲ ਦੀ ਆਪ ਦੀ ਉਮਰ ਹੋ ਗਈ। ਉਸ ਵੇਲੇ ਕੀ ਦੇਖਦੇ ਨੇ ਅੰਦਰ, ਬਹੁਤ ਸਾਰੇ ਬੰਦੇ ਬੈਠੇ ਨੇ, ਵੱਡੇ-ਵੱਡੇ ਤਿਲਕ ਲੱਗੇ ਹੋਏ ਨੇ, ਵਧੀਆ ਸੋਹਣੇ ਵਸਤਰ ਪਹਿਨੇ ਹੋਏ ਨੇ। ਦੇਖਣ ਤੋਂ ਪਤਾ ਲਗਦਾ ਹੈ ਕਿ ਕੋਈ ਵੱਡੇ ਵਿਦਵਾਨ ਪੁਰਸ਼ ਆਏ ਨੇ ਲੇਕਿਨ ਉਦਾਸੀ ਤੋਂ ਇਹ ਪਤਾ ਲਗਦਾ ਹੈ ਇਨ੍ਹਾਂ ਜਿੰਨਾਂ ਸ਼ਾਇਦ ਹੀ ਸੰਸਾਰ 'ਤੇ ਕੋਈ ਦੁਖੀ ਹੋਵੇ ਤੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ, ਆਪ ਨੇ ਸਾਰੀ ਅਰਜ਼ ਦਾਸਤਾਨ ਸੁਣੀ ਉਨ੍ਹਾਂ ਦੀ ਤੇ ਆਪ ਗੰਭੀਰ ਹੋਏ ਬੈਠੇ ਨੇ। ਉਸ ਵੇਲੇ ਅਚਾਨਕ ਖੇਲ੍ਹਦੇ-ਖੇਲ੍ਹਦੇ ਆ ਕੇ ਚੁੱਪ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਨੇ ਆ ਕੇ ਪਿਛਲੇ ਪਾਸੇ ਦੀ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਗਲ ਵਿੱਚ ਦੋਵੇਂ ਬਾਹਾਂ ਪਾ ਲਈਆਂ, ਜਦੋਂ ਸਾਵਧਾਨ ਹੋਏ ਦੇਖਿਆ, ਮਾਮੂਲੀ ਪੁੱਤਰ ਨਹੀਂ ਸੀ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ, ਜਦੋਂ ਦਸਵੇਂ ਪਾਤਸ਼ਾਹ ਮਹਾਰਾਜ ਨੇ ਜਨਮ ਲਿਆ ਉਸ ਵੇਲੇ ਆਤਮਦਾਸ ਵੱਡਾ ਸੰਤ ਗੁਰੂ ਮਹਾਰਾਜ ਕੋਲ ਆਸਾਮ ਵਿੱਚ ਸੀਗਾ, ਆਹ ਧੋਬੜੀ ਘਾਟ ਕੋਲ ਸੀਗਾ। ਉਥੇ ਜਦੋਂ ਖੁਸ਼ੀਆਂ ਮਨਾਈਆਂ ਗਈਆਂ ਉਹ ਕਹਿਣ ਲੱਗੇ, ਮਹਾਰਾਜ! ਅੱਜ ਤੁਸੀਂ ਐਨੀ ਖੁਸ਼ੀ ਮਨਾ ਰਹੇ ਓਂ ਰਾਜੇ ਖੁਸ਼ੀ ਮਨਾ ਰਹੇ ਹਨ, ਕਾਰਨ ਕੀ ਹੈ? ਉਹ ਕਹਿਣ ਲੱਗੇ ਸੰਤ ਜੀ! ਅੱਜ ਸਾਡੇ ਗ੍ਰਹਿ ਵਿੱਚ ਗੁਰੂ ਅਵਤਾਰ ਪ੍ਰਗਟ ਹੋਏ ਨੇ, ਧੁਰ ਤੋਂ ਨਿਵਾਜੇ ਹੋਏ ਉਨ੍ਹਾਂ ਨੂੰ ਕੋਈ ਤਪ ਕਰਨ ਦੀ ਲੋੜ ਨਹੀਂ ਪੈਣੀ, ਸਾਧਨ ਕਰਨ ਦੀ ਲੋੜ ਨਹੀਂ ਪੈਣੀ, ਧੁਰ ਤੋਂ ਹੀ ਪੂਰੇ ਆਏ ਨੇ ਤੇ ਜੇ ਮੈਂ ਐਸ ਤਰ੍ਹਾਂ ਕਹਿ ਦੇਵਾਂ ਕਿ ਅਕਾਲ ਪੁਰਖ ਆਪ ਹੀ manifest ਹੋ ਕੇ ਸਾਕਾਰ ਰੂਪ ਧਾਰ ਕੇ ਮਨੁੱਖ ਦੇ ਜਾਮੇ 'ਚ ਆਏ ਨੇ ਇਹ ਵੀ ਗੱਲ ਠੀਕ ਹੈ। ਉਸ ਵੇਲੇ ਉਹਨੇ ਬੇਨਤੀ ਕੀਤੀ ਕਿ ਫੇਰ ਪਾਤਸ਼ਾਹ ਮੈਨੂੰ ਦਰਸ਼ਨ ਕਰਨ ਦੀ ਆਗਿਆ ਦਿਓ। ਕਹਿੰਦੇ ਦਰਸ਼ਨ ਤੈਨੂੰ ਹੋਣਗੇ ਅੱਜ ਤੋਂ 43 ਸਾਲ ਬਾਅਦ, ਉਹ ਦੱਖਣ ਨੂੰ ਜਾਂਦੇ ਹੋਣਗੇ ਤੇ ਉਥੇ ਦਰਸ਼ਨ ਕਰੇਂਗਾ, ਬੁਰਹਾਨਪੁਰ ਦੇ ਅੰਦਰ ਨਾਲੇ ਸੇਵਾ ਕਰੇਂਗਾ। 43 ਸਾਲ ਬਾਅਦ ਦਰਸ਼ਨ ਹੋਏ ਉਸਨੂੰ। ਗੁਰੂ ਮਹਾਰਾਜ ਤਾਂ ਸਭ ਕੁਛ ਜਾਣਦੇ ਸੀ। ਉਸ ਵੇਲੇ ਆਪ ਨੇ ਕਿਹਾ ਪਿਤਾ ਜੀ! ਐਨੀ ਗੰਭੀਰ ਅਵਸਥਾ ਕਿਉਂ ਹੈ, ਇਹ ਲੋਕ ਕੌਣ ਨੇ। ਕਹਿਣ ਲੱਗੇ, ਗੋਬਿੰਦ ਰਾਏ ਇਹ ਬਹੁਤ ਦੁਖੀ ਨੇ, ਜ਼ਬਰਦਸਤੀ ਇਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਇਹ ਵਿਦਵਾਨ ਪੁਰਸ਼ ਨੇ ਤੇ ਇਹ ਆਪਣੇ ਧਰਮ ਦੀ ਰਾਖੀ ਵਾਸਤੇ ਆਏ ਨੇ, ਕਹਿੰਦਾ ਇਨ੍ਹਾਂ 'ਚ ਕੋਈ ਨਹੀਂ ਹੈ ਜਿਹੜਾ ਆਪਣੇ ਧਰਮ ਦੀ ਰਾਖੀ ਕਰ ਲਵੇ? ਭਾਰਤ ਵਰਸ਼ ਵਿੱਚ ਕੋਈ ਬੰਦਾ ਨਹੀਂ ਜਿਹੜਾ ਇਨ੍ਹਾਂ ਦੇ ਧਰਮ ਦੀ ਰਾਖੀ ਕਰ ਦੇਵੇ, ਸੈਂਕੜੇ ਰਾਜੇ ਨੇ ਵੱਡੇ-ਵੱਡੇ। ਵੱਡੇ-ਵੱਡੇ ਸਟੇਟਾਂ ਦੇ ਮਾਲਕ ਨੇ ਤੇ ਵੱਡੇ-ਵੱਡੇ ਇਨ੍ਹਾਂ ਦੇ ਸਾਧੂ ਨੇ। ਕੋਈ ਨਹੀਂ ਕਰ ਸਕਦਾ?

ਕਹਿੰਦੇ ਨਹੀਂ, ਸਭ ਪਾਸਿਓਂ ਹਾਰ ਕੇ ਆਏ ਨੇ।

ਫੇਰ ਕਹਿੰਦੇ, ਇਨ੍ਹਾਂ ਦੇ ਐਨੇ ਦੇਵਤੇ ਨੇ, ਮੰਦਰਾਂ ਦੇ ਵਿੱਚ ਟੱਲ੍ਹ ਵੱਜਦੇ ਨੇ, ਵੱਡੇ-ਵੱਡੇ ਮੰਦਰ ਬਣਾਏ ਹੋਏ ਨੇ ਤੇ ਉਨ੍ਹਾਂ ਨੂੰ ਭੋਗ ਲਵਾਉਂਦੇ

ਨੇ, ਕਹਿੰਦੇ ਨੇ ਕਿ ਸਾਡੇ ਦੇਵਤੇ ਪ੍ਰਤੱਖ ਨੇ। ਉਨ੍ਹਾਂ ਦੇਵਤਿਆਂ ਦੀ ਆਰਾਧਨਾ ਕਰਕੇ ਆਪਣੀ ਰਾਖੀ ਨਹੀਂ ਕਰਾ ਸਕਦੇ, ਧਰਮ ਨਹੀਂ ਬਚਾ ਸਕਦੇ? ਕਹਿੰਦੇ, ਨਹੀਂ, ਕਿਸੇ ਦੇਵਤੇ ਨੇ ਰਾਖੀ ਨਹੀਂ ਕਰੀ ਸਗੋਂ ਦੇਵ ਮੰਦਰ ਤੋੜ-ਤੋੜ ਕੇ ਪੈਰਾਂ ਦੇ ਵਿੱਚ ਲਾ ਦਿੱਤੇ ਗਏ ਨੇ, ਨੀਹਾਂ ਵਿੱਚ ਚਿਣਾ ਦਿੱਤੇ ਗਏ ਗਏ, ਮੂਰਤੀਆਂ ਚਿਣ ਦਿੱਤੀਆਂ ਗਈਆਂ, ਕਿਸੇ ਦੇਵਤੇ ਨੇ ਟਸ ਤੋਂ ਮਸ ਨਹੀਂ ਕਰੀ।

ਕਹਿਣ ਲੱਗੇ, ਪਿਤਾ ਜੀ! ਫੇਰ ਤੁਸੀਂ ਕੀ ਸੋਚ ਰਹੇ ਓਂ?

ਕਹਿੰਦੇ, ਪੁੱਤਰ! ਐਸ ਵੇਲੇ ਕੋਈ ਪੂਰਨ ਸੰਤ ਹੋਵੇ, ਉਹ ਆਪਣੀ ਕੁਰਬਾਨੀ ਦੇਵੇ ਤਾਂ ਇਹ ਧਰਮ ਠਹਿਰ ਸਕਦਾ ਹੈ ਨਹੀਂ ਇਹ ਧਰਮ ਦਾ ਪਹਾੜ ਐਨੇ ਜ਼ੋਰ ਨਾਲ ਰੁੜਿਆ ਆ ਰਿਹਾ ਹੈ ਕਿ ਇੱਕ ਦਿਨ ਹਿੰਦ ਸਾਰਾ ਜਿਹੜਾ ਹੈ ਇਹ ਧਰਮ ਤੋਂ ਹੀਣ ਹੋ ਜਾਏਗਾ। ਕੋਈ ਨਹੀਂ ਰਹੇਗਾ। ਅਸੀਂ ਇਸ ਚੀਜ਼ ਦੀ ਵਿਚਾਰ ਕਰ ਰਹੇ ਹਾਂ। ਕਹਿੰਦੇ ਪਿਤਾ ਜੀ! ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ 'ਕੋਇ ਨ ਥੰਮੈ ਸਾਧ ਬਿਨ ਸਾਧ ਨ ਦਿਸੈ ਜਗ ਵਿਚ ਕੋਆ' ਕਹਿੰਦੇ ਸਾਧਾਂ ਦੀ ਅਣਹੋਂਦ ਹੋ ਗਈ ਸੀ, ਗੁਰੂ ਨਾਨਕ ਨੇ ਸਾਧ ਬਣਾਏ ਇਥੇ ਆ ਕੇ, ਸੰਤ ਬਣਾਏ ਤੇ ਤੁਸੀਂ ਗੁਰੂ ਨਾਨਕ ਆਪ ਹੋਂ, ਤੁਹਾਡੇ ਨਾਲੋਂ ਵੱਡਾ ਕੋਈ ਹੋਰ ਹੋ ਨਹੀਂ ਸਕਦਾ ਤੇ ਤੁਸੀਂ ਜਾਓ ਜਾ ਕੇ ਆਪਣਾ ਬਲੀਦਾਨ ਦਿਓ। ਐਨੇ ਜਦੋਂ ਬਚਨ ਸੁਣੇ, ਗੁਰੂ ਮਹਾਰਾਜ ਨੇ ਆਪ ਨੂੰ ਛਾਤੀ ਨਾਲ ਲਾ ਗਿਆ, ਘੁੱਟ ਕੇ ਪਿਆਰ ਕਰਿਆ, ਕਹਿਣ ਲੱਗੇ ਠੀਕ ਹੈ ਤੇ ਤੁਸੀਂ ਅਜੇ ਬੱਚੇ ਓਂ? ਕਹਿਣ ਲੱਗੇ, ਪਿਤਾ ਜੀ! ਜਦੋਂ ਮੈਂ ਮਾਂ ਦੇ ਪੇਟ 'ਚ ਉਥੇ ਵੀ ਮੇਰੀ ਰਾਖੀ ਹੁੰਦੀ ਸੀ, ਜਦੋਂ ਮੈਂ ਬਾਹਰ ਆਇਆ ਤਾਂ ਮੇਰੇ ਦੰਦ ਨਹੀਂ ਸੀ। ਆਏ ਤਾਂ ਦੁੱਧ ਉਸ ਵੇਲੇ ਪ੍ਰਮੇਸ਼ਰ ਨੇ ਪੈਦਾ ਕਰਿਆ ਤੇ ਹੁਣ ਜਦੋਂ ਮੈਂ ਨੌਂ ਸਾਲ ਦਾ ਹੋ ਗਿਆ, ਹੁਣ ਤਾਂ ਉਹ ਆਪ ਹੀ ਮੇਰੇ ਨਾਲ ਹੈ ਹੁਣ ਤੁਸੀਂ ਕਾਹਦਾ ਫਿਕਰ ਕਰਦੇ ਓਂ? ਸੋ ਪਿਤਾ ਨੂੰ ਸ਼ਹੀਦੀ ਵਾਸਤੇ ਹੱਸ ਕੇ ਭੇਜ ਦਿੱਤਾ। ਸ਼ਹੀਦੀ ਹੋ ਜਾਂਦੀ ਹੈ, ਉਸ ਤੋਂ ਬਾਅਦ ਗੁਰੂ ਮਹਾਰਾਜ ਗੱਦੀ 'ਤੇ ਬੈਠਦੇ ਨੇ, ਉਮਰ ਛੋਟੀ ਹੈ, ਮਸੰਦਾਂ ਦੀ ਪੂਜਾ ਖਾ-ਖਾ ਕੇ ਮੱਤ ਮਾਰੀ ਗਈ ਸੀ। ਜੇ ਤਾਂ ਪੂਜਾ ਖਾਣ ਵਾਲਾ ਪੁਰਸ਼ ਭਜਨ ਕਰੇ, ਬੰਦਗੀ ਕਰੇ, ਸੇਵਾ ਕਰੇ ਤਾਂ, ਤਾਂ ਬਚਿਆ ਕਰਦਾ ਹੈ, ਨਹੀਂ ਤਾਂ ਕਹਿੰਦੇ –

***ਜਿਉ ਧਰਮਸਾਲਾ ਦੀ ਝਾਕੁ ਹੈ ਵਿਹੁ ਖੰਡੂ ਪਾਜੈ।***

ਜਿਵੇਂ ਵਿਹੁ ਦੇ ਕੈਪਸੂਲ ਖਾਂਦਾ ਹੈ ਐਸ ਤਰ੍ਹਾਂ ਖਾਂਦਾ ਹੈ। ਉਹ ਹੁਣ ਖਾਣ ਲੱਗ ਗਏ ਸੀ। ਸੰਗਤਾਂ ਨੇ ਗੁਰੂ ਵਾਸਤੇ ਦੇਣਾ, ਰਾਹ ਵਾਸਤੇ ਆਪਣੇ ਰੱਖ ਲੈਣਾ। ਆਪਣੀ ਐਸ਼-ਇਸ਼ਰਤ ਵਧ ਗਈ। ਵੱਡੇ-ਵੱਡੇ ਰੇਸ਼ਮੀ ਕੱਪੜੇ, ਕੀਮਤੀ ਗਹਿਣੇ, ਹੀਰੇ ਜਵਾਹਰਾਤ ਪਹਿਨਣੇ ਸ਼ੁਰੂ ਕਰ ਦਿੱਤੇ, ਕਲਗੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ, ਵਿਸ਼ੇ ਵਿਕਾਰਾਂ 'ਚ ਪੈ ਗਏ, ਵੇਸ਼ਵਾਵਾਂ ਰੱਖਣੀਆਂ ਸ਼ੁਰੂ ਕਰ ਦਿਤੀਆਂ। ਪੂਰਨ ਤੌਰ ਦੇ ਉਤੇ ਨਿਹਚਾ ਡੋਲ ਗਿਆ ਤੇ ਜਿਹੜਾ ਧਰਮਸਾਲਾ ਦੀਆਂ ਰੋਟੀਆਂ ਕਰਿਆ ਕਰਦੀਆਂ

ਨੇ-

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।***
***ਹੱਡ ਗਾਲਨ ਮੱਤ ਮਾਰਨ ਭਜਨ ਕਰਨ ਨ ਦੇਨਿ।***

ਉਹ ਪੂਰੀ ਤਰ੍ਹਾਂ ਮਸੰਦਾਂ ਦੇ ਉਤੇ ਅਸਰ ਛਾ ਗਿਆ। ਮਾਇਆ ਫੈਲ ਗਈ ਉਨ੍ਹਾਂ ਦੇ ਉਤੇ, ਉਨ੍ਹਾਂ ਦੇ ਮਨ 'ਚ ਇਹ ਨਿਹਚਾ ਹੋ ਗਿਆ ਕਿ ਗੁਰੂ ਬਨਾਉਣਾ ਤਾਂ ਸਾਡੇ ਹੱਥ ਹੈ। ਅਸੀਂ ਇਲਾਕੇ ਦੇ ਮਸੰਦ ਹਾਂ ਸਾਰੀ ਸੰਗਤ ਸਾਡੇ ਹੱਥ ਵਿੱਚ ਹੁੰਦੀ ਹੈ ਤੇ ਜਿਹਨੂੰ ਜੀਅ ਕਰੇ ਗੁਰੂ ਬਣਾ ਲਵਾਂਗੇ। ਗੁਰੂਆਂ 'ਚ ਕੋਈ ਖਾਸ ਗੱਲ ਹੁੰਦੀ ਹੈ? ਜੇ ਗੁਰੂਆਂ 'ਚ ਸ਼ਕਤੀ ਹੁੰਦੀ ਤਾਂ ਔਰੰਗਜ਼ੇਬ ਦੀ ਤਲਵਾਰ ਉਨ੍ਹਾਂ ਦਾ ਸੀਸ ਕਿਵੇਂ ਕੱਟ ਦਿੰਦੀ। ਐਹੋ ਜਿਹੀਆਂ ਤਰਕਾਂ ਆ ਗਈਆਂ ਸਨ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਸੀ-

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***

ਉਹ ਸਮਰੱਥ ਸੀ, ਇੱਕ ਬਚਨ ਕਰਕੇ ਹੀ ਸਭ ਕੁੱਛ ਕਰ ਦਿੰਦੇ ਲੇਕਿਨ ਉਹ ਨਾਟਕ ਚੇਟਕ ਸਤਿਪੁਰਸ਼ ਦਿਖਾਇਆ ਨਹੀਂ ਕਰਦੇ। ਨਿਹਚਾ ਨਹੀਂ ਸੀ ਆ ਰਿਹਾ ਉਨ੍ਹਾਂ ਨੂੰ ਗੁਰੂ ਮਹਾਰਾਜ 'ਤੇ, ਕਿੰਨੇ ਕੌਤਕ ਮਹਾਰਾਜ ਨੇ ਦਿਖਾਏ ਤੇ ਅੱਜ ਦੀਵਾਨ ਲੱਗਿਆ ਹੋਇਆ ਹੈ ਉਹਦੇ ਵਿੱਚ ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਕਰ ਰਹੇ। ਕੁਛ ਥੋੜ੍ਹੇ-ਥੋੜ੍ਹੇ ਹਾਸੇ ਦੇ ਵੀ ਬਚਨ ਚੱਲਣ ਲੱਗ ਗਏ, ਹਲਕਾ-ਹਲਕਾ ਉਪਦੇਸ਼ ਦੇਣ ਦੇ ਵਾਸਤੇ। ਸਤਿਪੁਰਸ਼ ਜਦੋਂ ਹਸਦੇ ਨੇ ਉਪਦੇਸ਼ ਦਿੰਦੇ ਨੇ।

ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨਾਲੇ ਹੱਸੀ ਜਾਂਦੇ ਸੀ, ਨਾਲੇ ਬੜੀ ਡੂੰਘੀ ਤੋਂ ਡੂੰਘੀ ਗੱਲ ਹੱਸ ਕੇ ਕਹਿ ਦੇਣੀ। ਐਸਾ ਮਾਹੌਲ ਦੇਖ ਕੇ ਉਥੇ ਇੱਕ ਮਦਾਰੀ ਆ ਗਿਆ ਰਿੱਛ ਵਾਲਾ, ਬੜਾ ਵੱਡਾ ਰਿੱਛ ਸੀ ਉਸ ਦੇ ਕੋਲ ਤੇ ਆ ਕੇ ਤਮਾਸ਼ਾ ਦਿਖਾਉਣ ਲੱਗ ਗਿਆ। ਤਮਾਸ਼ਾ ਦਿਖਾਉਂਦਾ ਹੈ ਉਸ ਵੇਲੇ ਗਿਆਰ੍ਹਾਂ ਸਾਲ ਦੀ ਉਮਰ ਸੀ ਆਪ ਦੀ। 1734 ਸੰਮਤ ਸੀ ਉਸ ਵੇਲੇ ਤੇ ਉਹ ਕੁਸ਼ਤੀਆਂ ਦਿਖਾ ਰਿਹਾ ਹੈ। ਕਦੇ ਥੱਲੇ ਆ ਜਾਂਦਾ ਹੈ ਮਦਾਰੀ, ਕਦੇ ਰਿੱਛ ਆ ਜਾਂਦਾ ਹੈ, ਬੜੀ ਦੇਰ ਕਰਦੇ ਦੋਵੇਂ ਗਰਮੀ-ਗਰਮੀ ਹੋ ਗਏ। ਉਹ ਵੀ ਪੂਰਾ ਤਾਣ ਲਾ ਰਿਹਾ ਸੀ, ਉਹ ਵੀ ਤਕੜਾ ਸੀ ਪੂਰਾ ਤਾਣ ਲਾ ਰਿਹਾ ਸੀ ਤੇ ਸਾਰੇ ਦੇਖ-ਦੇਖ ਕੇ ਹੱਸ ਰਹੇ ਨੇ ਉਹਨੂੰ। ਐਨੇ ਨੂੰ ਜਿਹੜਾ ਚੌਰ ਬਰਦਾਰ ਸੀ ਭਾਈ ਕੀਰਤੀਆ! ਉਹ ਵੀ ਹੱਸਦਾ ਹੈ। ਮਹਾਰਾਜ ਨੇ ਉਪਰ ਨੂੰ ਉਸ ਵੱਲ ਦੇਖਿਆ, ਕਹਿੰਦੇ ਭਾਈ ਕੀਰਤੀਆ! ਤੂੰ ਨਾ ਹੱਸ ਬਾਕੀਆਂ ਨੂੰ ਹੱਸ ਲੈਣ ਦੇ। ਕਹਿੰਦਾ, ਮਹਾਰਾਜ! ਮੈਂ ਕਿਉਂ ਨਾ ਹੱਸਾਂ? ਇਹ ਵੀ ਮੈਨੂੰ ਸਮਝਾ ਦਿਓ ਕੋਈ ਭੇਤ ਦੀ ਗੱਲ ਹੈ?

ਕਹਿੰਦੇ ਹਾਂ।

ਕਹਿਣ ਲੱਗੇ, ਤੇਰਾ ਬਾਪੂ ਹੈ ਇਹ?

ਕਹਿੰਦਾ, ਮੇਰਾ ਪਿਤਾ ਤਾਂ ਸੱਚੇ ਪਾਤਸ਼ਾਹ! ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਸੇਵਾ ਕਰਦਾ ਸੀ ਤੇ ਜੇ ਮੇਰਾ ਪਿਤਾ ਚੌਰ ਬਰਦਾਰ ਹੋ ਕੇ ਰਿੱਛ ਬਣਦਾ ਹੈ ਤਾਂ ਮੈਂ ਫੇਰ ਤੁਹਾਡੀ ਸੇਵਾ ਕਰਕੇ ਬਾਂਦਰ ਬਣ ਜਾਊਂਗਾ। ਫੇਰ ਗੁਰੂਆਂ ਦੀ ਸੇਵਾ ਕਰਨ ਦਾ ਕੀ ਫਲ ਹੋਇਆ? ਮਹਾਰਾਜ ਕਹਿੰਦੇ, ਭਾਈ ਕੀਰਤੀਆਂ! ਗੁਰੂ ਨਾਨਕ ਸਾਹਿਬ ਨੇ ਤਾਂ ਸਾਰਾ ਕੁਛ ਖੋਲ੍ਹ ਕੇ ਦੱਸਿਆ ਹੋਇਆ ਹੈ ਕਿ ਜੇ ਸੇਵਾ, ਸੇਵਾ ਦੇ ਤੌਰ 'ਤੇ ਕੀਤੀ ਜਾਵੇ ਤਾਂ ਇੱਥੇ ਵੀ ਮਾਣ ਮਿਲਦਾ ਹੈ ਤੇ ਦਰਗਾਹ ਵਿੱਚ ਵੀ ਮਾਣ ਮਿਲਦਾ ਹੈ। ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਗੁਰੂ ਨਾਨਕ ਇਹ ਕਹਿੰਦੇ ਨੇ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ - 26***

ਇਹ ਠੀਕ ਹੈ ਸੇਵਾ ਕਰਨ ਵਾਲੇ ਨੂੰ ਇੱਥੇ ਵੀ ਮਾਣ -

***ਗੁਰ ਕੀ ਸੇਵਾ ਪਾਏ ਮਾਨੁ ॥*** ***ਅੰਗ - 864***

ਲੇਕਿਨ ਸੇਵਾ-ਸੇਵਾ ਕਰਨ ਵਿੱਚ ਫਰਕ ਹੈ, ਜੇ ਤਾਂ ਬੱਧਾ ਚੱਟੀ ਕਰਦਾ ਹੈ ਜਾਂ ਇਸ ਕਰਕੇ ਕਰਦਾ ਹੈ ਕਿ ਬਾਬਾ ਜੀ ਨਰਾਜ਼ ਨਾ ਹੋ ਜਾਣ, ਦੇਖਦੇ ਨੇ ਸੇਵਾ ਕਰਾਂ, ਉਹ ਤਾਂ ਸੇਵਾ ਹੋਰ ਚੀਜ਼ ਹੈ। ਇੱਕ ਆਪੇ ਹੀ ਜਾਂਦਾ ਹੈ, ਆਪਣੇ ਆਪ ਹੀ ਸੇਵਾ ਕਰਨ। ਬਈ ਮੈਂ ਹੁਣ ਸੇਵਾ ਕੀ ਕਰਾਂ।

ਹੁਣ ਇੱਥੇ ਬੀਬੀਆਂ ਆਉਂਦੀਆਂ ਨੇ, ਬਈ ਭਾਈ ਬੀਮਾਰੀ ਹੱਟ ਜਾਊਗੀ ਸੇਵਾ ਕਰੋ। ਗੁਰੂ ਪ੍ਰਸੰਨ ਹੋ ਜਾਏਗਾ। ਕਈ ਵਾਰੀ ਮੈਂ ਦੇਖਦਾ ਹਾਂ, ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਦਿਲੋਂ ਸੇਵਾ ਨਹੀਂ ਕਰਦੀ ਬੱਸ ਰਾਜ਼ੀ ਹੋਣ ਵਾਸਤੇ ਹੀ ਕਰਦੀ ਹੈ। ਮੈਨੂੰ ਪਤਾ ਲਗ ਜਾਂਦਾ ਹੈ ਸਾਧਸੰਗਤ ਜੀ, ਮੇਰੇ ਤੋਂ ਪੁੱਛ ਲੈਣ ਮੈਂ ਆਪੇ ਹੀ ਦੱਸ ਦਿੰਦਾ ਹਾਂ। ਸੇਵਾ ਹੋਰ ਚੀਜ਼ ਹੁੰਦੀ ਹੈ, ਨੱਠ-ਨੱਠ ਕੇ ਪੈਂਦਾ ਹੈ ਬੰਦਾ। ਇੱਥੇ ਕਰਦੇ ਨੇ ਬੱਚੇ ਸੇਵਾ। ਬੜਾ ਚਿੱਤ ਖੁਸ਼ ਹੁੰਦਾ ਹੈ ਉਨ੍ਹਾਂ ਨੂੰ ਦੇਖ ਕੇ। ਕਈ ਐਸੇ ਵੀ ਹੁੰਦੇ ਨੇ ਉਹ ਮੂੰਹ ਮੁਲਾਹਜ਼ਾ ਰੱਖਣ ਵਾਸਤੇ ਸੇਵਾ ਕਰਦੇ ਨੇ, ਬਈ ਬਾਬਾ ਜੀ ਖੜ੍ਹਾ ਹੈ ਇਹਨੇ ਕਹਿਣਾ ਹੈ ਕਿ ਇਹ ਆਇਆ ਹੀ ਨਹੀਂ ਹੈ। ਆਥਣੇ ਜਦੋਂ ਮੈਂ ਤੁਰਨ ਲੱਗਾਂਗਾ ਜਦ ਕੁ ਦਰਸ਼ਨ ਹੁੰਦੇ ਨੇ, ਨਹੀਂ ਤਾਂ ਹੁੰਦੇ ਹੀ ਨਹੀਂ ਇਧਰ ਉਧਰ ਘੁੰਮੀ ਜਾਂਦੇ ਨੇ। ਉਹ ਨਹੀਂ ਸੇਵਾ -

***ਵਿਚਿ ਹਉਮੈ ਸੇਵਾ ਥਾਇ ਨ ਪਾਏ ॥***
***ਜਨਮਿ ਮਰੈ ਫਿਰਿ ਆਵੈ ਜਾਏ ॥*** ***ਅੰਗ - 1071***

ਸਤਿਗੁਰੂ ਦੀ ਸੇਵਾ ਤਾਂ ਸਫਲ ਹੈ। ਕਹਿੰਦੇ ਉਹਦੀ ਸਫਲ ਹੈ -

***ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥***

***ਅੰਗ - 552***

ਜਿਹੜਾ ਚਿੱਤ ਲਾ ਕੇ ਕਰਦਾ ਹੈ ਤੇ ਨਿਮਾਣਾ ਹੋ ਕੇ ਕਰਦਾ ਹੈ, ਸ਼ੁਕਰ 'ਚ ਰਹਿੰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਤੂੰ ਮੈਨੂੰ ਸੇਵਾ ਕਰਨ ਦਾ ਬਲ ਬਖਸ਼ ਦਿੱਤਾ ਹੈ ਮਨੁੱਖ ਜਾਮੇ 'ਚ, ਬਣ ਕੇ ਨਹੀਂ ਕਰਦਾ। ਜਿਹੜਾ ਬਣ ਕੇ ਕਰਦਾ ਹੈ, ਮਹਾਰਾਜ ਕਹਿੰਦੇ ਉਹ ਤਾਂ ਨਹੀਂ ਸੇਵਕ ਹੈਗਾ। ਬਾਕੀ ਉਹ ਤਾਂ ਬਾਤਾਂ ਚੀਤਾਂ ਨੇ, ਬਾਤਾਂਚੀਤਾਂ ਨੂੰ ਤਾਂ ਮਹਾਰਾਜ ਐਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ ਚਾਕਰ ਕੋਈ-ਕੋਈ ਹੈ।***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥***

***ਅੰਗ - 474***

ਮਹਾਰਾਜ ਕਹਿੰਦੇ ਗੱਲਾਂ ਵਾਲੀ ਦੁਨੀਆਂ ਬੇਅੰਤ ਹੈ। ਲੇਕਿਨ ਸੱਚੇ ਦਿਲ ਦਾ ਚਾਕਰ ਹੋਣਾ ਬਹੁਤ ਮੁਸ਼ਕਲ ਹੈ। ਸੇਵਾਦਾਰ ਹੋਣਾ ਬਹੁਤ ਮੁਸ਼ਕਲ ਹੈ। ਕਹਿੰਦੇ ਉਹ ਹੁੰਦਾ ਹੈ ਜਿਹੜਾ ਆਪਣਾ *'ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ ਅੰਗ - 1247'* ਜਿਹੜਾ ਸਿਰ ਦੀ ਵੀ ਪਰਵਾਹ ਨਾ ਕਰੇ, ਉਹਦਾ ਹੁੰਦਾ ਹੈ।

ਇੱਥੇ ਰਤਵਾੜਾ ਸਾਹਿਬ ਮੇਰੇ ਕੋਲ ਆਇਆ ਬੱਚਾ, ਕਹਿੰਦਾ ਜੀ ਵਾਹਿਗੁਰੂ ਮੰਤ੍ਰ ਦੀ ਰੌਲ 'ਤੇ ਬੈਠਣ ਨੂੰ ਕੋਈ ਬੀਬੀ ਤਿਆਰ ਨਹੀਂ ਹੋ ਰਹੀ, ਕੋਈ ਭਾਈ ਨਹੀਂ ਤਿਆਰ ਹੋ ਰਿਹਾ। ਇਹ ਤਾਂ ਬੀਮਾਰ ਹੋ ਜਾਣਗੇ ਸਾਰੇ, ਇਹ ਤਾਂ ਅਸੀਂ ਕਰਿਆ ਹੀ ਤਾਂ ਹੈ, ਬਈ ਗੁਰਦੁਆਰੇ ਦੇ ਪ੍ਰਸ਼ਾਦੇ ਛੱਕ ਭਜਨ ਵੀ ਬਰਾਬਰ ਦਾ ਹੁੰਦਾ ਰਹੇ। ਬਈ ਇਨ੍ਹਾਂ ਨੂੰ ਇਹ ਗੱਲ ਸਮਝ ਵਿੱਚ ਹੀ ਨਹੀਂ ਪਈ। ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਹੀ ਟਲਦੇ ਨੇ। ਮੈਂ ਕਿਹਾ ਜਾਹ, ਜਿਹੜੀ ਬੀਬੀ ਨੂੰ ਕਹੇਂਗਾ, ਜੇ ਉਹਨੇ ਨਾਂਹ ਕਰੀ, ਮੇਰੇ ਕੋਲ ਲਿਆਈਂ ਫਟਾਫਟ, ਫੇਰ ਉਹਨੇ ਜਾ ਕੇ ਕਿਹਾ, ਫੇਰ ਉਹ ਆਇਆ ਨਹੀਂ। ਮੈਂ ਹੈਰਾਨ ਸੀ ਇਸ ਗੱਲ ਦੇ ਉਤੇ। ਇਹ ਮੈਂ ਤਾਂ ਕਰਦਾ ਹਾਂ ਇੱਥੇ ਵਾਲਿਆਂ ਨਾਲ ਗੱਲ ਕਿਉਂਕਿ ਇਹ ਸੇਵਾਦਾਰ ਕਹਾਉਂਦੇ ਨੇ, ਘਰ-ਬਾਰ ਛੱਡੇ, ਫੇਰ ਸਹੀ ਸੇਵਾ ਵਾਲਾ ਹੋਣਾ ਚਾਹੀਦਾ ਹੈ। ਜੇ ਤਾਂ ਐਡਾ ਸ਼ੌਕ ਹੋਵੇ ਫੇਰ ਤਾਂ ਠੀਕ ਹੈ, ਨਹੀਂ ਤਾਂ ਆਪਣੇ ਘਰ ਜਾ ਕੇ ਵਿਆਹ ਵਗੈਰਾ ਕਰਾਓ, ਜਿੱਥੇ ਦੁਨੀਆਂ ਰੋਂਦੀ ਕੁਰਲਾਉਂਦੀ ਹੈ ਉਥੇ ਆਪ ਫਿਰੀ ਜਾਓ ਵਿਚੇ, ਗੁਜ਼ਾਰਾ ਸਭ ਦਾ ਹੋ ਹੀ ਜਾਣਾ ਹੈ। ਜੇ ਗੁਰੂ ਦੇ ਦਰ 'ਤੇ ਆਉਣਾ ਹੈ ਤਾਂ ਗੁਰੂ ਦਾ ਦਰਬਾਰ ਕੁਛ ਹੋਰ ਤਰ੍ਹਾਂ ਦਾ ਹੈ। ਉਹ ਤਾਂ ਕਹਿੰਦਾ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

ਰੇਣਕਾ ਬਣ ਕੇ ਆ। ਮਹਾਰਾਜ ਕਹਿੰਦੇ ਸੇਵਾ ਸੇਵਾ 'ਚ ਭਾਈ ਕੀਰਤੀਆਂ ਫਰਕ ਹੈ ਤੇਰਾ ਪਿਤਾ ਸੇਵਾ ਤਾਂ ਕਰਦਾ ਸੀ, ਚੌਰ ਬਰਦਾਰ ਸੀ, ਹਰ ਵਕਤ ਗੁਰੂ ਦੇ ਕੋਲ ਰਹਿੰਦਾ ਸੀ। ਪਰ ਉਹਦੇ ਮਨ ਵਿਚ ਅਭਿਮਾਨ ਬੜਾ ਸੀ ਬਈ ਮੈਂ ਗੁਰੂ ਦਾ ਚੌਰੀ ਹਾਂ।

ਕਹਿੰਦਾ, ਮਹਾਰਾਜ! ਗੱਲ ਕੀ ਹੋਈ ਆਪ ਖੋਲ੍ਹ ਕੇ ਦੱਸੋ?

ਮਹਾਰਾਜ ਨੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਵਾਨ ਦਾ ਭੋਗ ਪਿਆ ਤੇ ਮਹਾਰਾਜ ਅਜੇ ਬੈਠੇ ਨੇ ਤੇ ਤੇਰਾ ਪਿਤਾ ਪ੍ਰਸ਼ਾਦ ਵੰਡਣ ਲੱਗ ਗਿਆ। ਪ੍ਰਸ਼ਾਦ ਵੰਡਦੇ-ਵੰਡਦੇ ਉਥੇ ਇੱਕ ਕਿਸਾਨ ਦਸਵੰਧ ਲਈਂ ਆਉਂਦਾ ਸੀ। ਉਹਨੇ ਅੱਗੇ ਜਾਣਾ ਸੀ, ਉਹਨੇ ਗੱਡਾ ਰੋਕ ਲਿਆ, ਮਨ ਵਿੱਚ ਹੋਇਆ ਕਿ ਭੋਗ ਲੱਗਿਆ ਹੋਇਆ ਹੈ ਗੁਰੂ ਦਾ, ਜਦੋਂ ਭੋਗ ਲੱਗ ਗਿਆ ਸ਼ੀਤ ਪ੍ਰਸ਼ਾਦ ਜਿਹੜਾ ਗੁਰੂ ਦਾ ਖਾ ਲਏਗਾ, ਉਹਦੇ ਤਨ ਮਨ ਸਭ ਨਿਰਮਲ ਹੋ ਜਾਣੇ ਨੇ। ਗੁਰੂ ਦਾ ਸ਼ੀਤ ਪ੍ਰਸ਼ਾਦ ਕਿਤੇ ਮਿਲਦਾ ਹੈ? ਬਈ ਹੋਵੇ ਨਾ ਤਾਂ ਮੈਂ ਭਾਗਾਂ ਵਾਲਾ ਬਣਾਂ ਤੇ ਮੈਂ ਪ੍ਰਸ਼ਾਦ ਲੈ ਆਵਾਂ।

ਸ਼ੀਤ ਪ੍ਰਸ਼ਾਦ ਹੁੰਦਾ ਹੈ ਇਹ। ਕਹਿੰਦੇ ਵੀ ਹਾਂ ਅਰਦਾਸ ਦੇ ਅੰਦਰ ਤੇ ਨਾਲ ਇਹ ਅਰਦਾਸ ਕਰਦੇ ਨੇ ਕਿ ਬੰਦਗੀ ਕਰਨ ਦਾ ਵਲ ਆ ਜਾਵੇ, ਸ਼ੀਤ ਪ੍ਰਸ਼ਾਦ ਛਕ ਕੇ, ਨਾਮ ਜਪਣ ਦਾ, ਸੇਵਾ ਕਰਨ ਦਾ। ਬੜਾ ਕੁਛ ਅਰਦਾਸ ਕਰਨ ਵਾਲੇ ਕਹਿੰਦੇ ਨੇ।

ਕਹਿੰਦੇ ਉਹ ਇਸ ਆਸ਼ੇ ਨਾਲ ਆਇਆ। ਇਧਰਲੇ ਪਾਸੇ ਤੇਰੇ ਪਿਤਾ ਦੇ ਸਾਮ੍ਹਣੇ ਆ ਗਿਆ, ਗੱਡੇ ਦੀ ਧੂੜ ਨਾਲ ਲੱਥਪੱਥ ਹੋਇਆ, ਦਾਹੜ੍ਹੇ 'ਤੇ ਧੂੜ ਹੀ ਧੂੜ ਪਈ ਹੋਈ ਹੈ, ਚਿਹਰਾ ਧੂੜ ਨਾਲ ਲੱਥਪੱਥ ਹੋਇਆ, ਲੱਤਾਂ 'ਤੇ ਧੂੜ, ਕੱਪੜਿਆਂ 'ਤੇ ਧੂੜ, ਹੱਥ ਉਸਨੇ ਛੇਤੀ ਦੇ ਕੇ ਕੱਪੜੇ ਨਾਲ ਪੂੰਝ ਲਏ। ਜਦੋਂ ਤੇਰੇ ਪਿਤਾ ਕੋਲ ਆਇਆ ਤਾਂ ਉਹ ਕਹਿਣ ਲੱਗਿਆ ਕਿ ਪਰ੍ਹੇ ਹੋ ਕੇ ਬੈਠ, ਫਿੱਕਾ ਬੋਲਿਆ। ਗੱਡਾ ਉਹਦਾ ਤੁਰ ਪਿਆ, ਉਹਨੇ ਦੇਖ ਲਿਆ ਕਿ ਗੱਡਾ ਤੁਰਿਆ ਜਾਂਦਾ ਹੈ।

ਦੂਸਰੀ ਵਾਰੀ ਉਹਨੇ ਕਿਹਾ ਕਿ ਸ਼ਾਇਦ ਮੈਨੂੰ ਹੁਣ ਪ੍ਰਸ਼ਾਦ ਦੇ ਦੇਵੇ, ਕਿਹਾ ਕਿਤੇ ਗੱਡਾ ਪਾਸ ਨਾ ਮਾਰ ਜਾਏ, ਬਲਦ ਤੁਰ ਪਏ। ਕਹਿੰਦੇ, ਪ੍ਰੇਮੀਆਂ! ਉਹ ਜਦੋਂ ਤੇਰੇ ਪਿਤਾ ਦੇ ਸਾਮ੍ਹਣੇ ਦੂਜੀ ਵਾਰੀ ਆਇਆ ਉਸ ਵੇਲੇ ਤੇਰਾ ਪਿਤਾ ਕਹਿਣ ਲੱਗਿਆ ਕਿ ਤੈਨੂੰ ਕਿਹਾ ਸੀ ਉਥੇ ਬੈਠ, ਕਹਿੰਦਾ ਰਿੱਛ ਜਿਹਾ, ਟੱਪ ਕੇ ਫੇਰ ਸਾਮ੍ਹਣੇ ਆ ਗਿਆ। ਮਹਾਰਾਜ ਕਹਿਣ ਲੱਗੇ ਕਿ ਫਿੱਕਾ ਬੋਲਿਆ, ਕੁਰਹਿਤ ਕਰ ਦਿੱਤੀ ਫਿੱਕਾ ਬੋਲਣ ਨਾਲ। ਰਹਿਤਾਂ ਕੇਵਲ ਇਹੀ ਨਹੀਂ ਕਿ ਕਿਰਪਾਨ ਪਹਿਨ ਲਓ। ਕਛਹਿਰਾ ਪਹਿਨ ਲਓ, ਇਹ ਤਾਂ ਸਰੀਰ ਦੀਆਂ ਰਹਿਤਾਂ ਨੇ, ਅੰਦਰਲੀਆਂ ਰਹਿਤਾਂ ਜਿਹੜੀਆਂ ਖਰਾਬ ਕਰਦੀਆਂ ਨੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***

*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ - 755*

ਕਿਵੇਂ ਸਿੱਖ ਕਹਾ ਲਊ ਆਪਣੇ ਆਪ ਨੂੰ, ਨਿੰਦਿਆ ਕਰਨ ਵਾਲਾ। ਉਹ ਤਾਂ ਮਨਮੁਖ ਤੇ ਮੂਰਖ ਹੈ, ਮੁਗਧ ਹੈ, ਚੁਗਲੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ? ਬੇਈਮਾਨੀ, ਠੱਗੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ? ਜਦੋਂ ਰਹਿਤਾਂ ਦੀ ਉਲੰਘਣਾ ਕਰੇਗਾ ਫੇਰ ਸਜ਼ਾ ਪਾਵੇਗਾ ਤੇ ਰਹਿਤ ਇਸ ਤਰ੍ਹਾਂ ਕਹਿੰਦੀ ਹੈ -

*ਧਾਰਨਾ - ਫਿੱਕਾ ਬੋਲ ਨਾ ਜ਼ੁਬਾਨ ਵਿੱਚੋਂ ਬੋਲੀਐ,*
*ਦਰਗਾਹ ਵਿੱਚ ਧੱਕੇ ਖਾਵੇਂਗਾ।*

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ਅੰਗ - 473*

ਕਹਿੰਦੇ, ਕੁਰਹਿਤ ਕਰ ਦਿੱਤੀ ਉਹਨੇ। ਆਪਣਾ ਤਨ ਮਨ ਫਿੱਕਾ ਹੋਇਆ ਰਿੱਛ ਕਹਿ ਕੇ। ਫੇਰ ਉਹਨੇ ਜਦੋਂ ਦਰਗਾਹ 'ਚ ਪਹੁੰਚਿਆ, ਫੇਰ ਜਾਣਾ ਤਾਂ ਸਚਖੰਡ ਨੂੰ ਸੀ। ਲੇਕਿਨ ਫਿੱਕਾ ਕਹਿਣ ਦੇ ਨਾਲ ਧੱਕਿਆ ਗਿਆ ਦਰਗਾਹ 'ਚੋਂ।

ਦਰਗਾਹ 'ਚੋਂ ਸੁੱਟ ਦਿੰਦੇ ਨੇ, ਫਿੱਕੇ ਦਾ ਥਾਂ ਨਹੀਂ ਦਰਗਾਹ ਹੈ। ਕਹਿਣ ਲੱਗੇ, ਫਿੱਕਾ ਬੋਲਿਆ ਰਿੱਛ ਜਿਹਾ ਉਪਰ ਨੂੰ ਚੜ੍ਹਦਾ ਆਉਂਦਾ ਹੈ, ਬੈਠ ਨਹੀਂ ਹੁੰਦਾ ਤੇਰੇ ਤੋਂ। ਗੱਡਾ ਕਹਿੰਦੇ ਕਾਫੀ ਦੂਰ ਚਲਿਆ ਗਿਆ।

ਸਿੱਖ ਪਤਾ ਹੈ ਕੌਣ ਸੀ ਉਹ? ਅਭੇਦ ਅਵਸਥਾ ਦਾ ਸਿੱਖ ਸੀ, ਜਿਹੜਾ ਅਭੇਦ ਅਵਸਥਾ ਦਾ ਸਿੱਖ ਹੁੰਦਾ ਹੈ ਉਹਦੀ ਅਵਸਥਾ ਬਹੁਤ ਉੱਚੀ ਹੁੰਦੀ ਹੈ -

*ਧਾਰਨਾ - ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397*

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਕਹਿੰਦੇ ਕੀਰਤੀਆਂ, ਉਹ ਜਿਹੜਾ ਸਿੱਖ ਸੀ ਉਹ ਤਾਂ ਗੁਰੂ ਦਾ ਰੂਪ ਹੋਇਆ ਹੋਇਆ ਸੀ, ਅਭੇਦ ਅਵਸਥਾ ਦਾ ਸਿੱਖ ਸੀ, ਹਰ ਵਕਤ ਗੁਰੂ 'ਚ ਰਹਿੰਦਾ ਸੀ, ਤੇਰੇ ਪਿਉ ਨੇ ਸੁਣੀਆਂ ਹੋਈਆਂ ਸੀ ਸਾਖੀਆਂ ਕਿ ਭਾਈ ਲੱਖੂ! ਨੇ ਕਹਿ ਦਿੱਤਾ ਸੀ ਕਿ ਆਵੇ ਕੱਚੇ ਆਵੇ ਕੱਚੇ। ਲੇਕਿਨ ਅੰਦਰੋਂ ਨਹੀਂ ਮੰਨਦਾ ਕਿ ਸਿੱਖ ਗੁਰੂ ਦਾ ਰੂਪ ਹੁੰਦਾ ਹੈ। ਐਨਾ ਫਿੱਕਾ ਬੋਲਿਆ। ਉਹ ਸਿੱਖ ਨੇ ਬਚਨ ਸੁਣੇ, ਨੇਤਰਾਂ 'ਚ ਜਲ ਆ ਗਿਆ

ਉਹਦੇ ਕਿ ਗੁਰੂ ਦੀ ਹਜ਼ੂਰੀ 'ਚ, ਗੁਰੂ ਦਾ ਪ੍ਰਸ਼ਾਦ ਲੈਣਾ ਵੀ ਮੈਨੂੰ ਪ੍ਰਵਾਨ ਨਹੀਂ ਹੋਇਆ, ਇੱਕ ਕਿਣਕਾ ਗਿਰਿਆ ਪਿਆ ਸੀ ਉਹ ਚੁੱਕ ਕੇ ਮੁੱਖ 'ਚੋਂ ਪਾ ਲਿਆ, ਕਹਿੰਦੇ ਸਿੱਖਾ! ਰਿੱਛ ਤਾਂ ਤੂੰਹੀ ਬਣਨਾ ਹੈ। ਐਨੀ ਗੱਲ ਕਹਿ ਦਿੱਤੀ। ਇਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

***ਧਾਰਨਾ – ਸੁੱਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

ਤੇਰਾ ਪਿਉ ਖਹਿਆ ਉਹਦੇ ਨਾਲ, ਅਭੇਦ ਅਵਸਥਾ ਦਾ, ਬ੍ਰਹਮਗਿਆਨੀ ਅਵਸਥਾ ਦਾ ਗੁਰਸਿੱਖ ਲੁਕਿਆ ਹੋਇਆ ਸੀ, ਛੁਪਿਆ ਹੋਇਆ। ਤੇਰੇ ਪਿਤਾ ਨੇ ਭੇਦ ਨਾ ਜਾਣਿਆ। ਪਿਆਰਿਆ! ਉਹਦੇ ਮੁੱਖ 'ਚੋਂ ਨਿਕਲ ਗਿਆ। ਸੰਤ ਕੁਛ ਵੀ ਬੋਲਦਾ ਹੈ, ਜਿਹੜਾ ਕੁਛ ਬੋਲਦਾ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸੇ ਬਚਨ ਹੋਵੰਦੇ, ਭਗਤ ਮੁਖੇ 'ਤੇ ਬੋਲਦੇ।***

***ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥***
***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥***

***ਅੰਗ – 306***

ਮੁਨੀਆਂ ਦੀ ਜਨਾਂ ਦੀ ਤੇ ਰਿਸ਼ੀਆਂ ਦੀ, ਚਾਰੇ ਵੇਦਾਂ ਦੀ ਬਾਤ ਤੁਹਾਨੂੰ ਦਸਦੇ ਹਾਂ –

***ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥***
***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***

***ਅੰਗ – 306***

ਬਚਨ ਹੋ ਗਿਆ ਭਾਈ ਕੀਰਤੀਆ! ਬਚਨ ਹੋ ਗਿਆ ਤੇ ਹੁਣ ਬਚਨ ਹੋਇਆ ਹੋਇਆ, ਮੈਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਚੌਰ ਬਰਦਾਰੀਆਂ ਹਾਂ, ਇਹਨੇ ਕੀ ਗੱਲ ਕਹਿ ਦਿੱਤੀ। ਇਹ ਨਹੀਂ ਹੈ ਕਿ ਉਸ ਤੋਂ ਮਾਫੀ ਮੰਗਦਾ, ਖਿਮਾ ਮੰਗਦਾ, ਨਾ ਆਪਣੇ ਅਭਿਮਾਨ 'ਚ ਰਿਹਾ ਕਿ ਆਪੇ ਗੁਰੂ ਮਹਾਰਾਜ ਮੈਂ ਜਿਨ੍ਹਾਂ ਦੀ ਸੇਵਾ ਕਰਦਾ ਹਾਂ ਇਹ ਦਰਗਾਹ 'ਚ ਸਹਾਇਤਾ ਕਰਨਗੇ। ਦੂਜੇ ਪਾਸੇ ਗੁਰੂ ਮਹਾਰਾਜ ਇਸ ਤਰ੍ਹਾਂ ਵੀ ਕਹਿੰਦੇ ਨੇ–

***ਧਾਰਨਾ – ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ।***

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥***
***ਗਿਰਿ ਬਸੁਧਾ ਜਲ ਪਵਨ ਜਾਇਗੋ***
***ਇਕਿ ਸਾਧ ਬਚਨ ਅਟਲਾਧਾ ॥*** ***ਅੰਗ – 1204***

ਸਾਧ ਦੇ ਮੁਖ ਤੋਂ ਬਚਨ ਹੋ ਗਿਆ। ਹੁਣ ਇਹਨੂੰ ਟਾਲਣ ਨੂੰ ਕੋਈ ਸਮਰ'ਥ ਨਹੀਂ। ਕਹਿੰਦਾ, ਮਹਾਰਾਜ! ਗੁਰੂ ਤੇਗ ਬਹਾਦਰ ਸਾਹਿਬ ਤਾਂ ਸੀਗੇ? ਕਹਿੰਦੇ, ਪ੍ਰੇਮੀਆਂ! ਗੁਰੂ ਤੇਗ ਬਹਾਦਰ ਇਹ ਕਹਿੰਦੇ ਨੇ ਕਿ ਉਹ ਮੇਰਾ ਹੀ ਰੂਪ ਸੀ, ਮੈਂ ਹੀ ਉਹਦੀ ਜ਼ੁਬਾਨ 'ਤੇ ਬੋਲਿਆ ਸੀ। ਗੁਰੂ ਹੀ

ਬੋਲਦਾ ਹੁੰਦਾ ਹੈ ਸੰਤਾਂ ਦੀ ਜ਼ੁਬਾਨ 'ਤੇ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥* ***ਅੰਗ - 263***

ਭਾਈ ਕੀਰਤੀਆ! ਉਹ ਆਪ ਨਹੀਂ ਸੀ ਬੋਲਿਆ, ਗੁਰੂ ਤੇਗ ਬਹਾਦਰ ਸਾਹਿਬ ਉਹਦੀ ਜ਼ੁਬਾਨ 'ਤੇ ਬੋਲੇ ਸੀ। ਬੋਲ ਕਿਵੇਂ ਟਲ ਜਾਵੇ, ਸੇਵਾ ਕੀਤੀ ਠੀਕ ਹੈ ਕਰੀ, ਉਸ ਸੇਵਾ ਦਾ ਹੀ ਫਲ ਹੈ ਕਿ ਇਹ ਫੇਰ ਸਾਡੇ ਸਾਮ੍ਹਣੇ ਆ ਗਿਆ। ਚਰਨ ਫੜ ਲਏ, ਆਕੜ ਛੱਡ ਦਿੱਤੀ। ਗੁਮਾਨ ਨਿਕਲ ਗਿਆ ਅੰਦਰੋਂ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਚੌਰ ਬਰਦਾਰੀ ਹਾਂ।

ਇਹ ਮਾਣ ਹੀ ਮਾੜੀ ਚੀਜ਼ ਹੁੰਦੀ ਹੈ ਜਿਹਨੂੰ ਹੋ ਜਾਵੇ ਉਹ ਡੁੱਬ ਜਾਂਦਾ ਹੈ। ਕਿਸੇ ਨੂੰ ਹੋ ਜਾਏ, ਸੰਤਾਂ ਦੇ ਬਹੁਤੇ ਸੇਵਾਦਾਰ ਇਸ ਕਰਕੇ down (ਬਹੁਤ ਹੀ ਹੇਠਾਂ) ਚਲੇ ਜਾਂਦੇ ਨੇ ਅਭਿਮਾਨ ਆ ਜਾਂਦਾ ਹੈ ਉਨ੍ਹਾਂ ਦੇ ਮਨਾਂ 'ਚ। ਕੁਛ ਲੈ ਨਹੀਂ ਸਕਦੇ ਫੇਰ ਇਹ ਨਿਮਰਤਾ ਦਾ ਘਰ ਹੈ। ਝੁਕੇ ਪੱਲੜੇ ਭਾਰੀ ਹੁੰਦੇ ਨੇ, ਉੱਚੇ ਪਲੜੇ ਫਿੱਕੇ ਪੈ ਜਾਂਦੇ ਨੇ।

ਕਹਿਣ ਲੱਗਿਆ ਕਿ ਮਹਾਰਾਜ! ਕ੍ਰਿਪਾ ਕਰੋ ਆਪ ਜਿਵੇਂ ਕਿਵੇਂ ਹੋਵੇ ਰੱਖੋ ਇਹਦੀ ਗੱਲ। ਮਹਾਰਾਜ ਨੇ ਰਿੱਛ ਵਾਲੇ ਨੂੰ ਕਿਹਾ ਕਿ ਕਿੰਨੇ ਪੈਸੇ ਲੈਣੇ ਨੇ? ਕਹਿੰਦਾ ਦੋ ਸੌ ਰੁਪਿਆ। ਮਹਾਰਾਜ ਕਹਿੰਦੇ ਦਿਓ ਦੋ ਸੌ ਰੁਪਿਆ। ਉਹਨੇ ਕਿਹਾ ਕਿ ਮੈਂ ਤਾਂ ਐਵੇਂ ਹੀ ਦੋ ਸੌ ਕਹਿ ਦਿੱਤਾ, ਪੰਜ ਸੌ ਸੱਤ ਸੌ ਕਹਿਣਾ ਚਾਹੀਦਾ ਸੀ ਮੈਨੂੰ। ਇਹ ਦੋ ਸੌ ਰੁਪਿਆ ਤਾਂ ਮੈਨੂੰ ਦੇ ਦੇਣਗੇ, ਮੈਂ ਜ਼ਿਆਦਾ ਮੰਗਾਂ, ਅੜਾਂ ਥੋੜ੍ਹਾ ਜਿਹਾ। ਉਸ ਵੇਲੇ ਕਹਿੰਦਾ ਮੈਂ ਨਹੀਂ ਵੇਚਣਾ ਮਹਾਰਾਜ। ਮਹਾਰਾਜ ਕਹਿੰਦੇ, ਦੇਖ ਸਾਰਿਆਂ ਦੇ ਸਾਮ੍ਹਣੇ ਤੂੰ ਜ਼ੁਬਾਨ ਕਰੀ ਹੈ ਤੇ ਹੁਣ ਕਿਵੇਂ ਮੁਕਰਦਾ ਹੈਂ? ਕਹਿੰਦੇ, ਜਾਓ ਸਿੰਘੋ! ਇਹਦਾ ਜਿਹੜਾ ਧਨ ਹੈ ਉਹਨੂੰ ਵੀ ਲੇਖੇ 'ਚ ਲਾਓ। ਇਹ ਸਾਡੇ ਸਿੱਖ ਨੂੰ ਫੜੀ ਫਿਰਦਾ ਹੈ। ਲੈ ਲਿਆ, ਦੋ ਸੌ ਰੁਪਏ ਦਾ ਪ੍ਰਸ਼ਾਦ ਲਿਆਓ ਬਣਾ ਕੇ। ਪ੍ਰਸ਼ਾਦ ਲਿਆਂਦਾ ਤੇ ਮਹਾਰਾਜ ਜੀ ਨੇ ਅਰਦਾਸ ਆਪ ਕਰੀ, ਗੁਰੂ ਨਾਨਕ ਦੇ ਦਰਬਾਰ 'ਤੇ। ਸੀਗੇ ਤਾਂ ਆਪ ਹੀ ਸਭ ਕੁਛ ਪਰ ਸਾਨੂੰ ਸਿਖਾਉਂਦੇ ਸੀ ਕਿ ਐਸ ਤਰ੍ਹਾਂ ਕਰੀਦਾ ਹੁੰਦਾ ਹੈ। ਪ੍ਰਸ਼ਾਦ ਪਾਇਆ, ਦੜੰਮ ਦੇ ਕੇ ਰਿੱਛ ਮਰ ਗਿਆ। ਸ਼ੀਤ ਪ੍ਰਸ਼ਾਦ ਦਿੱਤਾ ਉਸੇ ਵੇਲੇ ਇੱਕ ਦਮ ਰਿੱਛ ਦੀ ਜੂਨੀ ਛੁੱਟ ਗਈ ਤੇ ਕੀ ਦੇਖਦੇ ਨੇ ਸਾਮ੍ਹਣੇ ਭਾਈ ਕੀਰਤੀਏ ਦਾ ਪਿਉ ਖੜ੍ਹਾ ਹੈ। ਨਮਸ਼ਕਾਰਾਂ ਕਰਦਾ ਹੈ, ਪਾਤਸ਼ਾਹ! ਭੁੱਲ ਹੋ ਗਈ ਸੀ, ਫੇਰ ਵੀ ਤੁਸੀਂ ਬਿਰਦ ਬਾਣੇ ਦੀ ਲਾਜ ਰੱਖ ਲਈ। ਭਗਤ ਵਛਲ ਓਂ ਤੁਸੀਂ ਮੈਨੂੰ ਫੇਰ ਰੱਖ ਲਿਆ।

ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੇ ਅਨੇਕ ਕੌਤਕ ਨੇ, ਜੇ ਦੋ ਚਾਰ ਮਹੀਨੇ, ਛੇ ਮਹੀਨੇ ਵੀ ਵਿਚਾਰ ਕਰੀ ਜਾਈਏ,

ਤਾਂ ਵੀ ਖਤਮ ਹੋਣ 'ਚ ਨਹੀਂ ਆਉਂਦੇ। ਅੱਜ ਆਪ ਉਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਓਂ ਤੇ ਉਨ੍ਹਾਂ ਨੇ ਜੋ ਬਚਿੱਤਰ ਚੀਜ਼ ਲਿਆਂਦੀ ਹੈ, ਉਹ ਹੈ ਅੰਮ੍ਰਿਤ। ਅੰਮ੍ਰਿਤ ਹਰੇਕ ਦੇ ਅੰਦਰ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ – 293*

ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ, ਜਿੰਨੀ ਦੇਰ ਤੱਕ ਪੰਜ ਪਿਆਰਿਆਂ ਤੋਂ ਬਾਹਰੋਂ ਅੰਮ੍ਰਿਤ ਦੀ ਦਾਤ ਲੈ ਕੇ ਨਾਮ ਦੀ ਕਮਾਈ ਨਾ ਕਰੇ। ਬਾਹਰੋਂ ਨਾਮ ਲਓ ਪੰਜ ਪਿਆਰਿਆ ਤੋਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਜੋ ਟਰੱਸਟੀ ਹੈ, ਉਹ ਪੰਜ ਪਿਆਰੇ ਨੇ। ਉਨ੍ਹਾਂ ਨੇ ਨਾਮ ਦੇਣਾ ਹੈ ਪੰਜਾਂ ਨੇ ਇਕੱਠੇ ਹੋ ਕੇ। ਉਹ ਨਾਮ ਲਓ ਫੇਰ ਸੰਤਾਂ ਦੀ ਸੰਗਤ ਕਰਕੇ ਸੇਵਾ ਕਰਕੇ, ਬਾਣੀ ਦੀ ਵਿਚਾਰ ਕਰਕੇ, ਬਾਣੀ ਪੜ੍ਹ ਕੇ, ਜਿਉਂ-ਜਿਉਂ ਅਸੀਂ ਰੂਹਾਨੀ ਕਦਮ ਅੱਗੇ ਪੁੱਟਦੇ ਜਾਵਾਂਗੇ, ਤਿਉਂ-ਤਿਉਂ ਸਾਨੂੰ ਅਵਸਰ ਮਿਲਦਾ ਜਾਏਗਾ ਕਿ ਅਸੀਂ ਅੰਮ੍ਰਿਤ ਦੇ ਕੁੰਡ ਤ'ਕ ਪਹੁੰਚ ਸਕੀਏ। ਸੋ ਅੰਮ੍ਰਿਤ ਦਾ ਕੁੰਡ ਹੈ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ – 538*

ਇਸ ਅੰਮ੍ਰਿਤ ਵਾਸਤੇ ਤਾਕੀਦ ਕਰੀ ਹੈ –

*ਧਾਰਨਾ – ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ 41/1*

ਜਿਨ੍ਹਾਂ ਨੇ ਲੰਘਣਾ ਹੈ ਕਲਜੁਗ ਦੇ ਵਿਚੋਂ, ਪੰਜ ਪਿਆਰਿਆਂ ਤੋਂ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੋ, ਸੇਵਾ ਕਰੋ, ਸਿਮਰਨ ਕਰੋ, ਸਤਿਸੰਗ ਕਰੋ ਤੇ ਇਹਦੇ ਨਾਲ ਜਨਮ ਸੁਹੇਲਾ ਹੋ ਜਾਏਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇ'ਥੇ ਹੀ ਸਮਾਪਤ ਕਰਦੇ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

**ਅਰਦਾਸ, ਹੁਕਮਨਾਮਾ।**

---

# 4

# ਰਾੜਾ ਸਾਹਿਬ ਸੰਪ੍ਰਦਾਇ ਦੇ ਉਪਰਲੇ ਮਹਾਂਪੁਰਖਾਂ ਦੇ ਜੀਵਨ ਦੀਆਂ ਝਲਕੀਆਂ

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ - 791*

*ਧਾਰਨਾ - ਤੂੰ ਪਰਬਤ ਮੇਰਾ ਓਹਲਾ ਜੀ,*
*ਵਾਰੀ ਵੰਞਾ ਘੋਲੀ ਵੰਞਾ।*

*ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥*
*ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥*
*ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥*
*ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥*
*ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥*
*ਅੰਗ - 780*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*

ਸਾਧਸੰਗਤ ਜੀ! ਆਪ ਕਈ ਦਿਨਾਂ ਤੋਂ ਸੰਤ ਸਮਾਗਮ ਦੇ ਵਿੱਚ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਪ੍ਰਵਚਨ ਸਰਵਣ ਕਰ ਰਹੇ ਓਂ। ਬੜਾ ਕੁਛ

ਆਪ ਨੇ ਸੁਣਿਆ, ਬਹੁਤ ਕੁਛ ਜਾਨਣ ਦੀ ਕੋਸ਼ਿਸ਼ ਕਰੀ। ਕਿਉਂਕਿ ਜੋ ਸੰਤ ਸਮਾਗਮ ਹੋਇਆ ਕਰਦਾ ਹੈ, ਇਹ ਉਨ੍ਹਾਂ ਦੀ ਯਾਦ ਵਿੱਚ ਹੁੰਦਾ ਹੈ ਜਿਨ੍ਹਾਂ ਨੂੰ ਅਮਰ ਪੁਰਸ਼ ਕਹਿੰਦੇ ਨੇ। ਜਿਹੜੇ ਨਾਸ਼ ਹੋ ਜਾਂਦੇ ਨੇ, ਸਵਰਗਾਂ 'ਚ ਚਲੇ ਜਾਂਦੇ ਨੇ। ਫੇਰ ਮੁੜ ਕੇ ਜੂਨੀਆਂ 'ਚ ਪੈ ਜਾਂਦੇ ਨੇ, ਉਹਦੀਆਂ ਕਥਾ-ਕਥਾਵਾਂ ਸੰਤ ਸਮਾਗਮ 'ਚ ਨਹੀਂ ਹੋਇਆ ਕਰਦੀਆਂ। ਮਹਾਰਾਜ ਕਹਿੰਦੇ ਨੇ ਕਿ ਦੋ ਰਹਿੰਦੇ ਨੇ ਇੱਕ ਪ੍ਰਮੇਸ਼ਰ ਸਦਾ ਰਹਿੰਦਾ ਹੈ, ਇੱਕ ਸਾਧੂ ਰਹਿੰਦੇ ਨੇ ਜਿਹੜੇ ਪ੍ਰਵਾਨ ਹੋ ਜਾਣ, ਪੰਚ ਪਰਵਾਣ। ਸੋ ਉਨ੍ਹਾਂ ਦੀਆਂ ਕਥਾਵਾਂ ਸਾਨੂੰ ਵੀ ਇਹ ਪ੍ਰੇਰਨਾ ਦਿੰਦੀਆਂ ਹਨ ਕਿ ਅਸੀਂ ਵੀ ਇਸ ਜੀਵਨ ਦੇ ਵਿਚੋਂ ਕੋਈ ਰਸਤਾ ਢੋਲੀਏ। ਬੜੇ ਜਗਿਆਸੂ ਬੈਠੇ ਨੇ ਸੰਗਤ ਦੇ ਅੰਦਰ, ਜਿਨ੍ਹਾਂ ਦੇ ਮਨ ਵਿੱਚ ਲਗਨ ਹੈ ਪਰ ਰਸਤਾ ਨਹੀਂ ਲੱਭ ਰਿਹਾ ਕਿਸੇ ਪਾਸੇ। ਨਾ ਲੱਭਣ ਕਰਕੇ, ਹਨ੍ਹੇਰਾ ਹੈ ਮਨ ਦੇ ਅੰਦਰ, ਬੇ-ਵਿਸ਼ਵਾਸ਼ੀ ਹੈ। ਕੋਈ ਨਿਰਣੇਪੂਰਵਕ ਬਾਤ ਨਹੀਂ ਹੋ ਰਹੀ। ਸੋ ਸੰਤਾਂ ਦੇ ਜੀਵਨ ਵਿੱਚੋਂ ਇਹ ਗੱਲਾਂ ਲੱਭ ਜਾਂਦੀਆਂ ਨੇ ਕਿਉਂਕਿ ਉਨ੍ਹਾਂ ਦਾ ਸਾਰਾ ਜੀਵਨ ਚਾਨਣ ਮੁਨਾਰਾ ਹੋਇਆ ਕਰਦਾ ਹੈ। ਆਪ ਬਹੁਤ ਸਾਰੇ ਪ੍ਰੇਮੀ ਇੱਥੇ ਪਹੁੰਚੇ ਓਂ। ਦੂਰ-ਦਰਾਜ਼ ਤੋਂ ਪਹੁੰਚੇ ਓਂ। ਸੱਤ-ਅੱਠ ਸੌ ਕਿਲੋਮੀਟਰ ਯੂ.ਪੀ ਵਲੋਂ ਆਏ ਹੋਂ। ਬੜਾ ਤਪ ਕਰਿਆ ਹੈ ਰਸਤੇ ਦੇ ਅੰਦਰ। ਕਿੰਨੇ-ਕਿੰਨੇ ਘੰਟੇ ਦੇ ਅੰਦਰ, 16-17-20-24 ਘੰਟੇ ਟਰੱਕ ਦਾ ਸਫਰ ਕਰਕੇ ਇੱਥੇ ਪਹੁੰਚੇ ਹੋਂ, ਕਿਸ ਵਾਸਤੇ, ਕਿ ਕੋਈ ਰਾਹ ਲੱਭ ਜਾਵੇ, ਕੋਈ ਸਾਨੂੰ ਚਾਨਣਾ ਮਿਲ ਜਾਵੇ। ਕਹਾਣੀਆਂ ਤਾਂ ਬਹੁਤ ਨੇ, ਕਿਤਾਬਾਂ ਲੈ ਕੇ ਪੜ੍ਹ ਸਕਦੇ ਓਂ। ਦੂਰ-ਦਰਾਜ਼ ਤੋਂ ਆਏ ਨੇ, ਮਾਲਵੇ ਤੋਂ, ਫਰੀਦਕੋਟ ਤੋਂ, ਜੰਗਲ ਦਾ ਇਲਾਕਾ ਜਿਸਨੂੰ ਕਹਿੰਦੇ ਨੇ। ਉਨ੍ਹਾਂ ਦੇ ਅੰਦਰ ਵੀ ਜਾਗ ਲਾਈ, ਬਾਬਾ ਸੇਵਾ ਸਿੰਘ ਨੇ। ਉਨ੍ਹਾਂ ਦੇ ਮਨ ਵਿੱਚ ਵੀ ਚਾਉ ਉਠਿਆ ਕਿ ਜਿਥੋਂ ਇਨ੍ਹਾਂ ਨੂੰ ਪ੍ਰਕਾਸ਼ ਮਿਲਦਾ ਹੈ, ਉਸ ਸੋਮੇ 'ਤੇ ਜਾ ਕੇ ਤਾਂ ਦੇਖੀਏ ਕਿ ਉਹ ਕੀ ਚੀਜ਼ ਹੈ? ਬਹੁਤ ਸਾਰੇ ਪ੍ਰੇਮੀ ਸੇਵਾ ਕਰ ਰਹੇ ਨੇ, ਲੰਗਰਾਂ 'ਚ ਸੇਵਾ ਕਰ ਰਹੇ ਨੇ। ਵਰਤਾਅ ਰਹੇ ਨੇ। ਬਹੁਤ ਪ੍ਰਸ਼ਾਦੇ ਛਕ ਰਹੇ ਨੇ। ਕੁਛ ਐਸੇ ਨੇ ਜਿਹੜੇ ਐਧਰ ਓਧਰ ਘੁੰਮਦੇ ਫਿਰਦੇ ਨੇ। ਉਨ੍ਹਾਂ ਦੇ ਚਰਨਾਂ 'ਚ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਹਾਨੂੰ ਟਰੱਕ ਯੂਨੀਅਨਾਂ ਵਾਲੇ, ਜਿਨ੍ਹਾਂ ਨੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਦੇ ਨਾਲ ਟਰੱਕ ਬਣਾਏ ਨੇ। ਜੱਦੋ-ਜਹਿਦ ਕਰ ਰਹੇ ਨੇ। ਹਜ਼ਾਰਾਂ ਮੀਲ ਦਾ ਸਫਰ ਕਰਕੇ ਪੁਲਿਸ ਵਾਲਿਆਂ ਦੀਆਂ ਝਿੜਕਾਂ ਸਹਿ ਕੇ, ਲੁੱਟਾਂ ਸਹਿ ਕੇ, ਫੇਰ ਆਪਣੇ ਪ੍ਰਸ਼ਾਦਾ ਛਕਣ ਜੋਗੀ ਕਮਾਈ ਕਰਦੇ ਨੇ ਤੇ ਉਨ੍ਹਾਂ ਨੇ ਤੁਹਾਡੇ ਵਾਸਤੇ ਟਰੱਕ ਕੱਢੇ ਨੇ। ਉਹ ਤੁਹਾਨੂੰ ਲੈ ਕੇ ਆਉਂਦੇ ਨੇ। ਜਿੰਨੇ ਵੀ ਅਨੁਭਵੀ ਮਹਾਂਪੁਰਸ਼ ਨੇ ਉਨ੍ਹਾਂ ਦਾ ਮੱਤ ਹੈ ਕਿ ਜੋ ਪ੍ਰੇਮੀ ਆ ਜਾਂਦਾ ਹੈ ਸਤਿਸੰਗ ਦੇ ਅੰਦਰ, ਉਹਨੂੰ ਜੋ ਫਲ ਪ੍ਰਾਪਤ ਹੁੰਦਾ ਹੈ, ਉਹਦਾ ਅੱਧ ਕਹਿੰਦੇ ਉਹਨੂੰ ਮਿਲ ਜਾਂਦਾ ਹੈ। ਇੱਥੇ ਫਲ ਕਿੰਨਾ ਹੁੰਦਾ ਹੈ, ਜਿਹੜੇ ਮਨ ਚਿੱਤ ਲਾ ਕੇ ਸਤਿਸੰਗ ਕਰਦੇ ਨੇ ਮਹਾਰਾਜ ਕਹਿੰਦੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਉਨ੍ਹਾਂ ਯੂਨੀਅਨਾਂ ਨੂੰ ਫਲ ਜਾ ਰਿਹਾ ਹੈ ਪਰ ਜਿਹੜੇ ਇੱਥੇ ਘੁੰਮਦੇ ਨੇ, ਓਹ ਸੜਕ ਨੂੰ ਹੋ ਗਏ, ਓਧਰੋਂ ਆ ਗਏ, ਉਨ੍ਹਾਂ ਦਾ ਜਿਹੜਾ ਪਹਿਲਾ ਕੀਤਾ ਹੋਇਆ ਤਪ ਹੈ, ਕੋਈ ਪੁੰਨ ਹੈ ਕੋਈ ਦਾਨ ਹੈ ਉਹ ਟਰੱਕ ਵਾਲਿਆਂ ਨੇ ਲੈ ਜਾਣਾ ਹੈ। ਯੂਨੀਅਨਾਂ ਨੇ ਲੈ ਜਾਣਾ ਹੈ ਇਸ ਕਰਕੇ ਕੁਛ ਪੱਲੇ ਬੰਨ੍ਹ ਲਓ, ਕੁਛ ਆਪਣੇ ਕੋਲ ਵੀ ਰਹਿ ਜਾਵੇ, ਕੁਛ ਉਨ੍ਹਾਂ ਦਾ ਵੀ ਭਲਾ ਹੋ ਜਾਵੇ। ਇਕੱਲੇ ਓਹੀ ਨਹੀਂ ਹਨ ਜਿਹੜੇ ਦੂਰ-ਦੂਰ ਤੋਂ ਦੁੱਧ ਭੇਜ ਰਹੇ ਨੇ, ਬੜਾ ਪਿੰਡਾਂ ਨੇ ਸਹਿਯੋਗ ਦਿੱਤਾ ਹੈ ਸਾਰਿਆਂ ਨੇ, ਚੀਨੀ ਦੀਆਂ ਬੋਰੀਆਂ ਘਿਉ ਦੇ ਟੀਨ, ਸਬਜ਼ੀਆਂ, ਪਤਾ ਨਹੀਂ ਕੀ ਕੁਛ ਲਿਆ ਰਹੇ ਨੇ, ਉਤਸ਼ਾਹ ਉੱਠ ਰਿਹਾ ਹੈ ਮਨ ਦੇ ਅੰਦਰ ਕਿ ਗੁਰੂ ਨਾਨਕ ਪਾਤਸ਼ਾਹ ਸੰਗਤ ਦੇ ਰੂਪ ਵਿੱਚ ਸਾਡੇ ਇਲਾਕਿਆਂ ਵਿੱਚ ਆਏ ਹੋਏ ਨੇ। ਸੇਵਾ ਦਾ ਮੌਕਾ ਮਿਲਿਆ ਹੈ ਗੁਰੂ ਪ੍ਰੇਰਨਾ ਕਰ ਰਿਹਾ ਹੈ ਉਹ ਲੈ-ਲੈ ਕੇ ਆ ਰਹੇ ਨੇ। ਉਨ੍ਹਾਂ ਸਾਰਿਆਂ ਨੂੰ ਫਲ ਤਾਂ ਮਿਲਣਾ ਤੁਹਾਡੀ ਕਮਾਈ ਦਾ ਹੈ। ਜੇ ਤੁਸੀਂ ਇਕਾਗਰ ਹੋ ਕੇ ਹਰੀ ਦਾ ਜਸ ਸੁਣਿਆ, ਟਿਕ ਕੇ ਬੈਠੇ ਤੇ ਕੋਈ ਚੀਜ਼ ਆਪਣੇ ਮਨ ਵਿੱਚ ਬੰਨ੍ਹ ਲਈ, ਪੱਲੇ ਬੰਨ੍ਹ ਕੇ ਲੈ ਗਏ ਫੇਰ ਤੁਹਾਡਾ ਵੀ ਭਲਾ ਤੇ ਉਨ੍ਹਾਂ ਦਾ ਵੀ ਭਲਾ ਹੋਣਾ ਹੀ ਹੈ। ਨਹੀਂ ਤਾਂ ਉਨ੍ਹਾਂ ਦਾ ਤਾਂ ਹੋਣਾ ਹੀ ਹੋਣਾ ਹੈ, ਆਪਾਂ ਖਾਲੀ ਰਹਿ ਜਾਵਾਂਗੇ। ਵਾਹਿਗੁਰੂ ਦੇ ਘਰ ਵਿੱਚ ਇਨਸਾਫ ਹੈ, ਜਿਸ ਤਰ੍ਹਾਂ ਬੈਂਕ ਵਿੱਚ ਪੈਸਾ ਜਮ੍ਹਾਂ ਹੈ, ਉਹ ਜਿਵੇਂ ਚਲਿਆ ਜਾਂਦਾ ਹੈ, ਦੂਸਰੇ ਦੇ ਪਾਸ ਜੇ ਚੈੱਕ ਕੱਟ ਕੇ ਦੇ ਦੇਈਏ, ਇਸੇ ਤਰ੍ਹਾਂ ਜਿਹੜੇ ਸੇਵਾ ਕਰਨ ਵਾਲੇ ਨੇ ਉਹ ਬਹੁਤ ਸਾਰੀ ਕਮਾਈ ਇੱਥੋਂ ਹੀ ਲੈ ਜਾਂਦੇ ਨੇ। ਸੋ ਇਸ ਕਰਕੇ ਆਪਣੇ ਆਪ ਨੂੰ ਸਾਵਧਾਨ ਕਰਕੇ ਹਰੀ ਦਾ ਜਸ ਸਰਵਣ ਕਰੋ। ਮਹਾਂਪੁਰਸ਼ਾਂ ਦੇ ਜੀਵਨ ਜੋ ਬਹੁਤ ਘੱਟ ਸੁਣਾਏ ਜਾਂਦੇ ਨੇ। ਉਨ੍ਹਾਂ ਬਾਰੇ ਜਾਨਣ ਦਾ ਯਤਨ ਕਰੋ ਕਿ ਮਹਾਂਪੁਰਸ਼ ਕਿਉਂ ਮਹਾਂਪੁਰਸ਼ ਕਹਾਉਂਦੇ ਨੇ। ਹੈਗੇ ਤਾਂ ਪੰਜ ਤੱਤ ਦੇ ਹੀ ਪੂਤਲੇ। ਸਾਡੇ ਵਰਗੇ ਹੀ ਨੇ। ਜਿਵੇਂ ਅਸੀਂ ਪ੍ਰਸ਼ਾਦਾ ਛਕਦੇ ਹਾਂ ਅਸੀਂ ਥੋੜ੍ਹਾ ਜਿਹਾ ਵੱਖੀਆਂ ਉਪਰ ਨੂੰ ਕਰ ਲੈਂਦੇ ਹਾਂ, ਉਹ ਹੇਠਾਂ ਨੂੰ ਕਰਦੇ ਨੇ। 'ਅਲਪ ਆਹਾਰ' ਅਸੀਂ ਮੰਜਿਆਂ ਦੇ ਉਪਰ ਪਲਸੇਟੇ ਮਾਰਦੇ ਹਾਂ, ਉਹ ਉੱਠ ਕੇ ਬਹਿ ਜਾਂਦੇ ਨੇ। 'ਸੁਲਪ ਸੀ ਨਿੰਦ੍ਰਾ' ਉਨ੍ਹਾਂ ਤੇ ਸਾਡੇ ਰਹਿਣ ਸਹਿਣ ਵਿੱਚ ਕੀ ਫਰਕ ਹੁੰਦਾ ਹੈ? ਇਹਦੇ ਬਾਰੇ ਤੁਹਾਨੂੰ ਬਹੁਤ ਵਿਸਥਾਰ ਦੇ ਨਾਲ ਸੁਣਾਇਆ ਜਾ ਚੁੱਕਿਆ ਹੈ, ਗਿਆਨੀ ਮੋਹਨ ਸਿੰਘ ਉਨ੍ਹਾਂ ਨੇ ਬਹੁਤ ਚੰਗੀ ਤਰ੍ਹਾਂ ਉਨ੍ਹਾਂ ਨੇ ਬਚਨ ਸੁਣਾਏ ਨੇ। ਹੋਰਾਂ ਪ੍ਰੇਮੀਆਂ ਨੇ ਵੀ ਸੁਣਾਏ ਨੇ। ਸੋ ਹੁਣ ਆਪਾਂ ਵਿਚਾਰ ਕਰਨੀ ਹੈ ਕਿਉਂਕਿ ਇੱਕ ਲਾਈਟ ਤੁਰੀ ਆ ਰਹੀ ਹੈ ਗੁਰੂ ਦਸਮੇਸ਼ ਪਿਤਾ ਤੋਂ, ਉਹਦੇ ਬਾਰੇ ਤੁਸੀਂ ਸਭ ਸੁਣ ਲਿਆ, ਪਹਿਲੇ ਦਿਨ ਮੈਂ ਬੇਨਤੀ ਕਰੀ ਸੀ, ਭਾਈ ਦਇਆ ਸਿੰਘ ਜੀ ਬਾਰੇ। ਬਾਬਾ ਸੋਭਾ ਸਿੰਘ ਜੀ ਬਾਰੇ ਤੇ ਕੱਲ੍ਹ ਮੈਂ ਬੇਨਤੀ ਕਰੀ ਸੀ ਬਾਬਾ ਸਾਹਿਬ ਸਿੰਘ ਜੀ ਬਾਰੇ। ਜੀਵਨ ਐਨੇ ਵਿਸ਼ਾਲ ਨੇ ਕਿ ਸਮਾਂ ਉਨ੍ਹਾਂ ਦੇ ਨਾਲ ਮੇਚ ਨਹੀਂ ਖਾਂਦਾ। ਬਹੁਤ ਵੱਡੇ-ਵੱਡੇ ਜੀਵਨ ਨੇ ਜਿਹੜੇ ਦਸਦੇ ਹੀ ਜਾਈਏ ਸਾਲਾਂਬੱਧੀ ਤਾਂ ਵੀ ਨਾ ਮੁੱਕਣ।

ਬਾਬਾ ਭਾਗ ਸਿੰਘ ਜੀ ਬਾਰੇ, ਬਾਬਾ ਮਹਾਰਾਜ ਸਿੰਘ ਜੀ ਬਾਰੇ ਪਿਛਲੇ ਸਾਲ ਬੇਨਤੀਆਂ ਕੀਤੀਆਂ ਸੀ। ਬਾਬਾ ਖੁਦਾ ਸਿੰਘ ਜੀ ਇਸੇ ਲੜੀ ਦੇ ਵਿੱਚੋਂ ਉੱਚ ਕੋਟੀ ਦੇ ਮਹਾਤਮਾ ਹੋਏ ਨੇ ਤੇ ਜਿਨ੍ਹਾਂ ਦੇ ਜੀਵਨ ਦੇ ਅੰਦਰ ਅਜੇ ਜਾਗ ਨਹੀਂ ਸੀ ਆਈ ਤੇ ਆਪ ਓਸ ਧਰਤੀ 'ਚ ਪੈਦਾ ਹੋਏ ਜਿੱਥੇ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਇੱਕ ਭਿਆਨਕ ਯੁੱਧ ਲੜਿਆ ਗਿਆ ਸੀ, ਜਿੱਥੇ ਦੀ ਸਾਰੀ ਧਰਤੀ ਜਿੰਨੀ ਵੀ ਸੀ, ਖ਼ੂਨ ਦੇ ਨਾਲ ਭਿੱਜੀ ਹੋਈ ਹੈ। ਉਹਨੂੰ ਲਾਲ ਧਰਤੀ ਕਹਿੰਦੇ ਨੇ ਕੁਰਕਸ਼ੇਤਰ ਦੀ ਤੇ ਬਹੁਤ ਸਾਰੇ ਪ੍ਰੇਮੀ ਇਹਨੂੰ ਨਿਰਦਈ ਧਰਤੀ ਵੀ ਕਹਿੰਦੇ ਨੇ ਕਿਉਂਕਿ ਇੱਥੇ ਅਠਾਰ੍ਹਾਂ ਦਿਨਾਂ ਦੇ ਅੰਦਰ 45 ਲੱਖ ਬੰਦਾ ਮਾਰਿਆ ਗਿਆ ਸੀ। ਵੱਡੇ-ਵੱਡੇ ਯੋਧਿਆਂ ਦੇ ਸਰੀਰਾਂ ਦਾ ਇੱਥੇ ਅੰਤ ਹੋ ਗਿਆ ਸੀ। ਉਸ ਦੇ ਵਿਚੋਂ ਇੱਕ ਖੁਸ਼ਬੂਦਾਰ ਫੁੱਲ ਖਿੜਿਆ, ਚਾਰ ਹਜ਼ਾਰ ਅੱਠ ਸੌ ਸੱਠ ਸਾਲ ਲੰਘਣ ਤੋਂ ਬਾਅਦ ਇੱਕ ਵੱਡੀ ਹਸਤੀ ਇੱਥੇ ਪੈਦਾ ਹੋਈ। 1834 ਦੇ ਵਿੱਚ ਸਿਆਮਗੜ੍ਹ ਪਿੰਡ ਹੈ ਜ਼ਿਲਾ ਕੁਰਕਸ਼ੇਤਰ ਦੇ ਵਿੱਚ ਤੇ ਉਥੇ ਇੱਕ ਬੱਚਾ ਪੈਦਾ ਹੋਇਆ ਆਲੌਕਿਕ ਜਿਸਦਾ ਨਾਮ ਮਾਂ ਬਾਪ ਨੇ ਜਸਵੰਤ ਸਿੰਘ ਰੱਖਿਆ। ਹੋਣਹਾਰ ਬੜਾ ਸੀ, ਸੋਝੀ ਵਾਲਾ ਬੜਾ ਸੀ, ਨਿਰਭੈ ਸੀ। ਪਹਿਲਾਂ ਤੋਂ ਹੀ ਬੜੇ-ਬੜੇ ਕੰਮ ਕਰਦਾ ਸੀ ਤੇ ਉਹਦੀ ਕਾਬਲੀਅਤ ਨੂੰ ਦੇਖ ਕੇ ਜ਼ਿਲੇ ਦਾ ਮਾਲਕ ਉਸ ਵੇਲੇ ਜੋ ਥਾਣੇ ਦਾ ਮਾਲਕ ਹੁੰਦਾ, ਜ਼ਿਲੇ ਜਿੱਡਾ ਹੀ ਹੁੰਦਾ ਉਹ। ਉਹਦੇ ਵਿੱਚ ਉਨ੍ਹਾਂ ਨੂੰ ਲਾ ਦਿੱਤਾ ਥਾਣੇਦਾਰ। ਅਜੇ ਤੱਕ ਕੋਈ ਸਾਧੂ ਨਹੀਂ ਸੀ ਮਿਲਿਆ ਤੇ ਨਾ ਅਜੇ ਮਨ ਵਿੱਚ ਇਹ ਲੋਚਾ ਹੀ ਜਾਗੀ ਸੀ ਕਿ ਕੋਈ ਸਾਧੂ ਮਿਲ ਜਾਵੇ। ਭਾਵੇਂ ਨੌਕਰੀ ਜਿਹੜੀ ਸੀ, ਪੁਲਿਸ ਦੀ ਸੀ। ਪੁਲਿਸ ਦੀ ਨੌਕਰੀ ਕੋਈ ਬੁਰੀ ਨਹੀਂ ਹੋਇਆ ਕਰਦੀ ਜੇ ਪੁਲਿਸ, ਪੁਲਿਸ ਦੇ ਕੰਮ ਕਰੇ। ਫੇਰ ਇਹ ਨੌਕਰੀ ਦੇਵਤਿਆਂ ਦੇ ਬਰਾਬਰ ਪਦਵੀ ਰੱਖਦੀ ਹੈ। ਬਾਬਾ ਜੀ ਇਮਾਨਦਾਰੀ ਨਾਲ ਪੁਲਿਸ ਦੀ ਨੌਕਰੀ ਕਰਦੇ ਸੀ। ਸਾਧੂ ਅਜੇ ਮਿਲਿਆ ਨਹੀਂ ਸੀ ਤੇ ਅੱਜ ਇਸ ਨਗਰ ਦੇ ਅੰਦਰ ਇੱਕ ਮਹਾਨ ਮਹਾਂਪੁਰਸ਼ ਬਾਬਾ ਬੀਰ ਸਿੰਘ ਜੀ ਚਲੇ ਜਾਂਦੇ ਨੇ। ਬੜਾ ਭਾਰੀ ਇਕੱਠ ਹੋ ਰਿਹਾ ਹੈ, ਦੂਰ-ਦੂਰ ਤੋਂ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਨ ਆ ਰਹੀਆਂ ਨੇ ਤੇ ਇਨ੍ਹਾਂ ਨੂੰ ਵੀ ਪਤਾ ਲੱਗਿਆ ਜਸਵੰਤ ਸਿੰਘ ਜੀ ਨੂੰ ਕਿ ਕੋਈ ਸਾਧੂ ਆਏ ਨੇ ਚਲੋ ਕੋਈ ਚਾਰ ਬਚਨ ਸੁਣ ਲਈਏ, ਘਰਵਾਲੀ ਜਿਹੜੀ ਸੀ, ਉਹਦੇ ਅੰਦਰ ਕੋਈ ਕੁਦਰਤੀ ਤੌਰ 'ਤੇ ਰੂਹਾਨੀ ਸੋਝੀ ਸੀ, ਉਸਨੇ ਕਿਹਾ ਕਿ ਕੰਮ ਤਾਂ ਰੋਜ਼ ਹੀ ਹੁੰਦੇ ਰਹਿਣੇ ਨੇ, ਦਰਸ਼ਨ ਤਾਂ ਕਰੀਏ। ਉਸ ਵੇਲੇ ਆਪ ਬਾਬਾ ਬੀਰ ਸਿੰਘ ਜੀ ਦੀ ਸੰਗਤ 'ਚ ਆ ਜਾਂਦੇ ਨੇ ਤੇ ਸੰਗਤ ਦਾ ਜੋ ਅਸਰ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੁਣਿਓ ਮੇਰੇ ਮੀਤਾ ਮਹਿਮਾ ਸਾਧੂਆਂ ਦੇ ਸੰਗ ਦੀ।***

***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥***
***ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ 1 ॥***
***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥***

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*

***ਅੰਗ - 808***

ਜੋ ਤੁਰ ਨਾ ਸਕਦਾ ਹੋਵੇ, ਰੂਹਾਨੀ ਮਾਰਗ 'ਤੇ ਪਿੰਗਲਾ ਹੋਵੇ ਉਹ ਤੁਰ ਸਕਦਾ ਹੈ, ਅਗਿਆਨ ਦੇ ਵੱਡੇ-ਵੱਡੇ ਪਹਾੜ ਲੰਘ ਜਾਂਦਾ ਹੈ, ਜਿਨ੍ਹਾਂ ਦਾ ਕੋਈ ਮਾਪ-ਤੋਲ 'ਤੇ ਉਚਾਈ ਦਾ ਪਤਾ ਨਹੀਂ ਹੈ। ਮਹਾਂਮੂਰਖ ਜਿਹੜੇ ਨੇ ਉਹ ਮਹਾਂ ਵਿਦਵਾਨ ਬਣ ਜਾਂਦੇ ਨੇ। ਜੋ ਨੇਤਰਾਂ ਤੋਂ ਅੰਨ੍ਹਾ ਹੈ ਦਵੈਤ ਦੇ ਵਿੱਚ ਜਿਹਦੇ ਨੇਤਰ ਅੰਨ੍ਹੇ ਹੋਏ ਹੋਏ ਨੇ, ਅੱਖ ਖੁਲ੍ਹ ਜਾਂਦੀ ਹੈ ਤੇ ਹਰ ਥਾਂ ਦੇ ਉਤੇ ਉਹਨੂੰ ਪ੍ਰਮੇਸ਼ਰ ਦਿੱਸਣ ਲੱਗ ਜਾਂਦਾ ਹੈ। ਹੈ ਤਾਂ ਪ੍ਰਮੇਸ਼ਰ ਹਰ ਥਾਂ 'ਤੇ ਸਾਨੂੰ ਕਿਉਂ ਨਹੀਂ ਦਿਸਦਾ। ਕਿਉਂਕਿ ਸਾਡੀ ਅੱਖ ਬੰਦ ਹੋਈ ਹੋਈ ਹੈ। ਗੁਰੂ ਜਦੋਂ ਪਵਿੱਤਰ ਮਿਲ ਜਾਂਦਾ ਹੈ ਉਹਦੇ ਨਾਲ ਪਿਆਰ ਜਾਗ ਜਾਂਦਾ ਹੈ। ਕਹਿੰਦੇ -

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥* ***ਅੰਗ - 809***

ਕਰੋੜਾਂ ਜਨਮਾਂ ਦੀ ਮੈਲ ਲਹਿ ਜਾਂਦੀ ਹੈ ਤੇ ਚਿੱਤ ਨਿਰਮਲ ਹੋ ਜਾਂਦਾ ਹੈ। ਜਦੋਂ ਚਿੱਤ ਨਿਰਮਲ ਹੋ ਗਿਆ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*

***ਅੰਗ - 1367***

ਫੇਰ ਵਾਹਿਗੁਰੂ ਪਿੱਛੇ ਲਗ ਜਾਂਦਾ ਹੈ। ਇਸ ਕਰਕੇ ਲਿਖਿਆ ਹੈ ਕਿਸੇ ਨੇ ਨੇਕ ਬੰਦਿਆਂ ਦੀ ਸੋਭਤ ਕਿਤੇ ਤੈਨੂੰ ਮਿਲ ਜਾਵੇ, ਐਡੀ ਵੱਡੀ ਦੌਲਤ ਦੁਨੀਆਂ 'ਚ ਕੋਈ ਹੋਰ ਹੈ ਨਹੀਂ। ਜਿਹੜਾ ਨਿੱਕਾ ਜਿਹਾ ਜ਼ਰਾ ਹੈ ਰੇਤੇ ਦਾ ਸਾਰੇ ਜਹਾਨ ਦਾ ਸੂਰਜ ਬਣ ਜਾਂਦਾ ਹੈ। ਸਾਹਿਬ ਦਿਲਾਂ ਦੀ ਸੋਭਤ ਕਰਕੇ ਖੁਦ ਵੀ ਉਥੇ ਪਹੁੰਚ ਜਾਂਦਾ ਹੈ। ਕਿਉਂਕਿ ਦੋਹਾਂ ਦੇ ਵਿੱਚ ਫਰਕ ਹੋਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਜਿਨ੍ਹਾਂ ਦੇ ਨੇਤਰ ਖੁਲ੍ਹ ਗਏ ਤੇ ਜਿਨ੍ਹਾਂ ਨੂੰ ਹਰ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ ਤੇ ਭੁੱਲਦਾ ਨਹੀਂ ਹੈ। ਕ੍ਰਿਪਾ ਕਰਕੇ ਇਹ ਤਾਂ ਦੱਸੋ ਕਿ ਉਹਦੀ ਪਦਵੀ ਕਿੱਡੀ ਕੁ ਹੁੰਦੀ ਹੈ? ਕਿਉਂਕਿ ਜਿਹਦੀ ਅੱਖ ਹੀ ਖੁਲ੍ਹ ਗਈ ਆਪਾਂ ਦੇਖਣਾ ਸ਼ੁਰੂ ਕਰ ਦਿੱਤਾ, ਆਪਾਂ ਨੂੰ ਭੁੱਲਦਾ ਨਹੀਂ। ਆਪਣੇ ਸੱਪ ਸਾਮ੍ਹਣੇ ਹੋਵੇ ਕਦੇ ਆਦਮੀ ਭੁੱਲਦਾ ਹੈ? ਪਤਾ ਹੈ ਕਿ ਆਹ ਸੱਪ ਹੈ, ਹੁਣ ਮਾੜਾ ਜਿਹਾ ਗਫਲਤ ਕਰੀ ਉਸੇ ਵੇਲੇ ਆ ਕੇ ਡੰਗ ਮਾਰਨਾ ਹੈ। ਜਿਹਨੂੰ ਰੱਬ ਸਾਮ੍ਹਣੇ ਦਿੱਸ ਜਾਵੇ, ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦਾ ਝਲਕਾਰਾ ਵੱਜਣ ਲੱਗ ਜਾਵੇ ਉਹ ਭੁੱਲਦਾ ਹੈ ਕਿਤੇ? ਉਹਨੂੰ ਹਰ ਥਾਂ ਦੇ ਉਤੇ ਪ੍ਰਮੇਸ਼ਰ ਦਿਸਦਾ ਹੈ। ਕੋਈ ਥਾਂ ਨਹੀਂ ਜਿੱਥੇ ਉਹਨੂੰ ਵਾਹਿਗੁਰੂ ਨਹੀਂ ਦਿਸਦਾ ਹੋਏਗਾ ਤੇ ਉਹ ਭੁੱਲਿਆ ਨਹੀਂ ਕਰਦਾ, ਨਾ ਦਿਨੇ ਭੁੱਲਦਾ ਹੈ, ਨਾ ਰਾਤ ਨੂੰ ਭੁੱਲਦਾ ਹੈ, ਨਾ ਸੁਪਨੇ 'ਚ ਭੁੱਲਦਾ ਹੈ, ਸੁਪਨੇ ਵਿੱਚ ਵੀ ਇਹੀ ਰਹਿੰਦਾ ਹੈ ਕਿ ਪ੍ਰਮੇਸ਼ਰ ਹੈ, ਹੋਰ ਕੋਈ ਹੈ ਨਹੀਂ। ਔਖਿਆਂ ਥਾਵਾਂ ਤੇ ਵੀ ਨਹੀਂ ਭੁੱਲਦਾ ਉਹਨੂੰ ਭਰਮ ਭੁਲੇਖਾ ਪੈਂਦਾ ਹੀ ਨਹੀਂ। ਕਹਿੰਦੇ ਉਨ੍ਹਾਂ ਦਾ ਦਰਜਾ

ਕਿੱਡਾ ਕੁ ਹੈ। ਉਹ ਮਹਾਰਾਜ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਨੇ -

*ਧਾਰਨਾ -ਸਾਂਈਂ ਹੀ ਵਰਗੇ ਨੇ ਵਿਸਰੇ ਨਾ ਨਾਮ ਜਿਨ੍ਹਾਂ ਨੂੰ।*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397*

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥*

ਮੇਰੇ ਵਿੱਚ ਤੇ ਵਾਹਿਗੁਰੂ ਵਿੱਚ ਤੇ ਉਸ ਪੁਰਸ਼ ਦੇ ਵਿੱਚ, ਖਾਲਸਾ ਜਿਹਨੂੰ ਪਦਵੀ ਪ੍ਰਾਪਤ ਹੋ ਗਈ। ਬ੍ਰਹਮਗਿਆਨੀ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ - 272*

ਕਹਿੰਦੇ, ਜਿਹਨੂੰ ਗਿਆਨ ਦਾ ਸੁਰਮਾ ਪ੍ਰਾਪਤ ਹੋਣ ਦੇ ਨਾਲ ਨੇਤਰਾਂ ਦਾ ਅੰਧਕਾਰ ਦੂਰ ਹੋ ਕੇ ਹਰ ਘਟ 'ਚ ਪ੍ਰਮੇਸ਼ਰ ਦਿਸਣ ਲੱਗ ਗਿਆ ਕਹਿੰਦੇ, ਉਹ ਖਾਲਸਾ ਹੋਇਆ ਕਰਦਾ ਹੈ। ਉਹਨੂੰ ਆਤਮਾ ਦਾ ਰਸ ਆ ਜਾਇਆ ਕਰਦਾ ਹੈ ਤੇ ਉਹ ਬਰਾਬਰ ਕੀਹਦੇ ਹੈ? ਕਹਿੰਦੇ, ਮੇਰਾ ਤੇ ਵਾਹਿਗੁਰੂ ਦਾ ਤੇ ਉਹਦਾ ਕੋਈ ਭੇਦ ਨਹੀਂ ਹੁੰਦਾ, ਇੱਕੋ ਜਿਹੇ ਹੀ ਹੁੰਦੇ ਨੇ। ਐਸੇ ਮਹਾਂਪੁਰਸ਼ ਵਾਹਿਗੁਰੂ ਨਾਲ ਜੁੜੇ ਹੁੰਦੇ ਨੇ। ਵੈਸੇ ਵਾਹਿਗੁਰੂ ਅਸੀਂ ਕਹਿੰਦੇ ਨਹੀਂ ਹਾਂ ਕਿਉਂਕਿ ਵਾਹਿਗੁਰੂ ਬੇਅੰਤ ਵਿਸ਼ਾਲ ਹੈ ਪਰ ਵਾਹਿਗੁਰੂ ਤੋਂ ਵੱਖਰਾ ਤਾਂ ਕੋਈ ਵੀ ਸੰਸਾਰ 'ਚ ਨਹੀਂ ਹੈ। ਇੱਕ ਮਿਸਾਲ ਦੇ ਨਾਲ ਗੱਲ ਸਮਝ 'ਚ ਆ ਜਾਏਗੀ। ਇੱਕ ਦਰਖਤ ਖੜ੍ਹਾ ਹੈ, ਮੈਂ ਇੱਕ ਪੱਤੇ ਨੂੰ ਹੱਥ ਲਾ ਕੇ ਪੁੱਛਦਾ ਹਾਂ ਕਿ ਆਹ ਕੀ ਹੈ? ਤੁਸੀਂ ਕਿਹਾ ਕਿ ਦਰਖਤ ਹੈ। ਮੈਂ ਕਿਹਾ, ਨਾ ਮੇਰੇ ਹੱਥ ਵਿੱਚ ਤਾਂ ਪੱਤਾ ਹੈ। ਪੱਤਾ ਵੀ ਕਦੇ ਦਰਖਤ ਹੁੰਦਾ ਹੈ। ਫੇਰ ਮੈਂ ਟਾਹਣੀ ਨੂੰ ਹੱਥ ਪਾ ਲਿਆ। ਫੇਰ ਪੁੱਛਿਆ ਕਿ ਇਹ ਕੀ ਹੈ? ਦੇਖਣ ਵਾਲੇ ਨੇ ਕਿਹਾ ਕਿ ਇਹ ਦਰਖਤ ਹੈ, ਨਹੀਂ ਭਾਈ ਇਹ ਟਾਹਣੀ ਹੈ। ਤਣੇ ਨੂੰ ਹੱਥ ਲਾ ਦਿੱਤਾ ਕਹਿੰਦਾ, ਤਣਾ ਹੈ। ਜੜ੍ਹ ਨੂੰ ਹੱਥ ਲਾ ਦਿੱਤਾ ਇਹ ਜੜ੍ਹ ਹੈ। ਫਲ ਨੂੰ ਹੱਥ ਲਾ ਦਿੱਤਾ। ਕਹਿੰਦਾ ਇਹ ਫਲ ਹੈ। ਦੂਰ ਖੜ੍ਹ ਕੇ ਜਦ ਮੈਂ ਪੁੱਛਿਆ ਕਿ ਕਿ ਆਹ ਕੀ ਹੈ? ਉਸੇ ਵੇਲੇ ਕਹਿ ਦਏਗਾ ਕਿ ਇਹ ਦਰਖਤ ਹੈ। ਸਮੁੱਚਾ ਜਿਹੜਾ ਹੋਲ ਹੈ, totally ਜਿਹਨੂੰ ਅੰਗ੍ਰੇਜ਼ੀ 'ਚ ਕਹਿੰਦੇ ਨੇ। ਜੋ ਕੁਛ ਵੀ ਤੁਹਾਨੂੰ ਨਜ਼ਰ ਆਉਂਦਾ ਹੈ, ਸਾਰਾ। ਇਹ ਸਾਰਾ ਹੀ ਵਾਹਿਗੁਰੂ ਹੈ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ- 922*

ਮਹਾਰਾਜ ਕਹਿੰਦੇ, ਅਸੀਂ ਅੱਖਾਂ ਨਾਲ ਦੇਖ ਲਿਆ।

*ਆਦਮ ਕੋ ਖੁਦਾ ਤੁਮ ਮਤ ਕਹੋ, ਆਦਮ ਖੁਦਾ ਨਹੀਂ।*

***ਲੇਕਿਨ ਖੁਦਾ ਕੇ ਨੂਰ ਸੇ ਆਦਮ ਜੁਦਾ ਨਹੀਂ।***

ਹਰੇਕ ਦੇ ਅੰਦਰ ਘਟ-ਘਟ ਵਿਆਪਕ ਹੈ ਪ੍ਰਮੇਸ਼ਰ। ਸੋ ਜਿਨ੍ਹਾਂ ਨੇ ਉਹਨੂੰ ਪ੍ਰਗਟ ਕਰ ਲਿਆ ਉਹਦੇ ਵਿੱਚ ਆਪਾ ਭਾਵ ਮਰ ਜਾਂਦਾ ਹੈ। ਮੈਂ ਨਹੀਂ ਰਹਿੰਦੀ, ਜਦੋਂ ਮੈਂ ਨਹੀਂ ਰਹੀ। ਮੈਂ ਤੇ ਤੂੰ ਦੋ ਰਹਿੰਦੇ ਨੇ ਸਰੀਰ ਵਿੱਚ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥ ਅੰਗ- 1263***

ਮੈਂ ਵੀ ਰਹਿੰਦਾ ਹਾਂ ਤੇ ਵਾਹਿਗੁਰੂ ਵੀ ਰਹਿੰਦਾ ਹੈ। ਸਾਰਿਆਂ ਦੇ ਅੰਦਰ। ਹੈਰਾਨ ਹੋ ਜਾਓਂਗੇ, ਵਾਹਿਗੁਰੂ ਐਨਾ ਨੇੜੇ। ਸਾਡੇ ਨਾਲ ਹੀ ਰਹਿੰਦਾ ਹੈ, ਜਿੱਥੇ ਮੈਂ ਰਹਿੰਦਾ ਹਾਂ। ਸਾਨੂੰ ਤਾਂ ਇਹ ਪਤਾ ਹੀ ਨਹੀਂ ਕਿ ਮੈਂ ਕੌਣ ਹਾਂ। ਕਹਿੰਦੇ, ਦੋਵੇਂ ਰਹਿੰਦੇ ਨੇ, ਲੇਕਿਨ ਵਿੱਚ ਹਉਮੈ ਦੀ ਕੰਧ ਬਣ ਗਈ। ਜਿਹਦੇ ਕਰਕੇ ਟੁੱਟਦੀ ਨਹੀਂ ਦੋਹਾਂ ਦਾ ਮੇਲ ਨਹੀਂ ਹੁੰਦਾ। ਜੇ ਭਲਾ ਮੈਂ ਮਰ ਜਾਵੇ ਫੇਰ ਕੌਣ ਰਹਿ ਗਿਆ ਕਹਿੰਦੇ ਫੇਰ ਰੱਬ ਰਹਿ ਗਿਆ ਇਹਦੇ 'ਚ। ਮੈਂ ਝੂਠੀ ਹੈ, ਮੈਂ ਪਰਛਾਵਾਂ ਹੈ। ਜਦੋਂ ਮੈਂ ਮਰ ਜਾਂਦੀ ਹੈ, ਉਹ ਪ੍ਰਮੇਸ਼ਰ ਹੀ ਹੋ ਜਾਇਆ ਕਰਦਾ ਹੈ। ਉਹਦਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਰਿਹਾ ਕਰਦਾ ਤੇ ਉਹਨੂੰ ਸਾਧੂ, ਗੁਰਸਿੱਖ, ਗੁਰਮੁਖ, ਸੰਤ, ਬ੍ਰਹਮਗਿਆਨੀ, ਅਨੇਕਾਂ ਨਾਮਾਂ ਦੇ ਨਾਲ ਜਨ, ਸੇਵਕ ਬਹੁਤ ਸਾਰੇ ਨਾਮ ਦਿੱਤੇ ਜਾ ਸਕਦੇ ਨੇ। ਕਿਉਂਕਿ ਸੇਵਕ ਜੇ ਕਹੀਏ, ਮਹਾਰਾਜ ਕਹਿੰਦੇ -

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - 1076***

ਜਿਵੇਂ ਲਹਿਰ ਉਠਦੀ ਹੈ ਤੇ ਪਾਣੀ 'ਚ ਸਮਾਅ ਜਾਂਦੀ ਹੈ। ਸਮੁੰਦਰ ਦੀ ਲਹਿਰ ਉੱਠੀ, ਸਮੁੰਦਰ ਦੇ ਵਿੱਚ ਸਮਾਅ ਗਈ। ਟੋਭੇ ਦੀ ਲਹਿਰ ਉੱਠੀ, ਟੋਭੇ 'ਚ ਸਮਾਅ ਗਈ। ਬਾਹਰ ਤਾਂ ਨਹੀਂ ਰਹਿੰਦੀ। ਕਹਿੰਦੇ ਇਸ ਤਰ੍ਹਾਂ ਦੇ ਨਾਲ ਤੂੰ ਤੇ ਮੈਂ ਦਾ ਇੱਥੇ ਖੇਲ੍ਹ ਹੋ ਰਿਹਾ ਹੈ ਜਿਹਦੀ ਮੈਂ ਮਿਟ ਗਈ ਉਹ ਤੂੰ ਹੋ ਗਿਆ। ਉਹਨੂੰ ਸਾਧੂ ਕਹਿੰਦੇ ਨੇ, ਸਾਧੂ ਦਾ ਦਰਸ਼ਨ ਜਿਹੜਾ ਹੈ ਸਿਰਫ ਉਸ ਵੇਲੇ ਹੁੰਦਾ ਹੈ ਜਦੋਂ ਕੋਈ ਆਦਮੀ ਦੀ ਕਿਸਮਤ ਦਾ ਕੋਈ ਚੰਗਾ ਪਾਸਾ ਸਾਮ੍ਹਣੇ ਆ ਜਾਂਦਾ ਹੈ। ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਸਾਧੂ ਮਿਲ ਜਾਂਦੇ ਨੇ ਸੁੱਤੇ ਜਦ ਭਾਗ ਜਾਗਦੇ।***

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

ਸਾਧੂ ਦੇ ਮਿਲਣ ਦੀ ਨਿਸ਼ਾਨੀ, ਮਨ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਮਨ ਦਾ ਹਨ੍ਹੇਰਾ ਸਾਨੂੰ ਸਾਰਿਆਂ ਨੂੰ ਤੰਗ ਕਰ ਰਿਹਾ ਹੈ।

***ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥*** ***ਅੰਗ - 325***

ਰਾਜਾ ਵੀ ਰੋਂਦਾ ਹੈ ਤੇ ਗਰੀਬ ਵੀ ਰੋਂਦਾ ਹੈ ਕਿਉਂਕਿ ਹਨ੍ਹੇਰਾ ਪਿਆ ਹੈ, ਹਨ੍ਹੇਰੇ ਵਿੱਚ ਤੁਰ ਕੇ ਚਾਹੇ ਰਾਜਾ ਤੁਰਿਆ ਜਾਂਦਾ ਹੈ, ਚਾਹੇ ਗਰੀਬ ਤੁਰਿਆ ਜਾਂਦਾ ਹੈ। ਠੋਕਰਾਂ ਇੱਕੋ ਜਿਹੀਆਂ ਲਗਦੀਆਂ ਨੇ। ਮਨ ਦਾ ਹਨ੍ਹੇਰਾ ਜਿਹੜਾ ਹੈ ਸਾਰੀ ਕਲ੍ਹਾ ਤੇ ਕਲੇਸ਼ ਦੀ ਜੜ੍ਹ ਹੈ। ਜਿੰਨਾਂ ਆਦਮੀ ਦੁੱਖੀ ਹੈ, ਮਨ ਦੇ ਹਨ੍ਹੇਰੇ ਕਰਕੇ ਦੁੱਖੀ ਹੈ ਜੇ ਮਨ 'ਚ ਪ੍ਰਕਾਸ਼ ਹੋ ਜਾਵੇ ਫੇਰ ਇਹਦੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ ਇੱਕ ਤਾਂ ਉਹ ਮਿਟ ਜਾਂਦਾ ਹੈ। ਇੱਕ ਜਿਹੜੀ ਸਾਡੀ ਸੁਰਤ ਕਰੋੜਾਂ ਸਾਲਾਂ ਦੀ, ਕਰੋੜਾਂ ਜਨਮਾਂ ਦੀ ਸੁੱਤੀ ਪਈ ਹੈ, ਵਾਸ਼ਨਾ ਦੇ ਅੰਦਰ, ਕਰਮਾਂ ਦੇ ਬੰਨ੍ਹੇ ਹੋਏ ਅਸੀਂ ਜੰਮ ਪੈਂਦੇ ਹਾਂ, ਮਰ ਜਾਂਦੇ ਹਾਂ। ਇਸ ਤੋਂ ਇਹ ਸੁਰਤ ਫਰੀ ਹੋ ਜਾਂਦੀ ਹੈ। ਸੁਰਤ ਜਾ ਕੇ ਆਪਣੇ ਸਰੂਪ ਨੂੰ ਪਛਾਣ ਲੈਂਦੀ ਹੈ। ਐਸੇ ਮਹਾਂਪੁਰਸ਼ ਬਾਬਾ ਜਸਵੰਤ ਸਿੰਘ ਜਿਨ੍ਹਾਂ ਦਾ ਨਾਮ ਸੀ, ਜਦੋਂ ਉਹ ਠਾਣੇਦਾਰੀ ਦੇ ਵਿਚ ਜਾਂਦੇ ਨੇ, ਜਦੋਂ ਉਸ ਥਾਂ 'ਤੇ ਗਏ, ਬਾਬਾ ਜੀ ਨੇ ਦੇਖਿਆ ਬਾਬਾ ਬੀਰ ਸਿੰਘ ਜੀ ਨੇ ਇੱਕ ਦਮ ਤਵੱਜੋ ਦਿੱਤੀ। ਮਹਾਂਪੁਰਸ਼ਾਂ ਨੂੰ ਪਤਾ ਲਗ ਜਾਂਦਾ ਹੈ। ਕਿ ਆਹ ਬੰਦਾ ਸਾਡੇ ਨਾਲੋਂ ਪਹਿਲਾਂ ਵਿਛੜਿਆ ਹੋਇਆ ਹੈ। ਐਵੇਂ ਨਹੀਂ ਸਹਿਜ ਸੁਭਾਅ ਮਹਾਂਪੁਰਸ਼ ਬੁਲਾਉਂਦੇ ਹੁੰਦੇ। ਉਹ ਸੱਚਮੁੱਚ ਉਨ੍ਹਾਂ ਨੂੰ ਪਤਾ ਹੁੰਦਾ ਹੈ। ਕਿ ਆਹ ਬੰਦਾ ਵਿਛੜਿਆ ਹੋਇਆ ਹੈ, ਇਹਨੂੰ ਨਹੀਂ ਹੁਣ ਜਾਣ ਦੇਣਾ। ਇਹ ਗਲਤੀ ਦੇ ਨਾਲ ਘੁੰਮਦਾ ਫਿਰਦਾ ਹੈ, ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ, ਪਤਾ ਲਗ ਜਾਂਦਾ ਹੈ ਕਿ ਐਨੇ ਜਨਮ ਪਹਿਲਾਂ ਇਹ ਸਾਡੇ ਨਾਲ ਸੀਗਾ। ਹੁਣ ਨਹੀਂ ਇਸਨੂੰ ਜਾਣ ਦੇਣਾ ਤੇ ਇਹ ਵੀ ਪਤਾ ਲਗ ਜਾਂਦਾ ਹੈ ਕਿ ਇਹਦੀ ਵੱਡੀ ਭਾਰੀ ਕਮਾਈ ਕਰੀ ਹੋਈ ਹੈ, ਅਜੇ ਇਹਾ ਜਾਗੀ ਨਹੀਂ ਹੈ ਅਜੇ ਇਹ ਦਾ ਟਾਈਮ ਨਹੀਂ ਆਇਆ । ਗੁਰੂ ਅਮਰਦਾਸ ਮਹਾਰਾਜ ਜੀ ਕਿੱਡੀ ਪਦਵੀ ਦੇ ਮਾਲਕ ਸੀ, ਪਹਿਲਾਂ ਇਹ ਤਾਂ ਨਹੀਂ ਸੀ ਕਿ ਉਨ੍ਹਾਂ ਵਿੱਚ ਕਮਾਈ ਹੈ ਨਹੀਂ ਸੀ। ਕਮਾਈ ਨਾ ਹੁੰਦੀ ਤਾਂ ਐਡੀ ਵੱਡੀ ਤਪਸਿਆ ਕਿਉਂ ਕਰਦੇ। ਗੁਰੂ ਅੰਗਦ ਸਾਹਿਬ ਨੇ ਪਛਾਣ ਲਏ ਆਉਂਦੇ ਹੀ, ਬਈ ਆ ਗਿਆ। ਜਦੋਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਦਸਵੀਂ 'ਚ ਪੜ੍ਹਦੇ ਸੀ, ਪਟਿਆਲੇ ਤੋਂ ਬਾਬਾ ਹੀਰਾ ਸਿੰਘ ਦੇ ਨਾਲ, ਰੇਰੂ ਸਾਹਿਬ ਪਹੁੰਚਦੇ ਨੇ। ਜਦੋ ਰੇਰੂ ਸਾਹਿਬ ਪਟਿਆਲੇ ਤੋਂ ਜਾਣ ਵਾਸਤੇ ਰਸਤੇ ਵਿਚ ਹੀ 24 ਘੰਟੇ ਲਗ ਜਾਂਦੇ ਸੀ। ਆਹ ਹੁਣ ਦੀਆਂ ਗੱਲਾਂ ਨੇ, ਜਦੋਂ ਅਸੀਂ ਛੁੱਟੀ ਜਾਣਾ ਪਟਿਆਲੇ ਤੋਂ ਰਾਜਪੁਰੇ ਆ ਜਾਣਾ ਰਾਤ ਨੂੰ ਗੱਡੀ ਚੜ੍ਹ ਕੇ, ਰਾਜਪੁਰੇ ਸਾਰੀ ਰਾਤ ਬੈਠੇ ਰਹਿਣਾ, ਸਵੇਰ ਵੇਲੇ ਗੱਡੀ ਆਉਣੀ ਉਸ ਤੋਂ ਚੜ੍ਹ ਕੇ ਚ੍ਹਾਵੇ ਉਤਰਨਾ। ਚ੍ਹਾਵੇ ਉਡੀਕੀ ਜਾਣਾ ਕਿ ਕੋਈ ਤਾਂਗਾ ਪਇਲ ਦਾ ਮਿਲੇ, ਪਇਲ ਦਾ

ਤਾਂਗਾ ਮਿਲਿਆ ਭਾਅ ਨਾ ਬਣਨਾ। ਬੈਠੇ ਰਹਿਣਾ, ਫੇਰ ਕਿਤੇ ਆਥਣੇ ਜਾਣਾ। 24 ਘੰਟੇ ਐਨੇ ਕੁ ਥਾਉਂ ਨੂੰ ਲਗ ਜਾਂਦੇ ਸੀ। ਐਸ ਤਰ੍ਹਾਂ ਮਹਾਰਾਜ ਜੀ ਛੁੱਟੀ ਲੈ ਕੇ, ਸਕੂਲ ਛੁੱਟੀਆਂ ਸੀ। ਉਥੇ ਪਹੁੰਚਦੇ ਨੇ। ਜਦੋਂ ਦਰਸ਼ਨ ਵਾਸਤੇ ਆਗਿਆ ਮਿਲੀ, ਤਾਂ ਉਸ ਵੇਲੇ ਮਹਾਰਾਜ ਜੀ ਦਾ ਬੜਾ ਸ਼ਾਹੀ ਲਿਬਾਸ ਸੀ, ਕਿਉਂਕਿ ਬੜੇ ਅਮੀਰ ਘਰਾਣੇ ਨਾਲ ਸਬੰਧ ਰਖਦੇ ਸੀ ਤੇ ਉਨ੍ਹਾਂ ਦੇ ਭੂਆ ਦੇ ਪੁੱਤਰ, ਮਹਾਰਾਜ ਪਟਿਆਲੇ ਦੇ, ਇੰਚਾਰਜ ਸੀ ਲੱਸੀਖਾਨੇ ਦੇ ਤੇ ਬਾਅਦ ਵਿੱਚ ਉਹ ਗਾਰਡੀਅਨ ਬਣ ਗਏ ਸੀ। ਸਾਰੇ ਬੱਚਿਆਂ ਨੂੰ ਪੜ੍ਹਾਉਣਾ ਉਨ੍ਹਾਂ ਦਾ ਕੰਮ ਸੀ। ਵੱਡੇ-ਵੱਡੇ ਸਰਦਾਰਾਂ 'ਚ ਆਪ ਦੀ ਰਿਹਾਇਸ਼ ਸੀ। ਬਹੁਤ ਜ਼ਿਆਦਾ ਹੁਸ਼ਿਆਰ ਸੀ। ਜਿਹੜੀ ਗੱਲ ਮਹਾਰਾਜ ਇੱਕ ਵਾਰੀ ਦੇਖ ਲੈਣ ਕਦੇ ਸਾਰੀ ਜ਼ਿੰਦਗੀ ਨਹੀਂ ਭੁੱਲੇ। ਜਿਸ ਬੰਦੇ ਦਾ ਇੱਕ ਵਾਰੀ ਨਾਉਂ ਪੁੱਛ ਲੈਂਦੇ ਸੀ ਫੇਰ ਨਹੀਂ ਸੀ ਭੁੱਲਦੇ, ਨਾ ਉਹਦੀ ਸ਼ਕਲ ਨਾ ਉਹਦਾ ਨਾਉਂ। ਫੇਰ ਨਹੀਂ ਸੀ ਕਹਿੰਦੇ ਕਿ ਕਾਕਾ ਤੇਰਾ ਨਾਉਂ ਕੀ ਹੈ? ਪਹਿਲਾਂ ਹੀ ਜਾਣਦੇ ਹੁੰਦੇ। ਮੈਂ ਬੜਾ ਹੈਰਾਨ ਹੋਣਾ ਕਿ ਐਨੀ ਦੁਨੀਆ ਰੋਜ਼ ਮਿਲਦੀ ਹੈ ਤੇ ਇਨ੍ਹਾਂ ਨੂੰ ਸਾਰਿਆ ਦੇ ਨਾਉਂ ਦਾ ਪਤਾ ਹੈ, ਸਾਰਿਆਂ ਦੇ ਪਿੰਡ ਦਾ ਪਤਾ ਹੈ।

ਆਪ ਦੇ ਮਨ ਵਿੱਚ ਸ਼ੌਂਕ ਜਾਗਿਆ ਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰੀਏ, ਕਿਉਂਕਿ ਭਜਨ ਬਚਪਨ ਤੋਂ ਕਰ ਰਹੇ ਸੀ। ਆਪ ਜਦੋਂ ਮਹਾਰਾਜ ਜੀ ਦੇ ਪਾਸ ਜਾਂਦੇ ਨੇ, ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਪਾਸ, ਜਦ ਉਨ੍ਹਾਂ ਨੇ ਦੇਖਿਆ ਇੱਕ ਦਮ ਤਵੱਜੋ ਦਿੱਤੀ। ਦੇਖਦੇ ਉਹ ਰੋਜ਼ ਸੀ ਸੰਗਤਾਂ ਨੂੰ ਪਰ ਐਨੀ ਤਵੱਜੋ ਨਹੀਂ ਸੀ ਦਿੱਤੀ। ਇੱਕ ਦਮ ਬੜਾ ਧਿਆਨ ਦਿੱਤਾ। ਦੇ ਕੇ ਪਹਿਲਾ ਬਚਨ ਕਰਿਆ ਕਿ ਆ ਗਿਆ ਭਾਈ ਤੂੰ। ਬੜੀ ਦੇਰ ਲਾਈ ਤੂੰ ਸਾਡੇ ਕੋਲ ਆਉਣ ਤੱਕ। ਸਾਰੇ ਮਹਾਂਪੁਰਸ਼ਾਂ ਨਾਲ ਐਸ ਤਰ੍ਹਾਂ ਹੀ ਹੁੰਦਾ ਹੈ। ਜਦੋਂ ਉਤਰਾਅਧਿਕਾਰੀ ਆਉਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਬੇਅੰਤ ਸਿੱਖ ਆਏ, ਬਚਪਨ ਤੋਂ ਹੀ ਆਉਣੇ ਸ਼ੁਰੂ ਹੋਏ। ਲੇਕਿਨ ਗੁਰੂ ਨਾਨਕ ਸਾਹਿਬ ਨੇ ਐਸ ਤਰ੍ਹਾਂ ਨਹੀਂ ਸੀ ਕਿਹਾ ਕਿ ਆ ਗਿਆ ਭਾਈ! ਤੇ ਜਦੋਂ ਭਾਈ ਲਹਿਣਾ ਜੀ ਆਉਂਦੇ ਨੇ, ਗੁਰੂ ਅੰਗਦ ਸਾਹਿਬ ਮਹਾਰਾਜ, ਜਿਹੜਾ ਪਹਿਲਾਂ ਨਾਉਂ ਸੀ। ਉਸ ਵੇਲੇ ਮਹਾਰਾਜ ਉਥੇ ਹੀ ਨਹੀਂ ਖੜ੍ਹੇ ਕਿ ਆਪਣੇ ਕਰਤਾਰਪੁਰ, ਉਥੋਂ ਉਸ ਰਸਤੇ ਵਲ ਨੂੰ ਚੱਲੇ, ਜਿਧਰਲੇ ਪਾਸੇ ਇਹ ਆ ਰਹੇ ਸੀ। ਬਾਹਰ ਆ ਗਏ ਰੋਹੀ 'ਤੇ। ਉਸ ਵੇਲੇ ਜੰਗਲ ਹੀ ਜੰਗਲ ਪਿਆ ਸੀ ਚਾਰੋਂ ਪਾਸੇ। ਗੈਰ-ਆਬਾਦ ਇਲਾਕਾ ਸੀ ਸਾਰਾ। ਨੇੜੇ ਤੇੜੇ ਕੋਈ ਪਿੰਡ ਨਹੀਂ ਸੀ, ਰਾਵੀ ਦਾ ਕੰਡਾ ਸੀ, ਝੱਲ ਸੀ, ਸਰਕੜੇ ਖੜ੍ਹੇ ਸੀ ਬੇਅੰਤ ਸਰਕੰਡੇ। ਰਾਹ ਖਹਿੜਾ ਕੋਈ ਨਹੀਂ ਸੀ ਲੱਭਦਾ ਤੇ ਆਪ ਘੋੜੀ ਤੇ ਚੜ੍ਹੇ ਜਾ ਰਹੇ ਨੇ ਤੇ ਅੱਗੇ ਗੁਰੂ ਨਾਨਕ ਪਾਤਸ਼ਾਹ ਮਿਲਦੇ ਨੇ ਉਨ੍ਹਾਂ ਨੂੰ ਪੁੱਛਣ ਲੱਗਿਆ ਬਾਬਾ! ਇੱਕ ਨਾਨਕ ਜੀ ਰਹਿੰਦੇ ਨੇ ਇੱਥੇ, ਮੈਂ ਉਨ੍ਹਾਂ ਕੋਲ ਜਾਣਾ ਹੈ। ਉਹ ਕਹਿੰਦੇ, ਆ ਭਾਈ! ਜੀ ਆਇਆਂ ਨੂੰ। ਅਸੀਂ ਤੈਨੂੰ ਰਸਤਾ ਦਿਖਾਉਂਦੇ ਹਾਂ, ਰਸਤਾ ਜ਼ਰਾ ਭੁੱਲ ਭੁਲਾਈਆਂ ਵਾਲਾ ਹੈ ਵਿੱਚ

ਬਹੁਤ ਸਾਰਾ। ਕਈ ਡੰਡੀਆਂ ਕਿੱਧਰੇ ਨੂੰ ਜਾਂਦੀਆਂ ਨੇ, ਕਈ ਕਿਧਰੇ ਨੂੰ ਜਾਂਦੀਆਂ ਨੇ, ਤੈਨੂੰ ਅਸੀਂ ਉਥੇ ਹੀ ਲੈ ਚੱਲਾਂਗੇ। ਘੋੜੀ ਤੇਜ਼ ਚੱਲਦੀ ਸੀ। ਗੁਰੂ ਨਾਨਕ ਪਾਤਸ਼ਾਹ ਉਸ ਵੇਲੇ 63-64 ਸਾਲ ਦੀ ਉਮਰ ਦੇ ਸੀਗੇ ਤੇ ਘੋੜੀ ਦੇ ਨਾਲ ਚੱਲ ਰਹੇ ਸੀ ਆਪ, ਜਦੋਂ ਘੋੜੀ ਹੋਰ ਤੇਜ਼ ਹੁੰਦੀ, ਮਹਾਰਾਜ ਦੌੜ ਕੇ ਅੱਗੇ ਹੋ ਜਾਂਦੇ ਸੀ। ਤੇਜ਼ ਚੱਲਦੇ ਸੀ, ਦੌੜ-ਦੌੜ ਕੇ। ਬੜਾ ਖੁਸ਼ ਹੋ ਰਹੇ ਸੀ ਭਾਈ ਲਹਿਣਾ ਜੀ ਕਿ ਵਾਹ ਬਾਬਾ ਬੜਾ ਚੰਗਾ ਹੈ, ਦੇਖ ਘੋੜੀ ਦੇ ਨਾਲ ਚੱਲ ਰਿਹਾ ਹੈ ਤੇ ਅੱਗੇ ਜਦੋਂ ਜਾ ਕੇ ਘੋੜੀ ਬੰਨ੍ਹ ਦਿੱਤੀ। ਕਹਿੰਦੇ ਲੈ ਇੱਥੇ ਘੋੜੀ ਬੰਨ੍ਹ ਲੈ ਤੇ ਆਹ ਜਲ ਹੈ ਇੱਥੇ ਧੂੜ ਪਈ ਹੋਈ ਹੈ ਉਤੇ। ਪੰਜ ਇਸ਼ਨਾਨਾ ਕਰ ਲੈ। ਆਹ ਦਰਵਾਜ਼ਾ ਹੈ ਇੱਥੋਂ ਦੀ ਆ ਜਾਈਂ, ਜਿਹਨੂੰ ਤੂੰ ਮਿਲਣਾ ਹੈ ਉਥੇ ਬੈਠਾ ਹੋਏਗਾ।

ਪਰਲੇ ਪਾਸੇ ਦੀ ਹੋ ਕੇ ਗੁਰੂ ਨਾਨਕ ਪਾਤਸ਼ਾਹ ਜਾ ਕੇ ਬਹਿ ਜਾਂਦੇ ਨੇ ਆਸਣ 'ਤੇ। ਇਹ ਘੋੜੀ ਬੰਨ੍ਹ ਕੇ ਜਦੋਂ ਅੰਦਰ ਵੜਦੇ ਨੇ ਤਾਂ ਦੇਖਦੇ ਨੇ, ਪਛਾਨਣ ਦਾ ਯਤਨ ਕਰਦੇ ਨੇ। ਪਹਿਲਾਂ ਭੁਲੇਖਾ ਖਾਂਦੇ ਨੇ ਕਿ ਪਤਾ ਨਹੀਂ ਇਹੋ ਜਿਹਾ ਬਾਬਾ ਜਿਹੜਾ ਆਇਆ ਸੀ ਇਹਦਾ ਭਰਾ ਹੀ ਹੋਵੇ ਹੋਰ। ਐਹੋ ਜਿਹਾ ਹੀ ਸੀ ਹੂਬ-ਹੂ, ਜਦੋਂ ਨੇੜੇ ਗਏ ਪਛਾਣ ਲਿਆ ਕਿ ਇਨ੍ਹਾਂ ਨੇ ਤਾਂ ਅਜੇ ਧੂੜ ਵੀ ਨਹੀਂ ਲਾਹੀ, ਚਰਨਾਂ ਤੋਂ, ਲੱਤਾਂ ਤੋਂ। ਦੌੜੇ ਆਏ ਨੇ ਓਹੀ ਨੇ ਇਹ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਆ ਗਿਆ ਭਾਈ ਤੂੰ? ਚਰਨਾਂ 'ਤੇ ਰੋ ਕੇ ਢਹਿ ਪਏ। ਕਹਿੰਦੇ ਮਹਾਰਾਜ ਮੈਂ ਬਹੁਤ ਵੱਡੀ ਅਵੱਗਿਆ ਕੀਤੀ ਹੈ। ਕਹਿੰਦੇ ਤੇਰਾ ਨਾਉਂ ਕੀ ਹੈ? ਕਹਿੰਦੇ ਮੇਰਾ ਨਾਉਂ ਲਹਿਣਾ। ਭਾਈ! ਲਹਿਣੇਦਾਰ ਘੋੜਿਆਂ 'ਤੇ ਚੜ੍ਹ ਕੇ ਆਉਂਦੇ ਹੁੰਦੇ ਨੇ, ਜਿਨ੍ਹਾਂ ਨੇ ਕੁਛ ਦੇਣਾ ਹੁੰਦਾ ਹੈ ਉਹ ਪੈਦਲ ਹੀ ਦੌੜਦੇ ਹੁੰਦੇ ਨੇ ਉਹਦੇ ਮੂਹਰੇ। ਤੂੰ ਹੁਣ ਲਹਿਣੇਦਾਰ ਆ ਗਿਆ। ਰਮਜ਼ ਮਾਰ ਦਿੱਤੀ। ਸਮਝ 'ਚ ਨਹੀਂ ਪਈ ਗੱਲ। ਬਾਅਦ ਵਿੱਚ ਪਤਾ ਲਗਦਾ ਹੈ ਇਨ੍ਹਾਂ ਗੱਲਾਂ ਦਾ, ਪਹਿਲਾਂ ਨਹੀਂ ਪਤਾ ਲਗਦਾ। ਭਾਈ! ਤੂੰ ਲਹਿਣੇਦਾਰ ਆ ਗਿਆ ਤੇ ਅਸੀਂ ਦੇਣਾ ਹੈ ਤੇਰਾ। ਇਸ ਕਰਕੇ ਦੇਣ ਵਾਲਾ ਤਾਂ ਹਮੇਸ਼ਾ ਹੀ ਖੁਸ਼ਾਮਦ 'ਚ ਰਹਿੰਦਾ ਹੈ। ਦੌੜਨਾ ਕੰਮ ਦੇਣ ਵਾਲੇ ਦਾ ਹੈ।

ਜਦੋਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਜਾਂਦੇ ਨੇ ਰੇਰੂ ਸਾਹਿਬ ਪਹੁੰਚਦੇ ਨੇ ਤਾਂ ਬਾਬਾ ਜੀ (ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ) ਸਾਰਿਆਂ ਵਲੋਂ ਧਿਆਨ ਹਟਾ ਕੇ ਇਧਰ ਧਿਆਨ ਦੇ ਕੇ ਕਹਿੰਦੇ ਨੇ ਆ ਗਿਆ ਭਾਈ ਤੂੰ? ਬੜੀ ਦੇਰ ਬਾਅਦ ਆਇਆ ਹੈਂ?

ਰਮਜ਼ ਮਾਰ ਦਿੱਤੀ। ਲੇਕਿਨ ਜਾਗੀ ਹੋਈ ਰੂਹ ਸੀ। ਇੱਕ ਦਮ ਝਰਨਾਟਾਂ ਦਿੰਦੀ ਸਿਰ ਤੋਂ ਲੈ ਕੇ ਪੈਰਾਂ ਤੱਕ ਚਲੀ ਗਈ। ਝਰਨ-ਝਰਨ ਹੋਵੇ ਸਾਰੇ ਸਰੀਰ 'ਚ ਕਿ ਹੈਂ ਮੈਂ ਕਦੇ ਆਇਆ ਹੁੰਦਾ ਹਾਂ। ਨਾ ਕਦੇ ਕਿਸੇ ਨੇ ਮੇਰਾ ਨਾਉਂ ਲਿਆ ਹੈ ਇੱਥੇ ਆ ਕੇ, ਨਾ ਮੈਂ ਆਪਣੇ ਆਪ ਨੂੰ ਇਹ ਸਮਝਦਾ ਹਾਂ ਕਿ ਮੈਂ ਕੋਈ ਖਾਸ ਹਾਂ। ਬਾਬਾ ਜੀ ਨੇ ਐਨੀ ਰਮਜ਼ ਮਾਰੀ ਹੈ। ਬਈ ਬੜੀ ਦੇਰ ਦੇ ਤੈਨੂੰ ਉਡੀਕਦੇ ਸੀ। ਆ ਗਿਆ

ਤੂੰ।

ਇਸੇ ਤਰ੍ਹਾਂ ਦੇ ਨਾਲ ਜਦੋਂ ਬਾਬਾ ਖੁਦਾ ਸਿੰਘ ਜੀ, ਬਾਬਾ ਜਸਵੰਤ ਸਿੰਘ ਜੀ ਜਿਨ੍ਹਾਂ ਦਾ ਨਾਉਂ ਸੀ। ਆਪ ਮਿਲਦੇ ਬਾਬਾ ਬੀਰ ਸਿੰਘ ਜੀ ਨੂੰ ਤੇ ਆਪ ਨੇ ਸਾਰਿਆਂ ਦੇ ਵਲੋਂ ਧਿਆਨ ਹਟਾ ਕੇ, ਉਨ੍ਹਾਂ ਵਲ ਧਿਆਨ ਕਰਕੇ ਕਹਿੰਦੇ ਆ ਗਿਆ, ਪੁਰਖਾ! ਬੜੀ ਦੇਰ ਲਾਈ ਹੈ ਤੂੰ ਆਉਣ ਨੂੰ। ਹੁਣ ਬਾਬਾ ਜੀ ਦੇ ਸਮਝ ਵਿੱਚ ਨਹੀਂ ਆਉਂਦੀ ਇਹ ਗੱਲ ਕਿਉਂਕਿ ਥਾਣੇਦਾਰੀ ਕਰਦੇ ਨੇ। ਕਹਿੰਦੇ ਮਹਾਰਾਜ ਕੰਮ ਕਾਰ ਹੋ ਗਿਆ ਸੀ, ਮੈਨੂੰ ਜ਼ਿਆਦਾ ਕੰਮ ਸੀ ਮੈਂ ਤਾਂ ਨਹੀਂ ਆਇਆ। ਆਹ ਨਹੀਂ ਸਮਝਿਆ ਕਿ ਉਨ੍ਹਾਂ ਨੇ ਗੱਲ ਕੀ ਕਹੀ। ਕਹਿੰਦੇ ਚੰਗਾ! ਤੇਰਾ ਅਸੀਂ ਇੰਤਜ਼ਾਰ ਕਰਦੇ ਸੀ। ਫੇਰ ਵੀ ਨਾ ਸਮਝਿਆ ਕਿ ਇੰਤਜ਼ਾਰ ਸ਼ਾਇਦ ਇਸ ਕਰਕੇ ਕਰਦੇ ਹੋਣ ਕਿ ਮੈਂ ਇੱਥੇ ਇਲਾਕੇ ਦਾ ਮਾਲਕ ਹਾਂ, ਕੋਈ ਗੱਲ ਕਰਾਉਣੀ ਹੋਣੀ ਕਿਸੇ ਰਾਹਕ ਦੀ, ਕਿਸੇ ਹੋਰ ਦੀ। ਗੱਲ ਨਾ ਸਮਝੇ। ਘਰ ਚਲੇ ਜਾਂਦੇ ਨੇ। ਘਰਵਾਲੀ ਕਹਿਣ ਲੱਗੀ ਕਿ ਮਹਾਤਮਾ ਨੇ ਕੋਈ ਗੱਲ ਭੇਤ ਵਾਲੀ ਕਹੀ ਹੈ ਤੁਹਾਨੂੰ। ਬੀਬੀ ਦਾ ਨਾਉਂ ਚੰਦ ਕੌਰ ਸੀ, ਨਾਲ ਹੀ ਸੇਵਾ ਕਰੀ ਹੈ ਉਹਨੇ ਸਾਰੀ ਜ਼ਿੰਦਗੀ। ਜਦੋਂ ਬਾਬਾ ਖੁਦਾ ਸਿੰਘ ਜੀ ਸਰੀਰ ਛੱਡ ਗਏ, ਚੌਦਾਂ ਸਾਲ ਉਨ੍ਹਾਂ ਨੇ ਉਨ੍ਹਾਂ ਦਾ ਆਸ਼ਰਮ ਆਪ ਚਲਾਇਆ। ਉਵੇਂ ਜਿਵੇਂ ਨਾਮ ਦੀ ਦਾਤ ਦਿੰਦੇ ਰਹੇ। ਕਹਿੰਦੇ, ਕੋਈ ਰਮਜ਼ ਮਾਰੀ ਹੈ ਮਹਾਂਪੁਰਸ਼ਾਂ ਨੇ। ਕਹਿੰਦੇ, ਨਹੀਂ ਮੈਂ ਇੱਥੇ ਇਲਾਕੇ ਦਾ ਮਾਲਕ ਹਾਂ, ਤਾਂ ਕਿਹਾ ਹੋਣਾ ਹੈ। ਕਹਿੰਦੇ, ਨਾ ਨਾ, ਸਾਧੂ ਵੀ ਕਿਸੇ ਦੀ ਮੁਹਥਾਜੀ ਝੱਲਦੇ ਨੇ। ਉਹ ਤਾਂ ਬੇਪਰਵਾਹ ਹੋਇਆ ਕਰਦੇ ਨੇ, ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਉਂਦੇ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ - 186***

ਜਿਹਦਾ ਕਿਹਾ ਹੋਇਆ ਦਰਗਾਹ ਵੀ ਮੰਨਦੀ ਹੈ, ਉਹ ਮਾਮੂਲੀ ਬੰਦਿਆਂ ਨੂੰ ਨਿਗ੍ਹਾ ਥੱਲੇ ਲਿਆਵੇ। ਕਹਿ ਦਿੰਦਾ ਹੈ ਤੂੰ ਰਾਜ਼ੀ ਹੋ ਜਾਏਂਗਾ। ਨਾ ਕੋਈ ਦਵਾਈ, ਨਾ ਕੋਈ ਲੈਣ ਨਾ ਕੋਈ ਦੇਣ। ਉਹ ਰਾਜ਼ੀ ਹੋ ਜਾਂਦਾ ਹੈ। ਬੀਮਾਰ ਹਾਂ ਜੀ, ਕਹਿੰਦਾ, ਟੋਭੇ 'ਚ ਨਹਾ ਲੈ। ਬਾਬਾ ਜੀ ਦੇ ਕੋਲ, ਬਾਬਾ ਕਰਮ ਸਿੰਘ ਜੀ ਦੇ ਕੋਲ ਉਥੇ ਦਾ ਨਵਾਬ ਦਾ ਲੜਕਾ ਲਿਆਂਦਾ ਗਿਆ, ਉਹ ਬੀਮਾਰ ਹੈ, ਯੂਰਪ 'ਚ ਲੈ ਗਏ ਉਹਨੂੰ, ਉਥੇ ਰਾਜ਼ੀ ਨਾ ਹੋਇਆ ਵਾਪਿਸ ਲੈ ਆਂਦਾ। ਬਾਬਾ ਜੀ ਕੋਲ ਲੈ ਆਂਦਾ। ਕਹਿੰਦੇ ਬਾਬਾ ਜੀ! ਇਸ ਤੋਂ ਤੁਰ ਨਹੀਂ ਹੁੰਦਾ। ਜੁੜਿਆ ਹੋਇਆ ਹੈ। ਚਾਰ ਬੰਦੇ ਚੁੱਕੀਂ ਆਉਂਦੇ ਨੇ। ਕਹਿੰਦੇ ਆਹ ਕੀ ਚੁੱਕੀਂ ਆਉਂਦੇ ਓਂ, ਕਹਿੰਦੇ ਜੀ ਨਵਾਬ ਸਾਹਿਬ ਦਾ ਲੜਕਾ ਹੈ। ਕਹਿੰਦੇ ਕੀ ਹੋ ਗਿਆ ਇਹਨੂੰ। ਕਹਿੰਦੇ ਤੁਰ ਨਹੀਂ ਹੁੰਦਾ। ਕਹਿੰਦੇ ਪਾਖੰਡੀ ਹੈ। ਉਹ ਦਰਿਆ ਦੇ ਕੰਢੇ ਬੈਠੇ ਸੀ। ਕਹਿੰਦੇ, ਉਥੇ ਦਰਿਆ 'ਚ ਛੱਡ ਦਿਓ, ਆਪੇ ਨੱਠਿਆ ਆਊ। ਹੁਣ ਮਹਾਂਪੁਰਸ਼ਾਂ ਦੇ ਬਚਨਾਂ ਬਾਰੇ ਕਈ ਤਾਂ ਸਮਝ ਜਾਂਦੇ ਨੇ, ਕਈ ਜਵਾਬ ਦੇ ਦਿੰਦੇ ਨੇ। ਕਈ ਕਹਿ ਦਿੰਦੇ ਨੇ ਕਿ ਜੀ ਉਹ ਤਾਂ ਡੁੱਬ ਜਾਏਗਾ ਜੀ, ਫੇਰ ਨਹੀਂ ਹੁੰਦਾ ਕੁਛ ਵੀ। ਜਿਹਨੇ ਬਚਨ ਉਦੋਂ ਹੀ ਮੰਨ ਲਿਆ, ਉਹਦਾ ਪਾਰ

ਉਤਾਰਾ ਹੋ ਜਾਂਦਾ ਹੈ। ਉਹ ਭਰੋਸੇ ਵਾਲਾ ਸੀ, ਦੇਖ ਚੁੱਕਿਆ ਸੀ ਤਾਂ ਉਹ ਨਵਾਬ ਕਹਿਣ ਲੱਗਿਆ ਠੀਕ ਹੈ, ਮਹਾਰਾਜ। ਜਾ ਕੇ ਪਾਣੀ ਦੇ ਵਿੱਚ ਛੱਡ ਦਿੱਤਾ ਪਿੰਗਲਾ। ਹੁਣ ਡੁੱਬਣਾ ਹੀ ਸੀ ਉਹਨੇ। ਉਸਨੇ ਹੁੱਬਕੀ ਜਿਹੀ ਮਾਰੀ, ਇੱਕ ਦਮ ਖੜ੍ਹਾ ਹੋ ਗਿਆ। ਬਾਬਾ ਜੀ ਕਹਿੰਦੇ ਨੱਠ ਕੇ ਆ, ਪਾਖੰਡ ਕਰਦਾ ਹੈਂ। ਦੌੜਿਆ ਹੀ ਆਉਂਦਾ ਹੈ ਬਾਹਰ। ਕੋਈ ਦਵਾਈ ਦਿੱਤੀ ਹੈ, ਕੋਈ ਦਵਾਈ ਹੈ ਜਿਹਨੂੰ ਦਰਿਆ 'ਚ ਸੁੱਟ ਦਿਓ, ਜਿਹਨੂੰ ਗਠੀਆ ਹੋਇਆ ਹੋਇਆ ਹੈ। ਉਹ ਡੁੱਬ ਕੇ ਮਰ ਜਾਏਗਾ। ਉਹਦਾ ਕਹਿਆ ਹੋਇਆ ਬੀਮਾਰੀ ਜਿਹੜੀ ਹੈ, ਉਹਦਾ ਜਿਹੜਾ ਬੀਮਾਰੀਆਂ ਦਾ ਕੋਈ ਦੇਵਤਾ ਹੋਣਾ, ਉਹ ਵੀ ਮੰਨਦਾ ਹੈ, ਉਹਨੂੰ ਐਨੀ ਛੇਤੀ ਰਾਜ਼ੀ ਕਰਨਾ ਪਿਆ ਕਿ ਮੂੰਹ ਵਿੱਚ ਕਿਤੇ ਪਾਣੀ ਨਾ ਪੈ ਜਾਏ ਇਹਦੇ। ਐਸ ਤਰ੍ਹਾਂ ਦਰਗਾਹ 'ਚ ਕਿਹਾ ਹੋਇਆ ਚਲਦਾ ਹੈ। ਕੀਹਨੂੰ ਨਿਗ੍ਹਾ ਥੱਲੇ ਲਿਆਏ, ਉਹ ਤਾਂ ਬੇਪਰਵਾਹ ਹੁੰਦੇ ਨੇ।

***ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰੱਖਦੇ ਸਾਧੂ।***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***

***ਅੰਗ – 473***

ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਦੀ ਪਰਵਾਹ ਨਹੀਂ ਹੋਇਆ ਕਰਦੀ, ਕਿਉਂਕਿ ਦਰਗਾਹ 'ਚ ਕਿਹਾ ਹੋਇਆ ਚਲਦਾ ਹੈ।

ਬਾਬਾ ਬੀਰ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦੇ ਨਾਲ ਜਾ ਰਹੇ ਨੇ ਤੇ ਰਸਤੇ ਦੇ ਵਿੱਚ ਜਦੋਂ ਪਹੁੰਚਦੇ ਨੇ, ਪਾਰ ਬਹੁਤ ਜ਼ਰੂਰੀ ਲੰਘਣਾ ਹੈ। ਅਟਕ ਦਰਿਆ ਚੜ੍ਹਿਆ ਹੋਇਆ ਹੈ ਅਟਕ ਤੋਂ ਪਾਰ ਕਰਕੇ ਜੇ ਮਹਾਰਾਜਾ ਰਣਜੀਤ ਸਿੰਘ ਨਹੀਂ ਜਾਂਦਾ, ਤਾਂ ਅੱਗੇ ਬੜਾ ਭਿਆਨਕ ਯੁੱਧ ਹੋ ਰਿਹਾ ਹੈ ਉਹਦੇ 'ਚ ਜੇ ਖਾਲਸਾ ਹਾਰ ਜਾਂਦਾ ਹੈ ਤਾਂ ਉਹ ਲਾਹੌਰ ਤੱਕ ਪਹੁੰਚ ਜਾਂਦੇ ਨੇ, ਐਸੀ ਅਸਥਿਤੀ ਪੈਦਾ ਗਈ। ਉਸ ਵੇਲੇ ਆਇਆ, ਆ ਕੇ ਕਹਿਣ ਲੱਗਿਆ ਕਿ ਬਾਬਾ ਜੀ! ਹੁਣ ਕੀ ਕੀਤਾ ਜਾਵੇ, ਦਰਿਆ ਚੜ੍ਹਿਆ ਆਇਆ ਹੈ। ਜੇ ਇਹ ਇਸੇ ਤਰ੍ਹਾਂ ਚੜ੍ਹਿਆ ਹੀ ਰਿਹਾ, ਨਾ ਉਤਰਿਆ ਤਾਂ ਅੱਗੇ ਫੌਜਾਂ ਤਾਂ ਮਾਰੀਆਂ ਜਾਣੀਆਂ ਨੇ, ਕਿਉਂਕਿ ਮੁਲਖਈਆ ਬੇਅੰਤ ਹੈ ਤੇ ਉਹਨੂੰ ਪਤਾ ਨਹੀਂ ਸੀ, ਉਹਨੇ ਕਿਹਾ ਕਿ ਹਰੀ ਸਿੰਘ ਨਲੂਆ ਮਰ ਚੁੱਕਿਆ ਹੈ ਤੇ ਕੇਵਲ ਮਹਾਂ ਸਿੰਘ ਹੈ ਇਸ ਵਾਸਤੇ ਲੜ ਰਿਹਾ ਹੈ ਕਿ ਪਿੱਛੋਂ ਫੌਜ ਆ ਰਹੀ ਹੈ। ਉਸ ਵੇਲੇ ਬਾਬਾ ਜੀ ਕਹਿਣ ਲੱਗੇ, ਦੇਖੋ ਗੁਰੂ ਘਰ ਦੇ ਅੰਦਰ ਸ਼ਕਤੀਆਂ ਦਿਖਾਉਣੀਆਂ ਮਨ੍ਹਾਂ ਨੇ ਪਰ ਪਰਉਪਕਾਰ ਹੈ ਚਲੋ ਆਪਾਂ ਇਹਨੂੰ ਕਹਿ ਦਿੰਦੇ ਹਾਂ ਵਰੁਣ ਦੇਵਤੇ ਨੂੰ। ਕਿਉਂਕਿ ਹੈ ਤਾਂ ਭੈ ਵਿੱਚ ਗੁਰੂ ਨਾਨਕ ਦੇ ਚਾਕਰ ਬਣ ਕੇ ਕਹਿ ਦਿੰਦੇ ਹਾਂ। ਦਰਿਆ ਦੇ ਕੰਢੇ ਹੋ ਕੇ ਉੱਚੀ ਆਵਾਜ਼ ਨਾਲ ਕਿਹਾ, ਕਹਿਣ ਲੱਗੇ, ਵਰੁਣ ਦੇਵਤਾ ਖਵਾਜਾ ਖਿਜਰ! ਅਸੀਂ ਸੁਖਮਨੀ ਸਾਹਿਬ ਪੜ੍ਹਨੀ ਹੈ। ਗਿੱਟੇ-ਗਿੱਟੇ ਹੋ ਜਾ। ਉਛਲਦਾ ਦਰਿਆ ਥੱਲੇ ਚਲਿਆ ਗਿਆ।

ਬਾਬਾ ਜੀ ਹਾਥੀ 'ਤੇ ਜਾ ਕੇ ਅੱਧ ਵਿੱਚ ਖੜ੍ਹ ਕੇ ਸੁਖਮਨੀ ਸਾਹਿਬ ਪੜ੍ਹਨ ਲੱਗ ਗਏ। ਕਹਿੰਦੇ ਲੈ ਹੁਣ ਐਨਾ ਚਿਰ 'ਚ ਫੌਜਾਂ ਲੰਘਾ ਲੈ। ਐਨਾ ਕੁ ਸਮਾਂ ਬਹੁਤ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਾਰੀਆਂ ਫੌਜਾਂ ਲੰਘਾ ਲਈਆਂ, ਇੱਕ ਪਲਟਨ ਰਹਿ ਗਈ, ਉਹ ਨਾਸਤਕ ਪਲਟਨ ਤਰਕ ਕਰੀ ਜਾਵੇ ਕਿ ਬਾਬੇ ਦੇ ਕਹੇ 'ਤੇ ਵੀ ਕਦੇ ਦਰਿਆ ਉਤਰਦਾ ਹੈ। ਮਹਾਰਾਜ ਕਹਿੰਦੇ, ਦਰਿਆ ਕੀ ਸਭ ਕੁਛ ਕਰ ਸਕਦੇ ਨੇ। ਹਨ੍ਹੇਰੀਆਂ ਰੋਕ ਸਕਦੇ ਨੇ, ਅੱਗਾਂ ਲੱਗੀਆਂ ਬੁਝਾ ਸਕਦੇ ਨੇ, ਦ੍ਰਿਸ਼ਟੀ ਦੀ ਲੋੜ ਹੋਇਆ ਕਰਦੀ ਹੈ ਤੇ ਬਾਬਾ ਜੀ ਦੇ ਵੀ ਤਾਰ ਹਿਰਦੇ 'ਚ ਪਹੁੰਚ ਗਈ ਕਿ ਇਹ ਤਾਂ ਨਹੀਂ ਲੰਘਦੇ। ਚਲੋ, ਚੰਗਾ ਇਨ੍ਹਾਂ ਦੀ ਮੌਜ ਤੇ ਬਾਬਾ ਜੀ ਆਖਰੀ ਅਸਟਪਦੀ ਜਦੋਂ ਆਈ, ਆਪ ਨੇ ਝੰਡੀ ਖੜ੍ਹੀ ਕਰੀ ਤੇ ਅਸਟਪਦੀ ਪੜ੍ਹਦੇ ਹੋਏ, ਆਰਾਮ ਨਾਲ ਹਾਥੀ ਤੋਰ ਲਿਆ। ਇਧਰੋਂ ਇਹ ਫੌਜ ਦਰਿਆ 'ਚ ਦਾਖਲ ਹੋ ਗਈ। ਓਧਰੋਂ ਬਾਬਾ ਜੀ ਬਾਹਰ ਚਲੇ ਗਏ, ਜਦੋਂ ਇਹ ਅੱਧ 'ਚ ਪਹੁੰਚਦੇ ਨੇ ਓਡੀਓ ਛੱਲ ਆਈ, 80 ਬੰਦੇ ਰੁੜ੍ਹ ਗਏ। ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗਿਆ, ਬਾਬਾ ਜੀ! 80 ਬੰਦੇ ਰੁੜ੍ਹ ਗਏ। ਕਹਿੰਦੇ, ਭਾਈ! ਭਰੋਸੇ ਤੋਂ ਹੀਣੇ ਸੀਗੇ ਤੇ ਕੁਛ ਖਵਾਜਾ ਖਿਜਰ ਨੇ ਬਲੀ ਵੀ ਲੈਣੀ ਹੋਈ। ਨਾਸਤਕ ਸੀਗੇ। ਦਰਗਾਹ ਵਾਲਾ ਮੰਨਦਾ ਹੈ, ਦਰਿਆ ਨੇ ਵੀ ਮੰਨਿਆ। ਕਿਸੇ ਨੂੰ ਕਹਿ ਦੇਣ ਮੰਨਦਾ ਹੈ। ਕਹਿੰਦਾ, ਮੇਰੇ ਔਲਾਦ ਨਹੀਂ ਹੁੰਦੀ, ਕਹਿੰਦੇ ਹੋ ਜਾਊ। ਜੋਤਸ਼ੀ ਕਹਿੰਦੇ, ਨਹੀਂ ਹੋ ਸਕਦੀ। ਕਹਿੰਦੇ ਇੱਕ ਨਹੀਂ, ਸੱਤ ਹੋਣਗੇ, ਸੱਤ। ਐਹੋ ਜਿਹੇ ਮਹਾਰਾਜ ਦੇ ਜੀਵਨ 'ਚ ਆਉਂਦੇ ਨੇ ਜ਼ਿਕਰ। ਕਈ ਥਾਵਾਂ ਤੇ ਜ਼ਿਕਰ ਆਇਆ ਹੈ ਮਹਾਰਾਜ ਜੀ ਬਾਰੇ, ਜਿੱਥੇ ਜੋਤਸ਼ੀਆਂ ਨੇ ਕਿਹਾ ਕਿ ਔਲਾਦ ਨਹੀਂ ਹੋਣੀ।

ਇੱਕ ਪ੍ਰੇਮੀ ਸੀ ਇੱਥੇ ਕਾਲਕਾ ਹੁੰਦਾ, ਮਹਿੰਦਰ ਸਿੰਘ ਸੀ ਉਹਦਾ ਨਾਉਂ, ਲਾਹੌਰ ਹੁੰਦਾ। ਜਦੋਂ ਮੈਂ ਮਹਾਰਾਜ ਜੀ ਦੇ ਕੋਲ ਰਹਿੰਦਾ ਹੁੰਦਾ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਦੇ ਆਲੇ-ਦੁਆਲੇ ਬਹੁਤ ਸੰਗਤ ਬੈਠੀ ਸੀ, ਬੀਬੀਆਂ ਲਾਹੌਰ ਦੀਆਂ ਬੈਠੀਆਂ ਨੇ ਬਹੁਤ ਸਾਰੀਆਂ ਤੇ ਉਹਦੇ ਇਹ ਮਹਿੰਦਰ ਸਿੰਘ ਵੀ ਸੀਗਾ ਤੇ ਬੜੀ ਖੁਸ਼ੀ ਦੇ ਘਰ ਵਿੱਚ ਨੇ ਸੰਤ ਮਹਾਰਾਜ ਜੀ। ਮੌਕਾ ਦੇਖ ਕੇ ਕਹਿਣ ਲੱਗੇ ਕਿ ਮਹਾਰਾਜ ਜੀ! ਕਿੰਨੇ ਸਾਲ ਹੋ ਗਏ ਇਹਦੇ ਵਿਆਹ ਹੋਏ ਨੂੰ, ਕੋਈ ਬੱਚਾ ਨਹੀਂ ਹੁੰਦਾ, ਕਹਿੰਦੇ ਅਸੀਂ ਟੇਵੇ ਵਗੈਰਾ ਵੀ ਕਢਾ ਕੇ ਦੇਖ ਲਏ, ਕਹਿੰਦੇ ਹੋਣਾ ਹੀ ਨਹੀਂ ਇਹਦੇ ਤਾਂ ਤੇ ਤੁਸੀਂ ਕ੍ਰਿਪਾ ਕਰੋ। ਮਹਾਰਾਜ ਜੀ ਨੇ ਉਪਰ ਹੱਥ ਚੁੱਕ ਕੇ ਕਹਿਣ ਲੱਗੇ, ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ; ਕਿਸੇ ਨੇ ਸਮਝ ਲਿਆ ਕਿ ਇਹ ਤਾਂ ਗੱਲ ਹੀ ਵਿਗੜਦੀ ਜਾਂਦੀ ਹੈ, ਖੜ੍ਹਾ ਹੋ ਗਿਆ, ਕਹਿੰਦਾ ਬਾਬਾ ਜੀ! ਬੱਸ, ਬੱਸ ਬਹੁਤ ਨੇ। ਉਹਦੇ ਸੱਤ ਪੁੱਤਰ ਹੋਏ।

ਹੁਣ ਐਡਾ ਅਖਤਿਆਰ ਕਿਸੇ ਰਾਜੇ ਦਾ ਹੈ । ਕੋਈ ਰਾਜਾ ਚਲਾ ਸਕਦਾ ਹੈ? ਰਾਜਿਆਂ ਨੂੰ ਉਹ ਕੀ ਨਿਗ੍ਹਾ ਥੱਲੇ ਲਿਆਂਦੇ ਨੇ। ਇਸ ਤਰ੍ਹਾਂ ਬੀਬੀ ਦੇ ਮਨ 'ਚ ਖਿਆਲ ਆਇਆ ਕਹਿਣ ਲੱਗੀ, ਜਸਵੰਤ ਸਿੰਘ ਉਨ੍ਹਾਂ

ਨੂੰ ਕਿ ਤੇਰੀ ਥਾਣੇਦਾਰੀ ਦੀ ਗੱਲ ਨਹੀਂ ਸੀ ਕਰਦੇ, ਕੋਈ ਰਮਜ਼ ਮਾਰੀ ਹੈ ਤੇ ਉਸ ਵੇਲੇ ਬਾਬਾ ਜੀ ਨੇ ਫੇਰ ਗੱਲ ਕਹੀ। ਕਹਿੰਦੇ, ਦੇਖ ਆਪਣਾ ਕੰਮ ਵਗੈਰਾ ਤੂੰ ਕਰ ਦੇ ਖਤਮ, ਇਸ ਕੰਮ ਨੂੰ ਨਹੀਂ ਆਇਆ, ਤੂੰ ਵੱਡੇ-ਵੱਡੇ ਕੰਮ ਕਰਨੇ ਨੇ। ਤੇਰਾ ਜਨਮ ਇਨ੍ਹਾਂ ਕੰਮਾਂ ਵਾਸਤੇ ਨਹੀਂ ਹੋਇਆ, ਦੁਨੀਆਦਾਰੀ ਵਾਸਤੇ। ਤੇਰਾ ਕੰਮ ਰੂਹਾਨੀਅਤ ਵਾਸਤੇ ਹੈ। ਕਦੋਂ ਆਏਂਗਾ, ਕਹਿੰਦਾ ਜੀ, ਛੇ ਮਹੀਨੇ 'ਚ ਆਵਾਂਗਾ। ਕਹਿੰਦੇ, ਜੇ ਨਾ ਆਇਆ ਸਿਰ ਤੋਂ ਫੜ ਕੇ ਮੰਗਾ ਲੈਣਾ ਹੈ ਅਸੀਂ। ਛੇ ਮਹੀਨੇ ਲੰਘ ਗਏ, ਗੱਲ ਭੁੱਲ ਗਿਆ। ਸਿਰ ਦੁੱਖਣਾ ਸ਼ੁਰੂ ਹੋ ਗਿਆ, ਦੋ ਮਹੀਨੇ ਦਵਾਈਆਂ ਖਾਂਦਾ ਹੈ, ਸਿਰ ਬੰਨ੍ਹ ਲਿਆ। ਕਮਜ਼ੋਰ ਹੋ ਗਿਆ, ਰੋਟੀ ਹਜ਼ਮ ਨਹੀਂ ਹੁੰਦੀ, ਮੰਜੇ 'ਤੇ ਪਿਆ ਰਹਿੰਦਾ ਹੈ। ਕਹਿੰਦਾ ਹੈਰਾਨੀ ਦੀ ਗੱਲ ਹੈ ਕਿ ਕੋਈ ਦਵਾਈ ਵੀ ਨਹੀਂ ਲਗਦੀ। ਕਰੀਏ ਕੀ। ਬੀਬੀ ਕਹਿਣ ਲੱਗੀ ਕਿ ਤੁਹਾਡੇ ਯਾਦ ਨਹੀਂ ਹੈ, ਮਹਾਂਪੁਰਸ਼ਾਂ ਨੇ ਗੱਲ ਕਹੀ ਸੀ, ਜਦੋਂ ਤੁਸੀਂ ਉਥੇ ਗਏ ਸੀ ਨੌਰੰਗਾਬਾਦ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***

***ਅੰਗ - 1373***

ਕਹਿੰਦੇ ਇਹੋ ਜਿਹੇ ਟੋਲ੍ਹ ਲੈ -

***ਲੋੜਾਂ ਵਾਲੇ ਹੈਨ ਘਨੇਰੇ ਲੱਭ ਕਿਤੋਂ ਬੇਲੋੜੇ।***

ਜਿਨ੍ਹਾਂ ਨੂੰ ਕੋਈ ਚੀਜ਼ ਨਾ ਚਾਹੀਦੀ ਹੋਵੇ, ਸੰਤੋਖੀ ਬੰਦੇ ਟੋਲ੍ਹ ਦੁਨੀਆਂ ਦੇ ਅੰਦਰ।

***ਲੱਭ ਪੈਣ ਵੇ ਬੇਲੋੜੇ ਚੁੰਮ ਤਿਨਾ ਦੇ ਜੋੜੇ।***

ਜੇ ਐਸੇ ਬੰਦੇ ਲੱਭ ਪੈਣ, ਫੇਰ ਉਨ੍ਹਾਂ ਦੀਆਂ ਜੁੱਤੀਆਂ ਨੂੰ ਚੁੰਮ। ਕਿਉਂਕਿ ਬਹੁਤ ਵੱਡੇ ਮਹਾਂਪੁਰਸ਼ ਹੁੰਦੇ ਨੇ। ਉਸੇ ਵੇਲੇ ਬਾਬਾ ਜੀ ਬਹੁਤ ਪ੍ਰਸੰਨ ਹੋਏ, ਬਾਬਾ ਸਾਹਿਬ ਸਿੰਘ ਜੀ। ਪ੍ਰਸੰਨ ਹੋਏ, ਕਹਿਣ ਲੱਗੇ ਜਾਓ, ਤੁਹਾਡੀ ਦਾਤ ਬਾਬਾ ਬੀਰ ਸਿੰਘ ਜੀ ਦੇ ਕੋਲ ਸੁਰਖਸ਼ਿਤ ਪਈ ਹੈ। ਸਮਾਂ ਆਏ ਤੇ ਉਹ ਤੁਹਾਨੂੰ ਦੇ ਦੇਣਗੇ। ਸਮਾਂ ਲੰਘਦਾ ਗਿਆ, ਬਾਬਾ ਜੀ ਅਲੋਪ ਹੋ ਗਏ। ਬਾਬਾ ਭਾਗ ਸਿੰਘ ਜੀ ਦਾ ਸਰੀਰ ਅਲੋਪ ਹੋ ਗਿਆ ਤੇ ਆਪ ਸੇਵਾ ਕਰਦੇ ਨੇ ਦਿਨ ਰਾਤ ਤੇ ਇੱਕ ਦਿਨ ਆਪ ਨੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਜਦੋਂ ਬਾਬਾ ਜੀ ਦੇ ਪਾਸ ਸੇਵਾ ਕਰਦਾ ਸੀ ਤਾਂ ਉਸ ਵੇਲੇ ਉਨ੍ਹਾਂ ਨੇ ਇਸ਼ਾਰਾ ਕਰਿਆ ਸੀ ਕਿ ਤੇਰੀ ਅਮਾਨਤ ਬਾਬਾ ਬੀਰ ਸਿੰਘ ਜੀ ਨੇ ਸਾਂਭ ਕੇ ਰੱਖੀ ਹੋਈ ਹੈ ਜਿਹੜੀ ਤੈਨੂੰ ਦੇਣੀ ਹੈ। ਜਾਹ, ਉਨ੍ਹਾਂ ਕੋਲ ਹੈ, ਤੂੰ ਉਥੋਂ ਲੈ। ਸਾਡੇ ਕੋਲ ਨਹੀਂ ਹੈ, ਉਥੇ ਜਾ ਪਹੁੰਚੀ। ਉਸ ਵੇਲੇ ਆਪ ਨੇ ਇਕਾਂਤ ਦੇ ਵਿੱਚ ਕ੍ਰਿਪਾ ਕੀਤੀ। ਬ੍ਰਹਮਗਿਆਨ ਦੀ ਦਾਤ ਦਿੱਤੀ, ਪਹਿਲਾਂ ਪੂਰਾ ਹੀ ਸੀ, ਤੇਲ ਵੀ ਸੀ, ਬੱਤੀ ਵੀ ਸੀ। ਕੇਵਲ ਜਗਮਗ ਨਹੀਂ ਸੀ ਕਰਦਾ। ਜਗਦੇ ਹੋਏ ਦੀਵੇ ਨਾਲ ਜਦੋਂ ਦੂਸਰਾ ਦੀਵਾ ਲਗ ਜਾਏ, ਉਸੇ ਵੇਲੇ ਜਗ ਪੈਂਦਾ ਹੈ। ਕ੍ਰਿਪਾ ਕਰ ਦਿੱਤੀ, ਬ੍ਰਹਮਗਿਆਨ ਦੇ ਦਿੱਤਾ, ਨੇਤਰ ਖੋਲ੍ਹ ਦਿੱਤੇ, ਮਸਤੀ ਚੜ੍ਹ ਗਈ, ਹਰ ਵਕਤ ਮਸਤ ਰਹਿੰਦੇ ਨੇ, ਕੱਪੜੇ ਖੋਲ੍ਹ ਦਿੱਤੇ, ਇਕੱਲਾ ਹੀ ਕਛਹਿਰਾ ਰੱਖਦੇ

ਸੀ, ਸਿਰ ਦੇ ਉਤੇ ਇੱਕ ਭੂਰੀ ਰੱਖਣੀ। ਹਰ ਵਕਤ ਸਿਮਰਨ ਕਰੀ ਜਾਂਦੇ ਸੀ ਤੇ ਇੱਕ ਵਾਰੀ ਉਨ੍ਹਾਂ ਨੂੰ ਪੁੱਛਿਆ ਕਹਿਣ ਲੱਗੇ, ਬਾਬਾ ਜੀ! ਐਡੀ ਮਸਤੀ ਤੁਹਾਨੂੰ ਕਿਹੜੀ ਗੱਲ ਦੀ ਚੜ੍ਹ ਗਈ। ਸਾਨੂੰ ਵੀ ਦੱਸ ਦਿਓ। ਐਸ ਤਰ੍ਹਾਂ ਦੇ ਨਾਲ ਦਸਦੇ ਨੇ -

***ਧਾਰਨਾ - ਪਿਆਰੇ ਬੇਖੁਦੀਆਂ ਦੀ ਬੂਟੀ***
***ਮੁਰਸ਼ਦ ਘੋਲ ਪਿਲਾਈ ਹੈ।***

ਕਹਿਣ ਲੱਗੇ, ਬਾਬਾ ਜੀ! ਐਨੀ ਮਸਤੀ ਕਿਹੜੀ ਗੱਲ ਦੀ ਚੜ੍ਹ ਗਈ। ਕਹਿੰਦੇ ਅੰਨ੍ਹਾ ਸੀ, ਅੰਨ੍ਹਾ, ਦਵਾਈ ਪਾ ਦਿੱਤੀ ਮੇਰੇ ਨੇਤਰਾਂ 'ਚ।

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਅੰਗ - 407***

ਮੇਰਾ ਮਾਲਕ ਦਿਸ ਰਿਹਾ ਹੈ। ਮਸਤੀਆਂ ਨਾ ਹੋਣ ਫੇਰ?

ਸੋ ਐਸੀ ਅਵਸਥਾ, ਬਾਬਾ ਜੀ ਦੀ ਸੁਰਤ ਚਾੜ੍ਹ ਦਿੱਤੀ। ਬੈਰਾਗ ਪਹਿਲਾਂ ਹੁੰਦਾ ਹੈ, ਕਰਮ ਫੇਰ ਹੋਇਆ ਕਰਦਾ ਹੈ, ਉਸ ਤੋਂ ਬਾਅਦ ਉਪਾਸ਼ਨਾ ਹੁੰਦੀ ਹੈ, ਫੇਰ ਗਿਆਨ ਹੁੰਦਾ ਹੈ, ਫੇਰ ਵਿਗਿਆਨ ਹੁੰਦਾ ਹੈ। ਮਿਹਨਤ, ਅਭਿਆਸ ਦੇ ਨਾਲ ਆਦਮੀ ਲੰਘਿਆ ਕਰਦਾ ਹੈ। ਦਿਮਾਗੀ ਤਾਕਤ ਨਾਲ ਨਹੀਂ ਆਦਮੀ ਲੰਘਦਾ। ਸ਼ਬਦ ਦੀ ਕਮਾਈ ਕਰਕੇ ਇੱਥੇ ਪਹੁੰਚਦਾ ਹੈ, ਜਿੱਥੇ ਬੇਖੁਦੀ ਤੇ ਮਸਤੀ ਆਉਂਦੀ ਹੈ। ਭਾਈ ਨੰਦ ਲਾਲ ਜੀ ਨੇ ਲਿਖਿਆ ਹੈ ਇਹਦੇ ਬਾਰੇ ਬਹੁਤ ਜ਼ਬਰਦਸਤ। ਬੇਖੁਦੀਆਂ ਕੀ ਹੁੰਦੀਆਂ ਨੇ, ਮਸਤੀਆਂ ਕੀ ਹੁੰਦੀਆਂ ਨੇ। ਪੜ੍ਹਿਆ ਕਰੋ ਕਦੇ, ਗੁਰੂ ਦਸ਼ਮੇਸ਼ ਪਿਤਾ ਨੇ ਪ੍ਰਵਾਨ ਕੀਤੀ ਹੈ ਪੜ੍ਹਨ ਵਾਸਤੇ।

ਆਪ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦੇ, ਇੱਕ ਦਿਨ ਕੋਈ ਵੱਡੇ ਅਮੀਰ ਸੀ, ਇਨ੍ਹਾਂ ਦੀ ਸੰਗਤ 'ਚ ਆਏ, ਉਨ੍ਹਾਂ ਨੇ ਜਾ ਕੇ ਸ਼ੇਰ ਸਿੰਘ ਜੀ ਨੂੰ ਦੱਸਿਆ। ਕਿ ਇਕ ਮਹਾਤਮਾ ਨੇ ਤੇ ਉਨ੍ਹਾਂ ਨੇ ਲਿਆ ਕੇ ਇੱਕ ਹੀਰਿਆਂ ਦਾ ਭਰਿਆ ਹੋਇਆ ਥਾਲ ਜਿੱਥੇ ਬੈਠੇ ਸੀ ਅੱਗੇ ਰੱਖ ਦਿੱਤਾ। ਹਜ਼ਾਰਾਂ ਰੁਪਏ ਦੇ ਹੀਰੇ ਸੀ ਉਹਦੇ ਵਿੱਚ, ਇੱਕ ਹੀਰੇ ਦਾ ਹੀ ਮੁੱਲ ਬੇਅੰਤ ਹੁੰਦਾ ਹੈ। ਭਰਿਆ ਹੋਇਆ ਹੀਰਿਆਂ ਦਾ ਹਾਰ ਰੱਖ ਦਿੱਤਾ। ਆਪ ਉਵੇਂ-ਜਿਵੇਂ ਬੈਠੇ ਨੇ, ਇੱਕ ਕੋਈ ਪ੍ਰੇਮੀ ਆਇਆ ਤੇ ਉਹਨੇ ਥਾਲ ਚੁੱਕਿਆ, ਬਾਬਾ ਜੀ ਦੇਖ ਰਹੇ ਨੇ, ਚੁੱਕੀਂ ਜਾਂਦਾ ਹੈ, ਕੋਲੋਂ ਹੀ ਚੁੱਕ ਕੇ ਲੈ ਗਿਆ। ਇਹ ਜਦੋਂ ਮਹਾਰਾਜ ਸ਼ੇਰ ਸਿੰਘ ਨੂੰ ਪਤਾ ਲੱਗਿਆ ਉਸ ਵੇਲੇ ਕਹਿਣ ਲੱਗੇ ਕਿ ਤਲਾਸ਼ੀਆਂ ਲਵੋ, ਕੌਣ ਲੈ ਗਿਆ ਚੁੱਕ ਕੇ। ਬਾਬਾ ਜੀ ਨੇ ਬੁਲਾਇਆ, ਕਹਿੰਦੇ ਤਲਾਸ਼ੀਆਂ ਕਾਹਦੀਆਂ ਲੈਂਦਾ ਹੈਂ ਤੂੰ। ਤੇਰਾ ਤਾਂ ਨਹੀਂ ਸੀਗਾ ਉਹ। ਤੂੰ ਤਾਂ ਸਾਡੇ ਭੇਟ ਕਰ ਗਿਆ, ਹੁਣ ਸਾਡੀ ਮਰਜ਼ੀ ਹੈ ਅਸੀਂ ਕਿਸੇ ਨੂੰ ਦੇਈਏ ਨਾ ਦੇਈਏ, ਸਾਨੂੰ ਤਾਂ ਉਹਦੀ ਲੋੜ ਨਹੀਂ ਸੀ, ਲੋੜਵੰਦ ਆ ਕੇ ਲੈ ਗਿਆ। ਤੂੰ ਵਿਚਾਲੇ-ਵਿਚਾਲੇ ਕਿਹੜੀ ਗੱਲ ਤੋਂ ਔਖਾ ਹੁੰਦਾ ਹੈਂ?

ਇਵੇਂ ਜਿਵੇਂ ਬਾਬਾ ਆਇਆ ਸਿੰਘ ਜੀ ਆਪ ਜੀ ਦੇ ਆਸ਼ਰਮ 'ਤੇ ਬਹੁਤ ਸਾਰੀਆਂ ਗਊਆਂ ਸੀ। ਪਠਾਣਾਂ ਨੇ ਰਾਤ ਨੂੰ ਆ ਕੇ ਗਊਆਂ ਚੋਰੀ ਕਰ ਲਈਆਂ। ਬਲੋਚਿਸਤਾਨ ਦੇ ਬਲੋਚ ਸੀ, ਜਦੋਂ ਗਊਆਂ ਹੱਕ ਕੇ ਲਈਂ ਜਾਂਦੇ ਨੇ ਤਾਂ ਫੌਜੀਆਂ ਨੇ ਪਛਾਣ ਲਈਆਂ ਕਿ ਇਹ ਤਾਂ ਡੇਰੇ ਦੀਆਂ ਗਊਆਂ ਲਈ ਜਾਂਦੇ ਨੇ, ਉਨ੍ਹਾਂ ਨੇ ਫੜ ਲਿਆ। ਉਹ ਫੜੇ ਹੋਏ ਚੋਰ ਮੁਸ਼ਕਾਂ ਬੰਨ੍ਹ ਕੇ ਸਮੇਤ ਗਊਆਂ ਦੇ ਲੈ ਆਏ, ਇਧਰੇ ਪਾਸੇ ਬਾਬਾ ਜੀ ਨੂੰ ਦੱਸਿਆ ਅੰਮ੍ਰਿਤ ਵੇਲੇ ਕਿ ਬਾਬਾ ਜੀ! ਅੱਜ ਲੰਗਰ ਦੇ ਵਿੱਚ ਦੁੱਧ ਕਾਹਦਾ ਪਾਈਏ, ਗਊਆਂ ਤਾਂ ਚੋਰ ਲੈ ਗਏ ਸਾਰੀਆਂ ਹੀ, ਕਹਿੰਦੇ ਫੇਰ ਕੁਛ ਬਚਿਆ ਹੈ, ਕਹਿੰਦੇ ਹਾਂ ਜੀ! ਕੱਟਰੂ ਬੱਛਰੂ ਖੜ੍ਹੇ ਨੇ। ਕਹਿੰਦੇ, ਉਨ੍ਹਾਂ ਨੂੰ ਵੀ ਲੈ ਜਾਓ, ਖੁਰਾ ਦੇਖ ਲਓ। ਮਗਰ-ਮਗਰ ਲੈ ਜਾਓ, ਉਹ ਵਿਚਾਰੀਆਂ ਕੀ ਕਰਨਗੀਆਂ, ਇਹ ਵਿਚਾਰੇ ਕੀ ਕਰਨਗੇ। ਜਾਓ ਇਨ੍ਹਾਂ ਨੂੰ ਵੀ ਛੱਡ ਆਓ ਤੇ ਉਸੇ ਤਰ੍ਹਾਂ ਦੇ ਨਾਲ ਜਾਂਦੇ ਨੇ ਓਧਰ ਫੌਜੀਆਂ ਨੇ ਗਊਆਂ ਘੇਰ ਲਈਆਂ ਤੇ ਏਧਰੋਂ ਇਹ ਲਈ ਜਾਂਦੇ ਨੇ, ਅਖੀਰ ਡੇਰੇ ਫੇਰ ਆ ਗਏ ਮੁੜ ਕੇ। ਦੁੱਧ ਕੱਢਿਆ, ਲੰਗਰ 'ਚ ਵਰਤਿਆ। ਉਨ੍ਹਾਂ ਨੂੰ ਵੀ ਪਿਲਾਇਆ। ਬਾਬਾ ਜੀ ਕਹਿੰਦੇ, ਇਨ੍ਹਾਂ ਨੂੰ ਕਹਿਓ ਨਾ ਕੁਛ ਵੀ। ਇਹ ਗਰੀਬ ਨੇ ਵਿਚਾਰੇ। ਉਸ ਵੇਲੇ ਪੁਲਿਸ ਨੂੰ ਜਦੋਂ ਪਤਾ ਲੱਗਿਆ, ਇੰਸਪੈਕਟਰ ਆਇਆ ਚੈਕਿੰਗ ਕਰਨ, ਕਹਿੰਦਾ, ਬਾਬਾ ਜੀ! ਤੁਹਾਡੇ ਡੇਰੇ ਦੀਆਂ ਗਊਆਂ ਕੌਣ ਲੈ ਗਿਆ। ਕੀਹਦੀਆਂ ਗਊਆਂ ਨੇ? ਤੁਹਾਡੀਆਂ ਨੇ?

ਕਹਿੰਦੇ, ਨਾ ਭਾਈ! ਸਾਡੀਆਂ ਤਾਂ ਹੈ ਨਹੀਂ।

ਕਹਿੰਦਾ, ਕੀਹਦੀਆਂ ਨੇ?

ਕਹਿੰਦੇ, ਇੱਥੇ ਬੰਦੇ ਬੰਨ੍ਹ ਜਾਂਦੇ ਨੇ, ਅਸੀਂ ਇਨ੍ਹਾਂ ਨੂੰ ਪੱਠੇ ਪਾਈ ਜਾਂਦੇ ਹਾਂ। ਦੁੱਧ ਸੰਗਤ ਨੂੰ ਪਿਲਾਈ ਜਾਂਦੇ ਹਾਂ। ਸਾਡੀ ਮੇਰ ਕਾਹਦੀ ਹੈ, ਇਹ ਉਨ੍ਹਾਂ ਨੂੰ ਪੁੱਛੋ, ਜਿਹੜੇ ਬੰਨ੍ਹ ਕੇ ਜਾਂਦੇ ਨੇ। ਉਨ੍ਹਾਂ ਦੀਆਂ ਹੋਣੀਆਂ ਨੇ। ਕਹਿੰਦੇ, ਬਾਬਾ ਜੀ! ਇਹ ਚੋਰ ਨੇ ਜਿਹੜੇ ਲੈ ਗਏ ਤੁਹਾਡੇ। ਆਹ ਫੜੇ ਨੇ ਬੰਦੇ। ਬਾਬਾ ਜੀ ਕਹਿੰਦੇ-

***ਚੋਰ ਸਾਧ ਸਭ ਬ੍ਰਹਮ ਪਛਾਨੈ।***

ਸਾਨੂੰ ਤਾਂ ਵਾਹਿਗੁਰੂ ਤੋਂ ਬਿਨਾਂ ਦਿਸਦਾ ਨਹੀਂ ਦੂਜਾ ਕੋਈ। ਪ੍ਰਮੇਸ਼ਰ ਹੀ ਹੈ ਇੱਕੋ ਹੀ। ਇਹ ਲੋੜਵੰਦ ਸੀ ਭਾਈ, ਇਹ ਤਾਂ ਲੈ ਗਏ। ਦੇ ਦਿਓ ਇਨ੍ਹਾਂ ਨੂੰ। ਪੁਲਿਸ ਕੀ ਕਰ ਸਕਦੀ ਹੈ ਜਦ ਮੁਦਈ ਨਹੀਂ ਕੁਛ ਕਰ ਰਿਹਾ। ਉਸ ਵੇਲੇ ਗਊਆਂ ਛੱਡ ਦਿੱਤੀਆਂ। ਬਾਬਾ ਜੀ ਕਹਿੰਦੇ ਇਨ੍ਹਾਂ ਨੂੰ ਲੰਘਾ ਆਓ ਅਗਾਹਾਂ ਜਾ ਕੇ। ਫੌਜ ਤੋਂ ਲੰਘਾ ਆਓ। ਨਾਲ ਸਿੰਘ ਭੇਜ ਦਿੱਤੇ, ਗਊਆਂ ਲਈਂ ਜਾਂਦੇ ਨੇ। ਉਥੇ ਜਾ ਕੇ ਜਦੋਂ ਛੱਡਿਆ ਇਹ, ਉਹ ਸਾਰੇ ਪਠਾਣ ਬੈਠ ਗਏ ਇਕੱਠੇ ਹੋ ਕੇ, ਕਹਿੰਦੇ ਓਏ, ਕਿੱਡਾ ਵੱਡਾ ਫਕੀਰ ਹੈ, ਦਰਵੇਸ਼, ਆਪਾਂ ਇਨ੍ਹਾਂ ਦੀਆਂ ਗਊਆਂ ਲਿਜਾ ਕੇ ਬਚਾਂਗੇ ਕਿ ਮਰਾਂਗੇ? ਚਲੋ, ਕਹਿੰਦੇ ਛੱਡ ਕੇ ਆਈਏ। ਵਾਪਸ ਫੇਰ ਛੱਡ ਗਏ। ਬਾਬਾ ਜੀ ਕਹਿੰਦੇ ਲੈ ਜਾਓ। ਕਹਿੰਦੇ ਨਾ ਜੀ ਅਸੀਂ ਨਹੀਂ ਲਿਜਾਣੀਆਂ। ਬਾਬਾ ਜੀ

ਕਹਿੰਦੇ ਚੰਗਾ, ਇਨ੍ਹਾਂ ਨੂੰ ਵੀਹ-ਵੀਹ ਸੇਰ ਚੌਲਾਂ ਦੀਆਂ ਪੰਡਾਂ ਬੰਨ੍ਹ ਦਿਓ ਵਿਚਾਰੇ ਭੁੱਖੇ ਨੇ ਤੇ ਘਰ ਜਾ ਕੇ ਖਾ ਲੈਣਗੇ। ਸੋ ਇਹ ਦ੍ਰਿਸ਼ਟੀ ਹੁੰਦੀ ਹੈ ਬੇਲੋੜਿਆਂ ਦੀ। ਇਹ ਜੀਵਨ ਮੁਕਤਾਂ ਦੀ ਅਵਸਥਾ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਵਿੱਚ ਐਸਾ ਫੁਰਮਾਨ ਆਉਂਦਾ ਹੈ -

*ਧਾਰਨਾ - ਤੈਸਾ ਸਵਰਨ ਤੈਸੀ ਉਸ ਮਾਟੀ।*

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275*

ਸੋਨਾ ਤੇ ਮਿੱਟੀ, ਮਤਲਬ ਇਹ ਹੈ ਕਿ ਉਨ੍ਹਾਂ ਨੂੰ ਕੋਈ ਪਕੜ ਨਹੀਂ ਹੋਇਆ ਕਰਦੀ। ਕਿਸੇ ਕਿਸਮ ਦੀ। ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਆਪ ਨੇ ਪਹਿਲਾਂ ਮਸਤੂਆਣਾ ਬਣਾਇਆ ਤੇ ਉਸ ਤੋਂ ਬਾਅਦ ਦਮਦਮੇ ਸਾਹਿਬ ਦੇ ਤਖਤ ਨੂੰ ਆਬਾਦ ਕਰਿਆ। ਉਥੇ ਆਪ ਆਬਾਦੀ ਕਰਦੇ ਨੇ। ਬੇਅੰਤ ਸੰਗਤਾਂ ਸੇਵਾ ਕਰਨ ਆਉਂਦੀਆਂ ਨੇ। ਸਰੋਵਰਾਂ ਦੇ ਕੰਮ ਚੱਲ ਰਹੇ ਨੇ, ਬਿਲਡਿੰਗਾਂ ਦੇ ਚੱਲ ਰਹੇ ਨੇ। ਇਹ ਜਿਹੜੀ ਕਮੇਟੀ ਸੀ ਸ਼੍ਰੋਮਣੀ ਕਮੇਟੀ ਕਿਉਂਕਿ ਤਖਤ ਸੀ ਇਨ੍ਹਾਂ ਦਾ ਅਧਿਕਾਰ ਸੀ। ਬਾਬਾ ਜੀ ਨੂੰ ਜੋ ਵੀ ਕੋਈ ਭੇਟਾ ਦੇਈ ਜਾਇਆ ਕਰੇ। ਸੰਤ ਹਿਸਾਬ-ਕਿਤਾਬ ਨਹੀਂ ਰੱਖਿਆ ਕਰਦੇ ਕੋਈ ਵੀ। ਜੇ ਕੋਈ ਕਹੇ ਸੰਤ ਹਿਸਾਬ ਰੱਖਣਗੇ। ਸੰਤ ਨਹੀਂ ਹਿਸਾਬ ਰੱਖਦੇ ਹੁੰਦੇ। ਉਹ ਤਾਂ ਜਿਹੜਾ ਆਉਂਦਾ ਹੈ ਉਹਨੂੰ ਪਰ੍ਹੇ ਨੂੰ ਧੱਕ ਦਿੰਦੇ ਨੇ ਕਿ ਲਓ ਭਾਈ, ਇਹਨੂੰ ਖਰਚ ਲਓ। ਹਿਸਾਬ ਦੁਨੀਆਂਦਾਰ ਰੱਖਦੇ ਨੇ। ਜੋ ਕੁਛ ਆਵੇ, ਵਸਤਰ ਆਉਣ ਕੋਈ ਆਉਣ, ਉਨ੍ਹਾਂ ਦਾ ਮੰਜਾ ਭੋਰੇ ਕੋਲ ਡਹਿਆ ਹੁੰਦਾ। ਉਥੇ ਭੋਰਾ ਬਣਾਇਆ ਹੋਇਆ ਸੀ ਉਨ੍ਹਾਂ ਨੇ। ਪਰ ਉਹਦੇ 'ਚ ਬੈਠਦੇ ਨਹੀਂ ਸੀ ਹੁੰਦੇ, ਬੈਠਦੇ ਕਿਤੇ ਹੋਰ ਹੀ ਸੀ। ਰੋਸ਼ਨਦਾਨ ਥਾਈਂ ਹੇਠਾਂ ਸੁੱਟੀ ਜਾਂਦੇ ਸੀ, ਮੰਜਾ ਪਿਆ। ਕੱਪੜਿਆਂ ਦੇ ਢੇਰ ਲੱਗ ਗਏ। ਜੋ ਵੀ, ਮਾਇਆ ਆਵੇ ਮਾਇਆ ਸੁੱਟਦੇ। ਜੋ ਕੁਛ ਆਵੇ ਉਹਦੇ 'ਚ ਸੁੱਟ ਦੇਣ। ਕਮੇਟੀ ਆ ਗਈ, ਆ ਕੇ ਕਹਿਣ ਲੱਗੀ, ਬਾਬਾ ਜੀ! ਤੁਸੀਂ ਐਨੇ ਸਾਲ ਦੇ ਓਂ ਇੱਥੇ, ਐਨੀ ਉਗਰਾਹੀ ਤੁਹਾਡੇ ਕੋਲ ਆਉਂਦੀ ਹੈ, ਅਸੀਂ ਹਿਸਾਬ-ਕਿਤਾਬ ਲੈਣਾ ਚਾਹੁੰਦੇ ਹਾਂ। ਕਹਿੰਦੇ, ਭਾਈ! ਅਸੀਂ ਤਾਂ ਹਿਸਾਬ ਧਰਮਰਾਜ ਨੂੰ ਵੀ ਨਹੀਂ ਦੇਣਾ। ਤੁਸੀਂ ਕੌਣ ਹੋ ਹਿਸਾਬ ਮੰਗਣ ਵਾਲੇ। ਹਿਸਾਬ ਕਾਹਦਾ ਹੈ, ਅਸੀਂ ਇੱਥੇ ਬੈਠੇ ਹਾਂ। ਆਹ ਇੱਕ ਚੋਲਾ ਪਾਇਆ ਹੋਇਆ ਹੈ ਸਾਡੇ, ਆਹ ਕਛਹਿਰਾ ਹੈ। ਆਹ ਕਛਹਿਰਾ

ਸਾਡਾ ਸੁੱਕਦਾ ਹੈ ਤਾਰ 'ਤੇ ਪਾਇਆ ਹੋਇਆ ਹੈ, ਔਹ ਪਰਨਾ ਸੁੱਕਦਾ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਆਹ ਚਾਬੀ ਕਿਸੇ ਸੇਵਾਦਾਰ ਕੋਲ ਹੋਣੀ ਹੈ, ਲੈ ਲਿਓ, ਅਸੀਂ ਚੱਲੇ। ਕੋਈ ਵੀ ਪਕੜ ਨਹੀਂ ਸਾਧਸੰਗਤ ਜੀ! ਮਨ ਦੇ ਅੰਦਰ। ਬਾਅਦ 'ਚ ਕਮੇਟੀਆਂ ਖੋਲ੍ਹਦੀਆਂ ਨੇ, ਬੇਅੰਤ ਚੀਜ਼ਾਂ ਉਸ ਵਿੱਚ ਪਈਆਂ ਨੇ।

ਇਸੇ ਤਰ੍ਹਾਂ ਜਦੋਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨੇ ਦਬਲਾਨ ਬਣਾਇਆ। ਮੈਨੂੰ ਕਹਿਣ ਲੱਗੇ, ਮੈਂ ਜਲੰਧਰ ਤੋਂ ਆਇਆ ਕਹਿੰਦੇ, ਬਾਬਾ ਨੰਦ ਸਿੰਘ ਜੀ ਨੂੰ ਲਿਆ। ਬਾਬਾ ਨੰਦ ਸਿੰਘ ਜੀ 138 ਸਾਲ ਦੇ ਹੋ ਕੇ, ਸਰੀਰ ਛੱਡਿਆ ਉਨ੍ਹਾਂ ਨੇ। ਦੁਸ਼ਹਿਰੀ ਬਾਗ ਵਾਲੇ ਸੀ ਤੇ ਆਪ ਸਾਨੂੰ ਇਹ ਗੱਲ ਕਹੀ ਜਾਂਦੇ ਹੁੰਦੇ, ਜਦੋਂ ਮੈਂ ਪਟਿਆਲੇ ਹੁੰਦਾ, ਕਹਿੰਦੇ ਸਾਨੂੰ ਸ਼ਬਦ ਸੁਣਾ ਦਿਓ, ਸ਼ਬਦ। ਕਹਿੰਦੇ, ਪਹਿਲਾਂ ਅਸੀਂ ਸ਼ਬਦ ਸੁਣਿਆ ਹੈ ਬਾਬਾ ਰਾਮ ਸਿੰਘ ਜੀ ਤੋਂ ਨਾਮਧਾਰੀ ਤੋਂ। ਬਹੁਤ ਸਾਲ ਗੂੰਜਦਾ ਰਿਹਾ ਉਹ ਸ਼ਬਦ। ਫੇਰ ਅਸੀਂ ਸੁਣਿਆ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ। ਹੁਣ ਸਮਾਂ ਹੋ ਗਿਆ ਭਾਈ, ਹੁਣ ਉਹ ਸ਼ਬਦ ਮੱਧਮ ਪੈਂਦਾ ਜਾਂਦਾ ਹੈ। ਅਸੀਂ ਇੱਕ ਵਾਰੀ ਫੇਰ ਸੁਣਨਾ ਚਾਹੁੰਦੇ ਹਾਂ। ਅਸੀਂ ਬਾਬਾ ਜੀ ਨੂੰ ਜਾ ਕੇ, ਮਹਾਰਾਜ ਜੀ ਹਰ ਮਹੀਨੇ ਮੇਰੇ ਕੋਲ ਆਇਆ ਕਰਦੇ ਸੀ ਤੇ ਜਦੋਂ ਦੀਵਾਨ ਹੋਇਆ ਮੈਂ ਜਾ ਕੇ ਲੈ ਆਇਆ। ਉਹ ਫੇਰ ਕਹਿ ਦਿਆ ਕਰਨ ਕਿ ਸ਼ਬਦ ਸੁਣਾ ਦਿਓ। ਮੇਰੀ ਸਮਝ ਵਿੱਚ ਨਾ ਪਵੇ ਕਿ ਇਹ ਸ਼ਬਦ ਕੀ ਕਹਿੰਦੇ ਨੇ? ਮਹਾਰਾਜ ਜੀ ਦੇ ਕੀਰਤਨ 'ਚ ਵੀ ਲੈ ਗਏ, ਅਜੇ ਵੀ ਕਹਿੰਦੇ ਨੇ। ਉਸ ਦਿਨ ਮਹਾਰਾਜ ਜੀ ਮੈਨੂੰ ਕਹਿਣ ਲੱਗੇ ਕਿ ਤੁਸੀਂ ਪਟਿਆਲੇ ਜਾਓ। ਜਾ ਕੇ ਬਾਬਾ ਨੰਦ ਸਿੰਘ ਜੀ ਨੂੰ ਸਾਡੀ ਗੱਡੀ 'ਚ ਬਿਠਾਲ ਲਿਆਓ। ਜਦੋਂ ਮੈਂ ਅੱਗੇ ਗਿਆ ਤਾਂ ਬਾਬਾ ਨੰਦ ਸਿੰਘ ਜੀ ਤਿਆਰ ਖੜ੍ਹੇ ਨੇ, ਵਸਤਰ ਪਾਏ ਹੋਏ ਨੇ। ਬੀਬੀਆਂ ਜ਼ਿਆਦਾ ਉਨ੍ਹਾਂ ਦੇ ਦੁਆਲੇ ਰਹਿੰਦੀਆਂ ਸੀ। ਭਾਈ ਵਗੈਰਾ ਨਹੀਂ ਸੀ ਰੱਖਦੇ ਬਹੁਤੇ। ਬੀਬੀਆਂ ਹੀ ਬੀਬੀਆਂ ਹੁੰਦੀਆਂ ਆਲੇ ਦੁਆਲੇ ਪ੍ਰਸ਼ਾਦਾ ਛਕਾਉਣ, ਵਸਤਰ ਧੋਣ। ਬਿਰਧ ਸੀਗੇ, ਇਨ੍ਹਾਂ ਦਾ ਦਿਲ ਕੁਛ ਨਰਮ ਹੋਣ ਕਰਕੇ, ਇਹ ਸੰਭਾਲ ਸਕਦੀਆਂ ਨੇ, ਭਾਈ ਅੱਕ ਜਾਂਦੇ ਨੇ। ਸੋ ਜਦੋਂ ਗੱਡੀ ਆਈ, ਗੱਡੀ ਦੇ ਵਿੱਚ ਮਹਾਰਾਜ ਜੀ ਨੇ ਬੀਬੀ ਕਦੇ ਬੈਠਣ ਹੀ ਨਹੀਂ ਸੀ ਦਿੱਤੀ। allowed ਨਹੀਂ ਸੀ। ਬਾਬਾ ਜੀ ਕਹਿਣ ਲੱਗੇ ਕਿ ਲੈ ਗੱਡੀ ਆ ਗਈ, ਬਹਿ ਜਾਓ, ਬਹਿ ਜਾਓ। ਕਹਿੰਦੇ ਅੱਜ ਆਪਾਂ ਚੱਲਣਾ ਹੈ ਸਾਧ ਦੇ ਦਰਸ਼ਨ ਕਰਨ। ਉਹ ਐਨੇ ਬਹਿ ਗਏ ਕਿ ਥਾਉਂ ਹੀ ਨਾ ਰਿਹਾ, ਮੈਂ ਖੜ੍ਹਾ ਰਹਿ ਗਿਆ ਤੇ ਮੈਨੂੰ ਕਹਿੰਦੇ ਤੂੰ? ਮੈਂ ਕਿਹਾ, ਜੀ ਮੈਂ ਆ ਜਾਵਾਂਗਾ ਆਪੇ ਹੀ ਕੋਈ ਨਾ ਕੋਈ ਪ੍ਰਬੰਧ ਕਰਕੇ। ਕਹਿੰਦੇ, ਨਾ ਤੂੰ ਸਾਡੇ ਕੋਲ ਆ ਜਾ, ਮੂਹਰੇ ਬਹਿ ਜਾ। ਮੈਨੂੰ ਪਤਾ ਸੀ ਕਿ ਬੈਠਣ ਨੂੰ ਥਾਉਂ ਤਾਂ ਹੈ ਨਹੀਂ। ਮੂਹਰੇ ਕਹੀ ਜਾਂਦੇ ਨੇ, ਕਹਿੰਦੇ ਇੱਥੇ ਬਹਿ ਜਾ, ਸਾਡੇ ਬਰਾਬਰ ਹੀ। ਜਦੋਂ ਮੈਂ ਉਥੇ ਲੈ ਕੇ ਗਿਆ, ਮਹਾਰਾਜ ਜੀ! ਬਾਹਰ ਆ ਗਏ। ਬਾਹਰ ਆ ਕੇ ਆਸ਼ਰਮ ਤੋਂ ਬਾਹਰ, ਕਹਿਣ

ਲੱਗੇ, ਬਾਬਾ ਜੀ! ਤੁਸੀਂ ਚਰਨ ਨਹੀਂ ਧਰਨੇ ਇਹਦੇ ਵਿੱਚ, ਸਾਡੀ ਪਿੱਠ 'ਤੇ ਸਵਾਰ ਹੋਵੋ। ਸਾਧਸੰਗਤ ਜੀ! ਕਿੰਨੀ ਨਿਮਰਤਾ ਹੱਦ ਤੋਂ ਜ਼ਿਆਦਾ। ਬਾਬਾ ਨੰਦ ਸਿੰਘ ਜੀ ਦੇ ਨੇਤਰਾਂ 'ਚ ਜਲ ਆ ਗਿਆ, ਗੱਲ ਸੁਣਦੇ ਸਾਰ। ਕਹਿੰਦੇ, ਐਨਾ ਨੀਵਾਂ ਹੋ ਕੇ ਤੂੰ ਗੁਰੂ ਨਾਨਕ ਦਾ ਘਰ ਲੁੱਟ ਲਿਆ। ਆਹੀ ਨੀਵਾਂਪੁਣਾ ਹੈ ਤੇਰੇ 'ਚ ਜਿਹਦੇ ਕਰਕੇ ਤੂੰ ਗੁਰੂ ਨਾਨਕ ਨੂੰ ਲੁੱਟ ਲਿਆ। ਕਹਿੰਦੇ ਹੁਣ ਮੈਨੂੰ ਫੱਕਰ ਨੂੰ ਵੀ ਲੁੱਟ ਲਿਆ ਤੂੰ। ਉਸ ਵੇਲੇ ਅੰਦਰ ਆ ਗਏ। ਮਹਾਰਾਜ ਜੀ ਆਪ ਆਪਣੇ ਦਸਤ-ਏ-ਮੁਬਾਰਕ ਦੇ ਨਾਲ, ਦੁੱਧ ਪਿਲਾਉਣ ਲੱਗ ਗਏ ਸਾਰੀ ਸੰਗਤ ਨੂੰ, ਬੀਬੀਆਂ ਨੂੰ ਵੀ ਬੁਲਾ ਲਿਆ ਭੋਰੇ 'ਚ ਤੇ ਸਾਰਿਆਂ ਨੂੰ ਪਿਲਾਉਂਦੇ ਨੇ। ਜਦੋਂ ਬਾਬਾ ਜੀ ਨੇ ਦੁੱਧ ਪੀਤਾ, ਅੱਧਾ ਬਚ ਗਿਆ। ਮਹਾਰਾਜ ਕਹਿੰਦੇ, ਇਹ ਤਾਂ ਮੈਨੂੰ ਦੇ ਦਿਓ, ਜਿਹੜਾ ਅੱਧਾ ਬਚਿਆ ਹੋਇਆ ਹੈ, ਇਹ ਸਾਰਾ ਨਾ ਪੀਓ ਤੁਸੀਂ। ਐਨੀ ਨਿਮਰਤਾ ਦੇਖ ਕੇ ਬਾਬਾ ਜੀ ਦੇ ਹੰਝੂ ਚੱਲਣ ਲੱਗ ਗਏ। ਕਹਿੰਦੇ, ਫੱਕਰ ਲੁੱਟ ਲਿਆ! ਫੱਕਰ ਲੁੱਟ ਲਿਆ! 120 ਸਾਲ ਦੀ ਕਮਾਈ ਲੁੱਟ ਲਈ। ਰਮਜ਼ ਮਾਰੀ ਉਨ੍ਹਾਂ ਨੇ ਕਿ ਮੈਂ ਸਾਰਾ ਕੁਛ ਇੱਥੇ ਢੇਰੀ ਕਰ ਰਿਹਾ ਹਾਂ, ਸਾਰੀ ਜ਼ਿੰਦਗੀ ਦੀ ਕਮਾਈ। ਉਸ ਤੋਂ ਬਾਅਦ ਦੀਵਾਨ ਵਿੱਚ ਲੈ ਗਏ ਅਸੀਂ। ਤਖਤਪੋਸ਼ 'ਤੇ ਬਿਠਾ ਦਿੱਤੇ, ਬਾਬਾ ਨੰਦ ਸਿੰਘ ਜੀ। ਜਦੋਂ ਮਹਾਰਾਜ ਜੀ ਨੇ ਕੀਰਤਨ ਸ਼ੁਰੂ ਕਰਿਆ, 'ਸੁੱਤੇ ਭਾਗ ਜਾਗ ਪਏ ਮੇਰੇ, ਮੇਲਾ ਹੋ ਗਿਆ ਸਾਧੂਆਂ ਦਾ।' ਬਾਬਾ ਜੀ ਨੂੰ ਝੁਣਝੁਣੀ ਆਈ, ਮੈਂ ਕਿਹਾ ਇਹ ਹੁਣ ਗਿਰ ਜਾਣਗੇ। ਸੰਭਲ ਨਾ ਹੋਵੇ ਉਨ੍ਹਾਂ ਤੋਂ। ਮੈਂ ਹੱਥ ਲਾਇਆ। ਫੇਰ ਦੂਹਰੀ ਵਾਰੀ ਆਈ, ਤੀਹਰੀ ਵਾਰੀ ਆਈ। ਜਦੋਂ ਉਥੋਂ ਉੱਠ ਕੇ ਦੀਵਾਨ ਤੋਂ ਆ ਗਏ ਤਾਂ ਮਹਾਰਾਜ ਜੀ ਸੀ, ਇੱਕ ਮੈਂ ਸੀ, ਇੱਕ ਬਾਬਾ ਜੀ ਸੀ। ਚੌਥਾ ਬੰਦਾ ਕੋਲ ਕੋਈ ਨਹੀਂ ਸੀ। ਤਾਂ ਉਥੇ ਮਹਾਰਾਜ ਜੀ ਨੇ ਆਪਣੇ ਪਲੰਘ 'ਤੇ ਬਿਠਾ ਦਿੱਤਾ, ਉਨ੍ਹਾਂ ਨੇ ਸਾਰੀ ਜ਼ਿੰਦਗੀ 'ਚ ਛੱਤ ਥੱਲੇ ਨਹੀਂ ਸੀ ਕਦੇ ਪੈਰ ਰੱਖਿਆ। ਓਦਣ ਭੋਰੇ 'ਚ ਜਾ ਕੇ ਮਹਾਰਾਜ ਜੀ ਦੇ ਪਲੰਘ 'ਤੇ ਜਾ ਕੇ ਬਿਰਾਜਮਾਨ ਹੋ ਗਏ ਤੇ ਮੈਂ ਕਿਹਾ ਬਾਬਾ ਜੀ! ਤੁਹਾਨੂੰ ਐਨੀ ਝੁਣਝੁਣੀ ਕਿਉਂ ਆਈ? ਕਹਿੰਦੇ, ਸ਼ਬਦ ਮੇਰੇ ਤੋਂ ਸਹਿ ਨਾ ਹੋਇਆ। ਅੱਜ ਮੇਰੀ ਭਾਵਨਾ ਪੂਰੀ ਹੋਈ ਹੈ। ਪਹਿਲਾਂ ਸ਼ਬਦ ਮੈਂ ਬਾਬਾ ਰਾਮ ਸਿੰਘ ਤੋਂ ਸੁਣਿਆ ਸੀ, ਬੜੀ ਦੇਰ ਮੇਰੇ ਅੰਦਰ ਰਿਹਾ ਕਹਿੰਦੇ ਫੇਰ ਮੈਂ ਮਸਤੂਆਣੇ ਵਾਲਿਆਂ ਤੋਂ ਸੁਣਿਆ। ਹੁਣ ਕਹਿੰਦੇ, ਅਸਮਾਨ 'ਚ ਤਾਂ ਸੁਣਦਾ ਸੀ, ਪਰ ਅਜੇ ਤੱਕ ਮੇਰੇ ਅੰਦਰ ਨਹੀਂ ਉਹਦਾ ਵਾਸਾ ਹੋਇਆ। ਕਹਿੰਦੇ, ਅੱਜ ਹੋ ਗਿਆ, ਰੋਮ-ਰੋਮ 'ਚ ਉਹ ਸ਼ਬਦ ਮੇਰੇ ਸਮਾਅ ਗਿਆ ਇਨ੍ਹਾਂ ਦਾ। ਹੁਣ ਮੇਰਾ ਜਿਹੜਾ ਅੰਤ ਦਾ ਸਮਾਂ ਹੈ ਇਹ ਸ਼ਬਦ ਦੇ ਨਸ਼ੇ 'ਚ ਲੰਘੇਗਾ। ਉਸ ਵੇਲੇ ਮਹਾਰਾਜ ਜੀ ਬੈਠੇ ਨੇ। ਆਲੇ-ਦੁਆਲੇ ਦੇਖਣ ਲੱਗ ਗਏ, ਛੱਤ ਵੱਲ ਦੇਖਣ ਲੱਗ ਗਏ। ਕਹਿੰਦੇ, ਆਹ ਤਾਂ ਬਹੁਤ ਸੋਹਣਾ ਥਾਉਂ ਬਣਾਇਆ ਹੈ ਤੁਸੀਂ। ਕਹਿੰਦੇ, ਸਾਡੇ ਬੜਾ ਪਸੰਦ ਹੈ। ਮਹਾਰਾਜ ਕਹਿੰਦੇ, ਫੇਰ ਮਹਾਰਾਜ ਕ੍ਰਿਪਾ ਕਰੋ। ਕਹਿੰਦੇ, ਕ੍ਰਿਪਾ ਕਾਹਦੀ ਕਰਨੀ ਹੈ, ਅਸੀਂ ਤਾਂ ਇੱਥੇ ਹੀ ਰਿਹਾ ਕਰਾਂਗੇ, ਤੂੰ ਹੋਰ ਬਣਾ ਲਈਂ। ਕਹਿੰਦੇ, ਹੁਣ ਨਹੀਂ ਅਸੀਂ ਜਾਣਾ

ਕਿਤੇ ਵੀ, ਇੱਥੇ ਹੀ ਰਹਿਣਾ ਤੇ ਮਹਾਰਾਜ ਜੀ ਨੇ ਉਸੇ ਵੇਲੇ ਨਮਸ਼ਕਾਰ ਕਰੀ ਕਹਿੰਦੇ ਫੇਰ ਸਾਨੂੰ ਆਗਿਆ ਦਿਓ। ਮਹਾਰਾਜ ਜੀ ਬਾਹਰ ਆ ਗਏ। ਬਾਹਰ ਆਏ ਤਾਂ, ਮੈਂ ਸਾਰੀ ਗੱਲ ਸੁਣ ਲਈ। ਮੈਂ ਕਿਹਾ ਆਹ ਤਾਂ ਦਬਲਾਨ ਦਾ ਆਸ਼ਰਮ ਜਿਹੜਾ ਹੈ ਹੁਣ ਮਹਾਰਾਜ ਜੀ ਛੱਡ ਕੇ ਚਲੇ ਜਾਣਗੇ। ਉਸੇ ਵੇਲੇ ਮੈਨੂੰ ਕਹਿਣ ਲੱਗੇ ਕਿ ਬਾਬੂ ਜੀ ਨੂੰ ਕਹਿ, ਤਿਆਰੀ ਕਰ ਲੈਣ। ਕੋਈ ਚੀਜ਼ ਨਹੀਂ ਚੁੱਕਣੀ, ਕੋਈ ਵੀ। ਸਿਵਾਏ ਕਛਹਿਰੇ ਤੇ ਪਰਨੇ। ਸਵੇਰੇ ਇਸ਼ਨਾਨ ਕਰਨ ਵਾਸਤੇ ਜਿਹੜੀ ਚੀਜ਼ ਲੈਣੀ ਹੈ ਲੈ ਲਓ। ਬਾਕੀ ਸਾਰੀ ਇਵੇਂ ਜਿਵੇਂ ਜਿਹੜਾ ਇਨ੍ਹਾਂ ਦੇ ਨਾਲ ਸੇਵਾਦਾਰ ਹੈ ਕੋਈ ਬੀਬੀ ਮੁਖੀ ਉਹਨੂੰ ਸੰਭਾਲ ਦਿਓ ਕਿ ਲੈ ਭਾਈ ਸਾਂਭ ਅਸੀਂ ਚੱਲੇ। ਉਸ ਵੇਲੇ 120 ਵਿੱਘੇ ਦਾ ਸੀ ਉਹ ਆਸ਼ਰਮ ਬਣਿਆ ਹੋਇਆ। ਹੁਣ ਤਾਂ 300 ਦਾ ਹੋਣਾ ਹੈ।

ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਦੇ ਅੰਦਰ ਕੋਈ ਪਕੜ ਨਹੀਂ ਹੋਇਆ ਕਰਦੀ ਸਾਧਸੰਗਤ ਜੀ! ਉਤੋਂ ਦਿਸਦੇ ਨੇ ਕਿ ਫੜਿਆ ਹੋਇਆ ਹੈ, ਕੰਮ ਕਰਾਉਂਦੇ ਨੇ, ਅੰਦਰੋਂ ਬਿਲਕੁਲ ਬੇ-ਲਾਗ ਹੁੰਦੇ ਨੇ। 'ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ 'ਇਹ ਜੀਵਨ ਮੁਕਤ ਦੀ ਨਿਸ਼ਾਨੀ ਹੋਇਆ ਕਰਦੀ ਹੈ। ਜਦੋਂ ਇਨ੍ਹਾਂ ਦੀ ਮਹਿਮਾ ਬਹੁਤ ਫੈਲੀ, ਆਪ ਕਾਬਲ ਵਲ ਲੰਘ ਗਏ। ਬਾਦਸ਼ਾਹੀ ਮਸੀਤ 'ਚ ਚਲੇ ਗਏ, ਉਥੇ ਜੁੰਮੇ ਦੀ ਨਮਾਜ਼ ਪੜ੍ਹਦੇ ਸੀ, ਵਿੱਚ ਜਾ ਕੇ ਖੜ੍ਹੇ ਹੋ ਗਏ। ਇਕੱਲਾ ਹੀ ਕਛਹਿਰਾ ਪਾਏ ਹੋਏ, ਸਿਰ ਦੇ ਉਤੇ ਬੰਨ੍ਹੀਆਂ ਹੋਈਆਂ ਭੂਰੀਆਂ, ਤਿੰਨ ਜਣੇ ਸੀ। ਉਹ ਨਮਾਜ਼ੀ ਖੜ੍ਹਾ ਉਹਨੂੰ ਧੱਕਾ ਮਾਰਨ - ਜਿਹੜਾ ਨਮਾਜ਼ੀ ਖੜ੍ਹਾ ਉਹਨੂੰ ਧੱਕਾ ਮਾਰੀ ਜਾਣ। ਸਾਰੇ ਹਲਚਲ ਪੈ ਗਈ। ਬਾਦਸ਼ਾਹ ਵਿੱਚ ਨਮਾਜ਼ ਪੜ੍ਹ ਰਿਹਾ ਹੈ। ਨਮਾਜ਼ ਕਜ਼ਾ ਹੋਣ ਤੋਂ ਡਰਦੇ ਬੋਲਦੇ ਨਹੀਂ। ਜਦੋਂ ਨਮਾਜ਼ ਪੜ੍ਹ ਹਟੇ, ਸਾਰੇ ਦੁਆਲੇ ਹੋ ਗਏ ਇਨ੍ਹਾਂ ਦੇ। ਕਹਿਣ ਲੱਗੇ, ਤੁਸੀਂ ਨਮਾਜ਼ ਕਜ਼ਾ ਕਰੀ ਹੈ, ਤੁਸੀਂ ਕੌਣ ਹੋਂ? ਐਨੇ ਨੂੰ ਅਫਗਾਨਿਸਤਾਨ ਦਾ ਬਾਦਸ਼ਾਹ ਵੀ ਆ ਗਿਆ ਤੇ ਗੱਲ ਸੁਣਨ ਲੱਗ ਗਿਆ ਤੇ ਬਾਬਾ ਜੀ ਕਹਿਣ ਲੱਗੇ, ਅਸੀਂ? ਮੈਂ ਕਹਿੰਦੇ, ਖੁਦਾ। ਕਹਿੰਦੇ ਆਹ ਕੌਣ ਹੈ? ਕਹਿੰਦੇ ਮੁਹੰਮਦ। ਆਹ ਤੀਸਰਾ ਕੌਣ ਹੈ? ਕਹਿੰਦੇ ਰਸੂਲ। ਹੈਰਾਨ ਹੋ ਗਏ ਕਿ ਇਹ? ਕਹਿੰਦੇ ਮਾਰੋ, ਕਾਫਰ ਨੇ ਇਹ। ਉਹ ਬਾਦਸ਼ਾਹ ਨੇ ਕਿਹਾ ਕਿ ਨਹੀਂ, ਨਹੀਂ। ਕੋਈ ਰਮਜ਼ ਵਾਲੇ ਬੰਦੇ ਨੇ, ਪੁੱਛੋ? ਕਹਿੰਦੇ, ਤੁਸੀਂ ਧੱਕੇ ਕਿਉਂ ਦਿੱਤੇ?

ਕਹਿੰਦੇ, ਤੁਸੀਂ ਨਮਾਜ਼ ਨਹੀਂ ਸੀ ਪੜ੍ਹਦੇ? ਕਹਿੰਦੇ ਨਮਾਜ਼ ਮੇਰੀ ਪੜ੍ਹਦੇ ਨਹੀਂ ਸੀ, ਪਾਖੰਡ ਕਰਦੇ ਸੀ, ਫਲਾਣੇ ਥਾਉਂ ਨਹੀਂ ਸੀ ਤੇਰੀ ਸੁਰਤ ਫਿਰਦੀ?

ਬਾਦਸ਼ਾਹ ਨੂੰ ਵੀ ਦੱਸ ਦਿੱਤਾ। ਬਾਦਸ਼ਾਹ ਨੇ ਸਿੱਜਦਾ ਕਰ ਦਿੱਤਾ ਕਿ ਕੋਈ ਵਲੀ ਅੱਲਾਹ ਆ ਗਿਆ ਅੱਜ। ਅੰਦਰ ਲੈ ਗਿਆ, ਮਹਿਲਾਂ 'ਚ ਜਾ ਕੇ ਨਿਵਾਸ ਕਰ ਦਿੱਤਾ। ਉਸ ਦਿਨ ਤੋਂ ਇਨ੍ਹਾਂ ਦਾ ਨਾਉਂ ਖੁਦਾ ਸਿੰਘ ਪੈ ਗਿਆ।

ਫੇਰ ਮੁਲਾਨਿਆਂ ਨੇ ਕਿਹਾ ਕਿ ਇਹਦੇ ਮਜ਼੍ਹਬ ਦਾ ਤਾਂ ਪਤਾ ਕਰੋ ਕਿ ਇਹ ਹੈ ਕੌਣ? ਇਹ ਹਿੰਦੂ ਹੈ, ਕੌਣ ਹੈ? ਉਸ ਵੇਲੇ ਇਨ੍ਹਾਂ ਨੇ ਕਿਹਾ ਕਿ ਖਾਣਾ ਅੱਜ ਇਕੱਠੇ ਖਾਣਾ ਹੈ, ਬਾਦਸ਼ਾਹ ਨੂੰ ਕਹਿ ਦਿੱਤਾ ਕਿ ਦਰਵੇਸ਼ ਵੀ ਵਿੱਚ ਖਾਣਾ ਖਾਣ। ਉਨ੍ਹਾਂ ਨੇ ਗਊ ਬਣਾ ਦਿੱਤੀ ਕਿ ਜੇ ਖਾਏਗਾ ਤਾਂ ਇਸਲਾਮ ਵਾਲਾ ਜੇ ਨਹੀਂ ਖਾਏਗਾ ਤਾਂ ਪਤਾ ਲੱਗ ਜਾਏਗਾ ਕਿ ਹਿੰਦੂ ਹੈ। ਬਾਬਾ ਜੀ ਨੇ ਕਤੂਰੇ ਲੈ ਲਏ ਕਾਫੀ ਸਾਰੇ, ਕੱਛਾਂ 'ਚ ਲੈ ਲਏ, ਸਾਰਿਆਂ ਨੇ ਦੋ-ਦੋ, ਤਿੰਨ-ਤਿੰਨ ਫੜ ਲਏ, ਚਾਊਂ-ਚਾਊਂ ਕਰਦੇ। ਜਦੋਂ ਸਾਰੇ ਰੋਟੀ ਖਾਂਦੇ ਸੀ, ਉਥੇ ਜਾ ਕੇ ਛੱਡ ਦਿੱਤੇ ਸਾਰੇ। ਨੱਠ-ਨੱਠ ਕੇ ਉਨ੍ਹਾਂ ਨੇ ਹਰੇਕ 'ਚ ਮੂੰਹ ਪਾ ਦਿੱਤਾ। ਉਹ ਕਹਿੰਦੇ, ਜੀ ਇਹ ਤਾਂ ਸਾਰਾ ਹੀ ਜੂਠਾ ਹੋ ਗਿਆ। ਕਹਿੰਦੇ, ਆਓ ਖਾਈਏ, ਖੁਦਾ ਦੇ ਹੀ ਨੇ, ਇਹ ਵੀ ਮੇਰਾ ਹੀ ਰੂਪ ਨੇ। ਉਸ ਵੇਲੇ ਰਮਜ਼ ਨੂੰ ਸਮਝ ਗਏ ਕਿ ਦਰਵੇਸ਼ ਦੇ ਨਾਲ ਐਸੀ ਗੱਲ ਨਹੀਂ ਕਰਨੀ। ਉਨ੍ਹਾਂ ਨੇ ਹੁਕਮ ਕਰ ਦਿੱਤਾ ਕਿ ਜਿੱਥੇ ਜੀਅ ਕਰਦਾ ਹੈ ਫਿਰਨ। ਦਸ ਸਾਲ ਫੇਰ ਟਰਕੀ ਤੱਕ ਇਨ੍ਹਾਂ ਨੇ ਅਰਬ ਦੇਸ਼ਾਂ ਵਿੱਚ ਪ੍ਰਚਾਰ ਕਰਿਆ। ਉਸ ਤੋਂ ਬਾਅਦ ਇਧਰ ਆ ਗਏ ਵਾਪਸ। ਬੜੀ ਕਰਨੀ ਕਮਾਈ ਫੈਲ ਗਈ ਤੇ ਪਟਿਆਲੇ ਨੇ ਅੱਜ। ਆਪ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰ ਰਹੇ ਨੇ। ਓਸ ਵੇਲੇ ਇੱਕ ਸੰਤ ਰਹਿੰਦਾ ਸੀ ਉਥੇ, ਜਿਹਦਾ ਨਾਮ ਮੈਨੀ ਰਾਮ ਸੀ। ਬਹਿਰੰਗਾ ਕਹਿੰਦੇ ਸੀ ਇਹਨੂੰ। ਇਹ ਉੱਠ ਕੇ ਖੜ੍ਹਾ ਹੋ ਗਿਆ ਕਹਿੰਦਾ ਬਾਬਾ ਜੀ। ਮੈਨੂੰ ਇਕ ਕਥਾ ਸੁਣਾਓ, ਜੀਵਨ ਮੁਕਤ ਦੇ ਲੱਛਣ ਦੱਸੋ ਕਿ ਕੀ ਨੇ। ਉਨ੍ਹਾਂ ਦੀ ਕਥਾ ਮੈਂ ਸੁਣਨੀ ਚਾਹੁੰਦਾ ਹਾਂ। ਉਸ ਵੇਲੇ ਆਪ ਨੇ ਕਥਾ ਸਰਵਣ ਕਰਾਈ ਕਿ ਜਿਹੜੇ realize soul ਹੁੰਦੇ ਨੇ, ਪ੍ਰਮੇਸ਼ਰ ਦੇ ਪਿਆਰੇ ਹੁੰਦੇ ਨੇ। ਉਨ੍ਹਾਂ ਦੀ ਬਿਰਤੀ ਜਿਹੜੀ ਹੈ ਸਮਾਨ ਹੋਇਆ ਕਰਦੀ ਹੈ, ਦਵੈਤ ਨਹੀਂ ਹੋਇਆ ਕਰਦੀ। ਨਾ ਕੋਈ ਆਪਣਾ ਹੁੰਦਾ ਹੈ ਨਾ ਕੋਈ ਬੇਗਾਨਾ ਹੁੰਦਾ ਹੈ। ਭਾਵਨਾ ਦੇ ਨਾਲ ਜੇ ਉਨ੍ਹਾਂ ਨਾਲ ਕੋਈ ਪਿਆਰ ਕਰਦਾ ਹੈ ਪਿਆਰ ਦਾ ਫਲ ਲੈ ਲੈਂਦਾ ਹੈ, ਦਵੈਤ ਕਰਦਾ ਹੈ ਦਵੈਤ ਦਾ ਲੈ ਲੈਂਦਾ ਹੈ।

ਆਈ ਦੀ ਉਨ੍ਹਾਂ ਨੂੰ ਕੋਈ ਖੁਸ਼ੀ ਨਹੀਂ ਹੁੰਦੀ, ਗਈ ਦੀ ਕੋਈ ਉਨ੍ਹਾਂ ਨੂੰ ਗਮੀ ਨਹੀਂ ਹੁੰਦੀ ਤੇ ਉਨ੍ਹਾਂ ਦੀ ਨਿਗ੍ਹਾ ਵਿੱਚ ਸੋਨਾ ਮਿੱਟੀ ਇੱਕੋ ਹੀ ਹੁੰਦਾ ਹੈ। ਐਸ ਤਰ੍ਹਾਂ ਗੁਰੂ ਨੌਂਵੇਂ ਪਾਤਸ਼ਾਹ ਮਹਾਰਾਜ ਨੇ ਫੁਰਮਾਨ ਕਰਿਆ ਹੈ –

***ਧਾਰਨਾ – ਸੋਨੇ ਤੇ ਮਿੱਟੀ ਨੂੰ, ਇੱਕੋ ਜਿਹਾ ਸਾਧੂ ਜਾਣੇ।***

ਕਹਿਣ ਲੱਗੇ, ਸੰਤ ਜੀ! ਉਨ੍ਹਾਂ ਦੀ ਬਿਰਤੀ ਸਮ ਹੋਇਆ ਕਰਦੀ ਹੈ। ਸਭ ਦੇ ਵਿੱਚ ਪ੍ਰਮੇਸ਼ਰ ਨੂੰ ਦੇਖਦੇ ਨੇ। ਦੁੱਖ ਤੇ ਸੁੱਖ ਨੂੰ ਅੱਡ ਨਹੀਂ ਜਾਣਦੇ।

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ 1 ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ 1 ॥***

*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥*
*ਅੰਗ - 633*

ਆਪ ਕਥਾ ਕਰਦੇ ਸੀ। ਪੂਰਨ ਮਹਾਂਪੁਰਖ ਸੀਗੇ। ਦ੍ਰਿਸ਼ਟੀ ਦੇ ਵਿੱਚ ਅੰਮ੍ਰਿਤ ਵਰਸਦਾ ਸੀ। ਪੂਰਨ ਮਹਾਂਪੁਰਖਾਂ ਦੇ। ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦਾ ਹੁਕਮ ਸੀ ਕਿ ਜਦੋਂ ਕੀਰਤਨ ਸੁਣਨ ਤੋਂ ਬਾਅਦ ਜਾਂਦੀ ਹੈ ਸੰਗਤ ਤਾਂ ਆਹ ਜਿਹੜੇ ਬੀਮਾਰ ਬੈਠੇ ਨੇ ਇਨ੍ਹਾਂ ਵੱਲ ਦੇਖਦੇ ਜਾਇਆ ਕਰੋ। ਸੰਗਤ ਨੇ ਦੇਖਦੇ ਚਲੇ ਜਾਣਾ, ਇਧਰ ਦੇਖਣਾ-ਦੂਜੇ ਪਾਸੇ ਦੇਖਣਾ। ਬੀਮਾਰ ਬੈਠੇ ਰਹਿੰਦੇ ਸੀ। ਲਾਈਨਾਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ। ਥੋੜ੍ਹੇ ਦਿਨਾਂ ਤੋਂ ਬਾਅਦ ਉਹ ਬੀਮਾਰ ਰਾਜ਼ੀ ਹੋ ਕੇ ਘਰਾਂ ਨੂੰ ਚਲੇ ਜਾਂਦੇ ਸੀ। ਇੱਕ ਦਿਨ ਕਹਿਣ ਲੱਗੇ, ਮਹਾਰਾਜ! ਤੁਸੀਂ ਸਾਨੂੰ ਆਗਿਆ ਦਿੰਦੇ ਓਂ ਕਿ ਤੁਸੀਂ ਇਨ੍ਹਾਂ ਨੂੰ ਦੇਖਿਆ ਕਰੋ। ਸਾਡੇ ਦੇਖਣ 'ਚ ਕੋਈ ਫਰਕ ਹੈ? ਮਹਾਰਾਜ ਜੀ ਨੇ ਕਿਹਾ ਕਿ ਪ੍ਰੇਮੀਓ! ਤੁਹਾਡੀ ਸੁਰਤੀ ਪ੍ਰਮੇਸ਼ਰ ਨਾਲ ਜੁੜੀ ਹੁੰਦੀ ਹੈ। ਜਦੋਂ ਤੁਸੀਂ ਹਰੀ ਦਾ ਜਸ ਸੁਣਦੇ ਹੋਂ ਉਸ ਵੇਲੇ ਤੁਹਾਡੇ ਅੰਦਰ ਅੰਮ੍ਰਿਤ ਦੀ ਵਰਖਾ ਹੋ ਰਹੀ ਹੁੰਦੀ ਹੈ। ਉਹ ਅੰਮ੍ਰਿਤ ਦੀ ਵਰਖਾ ਜਿਹੜੀ ਹੈ ਜਦੋਂ ਤੁਸੀਂ ਨੇਤਰ ਖੋਲ੍ਹਦੇ ਓਂ। ਤੁਹਾਡੇ ਨੇਤਰਾਂ ਦੇ ਰਾਹੀਂ ਜਿਹਦੇ ਉਤੇ ਤੁਸੀਂ ਦ੍ਰਿਸ਼ਟੀ ਕਰੋਂਗੇ। ਉਹਦੇ ਉਤੇ ਉਹ ਅੰਮ੍ਰਿਤ ਦੀ ਫੁਹਾਰ ਪਏਗੀ ਤੇ ਬੀਮਾਰ ਰਾਜ਼ੀ ਹੋ ਜਾਣਗੇ। ਕਿਉਂਕਿ ਐਸਾ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ।

*ਧਾਰਨਾ - ਅੰਮ੍ਰਿਤ ਨੈਣੋਂ ਵਰਸੇ ਬ੍ਰਹਮਗਿਆਨੀ ਦੇ।*

ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਬੰਦਗੀ ਕਰਨ ਵਾਲੇ ਦੇ ਨੇਤਰਾਂ 'ਚੋਂ ਅੰਮ੍ਰਿਤ ਵਰਸਦਾ ਹੈ ਜਿੱਥੇ ਉਹਦੀ ਦ੍ਰਿਸ਼ਟੀ ਪੈ ਜਾਏਗੀ, ਉਥੇ ਬੀਮਾਰ ਵੀ ਰਾਜ਼ੀ ਹੋ ਜਾਣਗੇ। ਮੰਦੇ ਖਿਆਲਾਂ ਵਾਲੇ ਸ਼ੁੱਧ ਖਿਆਲਾਂ ਵਾਲੇ ਹੋ ਜਾਣਗੇ।

ਬਾਬਾ ਭਾਗ ਸਿੰਘ ਜੀ, ਆਪ ਹਜ਼ੂਰ ਸਾਹਿਬ ਤੋਂ ਵਾਪਸ ਆਏ ਨੇ, 22 ਸਾਲ ਦੀ ਉਮਰ ਹੈ। ਬਹੁਤ ਮਸਤੀ ਦੇ ਵਿੱਚ ਰਹਿੰਦੇ ਨੇ ਹਰ ਵਕਤ। ਆਪ ਦੇ ਮਨ ਦੀ ਕੀ ਮੌਜ ਆਈ, ਇੱਕ ਦਿਨ ਵੇਸਵਾ ਦੇ ਚੁਬਾਰੇ 'ਚ ਚੜ੍ਹ ਗਏ। ਸਾਰੇ ਹੈਰਾਨ ਨੇ ਕਿ ਆਹ ਲਟਬੌਰਾ ਜਿਹਾ ਉਤੇ ਨੂੰ ਜਾਂਦਾ ਹੈ। ਆਹ ਮਸਤ ਊਈਂ ਜਾ ਵੜਿਆ ਵੇਸਵਾ ਦੇ ਤੇ ਅੱਗੇ ਵੇਸਵਾ ਨੇ ਦੇਖਿਆ ਕਿ ਇਹ ਕੋਈ ਗਾਹਕ ਤਾਂ ਹੈ ਨਹੀਂ ਤੇ ਇਹ ਬੰਦਾ ਕਿਉਂ ਆ ਗਿਆ। ਜਦੋਂ ਉਹਨੇ ਨੇਤਰਾਂ ਵਲ ਦੇਖਿਆ। ਵੇਸਵਾ ਦੇ ਨੇਤਰ ਤਾਬ ਨਾ ਲਿਆ ਸਕੇ ਉਨ੍ਹਾਂ ਦੇ ਨੇਤਰਾਂ ਦੀ। ਇੱਕ ਦਮ ਥੱਲੇ ਗਿਰ ਕੇ,

ਪਵਿੱਤਰਤਾ ਹੀ ਪਵਿੱਤਰਤਾ ਆ ਗਈ। ਉੱਠ ਕੇ ਜਾ ਕੇ ਚਰਨ ਫੜ ਲਏ ਬਾਬਾ ਜੀ ਦੇ। ਚਰਨ ਫੜੇ ਹੋਏ, ਖੜ੍ਹੀ ਹੈ। ਬਾਬਾ ਜੀ ਮੁਸਕਰਾ ਰਹੇ ਨੇ। ਕਹਿੰਦੇ, ਬੀਬਾ! ਐਨਾ ਕੀਮਤੀ ਮਾਨਸ ਜਨਮ, ਕੌਡੀਆਂ ਦੇ ਭਾਅ ਗਵਾਉਂਦੀ ਹੈਂ ਤੂੰ। ਇਹ ਤਾਂ ਬਾਰ-ਬਾਰ ਹੱਥ ਨਹੀਂ ਆਉਣਾ। ਖਬਰਦਾਰ ਹੋ, ਸਾਵਧਾਨ ਹੋ। ਇਨ੍ਹਾਂ ਕੰਮਾਂ ਵਾਸਤੇ ਨਹੀਂ ਮਿਲਿਆ ਇਹ ਤੈਨੂੰ। ਇਹ ਤਾਂ ਤੂੰ ਆ ਕੇ ਪ੍ਰਮੇਸ਼ਰ ਦਾ ਨਾਮ ਜਪਣਾ ਸੀ। ਤੂੰ ਇਹ ਕਿਹੜੇ ਕੰਮਾਂ ਦੇ ਵਿੱਚ ਮਾਨਸ ਜਨਮ ਨੂੰ ਗਵਾ ਦਿੱਤਾ। ਇਹ ਕੋਈ ਮਾਮੂਲੀ ਦੇਹ ਨਹੀਂ ਹੈ ਜਿਹਨੂੰ ਤੂੰ ਐਵੇਂ ਹੀ ਸਮਝਦੀ ਹੈਂ ਇਹਨੂੰ ਤਾਂ ਬਹੁਤ ਵੱਡੇ-ਵੱਡੇ ਵੀ ਲੋਚਦੇ ਨੇ -

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਉਹ ਦੇਹੀ ਤੈਨੂੰ ਮਿਲ ਗਈ ਪਿਆਰਿਆ।***

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥*** ***ਅੰਗ - 1159***

ਬੀਬਾ ਆਹ ਵਿਸ਼ਿਆਂ ਵਿਕਾਰਾਂ 'ਚ ਚਾਰ ਸਿੱਕਿਆਂ ਵਾਸਤੇ ਤੂੰ ਐਡਾ ਕੀਮਤੀ ਜਨਮ ਬਰਬਾਦ ਕਰ ਰਹੀ ਹੈਂ। ਦ੍ਰਿਸ਼ਟੀ ਦੀ ਤਾਬ ਨਾ ਲਿਆ ਸਕੀ ਸਾਧਸੰਗਤ ਜੀ। ਇੱਕ ਦ੍ਰਿਸ਼ਟੀ ਦੇ ਨਾਲ ਕਰੋੜਾਂ ਪਾਪਾਂ ਦਾ ਨਾਸ਼ ਕਰ ਦਿੱਤਾ ਮਹਾਂਪੁਰਸ਼ਾਂ ਨੇ। 22 ਸਾਲ ਦੀ ਉਮਰ ਹੈ ਆਪ ਦੀ। ਚਰਨ ਫੜ ਲਏ, ਕਹਿਣ ਲੱਗੀ ਬਾਬਾ ਜੀ! ਮੈਨੂੰ ਸੁੱਤੀ ਨੂੰ ਜਗਾ ਦਿੱਤਾ ਤੁਸੀਂ। ਮੇਰੇ ਭਾਗ ਜਾਗ ਪਏ, ਤੁਸੀਂ ਏਸ ਪਾਪ ਦੇ ਮੰਦਰ ਵਿੱਚ ਆ ਗਏ। ਹੁਕਮ ਕਰੋ ਮੈਨੂੰ। ਕਹਿੰਦੇ, ਹੁਣ ਤੋਂ ਬਾਅਦ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਈਂ, ਹਟੀਂ ਨਾ ਕਰਨ ਤੋਂ। ਤੇਰੇ ਗਾਹਕ ਆਉਣਗੇ? ਕਹਿੰਦੀ ਹਾਂ ਜੀ। ਕਹਿੰਦੇ ਉਨ੍ਹਾਂ ਨੂੰ ਵੀ ਲਾ ਦੇਈਂ। ਆਹ ਪਾਪ ਦੇ ਮੰਦਰ 'ਚੋਂ ਨਿਕਲ ਜਾਹ। ਵੇਚ ਦੇ ਇਹਨੂੰ। ਬਾਹਰ ਕੁਟੀਆ ਪਾ ਲੈ। ਬਾਹਰ ਕੁਟੀਆ ਪੁਆ ਦਿੱਤੀ। ਸੰਗਤ ਜੁੜਨ ਲੱਗ ਗਈ। ਬੇਅੰਤ ਸੰਗਤ ਹੋਈ ਉਸਦੀ। ਇੱਕੋ ਹੀ ਨਿਗ੍ਹਾ ਕੀਤੀ ਹੈ।

***ਬ੍ਰਹਮ ਗਿਆਨੀ ਸਦਾ ਸਮਦਰਸੀ ॥***
***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥***
***ਅੰਗ - 273***

ਬਾਬਾ ਖੁਦਾ ਸਿੰਘ ਜੀ ਪਟਿਆਲੇ ਨੇ ਤੇ ਇਹ ਸੰਤ ਮੈਨੀ ਰਾਮ ਜੀ, ਜਿਨ੍ਹਾਂ ਨੂੰ ਬਹਿਰੰਗਾ ਕਹਿੰਦੇ ਸੀ। ਇੱਕ ਦਿਨ ਬਗੈਰ ਖਬਰ ਤੋਂ ਧਤੂਰਾ, ਸੰਖੀਆ ਤੇ ਜ਼ਹਿਰ ਘੋਲ ਲਿਆਏ। ਕਹਿੰਦੇ, ਬਾਬਾ ਜੀ! ਮੈਂ ਇੱਕ ਗੱਲ ਸੁਣੀ ਸੀ ਕਿ ਜਿਹੜੇ ਸਾਧੂ ਹੁੰਦੇ ਨੇ, ਬ੍ਰਹਮਗਿਆਨੀ। ਉਨ੍ਹਾਂ ਦੇ ਬਾਰੇ ਲਿਖਿਆ ਹੋਇਆ -

***ਧਾਰਨਾ - ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ।***

ਅੰਮ੍ਰਿਤ ਵੀ ਓਹੋ ਜਿਹਾ ਜਾਣਦੇ ਨੇ ਸਾਧੂ ਤੇ ਬਿਹੁ ਨੂੰ ਵੀ ਓਹੋ ਜਿਹਾ ਜਾਣਦੇ ਨੇ। ਬਾਬਾ ਜੀ ਕਹਿੰਦੇ, ਕੀ ਅੰਤਬਾਰਾ ਲੈਣਾ ਚਾਹੁੰਦੇ ਓਂ, ਸੰਤ ਜੀ! ਕਹਿੰਦਾ, ਆਹ ਮੇਰੇ ਹੱਥ ਵਿੱਚ ਗਿਲਾਸ ਹੈ। ਮੈਂ ਪ੍ਰਤੱਖ ਦੇਖਣਾ ਚਾਹੁੰਦਾ ਹਾਂ। ਕਹਿੰਦੇ, ਸੰਗਤ ਦਾ ਨਹੀਂ ਅੰਤਬਾਰਾ ਲਈ ਦਾ। ਇਹਦੇ ਵਿੱਚ ਪ੍ਰਮੇਸ਼ਰ ਵੀ ਹੁੰਦਾ ਹੈ। ਜਿੱਦ ਪੈ ਗਿਆ। ਕਹਿੰਦੇ ਫੇਰ ਆਪਾਂ ਅੰਤਬਾਰਾ ਕੀਹਦਾ ਲੈਣਾ ਹੈ। ਲਓ ਸਾਨੂੰ ਹੀ ਫੜਾ ਦਿਓ, ਇਹ ਤਾਂ ਅੰਮ੍ਰਿਤ ਦਾ ਗਿਲਾਸ ਲਈਂ ਫਿਰਦਾ ਹੈਂ ਤੂੰ, ਬਿਹੁ ਦਾ ਨਹੀਂ ਹੈਗਾ ਤੈਨੂੰ ਭੁਲੇਖਾ ਲਗ ਗਿਆ। ਦ੍ਰਿਸ਼ਟੀ ਕਰੀ ਉਹਦੇ 'ਚ, ਕਹਿੰਦੇ, ਭਾਈ! ਇਹਦੇ 'ਚ ਤਾਂ ਪ੍ਰਮੇਸ਼ਰ ਹੀ ਨਜ਼ਰ ਆ ਰਿਹਾ ਹੈ ਜਲ 'ਚ। ਗਟ-ਗਟ ਕਰਕੇ ਪੀ ਕੇ, ਫੇਰ ਕਥਾ ਕਰਨ ਲੱਗ ਗਏ। ਹੈਰਾਨ ਹੋ ਗਿਆ ਕਿ ਉਹ ਜ਼ਹਿਰ ਜਿਹੜੀ ਇੱਕ ਘੁੱਟ 'ਚ ਮਾਰ ਦੇਵੇ, ਇਨ੍ਹਾਂ ਨੂੰ ਤਾਂ ਕੋਈ ਗੱਲ ਹੀ ਨਹੀਂ ਹੋਈ। ਐਸੇ ਜੀਵਨ ਮਹਾਂਪੁਰਸ਼ਾਂ ਦੇ ਹੋਣ ਕਰਕੇ ਉਨ੍ਹਾਂ ਦੀ ਯਾਦ ਦੇ ਨਾਲ ਅਸੀਂ ਵੀ ਪ੍ਰੇਰਨਾ ਲੈਂਦੇ ਹਾਂ ਕਿ ਐਡੇ-ਐਡੇ ਮਹਾਂਪੁਰਸ਼ ਹੋਏ ਇਸ ਸੰਪਰਦਾ ਦੇ, ਅਸੀਂ ਤਾਂ ਕੁਛ ਵੀ ਨਹੀਂ ਹੈਗੇ, ਮਾੜੇ ਮੋਟੇ ਵੀ ਨਹੀਂ ਹੈਗੇ ਉਨ੍ਹਾਂ ਦੇ ਮੁਕਾਬਲਿਆਂ 'ਤੇ। ਤੇ ਫੇਰ ਕਿੰਨੇ ਪਰਉਪਕਾਰੀ ਸੀ, ਕਿਉਂਕਿ ਬਾਣੀ ਦੇ ਅੰਦਰ ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਪਰਉਪਕਾਰੀ ਜੀ, ਬ੍ਰਹਮਗਿਆਨੀ-ਬ੍ਰਹਮਗਿਆਨੀ।***

ਬ੍ਰਹਮ ਨੂੰ ਜਾਨਣ ਵਾਲਾ ਦੂਸਰਿਆਂ ਦੇ ਵਾਸਤੇ ਜੀਉਂਦਾ ਹੈ। ਕਿਉਂਕਿ ਦੂਸਰਿਆਂ ਦੇ ਵਿੱਚ ਵੀ ਆਪਣੇ ਆਪ ਨੂੰ ਦੇਖਦਾ ਹੈ। ਬਾਬਾ ਜੀ ਅੰਮ੍ਰਿਤ ਵੇਲੇ ਉਠੇ, ਦੋ ਵੱਜੇ ਨੇ। ਸਾਰੇ ਲਾਹੌਰ ਦੇ ਵਿੱਚ ਚੁੱਪ ਚਾਂਦ ਛਾਈ ਹੋਈ ਹੈ। ਇੱਕ ਥਾਂ ਤੋਂ ਰੋਣ ਦੀ ਆਵਾਜ਼ ਆ ਰਹੀ ਹੈ। ਬਹੁਤ ਕੁਰਾਹਣ ਦੀ ਆਵਾਜ਼ ਆ ਰਹੀ ਹੈ। ਦਰਦ ਦੀ ਆਵਾਜ਼ ਆ ਰਹੀ ਹੈ। ਬਾਬਾ ਜੀ ਦੇ ਹਿਰਦੇ 'ਚ ਜਦੋਂ ਆਵਾਜ਼ ਉਨ੍ਹਾਂ ਨੇ ਸੁਣੀ ਤਾਂ ਹਿਰਦੇ ਦੇ ਅੰਦਰ ਪੀੜਾ ਹੋਈ, ਉਸ ਵੇਲੇ ਸੇਵਾਦਾਰ ਨੂੰ ਬੁਲਾ ਕੇ ਕਹਿਣ ਲੱਗੇ ਕਿ ਦੇਖ, ਆਹ ਦਰਦਨਾਕ ਆਵਾਜ਼ ਕਿੱਥੋਂ ਆ ਰਹੀ ਹੈ? ਆਵਾਜ਼ ਦੀ ਸੇਧ ਲੈ ਕੇ ਸੇਵਾਦਾਰ ਜਾਂਦਾ ਹੈ ਤੇ ਗਿਆ ਕਿੱਥੇ ਤੇ ਬਾਹਰ ਸਹਿੰਸੀਆਂ ਨੇ ਕੱਪੜਾ ਲਾ ਕੇ ਸੜਕ ਦੇ ਉੱਤੇ ਬੈਠੇ ਰਹਿੰਦੇ ਸੀ ਉਥੇ। ਗੰਦਾ ਥਾਂ ਬਿਲਕੁਲ ਹੀ ਤੇ ਉਥੇ ਇੱਕ ਬੀਬੀ ਦੇ ਦਰਦ ਹੋ ਰਿਹਾ ਹੈ ਛਾਤੀ ਦੇ ਉਤੇ ਤੇ ਉਹ ਦਰਦ ਦੇ ਨਾਲ ਬਹੁਤ ਜ਼ਿਆਦਾ ਬੇਚੈਨ ਹੈ। ਨੀਂਦ ਨਹੀਂ ਆ ਰਹੀ। ਹਾਏ-ਹਾਏ ਦੀ ਆਵਾਜ਼ ਆ ਰਹੀ ਹੈ। ਸੇਵਾਦਾਰ ਨੇ ਕਿਹਾ ਕਿ ਕੀ ਗੱਲ ਭਾਈ? ਕਹਿੰਦੇ ਬਾਬਾ ਜੀ! ਇਹਦੇ ਫੋੜਾ ਨਿਕਲਿਆ ਹੋਇਆ ਹੈ, ਅਸੀਂ ਗਰੀਬ ਆਦਮੀ ਹਾਂ, ਨਾ ਕਿਤੇ ਇਲਾਜ ਕਰਾ ਸਕਦੇ ਹਾਂ। ਨਾ ਕੋਈ ਇਲਾਜ ਹੈ, ਹੁਣ ਕੀ ਕਰਿਆ ਜਾਵੇ। ਬਾਬਾ ਜੀ ਨੂੰ ਆ ਕੇ ਉਹਨੇ ਦੱਸ ਦਿੱਤਾ। ਬਾਬਾ ਜੀ ਕਹਿਣ ਲੱਗੇ ਕਿ ਪ੍ਰੇਮੀਆਂ! ਭਜਨ ਆਪਾਂ ਪਿੱਛੋਂ ਹੀ ਕਰ ਲਵਾਂਗੇ, ਪਹਿਲਾਂ ਦੁਖੀਏ ਦਾ ਦੁੱਖ ਦੂਰ ਕਰੀਏ। ਚਲੋ, ਉਥੇ ਚਲੇ ਗਏ। ਜਾ ਕੇ ਕਹਿਣ ਲੱਗੇ, ਨਹੀਂ ਬੀਬਾ ਤੂੰ ਸੰਗ ਨਾ ਕਰੀਂ। ਧਰਮ ਦੀ ਪੁੱਤਰੀ ਹੈਂ ਤੂੰ ਸਾਡੀ। ਦੱਸ ਕਿੱਥੇ ਤੇਰੇ ਦਰਦ ਹੁੰਦਾ ਹੈ। ਕੱਪੜਾ ਚੁੱਕ ਲੈ।

ਕੱਪੜਾ ਚੁੱਕਿਆ ਤਾਂ ਛਾਤੀ ਦੇ ਦੁੱਧ ਦੇ ਉਤੇ ਫੋੜਾ ਨਿਕਲਿਆ ਹੋਇਆ। ਉਸ ਵੇਲੇ ਆਪ ਨੇ ਮੂੰਹ ਲਾ ਕੇ ਪੀਕ ਖਿੱਚ ਲਈ ਸਾਰੀ। ਕੱਢ-ਕੱਢ ਕੇ ਬਾਹਰ ਸੁੱਟੀ ਜਾਂਦੇ ਨੇ। ਸਾਰੀ ਪੀਕ ਕੱਢ ਦਿੱਤੀ। ਵੈਸੇ ਹੀ ਮਹਾਂਪੁਰਸ਼ਾਂ ਦੇ ਛੂਹਣ ਦੇ ਨਾਲ ਰਾਜ਼ੀ ਹੋ ਜਾਣਾ ਸੀ।

ਇਹ ਜਿਹੜੀਆਂ ਬਾਤਾਂ ਨੇ ਸਾਧਸੰਗਤ ਜੀ, ਇਹ ਮਹਾਂਪੁਰਸ਼ ਹੀ ਕਰ ਸਕਦੇ ਨੇ। ਹੋਰ ਕੋਈ ਨਹੀਂ ਕਰ ਸਕਦਾ, ਇਨ੍ਹਾਂ ਗੱਲਾਂ ਨੂੰ। ਇਸ ਤਰ੍ਹਾਂ ਦੇ ਨਾਲ ਆਪ ਸੰਸਾਰ ਦੇ ਅੰਦਰ ਚਾਨਣਾ ਦੇ ਰਹੇ ਸੀ ਹਰ ਪਹਿਲੂ 'ਤੇ। ਅੱਜ ਆਪ ਦੇ ਪਾਸ ਇੱਕ ਜਗਿਆਸੂ ਆਇਆ ਜਿਸਦਾ ਨਾਮ ਆਤਮਾ ਸਿੰਘ ਸੀ। ਬਾਬਾ ਜੀ ਅੰਦਰ ਬੈਠੇ ਸੀ ਤੇ ਇਜਾਜ਼ਤ ਲਈ ਤੇ ਇਜਾਜ਼ਤ ਲੈ ਕੇ ਅੰਦਰ ਚਲਿਆ ਗਿਆ। ਉਸ ਵੇਲੇ ਬਾਬਾ ਜੀ ਨੇ ਉਹਨੂੰ ਸਵਾਲ ਕਰਿਆ ਕਹਿਣ ਲੱਗੇ, ਤੂੰ ਕੌਣ ਹੈਂ? ਉਹ ਚੁੱਪ ਕਰ ਗਿਆ। ਕਹਿਣ ਲੱਗੇ, ਅਸੀਂ ਪੁੱਛਦੇ ਹਾਂ, ਭਾਈ! ਤੂੰ ਕੌਣ ਹੈਂ? ਉਸ ਵੇਲੇ ਉਹਨੇ ਆਹ ਜਵਾਬ ਦਿੱਤਾ, ਪੜ੍ਹੋ ਪਿਆਰ ਨਾਲ -

***ਧਾਰਨਾ - ਕੀ ਜਾਣਾਂ ਮੈਂ ਕੌਣ, ਇਹੋ ਪੁੱਛਣ ਆਇਆ ਹਾਂ।***

ਰਮਜ਼ ਮਾਰ ਦਿੱਤੀ ਸਾਧਸੰਗਤ ਜੀ, ਬੜੀ ਵੱਡੀ ਰਮਜ਼। ਮਹਾਂਪੁਰਸ਼ ਕਹਿੰਦੇ ਕਿ ਤੂੰ ਕੌਣ ਹੈਂ? ਸਾਰੇ ਮਹਾਂਪੁਰਸ਼ ਰਮਜ਼ ਮਾਰਦੇ ਨੇ। ਜਦੋਂ ਮੈਂ ਪਹਿਲੀ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਮਿਲਿਆ, ਉਸ ਵੇਲੇ ਮੈਂ ਦਸਵੀਂ ਦਾ ਇਮਤਿਹਾਨ ਦੇ ਕੇ ਹਟਿਆ ਸੀ। ਮਾਤਾ ਜੀ ਸਾਡੇ ਕਹਿਣ ਲੱਗੇ ਕਿ ਅੱਠ ਮਾਘ ਦਾ ਦੀਵਾਨ ਹੈ ਰਾੜਾ ਸਾਹਿਬ ਜਾਣਾ ਹੈ। ਪਹਿਲੀ ਵਾਰੀ ਮੈਂ ਮਹਾਰਾਜ ਜੀ ਦੇ ਦਰਸ਼ਨ ਕਰੇ। ਦੂਰੋਂ ਤਾਂ ਕਰੇ ਸੀ ਦੀਵਾਨ ਲੱਗਿਆਂ 'ਤੇ, ਲੇਕਿਨ ਨੇੜੇ ਹੋ ਕੇ ਨਹੀਂ ਸੀ ਕਰੇ ਤੇ ਮਨ ਵਿੱਚ ਚਾਉ ਕਿ ਚਲੋ ਮਹਾਂਪੁਰਸ਼ਾਂ ਦੇ ਦਰਸ਼ਨ ਕਰੀਏ। ਮੈਂ ਬਚਪਨ ਤੋਂ ਹੀ ਦਰਸ਼ਨ ਕਰਦਾ ਸੀ ਸਾਧੂਆਂ ਦੇ, ਛੋਟੀ ਜਿਹੀ ਉਮਰ ਤੋਂ ਹੀ। ਜਿੱਥੇ ਸੁਣਨਾ ਉਥੇ ਹੀ ਚਲੇ ਜਾਣਾ। ਪਰ ਐਸੀ ਗੱਲ ਸੀ ਕਿ ਰਾੜਾ ਸਾਹਿਬ ਬਜਾਏ ਇਸ ਦੇ ਕਿ ਹਰ ਵਕਤ ਖਿੱਚ ਰਹਿੰਦੀ ਸੀ, ਜਾ ਨਹੀਂ ਸੀ ਸਕਿਆ। ਮਾਤਾ ਜੀ ਲੈ ਗਏ। ਦੂਰੋਂ ਮਹਾਰਾਜ ਜੀ ਦੇ ਦਰਸ਼ਨ ਕਰਕੇ ਮੈਂ ਬਾਹਰ ਖੜ੍ਹ ਗਿਆ ਕਿ ਦਰਸ਼ਨ ਤਾਂ ਕਰ ਲਏ ਹੁਣ ਕਾਹਨੂੰ ਭੀੜ ਕਰਨੀ ਹੈ ਆਲੇ-ਦੁਆਲੇ ਭੀੜ ਬਹੁਤ ਹੈ। ਬੇਬੇ ਅੰਦਰ ਚਲੀ ਗਈ ਤੇ ਥੋੜ੍ਹੀ ਦੇਰ ਬਾਅਦ ਉੱਠ ਕੇ ਆ ਗਈ। ਕਹਿੰਦੀ, ਚੱਲ ਤੂੰ ਅੰਦਰ। ਮੈਂ ਕਿਹਾ, ਮੈਂ ਤਾਂ ਦਰਸ਼ਨ ਕਰ ਲਏ। ਕਹਿੰਦੀ, ਨਾ ਤੂੰ ਅੰਦਰ ਚੱਲ। ਮੈਂ ਗਿਆ ਨਾ। ਦੂਜੀ ਵਾਰੀ ਫੇਰ ਆ ਗਈ। ਫੇਰ ਕਿਹਾ, ਫੇਰ ਨਾ ਮੈਂ ਗਿਆ। ਤੀਜੀ ਵਾਰੀ, ਬੇਬੇ ਨੂੰ ਮਹਾਰਾਜ ਜੀ ਨੇ ਪੁੱਛਿਆ ਕੀ ਗੱਲ, ਕਹਿਣ ਲੱਗੀ ਕਿ ਮੇਰਾ ਪੁੱਤਰ ਹੈ ਬਾਹਰ ਖੜ੍ਹਾ ਹੈ। ਕਹਿੰਦਾ, ਮੈਂ ਦਰਸ਼ਨ ਕਰ ਲਏ ਤੇ ਅੰਦਰ ਨਹੀਂ ਆਉਂਦਾ। ਕਹਿੰਦਾ ਜਾਓ ਲਿਆਓ। ਉਹਨੇ ਆ ਕੇ ਮੈਨੂੰ ਕਿਹਾ ਕਿ ਮੈਨੂੰ ਮਹਾਂਪੁਰਸ਼ਾਂ ਨੇ ਕਿਹਾ ਹੈ। ਮੈਂ ਅੰਦਰ ਚਲਿਆ ਗਿਆ, ਅੰਦਰ ਜਾ ਕੇ ਨਮਸ਼ਕਾਰ ਕਰੀ। ਅਜੇ ਮੈਂ ਨਮਸ਼ਕਾਰ ਕਰਕੇ ਖੜ੍ਹਾ ਹੀ ਹੋਇਆ ਸੀ, ਮਹਾਰਾਜ ਕਹਿੰਦੇ ਕਿ ਤੂੰ ਕੌਣ ਹੈਂ? ਚੁੱਪ

ਕਰ ਗਿਆ ਮੈਂ। ਸਕੂਲ 'ਚ ਪੜ੍ਹਦਾ ਮੈਂ ਆਇਆ ਸੀ, ਨਾ ਪਹਿਲਾਂ ਕਦੇ ਐਹੋ ਜਿਹਾ ਸਵਾਲ ਸੁਣਿਆ ਨਾ ਕਦੇ ਪਤਾ। ਮੈਂ ਇੱਕ ਮਿੰਟ ਚੁੱਪ ਕਰ ਰਿਹਾ। ਜਿੰਨੀ ਸੰਗਤ ਬੈਠੀ ਸੀ ਕਹਿਣ ਲੱਗੀ ਕਿ ਤੈਨੂੰ ਪੁੱਛਦੇ ਨੇ। ਮੈਂ ਕਿਹਾ ਹਾਂ। ਮਹਾਰਾਜ ਕਹਿੰਦੇ, ਚੁੱਪ ਕਰੋ ਤੁਸੀਂ ਮੈਂ ਇਹਦੇ ਨਾਲ ਗੱਲ ਕਰ ਰਿਹਾ ਹਾਂ। ਇੱਕ ਮਿੰਟ ਤੋਂ ਬਾਅਦ ਕਹਿੰਦੇ ਕਿ ਤੂੰ ਦੱਸਿਆ ਨਾ ਕਿ ਤੂੰ ਕੌਣ ਹੈਂ? ਮੈਂ ਕਿਹਾ ਦਸਦਾ ਹਾਂ ਜੀ। ਸਾਰੀ ਸੰਗਤ ਹੈਰਾਨ ਹੋ ਗਈ ਕਿ ਐਨੀਓ ਗੱਲ ਨਹੀਂ ਇਹ ਦਸ ਸਕਿਆ ਕਿ ਮੈਂ ਕੌਣ ਹਾਂ। ਇੱਕ ਮਿੰਟ ਹੋਰ ਲੰਘ ਗਿਆ, ਤਿੰਨ ਮਿੰਟ ਲੰਘ ਗਏ ਇਸੇ ਤਰ੍ਹਾਂ। ਕਹਿੰਦੇ, ਦੱਸਿਆ ਨਾ। ਮੈਂ ਕਿਹਾ, ਮਹਾਰਾਜ ਮੈਨੂੰ ਦਸਣਾ ਨਹੀਂ ਆਉਂਦਾ। ਕਹਿੰਦੇ ਕਿਵੇਂ ਨਹੀਂ ਦੱਸਣਾ ਆਉਂਦਾ? ਪਹਿਲਾਂ ਤਾਂ ਮੈਂ ਆਪਣਾ ਨਾਉਂ ਦੱਸਣ ਲੱਗਿਆ, ਫੇਰ ਮੈਨੂੰ ਖਿਆਲ ਆ ਗਿਆ ਕਿ ਨਾਉਂ ਤਾਂ ਮਾਂ ਬਾਪ ਨੇ ਰੱਖਿਆ ਹੈ ਮੇਰਾ। ਇਹ ਮੈਂ ਤਾਂ ਨਹੀਂ ਹਾਂ ਜੇ ਮੇਰਾ ਨਾਉਂ ਹੀ ਨਾ ਰੱਖਦੇ ਫੇਰ? ਫੇਰ ਕੀ ਹੁੰਦਾ? ਫੇਰ ਮਹਾਰਾਜ ਮੈਂ ਇਸ ਜਨਮ ਤੋਂ ਪਹਿਲਾਂ ਵੀ ਸੀਗਾ, ਉਸ ਤੋਂ ਵੀ ਪਹਿਲਾਂ ਸੀ, ਉਸ ਤੋਂ ਵੀ ਪਹਿਲਾਂ ਸੀ.....। ਤੁਸੀਂ ਐਉਂ ਕਰੋ ਜਿਵੇਂ ਭੌਣੀ ਘੁੰਮਾਈਦੀ ਹੈ ਉਹਨੂੰ ਖੂਹ ਵਿੱਚ ਡੋਲ ਛੱਡ ਦਿਓ, ਆਖਰੀ ਲੱਜ ਦਾ ਜਿਹੜਾ ਸਿਰਾ ਹੈ ਉਥੇ ਪਹੁੰਚ ਜਾਓ। ਕਹਿੰਦੇ ਹਾਂ। ਕਹਿੰਦੇ, ਮਹਾਰਾਜ ਮੈਂ ਉਹ ਹਾਂ ਜਿਹੜਾ ਪਹਿਲੇ ਦਿਨ ਕੁਛ ਬਣਿਆ। ਮੈਨੂੰ ਤਾਂ ਦੱਸਣਾ ਨਹੀਂ ਆਉਂਦਾ। ਸੋ ਇਹ ਸਵਾਲ ਸੀ ਬੜਾ ਜ਼ਬਰਦਸਤ ਮਹਾਂਪੁਰਸ਼ਾਂ ਦਾ। ਉਸ ਵੇਲੇ ਆਪ ਕਹਿਣ ਲੱਗੇ ਕਿ ਚੁੱਪ ਕਰ ਗਏ ਸਾਰੇ ਤੇ ਨੇਤਰ ਬੰਦ ਕਰ ਲਏ। 45 ਮਿੰਟ ਨੇਤਰ ਬੰਦ ਕਰਕੇ ਬੈਠੇ ਰਹੇ। ਫੇਰ ਖੋਲ੍ਹੇ ਤਾਂ ਮੈਨੂੰ ਵੀ ਨੇਤਰ ਖੋਲ੍ਹਣ ਲਈ ਕਿਹਾ। ਮੈਂ ਜਦ ਖੋਲ੍ਹੇ, ਕਹਿੰਦੇ ਲੱਗਿਆ ਕੁਛ ਪਤਾ? ਮੈਂ ਕਿਹਾ, ਮਹਾਰਾਜ ਮੈਨੂੰ ਤਾਂ ਕੁਛ ਨਹੀਂ ਲੱਗਿਆ ਪਤਾ। ਕਹਿੰਦੇ ਕੁਛ ਤਾਂ ਲੱਗਿਆ ਹੋਣਾ ਹੈਂ? ਮੈਂ ਕਿਹਾ, ਮਹਾਰਾਜ! ਮੈਨੂੰ ਐਉਂ ਲਗਦਾ ਹੈ ਕਿ ਇੱਕ ਬਹੁਤ ਵੱਡੀ ਜੋਤੀ ਹੈ ਉਹਦੇ ਵਿਚੋਂ ਇੱਕ ਕਿਰਨ ਅੱਡ ਹੋ ਕੇ ਆਪਣਾ ਸਫਰ ਤਹਿ ਕਰਦੀ ਹੈ ਕਹਿੰਦੇ ਫੇਰ ਗੱਲ ਫੜ ਲਈ ਤੂੰ। ਕਹਿੰਦੇ, ਇਹਦੇ ਬਾਰੇ ਦੱਸਣਾ ਤਾਂ ਕੁਛ ਨਹੀਂ ਹੈ, ਇਹਨੂੰ ਸਾਡੀ ਜ਼ੁਬਾਨ 'ਚ, ਸ਼ਾਸਤਰੀ ਜ਼ੁਬਾਨ 'ਚ, ਪੰਜਾਬੀ ਦੀ ਜ਼ੁਬਾਨ 'ਚ ਇਹਨੂੰ ਜੀਵ ਆਤਮਾ ਕਹਿੰਦੇ ਨੇ ਤੇ ਜੀਵ ਪਾਸੇ ਕਰ ਦੇ, ਬਾਕੀ ਆਤਮਾ ਰਹਿ ਗਿਆ, ਇੱਕ ਕਦਮ ਹੈ ਪੁੱਟ ਲੈ ਜੇ ਤੇਰੇ ਤੋਂ ਪੁੱਟ ਹੁੰਦਾ ਹੈ। ਸਾਰੀ ਜ਼ਿੰਦਗੀ 'ਚ ਪੁੱਟ ਲਏਂ ਤਾਂ ਵੀ ਬਹੁਤ ਹੈ, ਕਈ ਜਨਮਾਂ 'ਚ ਪੁੱਟ ਲਏਂ ਤਾਂ ਵੀ। ਇੱਕ ਕਦਮ ਰਹਿੰਦਾ ਹੈ ਉਹਨੂੰ ਪੁੱਟ ਲੈ। ਇਹ ਸਵਾਲ ਜਾਗੀ ਹੋਈ ਸੁਰਤ ਨੂੰ ਸਮਝ 'ਚ ਆਉਂਦਾ ਹੈ, ਦੂਜਿਆਂ ਨੂੰ ਨਹੀਂ ਪਤਾ ਲਗਦਾ।

ਉਸ ਵੇਲੇ ਜਦੋਂ ਆਤਮਾ 'ਤੇ ਸਵਾਲ ਕੀਤਾ ਤਾਂ ਜਵਾਬ ਦਿੰਦਾ ਹੈ।

***ਨਾ ਮੈਂ ਆਦਮ ਹਵਾ ਦਾ ਜਾਇਆ***
***ਨਾ ਮੈਂ ਮੁਲਕ ਅਰਾਬੋਂ ਆਇਆ***
***ਨਾ ਪਾਣੀ ਨਾ ਪਉਣ ਬੁਲ੍ਹਿਆ***

***ਕਿਆ ਜਾਣਾ ਮੈਂ ਕੌਣ?***

ਕਹਿੰਦਾ, ਮੈਨੂੰ ਕੀ ਪਤਾ ਮੈਂ ਕੌਣ ਹਾਂ? ਆਹੀ ਤਾਂ ਮੈਂ ਪੁੱਛਣ ਆਇਆ ਹਾਂ ਮਹਾਂਪੁਰਸ਼ੋ, ਤੁਹਾਡੇ ਚਰਨਾਂ 'ਚ। ਉਸ ਵੇਲੇ ਬਾਬਾ ਜੀ ਵਿਸਮਾਦ ਦੀ ਅਵਸਥਾ 'ਚ ਚਲੇ ਗਏ। ਦੇਖਿਆ ਕਿ ਉਤਮ ਜਗਿਆਸੂ ਆ ਗਿਆ। ਉਸ ਵੇਲੇ ਕਹਿਣ ਲੱਗੇ ਕਿ ਪ੍ਰੇਮੀਆਂ! ਸੰਸਾਰ ਵਿੱਚ ਤਿੰਨ ਗੁਣ ਨੇ, ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਨ੍ਹਾਂ ਤਿੰਨਾਂ ਗੁਣਾਂ ਦੀ ਮਾਇਆ ਤੋਂ ਤੂੰ ਪਰ੍ਹੇ ਹੈਂ। ਤਿੰਨ ਸਰੀਰ ਨੇ ਸੂਖਸ਼ਮ, ਸਥੂਲ ਤੇ ਕਾਰਨ। ਇਹ ਤਿੰਨਾਂ ਸਰੀਰਾਂ ਤੋਂ ਪਰ੍ਹੇ, ਤਿੰਨ ਅਵਸਥਾ ਨੇ। ਜਾਗ੍ਰਤ, ਸੁਪਨ, ਸਖੋਪਤ। ਇਨ੍ਹਾਂ ਤਿੰਨਾਂ ਤੋਂ ਪਰ੍ਹੇ ਤੂੰ ਤੁਰੀਆ ਅਵਸਥਾ 'ਚ ਰਹਿਣ ਵਾਲਾ ਹੈਂ। ਪੰਜ ਕੋਸ਼ ਨੇ, ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯ ਕੋਸ਼। ਇਨ੍ਹਾਂ ਸਾਰਿਆਂ ਕੋਸ਼ਾਂ ਤੋਂ ਪਰ੍ਹੇ ਅੰਤਸ਼ਕਰਣ ਦਾ ਸਾਥੀ ਤੂੰ ਆਤਮਾ ਹੈਂ ਪ੍ਰੇਮੀਆਂ ਤੇ ਆਪਣੇ ਆਪ ਨੂੰ ਸਮਝ। ਇਸ ਤਰ੍ਹਾਂ ਦੇ ਨਾਲ ਜਵਾਬ ਦਿੰਦੇ ਨੇ –

***ਧਾਰਨਾ – ਜੋਤ ਸੂਰਪ ਹੈਂ, ਰੂਪ ਪਛਾਣ ਆਪਣਾ।***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***

***ਅੰਗ – 441***

ਕਹਿਣ ਲੱਗੇ ਤੂੰ ਸਾਖੀ ਹੈਂ ਸਰੀਰ ਨੂੰ ਦੇਖਣ ਵਾਲਾ। ਸਰੀਰ ਨਹੀਂ ਹੈਂ ਤੂੰ ਕਿਸੇ ਤਰ੍ਹਾਂ ਦੇ ਨਾਲ। ਸੂਖਸ਼ਮ ਸਰੀਰ, ਨਾ ਕਾਰਨ ਸਰੀਰ, ਨਾ ਸਥੂਲ ਸਰੀਰ। ਇੱਕੋ ਹੀ ਮਿੰਟ ਦੇ ਅੰਦਰ ਮਹਾਂਪੁਰਸ਼ਾਂ ਨੇ ਦ੍ਰਿਸ਼ਟੀ ਕੀਤੀ, ਮਾਇਆ 'ਚੋਂ ਕੱਢ ਕੇ ਬ੍ਰਹਮਗਿਆਨ ਦੇ ਵਿੱਚ ਪਚਾਅ ਕੇ ਜੀਵਨ ਮੁਕਤ ਕਰ ਦਿੱਤਾ। ਇਹ ਮਹਾਂਪੁਰਸ਼ਾਂ ਦੀਆਂ ਦੇਣਾ ਹੋਇਆ ਕਰਦੀਆਂ ਨੇ ਸਾਧਸੰਗਤ ਜੀ। ਕਮਾਈਆਂ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ।

ਇਸ ਤਰ੍ਹਾਂ ਦੇ ਨਾਲ ਆਪ ਇੱਕ ਦਿਨ ਬੈਠੇ ਕੀ ਦੇਖਦੇ ਨੇ ਲਾਹੌਰ ਤੋਂ ਫੌਜਾਂ ਚੜ੍ਹੀਆਂ ਆ ਰਹੀਆਂ ਨੇ। 75 ਹਜ਼ਾਰ ਅਤੇ ਇੱਕ ਲੱਖ ਦੇ ਦਰਮਿਆਨ ਫੌਜ ਚੜ੍ਹੀ ਆਉਂਦੀ ਹੈ। ਤੋਪਾਂ, 150 ਤੋਪ ਨਾਲ ਲਈ ਹੋਈ ਹੈ ਤੇ ਬਾਬਾ ਬੀਰ ਸਿੰਘ ਜੀ ਦੇ ਡੇਰੇ ਵਲ ਨੂੰ ਆ ਰਹੀਆਂ ਨੇ। ਬਾਬਾ ਜੀ ਉਥੋਂ ਉੱਠ ਖੜ੍ਹਦੇ ਨੇ, ਤੋਪਾਂ ਚਲਣੀਆਂ ਸ਼ੁਰੂ ਹੋ ਜਾਂਦੀਆਂ ਨੇ। ਤੋਪਾਂ ਦੇ ਨਾਲ ਬਾਬਾ ਜੀ ਦਾ ਸਰੀਰ ਪੁਰਜਾ-ਪੁਰਜਾ ਹੋ ਕੇ ਕੱਟ ਜਾਂਦਾ ਹੈ, ਉੱਡ ਜਾਂਦਾ ਹੈ। ਹੈਰਾਨ ਹੁੰਦੇ ਨੇ ਕਿ ਆਹ ਕੀ ਮੈਨੂੰ ਦ੍ਰਿਸ਼ ਦਿਸਿਆ ਅੱਜ। ਫੇਰ ਨੇਤਰ ਬੰਦ ਕਰਦੇ ਨੇ ਉਸ ਵੇਲੇ ਫੇਰ ਓਹੀ ਦ੍ਰਿਸ਼ ਸਾਮ੍ਹਣੇ ਆ ਗਿਆ। ਫੇਰ ਨੇਤਰ ਬੰਦ ਕਰੇ, ਫੇਰ ਆ ਗਿਆ। ਚਿੱਤ ਨਹੀਂ ਲੱਗ ਰਿਹਾ। ਉਸ ਵੇਲੇ ਦਿਨ ਚੜ੍ਹਿਆ, ਬਾਬਾ ਜੀ ਦੇ ਚਰਨਾਂ 'ਚ ਆ ਗਏ। ਨਮਸ਼ਕਾਰ ਕਰੀ ਬਾਬਾ ਬੀਰ ਸਿੰਘ ਜੀ ਨੂੰ। ਕਹਿਣ ਲੱਗੇ, ਮਹਾਰਾਜ! ਅੱਜ ਮੈਂ ਡਾਵਾਂਡੋਲ ਹੋਇਆ ਹਾਂ ਕ੍ਰਿਪਾ ਕਰਕੇ ਮੇਰਾ ਭਰਮ ਦੂਰ ਕਰੋ। ਕਹਿਣ ਲੱਗੇ, ਦੱਸੋ ਕੀ ਹੈ। ਕਹਿੰਦੇ ਬਾਬਾ ਜੀ! ਜਦੋਂ ਮੇਰੀ ਸੁਰਤੀ ਇਕਾਗਰਤਾ ਦੇ ਘਰ ਪਹੁੰਚੀ ਮੈਂ ਹੈਰਾਨ ਹੋ ਗਿਆ ਕਿ ਲਾਹੌਰ ਤੋਂ ਫੌਜਾਂ

ਚੜ੍ਹੀਆਂ ਆਉਂਦੀਆਂ ਨੇ, ਤੋਪਾਂ ਨਾਲ ਨੇ, ਬੇਅੰਤ ਘੋੜੇ ਨੇ ਤੇ ਤੁਹਾਡੇ ਨਾਲ ਵੀ ਬਹੁਤ ਸਾਰੇ ਸਿੰਘ ਨੇ ਤੁਸੀਂ ਚੁੱਪ ਕਰੇਂ ਬੈਠੇ ਓਂ। ਤੋਪਾਂ ਵਾਲੇ ਤੋਪਾਂ ਮਾਰੀ ਜਾਂਦੇ ਨੇ, ਤਲਵਾਰਾਂ ਵਾਲੇ ਤਲਵਾਰਾਂ ਮਾਰੀ ਜਾਂਦੇ ਨੇ। ਇਹ ਕੀ ਗੱਲ ਹੈ? ਬਾਬਾ ਜੀ ਕਹਿਣ ਲੱਗੇ, ਤੈਨੂੰ ਭਵਿੱਖਤ ਦਿਸ ਗਿਆ, ਇਹ ਭਾਣਾ ਸਾਡੇ ਨਾਲ ਵਰਤਣ ਵਾਲਾ ਹੀ ਹੈ ਥੋੜ੍ਹੇ ਦਿਨਾਂ 'ਚ। ਇਨ੍ਹਾਂ ਫੌਜਾਂ ਨੇ ਚੜ੍ਹਨਾ ਹੈ ਤੇ ਆ ਕੇ ਸਾਡੇ ਉਤੇ ਹੱਲਾ ਕਰਨਾ ਹੈ। ਕਹਿੰਦੇ, ਬਾਬਾ ਜੀ! ਮੈਂ ਤਾਂ ਸਹਿ ਨਹੀਂ ਸਕਣਾ। ਕਹਿੰਦੇ ਨਾ, ਐਸ ਵੇਲੇ ਸੰਤਾਂ ਦਾ ਇਮਤਿਹਾਨ ਹੈ ਇਹ ਕਸਵੱਟੀ ਹੈ ਇਹ। ਪਰਚਾ ਪਿਆ ਹੋਇਆ ਹੈ ਇਹਦੇ ਵਿੱਚ ਆਪਾਂ ਸਾਬਤ ਰਹਿਣਾ ਹੈ। ਕਹਿਣ ਲੱਗੇ, ਬਾਬਾ ਜੀ! ਉਹ ਵੈਰੀ ਨੇ ਵੈਰ ਕਰਦੇ ਨੇ। ਬਾਬਾ ਜੀ ਕਹਿੰਦੇ, ਤੁਹਾਨੂੰ ਭੁੱਲ ਗਿਆ ਗੁਰੂ ਨਾਨਕ ਦਾ ਉਪਦੇਸ਼ –

***ਧਾਰਨਾ – ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਵੈਰੀ-ਨਾ ਕੋਈ ਵੈਰੀ।***

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ – 1299***

ਕਹਿੰਦੇ ਖੁਦਾ ਸਿੰਘ! ਵੈਰੀ ਤਾਂ ਹੈ ਹੀ ਨਹੀਂ ਸੰਸਾਰ ਦੇ ਅੰਦਰ। ਆਪਣਾ ਹੀ ਆਤਮਾ ਸਾਰੇ ਪ੍ਰਕਾਸ਼ ਹੋ ਰਿਹਾ ਹੈ। ਸਾਰਿਆਂ ਰੂਪਾਂ ਦੇ ਅੰਦਰ। ਕੀਹਨੇ ਚੜ੍ਹ ਕੇ ਆਉਣਾ ਹੈ, ਕਿਸ 'ਤੇ ਚੜ੍ਹ ਕੇ ਆਉਣਾ ਹੈ ਤੇ ਖੇਲ੍ਹ ਹੋ ਰਹੀ ਹੈ। ਕਹਿੰਦਾ, ਬਾਬਾ ਜੀ! ਮੈਂ ਤੁਹਾਡੇ ਸਰੀਰ ਦੇ ਪੁਰਜੇ-ਪੁਰਜੇ ਉਡਦੇ ਦੇਖ ਨਹੀਂ ਸਕਦਾ। ਕਹਿੰਦੇ, ਚੰਗਾ ਤੂੰ ਚਲਿਆ ਜਾਹ ਯੂ.ਪੀ. 'ਚ। ਬਾਰਾਬੰਕੀ ਚਲਿਆ ਜਾਹ। ਓਧਰ ਜਾ ਕੇ ਪ੍ਰਚਾਰ ਕਰ। ਛੇਤੀ ਵਾਪਸ ਨਾ ਆਈਂ, ਭਾਣਾ ਵਰਤ ਲੈਣ ਦੇ, ਭਾਣਾ ਇਸੇ ਤਰ੍ਹਾਂ ਵਰਤਣਾ ਹੈ। ਫੌਜਾਂ ਆਉਂਦੀਆਂ ਨੇ ਚੜ੍ਹ ਕੇ, ਬਾਬਾ ਬੀਰ ਸਿੰਘ ਜੀ ਦੇ ਕੋਲ 26 ਹਜ਼ਾਰ ਸਿੰਘ ਇਕੱਠਾ ਹੋ ਜਾਂਦਾ ਹੈ। ਜਦੋਂ ਪਤਾ ਲੱਗਿਆ ਕਿ ਫੌਜਾਂ ਆ ਗਈਆਂ, ਬਾਬਾ ਜੀ ਕਹਿੰਦੇ, ਇੱਥੇ ਆਬਾਦੀਆਂ ਨੇ ਭਾਈ। ਇੱਥੇ ਪਰਜਾ ਦਾ ਨੁਕਸਾਨ ਹੋਏਗਾ। ਆਪਣਾ ਕੀ ਹੈ ਸਾਧਾਂ ਦਾ। ਚਲੋ ਬਿਆਸਾ ਦਰਿਆ ਦੇ ਕੰਢੇ ਬੈਠੀਏ। ਬਿਆਸਾ ਦਰਿਆ ਦੇ ਕੰਢੇ ਆ ਜਾਂਦੇ ਨੇ, ਫੌਜਾਂ ਦੂਸਰੇ ਦਿਨ ਆ ਕੇ ਡੇਰੇ ਨੂੰ ਘੇਰ ਲੈਂਦੀਆਂ ਨੇ ਤੇ ਇਧਰੋਂ ਇਜਾਜ਼ਤ ਮੰਗਦੇ ਨੇ ਕਿ ਬਾਬਾ ਜੀ ਇਜਾਜ਼ਤ ਦਿਓ ਸਾਨੂੰ ਤੇ ਯੁੱਧ ਕਰੀਏ ਅਸੀਂ। ਬਾਬਾ ਜੀ ਕਹਿੰਦਾ ਨਾ, ਕੀਹਨੂੰ ਮਾਰੋਂਗੇ, ਭਰਾਵਾਂ ਨੂੰ ਮਾਰੋਂਗੇ? ਨਾ ਯੁੱਧ ਨਹੀਂ ਆਪਾਂ ਨੇ ਕਰਨਾ। ਆਪਾਂ ਨੂੰ ਤਾਂ ਰੋਣ ਵਾਲਾ ਹੀ ਕੋਈ ਨਹੀਂ। ਇਨ੍ਹਾਂ ਦੇ ਬਾਲ-ਬੱਚੇ ਨੇ ਜਿਹਨੂੰ ਤੁਸੀਂ ਮਾਰੋਂਗੇ। ਇਹ ਵਿਚਾਰੇ ਹੁਕਮ ਦੇ ਬੰਨ੍ਹੇ ਹੋਏ ਲੜ ਰਹੇ ਨੇ। ਨਾ ਆਪਾਂ ਲੜਨਾ ਨਹੀਂ ਹੈ। ਕਹਿੰਦੇ ਯਾਦ ਰੱਖੋ ਗੁਰੂ ਨਾਨਕ ਦੇ ਅਸੂਲ, ਜਿਨ੍ਹਾਂ ਨੂੰ ਤੁਸੀਂ ਬੁਰੇ ਕਹਿੰਦੇ ਓਂ, ਬਾਣੀ ਕਹਿੰਦੀ ਹੈ ਕਿ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*

*ਅੰਗ - 1382*

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥*

*ਅੰਗ - 1378*

ਇਹ ਤਾਂ ਦਰਸ਼ਨਾਂ ਲਈ ਆਏ ਨੇ। ਅੱਗੇ ਦਰਸ਼ਨਾਂ ਵਾਲੇ ਆਉਂਦੇ ਨੇ, ਹੁਣ ਹੋਰ ਤਰ੍ਹਾਂ ਦੇ ਨਾਲ ਦਰਸ਼ਨ ਕਰਨ ਆਏ ਨੇ, ਆਏ ਤਾਂ ਭਾਈ ਦਰਸ਼ਨ ਕਰਨ ਹੀ ਨੇ। ਭਲਾ ਕਰਨਾ ਹੀ ਆਪਾਂ ਨੂੰ ਬਾਣੀ ਦਸਦੀ ਹੈ -

*ਧਾਰਨਾ - ਦਸਦੀ ਗੁਰਬਾਣੀ ਹੈ, ਬੁਰੇ ਦਾ ਭਲਾ ਕਰਨਾ।*

ਦੇਖਿਓ! ਇਸ ਤਰ੍ਹਾਂ ਨਹੀਂ ਕਰਨਾ, ਐਸ ਤਰ੍ਹਾਂ ਕਰੋ ਤੁਸੀਂ ਲੰਗਰ ਤਿਆਰ ਕਰੋ। ਮਹਿਮਾਨ ਆਏ ਨੇ ਆਪਣੇ, 75000 ਬੰਦਾ ਆਇਆ ਹੈ ਇਹ, ਬਾਕੀ ਜਿਹੜੇ 26000 'ਚੋਂ ਬਚਣਗੇ, ਆਪਣਿਆਂ ਨੇ ਵੀ ਪ੍ਰਸ਼ਾਦਾ ਛਕਣਾ ਹੀ ਹੋਇਆ ਨਾ। ਦੇਗੇ ਚਾੜ੍ਹੋ ਵੱਡੇ, ਕੜਾਹ ਪ੍ਰਸ਼ਾਦ ਦੀ ਅੱਜ ਤਿਆਰੀ ਕਰੋ। ਸਾਰੇ ਜਿੰਨੇ ਵੀ ਆਉਣਗੇ ਸਭ ਨੂੰ ਪ੍ਰਸ਼ਾਦ ਛਕਾਓ। ਪਹਿਲਾਂ ਉਨ੍ਹਾਂ ਨੂੰ ਛਕਾਉਣਾ ਹੈ ਪਿੱਛੋ ਛਕਣਾ ਹੈ ਤੁਸੀਂ। ਤੋਪਾਂ ਚੱਲ ਰਹੀਆਂ ਨੇ। ਬਾਬਾ ਜੀ ਦੇ ਗੋਡੇ ਤੇ ਆ ਕੇ ਲੱਗੀ, ਪੱਟ ਤੋੜ ਦਿੱਤਾ। ਬਾਂਹ 'ਚ ਲੱਗੀ। ਹੋਰ ਥਾਂ ਲੱਗੀ, ਬੜੇ ਹੀ ਜ਼ਖਮ ਹੋਏ-ਹੋਏ, ਖ਼ੂਨ ਚੱਲ ਰਿਹਾ ਹੈ, ਬਾਬਾ ਜੀ ਦੇ ਸਾਰੇ ਸਰੀਰ 'ਚੋਂ। ਜੋਧ ਸਿੰਘ, ਜਿਹੜਾ ਉਨ੍ਹਾਂ ਦਾ ਗੜਵਈ ਸੀ ਉਹ ਰੋਣ ਲੱਗ ਗਿਆ। ਕਹਿੰਦੇ, ਕੀ ਗੱਲ ਤੂੰ ਰੋਂਦਾ ਹੈਂ? ਕਹਿੰਦਾ, ਬਾਬਾ ਜੀ, ਤੁਹਾਡੇ ਸਰੀਰ 'ਚ ਐਨੇ ਜ਼ਖਮ ਹੋ ਗਏ, ਖ਼ੂਨ ਚੱਲ ਰਿਹਾ ਹੈ, ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਕਹਿੰਦੇ, ਤੂੰ ਮੈਨੂੰ ਹੁਣ ਤੱਕ ਸਰੀਰ ਹੀ ਸਮਝਦਾ ਰਿਹਾ, ਮੈਂ ਤਾਂ ਆਤਮਾ ਹਾਂ। ਜਿਵੇਂ ਤੂੰ ਦੇਖ ਰਿਹਾ ਹੈਂ, ਇਵੇਂ ਮੈਂ ਸਾਖੀ ਹੋ ਕੇ ਦੇਖ ਰਿਹਾ ਹਾਂ ਕਿ ਕੀ ਖੇਲ੍ਹ ਨਿਰੰਕਾਰ ਦਾ ਵਰਤ ਰਿਹਾ ਹੈ। ਕਹਿੰਦੇ, ਦੇਖੋ ਅਸੀਂ ਸਰੀਰ ਛੱਡ ਦੇਣਾ ਹੈ ਹੁਣ। ਭੁੱਲਿਓ ਨਾ ਸਾਡਾ ਬਚਨ ਜਦੋਂ ਫੌਜਾਂ ਆਉਣ ਹੱਥ ਬੰਨ੍ਹ ਕੇ ਕਹਿਓ ਉਨ੍ਹਾਂ ਨੂੰ ਕਿ ਪ੍ਰਸ਼ਾਦਾ ਛਕੋ। ਆਪ ਸਰੀਰ ਛੱਡ ਦਿੰਦੇ ਨੇ, ਫੌਜਾਂ ਆ ਜਾਂਦੀਆਂ ਨੇ ਤੇ ਫੌਜਾਂ ਨੂੰ ਆਇਆਂ ਨੂੰ ਪਹਿਲਾਂ ਜਿੰਨੇ ਕੁ ਬਚੇ ਫਤਹਿ ਬੁਲਾਉਂਦੇ ਨੇ ਤੇ ਨਾਲ ਕਹਿੰਦੇ ਨੇ ਕਿ ਗੁਰਮੁਖੋ ਪੰਗਤਾਂ ਲਾਓ ਪ੍ਰਸ਼ਾਦੇ ਛਕਾਈਏ ਤੁਹਾਨੂੰ। ਬਾਬਾ ਜੀ ਤਾਂ ਚੜ੍ਹਾਈ ਕਰ ਗਏ, ਸਚਖੰਡ ਚਲੇ ਗਏ। ਪ੍ਰਸ਼ਾਦ ਦੀਆਂ ਦੇਗਾਂ ਵਰਤਣੀਆਂ ਸ਼ੁਰੂ ਹੋ ਜਾਂਦੀਆਂ ਨੇ। ਉਸ ਵੇਲੇ ਨਾਲੇ ਤਾਂ ਪ੍ਰਸ਼ਾਦ ਛਕਦੇ ਨੇ, ਨਾਲੇ ਰੋਂਦੇ ਨੇ ਕਿ ਅਸੀਂ ਇੱਕ ਸਾਧੂ ਬਗੈਰ ਕਾਰਨ ਤੋਂ, ਹੁਕਮ ਦੇ ਵਿੱਚ ਬੰਨ੍ਹਿਆਂ ਹੋਇਆਂ ਨੇ, ਕਿੰਨਾ ਅਸੀਂ ਜ਼ੁਲਮ ਕਰਿਆ, ਅੰਦਰ ਪਛਤਾਵਾ ਆ ਗਿਆ ਸਾਧਸੰਗਤ ਦੇ।

ਸਾਧੂ ਜਾਂਦੇ ਵੀ ਭਲਾ ਕਰਦੇ ਨੇ, ਸੰਸਾਰ 'ਚ ਰਹਿੰਦੇ ਹੋਏ ਵੀ ਭਲਾ ਕਰਦੇ ਨੇ। ਐਸੀਆਂ ਸਾਖੀਆਂ ਮਹਾਂਪੁਰਸ਼ਾਂ ਦੀਆਂ ਨਿਆਰੀਆਂ ਹੁੰਦੀਆਂ ਨੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*

***ਤਿਨ ਕੀ ਕਥਾ ਨਿਰਾਰੀ ਰੇ।***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥***

***ਅੰਗ - 855***

ਨਿਆਰੀਆਂ ਕਥਾਵਾਂ ਸਾਨੂੰ ਰਸਤਾ ਦੱਸ ਰਹੀਆਂ ਨੇ। ਸਾਡੇ ਵਾਸਤੇ ਪੂਰਨੇ ਪਾ-ਪਾ ਕੇ ਮਹਾਂਪੁਰਸ਼ ਸੰਸਾਰ 'ਚ ਆ ਕੇ ਦੁੱਖ ਵੀ ਸਹਿੰਦੇ ਨੇ, ਬੜਾ ਕੁਛ ਕਰਦੇ ਨੇ ਤੇ ਸਾਨੂੰ ਦੱਸ ਕੇ ਚਲੇ ਜਾਂਦੇ ਨੇ ਕਿ ਜੀਵਨ ਜੀਉਣਾ ਹੈ ਤਾਂ ਐਸ ਤਰ੍ਹਾਂ ਜੀਓ। ਇੱਥੇ ਵੀ ਮਾਣ ਤੇ ਦਰਗਾਹ ਵਿੱਚ ਵੀ ਮਾਣ।

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥***

***ਅੰਗ - 26***

ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ।

(-------)

# 4

# ਸੰਤ ਰਾਮੁ ਹੈ ਏਕੋ

*ਸ਼ਾਨ........................................................ ।*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਏਕੋ ਕਹੀਐ ਨਾਨਕਾ, ਪਿਆਰੇ ਦੂਜਾ ਕਾਹੇ ਕੂ।*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*
*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਗੁਰੂ ਮਹਾਰਾਜ ਦੇ ਦਰਬਾਰ ਵਿੱਚ, ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਸਸ਼ੋਭਤ ਹੋਂ। ਮਹਾਰਾਜ ਨੇ ਕੋਈ ਗੱਲ ਸਾਡੇ ਤੋਂ ਛੁਪਾ ਕੇ ਨਹੀਂ ਰੱਖੀ ਹੋਈ, ਫੁਰਮਾਨ ਕਰਦੇ ਨੇ ਕਿ ਏਸ ਸੰਸਾਰ ਦੇ ਅੰਦਰ ਵਾਹਿਗੁਰੂ ਹੀ ਅਨੇਕ ਰੂਪਾਂ ਦੇ ਵਿੱਚ ਹੈ। ਅਨੇਕ ਰੰਗਾਂ 'ਚ, ਅਨੇਕ ਰੂਪਾਂ 'ਚ। ਇਹਦੇ ਉਤੇ ਪੂਰਨ ਤੌਰ 'ਤੇ ਵਿਸ਼ਵਾਸ਼ ਲੈ ਆਉਣਾ ਤੇ ਵਿਚੋਂ ਮੈਂ ਦਾ ਖਾਤਮਾ ਕਰ ਦੇਣਾ, ਇਹ ਅਨੁਭਵ ਸਦਾ ਜਾਗਦਾ ਰਹਿੰਦਾ ਹੈ। ਇਹਨੂੰ ਕਹਿੰਦੇ ਨੇ ਕਿ ਇਹਨੂੰ ਨਾਮ ਦੀ ਪ੍ਰਾਪਤੀ ਹੋ ਗਈ। ਇਹਦੇ ਹਿਰਦੇ ਵਿੱਚ ਨਾਮ ਵਸ ਗਿਆ। ਕਿਉਂਕਿ ਜੋ ਸਤਿ ਹੈ, ਸਤਿ

ਦੇ ਵਿਪਰੀਤ ਅਸਤਿ ਦੇ ਉਤੇ ਸਾਡਾ ਨਿਹਚਾ ਹੈ 100%, ਸਤਿ ਵਿੱਚ ਨਹੀਂ ਹੈ। ਜਦ ਤੱਕ ਜੀਵ ਦੇ ਏਸ ਭਰਮ ਦਾ ਨਾਸ਼ ਨਹੀਂ ਹੁੰਦਾ ਓਨਾਂ ਚਿਰ ਇਹ ਵਾਹਿਗੁਰੂ ਤੋਂ ਵਿਛੜਿਆ ਰਹਿੰਦਾ ਹੈ, ਵਾਹਿਗੁਰੂ ਨਾਲ ਜੁੜਦਾ ਨਹੀਂ ਹੈ। ਕੋਈ ਕਿਤਾਬ, ਕੋਈ ਅਕਲ ਪ੍ਰਮੇਸ਼ਰ ਨਾਲ ਮੇਲਣ ਨੂੰ ਸਮਰੱਥ ਨਹੀਂ ਹੁੰਦੀ, ਇਹ ਕ੍ਰਿਪਾ ਹੋਇਆ ਕਰਦੀ ਹੈ ਗੁਰੂ ਦੀ।

***ਧਾਰਨਾ - ਸੁਣਿਓ ਮੇਰੇ ਮੀਤਾ ਮਹਿਮਾ ਸਾਧੂਆਂ ਦੇ ਸੰਗ ਦੀ।***

***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥***
***ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ 1 ॥***
***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥***
***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥***

***ਅੰਗ - 809***

ਗੁਰੂ ਮਹਾਰਾਜ ਬੜੇ ਹੀ ਪਿਆਰ ਦੇ ਨਾਲ ਸਾਨੂੰ ਸਮਝਾਉਂਦੇ ਨੇ ਕਿ ਤੁਸੀਂ ਧਿਆਨ ਦੇ ਨਾਲ ਸਰਵਣ ਕਰੋ। ਜਿਹੜੇ ਅਭੇਦ ਪੁਰਸ਼ ਹੋਇਆ ਕਰਦੇ ਨੇ, ਵਾਹਿਗੁਰੂ ਦੀ ਦਰਗਾਹ ਵਿੱਚ ਪ੍ਰਵਾਨ ਹੋਇਆ ਕਰਦੇ ਨੇ। ਜਿਨ੍ਹਾਂ ਦੇ ਜ਼ੁੰਮੇ ਸੰਸਾਰ ਦੇ ਉਧਾਰ ਦਾ ਕੰਮ ਲਾਇਆ ਹੁੰਦਾ ਹੈ। ਆਪ ਮੁਕਤ ਹੁੰਦੇ ਨੇ ਦੂਸਰਿਆਂ ਨੂੰ ਤਾਰਦੇ ਨੇ, ਉਨ੍ਹਾਂ ਦੀ ਸੰਗਤ ਦੀ ਮਹਿਮਾ ਮਹਾਰਾਜ ਕਹਿੰਦੇ ਸੁਣੋ - *'ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥'* ਕਰੋੜਾਂ ਜਨਮਾਂ ਦੀ ਮੈਲ ਉਨ੍ਹਾਂ ਦੇ ਨਾਲ ਮਿਲ ਕੇ, ਉਨ੍ਹਾਂ ਦੇ ਬਚਨ ਨੂੰ ਕਮਾ ਕੇ ਦੂਰ ਹੋ ਜਾਇਆ ਕਰਦੀ ਹੈ ਤੇ ਚਿੱਤ ਨਿਰਮਲ ਹੋ ਜਾਂਦਾ ਹੈ। ਲੇਕਿਨ ਐਸੇ ਪੁਰਸ਼ ਜੋ ਹਨ ਜਿਨ੍ਹਾਂ ਦਾ ਜ਼ਿਕਰ ਬਾਰ-ਬਾਰ ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ ਤੇ ਜਿਨ੍ਹਾਂ ਦੇ ਬਾਰੇ ਇਹ ਫੁਰਮਾਨ ਕੀਤਾ ਹੈ। ਕਿ ਉਹ ਐਨੀ ਉੱਚੀ ਪਦਵੀ ਦੇ ਮਾਲਕ ਹੁੰਦੇ ਨੇ ਕਿ ਸੰਸਾਰ ਦੇ ਵਿੱਚ ਵੱਡੇ ਤੋਂ ਵੱਡਾ ਜੋ ਗ੍ਰੰਥ ਜਿਹਨੂੰ ਸ਼ਰੋਮਣੀ ਗ੍ਰੰਥ ਕਿਹਾ ਜਾਂਦਾ ਹੈ। ਉਹ ਆਰੀਆਂ ਸਭਿਅਤਾ ਦਾ ਵੇਦ ਹੈ, ਚਾਰ ਵੇਦ ਉਨ੍ਹਾਂ ਨੇ ਵੀ ਏਸ ਗੱਲ ਦੇ ਉਤੇ ਕੁਛ ਲਿਖਿਆ ਨਹੀਂ। ਕਿਉਂਕਿ ਉਨ੍ਹਾਂ ਨੂੰ ਵੀ ਮਹਿਮਾ ਦਾ ਪਤਾ ਨਹੀਂ ਹੈ। ਐਸਾ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਧਾਰਨਾ - ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ।***

***ਸਾਧ ਕੀ ਮਹਿਮਾ ਬੇਦ ਨ ਜਾਨਹਿ ॥***
***ਜੇਤਾ ਸੁਨਹਿ ਤੇਤਾ ਬਖਿਆਨਹਿ ॥***
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥***
***ਸਾਧ ਕੀ ਉਪਮਾ ਰਹੀ ਭਰਪੂਰਿ ॥***
***ਸਾਧ ਕੀ ਸੋਭਾ ਕਾ ਨਾਹੀ ਅੰਤ ॥***
***ਸਾਧ ਕੀ ਸੋਭਾ ਸਦਾ ਬੇਅੰਤ ॥*** ***ਅੰਗ- 272***

ਐਸਾ ਗੁਰਬਾਣੀ ਦੇ ਅੰਦਰ ਸਿਧਾਂਤ ਦੱਸਿਆ ਗਿਆ ਹੈ ਕਿ ਸੰਸਾਰ ਦੇ ਅੰਦਰ ਕੁਛ ਸਰੀਰ ਐਸੇ ਵੀ ਆ ਜਾਂਦੇ ਨੇ ਜਿਨ੍ਹਾਂ ਦਾ ਜਸ ਕੋਈ ਜਾਣ ਨਹੀਂ ਸਕਦਾ, ਮਹਿਮਾ ਨੂੰ ਨਹੀਂ ਜਾਣ ਸਕਦੇ, ਵੇਦ ਜੋ ਹਨ ਉਹ ਤਿੰਨਾਂ ਗੁਣਾਂ 'ਚ ਹੋਣ ਕਰਕੇ ਰਜੋ ਗੁਣ, ਤਮੋ ਗੁਣ, ਸਤੋ ਗੁਣ -

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥*
***ਅੰਗ - 920***

ਉਹ ਤੱਤ ਦੀ ਸਾਰ ਨਹੀਂ ਜਾਣਦੇ। ਕਿਉਂਕਿ ਉਹ ਤਿੰਨਾਂ ਗੁਣਾਂ 'ਚ ਹੈ। ਸੰਤਾਂ ਦੀ ਮਹਿਮਾ ਤਿੰਨਾਂ ਗੁਣਾਂ ਤੋਂ ਉਪਰ, ਤੁਰੀਆ ਪਦ ਵਿੱਚ ਹੋਇਆ ਕਰਦੀ ਹੈ। ਜਿਹਦੇ ਬਾਰੇ ਨਾ ਲਿਖਿਆ ਜਾਂਦਾ ਹੈ। ਨਾ ਬੋਲਿਆ ਜਾ ਸਕਦਾ ਹੈ, ਨਾ ਦੱਸਿਆ ਜਾ ਸਕਦਾ ਹੈ, ਬਾਹਰਲੀਆਂ-ਬਾਹਰਲੀਆਂ ਗੱਲਾਂ ਤਾਂ ਅਸੀਂ ਦੱਸ ਸਕਦੇ ਹਾਂ, ਅੰਦਰਲੀਆਂ ਨਹੀਂ ਦੱਸ ਸਕਦੇ। ਕਿਉਂਕਿ ਉਹ ਗੱਲਾਂ ਹੋਰ ਨੇ ਲਿਖਤ ਪੜਤ ਵਿੱਚ ਨਹੀਂ ਆਉਂਦੀਆਂ।

ਇੱਕ ਰਾਜੇ ਨੇ ਇਹ ਵਖਿਆਨ ਸੁਣਿਆ ਕਿ ਸੰਤ ਜੀ! ਮੈਂ ਤਾਂ ਵੇਦਾਂ ਨੂੰ ਈਸ਼ਵਰੀ ਬਾਣੀ ਗਿਣਦਾ ਹਾਂ। ਉਹਨੂੰ ਵੀ ਨਹੀਂ ਪਤਾ ਸੰਤਾਂ ਦਾ ਤੇ ਮੈਨੂੰ ਇਹ ਲਗਦਾ ਹੈ ਕਿ ਇਹ ਗੱਲ ਗਲਤ ਹੈ। ਸੰਤ ਕਹਿਣ ਲੱਗੇ, ਜੋ ਤੱਤ ਬੇਤੇ ਮਹਾਂਪੁਰਸ਼ਾਂ ਦੀ ਬਾਣੀ ਹੁੰਦੀ ਹੈ ਉਹ ਆਪ ਨਹੀਂ ਬੋਲਿਆ ਕਰਦੇ, ਉਹ ਦਰਗਾਹ ਦੇ ਵਿਚੋਂ ਆਪਣੇ ਆਪ ਰਿਲੇਅ ਹੋਇਆ ਕਰਦੀ ਹੈ। ਅਕਾਲ ਪੁਰਖ ਦੀ ਬਾਣੀ ਕਦੇ ਗਲਤ ਨਹੀਂ ਹੋ ਸਕਦੀ।

ਚੰਗਾ! ਤੈਨੂੰ ਅਸੀਂ ਹੁਣ ਕੀ ਸਮਝਾਉਣਾ ਹੈ, ਤੈਨੂੰ ਤੇਰਾ ਪੁੱਤਰ ਸਮਝਾਵੇਂਗਾ। ਕਹਿੰਦਾ ਸੰਤ ਜੀ ਬਾਤ ਸੁਣੋ, ਜੋਤਿਸ਼ ਦਾ ਜੋ ਗ੍ਰੰਥ ਹੈ ਵੇਦ ਨੇ approve ਕਰਿਆ ਹੋਇਆ। ਉਹਦੇ ਮੁਤਾਬਿਕ ਮੇਰੇ ਪੁੱਤਰ ਹੋਣਾ ਨਹੀਂ ਹੈ। ਮੈਂ ਬੜੇ ਯਤਨ ਕੀਤੇ ਨੇ ਕੋਈ ਤਰੀਕਾ ਨਹੀਂ। ਕਿ ਮੇਰੇ ਉਲਾਦ ਹੋ ਜਾਵੇ। ਜੋਤਸ਼ੀਆਂ ਨੇ ਮੇਰੇ ਪਿਛਲੇ ਜਨਮ ਦੇ ਸਾਰੇ ਹਾਲ ਦਸ ਦਿੱਤੇ, ਅਗਲੇ ਦੇ ਦੱਸ ਦਿੱਤੇ, ਅਗਲੇ ਦੇ ਦੱਸ ਦਿੱਤੇ ਤੇ ਉਨ੍ਹਾਂ ਨੇ ਦੱਸਿਆ ਕਿ ਕੋਈ ਕਰਮ ਮੇਰੇ ਤੋਂ ਐਸਾ ਹੋ ਗਿਆ ਕਿ ਮੈਨੂੰ ਪੁੱਤਰ ਦੀ ਓਲਾਦ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਣਾ। ਕਿਉਂਕਿ ਆਦਮੀ ਨੂੰ ਤਾਂ ਪਤਾ ਨਹੀਂ ਕਿ ਉਹ ਕੀ ਕਰਮ ਕਰਕੇ ਸੰਸਾਰ 'ਤੇ ਆਉਂਦਾ ਹੈ। ਫੇਰ ਤਰਲੇ ਮਾਰਦਾ ਹੈ, ਜਦੋਂ ਸੰਤ ਹਾਕਾਂ ਮਾਰ-ਮਾਰ ਕੇ ਕਹਿੰਦੇ ਨੇ, ਉਸ ਵੇਲੇ ਉਹ ਬੋਲਾ ਹੋ ਜਾਂਦਾ ਹੈ, ਸੁਣਦਾ ਹੀ ਨਹੀਂ ਹੈ। ਨਾ ਕੋਈ ਬਚਨ ਸੁਣਦਾ ਹੈ, ਤਰਕ ਤੇ ਤਰਕ ਕਰਦਾ ਤੁਰਿਆ ਜਾਂਦਾ ਹੈ। ਕਿਉਂਕਿ ਬੁੱਧੀ ਹੋਣ ਕਰਕੇ, ਪੂਰੀ ਗੱਲ ਨੂੰ ਨਾ ਸਮਝਣ ਕਰਕੇ, ਤਰਕਾਂ 'ਚ ਪੈਂਦਾ ਹੈ। ਕਹਿਣ ਲੱਗਿਆ, ਮੇਰੇ ਤਾਂ ਓਲਾਦ ਹੀ ਨਹੀਂ ਹੋਣੀ ਦੱਸੇਗਾ ਕੌਣ। ਕਹਿੰਦੇ ਕੋਈ ਨਾ, ਇਹੀ ਗੱਲ ਦੱਸਣੀ ਹੈ ਤੈਨੂੰ। ਓਲਾਦ ਹੋ ਗਈ ਉਸਦੇ। ਜੋਤਸ਼ੀ ਬੁਲਾਏ ਕਹਿਣ ਲੱਗੇ, ਇਸ ਦੀ ਉਮਰ ਜੋ ਹੈ ਉਹ ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ, ਗਿਆਰ੍ਹਾਂ ਦਿਨ ਦੀ ਹੈ। ਰਾਜੇ ਨੇ ਇਹ ਗੱਲ ਕਹੀ ਕਿ ਮੈਨੂੰ ਮੋਹ ਹੋ ਜਾਏਗਾ, ਪੁੱਤਰ ਚੜ੍ਹਾਈ ਕਰ ਜਾਏਗਾ, ਮੈਂ ਦੁੱਖੀ ਬਹੁਤ ਹੋਵਾਂਗਾ, ਇਸ ਕਰਕੇ ਚੰਗਾ ਹੋਵੇ ਕਿ ਇਹਦੀ ਪਾਲਣਾ 11-12 ਸਾਲ ਮੇਰੇ ਤੋਂ ਦੂਰ ਹੋਵੇ, ਉਸਨੇ ਜੰਗਲ ਦੇ ਵਿੱਚ ਬਹੁਤ ਆਲੀਸ਼ਾਨ ਮਹਿਲ ਬਣਾਇਆ ਹੋਇਆ ਸੀ। ਉਥੇ ਸਾਰਾ ਇੰਤਜ਼ਾਮ ਕਰ ਦਿੱਤਾ। ਇੰਤਜ਼ਾਮ ਕਰਨ ਤੋਂ ਬਾਅਦ ਉਥੇ ਰਹਿਣਾ ਸ਼ੁਰੂ ਕਰ ਦਿੱਤਾ, ਪੜ੍ਹਾਈ ਲਿਖਾਈ ਉਹਦੀ ਸ਼ੁਰੂ ਕਰ ਦਿੱਤੀ ਤੇ ਜਿਸ ਵਕਤ ਸਮਾਂ ਆਇਆ, ਉਹਦੇ ਨਾਲ ਉਹਦੀ ਪਾਲਣਾ ਵਾਸਤੇ ਜੋ

ਲਾਏ ਗਏ ਸੀ, ਬੀਬੀ ਲਾਈ ਗਈ ਸੀ। ਉਹ ਇੱਕ ਦਿਨ ਰੋਣ ਲੱਗੀ। ਕਹਿਣ ਲੱਗੇ ਕਿ ਮਾਤਾ! ਤੂੰ ਰੋਂਦੀ ਕਿਉਂ ਹੈਂ। ਕਹਿਣ ਲੱਗੀ ਕਿ ਬੇਟਾ! ਤੈਨੂੰ ਨਹੀਂ ਪਤਾ, ਤੇਰੀ ਉਮਰ ਖਤਮ ਹੋ ਜਾਣੀ ਹੈ, ਥੋੜ੍ਹੇ ਦਿਨ ਰਹਿੰਦੀ ਹੈ।

ਕਹਿਣ ਲੱਗਿਆ, ਕੋਈ ਤਰੀਕਾ ਹੈ ਦੁਨੀਆਂ ਦੇ ਅੰਦਰ ਕਿ ਮੈਨੂੰ ਉਮਰ ਮਿਲ ਜਾਵੇ?

ਉਹ ਕਹਿਣ ਲੱਗੀ, ਬੇਟਾ! ਹੋਰ ਤਾਂ ਕੋਈ ਤਰੀਕਾ ਨਹੀਂ, ਕੋਈ ਪੂਰਨ ਮਹਾਂਪੁਰਸ਼ ਮਿਲ ਜਾਵੇ। ਉਨ੍ਹਾਂ ਦੀ ਆਪਣੀ ਮੌਜ ਹੁੰਦੀ ਹੈ। ਉਹ ਉਮਰ ਘਟਾ ਵੀ ਸਕਦੇ ਨੇ ਵਧਾ ਵੀ ਸਕਦੇ ਨੇ, ਉਨ੍ਹਾਂ ਕੋਲ veto power ਹੋਇਆ ਕਰਦੀ ਹੈ। ਕਿਉਂਕਿ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ ਬਾਣੀ ਦੇ ਅੰਦਰ ਆਉਂਦਾ ਹੈ ਕਿ –

***ਦਾਸ ਅਨਿੰਨ ਮੇਰੋ ਨਿਜ ਰੂਪ ॥*** ***ਅੰਗ – 1252***

ਜਿਹੜੇ ਮੇਰੇ ਦਾਸ ਨੇ, ਉਨ੍ਹਾਂ ਨੂੰ ਮੇਰੇ ਤੋਂ ਵੱਖਰਾ ਨਾ ਸਮਝੋ, ਮੇਰਾ ਹੀ ਰੂਪ ਨੇ। ਮੇਰੀ ਜੋ ਮਰਿਆਦਾ ਬੰਨ੍ਹੀ ਹੋਈ ਹੈ, ਉਹਨੂੰ ਉਹ ਬਦਲਣ ਵਾਸਤੇ ਸਮਰੱਥ ਹੋਇਆ ਕਰਦੇ ਨੇ –

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ – 1252***

ਕੋਈ ਪੂਰਨ ਮਹਾਂਪੁਰਸ਼ ਮਿਲ ਜਾਵੇ, ਹੋ ਸਕਦਾ ਹੈ ਫੇਰ ਤੈਨੂੰ ਅਸੀਸ ਦੇ ਦੇਵੇ। ਉਸ ਵੇਲੇ ਮਹਾਂਪੁਰਸ਼ਾਂ ਦਾ ਪਤਾ ਕੱਢਣਾ ਸ਼ੁਰੂ ਕੀਤਾ। ਕਿ ਕੋਈ ਪੂਰਨ ਮਹਾਂਪੁਰਸ਼ ਮਿਲ ਜਾਣ ਕਿਉਂਕਿ ਮਹਾਂਪੁਰਸ਼ ਕੋਈ ਇਸ਼ਤਿਹਾਰ ਨਹੀਂ ਕੱਢਦੇ ਹੁੰਦੇ ਕਿ ਮੈਂ ਸੰਤ ਹਾਂ। ਨਾ ਉਨ੍ਹਾਂ ਦਾ ਕੋਈ ਏਜੰਟ ਹੋਇਆ ਕਰਦਾ ਹੈ ਉਹ ਸਹਿਜ ਸੁਭਾਅ ਦੁਨੀਆਂ ਦੇ ਅੰਦਰ ਰਹਿੰਦੇ ਨੇ। ਲੇਕਿਨ ਉਨ੍ਹਾਂ ਦੀ ਦ੍ਰਿਸ਼ਟੀ 'ਚ ਫਰਕ ਹੋਇਆ ਕਰਦਾ ਹੈ। ਖਾਂਦੇ-ਪੀਂਦੇ ਓਵੇਂ ਹੀ ਨੇ, ਰਹਿੰਦੇ ਵੀ ਓਵੇਂ ਹੀ ਨੇ, ਵਿਚੇ ਰਹਿੰਦੇ ਨੇ, ਲੇਕਿਨ ਉਨ੍ਹਾਂ ਦੀ ਜੋ ਦ੍ਰਿਸ਼ਟੀ ਹੈ ਉਹਦੇ 'ਚ ਫਰਕ ਹੋਇਆ ਕਰਦਾ ਹੈ, ਸੰਸਾਰ ਨਾਲੋਂ ਵੱਖਰਾ। ਸੋ ਭੇਤ ਨਹੀਂ ਲਗਦਾ –

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥***
***ਅੰਗ – 1384***

ਕਿਸੇ ਨੂੰ ਨਹੀਂ ਪਤਾ ਲਗਦਾ, ਕਿਸੇ ਵਿਰਲੇ-ਵਿਰਲੇ ਨੂੰ ਸੋਝੀ ਆਉਂਦੀ ਹੈ। ਉਸ ਵੇਲੇ ਰਾਜੇ ਕੋਲ ਵੀ ਖਬਰ ਕੀਤੀ ਗਈ ਕਿ ਮਹਾਰਾਜ ਦਿਨ ਥੋੜ੍ਹੇ ਰਹਿ ਗਏ ਉਸ ਬੱਚੇ ਦੇ ਤੇ ਕਿਸੇ ਸਾਧੂ ਮਹਾਂਪੁਰਸ਼ ਦੀ ਸ਼ਰਨ ਵਿ'ਚ ਜਾਣਾ ਚਾਹੁੰਦਾ ਹੈ ਕੀ ਆਗਿਆ ਹੈ? ਰਾਜਾ ਕਹਿਣ ਲੱਗਿਆ, ਮੈਂ ਵੀ ਨਾ ਚੱਲਾਂਗਾ ਤੇ ਸੰਤਾਂ ਦਾ ਮੈਨੂੰ ਪਤਾ ਹੈ। ਉਸ ਥਾਂ ਤੇ ਜਾ ਕੇ ਰਾਜਾ ਪਹੁੰਚਦਾ ਹੈ। ਉਥੇ ਜਾ ਕੇ ਨਮਸ਼ਕਾਰ ਕਰੀ। ਰਾਜੇ ਨੇ ਆਪਣੀ ਵਿਥਿਆ ਦੱਸੀ ਕਿ ਮਹਾਰਾਜ! ਮੈਂ ਇਹ ਬਚਨ ਸੁਣਿਆ ਸੀ ਕਿ –

***ਸਾਧ ਕੀ ਮਹਿਮਾ ਬੇਦ ਨ ਜਾਨਹਿ ॥***
***ਜੇਤਾ ਸੁਨਹਿ ਤੇਤਾ ਬਖਿਆਨਹਿ ॥*** ***ਅੰਗ - 272***

ਮੈਨੂੰ ਤਰਕ ਹੋਈ ਏਸ ਗੱਲ ਦੇ ਉਤੇ, ਕਿ ਉਹ ਬੰਦਾ ਹੀ ਹੈ, ਬੰਦੇ ਦੀ ਮਹਿਮਾ ਕੌਣ ਨਹੀਂ ਜਾਣਦਾ। ਵੇਦ ਈਸ਼ਵਰੀ ਬਾਣੀ ਹੈ ਤੇ ਇਹ ਕੋਈ ਤਰਕ ਕੀਤੀ ਗਈ ਹੈ, ਸਤਿ 'ਤੇ ਆਧਾਰਤ ਨਹੀਂ ਇਹ ਬਚਨ ਹੈ। ਮੈਨੂੰ ਸ਼ੰਕਾ ਹੋ ਗਿਆ, ਮਹਾਂਪੁਰਸ਼ਾਂ ਨੇ ਕਿਹਾ ਕਿ ਚੱਲ ਅਸੀਂ ਤਾਂ ਤੈਨੂੰ ਦਸਦੇ ਤੇ ਉਨ੍ਹਾਂ ਨੇ ਕਿਹਾ ਕਿ ਤੇਰਾ ਪੁੱਤਰ ਦੱਸੇਗਾ। ਪੁੱਤਰ ਤੇਰੇ ਹੋਣਾ ਨਹੀਂ ਸੀ ਤੇ ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ, ਗਿਆਰ੍ਹਾਂ ਦਿਨ ਦੀ ਉਮਰ ਬਖਸ਼ੀ ਉਸਨੂੰ। ਤੇ ਹੁਣ ਤੁਹਾਡੀ ਸ਼ਰਨ ਵਿੱਚ ਆਏ ਹਾਂ। ਉਹ ਕਹਿਣ ਲੱਗੇ, ਰਾਜਨ! ਤੈਨੂੰ ਵਿਸ਼ਵਾਸ਼ ਤਾਂ ਜਦੇ ਹੋ ਜਾਣਾ ਚਾਹੀਦਾ ਸੀ। ਸੰਤਾਂ ਦੀ ਮਹਿਮਾ ਦਾ, ਜਦੋਂ ਜੋਤਸ਼ ਵਿਦਿਆ ਤੋਂ ਉਪਰ ਦੀ ਹੋ ਕੇ ਉਹ ਵਰਤੇ। ਪੁੱਤਰ ਤੇਰੇ ਹੋਣਾ ਨਹੀਂ ਸੀ ਤੇ ਹੋ ਗਿਆ। ਚੰਗਾ, ਜੇ ਤੈਨੂੰ ਵਿਸ਼ਵਾਸ਼ ਨਹੀਂ ਆਇਆ ਤਾਂ ਅਸੀਂ ਸੌ ਸਾਲ ਦੀ ਉਮਰ ਇਹਨੂੰ ਹੋਰ ਦੇ ਦਿੰਦੇ ਹਾਂ। ਹੁਣ ਇਹ ਇਕ ਸੌ ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ, ਗਿਆਰ੍ਹਾਂ ਦਿਨ ਦਾ ਹੋ ਕੇ ਚੜ੍ਹਾਈ ਕਰੇਗਾ। ਜਾਹ ਆਹੀ ਮਹਿਮਾ ਹੈ ਸਾਧੂਆਂ ਦੀ। ਬਦਲ ਦਿੰਦੇ ਨੇ ਪ੍ਰਮੇਸ਼ਰ ਦਾ ਲਿਖਿਆ ਹੋਇਆ ਬਦਲ ਦਿੰਦੇ ਨੇ। ਜਿਨ੍ਹਾਂ ਮਹਾਂਪੁਰਸ਼ਾਂ ਨੇ ਇੱਥੇ ਬੁਨਿਆਦ ਰੱਖੀ ਹੈ, ਬਾਬਾ ਜਵਾਲਾ ਸਿੰਘ ਜੀ ਤੋਂ ਬਾਅਦ ਸੰਤ ਮਹਿੰਦਰ ਸਿੰਘ ਆਉਂਦੇ ਰਹੇ। ਇਹ ਸੰਪਰਦਾ ਜੋ ਹੈ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਚਲਦੀ ਹੈ। ਗੁਰੂ ਮਹਾਰਾਜ ਨੇ ਪੰਜ ਪਿਆਰਿਆਂ ਨੂੰ ਨਾਮ ਦੀ ਦਾਤ ਦਾ ਤੇ ਬ੍ਰਹਮ ਦੀ ਦਾਤ ਦਾ, ਭੰਡਾਰਾ ਬਖਸ਼ ਕੇ ਹੁਕਮ ਕੀਤਾ ਸੀ ਕਿ ਅੱਗੇ ਇਸ ਨੂੰ ਤੋਰੋ। ਉਸ ਵੇਲੇ ਪੰਜ ਪਿਆਰਿਆਂ ਵਿਚੋਂ ਤਿੰਨ ਤਾਂ ਸ਼ਹੀਦ ਹੋ ਗਏ ਚਮਕੌਰ ਸਾਹਿਬ, ਭਾਈ ਧਰਮ ਸਿੰਘ ਜੀ ਤੇ ਭਾਈ ਦਇਆ ਸਿੰਘ ਜੀ ਸਾਹਿਬ, ਇਹ ਦੋ ਮਹਾਰਾਜ ਦੇ ਨਾਲ ਹਜ਼ੂਰ ਸਾਹਿਬ ਨੂੰ ਗਏ ਤੇ ਭਾਈ ਦਇਆ ਸਿੰਘ ਜੀ ਨੇ ਦੇਖ ਆਪਣਾ ਸਾਰਾ ਕਿ ਮੁੜ ਕੇ ਅਸੀਂ ਪੰਜਾਬ 'ਚ ਨਹੀਂ ਆਉਣਾ। ਉਸ ਵੇਲੇ ਬਾਬਾ ਸੋਭਾ ਸਿੰਘ ਜੀ ਸੋਢੀ ਜੋ ਗੁਰੂ ਮਹਾਰਾਜ ਦੇ ਭਾਈਚਾਰੇ 'ਚੋਂ ਸਨ। ਉਹ ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਆਏ, ਕਹਿਣ ਲੱਗੇ, ਮਹਾਰਾਜ! ਮੇਰੇ 'ਤੇ ਆਪ ਕ੍ਰਿਪਾ ਕਰੋ। ਮੈਨੂੰ ਨਾਮ ਦੀ ਦਾਤ ਦੇਵੋ। ਅੰਮ੍ਰਿਤ ਦੀ ਦਾਤ ਦੇਵੋ। ਕਿਉਂਕਿ ਤਿੰਨ ਅੰਮ੍ਰਿਤ ਗੁਰੂ ਘਰ 'ਚ ਮੰਨੇ ਗਏ ਨੇ। ਪਹਿਲਾ ਹੈ ਜਨਮ ਅੰਮ੍ਰਿਤ, ਬੱਚਾ ਪੈਦਾ ਹੁੰਦਾ ਹੈ ਕੋਈ ਸ਼ੁਭ ਕਰਨੀ ਕਮਾਈ ਵਾਲਾ ਪੁਰਸ਼ ਉਹਨੂੰ 'ਜਪੁਜੀ ਸਾਹਿਬ' ਦੀਆਂ ਪੰਜ ਪਉੜੀਆਂ ਜਾਂ ਪੂਰਾ 'ਜਪੁਜੀ ਸਾਹਿਬ' ਜਿਵੇਂ ਉਹਦੀ ਰੁਚੀ ਹੈ ਉਸੇ ਤਰ੍ਹਾਂ ਦੇ ਨਾਲ ਪੜ੍ਹ ਕੇ ਕ੍ਰਿਪਾਨ ਭੇਟ ਕਰਕੇ ਉਹ ਅੰਮ੍ਰਿਤ ਜਲ ਛਕਾ ਦਿੰਦੇ ਨੇ। ਉਸ ਵੇਲੇ ਤੋਂ ਹੀ ਉਸਦਾ ਜੋ ਸੰਸਕਾਰ ਹੈ ਉਹ ਗੁਰੂ ਘਰ ਨਾਲ ਜੁੜ ਜਾਇਆ ਕਰਦਾ ਹੈ। ਕਿਉਂਕਿ ਇਸ ਤੋਂ ਪਹਿਲਾਂ ਬੜੀਆਂ ਕੁਰੀਤੀਆਂ ਸੀ। ਗਊ ਦਾ ਪਿਸ਼ਾਬ ਪਿਲਾਇਆ ਕਰਦੇ ਸੀ। ਬੱਚੇ ਦੇ ਪੇਟ ਵਿੱਚ ਐਲਰਜੀ ਹੋ ਜਾਏ, ਹੋਰ ਕੁਛ ਹੋ ਜਾਏ; ਐਸੀਆਂ ਗੱਲਾਂ ਸੀ ਗੁਰੂ ਮਹਾਰਾਜ ਨੇ ਇਹਨੂੰ ਬਦਲ ਕੇ ਜਨਮ ਅੰਮ੍ਰਿਤ ਸੰਸਕਾਰ ਦਾ ਅੰਮ੍ਰਿਤ ਬਣਾ

ਦਿੱਤਾ। ਦੂਸਰਾ ਅੰਮ੍ਰਿਤ ਹੈ ਜਿਸ ਵਕਤ ਇਸਨੂੰ ਸੋਝੀ ਹੋ ਜਾਵੇ ਕਿ ਮਾਨਸ ਜਨਮ ਪ੍ਰਾਪਤ ਕੀਤਾ ਹੈ ਤੇ ਮੈਂ ਵਾਹਿਗੁਰੂ ਦੀ ਪ੍ਰਾਪਤੀ ਕਰਨੀ ਹੈ ਤੇ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਜੋ ਮੈਨੂੰ ਚਾਬੀ ਮਿਲਣੀ ਹੈ ਉਹ ਗੁਰੂ ਦੇ ਕੋਲ ਹੈ ਕਿਉਂਕਿ ਤਾਲਾ ਲੱਗਿਆ ਹੋਇਆ ਹੈ ਸਾਡੇ ਅੰਦਰ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

***ਅੰਗ – 205***

ਸਤਿਗੁਰੂ ਦੀ ਸ਼ਰਨ ਤੋਂ ਬਗੈਰ ਉਹ ਚਾਬੀ ਨਹੀਂ ਮਿਲਿਆ ਕਰਦੀ, ਬਾਕੀ ਜਿੰਨੇ ਜੀਅ ਕਰਦਾ ਹੈ ਯਤਨ ਕਰ ਲਓ। ਉਹ ਚਾਬੀ ਨੂੰ ਸ਼ਬਦ ਕਹਿੰਦੇ ਨੇ, ਮੰਤਰ ਕਹਿੰਦੇ ਨੇ। ਜਿਹਨੂੰ ਪ੍ਰਾਪਤ ਨਹੀਂ ਨਾ ਹੋਇਆ ਮੰਤਰ ਗੁਰੂ ਦਾ, ਮਹਾਰਾਜ ਕਹਿੰਦੇ, ਉਹਦਾ ਜਨਮ ਭ੍ਰਿਸ਼ਟਿਆ ਹੋਇਆ ਤੇ ਧਿਰਕਾਰਯੋਗ ਹੈ।

***ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ – 1356***

ਕੁੱਤਿਆਂ ਬਿੱਲਿਆਂ ਦੀ ਪਦਵੀ ਨਾਲ ਸਬੰਧ ਰੱਖਦਾ ਹੈ ਉਹ। ਤੀਸਰਾ ਜੋ ਹੋਇਆ ਕਰਦਾ ਹੈ ਉਹ ਉਸ ਮੰਤਰ ਨੂੰ ਲੈਣ ਵਾਸਤੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਲੈਣੀ ਪੈਂਦੀ ਹੈ। ਪਹਿਲੇ ਜ਼ਮਾਨਿਆਂ 'ਚ ਚਰਨਾਂਮ੍ਰਿਤ ਹੋਇਆ ਕਰਦਾ ਸੀ। ਲੇਕਿਨ ਗੁਰੂ ਮਹਾਰਾਜ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੇ ਵਿੱਚ ਤਬਦੀਲ ਕਰਕੇ ਪੰਜ ਪਿਆਰਿਆਂ ਨੂੰ ਉਹ ਸ਼ਕਤੀ ਬਖਸ਼ ਦਿੱਤੀ ਕਿ ਤੁਸੀਂ ਗੁਰੂ ਦੀ ਥਾਂ ਹੋ ਕੇ ਗੁਰੂ ਦੇ ਤਾਬੇ ਇਕੱਲੇ ਪੰਜ ਸਿੰਘ ਨਹੀਂ ਨਾਮ ਦੇ ਸਕਦੇ। ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੂਰੀ ਵਿਧੀ ਨਾਲ ਸਾਵਧਾਨ ਹੋ ਕੇ ਆਤਮ ਸਮਰਪਣ ਕਰਕੇ ਅਰਦਾਸ ਕਰਕੇ ਬੇਨਤੀ ਨਹੀਂ ਕਰਦੇ ਕਿ ਸੱਚੇ ਪਾਤਸ਼ਾਹ! ਹੁਣ ਆਹ ਸਰੀਰ ਤੇਰੀ ਚਰਨ ਸ਼ਰਨ ਆ ਗਏ, ਤੁਸੀਂ ਹੁਣ ਇਹਦੇ ਵਿੱਚ ਵਰਤੋ, ਆਪਣੇ ਬਿਰਦ ਬਾਣੇ ਦੀ ਆਪ ਲਾਜ ਰੱਖੋ। ਉਸ ਵੇਲੇ ਉਨ੍ਹਾਂ ਦੀ ਹਉਮੈ ਦਾ ਅਭਾਵ ਹੋ ਜਾਂਦਾ ਹੈ, ਉਨ੍ਹਾਂ ਦੇ ਸਰੀਰ ਵਿੱਚ ਗੁਰੂ ਵਰਤਦਾ ਹੈ, ਉਹ ਫੇਰ ਉਨ੍ਹਾਂ ਤੋਂ ਨਾਮ ਦੀ ਪ੍ਰਾਪਤੀ ਹੋਇਆ ਕਰਦੀ ਹੈ ਇਹਨੂੰ ਨਾਮ ਅੰਮ੍ਰਿਤ ਆਖਿਆ ਕਰਦੇ ਨੇ।

ਤੀਸਰਾ ਅੰਮ੍ਰਿਤ ਹੁੰਦਾ ਹੈ ਉਹ ਵਿਰਲੇ-ਵਿਰਲੇ ਦੇ ਭਾਗਾਂ 'ਚ ਆਉਂਦਾ ਹੈ ਸਾਰਿਆ ਦੇ ਨਹੀਂ ਆਉਂਦਾ ਕਿਉਂਕਿ ਅਸੀਂ ਇਸ ਤੋਂ ਅਗਾਹਾਂ ਲੰਘਣਾ ਨਹੀਂ ਚਾਹੁੰਦੇ। ਇੱਥੇ ਹੀ ਖੜ੍ਹ ਗਏ ਅਸੀਂ। ਉਹ ਹੋਇਆ ਕਰਦਾ ਹੈ ਕਿ ਗੁਰੂ ਮਹਾਰਾਜ ਪਰਖ ਕੇ ਆਪ ਉਸ ਅੰਮ੍ਰਿਤ ਦੀ ਦਾਤ ਦਿੰਦੇ ਸੀ। ਲੇਕਿਨ ਕੋਈ ਵਿਰਲਾ ਹਜ਼ਾਰਾਂ 'ਚੋਂ ਇੱਕ ਅਧਿਕਾਰੀ ਹੁੰਦਾ।

ਸ਼ਕਤੀ ਹੈ ਉਹ ਪੰਜਾਂ ਨੂੰ ਦੇ ਦਿੱਤੀ ਹੈ ਤੁਸੀਂ ਭਾਈ ਦਇਆ ਸਿੰਘ ਜੀ ਦੇ ਪਾਸ ਜਾਓ। ਉਨ੍ਹਾਂ ਕੋਲ ਝੋਲੀ ਅੱਡੋ, ਉਹ ਤੁਹਾਡੀ ਝੋਲੀ

ਦੇ ਵਿੱਚ ਦੋਵੇਂ ਦਾਤਾਂ ਪਾ ਦੇਣਗੇ। ਨਾਮ ਅੰਮ੍ਰਿਤ ਵੀ ਦੇ ਦੇਣਗੇ ਤੇ ਬ੍ਰਹਮਗਿਆਨ ਅੰਮ੍ਰਿਤ ਸਮੇਂ ਨਾਮ ਆਪ ਨੂੰ ਬਖਸ਼ਿਸ਼ ਹੋ ਜਾਏਗਾ।

ਬਾਬਾ ਸੋਭਾ ਸਿੰਘ ਜੀ ਸੋਢੀ ਨੇ ਅੰਮ੍ਰਿਤ ਛਕਣ ਤੋਂ ਬਾਅਦ ਬਹੁਤ ਬੰਦਗੀ ਕਰੀ। ਦੇਹ ਅਧਿਆਸ ਨੂੰ ਮਿਟਾ ਲਿਆ, ਹਉਮੈ ਦਾ ਨਾਸ਼ ਕਰ ਦਿੱਤਾ। ਜਦੋਂ ਭਾਈ ਦਇਆ ਸਿੰਘ ਜੀ ਨੇ ਦੇਖਿਆ ਕਿ ਇਹ ਪੂਰਨ ਹੈ ਉਸ ਵੇਲੇ ਬ੍ਰਹਮਗਿਆਨ ਦੀਆਂ ਚਾਬੀਆਂ ਜਿਸਨੂੰ ਆਖਦੇ ਨੇ ਉਹ ਬਾਬਾ ਸੋਭਾ ਸਿੰਘ ਜੀ ਨੂੰ ਫੜਾ ਦਿੱਤੀਆਂ ਕਿ ਹੁਣ ਤੁਸੀਂ ਇਹ ਅਗਾਹਾਂ ਵਰਤਾ ਦਿਓ।

ਆਪ ਦੱਖਣ ਵਿੱਚ ਜਾ ਕੇ ਸਰੀਰ ਛੱਡ ਗਏ। ਉਸ ਵੇਲੇ ਇੱਕ ਬਹੁਤ ਵੱਡੇ ਮਹਾਂਪੁਰਸ਼ ਪੰਜਾਬ ਵਿੱਚ ਆਏ ਜਿਨ੍ਹਾਂ ਦੀ ਭਵਿੱਖ ਬਾਣੀ ਗੁਰੂ ਦਸ਼ਮੇਸ਼ ਪਿਤਾ ਨੇ ਬਾਬਾ ਕਲਾਧਾਰੀ ਨਾਲ ਕੀਤੀ ਸੀ। ਉਹਨੇ ਕਿਹਾ ਸੀ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਦੀ ਵੰਸ ਵਿੱਚ ਬੜੀ ਦੇਰ ਤੋਂ ਉਹ ਜੋਤ ਵਾਪਸ ਨਹੀਂ ਆਈ ਜਿਸਨੂੰ ਗੁਰੂ ਜੋਤ ਕਹਿੰਦੇ ਨੇ, ਸੋਢੀਆਂ ਦੇ ਘਰ ਵਿੱਚ ਆ ਰਹੀ ਹੈ ਬਾਰ-ਬਾਰ। ਗੁਰੂ ਨਾਨਕ ਦੇ ਘਰ ਨਹੀਂ ਆਈ, ਨੌਂ ਜਾਮੇ ਬਦਲੇ ਜਾ ਚੁੱਕੇ ਨੇ, ਬਾਅਦ ਵਿੱਚ ਤੇ ਹੁਣ ਤੁਸੀਂ ਕ੍ਰਿਪਾ ਕਰੋ ਬੇਦੀਆਂ ਦੀ ਕੁਲ ਨੂੰ ਭਾਗ ਲਾਓ। ਮਹਾਰਾਜ ਕਹਿਣ ਲੱਗੇ, ਬਾਬਾ ਅਲ਼ਖਧਾਰੀ ਜੀ ਅਸੀਂ ਹੁਣ ਦੇਹਧਾਰੀ ਗੁਰੂ ਦੀ ਜੋ ਪਰਪਾਟੀ ਹੈ ਉਹ ਸਮੇਂ ਦੇ ਹਿਸਾਬ ਨਾਲ ਬੰਦ ਕਰ ਦੇਣੀ ਹੈ ਤੇ ਅਸੀਂ ਸ਼ਬਦ ਨੂੰ ਗੁਰੂ ਦੀ ਪਦਵੀ ਦੇ ਦੇਣੀ ਇਸ ਕਰਕੇ ਗੁਰੂ ਜੋਤ ਕਿਸੇ ਮਨੁੱਖ ਦੇ ਸਰੀਰ 'ਚ ਨਹੀਂ ਆਉਣੀ ਇਹ ਗੁਰੂ ਗ੍ਰੰਥ ਸਾਹਿਬ 'ਚ ਰਹਿਣੀ ਹੈ। ਜੁਗਤ ਅਸੀਂ ਖਾਲਸੇ ਨੂੰ ਦੇ ਦੇਣੀ ਹੈ। ਇਸ ਕਰਕੇ ਤੁਹਾਡਾ ਜਿਹੜਾ ਵਿਚਾਰ ਹੈ ਪੂਰਨ ਪੁਰਸ਼ ਜਮਾਂਦਰੂ ਸਿੱਖ ਤੁਹਾਡੇ ਘਰ ਭੇਜਾਂਗੇ ਉਹ ਬਾਬਾ ਸਾਹਿਬ ਸਿੰਘ ਜੀ ਹੋਣਗੇ। ਜਿਨ੍ਹਾਂ ਦੇ ਕੁੱਤਿਆਂ ਵਿੱਚ ਵੀ ਸ਼ਕਤੀਆਂ ਸੀ। ਸਿੱਖ ਰਾਜ ਦੇ ਅੰਦਰ ਸਿੱਖੀ ਨੂੰ ਸੰਭਾਲਿਆ, ਬੇਅੰਤ ਸਿੱਖੀ ਦਾ ਪਰਸਾਰ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਬਾਬਾ ਜੀ ਨੇ ਇਹੀ ਭੰਡਾਰਾ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦੇ ਹਵਾਲੇ ਕਰਕੇ ਬਾਬਾ ਬੀਰ ਸਿੰਘ ਨੂੰ ਬਖਸ਼ਿਆ, ਨੌਰੰਗਾਬਾਦ ਵਾਲਿਆਂ ਨੂੰ। ਉਨ੍ਹਾਂ ਨੇ ਆਪਣੇ ਜੀਵਨ ਦੇ ਅੰਦਰ ਬੇਅੰਤ ਸਿ'ਖੀ ਦਾ ਪ੍ਰਚਾਰ ਕਰਿਆ। ਤੇਰ੍ਹਾਂ ਹਜ਼ਾਰ ਬੰਦਾ ਉਨ੍ਹਾਂ ਕੋਲ ਹਰ ਵਕਤ ਰਹਿੰਦਾ ਹੁੰਦਾ। ਤੇਰ੍ਹਾਂ-ਚੌਦਾਂ ਹਜ਼ਾਰ ਯਾਤਰੂ ਰਿਹਾ ਕਰਦਾ ਸੀ। ਲੰਗਰ ਐਡਾ ਵੱਡਾ ਸੀ, ਦੇਗੇ ਐਨੈ ਵੱਡੇ ਸੀ ਕਿ ਚਾਰ ਬੰਦੇ ਵਿੱਚ ਬੈਠ ਕੇ ਉਹਦੀ ਸਫਾਈ ਕਰਿਆ ਕਰਦੇ ਸੀ, ਪਉੜੀ ਲਾ ਕੇ ਚੜ੍ਹਿਆ ਕਰਦੇ ਸੀ। ਸੈਂਕੜੇ ਮਣ ਅੰਨ੍ਹ ਰੋਜ਼ ਪੱਕਦਾ ਸੀ, ਸੈਂਕੜੈ ਮਣ ਦਾਲੇ ਰੋਜ਼ ਬਣਦੇ ਸੀ। ਉਹ ਆਪਸ ਵਿੱਚ ਸਿੱਖਾਂ ਦੀ ਫੁੱਟ ਨੇ ਕਿਉਂਕਿ ਸਿੰਘਾਂ ਵਿੱਚ ਦੋ ਵਰਗ ਹੋ ਗਏ ਉਸੇ ਵੇਲੇ। ਦਰਅਸਲ ਤਾਂ ਇਹ ਜਿਸ ਵਕਤ ਮਿਸਲਾਂ ਨੇ ਰਾਜ ਲੈ ਲਿਆ, ਰਾਜਸੀ ਸ਼ਕਤੀ ਆਈ, ਰਾਜਸੀ ਸ਼ਕਤੀ ਇੱਕ ਮਧ ਹੁੰਦਾ ਹੈ, ਨਸ਼ਾ ਹੁੰਦਾ ਹੈ ਉਹ ਨਸ਼ੇ ਦੇ ਅਧੀਨ ਹੋ ਗਏ ਸਾਰੇ, ਸਾਧੂ ਸੰਤ ਵੱਖਰੇ ਹੋ ਗਏ ਤੇ ਰਾਜ ਦੀ ਲਾਲਸਾ ਵਾਲੇ ਨਸ਼ੇ ਦੇ ਅਧੀਨ ਹੋ ਕੇ ਰਾਜ ਮੱਧ

ਵਿੱਚ ਆ ਕੇ ਆਪਸ ਵਿੱਚ ਲੜਨ ਲੱਗ ਗਏ। ਉਨ੍ਹਾਂ ਨੇ ਇੱਕ ਦੂਜੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਰਣਜੀਤ ਸਿੰਘ ਦਾ ਰਾਜ ਆ ਗਿਆ, ਰਣਜੀਤ ਸਿੰਘ ਨੇ ਕੋਈ ਤਕਰੀਬਨ 39 ਸਾਲ, ਬਹੁਤ ਸੋਹਣਾ ਰਾਜ ਕਰਿਆ, ਉਸ ਤੋਂ ਬਾਅਦ ਸਿੰਘਾਂ ਦਾ ਚਰਿੱਤਰ ਜਿਹੜਾ ਸੀ ਏਸ ਸਮੇਂ ਦੇ ਅੰਦਰ ਉਹ ਨਾ ਰਿਹਾ ਜੋ ਸਿੰਘਾਂ ਦਾ ਹੋਣਾ ਚਾਹੀਦਾ ਸੀ। ਇਹਦੇ ਬਾਰੇ ਜਿਹੜੇ ਉਸ ਵੇਲੇ ਦੇ ਸਮਕਾਲੀ ਨੇ ਲਿਖਦੇ ਨੇ ਬਰੀਫਨ ਨੇ ਲਿਖਿਆ ਹੈ ਕਿ ਮੈਂ ਸਿੰਘਾਂ ਦੇ ਦਰਬਾਰ ਵਿੱਚ ਚਲਿਆ ਗਿਆ ਕਿਉਂਕਿ political ajent (ਸਿਆਸੀ ਕਰਿੰਦਾ) ਸੀ ਮੈਂ ਡਾਇਰੀ ਸੀ ਮੈਂ ਡਾਇਰੀ ਦੇਣੀ ਸੀ ਇਨ੍ਹਾਂ ਦੀ, ਇਨ੍ਹਾਂ ਨੇ ਬਸੰਤੀ ਦਰਬਾਰ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਸੁਰਾਈਆਂ ਆ ਗਈਆਂ ਸਰਦਾਰਾਂ ਕੋਲ ਸਾਰਿਆਂ ਕੋਲ, ਤਿੰਨ ਵਜੇ ਤੱਕ ਇਨ੍ਹਾਂ ਨੇ ਸੁਰਾਈਆਂ ਮੁਕਾ ਲਈਆਂ। ਸਾਡੇ ਗੋਰਿਆਂ ਕੋਲ ਵੀ ਆ ਗਈਆਂ, ਲੇਕਿਨ ਅਸੀਂ ਐਨੀ ਪੀਣ ਦੇ ਆਦੀ ਨਹੀਂ ਸੀ, ਅਸੀਂ ਬੇਹੋਸ਼ ਹੋ ਗਏ ਸਾਰੇ ਗੋਰੇ। ਕੋਈ ਸੋਫਿਆਂ 'ਤੇ ਪਿਆ ਹੈ, ਕੋਈ ਭੁੰਜੇ ਗਿਰ ਕੇ ਪੈ ਗਿਆ। ਲੇਕਿਨ ਸਰਦਾਰ ਜਿਹੜੇ ਨੇ ਉਹ ਉਵੇਂ ਜਿਵੇਂ ਕਾਇਮ ਬੈਠੇ ਨੇ। ਮੈਂ ਕਿਉਂਕਿ ਏਜੰਟ ਸੀ ਇਸ ਕਰਕੇ ਮੈਂ ਨਹੀਂ ਪੀਤੀ। ਮੈਂ ਦੇਖਦਾ ਰਿਹਾ, ਹੈਰਾਨ ਹੋ ਗਿਆ ਕਿ ਤਿੰਨ ਵਜੇ ਇੱਕ-ਇੱਕ ਸੁਰਾਹੀ ਇਨ੍ਹਾਂ ਨੂੰ ਹੋਰ ਆ ਗਈ। ਜੋ ਅੱਠ ਵਜੇ ਮੁੱਕੀ ਸਵੇਰ ਦੇ। ਕੋਈ ਅੰਮ੍ਰਿਤ ਵੇਲਾ ਨਹੀਂ ਕੁਛ ਨਹੀਂ ਹੈ। ਉਹ ਐਨਾ ਪਤਨ ਹੋ ਗਿਆ ਉਹਨੇ remarks ਦਿੱਤੇ ਨੇ ਕਿ ਸਿੱਖ ਦਰਬਾਰ ਐਨੀ ਸ਼ਰਾਬ ਪੀਂਦਾ ਹੈ ਇਹ ਪਿਆਲੇ ਦੇ ਵਿੱਚ ਡੁੱਬ ਗਿਆ ਤੇ ਜਿੰਨਾਂ ਲੁਈਜ਼ 16ਵਾਂ ਬਾਦਸ਼ਾਹ ਫਰਾਂਸ ਦਾ ਉਹਦੇ ਦਰਬਾਰ 'ਚ ਜਿੰਨੀ ਸ਼ਰਾਬ ਪੀਤੀ ਜਾਂਦੀ ਸੀ, ਓਨੀ ਸ਼ਰਾਬ ਸਿੱਖ ਦਰਬਾਰ 'ਚ ਪੀਂਦੇ ਨੇ।

ਹਾਲ ਇਹ ਸੀ ਰੂਹਾਨੀ ਤੌਰ 'ਤੇ ਕਿ ਮਹਾਰਾਜਾ ਰਣਜੀਤ ਸਿੰਘ ਜੀ ਬਟਾਲੇ ਗਏ, ਉਥੇ ਬਾਬਾ ਠਾਕੁਰ ਜੀ, ਜੋ ਬਹੁਤ ਵੱਡੇ ਮਹਾਤਮਾ ਸੀ ਉਸ ਵੇਲੇ ਦੇ। ਬਾਬਾ ਬਸਾਖਾ ਸਿੰਘ ਜੀ ਦੀ ਸੰਪਰਦਾ ਉਪਰਲੇ ਪਾਸੇ ਮਹਾਤਮਾ ਸੀ ਉਹ। ਉਨ੍ਹਾਂ ਨੂੰ ਮਹਾਰਾਜ ਰਣਜੀਤ ਸਿੰਘ ਜੀ ਨੇ ਦਾਨ ਦੇਣਾ ਚਾਹਿਆ। ਉਹ ਕਹਿੰਦੇ ਬਈ ਪ੍ਰੇਮੀਆਂ! ਅਸੀਂ ਤਾਂ ਦਾਨ ਸਿਰਫ ਉਸ ਤੋਂ ਲੈਂਦੇ ਹਾਂ ਜਿਹਦੇ ਜਪੁਜੀ ਸਾਹਿਬ ਯਾਦ ਹੋਵੇ। ਉਹਦਾ ਭਲਾ ਕਰਦੇ ਹਾਂ, ਬਾਕੀ ਨਹੀਂ ਅਸੀਂ ਕਿਸੇ ਦਾ ਲੈਂਦੇ। ਮਹਾਰਾਜਾ ਰਣਜੀਤ ਸਿੰਘ ਤੇਰ੍ਹਾਂ ਦਿਨ ਰਿਹਾ, ਤੇਰ੍ਹਾਂ ਦਿਨਾਂ 'ਚ ਮੂਲਮੰਤਰ ਯਾਦ ਹੋਇਆ ਉਹਦੇ। ਬੜੀ ਸਿਫਾਰਸ਼ ਕੀਤੀ ਸਾਰਿਆਂ ਨੇ ਕਿ ਮਹਾਰਾਜ! ਰੁਝੇਵਾਂ ਐਨਾ ਹੈ, ਐਨਾ ਦਿਮਾਗ ਰੁਝਿਆ ਹੋਇਆ ਹੈ, ਬਾਣੀ ਯਾਦ ਨਹੀਂ ਕਰ ਸਕਦਾ ਹਾਲਾਂਕਿ ਰੋਜ਼ ਅੱਧਾ ਘੰਟਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਿਆ ਕਰਦਾ ਸੀ। ਉਹ ਬਾਬਾ ਜੀ ਨੇ ਬਖਸ਼ਿਸ਼ ਕਰੀ, ਕਹਿਣ ਲੱਗੇ ਚੰਗਾ ਮੂਲਮੰਤਰ ਦਾ ਪਾਠ ਫੇਰ ਕਰੀਂ ਜਾਈਂ। ਅਸੀਂ ਤੇਰਾ ਦਾਨ ਲੈ ਲੈਂਦੇ ਹਾਂ ਇਹ ਬੇਨਤੀ ਮੈਂ ਤਾਂ ਕਰਦਾ ਹਾਂ ਕਿ ਸਿੱਖਾਂ ਦਾ ਪਤਨ ਐਨਾ ਜ਼ਬਰਦਸਤ ਹੋ ਗਿਆ ਸੀ ਕਿ ਕਹਿਣ ਨੂੰ ਤਾਂ ਉਹ ਸਿੱਖ ਰਾਜ ਸੀ। ਪਰ ਉਹ ਕੁਛ ਵੀ

ਨਹੀਂ ਸੀਗਾ। ਇਸ ਤਰ੍ਹਾਂ ਦਾ ਜੋ ਰਣਜੀਤ ਸਿੰਘ ਤੋਂ ਬਾਅਦ ਇਨ੍ਹਾਂ ਨੇ ਡੋਗਰਿਆਂ ਦਾ ਖਾਤਮਾ ਹੋ ਗਿਆ ਤੇ ਹੀਰਾ ਸਿੰਘ ਨੇ 75000 ਫੌਜ ਚੜ੍ਹਾ ਕੇ ਬਾਬਾ ਬੀਰ ਸਿੰਘ ਜੀ ਨੂੰ ਤੋਪ ਦੇ ਗੋਲਿਆਂ ਨਾਲ ਉਡਾ ਦਿੱਤਾ। ਦੂਜੇ ਪਾਸੇ ਸਾਧੂ ਕਿਹੋ ਜਿਹੇ ਨੇ, ਬਿਆਸਾਂ ਦਰਿਆ ਦੇ ਕੰਢੇ ਬੈਠੇ ਨੇ ਨੌਰੰਗਾਬਾਦ ਛੱਡ ਆਏ, ਕਹਿਣ ਲੱਗੇ, 26 ਹਜ਼ਾਰ ਸ਼ਸਤਰਧਾਰੀ ਸਿੰਘ ਨਾਲ ਹੈ, ਕਹਿਣ ਲੱਗੇ, ਮਹਾਰਾਜ! ਹੁਕਮ ਕੀ ਹੈ? ਮਹਾਰਾਜ ਕਹਿੰਦੇ, ਹੁਕਮ ਇਹ ਹੈ ਕਿ ਕੀਰਤਨ ਸਰਵਣ ਕਰੋ ਤੇ ਲੰਗਰ ਤਿਆਰ ਕਰੋ। ਸੈਂਕੜੇ ਪੀਪੇ ਦੇਸੀ ਘਿਓ ਦੇ ਪ੍ਰਸ਼ਾਦ ਬਣਾਓ ਤੇ ਪੂਰਨ ਤੌਰ ਤੇ ਲੰਗਰ ਬਣਾਓ। ਲਾਹੌਰ ਵਾਲੀ ਫੌਜ ਨੇ ਭੁੱਖੀ ਆਉਣਾ ਹੈ। ਗੁਰੂ ਕੇ ਘਰ ਆ ਕੇ, ਸਾਧੂ ਦੇ ਘਰ ਆ ਕੇ ਕੋਈ ਭੁੱਖਾ ਮੁੜ ਗਿਆ ਤਾਂ ਬੜੀ ਮਾੜੀ ਗੱਲ ਹੈ –

***ਦੇਗ ਤੇਗ ਜਗ ਮਹਿ ਦੋਊ ਚਲੈ।***

ਇਹ ਦੇਗ ਚਲਾਉਣ ਦਾ ਮੌਕਾ ਆ ਗਿਆ ਤੇ ਤੁਸੀਂ ਲੰਗਰ ਤਿਆਰ ਕਰੋ। ਲੰਗਰ ਦੀ ਤਿਆਰੀ ਹੋ ਗਈ। ਗੋਲੇ ਚੱਲਣੇ ਸ਼ੁਰੂ ਹੋ ਗਏ, ਬਾਬਾ ਜੀ ਦੇ ਸਰੀਰ 'ਤੇ 80 ਜ਼ਖਮ ਹੋ ਗਏ। ਪੱਟ ਉਡ ਗਿਆ, ਇਕ ਬਾਂਹ ਦੇ ਵਿੱਚ ਬਾਰ੍ਹਾਂ ਗੋਲੀਆਂ ਦੂਜੀ 'ਚ 18 ਲੱਗੀਆਂ, ਛਾਤੀ 'ਚ ਲੱਗੀਆਂ, ਪੇਟ 'ਚ ਲੱਗੀਆਂ, ਕੋਈ ਥਾਂ ਐਸਾ ਨਹੀਂ ਸੀ ਜਿਥੋਂ ਖੂਨ ਨਹੀਂ ਸੀ ਜਾਂਦਾ। ਇਹ ਦੇਖ ਕੇ ਉਨ੍ਹਾਂ ਦੇ ਅਰਦਲੀ ਜੋਧ ਸਿੰਘ ਜੀ ਸੀ ਉਹ ਰੋਣ ਲੱਗ ਗਏ। ਬਾਬਾ ਜੀ ਕਹਿਣ ਲੱਗੇ, ਜੋਧ ਸਿੰਘਾ! ਤੂੰ ਕਿਉਂ ਰੋਂਦਾ ਹੈ, ਮਹਾਰਾਜ! ਮੇਰੇ ਤੋਂ ਦੇਖਿਆ ਨਹੀਂ ਜਾਂਦਾ, ਤੁਹਾਡੇ ਕਿੰਨੇ ਜ਼ਖਮ ਲੱਗੇ ਹੋਏ ਨੇ। ਕਹਿੰਦੇ, ਜੋਧ ਸਿੰਆਂ! ਤੂੰ ਸਾਰੀ ਜ਼ਿੰਦਗੀ ਮੇਰੇ ਨਾਲ ਰਿਹਾ ਹੈਂ, ਤੈਨੂੰ ਪਛਾਣ ਨਾ ਆਈ ਮੈਂ ਕੌਣ ਹਾਂ। ਮੇਰੇ ਤੱਕ ਤਾਂ ਨਾ ਗੋਲੀ ਪਹੁੰਚ ਸਕਦੀ ਹੈ, ਨਾ ਤੋਪ ਪਹੁੰਚ ਸਕਦੀ ਹੈ, ਮੈਂ ਤਾਂ ਅਸੰਗ ਹਾਂ ਜਿਵੇਂ ਤੂੰ ਦੇਖ ਰਿਹਾ ਹੈਂ ਇਵੇਂ ਜਿਵੇਂ ਮੈਂ ਦੇਖ ਰਿਹਾ ਹਾਂ। ਹੁਣ ਇਹ ਜ਼ਰਜਰੀ ਹੋ ਗਿਆ, ਸਰੀਰ ਰਹਿਣ ਦੇ ਕਾਬਿਲ ਨਹੀਂ ਰਿਹਾ। ਹੁਣ ਅਸੀਂ ਥੋੜ੍ਹੀ ਦੇਰ ਨੂੰ ਛੱਡ ਜਾਣਾ ਹੈ ਤੇ ਐਸ ਤਰ੍ਹਾਂ ਕਰਿਓ ਜਦੋਂ ਉਹ ਫੌਜਾਂ ਆਉਣਗੀਆਂ, ਉਨ੍ਹਾਂ ਦਾ ਆਦਰ ਸਤਿਕਾਰ ਕਰਿਓ ਤੇ ਲੰਗਰ ਦੀਆਂ ਪੰਗਤਾਂ ਪਹਿਲਾਂ ਲਵਾਇਓ ਤੇ ਸਾਨੂੰ ਜਲ ਪ੍ਰਵਾਹ ਕਰ ਦਿਓ, ਐਸੇ ਤਰ੍ਹਾਂ ਪਲੰਘੇ 'ਤੇ ਬੈਠਿਆਂ ਨੂੰ। ਉਨ੍ਹਾਂ ਮਹਾਂਪੁਰਸ਼ਾਂ ਨੂੰ ਸਿੱਖ ਰਾਜ ਨੇ ਇਸ ਤਰ੍ਹਾਂ ਦੇ ਨਾਲ ਸ਼ਹੀਦ ਕੀਤਾ ਉਨ੍ਹਾਂ ਨੇ ਫੇਰ ਹੁਕਮ ਕੀਤਾ, ਬਾਬਾ ਮਹਾਰਾਜ ਸਿੰਘ ਜੀ ਨੂੰ ਜਿਨ੍ਹਾਂ ਦਾ ਅਸਲੀ ਨਾਉਂ ਨਿਹਾਲ ਸਿੰਘ ਸੀ। ਬਈ ਤੁਸੀਂ ਸੰਭਾਲੋ ਵਾਗਡੋਰ ਖਾਲਸੇ ਦੀ, ਖਾਲਸੇ ਨੇ ਹਾਰ ਜਾਣਾ ਹੈ, ਬੇਦਿਲ ਹੋ ਜਾਣਾ ਹੈ। ਚਰਿੱਤਰ ਇਨ੍ਹਾਂ ਦਾ ਜਾ ਚੁੱਕਿਆ ਹੈ, ਲੇਕਿਨ ਜਿਹੜੇ ਕਾਇਮ ਨੇ ਅਜੇ ਉਨ੍ਹਾਂ ਨੂੰ ਸੰਭਾਲੋ ਤੁਸੀਂ। ਉਸ ਤੋਂ ਬਾਅਦ 1848 ਵਿੱਚ ਚੇਲਿਆਂ ਵਾਲੀ ਲੜਾਈ ਹੁੰਦੀ ਹੈ ਤੇ ਬਾਬਾ ਮਹਾਰਾਜ ਸਿੰਘ ਜੀ ਉਸ ਥਾਂ ਦੇ ਵਿੱਚ ਹਾਜ਼ਰ ਨੇ ਜਦੋਂ ਸ਼ੇਰ ਸਿੰਘ ਅਟਾਰੀ ਵਾਲੇ ਨੇ ਹਥਿਆਰ ਸੁੱਟੇ ਰੋ-ਰੋ ਕੇ ਸ੍ਰੀ ਸਾਹਿਬ ਗੋਰੇ ਦੇ ਪੈਰਾਂ 'ਤੇ, ਬੂਟਾਂ 'ਤੇ ਸੁੱਟੀ ਜਾਂਦਾ ਹੈਂ, ਤੇ ਬਾਬਾ ਜੀ ਕਹਿਣ ਲੱਗੇ ਕਿ ਗੁਰੂ ਦਸ਼ਮੇਸ਼ ਪਿਤਾ ਦੀ ਬਖਸ਼ੀ ਹੋਈ ਸ੍ਰੀ ਸਾਹਿਬ ਇਹ ਗੋਰੇ ਦੇ ਪੈਰਾਂ

'ਤੇ ਨਾ ਰੱਖ। ਉਸੇ ਵੇਲੇ ਇੱਕ ਘੋੜਾ ਬਾਬਾ ਮਹਾਰਾਜ ਸਿੰਘ ਜੀ ਦੀ ਨਿਗ੍ਹਾ 'ਚ ਆ ਗਿਆ, ਦੌੜ ਗਏ ਲਾਈਨ ਛੱਡ ਕੇ, ਘੋੜੇ 'ਤੇ ਚੜ੍ਹ ਗਏ। 1852 ਤੱਕ ਇੱਕ ਰਾਤ ਰਹਿਣਾ, ਰਾਤਾਂ ਨੂੰ ਘੁੰਮ-ਘੁੰਮ ਕੇ ਸਿੱਖੀ ਨੂੰ ਬਚਾਇਆ। 88 ਲੱਖ ਉਸ ਵੇਲੇ ਸਿੰਘ ਲਿਸਟ ਵਿੱਚ ਆਇਆ ਹੋਇਆ ਸੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ। ਤੇ ਜਿਸ ਵਕਤ ਅੰਗਰੇਜ਼ ਨੇ ਗਿਣਤੀ ਕਰੀ, 1861 ਵਿੱਚ ਪਹਿਲੀ ਮਰਦਮ ਸ਼ੁਮਾਰੀ ਹੋਈ, ਉਹਦੇ 'ਚ ਸਿਰਫ ਬਾਰ੍ਹਾਂ ਲੱਖ ਸਿੱਖ ਨਿਕਲਿਆ, ਬਾਕੀ 76 ਲੱਖ ਪਤਿਤ ਹੋ ਗਿਆ। ਇਹ ਬਾਬਾ ਮਹਾਰਾਜ ਸਿੰਘ ਜੀ ਨੂੰ ਅੰਗਰੇਜ਼ਾਂ ਨੇ ਗ੍ਰਿਫਤਾਰ ਕਰਕੇ ਸਿੰਘਾਪੁਰ ਲੈ ਗਏ, ਉਥੇ 1856 'ਚ ਉਨ੍ਹਾਂ ਨੇ ਸਰੀਰ ਛੱਡ ਦਿੱਤਾ। ਉਨ੍ਹਾਂ ਨੇ ਆਪਣੀ ਥਾਂ ਦੇ ਉਤੇ ਬਾਬਾ ਰਾਮ ਸਿੰਘ ਜੀ ਨੂੰ ਭੰਡਾਰਾ ਬਖਸ਼ ਕੇ ਇਹ ਗੱਲ ਕਹੀ ਕਿ ਇੱਕ ਰਾਤ ਤੋਂ ਵੱਧ ਨਹੀਂ ਰਹਿਣਾ, ਕੋਈ ਅਸਥਾਨ ਨਹੀਂ ਬਣਾਉਣਾ। ਉਨ੍ਹਾਂ ਨੂੰ ਇੱਕ ਪੂਰਨ ਵੱਡੀ ਆਤਮਾ ਦੇ ਨਾਲ ਸੰਪਰਕ ਹੋਇਆ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨਾਲ। ਉਹ ਸਾਰੀ ਦਾਤ ਉਨ੍ਹਾਂ ਨੇ ਉਨ੍ਹਾਂ ਨੂੰ ਸੰਭਾਲ ਕੇ ਅੱਗੇ ਵੰਡਣ ਦਾ ਯਤਨ ਕੀਤਾ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੋਂ ਇੱਕ ਸੌ ਇੱਕ ਬ੍ਰਹਮਗਿਆਨੀ ਮਹਾਂਪੁਰਸ਼ ਹੋਏ। ਜਿਨ੍ਹਾਂ 'ਚੋਂ ਬੇਅੰਤ ਜਿੰਨੇ ਪੰਜਾਬ ਦੇ ਮਹਾਤਮਾ ਨਜ਼ਰ ਆਉਂਦੇ ਨੇ ਉਹ ਸਾਰੇ ਉਨ੍ਹਾਂ 'ਤੇ ਹੋਏ। ਉਨ੍ਹਾਂ 'ਤੇ ਹੋਏ-ਹੋਏ ਤੇ ਉਨ੍ਹਾਂ ਦੇ ਵਿਚੋਂ ਸੰਤ ਲਾਲ ਸਿੰਘ ਜੀ ਜਿਨ੍ਹਾਂ ਨੇ ਆਪਣਾ ਸਰੀਰ ਛੱਡਿਆ ਤੇ ਉਨ੍ਹਾਂ ਨੂੰ ਆਪਣੀ ਉਮਰ ਦਿੱਤੀ। ਉਹ ਉਨ੍ਹਾਂ ਦੇ ਥਾਂ ਗਏ, ਉਹ ਦੋ ਸਾਲ ਪਹਿਲਾਂ ਚਲੇ ਗਏ ਤੇ ਬਾਬਾ ਆਇਆ ਸਿੰਘ ਜੀ, ਉਨ੍ਹਾਂ 'ਤੇ ਕ੍ਰਿਪਾ ਕਰਕੇ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਬਾਬਾ ਅਤਰ ਸਿੰਘ ਜੀ ਤੋਂ ਰਾੜੇ ਸਾਹਿਬ ਦੀ ਸੰਪਰਦਾ ਜਿਹਨੂੰ ਕਹਿੰਦੇ ਨੇ ਉਹ ਚਲਦੀ ਹੈ ਤੇ ਬਾਬਾ ਆਇਆ ਸਿੰਘ ਜੀ ਤੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ। ਜਿਨ੍ਹਾਂ ਨੇ ਏਸ ਸਥਾਨ ਦੀ ਬੁਨਿਆਦ ਰੱਖੀ ਹੈ। ਇਹ ਇੱਕ ਸੰਪਰਦਾ, ਇੱਕ ਲੜੀ ਚੱਲੀ ਆਉਂਦੀ ਹੈ ਸਾਧਸੰਗਤ ਜੀ! ਸੋ ਮਹਿਮਾ ਜੋ ਹੈ ਸਾਧੂਆਂ ਦੀ, ਮੈਂ ਬੇਨਤੀ ਕੀਤੀ ਸੀ ਕਿ ਸੰਤਾਂ ਨੇ ਉਮਰ ਬਖਸ਼ ਦਿੱਤੀ ਸੌ ਸਾਲ। ਬਾਬਾ ਜਵਾਲਾ ਸਿੰਘ ਜੀ, ਭੁੱਚੋ ਮੰਡੀ ਗਏ ਹੋਏ ਨੇ ਤੇ ਇੱਕ ਸੇਠ ਹੈ, ਖੱਤਰੀ ਹੈ ਉਹਦੇ ਘਰ ਵਿੱਚ ਘਰਵਾਲੀ ਬੀਮਾਰ ਹੋਈ ਪਈ ਹੈ ਤੇ ਉਹ ਘਬਰਾ ਗਿਆ ਤੇ ਬਾਬਾ ਜੀ ਦੇ ਚਰਨ ਫੜ ਲਏ ਕਿ ਮਹਾਰਾਜ ਕ੍ਰਿਪਾ ਕਰੋ। ਮੇਰਾ ਕਾਰੋਬਾਰ ਨਹੀਂ ਚੱਲਣਾ। ਇਹ ਤਾਂ ਆਖਰੀ ਸਵਾਸਾਂ 'ਤੇ ਆ ਗਈ। ਬਾਬਾ ਜੀ ਕਹਿਣ ਲੱਗੇ, ਦੇਖ ਪ੍ਰੇਮੀਆਂ! ਆਪਾਂ ਇੱਕ ਕੰਮ ਕਰ ਦਿੰਦੇ ਹਾਂ, ਮਰਿਆਦਾ ਵੀ ਨਾ ਭੰਗ ਹੋਏਗੀ ਤੇ ਕੰਮ ਵੀ ਬਣ ਜਾਏਗਾ ਕਿਉਂਕਿ ਇਹ ਤੁਰਿਆ ਆਉਂਦਾ ਹੈ ਤੂੰ ਆਪਣੀ ਉਮਰ ਦੇ ਵਿੱਚੋਂ ਕੁਛ ਹੋਰ ਦੇ ਦੇ, ਓਨੇ ਸਾਲ ਹੋਰ ਵੱਧ ਜਾਏਗੀ। ਕਹਿਣ ਲੱਗਿਆ ਜੀ, ਮੇਰੀ ਅੱਧੀ ਉਮਰ ਲੈ ਲਓ। ਬਾਬਾ ਜੀ ਕਹਿਣ ਲੱਗੇ, ਤੇਰੇ ਵੀਹ ਸਾਲ ਹੋਰ ਰਹਿੰਦੇ ਨੇ। ਉਥੇ ਪਲੰਘੇ ਦੇ ਕੋਲ ਆ ਗਏ। ਆ ਕੇ ਕਹਿਣ ਲੱਗੇ, ਖੜ੍ਹੇ ਹੋ ਗਏ ਤੇ ਅੰਤਰ ਆਤਮਾ ਅਰਦਾਸ ਕਰਕੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਦਸ ਸਾਲ ਇਹਦੇ ਬੀਬੀ ਨੂੰ ਦੇ

ਦਿਓ ਤੇ ਦਸ ਸਾਲ ਇਹਦੇ ਕੱਟ ਲਓ। ਦੋਵੇਂ ਇਕੱਠੇ ਹੀ ਚੜ੍ਹਾਈ ਕੀਤੇ ਦੱਸ ਸਾਲ ਬਾਅਦ।

ਇਹ ਗੱਲਾਂ ਨੂੰ ਵੇਦ ਨਹੀਂ ਜਾਣਦੇ, ਦੁਨੀਆਂ ਨਹੀਂ ਜਾਣਦੀ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਾਰ-ਬਾਰ ਸਾਧੂਆਂ ਦਾ ਜ਼ਿਕਰ ਆਉਂਦਾ ਹੈ। ਕਿਉਂਕਿ ਉਨ੍ਹਾਂ ਦੀ ਡਿਊਟੀ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***

***ਅੰਗ - 1373***

ਸੰਤਾਂ ਦਾ ਕੰਮ ਹੁੰਦਾ ਹੈ, ਨਾਮ ਜਪਾਉਣਾ, ਅੰਨ੍ਹੇ ਸੰਸਾਰ ਨੂੰ ਅੱਖਾਂ ਦੇ ਕੇ ਸਿੱਧੇ ਰਸਤੇ ਪਾਉਣਾ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਬਾਰ ਵਿੱਚ ਇੱਕ ਭਾਈ ਧੀਰੋ ਉਜੈਨ ਦੇ ਰਹਿਣ ਵਾਲਾ ਆਇਆ, ਉਹਨੇ ਕਿਹਾ ਕਿ ਮਹਾਰਾਜ! ਸੰਤਾਂ ਦੀ ਮਹਿਮਾ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਬਹੁਤ ਜ਼ਬਰਦਸਤ ਹੈ ਤੇ ਉਨ੍ਹਾਂ ਦੇ ਚਰਨਾਂ ਦੀ ਧੂੜੀ ਮੰਗਣ ਵਾਸਤੇ, ਸਾਧੂਆਂ ਦੇ ਚਰਨਾਂ ਦੀ ਧੂੜੀ ਮੰਗਣ ਵਾਸਤੇ ਐਸਾ ਫੁਰਮਾਨ ਹੈ ਕਿ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*** ***ਅੰਗ - 1263***

ਸੱਚੇ ਪਾਤਸ਼ਾਹ! ਦੇਵਤੇ ਵੀ ਉਨ੍ਹਾਂ ਦੀ ਧੂੜੀ ਮੰਗਦੇ ਨੇ, ਆਪ ਅਕਾਲਪੁਰਖ ਦਾ ਰੂਪ ਓਂ ਤੇ ਆਪ ਦੇ ਪਿਆਰੇ ਨੇ ਸਾਧੂ ਤੇ ਬਹੁਤ ਸਾਰੇ ਸਾਧੂ ਪਤਾ ਨਹੀਂ ਲਗਦਾ ਅਸੀਂ ਸ਼ਰਧਾ ਦੇ ਨਾਲ ਉਨ੍ਹਾਂ ਨੂੰ ਨਮਸ਼ਕਾਰਾਂ ਕਰਦੇ ਹਾਂ। ਭੇਟਾਂ ਚਾੜ੍ਹਦੇ ਹਾਂ, ਪਰ ਬਾਅਦ ਵਿੱਚ ਪਤਾ ਲਗਦਾ ਹੈ ਕਿ ਉਹ ਤਾਂ ਪਾਖੰਡੀ ਸੀਗੇ। ਕ੍ਰਿਪਾ ਕਰਕੇ ਸਾਨੂੰ ਕੋਈ ਸੇਧ ਦੇਵੋ ਕਿ ਸਾਨੂੰ ਪਤਾ ਲ'ਗੇ ਕਿ ਇਹ ਸਾਧੂ ਹੈ।

ਮਹਾਰਾਜ ਕਹਿਣ ਲੱਗੇ ਕਿ ਭਾਈ ਧੀਰੋ! ਸਾਧੂ ਕਿਸੇ ਲਿਬਾਸ ਦਾ ਨਾਉਂ ਨਹੀਂ ਹੋਇਆ ਕਰਦਾ। ਉਨ੍ਹਾਂ ਦੀ ਦ੍ਰਿਸ਼ਟੀ 'ਚ ਫਰਕ ਹੋਇਆ ਕਰਦਾ ਹੈ। ਓਹੀ ਚੀਜ਼ ਬੰਦੇ ਨੂੰ ਹੋਰ ਦਿਸੇਗੀ, ਸਾਧੂਆਂ ਨੂੰ ਹੋਰ ਦਿਸੇਗੀ। ਸਾਧੂਆਂ ਦੀ ਦ੍ਰਿਸ਼ਟੀ ਵਿੱਚ ਇੱਕੋ ਹੀ ਹੈ -

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*** ***ਅੰਗ - 1291***

ਉਹ ਇੱਕੋ ਦੇਖਦੇ ਨੇ ਸਾਰਿਆਂ ਦੇ ਅੰਦਰ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਉਹ ਤਾਂ ਸਾਰੀਆਂ ਘਟਾਂ ਦੇ ਵਿੱਚ ਦੇਖਦੇ,***
***ਇੱਕੋ ਜੋਤ ਵਾਹਿਗੁਰੂ ਦੀ।***

ਕਹਿਣ ਲੱਗੇ, ਭਾਈ ਧੀਰੋ! ਪਹਿਲਾਂ ਫਰਕ ਤਾਂ ਇਹ ਹੈ ਕਿ ਦੁਨੀਆਂ ਦੀ ਨਿਗ੍ਹਾ ਦੇ ਅੰਦਰ ਆਪਣੇ ਤੇ ਬੇਗਾਨੇ ਨੇ, ਮਿੱਤਰ ਤੇ ਦੁਸ਼ਮਣ ਨੇ,

ਨਫਰਤ ਕਰਨ ਵਾਲੇ ਤੇ ਪਿਆਰ ਕਰਨ ਵਾਲੇ ਦੋ ਵਰਗ ਨੇ, ਲੇਕਿਨ ਸਾਧੂਆਂ ਦੀ ਨਿਗ੍ਹਾ 'ਚ ਦੋ ਨਹੀਂ ਹੋਇਆ ਕਰਦੇ, ਇੱਕੋ ਹੋਇਆ ਕਰਦਾ ਹੈ ਤੇ ਉਨ੍ਹਾਂ ਦੇ ਲੱਛਣ ਨੇ।

*ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਅੰਗ - 1357*

ਹਰ ਵਕਤ ਵਾਹਿਗੁਰੂ ਦਾ ਨਾਮ ਜਪਦੇ ਰਹਿੰਦੇ ਨੇ, ਇੱਕ ਸਕਿੰਟ ਵਾਸਤੇ ਵੀ ਵਾਹਿਗੁਰੂ ਦੇ ਨਾਮ ਤੋਂ ਲਾਂਭੇ ਨਹੀਂ ਹੋਇਆ ਕਰਦੇ -

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ - 9*

ਵਿਸਰਨ ਦੇ ਨਾਲ ਐਸ ਤਰ੍ਹਾਂ ਹੁੰਦਾ ਹੈ। ਕਿ ਮੌਤ ਜਿਵੇਂ ਆ ਜਾਂਦੀ ਹੈ। ਇਸ ਤਰ੍ਹਾਂ ਹੁੰਦਾ ਹੈ। ਉਹ ਹਰ ਵਕਤ ਪ੍ਰਮੇਸ਼ਰ ਦੇ ਨਾਮ ਵਿੱਚ ਲਿਵ ਲਾ ਕੇ ਲੱਗੇ ਰਹਿੰਦੇ ਨੇ ਤੇ ਧਿਆਨ ਸਰਬਤ੍ਰ ਪੂਰਨ, ਸਾਰੇ ਵਾਹਿਗੁਰੂ ਪਰੀਪੂਰਨ ਦਾ ਧਿਆਨ ਰੱਖਦੇ ਨੇ -

*ਗ੍ਯਾਨੰ ਸਮ ਦੂਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥*
*ਅੰਗ - 1357*

ਦੁੱਖ ਤੇ ਸੁੱਖ ਨੂੰ ਬਰਾਬਰ ਜਾਣਦੇ ਨੇ। ਹਮੇਸ਼ਾਂ ਨਿਰਮਲ ਰਹਿੰਦੇ ਨੇ ਤੇ ਕਿਸੇ ਨਾਲ ਵੈਰ ਨਹੀਂ ਕਰਦੇ। ਕਿਸੇ ਨਾਲ ਉਨ੍ਹਾਂ ਦਾ ਵੈਰ ਨਹੀਂ ਹੁੰਦਾ, ਉਨ੍ਹਾਂ ਦਾ ਕੰਮ ਭਲਾ ਕਰਨਾ ਹੀ ਹੋਇਆ ਕਰਦਾ ਹੈ। ਵੈਰੀ ਮਿੱਤਰ ਉਨ੍ਹਾਂ ਦੇ ਕੋਸ਼ ਵਿੱਚੋਂ ਦੋਵੇਂ ਅੱਖਰ ਨਿਕਲ ਜਾਂਦੇ ਨੇ। ਸਭ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ। ਕਿੱਡਾ ਹੀ ਭਿਆਨਕ ਸਮਾਂ ਭਾਵੇਂ ਨਾ ਹੋਵੇ।

ਅਨੰਦਪੁਰ ਸਾਹਿਬ ਛੇ ਮਹੀਨੇ ਤੋਂ ਜ਼ਿਆਦਾ ਸਮਾਂ ਹੋ ਗਿਆ, ਯੁੱਧ ਲੰਮਾ ਹੋ ਗਿਆ, ਦੱਸ ਲੱਖ ਫੌਜ, ਮਹਾਰਾਜ ਨੇ ਦਸ ਲੱਖ ਲਿਖਿਆ, ਕਈ ਅੱਜਕੱਲ੍ਹ ਦੇ ਜੋ ਖੋਜੀ ਨੇ ਉਹ ਇਤਰਾਜ਼ ਕਰ ਦਿੰਦੇ ਨੇ ਕਿ ਦਸ ਲੱਖ ਫੌਜ ਨੂੰ ਠਹਿਰਨ ਵਾਸਤੇ ਬਹੁਤ ਇਲਾਕਾ ਚਾਹੀਦਾ ਸੀ। ਨਾਕੇ ਬੰਦ ਸੀ, ਸਾਰੇ ਪੰਜਾਬ 'ਚੋਂ ਕੋਈ ਵੀ ਗੁਰੂ ਸਾਹਿਬ ਕੋਲ ਨਾ ਰਸਦ ਲੈ ਕੇ ਜਾ ਸਕਦਾ ਸੀ, ਨਾ ਕੋਈ ਜੱਥਾ ਬਣਾ ਕੇ ਕਿਸੇ ਪਾਸਿਓਂ ਨਹੀਂ ਸੀ ਆ ਸਕਦੇ। ਕੁਲ ਪੰਜਾਬ ਨੂੰ ਛਾਉਣੀ ਬਣਾਇਆ ਹੋਇਆ ਸੀ। ਹਿੰਦੋਸਤਾਨ ਭਰ ਨੂੰ ਛਾਉਣੀ ਬਣਾਇਆ ਹੋਇਆ ਸੀ ਬਈ ਕੋਈ moment ਨਾ ਹੋ ਜਾਏ, ਗੁਰੂ ਵੱਲ ਕੋਈ ਚਲਿਆ ਨਾ ਜਾਵੇ। ਇਸ ਤਰ੍ਹਾਂ ਦੇ ਨਾਲ ਐਨੀ ਫੌਜ ਲਾਈ ਹੋਈ ਸੀ ਤੇ ਯੁੱਧ ਬਹੁਤ ਭਿਆਨਕ ਹੁੰਦੇ ਰਹੇ। ਛੇ ਮਹੀਨੇ ਲੰਘ ਗਏ ਗੁਰੂ ਮਹਾਰਾਜ ਬਾਹਰ ਆਏ, ਆਲਾ-ਦੁਆਲਾ ਸਾਰਾ ਨਰੀਖਸ਼ਣ ਕਰਿਆ। ਦੇਖਿਆ, ਕਹਿੰਦੇ ਸਿੰਘੋ! ਆਹ ਦਰਖਤਾਂ ਦੇ ਪੱਤਿਆਂ ਨੂੰ ਕੀ ਹੋ ਗਿਆ ਤੇ ਨਾ ਦਰਖਤਾਂ ਦੀਆਂ ਛਿੱਲਾਂ ਨਜ਼ਰ ਆਉਂਦੀਆਂ ਨੇ। ਉਸ ਵੇਲੇ ਹੱਥ ਬੰਨ੍ਹ ਕੇ ਭਾਈ ਦਇਆ ਸਿੰਘ ਜੀ ਨੇ ਬੇਨਤੀ ਕਰੀ ਕਿ ਪਾਤਸ਼ਾਹ! ਤੇਰੇ ਮਰਜੀਵੜੇ ਸਿੰਘਾਂ ਨੇ ਆਪਣੇ ਜੀਵਨ ਨੂੰ ਹੋਰ ਲੰਮਾ ਕਰਨ ਵਾਸਤੇ, ਆਹ ਸਾਰੇ ਦਰਖਤਾਂ ਦੇ ਪੱਤੇ ਉਬਾਲ-ਉਬਾਲ ਕੇ ਪੀ ਲਏ ਨੇ ਤੇ ਛਿੱਲਾਂ ਰਗੜ-ਰਗੜ ਕੇ ਵਿੱਚ ਪਾ ਕੇ ਖਾ ਲਈਆਂ ਨੇ। ਭਾਵੇਂ ਕਈ ਬੀਮਾਰੀਆਂ ਵੀ ਲਗਦੀਆਂ ਨੇ।

ਮਹਾਰਾਜ ਨੇ ਦੇਖਿਆ ਕਿ ਓਧਰ ਰਾਸ਼ਨ ਖਤਮ ਹੋ ਗਿਆ, ਉਸ ਵੇਲੇ ਰੋਪੜ ਦੇ ਰਹਿਣ ਵਾਲਾ ਇੱਕ ਮੁਗਲ ਸਰਦਾਰ, ਪਠਾਣ ਜਾਤੀ ਦਾ, ਉਸ ਨੇ ਮੀਟਿੰਗ ਕਰੀ, ਕਹਿਣ ਲੱਗਿਆ ਕਿ ਗੁਰੂ ਗੋਬਿੰਦ ਸਿੰਘ ਦੇ ਨਾਲ ਸਾਡੀ ਸੀ.ਆਈ.ਡੀ ਇਹ ਕਹਿੰਦੀ ਹੈ ਕਿ 1500 ਤੋਂ ਵੱਧ ਐਸ ਵੇਲੇ ਬੰਦਾ ਨਹੀਂ ਹੈ। ਕਈ ਲਿਖਦੇ ਨੇ ਕਿ 10,000 ਸੀਗਾ, ਜਿਸ ਵਕਤ ਯੁੱਧ ਸ਼ੁਰੂ ਹੋਇਆ। ਕਈਆਂ ਦਾ ਖਿਆਲ ਹੈ ਪੰਜ ਹਜ਼ਾਰ ਸੀ ਤੇ ਉਹਦੇ ਵਿਚੋਂ ਬਹੁਤ ਥੋੜ੍ਹੇ ਬਚ ਗਏ। ਬਈ ਹੁਣ ਇੱਕ ਐਸਾ ਯੁੱਧ ਕੀਤਾ ਜਾਵੇ ਕਿ ਚਾਹੇ ਸਾਡਾ ਵੀਹ ਹਜ਼ਾਰ ਬੰਦਾ ਮਰ ਜਾਏ ਪਰ ਗੁਰੂ ਗੋਬਿੰਦ ਸਿੰਘ ਨੂੰ ਇੱਕ ਦਿਨ 'ਚ ਖਤਮ ਕਰੋ, ਸ਼ਹੀਦ ਕਰੋ ਜਾਂ ਗ੍ਰਿਫਤਾਰ ਕਰੋ। ਵੱਡੇ-ਵੱਡੇ ਸਰਦਾਰ ਜਿਹੜੇ ਮੁਗਲ ਸਰਦਾਰ ਸੀ, ਨੀਵੀਆਂ ਪਾ ਗਏ, ਉਹ ਜਾਣਦੇ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬਾਣ ਚੱਲਣਾ ਹੈ। ਉਹ ਸਸ਼ਤਰਧਾਰੀ ਜਰਨੈਲ ਨੂੰ ਸਿੱਧਾ ਆਉਂਦਾ ਸੀ ਤੇ ਖਤਾ ਨਹੀਂ ਸੀ ਖਾਂਦਾ ਲਗ ਜਾਇਆ ਕਰਦਾ ਸੀ। ਨੀਵੀਆਂ ਪਾ ਲਈਆਂ ਸਾਰਿਆਂ ਨੇ ਤੇ ਉਸ ਨੇ ਬੀੜਾ ਚੁੱਕਿਆ ਕਿ ਮੈਂ ਅੱਜ ਕਰਕੇ ਦਿਖਾਵਾਂਗਾ ਜਿਹੜਾ ਕੰਮ ਛੇ ਮਹੀਨਿਆਂ 'ਚ ਨਹੀਂ ਹੋਇਆ। ਉਸ ਵੇਲੇ ਬੜਾ ਹੀ ਭਿਆਨਕ ਯੁੱਧ ਹੋਇਆ, ਯੁੱਧ ਦੇ ਵਿੱਚ ਸਿੰਘਾਂ ਨੇ ਉਨ੍ਹਾਂ ਨੂੰ ਪਿੱਛੇ ਹਟਾ ਕੇ ਰੱਖਿਆ ਵੱਧ ਨਾ ਸਕੇ, ਮੁਗਲ ਖਾਨ ਜ਼ਖਮੀ ਹੋ ਕੇ ਗਿਰ ਗਿਆ। ਉਹਨੂੰ ਮਾਰਿਆ ਨਾ, ਉਹਦੇ ਫੱਟ ਐਡਾ ਜ਼ਬਰਦਸਤ ਸੀ ਕਿ ਖ਼ੂਨ ਨਿਕਲ-ਨਿਕਲ ਕੇ ਆਪੇ ਹੀ ਹੌਲੀ-ਹੌਲੀ ਮਰ ਜਾਏਗਾ। ਉਹ ਮੂਰਛਤ ਹੋ ਕੇ ਗਿਰ ਗਿਆ। ਸ਼ਾਮ ਪੈ ਜਾਂਦੀ ਹੈ। ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਨੇ ਸਾਰਿਆ ਨੂੰ ਬੁਲਾਇਆ, ਯੁੱਧ ਦਾ ਹਾਲ ਪੁੱਛਿਆ। ਸਾਬਾਸ਼ ਦਿੱਤੀ, ਖੁਸ਼ੀਆਂ ਦਿੱਤੀਆਂ। ਕਹਿਣ ਲੱਗੇ, ਹੋਰ ਕੋਈ ਔਕੜ ਤਾਂ ਨਹੀਂ ਹੈ ਭਾਈ?

ਕਹਿਣ ਲੱਗੇ ਕਿ ਮਹਾਰਾਜ! ਇੱਕ ਸਾਡੀ ਸ਼ਿਕਾਇਤ ਹੈ ਕਿ ਉਸ ਗੱਲ ਨੂੰ ਵਿਚਾਰਨਾ ਚਾਹੀਦਾ ਹੈ ਉਹ ਇਹ ਹੈ ਕਿ ਇੱਕ ਘਨਈਆਂ ਸਾਧ ਏਥੇ ਮਸ਼ਕ ਦੇ ਨਾਲ ਪਾਣੀ ਪਿਲਾਉਂਦਾ ਹੈ, ਤੁਸੀਂ ਵੀ ਕਹਿ ਦਿੱਤਾ ਕਿ ਪਾਣੀ ਪਿਲਾ ਦਿਆ ਕਰ। ਸੱਚੇ ਪਾਤਸ਼ਾਹ! ਉਹ ਪਾਣੀ ਪਿਲਾਉਣ ਵੇਲੇ ਖਾਲਸੇ ਨੂੰ ਨਹੀਂ ਪਾਣੀ ਪਿਲਾਉਂਦਾ, ਜਿਹੜਾ ਮੂਹਰੇ ਆ ਜਾਂਦਾ ਹੈ। ਉਹਨੂੰ ਪਿਲਾ ਦਿੰਦਾ ਹੈ, ਅਸੀਂ ਹਾਕਾਂ ਮਾਰਦੇ ਹੀ ਰਹਿ ਜਾਂਦੇ। ਜਿਨ੍ਹਾਂ ਨੂੰ ਅਸੀਂ ਮੂਰਛਤ ਕਰਕੇ ਸੁੱਟਿਆ ਹੁੰਦਾ ਹੈ। ਉਨ੍ਹਾਂ ਦੇ ਛਿੱਟੇ ਮਾਰ, ਦੰਦਲ ਖੋਲ੍ਹ ਕੇ ਪਾਣੀ ਪਿਲਾ ਦਿੰਦਾ ਹੈ। ਉਹ ਮੁੜ ਕੇ ਫੇਰ ਤਿਆਰ ਹੋ ਜਾਂਦੇ ਨੇ ਸਾਡੇ ਨਾਲ ਲੜਨ ਨੂੰ।

ਮਹਾਰਾਜ! ਕਹਿਣ ਲੱਗੇ, ਜਾਓ ਜਾ ਕੇ ਭਾਈ ਘਨਈਏ ਨੂੰ ਸਾਡੇ ਪੇਸ਼ ਕਰੋ।

ਉਸ ਵੇਲੇ ਦੋ ਸਿੰਘ ਗਏ, ਡੇਰੇ ਗਏ, ਡੇਰੇ ਤੋਂ ਪਤਾ ਲੱਗਿਆ ਕਿ ਉਹ ਤਾਂ ਅਜੇ ਮੈਦਾਨ-ਏ-ਜੰਗ 'ਚੋਂ ਨਹੀਂ ਵਾਪਸ ਆਏ, ਹਨ੍ਹੇਰਾ ਹੋ ਚੁੱਕਿਆ ਸੀ। ਸਰਦੀਆਂ ਸ਼ੁਰੂ ਹੋ ਚੁੱਕੀਆਂ ਸੀ, ਸੂਰਜ ਛੇਤੀ ਛਿਪਣ ਲੱਗ ਗਿਆ ਤੇ ਉਹ ਕਹਿਣ ਲੱਗੇ ਕਿ ਉਹ ਤਾਂ ਮੈਦਾਨ-ਏ-ਜੰਗ 'ਚ ਨੇ ਤੇ

ਹਨ੍ਹੇਰੀ ਰਾਤ ਸੀ। ਉਸ ਵੇਲੇ ਮੈਦਾਨ-ਏ-ਜੰਗ ਵਲ ਨੂੰ ਜਾਂਦੇ ਨੇ, ਉਥੇ ਇੱਕ ਆਵਾਜ਼ ਕੰਨਾਂ 'ਚ ਪੈਂਦੀ ਹੈ ਐਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ -

**ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ - 2**

ਆਵਾਜ਼ ਪਛਾਣ ਲਈ ਕਿ ਮਸਤੀ ਦੇ ਅੰਦਰ ਆ ਕੇ ਭਾਈ ਘਨਈਆ ਸ਼ਬਦ ਦਾ ਉਚਾਰਨ ਕਰ ਰਹੇ ਨੇ। ਓਸ ਸੇਧ ਨੂੰ ਗਏ, ਅੱਗੇ ਜਾ ਕੇ ਆਵਾਜ਼ ਬੰਦ ਹੋ ਗਈ। ਭਾਈ ਘਨਈਆ ਇੱਕ ਬੇਹੋਸ਼ ਬੰਦੇ ਦੀ ਹਰਕਤ ਦੇਖ ਕੇ ਉਹਦੇ ਕੋਲ ਬੈਠ ਗਏ ਤੇ ਉਹਦੀ ਦੰਦਲ ਖੋਲ੍ਹ ਕੇ ਉਹਦੇ ਮੂੰਹ ਵਿੱਚ ਪਾਣੀ ਪਾ ਰਹੇ ਨੇ ਚੂਲੀਆਂ ਦੇ ਨਾਲ ਉਹਨੂੰ ਹੋਸ਼ ਆ ਗਈ। ਹੋਸ਼ ਆਈ ਹੋਈ ਤਾਂ ਇੱਕ ਦਮ ਆਵਾਜ਼ ਦਿੱਤੀ ਪਤਾ ਲੱਗਿਆ ਕਿ ਕੋਈ ਵੱਡਾ ਆਫੀਸਰ ਹੈ। ਕਹਿਣ ਲੱਗਿਆ, ਤੂੰ ਕੌਣ ਹੈਂ? ਆਪਣਾ ਅਤਾ ਪਤਾ ਦੇਹ। ਤੂੰ ਮੈਨੂੰ ਪਾਣੀ ਪਿਲਾ ਕੇ ਹੋਸ਼ ਵਿੱਚ ਲਿਆਂਦਾ ਹੈ, ਤੈਨੂੰ ਮੈਂ ਬਹੁਤ ਵੱਡਾ ਇਨਾਮ ਦੇਣਾ ਚਾਹੁੰਦਾ ਹਾਂ।

ਭਾਈ ਘਨਈਏ ਨੂੰ ਪਤਾ ਸੀ, ਉਸ ਵੇਲੇ ਭਾਈ ਘਨਈਆ ਕਹਿਣ ਲੱਗਿਆ ਕਿ ਖਾਨ ਸਾਹਿਬ! ਮੈਂ ਗੁਰੂ ਗੋਬਿੰਦ ਸਿੰਘ ਦਾ ਇੱਕ ਗਰੀਬੜਾ ਜਿਹਾ, ਅਧਨਾ ਸਿੱਖ ਹਾਂ। ਕਹਿੰਦਾ, ਹੈਂ ਸਿੱਖ? ਤੇ ਤੂੰ ਮੁਗਲਾਂ ਨੂੰ ਪਾਣੀ ਪਿਲਾ ਰਿਹਾ ਹੈਂ। ਤੈਨੂੰ ਪਤਾ ਹੈ ਕਿ ਮੈਂ ਉਹ ਜਰਨੈਲ ਹਾਂ ਜਿਹਨੇ ਅੱਜ ਬੀੜਾ ਚੁੱਕਿਆ ਸੀ। ਕਿ ਗੁਰੂ ਗੋਬਿੰਦ ਸਿੰਘ ਨੂੰ ਜਾਂ ਸ਼ਹੀਦ ਕਰ ਦੇਵਾਂਗਾ, ਜਾਂ ਫੜ ਲਿਆਂਵਾਂਗੇ। ਉਹ ਕਹਿਣ ਲੱਗੇ ਕਿ ਇਸ ਗੱਲ ਦਾ ਮੇਰੇ ਨਾਲ ਕੋਈ ਤੁਅੱਲਕ ਨਹੀਂ ਹੈ ਕਿ ਤੂੰ ਕੌਣ ਹੈਂ? ਮੇਰੇ ਨਾਲ ਤੇਰਾ ਤੁਅੱਲਕ ਐਨਾ ਹੀ ਹੈ। ਕਿ ਐਸ ਵੇਲੇ ਤੈਨੂੰ ਪਾਣੀ ਦੀ ਲੋੜ ਹੈ। ਤੇ ਤੈਨੂੰ ਪਾਣੀ ਪਿਲਾਉਣਾ ਹੈ। ਬਾਕੀ ਤੂੰ ਜਾਣ ਤੇ ਤੇਰਾ ਕੰਮ ਜਾਣੇ। ਕਹਿਣ ਲੱਗਿਆ, ਤੈਨੂੰ ਮੈਂ ਵੈਰੀ ਨਹੀਂ ਪਰਤੀਤ ਦੇ ਰਿਹਾ? ਕਹਿੰਦਾ ਨਾ। ਮੇਰੇ ਗੁਰੂ ਨੇ ਅੱਖਾਂ ਖੋਲ੍ਹ ਦਿੱਤੀਆਂ ਸਾਡੀਆਂ। ਐਸਾ ਸੁਰਮਾ ਸਾਡੀ ਅੱਖ ਵਿੱਚ ਪਾ ਦਿੱਤਾ ਕਿ ਸਾਨੂੰ ਹੁਣ ਕੋਈ ਦੁਸ਼ਮਣ ਤੇ ਵੈਰੀ ਨਜ਼ਰ ਨਹੀਂ ਆਉਂਦਾ। ਇਹ ਜਿਹੜਾ ਭੇਦ ਹੈ ਇਹ ਮਿਟ ਗਿਆ-

***ਧਾਰਨਾ - ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਵੈਰੀ-ਨਾ ਕੋਈ ਵੈਰੀ।***

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - 1299***

ਜਦ ਪੂਰਨ ਪੁਰਸ਼ ਦੀ ਮੇਰੇ 'ਤੇ ਕ੍ਰਿਪਾ ਹੋ ਗਈ, ਜਦ ਤੋਂ ਮੇਰੇ ਅੰਦਰੋਂ ਇਹ ਤਾਤ ਪਰਾਈ ਵਿਸਰ ਗਈ। ਦੂਜਾ ਮੇਰੀ ਨਿਗ੍ਹਾ 'ਚੋਂ ਖਤਮ ਹੋ ਗਿਆ।

ਕਹਿਣ ਲੱਗੇ, ਖਾਨ ਸਾਹਿਬ! ਸਾਨੂੰ ਏਸ ਗੱਲ ਦਾ ਸਰੋਕਾਰ ਨਹੀਂ ਹੈ ਕਿ ਕੌਣ ਮੁਗਲ ਹੈ, ਕੌਣ ਦੂਜਾ ਹੈ? ਕਿਹੜਾ ਮਾਰਨ ਆਇਆ ਹੈ,

ਕਿਹੜਾ ਮਰ ਰਿਹਾ ਹੈ, ਮੇਰੇ ਤਾਂ ਸਰੋਕਾਰ ਜੋ ਹੈ ਉਹ ਲੋੜਵੰਦ ਨੂੰ ਜਲ ਛਕਾਉਣਾ ਹੈ।

ਕਹਿਣ ਲੱਗਿਆ ਹੈਂ! ਤੇਰਾ ਗੁਰੂ ਆਹੀ ਸ਼ਿਖਸ਼ਾ ਦਿੰਦਾ ਹੈ।

ਕਹਿੰਦਾ, ਹਾਂ। ਮੇਰਾ ਗੁਰੂ ਆਹੀ ਸ਼ਿਖਸ਼ਾ ਦਿੰਦਾ ਹੈ।

ਕਹਿੰਦਾ, ਫੇਰ ਤਾਂ ਅਸੀਂ ਬਹੁਤ ਭੁੱਲ ਕਰਦੇ ਹਾਂ। ਐਸੇ ਦਰਵੇਸ਼ ਗੁਰੂ ਦੇ ਉਤੇ ਬਾਰ-ਬਾਰ ਫੌਜਾਂ ਲੈ ਕੇ ਚੜ੍ਹ ਕੇ ਆਉਂਦੇ ਹਾਂ ਤੇ ਉਹ ਤੁਹਾਨੂੰ ਕੀ ਦਸਦਾ ਹੈ ਸਾਡੇ ਬਾਰੇ ਕਿ ਇਹ ਦੁਸ਼ਮਣ ਨੇ? ਕਹਿੰਦੇ ਨਾ, ਮੇਰੇ ਗੁਰੂ ਤਾਂ ਦਸਦਾ ਹੈ ਕਿ ਇ'ਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਹੈ ਨਹੀਂ -

***ਧਾਰਨਾ - ਇੱਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ - ਸਾਰੀ ਦੁਨੀਆਂ।***

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ 1 ॥***
***ਲੋਗਾ ਭਰਮਿ ਨ ਭੂਲਹੁ ਭਾਈ ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ ॥ ਅੰਗ - 1350***

ਕਹਿਣ ਲੱਗੇ, ਖਾਨ ਸਾਹਿਬ! ਸਾਡਾ ਗੁਰੂ ਤਾਂ ਜੋ ਬਾਤ ਕਹਿੰਦਾ ਹੈ, ਉਹ ਸਾਰੀ ਸ੍ਰਿਸ਼ਟੀ ਵਾਸਤੇ ਸਾਂਝੀ ਕਹਿੰਦਾ ਹੈ। ਗੁਰੂ ਇਹ ਕਹਿੰਦੇ ਨੇ ਕਿ ਇੱਥੇ ਅਕਾਲ ਪੁਰਖ ਆਪਣੀ ਮੌਜ ਨਾਲ ਆਪਣੀ ਖੇਲ੍ਹ ਵਿੱਚ ਆਪੇ ਹੀ ਖੇਲ੍ਹ ਕੇ ਅਨੇਕ ਰੂਪ ਹੋਇਆ-ਹੋਇਆ ਹੈ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਇਹ ਮੇਰੇ ਗੁਰੂ ਦਸ਼ਮੇਸ਼ ਪਿਤਾ ਦਾ ਵਾਕ ਹੈ, ਮੂਰਤ ਇੱਕ, ਅਨੇਕ ਰੂਪ ਧਾਰਨੇ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ ਉਨ੍ਹਾਂ ਦਾ -

***ਧਾਰਨਾ - ਇੱਕ ਮੂਰਤ ਨੇ ਅਨੇਕ ਰੂਪ ਧਾਰ ਕੇ,***
***ਆਪੇ ਦੇਖੇ ਖੇਲ ਆਪਣੀ।***

ਕਹਿਣ ਲੱਗੇ, ਖਾਨ ਸਾਹਿਬ! ਮੇਰਾ ਗੁਰੂ ਦਸ਼ਮੇਸ਼ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਉਹ ਆਪ ਹੀ ਪਸਾਰਾ ਕਰਦਾ ਹੈ, ਆਪ ਹੀ ਸੰਸਾਰ ਦਾ ਰੂਪ ਧਾਰਦਾ ਹੈ, ਆਪ ਹੀ ਇਹਦੇ ਵਿੱਚ ਦਵੈਤ ਪਾ ਕੇ, ਹਉਮੈ ਪਾ ਕੇ ਖੇਲ੍ਹਦਾ ਹੈ ਤੇ ਜਦੋਂ ਖੇਲ੍ਹ ਸੰਕੋਚ ਲੈਂਦਾ ਹੈ, ਉਸ ਵੇਲੇ ਦੂਜਾ ਰਹਿੰਦਾ ਹੀ ਨਹੀਂ, ਸਾਰੇ ਇੱਕੋ ਰੂਪ ਹੋਇਆ ਕਰਦਾ। ਵਹਿਦੀਅਤ ਦਾ ਉਪਦੇਸ਼ ਦਿੰਦਾ ਹੈ, ਮੇਰਾ ਗੁਰੂ ਨਾਨਕ। ਅਸੀਂ ਤਾਂ ਜਾਣਦੇ ਹੀ ਨਹੀਂ ਕਿ ਸਿੱਖ ਧਰਮ ਹੈ ਕੀ। ਬਿਲਕੁਲ ਅਣਜਾਣ ਹਾਂ ਅਸੀਂ। ਪਾਠ ਵੀ ਕਰਦੇ ਹਾਂ, ਉਪਦੇਸ਼ ਵੀ ਕਰਦੇ ਹਾਂ, ਸਭ ਕੁਛ ਕਰਦੇ ਹਾਂ। ਸਾਨੂੰ ਨਹੀਂ ਪਤਾ ਜੇ ਸਾਨੂੰ ਕੋਈ ਪੁੱਛ ਲਵੇ ਅੰਗਰੇਜ਼ ਆ ਕੇ ਕਿ ਮੈਂ ਸਿੱਖ ਧਰਮ ਧਾਰਨ

ਕਰਨਾ ਚਾਹੁੰਦਾ ਹਾਂ, ਤੁਹਾਡਾ ਧਰਮ ਹੈ ਕੀ? ਕੀ ਕਹੋਂਗੇ?

ਫੇਰ ਕਹਿੰਦੇ ਨੇ ਕਿ ਜੀ ਸਾਡਾ ਧਰਮ ਹੈ ਕਿਰਤ ਕਰਨਾ, ਵੰਡ ਕੇ ਛਕਣਾ ਤੇ ਨਾਮ ਜਪਣਾ।

ਉਹਦੇ 'ਤੇ ਤਰਕ ਹੈ ਕਿ ਕਾਹਦੇ ਵਾਸਤੇ ਇਹ ਗੱਲ ਕਰਦੇ ਓਂ ਤੁਸੀਂ? ਅਗਾਹਾਂ ਵੀ ਤਾਂ ਕੋਈ ਗੱਲ ਹੋਣੀ ਹੈ ਇਹ ਤਾਂ way of life ਹੈ ਤੁਹਾਡਾ। ਰਹਿਣ ਸਹਿਣ ਦਾ ਢੰਗ ਹੈ ਤੁਹਾਡਾ। ਕਿਰਤ ਕਰਨੀ ਹੈ, ਜੀਅ ਭਰ ਕੇ ਕੰਮ ਕਰਨਾ ਹੈ। ਕੰਮ ਦੇ ਵਿੱਚ ਕੁਤਾਹੀ ਨਹੀਂ ਕਰਨੀ। ਕਿਉਂਕਿ ਗੁਰੂ ਨਾਨਕ ਨੇ ਪਹਿਲਾਂ ਹੀ ਸਾਨੂੰ ਇਹ ਉਪਦੇਸ਼ ਦਿੱਤਾ ਹੈ –

***ਘਾਲਿ ਖਾਇ ਕਿਛੁ ਹਥਹੁ ਦੇਇ ॥***<br>
***ਨਾਨਕ ਰਾਹੁ ਪਛਾਣਹਿ ਸੇਇ ॥*** ***ਅੰਗ – 1245***

ਘਾਲ ਕਹਿੰਦੇ ਨੇ ਮੁਸ਼ੱਕਤ ਕਰਕੇ। ਮਿਹਨਤ ਕਰਕੇ ਜਿਹੜਾ ਫੇਰ ਦਾਨ ਦਿੰਦਾ ਹੈ –

***ਨਾਨਕ ਰਾਹੁ ਪਛਾਣਹਿ ਸੇਇ ॥*** ***ਅੰਗ – 1245***

ਵਿਹਲਿਆਂ ਦਾ ਤਾਂ ਬਣਾਇਆ ਹੀ ਨਹੀਂ ਇਹ ਤਾਂ ਸਾਡਾ way of life ਹੈ ਫੇਰ ਇਹਦੇ ਵਿੱਚੋਂ ਵੰਡਣਾ। ਕਿਰਤ ਕਰਨੀ, ਵੰਡ ਕੇ ਛਕਣਾ, ਵੰਡ ਕੇ ਛਕਣ ਵਾਸਤੇ ਗਰੀਬ ਦੀ ਮਦਦ ਕਰਨੀ, ਉਨ੍ਹਾਂ ਅਸਥਾਨਾਂ ਨੂੰ, ਉਨ੍ਹਾਂ ਸੰਸਥਾ ਨੂੰ ਆਪਣੀ ਕਮਾਈ 'ਚੋਂ ਦੇਣਾ। ਜਿਸ ਥਾਂ ਤੋਂ ਪ੍ਰਮੇਸ਼ਰ ਦੀ ਆਵਾਜ਼, ਵਹਿਦੀਅਤ ਦੀ ਆਵਾਜ਼ ਬੁਲੰਦ ਹੁੰਦੀ ਹੋਵੇ। ਫੇਰ ਨਾਮ ਜਪਣਾ, ਇਹ ਤਾਂ way of life ਹੈ ਨਾਮ ਕਿਉਂ ਜਪਣਾ। ਕਿਉਂ ਵੰਡ ਕੇ ਛਕਣਾ, ਕਿਉਂ ਕਿਰਤ ਕਰਨੀ। ਚਲੋ ਕਿਰਤ ਤਾਂ ਮੰਨ ਲਓ ਕਿ ਸਾਡੇ ਘਰ ਪੈਸਾ ਆਏਗਾ ਜੇ ਅਸੀਂ ਕੰਮ ਕਰਾਂਗੇ। ਵੰਡ ਕੇ ਕਾਹਦੇ ਵਾਸਤੇ ਛਕਣਾ ਹੈ? ਉਹਨੂੰ ਵੀ ਅਸੀਂ ਜਾਇਜ਼ ਕਰ ਦਿੰਦੇ ਹਾਂ ਕਿ ਅਸੀਂ ਆਪਣੇ ਬੰਦੇ ਬਣਾਉਣੇ ਨੇ ਤੇ ਜਿਹੜਾ ਵਾਧੂ ਹੁੰਦਾ ਹੈ ਉਹ ਅਸੀਂ spare ਵੰਡ ਦਿੰਦੇ ਹਾਂ। ਸਾਡਾ ਨਾਮ ਹੋਏਗਾ, ਪੱਥਰ ਲੱਗੇ ਹੋਣਗੇ ਗੁਰਦੁਆਰੇ, ਸਾਨੂੰ ਲੋਕ ਚੰਗਾ ਕਹਿਣਗੇ। ਕੋਈ ਨਾ ਕੋਈ ਕਾਰਨ ਅਸੀਂ ਦੇ ਸਕਦੇ ਹਾਂ ਇਹਦਾ। ਨਾਮ ਕਾਹਦੇ ਵਾਸਤੇ ਜਪਣਾ ਹੈ? ਇਹਦਾ ਕਾਰਨ ਨਹੀਂ ਸਾਡੇ ਕੋਲ। ਦੂਸਰਾ ਕਹੇਗਾ ਕਿ ਮੈਂ ਦਸਦਾ ਹਾਂ ਸਾਡਾ ਉਦੇਸ਼ ਕੀ ਹੈ –

***ਗੁਰਮੁਖਿ ਨਾਮੁ ਦਾਨੁ ਇਸਨਾਨੁ ॥*** ***ਅੰਗ – 942***

ਨਾਮ ਜਪਣਾ, ਦਾਨ ਕਰਨਾ ਤੇ ਇਸ਼ਨਾਨ ਕਰਨਾ। ਇਹ ਵੀ way of life ਹੈ method ਹੈ, ਮਾਰਗ ਹੈ ਇਹ। ਪ੍ਰਾਪਤੀ ਨਹੀਂ ਹੈ, ਪ੍ਰਾਪਤੀ ਕੀ ਹੈ ਸਾਡੀ ਇਹ ਵਿਰਲੇ-ਵਿਰਲੇ ਨੂੰ ਪਤਾ ਹੈ ਕਿ ਪ੍ਰਾਪਤੀ ਕੀ ਹੈ, ਸਾਡਾ ਨਿਸ਼ਾਨਾ ਕੀ ਹੈ ਸਾਡੇ ਸਾਮ੍ਹਣੇ। ਸਾਡਾ ਸਾਮ੍ਹਣੇ ਹੈ –

***ਏਕੋ ਬ੍ਰਹਮ ਦੁਤੀਆ ਨਾਸਤਿ।***

ਇੱਕ ਵਾਹਿਗੁਰੂ ਹੈ ਇੱਥੇ ਹੋਰ ਕੋਈ ਹੈ ਨਹੀਂ।

ਕਹਿਣ ਲੱਗਿਆ, ਖਾਨ ਸਾਹਿਬ! ਸਾਡੇ ਗੁਰੂ ਜਿਹੜੇ ਨੇ ਉਹ ਏਕ

ਵਾਦੀ ਨੇ, ਅਨੇਕ ਵਾਦੀ ਨਹੀਂ ਹੈ। ਨਫਰਤ ਨਹੀਂ ਇਨ੍ਹਾਂ ਨੇ ਕਿਸੇ ਨੂੰ ਵੀ ਸਿਖਾਈ। ਸਿੰਘ ਹੋ ਕੇ ਕਿਸੇ ਨੂੰ ਨਫਰਤ ਨਹੀਂ ਕਰਦਾ। ਮਾੜਾ ਨਹੀਂ ਕਹਿੰਦਾ, ਜੇ ਮਾੜਾ ਕਹਿੰਦਾ ਵੀ ਹੈ, ਕਹਿਣ ਨੂੰ ਜੀਅ ਕਰ ਆਵੇ ਤਾਂ ਮਾੜਾ ਇਹ ਕਹਿੰਦਾ ਹੈ –

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥*** ***ਅੰਗ – 728***

ਕਿ ਮੈਂ ਨਹੀਂ ਚੰਗਾ ਤੇ ਦਿਲੋਂ ਸਮਝਦਾ ਹੈ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ – 1364***

ਕਹਿੰਦੇ ਉਹ ਸਾਡਾ ਮਿੱਤਰ ਹੈ। ਜਿਹਨੇ ਸਾਡੇ ਨਾਲ ਦੋਸਤੀ ਦੀ ਲਾਈਨ 'ਚ ਖੜ੍ਹਨਾ ਹੈ। ਉਹ ਪਹਿਲਾਂ ਬਿਲਕੁਲ ਬੁੱਝ ਲਵੇ ਕਿ ਮੈਂ ਹੀ ਮਾੜਾ ਹਾਂ ਬਾਕੀ ਸਭ ਚੰਗੇ ਨੇ, ਅਸੀਂ ਕਿੱਥੇ ਖੜ੍ਹੇ ਹਾਂ, ਬਿਲਕੁਲ ਵਿਪਰੀਤ ਕਿ ਮੈਂ ਚੰਗਾ ਹਾਂ, ਫਲਾਣਾ ਤਾਂ ਹੈ ਹੀ ਬਿਲਕੁਲ ਰੱਦੀ ਆਦਮੀ ਕਿਸੇ ਕੰਮ ਦਾ ਨਹੀਂ ਹਾਂ ਇਹਦਾ ਮਤਲਬ ਹੈ ਅਸੀਂ ਸਿੱਖੀ ਸਿਧਾਂਤ ਤੋਂ ਕਰੋੜਾਂ ਕੋਹ ਦੂਰ ਹਾਂ, ਆਪਣੇ ਆਪ ਨੂੰ ਐਵੇਂ ਹੀ ਸਿੱਖ ਕਹਾਉਂਦੇ ਹਾਂ। ਆਪਣੇ ਜੀਵਨ ਨੂੰ ਬੰਧਨ ਵਿੱਚ ਵੀ ਪਾਇਆ –

***ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥***

***ਅੰਗ – 465***

ਤੇ ਰਾਹ ਕੋਈ ਨਹੀਂ ਚੱਲਦੇ, ਅੰਮ੍ਰਿਤ ਛਕ ਲਿਆ। ਅਗਾਹਾਂ ਵੀ ਤਾਂ ਚੱਲੋ ਇੱਥੇ ਹੀ ਤਾਂ ਨਹੀਂ ਖੜ੍ਹਨਾ ਹੈ ਇਹ ਤਾਂ ਤੁਹਾਡੀ ਸਕੂਲ ਦੇ ਵਿੱਚ entry ਹੈ। ਏਸ ਤੋਂ ਅੱਗੇ ਚੱਲਣਾ ਹੈ। ਜੇ ਅਸੀਂ ਇੱਥੇ ਹੀ ਖੜ੍ਹ ਜਾਂਦੇ ਹਾਂ, ਕੁਛ ਪ੍ਰਾਪਤ ਨਹੀਂ ਹੁੰਦਾ। ਜਿਹੋ ਜਿਹੇ ਉਹ ਬੰਦੇ, ਉਹੋ ਜਿਹੇ ਉਹ ਬੰਦੇ ਉਹਦੇ 'ਚ ਕੁਛ ਨੇਕੀ ਆ ਜਾਏਗੀ। ਸਰੀਰ ਦਾ ਬਚਾਓ ਆ ਜਾਏਗਾ। ਪਰਿਵਾਰ ਦੇ ਵਿੱਚ ਸੁੱਖ-ਸ਼ਾਂਤੀ ਆ ਜਾਏਗੀ। ਸ਼ਰਾਬ ਪੀਣ ਤੋਂ ਹਟ ਗਿਆ, ਮਾਸ ਮੱਛੀ ਖਾਣ ਤੋਂ ਹਟ ਗਿਆ। ਗੁਰੂ ਦੀ ਬਾਣੀ ਨੇ ਗਾਈਡ ਕਰਿਆ, ਕੁਛ ਰਸਤਾ ਦਸ ਦਿੱਤਾ, ਕੁਛ ਆਪਣੀ ਸੁਸਾਇਟੀ ਚੰਗੀ ਬਣ ਗਈ, ਭਾਈਚਾਰਾ ਵਧ ਗਿਆ, ਇਸ ਤੋਂ ਅਗਾਹਾਂ ਤਾਂ ਗੱਲ ਨਹੀਂ ਬਣਦੀ ਸਾਧਸੰਗਤ ਜੀ! ਇਹ ਤਾਂ ਦਾਖਲਾ ਹੈ। ਤੁਰਨਾ ਹੈ ਇਹ ਤਾਂ ਚਾਬੀ ਲਈ ਹੈ ਗੁਰੂ ਤੋਂ, ਦਰਵਾਜ਼ਾ ਤਾਂ ਅੱਗੇ ਜਾ ਕੇ ਖੁਲ੍ਹਣਾ ਹੈ।

ਇਸ ਤਰ੍ਹਾਂ ਦੇ ਨਾਲ ਭਾਈ ਘਨਈਆ ਕਹਿਣ ਲੱਗਿਆ ਕਿ ਖਾਨ ਸਾਹਿਬ! ਸਾਨੂੰ ਜੋ ਉਪਦੇਸ਼ ਦਿੱਤਾ ਜਾਂਦਾ ਹੈ, ਉਹ ਇਹ ਹੈ ਕਿ ਆਹ ਸਾਰਾ ਸੰਸਾਰ ਜਿੰਨਾਂ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ ॥***

***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***

***ਅੰਗ - 922***

ਜਦੋਂ ਤੱਕ ਸਾਨੂੰ ਇਹ ਸੰਸਾਰ ਪ੍ਰਮੇਸ਼ਰ ਦਾ ਰੂਪ ਨਜ਼ਰ ਨਹੀਂ ਆਉਂਦਾ, ਓਨੀਂ ਦੇਰ ਤੱਕ ਅਸੀਂ ਮੰਜ਼ਲ 'ਤੇ ਨਹੀਂ ਪਹੁੰਚਦੇ। ਖਾਨ ਸਾਹਿਬ! ਸਾਡੇ ਵਾਸਤੇ ਨਾ ਕੋਈ ਵੈਰੀ ਹੈ, ਨਾ ਬਿਗਾਨਾ ਹੈ। ਨਾਉਂ ਕੀ ਹੈ ਤੇਰਾ? ਕਹਿੰਦੇ, ਮੈਨੂੰ ਘਨਈਆਂ ਕਹਿੰਦੇ ਨੇ। ਕਿਉਂ ਭਾਈ ਘਨਈਆ! ਸੱਚਮੁੱਚ ਗੁਰੂ ਗੋਬਿੰਦ ਸਿੰਘ ਐਸੇ ਨੇ, ਮੈਂ ਤੈਨੂੰ ਦੇਖਿਆ ਹੈ, ਮੇਰੇ ਅੰਦਰ ਭਰੋਸਾ ਆ ਰਿਹਾ ਹੈ ਯਕੀਨ ਆ ਰਿਹਾ ਹੈ ਕਿ ਸੱਚਮੁੱਚ ਤੇਰਾ ਗੁਰੂ ਤਾਂ ਬਹੁਤ ਮਹਾਨ ਹੋਵੇਗਾ। ਜਿਹਦੇ ਸਿੱਖ ਵਿੱਚ ਐਨਾ ਏਕਤਾ ਦਾ ਭਾਵ ਹੈ। ਤੁਸੀਂ ਮੇਰੀ ਦੁਆ ਕਰੋ ਕਿ ਮੈਂ ਰਾਜ਼ੀ ਹੋ ਜਾਵਾਂ। ਮੈਂ ਗੁਰੂ ਗੋਬਿੰਦ ਸਿੰਘ ਦੇ ਚਰਨ ਪਰਸਾਂਗਾ ਰਾਜ਼ੀ ਹੋ ਕੇ। ਤੂੰ ਮੈਨੂੰ ਪਾਣੀ ਨਹੀਂ ਪਿਲਾਇਆ, ਤੂੰ ਕੋਈ ਆਬ-ਏ-ਹਿਯਾਤ ਮੈਨੂੰ ਪਿਲਾ ਦਿੱਤਾ। ਮੇਰੇ ਅੰਦਰੋਂ ਵੈਰ ਦਾ ਭਾਵ ਖਤਮ ਕਰ ਦਿੱਤਾ। ਤੂੰ ਮੇਰੇ ਅੰਦਰ ਕੋਈ ਕਰੂਰਤਾ ਕੱਢ ਦਿੱਤੀ। ਨਿਰਮਲ ਬਣਾ ਦਿੱਤਾ।

ਆਹ ਬਚਨ ਹੋ ਰਹੇ ਸੀ, ਉਸੇ ਵੇਲੇ ਉਹ ਸਿੰਘ ਆਏ, ਆ ਕੇ ਕਹਿਣ ਲੱਗੇ ਕਿ ਭਾਈ ਘਨਈਆ! ਸਾਡੇ ਨਾਲ ਹੁਣੇ ਹੀ ਚੱਲ। ਉਸ ਵੇਲੇ ਭਾਈ ਘਨਈਆ ਨਾਲ ਤੁਰ ਪੈਂਦਾ ਹੈ, ਗੁਰੂ ਸਾਹਿਬ ਦੇ ਪਾਸ ਪਹੁੰਚ ਜਾਂਦੇ ਨੇ, ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਘਨਈਆ! ਅੱਜ ਪਾਣੀ ਕੀਹਨੂੰ ਪਿਲਾਉਂਦਾ ਰਿਹਾ ਹੈਂ? ਮੁਗਲਾਂ ਨੂੰ ਪਿਲਾਉਂਦਾ ਰਿਹਾ ਹੈਂ?

''ਨਹੀਂ ਸੱਚੇ ਪਾਤਸ਼ਾਹ।''

''ਪਹਾੜੀ ਫੌਜਾਂ ਨੂੰ ਪਿਲਾਉਂਦਾ ਰਿਹਾ ਹੈਂ?''

''ਨਹੀਂ ਸੱਚੇ ਪਾਤਸ਼ਾਹ।''

''ਫੇਰ ਖਾਲਸਾ ਫੌਜਾਂ ਨੂੰ ਪਿਲਾਉਂਦਾ ਰਿਹਾ ਹੈਂ?''

ਕਹਿੰਦਾ, ਨਹੀਂ ਸ'ਚੇ ਪਾਤਸ਼ਾਹ!

ਸਿੰਘ ਵਿਚੋਂ ਬੋਲ ਪਏ ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਹਾਡੇ ਤੋਂ ਡਰਦਾ ਝੂਠ ਬੋਲਦਾ ਹੈ। ਅਸੀਂ ਜਦ ਗਏ ਹਾਂ ਦੋਵੇਂ ਜਣੇ ਉਸ ਵੇਲੇ ਓਸ ਮਹਾਂਪਾਪੀ ਨੂੰ ਜਿਹੜਾ ਤੁਹਾਡੇ ਉਤੇ ਅੱਜ ਹਮਲਾ ਕਰਕੇ ਆਇਆ ਸੀ, ਉਹਨੂੰ ਪਾਣੀ ਪਿਲਾ ਰਿਹਾ ਸੀ, ਉਹਦੇ ਨਾਲ ਗੱਲਾਂ ਕਰ ਰਹੇ ਸੀ। ਮਹਾਰਾਜ ਕਹਿੰਦੇ, ਕਿਉਂ ਭਾਈ ਘਨਈਆਂ! ਫੇਰ ਤੂੰ ਪਾਣੀ ਕੀਹਨੂੰ ਪਿਲਾਇਆ ਹੈ?

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਜਾਣੀ ਜਾਣ ਓਂ? ਤੇ ਜਦੋਂ ਮੇਰੀ ਅੱਖ ਬੰਦ ਸੀ ਉਸ ਵੇਲੇ ਮੈਨੂੰ ਪਤਾ ਸੀ ਕਿ ਮੈਂ ਕੀਹਨੂੰ ਪਾਣੀ ਪਿਲਾਉਣਾ ਹੈ ਕੀਹਨੂੰ ਨਹੀਂ ਪਿਲਾਉਣਾ ਹੈ। ਜਦੋਂ ਤੂੰ ਮੈਨੂੰ ਨੇਤਰ ਬਖਸ਼

ਦਿੱਤਾ, ਅੰਦਰਲਾ ਮੇਰਾ ਨੇਤਰ ਖੁੱਲ੍ਹ ਗਿਆ। ਬਿਅੰਨ ਅੱਖੜੀਆਂ ਮੇਰੀਆਂ ਖੁੱਲ੍ਹ ਗਈਆਂ ਹੁਣ ਸ'ਚੇ ਪਾਤਸ਼ਾਹ! ਮੈਨੂੰ ਤੇਰੇ ਬਗੈਰ ਕੋਈ ਨਜ਼ਰ ਨਹੀਂ ਆਉਂਦਾ, ਐਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ –

*ਧਾਰਨਾ – ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ।*

*ਮੈਨੂੰ ਸਾਰੀਆਂ ਘਟਾਂ ਦੇ ਵਿੱਚ ਦਿਸਿਆ।*
*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥*
***ਅੰਗ – 407***

ਜਿਸ ਅੱਖ ਨੂੰ ਦੇਖਣ ਵਾਸਤੇ ਯੋਗੀ, ਬਹੁਤ ਲੰਮੀਆਂ ਸਮਾਧੀਆਂ ਲਾਉਂਦੇ ਨੇ, ਤਪੀਏ ਵੱਡੇ-ਵੱਡੇ ਤਪ ਕਰਦੇ ਨੇ, ਜਪ ਕਰਨ ਵਾਲੇ ਜਪ ਕਰਦੇ ਨੇ, ਕਰਮ-ਕਾਂਡ ਕਰਨ ਵਾਲੇ, ਕਰਮਕਾਂਡ ਕਰਦੇ ਨੇ, ਲੇਕਿਨ ਉਹ ਅੱਖ ਨਹੀਂ ਖੁਲ੍ਹਦੀ ਗੁਰੂ ਦੀ ਕ੍ਰਿਪਾ ਤੋਂ ਬਗੈਰ। ਆਪਣੇ ਆਪ ਉਹ ਅੱਖ ਨਹੀਂ ਖੁਲ੍ਹਿਆ ਕਰਦੀ। ਬੜੇ ਤਰੀਕਿਆਂ ਦੇ ਨਾਲ ਗੁਰੂ ਮਹਾਰਾਜ ਨੇ, ਕਈ ਤਰੀਕਿਆਂ ਦੇ ਦ੍ਰਿਸ਼ਟਾਂਤ ਦੇ ਕੇ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ ਕਿ ਪ੍ਰਮੇਸ਼ਰ ਸਾਰਿਆਂ ਦੇ ਅੰਦਰ ਹੈ, ਬਾਹਰ ਵੀ ਹੈ।

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥*
***ਅੰਗ – 684***

ਉਹ ਤੇਰੇ ਨਾਲ ਹਰ ਵਕਤ ਰਹਿੰਦਾ ਹੈ। ਕਿਵੇਂ ਰਹਿੰਦਾ ਹੈ? ਜਿਵੇਂ ਫੁੱਲ ਨੂੰ ਤੋੜ ਕੇ ਕਿਤੇ ਲੈ ਜਾਓ, ਉਹਦੀ ਖੁਸ਼ਬੂ ਵਿੱਚ ਰਹਿੰਦੀ ਹੈ ਐਸੇ ਤਰ੍ਹਾਂ ਦੇ ਨਾਲ ਹਰ ਘਟ ਦੇ ਵਿੱਚ ਵਾਹਿਗੁਰੂ ਰਹਿੰਦਾ ਹੈ, ਅੱਡ ਨਹੀਂ ਹੁੰਦਾ। ਉਹ ਹਰ ਥਾਂ ਦੇ ਉਤੇ ਹੈ। ਜਦੋਂ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ, ਫੇਰ ਆਦਮੀ ਭਟਕਦਾ ਨਹੀਂ ਕਿ ਮੈਂ ਰੱਬ ਨੂੰ ਦੇਖਣ ਜਾ ਰਿਹਾ ਹਾਂ। ਕਿਉਂਕਿ ਆਮ ਆਦਮੀ ਦੇ ਅੰਦਰ ਭਟਕਣ ਹੈ, ਅਗਿਆਨਤਾ ਹੈ, ਉਹ ਜਾਂਦੇ ਨੇ, ਜਾਓ ਠੀਕ ਹੈ ਗੁਰਦੁਆਰਿਆਂ ਦੇ ਦਰਸ਼ਨ ਕਰੋ, ਤੀਰਥਾਂ ਦੇ ਦਰਸ਼ਨ ਕਰੋ, ਇਸਲਾਮ ਵਾਲਾ ਕਾਹਬੇ ਜਾਵੇ, ਉਹ ਇੱਕ ਅਵਸਥਾ ਹੋਇਆ ਕਰਦੀ ਹੈ ਜਦੋਂ ਅੱਖ ਬੰਦ ਹੁੰਦੀ ਹੈ, ਜਦੋਂ ਅੱਖ ਖੁਲ੍ਹ ਜਾਂਦੀ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਵਾਕ ਆਉਂਦਾ ਹੈ –

*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥* ***ਅੰਗ – 1195***

ਉਥੇ ਤਾਂ, ਤਾਂ ਜਾਈਏ ਜੇ ਇੱਥੇ ਨਾ ਹੋਵੇ। ਕਬੀਰ ਸਾਹਿਬ ਹੋਰ ਸਮਝਾਉਂਦੇ ਨੇ –

ਕਬੀਰ ਸਾਹਿਬ ਕਹਿੰਦੇ, ਮੈਂ ਹੱਜ ਨੂੰ ਤੋਰ ਲਿਆ ਨਾਲਦਿਆਂ ਨੇ ਕਿ ਤੂੰ ਹੱਜ ਨਹੀਂ ਕਰਿਆ। ਤੈਨੂੰ ਹਿੰਦੂ ਵੀ ਓਹੋ ਜਿਹੇ, ਮੁਸਲਮਾਨ ਵੀ ਉਹੋ ਜਿਹੇ, ਮੰਦਰਾਂ 'ਚ ਤਾਂ ਤੂੰ ਕਈ ਵਾਰੀ ਜਾ ਆਇਆ, ਕਾਹਬੇ ਵੀ ਚੱਲ। ਕਹਿੰਦੇ ਉਥੇ ਕੀ ਹੋਏਗਾ? ਕਹਿੰਦੇ, ਉਥੇ ਖੁਦਾ ਦੇ ਦਰਸ਼ਨ ਹੋਣਗੇ।

ਸਾਡੇ ਵੀ ਬਹੁਤ ਸਾਰੇ ਪ੍ਰੇਮੀ ਕਹਿ ਦਿੰਦੇ ਨੇ ਕਿ ਜੀ, ਹਜ਼ੂਰ ਸਾਹਿਬ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੁੰਦੇ ਨੇ, ਹੇਮਕੁੰਟ ਚਲੇ ਜਾਓ, ਉਥੇ ਦਰਸ਼ਨ ਹੁੰਦੇ ਨੇ। ਬਾਕੀ ਦੇਸ਼ ਕੀਹਦਾ ਹੈ ਫੇਰ? ਜਿਸ ਵਕਤ ਮੈਂ ਕਾਸ਼ੀ ਤੋਂ ਬਾਹਰ ਆਇਆ ਤਾਂ ਅੱਗੇ ਰੱਬ ਮਿਲ ਗਿਆ। ਉਹ ਰੂਪਕ ਬੰਨ੍ਹ ਰਹੇ ਨੇ ਏਸ ਗੱਲ ਦਾ ਤੇ ਮੇਰੇ ਨਾਲ ਗੁੱਸੇ ਹੋ ਗਿਆ ਤੇ ਮੈਂ ਕਿਹਾ ਕਿ ਸਾਂਈਂ! ਤੂੰ ਮੇਰੇ ਨਾਲ ਗੁੱਸੇ ਕਿਉਂ ਹੋ ਗਿਆ। ਕਹਿੰਦੇ, ਉਹਨੇ ਮੈਨੂੰ ਕਿਹਾ ਕਿ ਤੈਨੂੰ ਕਿਹਾ ਕੀਹਨੇ ਹੈ ਕਿ ਮੈਂ ਕਾਹਬੇ 'ਚ ਰਹਿੰਦਾ ਹਾਂ।

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***

***ਅੰਗ - 1375***

ਤੈਨੂੰ ਕੀਹਨੇ ਦੱਸ ਦਿੱਤਾ ਕਿ ਮੈਂ ਉਥੇ ਰਹਿੰਦਾ ਹਾਂ। ਤੈਨੂੰ ਕਿਸੇ ਨੇ ਦੱਸ ਦਿੱਤਾ ਕਿ ਮੈਂ ਖਾਸ ਕਿਸੇ ਮੰਦਰ 'ਚ ਰਹਿੰਦਾ ਹਾਂ ਜਾਂ ਖਾਸ ਕਿਸੇ ਠਾਕੁਰ ਦੁਆਰੇ, ਜਾਂ ਕਿਸੇ ਮਸਜਿਦ 'ਚ ਰਹਿੰਦਾ ਹਾਂ।

ਇੱਕ ਵਾਰੀ ਨਾਮਦੇਵ ਜੀ ਨੇ ਵਾਹਿਗੁਰੂ ਦੇ ਉਤੇ ਸਵਾਲ ਕਰ ਦਿੱਤਾ। ਪ੍ਰਮੇਸ਼ਰ ਨੇ ਜਦ ਦੇਹੁਰਾ ਫੇਰਿਆ ਉਨ੍ਹਾਂ ਦਾ ਉਸ ਵੇਲੇ ਉਹਦੇ ਮਨ ਵਿੱਚ ਥੋੜ੍ਹਾ ਜਿਹਾ ਅਭਿਮਾਨ ਹੋ ਗਿਆ ਕਿ ਮੈਂ ਜਦੋਂ ਵੀ ਯਾਦ ਕਰਦਾ ਹਾਂ, ਪ੍ਰਮੇਸ਼ਰ ਆ ਜਾਂਦਾ ਹੈ। ਪ੍ਰਮੇਸ਼ਰ ਨੂੰ ਹੋਰ ਜਿਹੜੇ ਬਾਕੀ ਦੇ ਅਉਗਣ ਨੇ, ਉਹ ਮਾਫ ਕਰ ਦਿੰਦਾ ਹੈ। ਲੇਕਿਨ ਇੱਕ ਚੀਜ਼ ਹੈ। ਜਿਹੜੀ ਭਾਉਂਦੀ ਨਹੀਂ ਉਹਨੂੰ -

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***

***ਅੰਗ - 1089***

ਇਹ ਕਿਉਂ ਨਹੀਂ ਭਾਉਂਦੀ, ਰੱਬ ਦੇ ਵਿੱਚ ਤੇ ਜੀਵ ਵਿੱਚ ਵਿੱਥ ਪੈ ਜਾਂਦੀ ਹੈ। ਜਦੋਂ ਮੈਂ ਉੱਠ ਖੜ੍ਹਦੀ ਹੈ ਤਾਂ ਵਿੱਥ ਪੈ ਜਾਂਦੀ ਹੈ ਜਦੋਂ ਮੈਂ ਨਹੀਂ ਹੁੰਦੀ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***

***ਅੰਗ - 657***

ਪ੍ਰਮੇਸ਼ਰ ਤੋਂ ਜੇ ਕੋਈ ਚੀਜ਼ ਸਾਨੂੰ ਵੱਖਰਾ ਕਰਦੀ ਹੈ, ਉਹ ਮੈਂ ਤੇ ਮੇਰੀ ਕਰਦੀ ਹੈ। ਅਸੀਂ ਸਾਰੇ ਮੈਂ ਤੇ ਮੇਰੀ 'ਚ ਫਸੇ ਹੋਏ ਹਾਂ। ਇਸ ਕਰਕੇ ਕੋਲ ਵਸਦੇ ਰੱਬ ਦੇ ਨਾਲ ਸਾਡਾ ਮਿਲਾਪ ਨਹੀਂ ਹੁੰਦਾ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - 624***

ਭਾਂਬੀਰੀ ਦੇ ਫੰਘ ਦੇ ਜਿੰਨਾਂ ਐਨਾ ਪਤਲਾ ਜਿਹਾ ਕਹਿੰਦੇ ਫਰਕ ਹੈ। ਹਉਮੈ ਦਾ। ਐਨੀ ਪਤਲੀ ਹੈ। ਇਹ ਤਾਂ ਸਮਝਾਉਣ ਵਾਸਤੇ ਹੈ ਦਰਅਸਲ ਇਹਦਾ ਵਜੂਦ ਹੈ ਨਹੀਂ ਕੋਈ। ਕੇਵਲ ਮੰਨਣ ਵਾਸਤੇ ਹੈ ਕਿ ਮੈਂ ਹਾਂ, ਹੈ ਨਹੀਂ ਇਹ ਚੀਜ਼। ਹੈਗਾ ਇੱਕੋ ਹੀ ਵਾਹਿਗੁਰੂ, ਲੇਕਿਨ ਮਾਇਆ ਨੇ

ਉਹਦੇ ਤਿੰਨ ਟੁਕੜੇ ਕਰ ਦਿੱਤੇ, ਦਿਖਾ ਦਿੱਤੇ। ਇੱਕ ਤਾਂ ਈਸ਼ਵਰ ਬਣਾ ਦਿੱਤਾ, ਇੱਕ ਦੁਨੀਆਂ ਬਣਾ ਦਿੱਤੀ। ਇੱਕ ਜੀਵ ਬਣਾ ਦਿੱਤਾ ਤਿੰਨ ਹਿੱਸੇ ਕਰਕੇ ਦਿਖਾ ਦਿੱਤਾ ਇੱਕ ਅਖੰਡ ਜੋਤੀ। ਕਈਆਂ ਦੇ ਮਨਾਂ 'ਚ ਖਿਆਲ ਹੁੰਦਾ ਹੈ ਕਿ ਐਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਚੀਜ਼ ਇੱਕ ਹੋਵੇ ਤਿੰਨ ਹਿੱਸਿਆਂ 'ਚ ਨਜ਼ਰ ਆਵੇ। ਆਹ ਚੰਦ ਚੜ੍ਹਨਾ ਹੈ, ਇਹਦੇ ਵੱਲ ਦੇਖਣ ਲੱਗ ਜਾਓ, ਕੋਏ ਵਿੱਚ ਉਂਗਲੀ ਦੇ ਦਿਓ। ਕੀ ਦਿੱਸੇਗਾ? ਦੋ ਚੰਦ ਦਿਸਣਗੇ। ਸਿਆਣਾ ਬੰਦਾ ਤਾਂ ਜਾਣ ਜਾਂਦਾ ਹੈ ਕਿ ਮੇਰੀ ਨਿਗ੍ਹਾ 'ਚ ਫਰਕ ਪੈ ਗਿਆ ਤੇ ਮੈਨੂੰ ਇੱਕ ਦੇ ਦੋ ਦਿਸਦੇ ਨੇ। ਆਹ ਬਲਬ ਵੱਲ ਨੂੰ ਝਾਕ ਕੇ ਉਂਗਲੀ ਦੇ ਦਿਓ ਕੋਏ 'ਚ ਦੋ ਬਲਬ ਨਜ਼ਰ ਆਉਣਗੇ। ਨਿਆਣੇ ਜਿਹੜੇ ਨੇ ਉਹ ਦੋਹਾਂ ਦੇ ਵਿਚਾਲੇ ਉਂਗਲੀ ਲਾਉਣ ਦੀ ਕੋਸ਼ਿਸ਼ ਕਰਨਗੇ ਕਿ ਉਂਗਲੀ ਲਾ ਦੇਈਏ। ਹੈ ਤਾਂ ਨਹੀਂ, ਅਸਲੀਅਤ ਤਾਂ ਹੈ ਨਹੀਂ। ਲੇਕਿਨ ਦੋ ਸ਼ੱਕ ਦੇ ਵਿੱਚ ਹੋਣ ਕਰਕੇ ਉਹ ਨਜ਼ਰ ਆ ਰਹੇ ਨੇ ਦੋ। ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਤਾਂ ਸਾਰਿਆਂ ਦੇ ਅੰਦਰ ਪਰੀਪੂਰਨ ਹੈ, ਹੈ ਹੀ ਵਾਹਿਗੁਰੂ ਲੇਕਿਨ ਮਾਇਆ ਦਾ ਦੋਸ਼ ਹੋਣ ਕਰਕੇ, ਹਉਮੈ ਦਾ ਦੋਸ਼ ਲੱਗ ਜਾਣ ਕਰਕੇ ਉਹ ਤਿੰਨ ਹਿੱਸਿਆਂ 'ਚ ਨਜ਼ਰ ਆਉਂਦਾ ਹੈ।

ਨਾਮਦੇਵ ਜੀ ਦੇ ਮਨ 'ਚ ਅਹੰਭਾਵ ਆਉਣ ਦੇ ਨਾਲ ਪ੍ਰਮੇਸ਼ਰ ਨੇ ਕਿਹਾ ਕਿ ਇਹਦੀ ਅੰਸ ਹੁਣੇ ਗੁਆ ਦੇਣੀ ਚਾਹੀਦੀ ਹੈ। ਕਿਉਂਕਿ ਪ੍ਰਮੇਸ਼ਰ ਨਹੀਂ ਚਾਹੁੰਦਾ। ਕਿ ਮੇਰਾ ਪਿਆਰਾ ਮੇਰੇ ਤੋਂ ਦੂਰ ਹੋ ਜਾਵੇ। ਉਸ ਵੇਲੇ ਫੁਰਨਾ ਪੈਦਾ ਕਰ ਦਿੱਤਾ ਉਹਦੇ ਮਨ 'ਚ। ਫੁਰਨਾ ਪੈਦਾ ਕਰਿਆ ਉਹ ਕਹਿਣ ਲੱਗਿਆ ਕਿ ਹੇ ਪ੍ਰਭੂ! ਤੁਹਾਨੂੰ ਮੇਰੇ ਤੋਂ ਵੀ ਪਿਆਰਾ ਕੋਈ ਹੈ? ਕਿਉਂਕਿ ਸਾਖੀ ਸੁਣੀ ਸੀ ਕਿ ਫਲਾਣੇ ਥਾਉਂ ਰੱਬ ਬਹੁੜ ਗਿਆ, ਕਬੀਰ ਸਾਹਿਬ ਨੂੰ ਬਹੁੜ ਗਿਆ, ਭਗਤਾਂ ਦੇ ਬੇਅੰਤ ਦੇ ਨਾਮ ਸੁਣਦਾ ਸੀ, ਲੇਕਿਨ ਕਦੇ ਸੁਣਿਆ ਨਹੀਂ ਸੀ ਕਿ ਕਿਸੇ ਨੂੰ ਰੱਬ ਨੇ ਦਰਸ਼ਨ ਦਿੱਤੇ ਤੇ ਦੇਹੁਰਾ ਫੇਰ ਦਿੱਤਾ। ਉਹ ਪ੍ਰਤੱਖ ਗੱਲ ਹੋ ਗਈ। ਉਸ ਵੇਲੇ ਕਹਿਣ ਲੱਗੇ, ਨਾਮਦੇਵ! ਮੇਰੇ ਤਾਂ ਵੱਡੇ ਤੋਂ ਵੱਡੇ ਭਗਤ ਪਏ ਨੇ। ਕਹਿਣ ਲੱਗਿਆ, ਕਿਸੇ ਦੇ ਦਰਸ਼ਨ ਕਰਾ ਦਿਓ। ਮਨ 'ਚ ਇਹ ਕਿ ਮੈਂ ਪਿਆਰਾ ਹਾਂ। ਮੈਨੂੰ ਐਵੇਂ ਹੀ ਟਾਲਦੇ ਨੇ। ਉਸ ਵੇਲੇ ਉਹ ਕਹਿਣ ਲੱਗੇ ਕਿ ਇੱਥੇ ਰੰਕਾ ਬੰਕਾ ਦੋ ਰਹਿੰਦੇ ਨੇ। ਇੱਕ ਬੀਬੀ ਹੈ ਇੱਕ ਭਾਈ ਹੈ ਉਨ੍ਹਾਂ ਨੂੰ ਪੁੱਛ ਲੈ ਉਹ ਮੈਨੂੰ ਬੜੇ ਪਿਆਰੇ ਨੇ। ਉਥੇ ਪੁੱਛ ਕੇ ਉਨ੍ਹਾਂ ਦੇ ਚਲਿਆ ਜਾਂਦਾ ਹੈ, ਅੱਗੇ ਕੀ ਦੇਖਦਾ ਹੈ ਕਿ ਟੁੱਟੀ ਹੋਈ ਝੌਂਪੜੀ ਹੈ ਤੇ ਸੂਰਜ ਦੀਆ ਕਿਰਨਾਂ ਟੁੱਟਿਆਂ ਥਾਵਾਂ ਤੋਂ ਅੰਦਰ ਪੈਂਦੀਆਂ ਨੇ। ਜੇ ਮੀਂਹ ਪੈ ਜਾਵੇ ਤਾਂ ਮੀਂਹ ਅੰਦਰ ਜਾਂਦਾ ਹੈ। ਉਥੇ ਦਰਵਾਜ਼ੇ ਦੇ ਕੋਲ ਚਲਿਆ ਗਿਆ ਖੁੱਲ੍ਹਾ ਦਰਵਾਜ਼ਾ, ਨਾ ਕੋਈ ਤਖਤੇ ਨਾ ਕੋਈ ਜੋੜੀ, ਇੱਕ ਫੂਸ ਦਾ ਖੜ੍ਹਾ ਹੈ ਉਹ ਮੂਹਰੇ ਦੇਖ ਕੇ ਬੰਦ ਹੋ ਜਾਂਦੀ ਹੈ ਤੇ ਪਰ੍ਹੇ ਕਰ ਦੇਣ ਖੁਲ੍ਹ ਜਾਂਦਾ ਹੈ ਦਰਵਾਜ਼ਾ। ਉਹਦੇ ਵਿੱਚ ਇੱਕ ਟੁੱਟਿਆ ਹੋਇਆ ਮੰਜਾ ਪਿਆ ਹੈ ਜਿਹਦਾ ਬਾਣ ਥੱਲੇ ਲੱਗਿਆ ਪਿਆ ਹੈ ਤੇ ਇੱਕ ਬੀਬੀ ਹੈ ਉਹ ਰਗੜ ਰਹੀ ਹੈ ਕੁਛ ਪੀਲੇ ਰੰਗ ਦੀ ਚੀਜ਼। ਹਲਦੀ ਰਗੜਦੀ ਹੈ। ਉਹਨੂੰ ਜਾ ਕੇ ਪੁੱਛਿਆ ਕਹਿੰਦਾ,

ਭੈਣ ਜੀ! ਰੰਕਾ ਬੰਕਾ ਦਾ ਘਰ ਕਿੱਥੇ ਹੈ ਕਹਿੰਦੇ ਵੀਰਾ! ਆਹੀ ਹੈ, ਅੰਦਰ ਲੰਘ ਆ ਤੂੰ। ਝੌਂਪੜੀ 'ਚ ਚਲਿਆ ਗਿਆ, ਹੁਣ ਗੱਲ ਕਰਨ ਦੀ ਹਿੰਮਤ ਨਹੀਂ ਪੈਂਦੀ।

ਫੇਰ ਕਹਿਣ ਲੱਗੇ, ਬੀਬੀ! ਭਗਵਾਨ ਇੱਥੇ ਰਹਿੰਦੇ ਨੇ?

ਕਹਿੰਦੀ ਹਾਂ ਵੀਰਾ! ਇੱਥੇ ਹੀ ਰਹਿੰਦੇ ਨੇ।

ਕਹਿੰਦੇ, ਪੈਂਦੇ ਕਿੱਥੇ ਨੇ?

ਕਹਿੰਦੀ, ਆਹ ਪਲੰਘ ਜਿਹੜਾ ਹੈ ਇਹਦੇ ਉਤੇ ਹੀ ਪੈ ਪੂ ਜਾਂਦੇ ਨੇ।

ਪੁੱਛਣ ਲੱਗੇ ਕਿ ਤੂੰ ਕੀ ਕਰਦੀ ਹੈਂ?

ਕਹਿੰਦੀ ਕਿ ਮੈਂ ਹਲਦੀ ਰਗੜਦੀ ਹਾਂ, ਕੱਲ੍ਹ ਪਰਸੋਂ ਦੀ ਗੱਲ ਹੈ ਕਿ ਇੱਕ ਨਵਾਂ-ਨਵਾਂ ਭਗਤ ਜਿਹਦਾ ਅਜੇ ਹਰਖ ਤੇ ਸੋਗ ਬਰਾਬਰ ਨਹੀਂ ਹੋਇਆ। ਉਹ ਕਿਤੇ ਮੰਦਿਰ ਵਿੱਚ ਚਲਿਆ ਗਿਆ। ਮੰਦਰ ਦੇ ਪਾਂਡਿਆਂ ਨੇ ਛੋਟੀ ਜਾਤ ਦਾ ਸਮਝ ਕੇ ਉਹਦਾ protest ਕਰਕੇ ਉਨ੍ਹਾਂ ਨੇ ਉਠਾ ਦਿੱਤਾ, ਕੁਛ ਧੱਕੇ ਵੀ ਮਾਰੇ, ਕੁਛ ਥੱਪੜ ਵੀ ਮਾਰੇ ਤੇ ਬਹੁਤ ਬੇਇਜ਼ਤੀ ਮਹਿਸੂਸ ਕਰੀ ਉਸ ਤੋਂ ਬਾਅਦ ਉਹ ਚਲਿਆ ਜਾਂਦਾ ਹੈ ਤੇ ਪਿੱਛੋਂ ਜਾ ਕੇ ਰੱਬ ਨੂੰ ਉਲਾਂਭੇ ਦਿੰਦਾ ਹੈ -

***ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ਅੰਗ - 1164***

ਹੇ ਪ੍ਰਭੂ! ਜੇ ਮੈਂ ਤੈਨੂੰ ਪਿਆਰ ਨਹੀਂ ਸੀ ਕਰ ਸਕਦਾ। ਤਾਂ ਮੈਨੂੰ ਤੂੰ ਜਨਮ ਕਿਸੇ ਬ੍ਰਾਹਮਣ ਦਾ ਦੇ ਦਿੰਦਾ ਤਾਂ ਕਿ ਮੈਂ ਪਿਆਰ ਕਰ ਲੈਂਦਾ। ਭਗਵਾਨ ਨੂੰ ਉਲਾਂਭੇ ਦੇਈ ਗਿਆ, ਭਗਵਾਨ ਨੇ ਉਹਦਾ ਦੇਹੁਰਾ ਫੇਰ ਕੇ ਉਹਦੇ ਵਲ ਨੂੰ ਮੂੰਹ ਕਰ ਦਿੱਤਾ।

ਤੇ ਭਗਵਾਨ ਦੇ ਇੱਕ ਜਰਕ ਜਿਹੀ ਆ ਗਈ। ਉਹ ਜ਼ਖਮ ਜਿਹਾ ਹੋ ਗਿਆ, ਉਹਦੇ ਉਤੇ ਹਲਦੀ ਲਾਉਂਦੇ ਹਾਂ ਅਸੀਂ, ਹੁਣ ਤਾਂ ਠੀਕ ਹੈ।

ਕਈ ਪ੍ਰੇਮੀਆਂ ਦੇ ਮਨ 'ਚ ਆ ਜਾਂਦਾ ਹੈ ਕਿ ਆਹ ਗੱਲਾਂ ਹੋ ਜਾਂਦੀਆਂ ਨੇ? ਇਹ ਮਹਾਂਪੁਰਸ਼ਾਂ ਦੀ ਮੌਜ ਹੈ, ਅਕਾਲ ਪੁਰਖ ਦੀ ਮੌਜ ਹੈ ਸਾਨੂੰ ਮੱਤ ਦੇਣ ਵਾਸਤੇ ਹੋ ਜਾਂਦੀਆਂ ਨੇ।

ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਗੁਪਤ ਬੈਠੇ ਨੇ, ਕਿਸੇ ਨੂੰ ਨਹੀਂ ਪਤਾ ਕਿ ਅੱਠਵੇਂ ਤੋਂ ਬਾਅਦ ਨੌਵਾਂ ਗੁਰੂ ਕਿੱਥੇ ਹੈ, ਕੇਵਲ ਐਨਾ ਪਤਾ ਹੈ ਬਾਬਾ ਬਕਾਲੇ, ਉਸ ਗੱਲ ਦਾ ਫਾਇਦਾ ਉਠਾ ਕੇ ਇੱਕੀ ਕੱਚੇ ਗੁਰੂਆਂ ਨੇ ਆ ਕੇ ਮੰਜੀਆਂ ਲਾ ਲਾਈਆਂ। ਏਜੰਟ ਰੱਖ ਲਏ, ਹਿੱਸੇ ਪੱਤੀ ਹੋ ਗਈ, ਕਿਸੇ ਦਾ ਚੌਥਾ ਹਿੱਸਾ, ਕਿਸੇ ਨੇ ਕਿਹਾ ਅੱਧ ਤੇਰਾ। ਇੱਕ ਨੇ ਕਿਹਾ ਕਿ ਪੂਰਾ ਹੀ ਤੇਰਾ, ਤੂੰ ਬੰਦੇ ਮੇਰੇ ਕੋਲ ਲਿਆਈ ਜਾ। ਇਸ ਤਰ੍ਹਾਂ ਦੇ ਨਾਲ ਗੁਰੂ ਅਲੋਪ ਹੋ ਗਏ । ਜਿਹੜਾ ਅਸਲੀ ਗੁਰੂ ਸੀ ਉਹ ਚੁੱਪ

ਕਰਿਆ ਬੈਠਾ ਹੈ। ਉਸ ਵੇਲੇ ਮੱਖਣਸ਼ਾਹ ਲੁਬਾਣਾ ਆਪਣਾ ਜਹਾਜ਼ ਲੈ ਕੇ ਜਾ ਰਿਹਾ ਹੈ। ਇਤਿਹਾਸ 'ਚ ਲਿਖਿਆ ਹੈ ਕਿ ਦੋ ਜਣਿਆਂ ਕੋਲ ਇੱਕ ਜਹਾਜ਼ ਸੀਗਾ। ਅੱਧਾ ਭਾਈ ਮੱਖਣਸ਼ਾਹ ਦਾ ਸੀਗਾ। ਅੱਧਾ ਦੂਸਰੇ ਦਾ ਸੀ। ਜਿਵੇਂ ਕੰਪਨੀ ਬਣਾਈ ਦੀ ਹੁੰਦੀ ਹੈ, ਕੰਪਨੀ ਬਣੀ ਹੋਈ ਸੀ ਤੇ ਜਹਾਜ਼ ਲੈ ਕੇ ਆਹ ਜਿਹੜੇ ਜਜ਼ੀਰੇ ਨੇ ਸਾਡੇ ਨੇੜੇ-ਨੇੜੇ ਜਿਨ੍ਹਾਂ ਨੂੰ ਸੰਗਲਾਦੀਪ ਕਹਿੰਦੇ ਨੇ ਉਨ੍ਹਾਂ ਦੇ ਵਿੱਚ ਵਪਾਰ ਵਾਸਤੇ ਜਾ ਰਿਹਾ ਸੀ। ਉਹ ਜਹਾਜ਼ ਜਿਹੜਾ ਹੈ ਉਹ ਚੁੱਕ ਕੇ ਜਵਾਹਰਭਾਟੇ ਨੇ ਬਰੇਤੀ 'ਤੇ ਥੋੜ੍ਹੇ ਪਾਣੀ ਵਿੱਚ ਕਰ ਦਿੱਤਾ। ਜਵਾਹਰਭਾਟਾ ਉਤਰ ਗਿਆ, ਜਹਾਜ਼ ਉਥੇ ਅੜ ਗਿਆ। ਹੁਣ ਕੋਈ ਤਰੀਕਾ ਨਹੀਂ ਜਿਹਦੇ ਨਾਲ ਜਹਾਜ਼ ਸਮੁੰਦਰ 'ਚ, ਗਹਿਰੇ ਪਾਣੀ 'ਚ ਆ ਜਾਏ। ਉਸ ਵੇਲੇ ਉਹਨੇ ਅਰਦਾਸ ਕਰੀ ਬੜੇ ਯਤਨ ਕਰੇ ਕਿ ਕੋਈ ਤਰੀਕਾ ਪੁੱਟ ਪੁਟਾਈ ਕਰਕੇ ਹੋ ਜਾਏ, ਕੋਈ ਹੋਰ ਹੋ ਜਾਏ, ਕੋਈ ਨਾ ਸਫਲ ਹੋਇਆ। ਅਖੀਰ ਅਰਦਾਸ ਕਰੀ ਕਿ ਹੇ ਗੁਰੂ ਨਾਨਕ ਪਾਤਸ਼ਾਹ! ਐਸ ਵੇਲੇ ਜੋ ਵੀ ਹੈ ਗੱਦੀ ਦੇ ਉਤੇ ਬਿਰਾਜਮਾਨ ਮੇਰਾ ਜਹਾਜ਼ ਬੰਨ੍ਹੇ ਲਾ ਦਿਓ ਤੇ ਪੰਜ ਸੌ ਮੋਹਰ ਆਪਣੀ ਕਮਾਈ ਦੇ ਵਿਚੋਂ ਆਪ ਦੇ ਚਰਨਾਂ ਦੀ ਭੇਟ ਕਰ ਦੇਵਾਂ। ਉਸ ਵੇਲੇ ਐਸਾ ਹੋਇਆ ਕਿ ਬਹੁਤ ਵੱਡਾ ਜਵਾਹਰਭਾਟਾ ਆ ਗਿਆ ਤੇ ਜਹਾਜ਼ ਉਸੇ ਵੇਲੇ ਲੱਗ ਗਿਆ। ਮਾਲ ਵਿੱਕ ਗਿਆ ਤੇ ਉਸ ਤੋਂ ਬਾਅਦ ਵਾਪਸ ਆਉਂਦਾ ਹੈ, ਵਾਪਸ ਆ ਕੇ ਪਤਾ ਲੱਗਿਆ ਕਿ ਗੁਰੂ ਅੱਠਵੇਂ ਪਾਤਸ਼ਾਹ ਦਿੱਲੀ ਗਏ ਨੇ, ਦਿੱਲੀ ਸਿੱਧਾ ਆ ਗਏ। ਉਥੇ ਆ ਕੇ ਪਤਾ ਲੱਗਿਆ ਕਿ ਗੁਰੂ ਮਹਾਰਾਜ ਤਾਂ ਜੋਤੀ ਜੋਤ ਸਮਾਅ ਗਏ ਪੁੱਛਿਆ ਸਾਰਿਆਂ ਨੂੰ ਕਿ ਹੁਣ ਗੁਰੂ ਕਿੱਥੇ ਨੇ? ਕਹਿਣ ਲੱਗੇ ਕਿ ਕਿਸੇ ਨੂੰ ਨਹੀਂ ਪਤਾ ਕਿ ਗੁਰੂ ਕਿੱਥੇ ਨੇ? ਪਰ ਐਨਾ ਸਾਨੂੰ ਪਤਾ ਹੈ ਕਿ ਬਕਾਲੇ ਵਿੱਚ ਨੇ, ਬਾਬਾ ਬਕਾਲਾ ਕਹਿ ਗਏ ਉਹ। ਇਹਨੂੰ ਅਸੀਂ ਡੀ-ਕੋਰਡ ਨਹੀਂ ਕਰ ਸਕਦੇ ਕਿ ਬਾਬਾ ਬਕਾਲਾ ਕੀ, ਉਥੇ 22 ਬੈਠੇ ਨੇ, ਅਸਲੀ ਦਾ ਨਹੀਂ ਪਤਾ ਲਗਦਾ। ਇਹਦੇ ਕੋਲ 500 ਜੋੜੀ ਸੀ, ਗੱਡਾ ਸੀ, ਜਿਹਦੇ ਉਤੇ ਮਾਲ ਲੈ ਕੇ ਜਾਇਆ ਕਰਦਾ ਸੀ ਬੰਦਰਗਾਹ ਤੱਕ। ਜਹਾਜ਼ ਭਰਿਆ ਕਰਦਾ ਸੀ। ਇਹ ਸਾਰੇ ਸੇਵਾਦਾਰਾਂ ਨੂੰ ਲੈ ਕੇ ਬਾਬਾ ਬਕਾਲੇ ਪਹੁੰਚ ਜਾਂਦਾ ਹੈ, ਉਥੇ ਕੈਂਪ ਲਾ ਦਿੱਤਾ। ਬਹੁਤ ਦੂਰ-ਦੂਰ ਤੱਕ ਤੰਬੂ ਲੱਗ ਗਏ, ਸਾਰਿਆਂ ਨੂੰ ਖਬਰ ਹੋ ਗਈ ਕਿ ਅੱਜ ਇੱਕ ਬਹੁਤ ਵੱਡਾ ਬੰਦਾ ਆਇਆ ਹੈ ਜਿਸ ਤੋਂ ਲੱਖਾਂ ਰੁਪਏ ਦੀ ਆਸ ਹੈ ਕਿ ਹੁਣ ਗੁਰੂ ਬਣ ਕੇ ਦਿਖਾਓ ਉਹਨੂੰ। ਉਸ ਵੇਲੇ ਧੀਰਮੱਲ ਨੇ ਸੀਂਹੇ ਮਸੰਦ ਨੂੰ ਭੇਜਿਆ ਕਿ ਜਾਹ ਤੂੰ ਜਾ ਕੇ ਚਤੁਰਾਈ ਦੀਆਂ ਗੱਲਾਂ ਕਰਕੇ ਮੇਰੇ ਕੋਲ ਲੈ ਕੇ ਆ। ਦੂਜਿਆਂ ਨੇ ਵੀ ਭੇਜ ਦਿੱਤਾ। ਉਹ ਕਹਿੰਦੇ ਅਸਲੀ ਗੁਰੂ ਆਹ ਹੈ ਉਹ ਕਹਿੰਦੇ ਆਹ ਹੈ। ਰੌਲੇ 'ਚ ਪੈ ਗਿਆ। ਰੌਲੇ 'ਚ ਪਿਆ ਹੋਇਆ ਉਹਨੇ ਫੈਸਲਾ ਕਰ ਲਿਆ, ਬਈ ਅਸਲੀ ਗੁਰੂ ਤਾਂ ਆਪੇ ਹੀ ਪਤਾ ਲੱਗ ਜਾਏਗਾ ਦੋ ਮੋਹਰਾਂ ਭੇਟ ਕਰਾਂਗਾ, ਜਿਹੜਾ ਮੰਗ ਕੇ ਕਹਿ ਦਏਗਾ ਪੰਜ ਸੌ, ਉਹਨੂੰ ਮੈਂ ਦੇ ਦੇਵਾਂਗਾ। ਦੋ-ਦੋ ਮੋਹਰਾਂ ਦੇਈ ਗਿਆ, ਸਿਰਪਾਓ ਮਿਲੀ ਗਏ ਤੇ ਨਾਲ ਪਤਾ ਲੱਗੀ ਗਿਆ

ਉਨ੍ਹਾਂ ਨੂੰ ਕਿ ਇਹਨੇ ਕੋਈ ਸੁਖਨਾ ਸੁੱਖੀ ਹੋਈ ਹੈ ਉਹ ਭੇਟ ਕਰਨੀ ਹੈ, ਸਿਰੋਪੇ ਦੇਈਂ ਜਾਂਦੇ ਨੇ, ਬੜੀਆਂ ਮਿੱਠੀਆਂ ਗੱਲਾਂ ਕਰਦੇ ਨੇ। ਉਹ ਸਾਰਿਆਂ ਦੇ ਕੋਲ ਘੁੰਮ ਆਇਆ, ਉਸ ਵੇਲੇ ਬਹੁਤ ਉਦਾਸ ਹੋ ਗਿਆ ਕਿ ਗੁਰੂ ਅਲੋਪ ਹੋ ਗਿਆ। ਹੁਣ ਗੁਰੂ ਨਹੀਂ ਰਿਹਾ ਕਿਤੇ, ਅਰਦਾਸ ਵਿੱਚ ਆ ਗਿਆ, ਵੈਰਾਗ 'ਚ ਆ ਗਿਆ ਤੇ ਬਾਰ-ਬਾਰ ਗੁਰੂ ਕੋਲ ਅਰਦਾਸ ਕਰਦਾ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ ਕਿ ਹੇ ਪ੍ਰਭੂ! ਤੂੰ ਦਰਸ਼ਨ ਦੇ। ਕੌਤਕ ਵਰਤ ਗਿਆ। ਇੱਕ ਬੱਚਾ ਛੋਟਾ ਜਿਹਾ ਉਹਦੇ ਕੈਂਪ ਕੋਲ ਆਇਆ ਤੇ ਉਹਨੂੰ ਪੁੱਛਣ ਲੱਗਿਆ ਕਿ ਕਾਕਾ! ਇੱਥੇ ਗੁਰੂ ਕਿੰਨੇ ਨੇ?

ਉਹ ਕਹਿਣ ਲੱਗਿਆ, 22

ਕਹਿਣ ਲੱਗੇ, 22 ਤੋਂ ਕੋਈ 23ਵਾਂ ਵੀ ਹੈ?

ਕਹਿੰਦਾ, ਹਾਂ, ਉਹ ਪਰ ਬਾਹਰ ਨਹੀਂ ਨਿਕਲਦੇ, ਅੰਦਰ ਹੀ ਰਹਿੰਦੇ ਨੇ ਤੇ ਉਨ੍ਹਾਂ ਨੂੰ ਤੇਗ ਬਹਾਦਰ ਕਹਿੰਦੇ ਨੇ? ਉਹ ਬਾਹਰ ਨਹੀਂ ਆਉਂਦੇ, ਕਦੇ-ਕਦੇ ਅਸੀਂ ਉਨ੍ਹਾਂ ਦੇ ਦਰਸ਼ਨ ਕਰਦੇ ਹਾਂ। ਉਸੇ ਥਾਂ ਪਹੁੰਚ ਜਾਂਦਾ ਹੈ, ਪਹੁੰਚ 'ਚ ਕੇ ਜਾ ਕੇ ਮਾਤਾ ਗੁਜਰੀ ਜੀ 28 ਸਾਲ ਗੁਰੂ ਮਹਾਰਾਜ ਦੇ ਦਰਵਾਜ਼ੇ 'ਚ ਬੈਠ ਕੇ ਤਪ ਕਰਦੇ ਰਹੇ। ਕਹਿ ਦਿੰਦੇ ਨੇ ਕਿ ਮਾਤਾ ਗੁਜਰੀ ਜੀ ਨੇ ਠੰਢੇ ਬੁਰਜ਼ ਸਰਹਿੰਦ ਤੋਂ ਛਾਲ ਮਾਰੀ, ਕਿੱਡੇ ਅਣਜਾਣ ਬੰਦੇ। ਐਨੀ ਤਪ ਤਪਸਿਆ ਵਾਲੀ ਮਾਤਾ ਦੇ ਉਤੇ ਦੋਸ਼ ਲਾ ਦਿੰਦੇ ਨੇ, ਖੁਦਕਸ਼ੀ ਦਾ। ਮੂਰਖ ਬੰਦਿਆਂ ਨਾਲ ਵਾਹ ਪੈਂਦਾ ਹੈ, ਇਤਿਹਾਸ ਲਿਖਣ ਵਾਲੇ। ਬਿਲਕੁਲ clear ਨਹੀਂ ਹੁੰਦੇ, ਨਾ ਉਹ ਸਮਝਦੇ ਨੇ ਕਿ ਗੁਰਮਤ ਕੀ ਹੁੰਦੀ ਹੈ? ਗੁਰਸਿੱਖਾਂ ਦਾ ਜੀਵਨ ਕੀ ਹੁੰਦਾ ਹੈ? ਉਹ ਵੀ ਘੱਟ ਨਹੀਂ ਸੀ ਸਾਧਸੰਗਤ ਜੀ। ਉਨ੍ਹਾਂ ਨੇ ਵੀ ਤਪ ਓਨਾਂ ਹੀ ਕਰਿਆ ਹੈ, ਉਸ ਤੋਂ ਵੀ ਜ਼ਿਆਦਾ ਕਰਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਤਾਂ ਲੀਨ ਰਹਿੰਦੇ ਸੀ, ਇਹ ਆਇਆਂ ਨੂੰ ਵੀ ਸੰਭਾਲਦੇ ਸੀ, ਪ੍ਰਸ਼ਾਦੇ ਵੀ ਲਾਹੁੰਦੇ ਸੀ, ਵਸਤਰ ਵੀ ਧੋਂਦੇ ਸੀ। ਨਾਲ ਫੇਰ ਦਰਵਾਜ਼ੇ ਦੇ ਅੱਗੇ ਪਹਿਰਾ ਦੇ ਕੇ ਬੈਠੇ ਰਹਿੰਦੇ ਸੀ। ਕੋਈ ਮੰਦਾ ਸ਼ਬਦ ਨਹੀਂ ਸੀ ਕਹਿੰਦੇ, ਕੋਈ ਉਲਾਂਭਾ ਨਹੀਂ ਸੀ ਦਿੰਦੇ ਉਸ ਵੇਲੇ ਜਾ ਕੇ ਇਨ੍ਹਾਂ ਨੇ ਪੁੱਛਿਆ ਕਿ ਇੱਥੇ ਤੇਗ ਬਹਾਦਰ ਜੀ ਰਹਿੰਦੇ ਨੇ, ਮਾਤਾ ਜੀ ਕਹਿਣ ਲੱਗੇ, ਹਾਂ। ਪਰ ਉਹ ਕਿਸੇ ਨੂੰ ਮਿਲਦੇ ਨਹੀਂ ਹਨ। ਕਹਿਣ ਲੱਗੇ, ਮਾਤਾ ਜੀ! ਮੈਂ ਪਿਆਸਾ ਹਾਂ, ਮੇਰੀ ਜਾਨ ਨਿਕਲਦੀ ਜਾਂਦੀ ਹੈ ਤੇ ਮੇਰੀ ਅਵਸਥਾ ਬਿਲਕੁਲ ਅਸਹਿ ਹੋ ਗਈ। ਇਸ ਤਰ੍ਹਾਂ ਦੇ ਨਾਲ ਪੜ੍ਹ ਲਓ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ - 708***

ਮਾਤਾ ਜੀ! ਦੂਰ ਦੇਸ਼ ਤੋਂ ਮੈਂ ਆਇਆ ਹਾਂ, 22 ਦੇ ਦਰਸ਼ਨ ਕਰ-ਕਰ ਕੇ ਮੈਂ ਦੇਖ ਲਿਆ ਕਿ ਇੱਥੇ ਨਿਰਾ ਹੀ ਪਾਖੰਡ ਹੈ। ਕ੍ਰਿਪਾ ਕਰੋ, ਖਬਰ ਕਰ ਦਿਓ ਉਨ੍ਹਾਂ ਨੂੰ ਤੇ ਮੈਂ ਦਰਸ਼ਨ ਕਰਨੇ ਚਾਹੁੰਦਾ ਹਾਂ। ਮਾਤਾ ਜੀ ਨੂੰ ਤਰਸ ਆ ਗਿਆ। ਦਿਲ ਦਰੱਵ ਗਿਆ ਕਿ ਪ੍ਰੇਮੀ ਭਟਕਦਾ ਫਿਰਦਾ ਹੈ, ਅੰਦਰ ਜਾ ਕੇ ਬੇਨਤੀ ਕਰੀ ਕਿ ਐਸਾ ਇੱਕ ਵਪਾਰੀ ਆਇਆ ਹੈ, ਦੂਰ ਦੇਸ਼ ਤੋਂ ਆਇਆ ਹੈ, ਹੁਕਮ ਹੋਵੇ ਤਾਂ ਮੈਂ ਆਪ ਦੇ ਪਾਸ ਭੇਜ ਦੇਵਾਂ। ਮਹਾਰਾਜ ਕਹਿੰਦੇ, ਇਕੱਲੇ ਨੂੰ ਭੇਜ ਦੇਵੋ। ਨਾਲ ਨਾ ਕੋਈ ਵੀ ਆਵੇ, ਉਸ ਵੇਲੇ ਮੱਖਣਸ਼ਾਹ ਲੁਬਾਣਾ ਅੰਦਰ ਚਲਿਆ ਜਾਂਦਾ ਹੈ ਭੌਰੇ ਵਿੱਚ। ਉਥੇ ਰੋਸ਼ਨੀ ਨਹੀਂ, ਲੇਕਿਨ ਗੁਰੂ ਮਹਾਰਾਜ ਦੇ ਸਰੀਰ 'ਚੋਂ ਆਪੇ ਹੀ ਰੋਸ਼ਨੀ ਨਿਕਲ ਰਹੀ ਹੈ।

ਕਈ ਪ੍ਰੇਮੀਆਂ ਨੂੰ ਇਸ ਗੱਲ ਦੇ ਉਤੇ ਤਰਕ ਹੋ ਜਾਂਦੀ ਹੈ ਕਿ ਇਹ ਕਦੇ ਹੋ ਸਕਦਾ ਹੈ ਕਿ ਬੰਦੇ ਵਿੱਚੋਂ ਰੋਸ਼ਨੀ ਨਿਕਲਦੀ ਹੋਵੇ। ਸਾਡਾ ਮਨ ਤਰਕ ਦਾ ਬਣਿਆ ਹੋਇਆ ਹੈ, ਕਰਨੀ ਵੀ ਚਾਹੀਦੀ ਹੈ ਜ਼ਰੂਰ। ਅੰਨ੍ਹੇਵਾਹ ਨਹੀਂ ਕੋਈ ਗੱਲ ਮੰਨਣੀ ਚਾਹੀਦੀ।

ਇੱਕ ਡਾਕਟਰ ਜੇ.ਸੀ ਟਰੱਸਟ ਅਮਰੀਕਾ 'ਚ ਕੈਲੇਫੋਰਨੀਆਂ ਯੂਨੀਵਰਸਿਟੀ ਦੀ ਸਾਇੰਸਿਜ਼ ਦੀ ਪ੍ਰੋਫੈਸਰ ਸੀਗੀ। ਉਹ ਕੁਦਰਤ ਨੇ ਐਸਾ ਉਹਦੇ ਉਤੇ ਕੋਈ ਕ੍ਰਿਸ਼ਮਾ ਵਰਤਾਇਆ ਹੋਇਆ ਸੀ ਕਿ ਉਹਨੂੰ ਆਉਣ ਵਾਲੇ ਬੰਦੇ ਦੇ ਪ੍ਰਮਾਣੂ ਦਿਸ ਜਾਇਆ ਕਰਦੇ ਸੀ, ਇਹ ਇੱਕ ਸਾਇੰਸ ਹੈ ਸਾਧਸੰਗਤ ਜੀ। ਲਾਂਮਿਆਂ ਦੇ ਵਿੱਚ ਇੱਕ ਸਾਧਨ ਹੈ, ਤਿੱਬਤੀ ਲਾਂਮਿਆਂ 'ਚ ਉਹ ਇਹ ਕਿ ਉਹ ਸਾਧਨ ਦੇ ਨਾਲ ਬੰਦੇ ਨੂੰ ਵਿਚੋਂ ਦੇਖ ਲੈਂਦੇ ਨੇ ਜਿਵੇਂ ਐਕਸਰੇ ਦੇਖੀਦੀ ਹੈ। ਉਹ ਵਿਚੋਂ ਦੇਖ ਕੇ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਇਹਦੇ ਕਾਲੇ ਪ੍ਰਮਾਣੂ ਨੇ, ਇਹਦੇ ਪੀਲੇ ਪ੍ਰਮਾਣੂ ਨੇ ਇਹ ਰੋਸ਼ਨੀ ਵਾਲਾ ਹੈ। ਆਹ ਦਲਾਈਲਾਮਾ ਜਿਹੜਾ ਹੈ ਇਹਨੂੰ ਇਹ ਗੱਲਾਂ ਦਾ ਗਿਆਨ ਹੈ। ਕਿਉਂਕਿ ਇਹ ਇੱਕ ਸਾਧਨ ਹੈ ਤਿੱਬਤ ਵਿੱਚ। ਗੁਰੂ ਨਾਨਕ ਪਾਤਸ਼ਾਹ ਨੇ ਭਗਤੀ ਵੱਲ ਲਾਏ ਸੀ ਇਹ ਜਾ ਕੇ।

ਉਹਦੇ ਨਾਲ ਪਤਾ ਲੱਗ ਜਾਂਦਾ ਹੈ। ਡਾ. ਜੇ.ਸੀ ਟਰੱਸਟ ਨੂੰ ਪਤਾ ਲੱਗਦਾ ਸੀ ਤੇ ਕੁਦਰਤ ਦਾ ਕਰਿਸ਼ਮਾ ਐਸਾ ਹੋਇਆ ਕਿ ਇੱਕ ਵਾਰੀ ਕੈਲੇਫੋਰਨੀਆ ਯੂਨੀਵਰਸਿਟੀ 'ਚ ਉਹ ਲੈਕਚਰ ਦਿੰਦੀ ਕਹਿੰਦੀ ਸੀ ਕਿ ਆਦਮੀ ਦੇ ਅੰਦਰ ਰੋਸ਼ਨੀ ਹੈ ਉਹ ਆਪਣੀ ਰੋਸ਼ਨੀ ਦੇ ਵਿੱਚ ਸਭ ਕੁਛ ਦੇਖ ਸਕਦਾ ਹੈ। ਇਸ ਗੱਲ ਦੀ ਚਰਚਾ ਚੱਲ ਗਈ ਤੇ ਤਰੀਕ ਰੱਖੀ ਗਈ। ਇਹ ਡਾਕਟਰ ਆਈ ਆ ਕੇ ਸਟੇਜ 'ਤੇ ਬੈਠ ਗਈ। ਹਾਲ ਦੇ ਵਿੱਚ ਹਨ੍ਹੇਰਾ ਹੋ ਗਿਆ। ਹਨ੍ਹੇਰਾ ਹੋਣ ਤੋਂ ਬਾਅਦ ਉਹਨੇ ਆਪਣੇ ਚਿੱਤ ਨੂੰ ਇਕਾਗਰ ਕਰਿਆ ਤੇ ਮਹਾਨ ਲਾਈਟ ਦੇ ਨਾਲ ਆਪਣੀ ਜੀਵ ਆਤਮਾ ਦੀ ਲਾਈਟ ਦਾ ਕਨੈਕਸ਼ਨ ਜੋੜ ਦਿੱਤਾ। ਜੁੜਨ ਦੀ ਦੇਰ ਸੀ ਕਿ ਉਸੇ ਵੇਲੇ ਉਹਦੇ ਕੱਪੜਿਆਂ ਤੋਂ ਬਾਹਰ ਲਾਈਟ ਆ ਗਈ। ਹੌਲੀ-ਹੌਲੀ ਵਧ ਗਈ ਤੇ ਚਾਨਣਾ ਹੋ ਗਿਆ ਸਾਰੇ। ਉਹ ਸਾਇੰਸਦਾਨ ਬੈਠੇ ਸੀ ਵੱਡੇ-ਵੱਡੇ

ਉਹ ਕਹਿਣ ਲੱਗੇ ਕਿ ਅਸੀਂ ਇਹ ਨਿਰਣਾ ਕਰਨਾ ਚਾਹੁੰਦੇ ਹਾਂ ਕਿ ਹੋ ਸਕਦਾ ਹੈ ਕਿ ਤੂੰ ਸੈੱਲ ਲਾਏ ਹੋਣ ਗੁਪਤ ਤਰੀਕੇ ਨਾਲ, ਤਾਰਾਂ ਲੱਗੀਆਂ ਹੋਣ ਤੇ ਤਾਰਾਂ ਦੇ ਵਿਚੀਂ ਰੋਸ਼ਨੀ ਆ ਗਈ ਹੋਵੇ। ਉਸ ਵੇਲੇ ਉਹਦੇ ਵਸਤਰ ਬਦਲਾਅ ਦਿੱਤੇ, ਦੂਸਰੇ ਵਸਤਰ ਆਪਣੇ ਪੱਲਿਓਂ ਦੇ ਦਿੱਤੇ, ਥੋੜ੍ਹੀ ਦੇਰ ਤੋਂ ਬਾਅਦ ਉਹਦੇ ਵਸਤਰਾਂ 'ਚ ਫੇਰ ਲਾਈਟ ਆ ਗਈ।

ਆਹ ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ (ਸੰਤ ਬਾਬਾ ਹੀਰਾ ਸਿੰਘ ਜੀ ਦਾਉਦਪੁਰੀਏ) ਬਾਰੇ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਅਖੰਡ ਕੀਰਤਨੀ ਜੱਥੇ ਨਾਰੰਗਵਾਲ ਵਾਲੇ ਕਿ ਇੱਕ ਵਾਰੀ ਗੁਰਦੁਆਰਾ ਸਾਹਿਬ ਵਿਚ ਕੀਰਤਨ ਹੋ ਰਿਹਾ ਸੀ। ਅਸੀਂ ਕੀਰਤਨ ਕਰ ਰਹੇ ਸੀ ਤੇ ਉਨ੍ਹਾਂ ਨੇ ਸੰਤ ਕੇਵਲ ਬਾਪੂ ਜੀ (ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀਏ) ਨੂੰ ਲਿਖਿਆ ਹੈ। ਹੋਰ ਲਿਖਿਆ ਹੀ ਕਿਸੇ ਨੂੰ, ਉਨ੍ਹਾਂ ਦੀ ਆਪਣੀ ਪਰਖ ਸੀ। ਸੰਤ ਤਾਂ ਬੇਅੰਤ ਸੀਗੇ ਉਸ ਵੇਲੇ, ਉਨ੍ਹਾਂ ਨੂੰ ਸੋਝੀ ਦੇਣ ਵਾਲੇ ਵੀ ਸੀਗੇ।

ਇੱਕ ਵਾਰੀ ਬਾਬਾ ਜਵਾਲਾ ਸਿੰਘ ਜੀ ਉਨ੍ਹਾਂ ਦੇ ਪਾਸ ਚਲੇ ਗਏ ਜਾ ਕੇ ਇਨ੍ਹਾਂ ਦਾ ਸੁਭਾਅ ਬੜਾ ਹੀ ਨਿਮਰਤਾ ਵਾਲਾ, ਹੱਦ ਤੋਂ ਜ਼ਿਆਦਾ ਨਿਮਰਤਾ ਸੀ ਇਨ੍ਹਾਂ ਦੇ ਅੰਦਰ। ਇੱਕ ਵਾਰੀ ਸਵਾਲ ਚੱਲ ਪਿਆ ਕਿ ਕੋਈ ਐਸਾ ਮਹਾਤਮਾ ਵੀ ਹੈ ਜਿਹਦੇ 'ਚ ਸ਼ਹਿਨਸ਼ੀਲਤਾ ਹੋਵੇ, ਦੁਰਵਾਕ ਸਹਿ ਸਕਦਾ ਹੋਵੇ, ਨਿਰਾਦਰ ਸਹਿ ਸਕਦਾ ਹੋਵੇ, ਆਸਾਮ ਦੀ ਬਾਤ ਹੈ। ਇੱਕ ਨਾਗਾ ਸਾਧੂ ਸੀ ਉਹਨੇ ਕਿਹਾ ਕਿ ਮੈਂ ਦੱਸ ਦਿੰਦਾ ਹਾਂ ਕਿ ਇੱਕ ਮਹਾਤਮਾ ਨੇ ਪੰਜਾਬ ਵਿੱਚ ਉਨ੍ਹਾਂ ਦਾ ਨਾਉਂ ਆਹ ਹੈ, ਹਰਖੋਵਾਲ ਰਹਿੰਦੇ ਨੇ।

ਇੱਕ ਸੰਨਿਆਸੀ ਕਹਿਣ ਲੱਗਿਆ, ਹੋ ਨਹੀਂ ਸਕਦਾ ਇਹ ਗੱਲ ਬਿਲਕੁਲ ਗਲਤ ਹੈ। ਸੰਤ ਹੋਵੇ ਤੇ ਨਿਰਾਦਰ ਸਹਿ ਲਏ। ਉਹ ਤਾਂ ਅੱਗ ਬਗੋਲਾ ਹੋ ਜਾਏਗਾ। ਨਾਉਂ ਭਾਵੇਂ ਸੀਤਲਦਾਸ ਹੈ ਪਰ ਅਗਨਦਾਸ ਹੁੰਦਾ ਹੈ। ਕਿਉਂ ਹੁੰਦਾ ਹੈ? ਕਿਉਂਕਿ ਜਿਹਦੇ ਅੰਦਰ ਹਉਮੈ ਦੀ ਅੰਸ ਬਚਦੀ ਹੋਵੇ, ਉਹਨੂੰ ਆਦਰ ਤੇ ਨਿਰਾਦਰ ਮਹਿਸੂਸ ਹੁੰਦਾ ਹੈ ਜਿਹਦੇ ਅੰਦਰ ਹਉਮੈ ਹੀ ਨਹੀਂ ਹੈ, ਆਦਰ ਨਿਰਾਦਰ ਹੋਏਗਾ ਕੀਹਦਾ? ਜਿਹੜਾ ਹੈ ਹੀ ਨਹੀਂ। ਹੁੰਦੇ ਦਾ ਹੀ ਹੁੰਦਾ ਹੈ ਜਿਹੜਾ ਹੈ ਹੀ ਨਹੀਂ ਉਹਦਾ ਆਦਰ ਨਿਰਾਦਰ ਕੀ, ਉਹ ਤਾਂ ਲੋਕ ਆਪਣੇ ਆਪ ਹੀ ਕਰਦੇ ਨੇ। ਉਹ ਸਮ ਰਹਿੰਦਾ ਹੈ ਦੋਹਾਂ ਬਿਰਤੀਆਂ 'ਚ। ਕਹਿਣ ਲੱਗੇ, ਹੈਂ ਐਸਾ ਵੀ ਹੈ ਮੈਂ ਦੇਖਦਾ ਹਾਂ, ਹਰਖੋਵਾਲ ਆ ਗਿਆ। ਉਥੇ ਆ ਕੇ ਉਸ ਨੇ ਪੁੱਛਿਆ ਡੇਰੇ ਵਾਲਿਆਂ ਤੋਂ। ਉਹ ਕਹਿੰਦਾ ਜੀ ਏਧਰ ਚੋਅ ਵੱਲ ਨੂੰ ਗਏ ਹੋਏ ਨੇ ਕਿਤੇ ਆਰਾਮ ਕਰਦੇ ਹੋਣੇ ਨੇ। ਉਥੇ ਗਿਆ ਤਾਂ ਪੁੱਛਿਆ ਕਹਿੰਦਾ ਉਹ ਪਏ ਨੇ ਅੰਬ ਦੇ ਥੱਲੇ। ਬਰੇਤੀ ਦੇ ਕੰਢੇ ਅੰਬ ਸੀਗਾ। ਇਹ ਕਹਿੰਦਾ ਓਹੀ ਨੇ ਕੋਈ ਹੋਰ ਤਾਂ ਨਹੀਂ? ਕਹਿੰਦਾ, ਓਹੀ ਨੇ? ਇਹਨੇ ਸੰਨਿਆਸੀ ਨੇ ਜਾ ਕੇ ਜੋੜੇ ਵਾਲਾ ਪੈਰ ਉਨ੍ਹਾਂ ਦੀ ਛਾਤੀ 'ਤੇ ਰੱਖ ਦਿੱਤਾ। ਉਨ੍ਹਾਂ 'ਤੇ ਕੋਈ

ਅਸਰ ਨਹੀਂ ਹੋਇਆ, ਉਨ੍ਹਾਂ ਨੇ ਦੋਵੇਂ ਹੱਥ ਕੱਢੇ ਤੇ ਚਰਨ ਘੁੱਟਣ ਲੱਗ ਗਏ, ਜੁੱਤੀ ਪਾਈ ਹੋਈ ਹੈ, ਲੱਤਾਂ ਘੁੱਟਣ ਲੱਗ ਗਏ, ਇਹਨੇ ਪੈਰ ਛੁਡਾ ਕੇ ਠੇਡਾ ਮਾਰਿਆ। ਕਹਿੰਦਾ, ਉਠਦਾ ਹੈਂ ਨਹੀਂ। ਬਾਬਾ ਜੀ ਉਸੇ ਵੇਲੇ ਉੱਠ ਕੇ ਬੈਠ ਗਏ। ਨਮਸ਼ਕਾਰ ਕਰਨ ਲੱਗ ਗਏ, ਕਹਿਣ ਲੱਗੇ, ਪ੍ਰੇਮੀਆਂ! ਵਾਹ ਜੀ ਵਾਹ ਮਹਾਤਮਾ ਆਏ ਹੋਣ ਤੇ ਮੈਂ ਉੱਠ ਕੇ ਸਤਿਕਾਰ ਨਾ ਕਰਾਂ। ਖਿਮਾ ਕਰੋ ਤੁਸੀਂ ਮੈਨੂੰ। ਐਨੀਓਂ ਗੱਲ ਕਹੀ ਹੈ ਸੰਨਿਆਸੀ ਚੀਕਾਂ ਮਾਰ ਕੇ ਰੋਣ ਲੱਗ ਗਿਆ ਉਚੀਂ-ਉਚੀਂ, ਕਹਿੰਦਾ ਮੈਨੂੰ ਬਖਸ਼ ਦਿਓ, ਮੈਂ ਤੇਰਾ ਇਮਤਿਹਾਨ ਲਿਆ ਸੀ ਬਾਬਾ, ਬਖਸ਼ ਦਿਓ। ਮੈਨੂੰ ਨਹੀਂ ਸੀ ਪਤਾ ਕਿ ਕੋਈ ਸਾਧ ਇਹੋ ਜਿਹਾ ਵੀ ਹੈ ਜਿਹੜਾ ਐਨੀ ਨਿਰਮਾਨਤਾ ਤੇ ਸ਼ਹਿਨਸ਼ੀਲਤਾ ਵਾਲਾ ਹੋਵੇ।

ਉਹ ਬਾਬਾ ਜਵਾਲਾ ਸਿੰਘ ਜੀ ਭਾਈ ਰਣਧੀਰ ਸਿੰਘ ਜੀ ਦੇ ਪਾਸ ਚਲੇ ਗਏ। ਉਹ ਸਰਬ ਲੋਹ 'ਚ ਛਕਦੇ ਹੁੰਦੇ, ਉਨ੍ਹਾਂ ਦਾ ਨਿਯਮ ਸੀ ਕੋਈ ਐਸਾ ਕਿ ਸਰਬ ਲੋਹ 'ਚ ਹੀ ਛਕਣਾ ਹੈ। ਗਊ ਦਾ ਦੁੱਧ ਕੱਢਣਾ ਸੀ, ਮੱਝ ਦਾ ਜਾਂ ਗਊ ਦੁੱਧ ਦਾ। ਉਹ ਕਹਿਣ ਲੱਗੇ ਕਿ ਮੈਨੂੰ ਸੇਵਾ ਬਖਸ਼ੋ ਮੈਂ ਸੇਵਾ ਕਰਦਾ ਹਾਂ। ਕਹਿੰਦੇ, ਅੰਮ੍ਰਿਤਧਾਰੀ ਹੈਂ? ਕਹਿੰਦਾ ਲੈ ਜਾ ਬਰਤਨ, ਸਰਬ ਲੋਹ ਦਾ ਤੇ ਦੁੱਧ ਕੱਢ ਲਿਆ। ਜਿਵੇਂ ਗੁਰੂ ਨਾਨਕ ਪਾਤਸ਼ਾਹ ਹਰਿਦੁਆਰ ਜਾ ਕੇ ਪਾਣੀ ਉਲਟੇ ਪਾਸੇ ਸੁੱਟਣ ਲੱਗ ਗਏ ਸੀ, ਇਸੇ ਤਰ੍ਹਾਂ ਮਹਾਂਪੁਰਸ਼ ਕੋਈ ਨਾ ਕੋਈ ਉਪਦੇਸ਼ ਦਿੰਦੇ ਨੇ ਕ੍ਰਿਆ ਦੇ ਵਿੱਚ। ਇਹ ਚਲੇ ਗਏ, ਕਾਫੀ ਦੇਰ ਲਾ ਦਿੱਤੀ। ਉਸ ਤੋਂ ਬਾਅਦ ਉਹ ਵਾਪਸ ਆ ਗਏ ਤੇ ਏਧਰ ਦੁੱਧ ਉਡੀਕਿਆ ਜਾ ਰਿਹਾ ਹੈ, ਖਾਲੀ ਲਿਆ ਕੇ ਬਰਤਨ ਰੱਖ ਦਿੱਤਾ। ਕਹਿੰਦੇ, ਤੂੰ ਦੁੱਧ ਨਹੀਂ ਲੈ ਕੇ ਆਇਆ? ਕਹਿੰਦੇ ਜੀ ਕਿ ਸਰਬ ਲੋਹ ਦਾ ਬਰਤਨ ਹੈ? ਸਰਬ ਲੋਹ ਦੇ ਵਿੱਚ ਪਾਉਣਾ ਹੈ ਉਥੇ ਜਾ ਕੇ ਮੈਨੂੰ ਹੋਸ਼ ਆ ਗਈ ਕਿ ਮੱਝ ਜਿਹੜੀ ਹੈ ਇਹ ਤਾਂ ਚਮੜੇ ਦੀ ਹੈ ਤੇ ਖਾਂਦੀ ਹੈਗੀ ਇਹ ਪੱਠੇ। ਉਨ੍ਹਾਂ ਪੱਠਿਆਂ ਦਾ ਦੁੱਧ ਬਣਦਾ ਹੈ, ਪੱਠੇ ਨੇ ਚਰ੍ਹੀ ਵਗੈਰਾ, ਉਹ ਸਰਬ ਲੋਹ ਦੇ ਪੱਠੇ ਨਹੀਂ ਹੈਗੇ। ਮੱਝ ਸਰਬ ਲੋਹ ਦੀ ਨਹੀਂ ਹੈ, ਮੈਂ ਸਰਬ ਲੋਹ ਦਾ ਨਹੀਂ ਹਾਂ। ਇਹ ਚਮੜੇ ਨੇ ਚਮੜੇ ਵਿਚੋਂ ਖਿੱਚ ਕੇ ਦੁੱਧ ਕੱਢਣਾ ਹੈ ਤੇ ਸਰਬ ਲੋਹ 'ਚ ਪੈਣਾ ਹੈ ਤੇ ਅਗਾਹਾਂ ਆ ਕੇ ਫੇਰ ਚਮੜੇ 'ਚ ਪਾ ਲੈਣਾ ਹੈ ਮੈਂ ਤਾਂ, ਤਾਂ ਨਹੀਂ ਲਿਆਇਆ। ਉਹ ਇਸ ਕਿਸਮ ਦੀ ਮਹਾਤਮਾ ਸੁਮੱਤ ਦਿਆ ਕਰਦੇ ਸੀ।

ਮੱਖਣ ਸ਼ਾਹ ਲੁਬਾਣਾ ਗੁਰੂ ਮਹਾਰਾਜ ਦੇ ਪਾਸ ਪਹੁੰਚ ਜਾਂਦਾ ਹੈ, ਪਹੁੰਚ ਕੇ ਨਮਸ਼ਕਰ ਕਰਦਾ ਹੈ। ਸਹਿਨਸ਼ੀਲਤਾ ਹੱਦ ਤੋਂ ਜ਼ਿਆਦਾ ਸੀ ਗੁਰੂ ਮਹਾਰਾਜ 'ਚ। ਜਾ ਕੇ ਨਮਸ਼ਕਾਰ ਕਰਕੇ ਦੋ ਮੋਹਰਾਂ ਰੱਖ ਦਿੰਦਾ ਹੈ। ਦੋ ਮੋਹਰਾਂ ਰੱਖੀਆਂ ਤਾਂ ਮਹਾਰਾਜ ਨੇ ਉਸੇ ਵੇਲੇ ਆਪਣੀ ਜੋ ਬੁੱਕਲ ਮਾਰੀ ਹੋਈ ਸੀ ਉਹ ਦੂਰ ਕਰੀ ਤੇ ਕਹਿਣ ਲੱਗੇ, ਮੱਖਣਸ਼ਾਹ! ਏਧਰ ਝਾਤੀ ਮਾਰ ਭਾਈ। ਕਹਿੰਦਾ, ਮਹਾਰਾਜ! ਇਹ ਜ਼ਖਮ ਹੈ। ਕਹਿੰਦੇ, ਕਿਸੇ ਪ੍ਰੇਮੀ ਨੇ ਪੰਜ ਸੌ ਮੋਹਰ ਸੁੱਖੀ ਸੀ ਜਹਾਜ਼ ਉਹਦਾ ਬਰੇਤੇ 'ਤੇ ਚੜ੍ਹ ਗਿਆ

ਸੀ ਸੋ ਸਾਨੂੰ ਜਾ ਕੇ ਉਹਨੂੰ ਦੁਬਾਰਾ ਸਮੁੰਦਰ 'ਚ ਪਾਉਣਾ ਪਿਆ। ਉਸ ਵੇਲੇ ਉਹਦੀ ਖੁਸ਼ੀ ਦੀ ਹੱਦ ਨਾ ਰਹੀ। ਕਹਿੰਦੇ ਹੁਣ ਉਹ ਦੋ ਮੋਹਰਾਂ ਭੇਟਾ ਕਰਦਾ ਹੈ। ਪੰਜਸੌ ਮੋਹਰ ਭੇਟ ਦੇ ਦਿੱਤੀ। ਮਹਾਰਾਜ ਕਹਿੰਦੇ, ਦੇਖ ਇਹ ਭੇਤ ਆਪਣੇ ਕੋਲ ਹੀ ਰੱਖਣਾ ਹੈ ਬਾਹਰ ਨਹੀਂ ਕੱਢਣਾ। ਜੇ ਤੂੰ ਪ੍ਰਗਟ ਕਰ ਦਿੱਤਾ, ਜਿਹੜਾ ਪ੍ਰਗਟ ਕਰੇਗਾ ਉਹਦਾ ਮੂੰਹ ਕਾਲਾ ਹੋਵੇਗਾ। ਉਹਦਾ ਜਲੂਸ ਕੱਢਿਆ ਜਾਵੇਗਾ, ਗਧੇ 'ਤੇ ਬਿਠਾ ਕੇ।

ਉਸ ਵੇਲੇ ਬਾਹਰ ਨਿਕਲ ਗਿਆ, ਪੱਲਾ ਫੇਰ ਦਿੱਤਾ, ਕਾਲਾ ਮੂੰਹ ਕਰ ਲਿਆ। ਲੋਕਾਂ 'ਚ ਰੌਲਾ ਪਾ ਦਿੱਤਾ ਕਿ 'ਗੁਰੂ ਲਾਧੋ ਰੇ – ਗੁਰੂ ਲਾਧੋ ਰੇ।' ਮਹਾਰਾਜ ਨੇ ਬੁਲਾਇਆ ਸਿੰਘਾਂ ਨੂੰ। ਕਹਿਣ ਲੱਗੇ, ਕੌਣ ਹੈ? ਸਿੰਘਾਂ ਨੇ ਕਿਹਾ ਕਿ ਮਹਾਰਾਜ! ਗਧੇ 'ਤੇ ਚੜ੍ਹ ਕੇ ਬਜ਼ਾਰ ਵਿੱਚ ਘੁੰਮਦਾ ਫਿਰਦਾ ਹੈ, ਕਾਲਾ ਮੂੰਹ ਕਰਿਆ ਹੋਇਆ ਹੈ। ਇਸ ਤਰ੍ਹਾਂ ਦੇ ਨਾਲ ਗੁਰੂ ਪ੍ਰਗਟ ਹੋਏ।

ਮੇਰੇ ਬੇਨਤੀ ਕਰਨ ਦਾ ਭਾਵ ਇਹ ਸੀ ਕਿ ਜਦੋਂ ਕਿਸੇ ਦਾ ਨਿਹਚਾ ਬਨਾਉਣਾ ਹੋਵੇ ਤਾਂ ਇਹ ਚੀਜ਼ਾਂ ਵੀ ਹੋ ਜਾਂਦੀਆਂ ਨੇ। ਵੈਸੇ ਤਾਂ ਮਹਾਂਪੁਰਸ਼ ਸਮਰੱਥ ਹੁੰਦੇ ਨੇ, ਕੋਈ ਜ਼ਖਮ ਵਗੈਰਾ ਉਨ੍ਹਾਂ ਨੂੰ ਨਹੀਂ ਲਗਦਾ। ਲੇਕਿਨ ਨਾਮਦੇਵ ਦਾ ਨਿਹਚਾ ਬਨਾਉਣ ਵਾਸਤੇ ਪ੍ਰਮੇਸ਼ਰ ਨੇ ਇੱਕ ਕੌਤਕ ਬਣਾ ਦਿੱਤਾ। ਸਰਗੁਣ ਸਰੂਪ ਨੇ। ਉਹ ਬੀਬੀ ਕਹਿਣ ਲੱਗੀ ਕਿ ਇੱਕ ਨਵਾਂ ਭਗਤ ਆਇਆ ਹੈ ਕਦੇ ਹੱਸ ਪੈਂਦਾ ਹੈ ਕਦੇ ਰੋ ਪੈਂਦਾ ਹੈ। ਉਹਦੀ ਸਮ ਬਿਰਤੀ ਨਹੀਂ ਹੋਈ ਅਜੇ। ਸਮ ਬਿਰਤੀ ਨਾ ਹੋਣ ਕਰਕੇ ਉਹ ਅਜੇ ਪੱਕਾ ਨਹੀਂ ਹੈ ਤੇ ਹਲਦੀ ਲਾਉਂਦੀ ਹਾਂ। ਵੀਰਾ! ਅੱਗੇ ਨਾਲੋਂ ਤਾਂ ਆਰਾਮ ਹੈ, ਹੈਰਾਨ ਰਹਿ ਗਿਆ ਕਿ ਮੈਂ ਕੱਚਿਆਂ ਵਿੱਚ। ਇਹ ਖਬਰੇ ਕਿੱਥੇ ਨੇ।

ਕਹਿਣ ਲੱਗਿਆ, ਹੁਣ ਭਗਵਾਨ ਕਿੱਥੇ ਗਏ ਨੇ? ਕਹਿੰਦੇ ਬਾਹਰ ਗਏ ਹੋਏ ਨੇ। ਜਾ ਕੇ ਭਗਵਾਨ ਨੇ ਕਿੱਥੇ ਜਾਣਾ ਸੀ ਜਦ ਯਾਦ ਕਰਿਆ ਪ੍ਰਗਟ ਹੋ ਗਏ। ਕਹਿੰਦਾ, ਮਹਾਰਾਜ! ਮੈਂ ਦੇਖ ਆਇਆ ਤੁਹਾਡੇ ਭਗਤ। ਤੁਹਾਡਾ ਰੰਗਲਾ ਪਲੰਘ ਦੇਖ ਆਇਆ। ਤੇ ਤੁਸੀਂ ਇਨ੍ਹਾਂ ਨੂੰ ਅਮੀਰ ਕਿਉਂ ਨਹੀਂ ਬਣਾ ਦਿੰਦੇ। ਕਹਿੰਦੇ, ਨਾਮਦੇਵ! ਇਹ ਮਾਇਆ ਤੋਂ ਡਰਦੇ ਨੇ, ਮਾਇਆ ਨੂੰ ਨਾਗਨੀ ਕਹਿੰਦੇ ਨੇ। ਮੈਂ ਬੜਾ ਜ਼ੋਰ ਲਾਇਆ ਹੈ ਲੈਂਦੇ ਨਹੀਂ ਹੈਗੇ। ਕਿਸੇ ਤਰੀਕੇ ਨਾਲ ਨਹੀਂ ਲੈਂਦੇ ਕਿਉਂਕਿ ਇਹ ਕਹਿੰਦੇ ਨੇ ਕਿ ਭਗਵਾਨ! ਇਹ ਮਾਇਆ ਤੇਰੇ ਤੇ ਸਾਡੇ ਵਿੱਚ ਫਰਕ ਪਾ ਦੇਵੇਗੀ। ਸਾਡਾ ਜੋ ਅਖੰਡ ਧਿਆਨ ਹੈ ਉਹਨੂੰ ਤੋੜ ਦੇਵੇਗੀ। ਗੁਰੂ ਨਾਨਕ ਪਾਤਸ਼ਾਹ ਨੇ ਵੀ ਇਸੇ ਤਰ੍ਹਾਂ ਨਾਲ ਕਲਜੁਗ ਨੂੰ ਕਿਹਾ ਸੀ –

***ਧਾਰਨਾ – ਕਿਤੇ ਭੁੱਲ ਨਾ ਜਾਈਂ ਓਏ ਮਨਾਂ ਮੇਰਿਆ,***
***ਮੋਤੀਆਂ ਦੇ ਮੰਦਰ ਵੇਖ ਕੇ।***

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ – 14***

ਮੋਤੀਆਂ ਦੇ ਮੰਦਰ, ਕਸਤੂਰੀਆਂ ਦੀ ਸੁਗੰਧੀ, ਮਹਾਰਾਜ ਕਹਿੰਦੇ ਮਾੜੀ ਨਹੀਂ ਹੈ ਪ੍ਰੇਮੀਓਂ ਜੇ ਕਿਸੇ ਨੂੰ ਮਿਲੇ ਲੈ ਲਓ, ਪਰ ਡੁੱਬ ਨਾ ਜਾਓ ਕਿਤੇ। ਭੁੱਲ ਨਾ ਜਾਇਓ ਪ੍ਰਮੇਸ਼ਰ ਨੂੰ ਕਿਤੇ।

ਵੱਡੀਆਂ-ਵੱਡੀਆਂ ਸਰਦਾਰੀਆਂ ਦਿੱਤੀਆਂ ਨੇ, ਪਲ੍ਹੀਆ (ਪੀਲੀਭੀਤ ਯੂ.ਪੀ.) ਦੇ ਕਿਸਾਨਾਂ ਨੂੰ, ਵੱਡੇ-ਵੱਡੇ ਨੇ ਲੱਖਾਂ ਪਤੀ ਨੇ ਮੈਂ ਉੱਥੇ ਜਾਣਦਾ ਸੀ ਬਹੁਤ ਸਾਰਿਆਂ ਨੂੰ। ਲੇਕਿਨ ਜਦੋਂ ਸਰਦਾਰੀ ਵਿੱਚ ਡੁੱਬ ਕੇ ਸ਼ਰਾਬ ਦੇ ਪਿਆਲੇ ਪੀਣ ਲੱਗ ਜਾਣ ਉਸ ਵੇਲੇ ਇਹੀ ਬਵਾਲ ਬਣ ਜਾਂਦਾ ਹੈ। ਕਹਿੰਦੇ 'ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਮਹਾਰਾਜ ਕਹਿੰਦੇ -

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥***

***ਅੰਗ- 811***

ਕਿਉਂ ਜਾਲ ਦੇ ਕਿਉਂਕਿ ਤੈਨੂੰ ਪ੍ਰਮੇਸ਼ਰ ਭੁੱਲਦਾ ਹੈ ਜਦੋਂ ਪ੍ਰਮੇਸ਼ਰ ਭੁੱਲਦਾ ਹੈ ਤੇਰੀ ਖੁਸ਼ੀ ਵੀ ਖਤਮ ਹੋ ਰਹੀ ਹੈ। ਪੁੱਛ ਕੇ ਦੇਖੋ ਕਿਸੇ ਨੂੰ ਕਿ ਤੂੰ ਖੁਸ਼ ਹੈਂ, ਸ਼ਾਂਤੀ ਹੈ ਤੇਰੇ ਅੰਦਰ? ਕੋਈ ਵਿਰਲਾ ਪੁਰਸ਼ ਹੋਏਗਾ ਕਿਉਂਕਿ ਸ਼ਾਂਤੀ ਵਾਲੀ ਚੀਜ਼ ਤੋਂ ਉਹ ਵਾਂਝੇ ਰੱਖ ਦਿੱਤੇ। ਉਹ ਉਨ੍ਹਾਂ ਨੂੰ ਮਿਲ ਨਹੀਂ ਰਹੀ, ਮਿਲ ਰਹੀ ਹੈ ਸ਼ਰਾਬ। ਮਿਲ ਰਿਹਾ ਹੈ ਵੈਰ। ਗੁਰਦੁਆਰਾ ਬਣਾਉਣਗੇ, ਆਪਸ ਵਿੱਚ ਲੜਨਗੇ। ਉਹ ਕਹਿੰਦੇ, ਅਸੀਂ ਇਸ ਗੁਰਦੁਆਰੇ ਜਾਣਾ ਹੀ ਨਹੀਂ। ਮੇਰੇ ਕੋਲ ਐਨਾ ਪੈਸਾ ਹੈ ਮੈਂ ਇੱਕ ਹੁਣ ਰਾਤੋ ਰਾਤ ਖੜ੍ਹਾ ਕਰ ਦਿੰਦਾ ਹਾਂ। ਦਸ-ਦਸ ਗੁਰਦੁਆਰੇ ਨੇ। ਮੈਂ ਚਲਿਆ ਗਿਆ ਬ੍ਰਹਿਮਿੰਘਮ ਕਹਿੰਦੇ ਜੀ, ਤੁਸੀਂ ਸਾਨੂੰ ਸਮਾਂ ਦੇ ਦਿਓ। ਮੈਂ ਕਿਹਾ, ਗੁਰਦੁਆਰੇ ਕਿੰਨੇ ਕੁ ਨੇ? ਕਹਿੰਦੇ, ਤੇਰ੍ਹਾਂ ਗੁਰਦੁਆਰੇ ਨੇ। ਟਰਾਂਟੋ 29 ਗੁਰਦੁਆਰੇ ਨੇ, ਬਾਹਰ ਜਾ ਕੇ ਵੀ ਨਹੀਂ ਇਕੱਠੇ ਹੁੰਦੇ। ਇੱਕ ਦੂਜੇ ਦੇ ਗੁਰਦੁਆਰੇ 'ਚ ਨਹੀਂ ਵੜਦੇ।

ਇੱਕ ਪਿੰਡ ਦੀਵਾਨ ਲਾਇਆ, ਮੈਂ ਕਿਹਾ ਪਿੰਡ ਤਾਂ ਬਹੁਤ ਵੱਡਾ ਹੈ, ਸੰਗਤ ਨਹੀਂ ਆਉਂਦੀ। ਕਹਿੰਦੇ, ਜੀ ਇਹ ਸੈਣੀਆਂ ਦਾ ਗੁਰਦੁਆਰਾ ਹੈ, ਜੱਟਾਂ ਦੇ ਗੁਰਦੁਆਰੇ ਆ ਜਾਓ। ਮੈਂ ਕਿਹਾ, ਜੱਟਾਂ ਦੇ ਕਿੰਨੇ ਨੇ? ਕਹਿੰਦੇ, ਸਿੱਧੂਆਂ ਦਾ ਇੱਕ ਹੈ, ਗਿੱਲਾਂ ਦਾ ਇੱਕ ਹੈ, ਬੈਂਸਾਂ ਦਾ ਇੱਕ ਹੈ, ਚਿੰਗੜਾਂ ਦਾ ਇੱਕ ਹੈ। ਮੈਂ ਕਿਹਾ ਫੇਰ ਤੁਸੀਂ ਤਾਂ ਰੱਬ ਹੀ ਵੰਡ ਲਿਆ। ਤੁਹਾਡੇ ਲਾਉਣੇ ਨਹੀਂ ਚਾਹੀਦੇ ਦੀਵਾਨ। ਤੁਸੀਂ ਤਾਂ ਪਹਿਲਾਂ ਹੀ ਅਗਿਆਨੀ ਓਂ। ਤੁਹਾਨੂੰ ਕੋਈ ਸੁਮੱਤ ਦੇਵੇ ਕਿ ਗੁਰੂ ਇੱਕ ਹੈ ਤੁਸੀਂ ਗੁਰਦੁਆਰੇ ਵੱਖਰੇ-ਵੱਖਰੇ ਬਣਾਈ ਜਾਂਦੇ ਓਂ। ਉਹ ਤਾਂ ਬਣਾਉਂਦੇ ਹਾਂ ਸਾਨੂੰ ਪਤਾ ਨਹੀਂ ਰਿਹਾ ਬੇਹੋਸ਼ ਹੋ ਗਏ ਅਸੀਂ। ਮਦਹੋਸ਼ ਹੋ ਗਏ, ਸਿੱਖੀ ਸਿਧਾਂਤ ਨੂੰ ਛੱਡ ਬੈਠੇ, ਨਸ਼ਿਆਂ 'ਚ ਪੈ ਗਏ। ਨਸ਼ਾ ਤਾਂ ਨਾਮ ਦਾ ਹੀ ਬਹੁਤ ਹੈ। ਨਾਮ ਦਾ ਨਸ਼ਾ ਐਨਾ ਜ਼ਬਰਦਸਤ ਹੈ ਕੋਈ ਨਸ਼ਾ ਇਹਦੇ ਮੁਕਾਬਲੇ 'ਤੇ ਆਉਂਦਾ ਨਹੀਂ ਹੈ। ਭਾਈ ਮਤੀ ਦਾਸ ਨੂੰ ਜਿਸ ਵਕਤ ਫੱਟਿਆਂ 'ਚ ਬੰਨ੍ਹ ਦਿੱਤਾ ਤੇ ਹੁਕਮ ਹੋ ਗਿਆ ਕਿ ਆਰੇ ਨਾਲ ਦੋ ਫਾੜ ਕਰ ਦਿਓ ਇਹਦੇ। ਰੱਸਿਆਂ ਨਾਲ ਬੰਨ੍ਹਿਆ ਹੋਇਆ ਹੈ, ਆਲੇ-ਦੁਆਲੇ ਫੱਟੇ ਲਾਏ ਹੋਏ ਨੇ। ਉਹ ਜਿਸ ਵਕਤ ਜਲਾਦਾਂ ਨੇ ਆ ਕੇ ਆਰਾਂ

ਰੱਖਿਆ, ਉਸ ਵੇਲੇ ਭਾਈ ਮਤੀ ਦਾਸ ਦੇ ਨੇਤਰਾ 'ਚ ਚਮਕ ਆ ਗਈ। ਚਿਹਰੇ ਉਤੇ ਲਾਲੀ ਆ ਗਈ। ਆਉਣੀ ਸੀ ਪਲੱਤਣ ਤੇ ਫਿੱਕੇ ਪੈ ਜਾਣੇ ਸੀ ਨੇਤਰ। ਉਹ ਜਲਾਦ ਰੁੱਕ ਗਿਆ। ਜਲਾਦ ਨੇ ਕਿਹਾ, ਮਤੀਦਾਸ! ਮੈਨੂੰ ਸੇਵਾ ਦੱਸ ਕੋਈ ਜੋ ਮੈਂ ਕਰਾਂ। ਪਰ ਮੈਨੂੰ ਇੱਕ ਭੇਤ ਦੱਸ ਦੇ, ਉਹ ਕੀ ਹੈ? ਮੈਂ ਆਰਾ ਰੱਖਿਆ ਹੈ ਤੇ ਤੇਰੇ ਨੇਤਰ ਚਮਕ ਉਠੇ ਨੇ ਤੇ ਮੈਨੂੰ ਐਸ ਤਰ੍ਹਾਂ ਲੱਗਿਆ ਹੈ ਕਿ ਜਿਵੇਂ ਤੂੰ ਕੋਈ ਨਸ਼ਾ ਪੀਤਾ ਹੁੰਦਾ ਹੈ। ਨਸ਼ਾ ਤਾਂ ਤੁਹਾਡੇ ਨੇੜੇ-ਤੇੜੇ ਨਹੀਂ ਜਾ ਸਕਿਆ। ਇੱਥੇ ਐਨੀ ਪਾਬੰਦੀ ਹੈ ਤੇ ਇਹ ਚਮਕ ਕਿਉਂ ਆ ਗਈ ਤੇਰੇ ਚਿਹਰੇ 'ਤੇ ਤੇ ਇਹ ਖੇੜਾ ਕਿਉਂ ਆ ਗਿਆ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗਿਆ, ਜਲਾਦ! ਆਹ ਗੱਲਾਂ ਕਰਨ ਦਾ ਹੁਣ ਸਮਾਂ ਨਹੀਂ ਹੈ। ਤੂੰ ਜੇ ਕਰ ਸਕਦਾ ਹੈਂ ਸੇਵਾ ਤਾਂ ਮੈਂ ਤੈਨੂੰ ਦਸਦਾ ਹਾਂ ਕਿ ਮੇਰਾ ਚਿਹਰਾ ਜਿਹੜਾ ਹੈ ਉਹ ਗੁਰੂ ਸਾਹਿਬ ਵੱਲ ਕਰ ਦੇ। ਤਾਂਕਿ ਮੈਂ ਉਨ੍ਹਾਂ ਦੇ ਸਰੂਪ ਨੂੰ ਹਿਰਦੇ 'ਚ ਵਸਾ ਕੇ ਸੰਸਾਰ ਤੋਂ ਜਾਵਾਂ। ਕਹਿਣ ਲੱਗਿਆ, ਮੈਨੂੰ ਭੇਤ ਤਾਂ ਦੱਸ। ਭੇਤ ਪੁੱਛਦਾ ਹੀ ਹੈ ਤਾਂ ਇਹ ਹੈ ਕਿ ਮੌਤ ਜਿਹੜੀ ਹੈ ਅਸੀਂ ਜਿੱਤੀ ਹੋਈ ਹੈ।

ਗੁਰਸਿੱਖ ਮਰਿਆ ਨਹੀਂ ਕਰਦਾ ਸਾਧਸੰਗਤ ਜੀ! ਸਰੀਰ ਛੱਡਿਆ ਕਰਦਾ ਹੈ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ - 273***

ਮਰਦਾ ਕੌਣ ਹੈ, ਹਉਮੈ ਮਰਦੀ ਹੈ।

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***
***ਅੰਗ - 999***

ਗੁਰਸਿੱਖ ਜਿਹੜਾ ਗੁਰਮਤਿ ਦੀ ਕਮਾਈ ਕਰਕੇ ਹਉਮੈ ਦੇ ਮੰਡਲ ਤੋਂ ਉਪਰ ਲੰਘ ਜਾਂਦਾ ਹੈ, ਉਹਦੀ ਮੌਤ ਨਹੀਂ ਹੋਇਆ ਕਰਦੀ ਕਦੇ ਵੀ, ਉਹ ਹਮੇਸ਼ਾ ਖੁਸ਼ੀ ਮੰਨਦਾ ਹੈ। ਆਹ ਜਿਹੜਾ ਪੰਜ ਤੱਤ ਦਾ ਪਿੰਜਰਾ ਹੈ ਜਿਹਦੇ ਵਿੱਚ ਰਹਿੰਦਾ ਹੈ, ਉਹ ਕਹਿੰਦਾ ਹੈ ਕਿਹੜਾ ਵੇਲਾ ਹੋਵੇ ਜਿਹਦੇ ਵਿਚੋਂ ਮੈਂ ਨਿਕਲ ਕੇ ਆਪਣੀ ਆਤਮ ਸਥਿਤੀ ਦੇ ਵਿੱਚ ਪਰਮ ਅਨੰਦ ਵਿੱਚ ਲੀਨ ਹੋ ਜਾਵਾਂ। ਜਦੋਂ ਉੱਚੇ ਥਾਂ ਨੂੰ ਕੋਈ ਜਾਂਦਾ ਹੈ -

***ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥***
***ਅੰਗ - 923***

ਕਹਿੰਦੇ, ਉਥੇ ਜਾ ਕੇ ਜਿੱਥੇ ਵਡਿਆਈਆਂ ਮਿਲਣੀਆਂ ਨੇ, ਖੁਸ਼ੀਆਂ ਮਿਲਣੀਆਂ ਨੇ, ਸ਼ਾਬਾਸ਼ ਮਿਲਣੀ ਹੈ। ਉਥੇ ਨੂੰ ਜਾਂਦਾ ਤਾਂ ਨਹੀਂ ਕੋਈ ਨਰਾਜ਼ ਹੋਇਆ ਕਰਦਾ। ਉਹਨੂੰ ਤਾਂ ਖੁਸ਼ੀ ਹੁੰਦੀ ਹੈ, ਪੈਸੇ ਖੱਟ ਕੇ ਆਵੇ ਪਰਦੇਸ਼ 'ਚੋਂ, ਬਾਲ-ਬੱਚਿਆਂ ਨੂੰ ਮਿਲਣਾ ਹੈ। ਇੱਥੇ ਆ ਕੇ ਵੱਡੀਆਂ ਜਾਇਦਾਦਾਂ ਖਰੀਦਣੀਆਂ ਨੇ। ਉਹ ਪਰਦੇਸ਼ 'ਚੋਂ ਆਉਣ ਵੇਲੇ ਉਦਾਸ ਹੋਏਗਾ ਕਿ ਖੁਸ਼ ਹੋਏਗਾ? ਉਹਨੂੰ ਤਾਂ ਮਹਾਨ ਖੁਸ਼ੀ ਹੋਏਗੀ, ਕਿਉਂਕਿ ਉਹਨੇ ਉਹ ਕੰਮ ਕਰ ਲਿਆ, ਜਿੱਥੇ ਜਾ ਕੇ ਫੇਰ ਆਰਾਮ ਦੀ ਜ਼ਿੰਦਗੀ

ਕੱਟਣੀ ਹੈ। ਸੋ ਇਸ ਤਰ੍ਹਾਂ ਨਾਲ ਕਹਿਣ ਲ'ਗੇ, ਜਲਾਦ! –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ – 1365***

ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਸਰੀਰ ਛੱਡਣ ਤੋਂ ਬਾਅਦ, ਪੂਰਨ ਰੂਪ ਦੇ ਅੰਦਰ। ਕਿਉਂਕਿ ਸਰੀਰ ਵਿੱਚ ਤਿੰਨ ਗੁਣ ਨੇ ਰਜੋ ਗੁਣ, ਤਮੋ ਗੁਣ, ਸਤੋ ਗੁਣ। ਤਿੰਨ ਲਹਿਰਾਂ ਰਹਿੰਦੀਆਂ ਨੇ। ਤਿੰਨ ਲਹਿਰਾਂ ਦੇ ਨਾਲ ਕਦੇ ਰਾਗ, ਕਦੇ ਦਵੈਸ਼, ਕਦੇ ਊਚ, ਕਦੇ ਨੀਚ, ਕਦੇ ਖੁਸ਼ੀ, ਕਦੇ ਗਮੀ ਇਹ ਬਣੇ ਹੀ ਰਹਿੰਦੇ ਨੇ। ਸਰੀਰ ਤੋਂ ਬਾਹਰ ਆਤਮ ਸਰੂਪ 'ਚ ਕੋਈ ਨਹੀਂ, ਉਹ ਨਿਰੀ ਖੁਸ਼ੀ ਹੀ ਖੁਸ਼ੀ ਹੈ। ਕਹਿਣ ਲੱਗੇ, ਮੈਂ ਆਪਣੀ ਆਤਮ ਸਥਿਤੀ 'ਚ ਜਾਨਾਂ ਹਾਂ ਮੈਂ ਕਿਉਂ ਰੋਵਾਂ। ਬਾਕੀ ਕਹਿਣ ਲੱਗੇ, ਜਿਹੜੀ ਤੂੰ ਨਸ਼ੇ ਦੀ ਗੱਲ ਕਰਦਾ ਹੈਂ ਇਹ ਸਾਡਾ ਸਤਿਗੁਰੂ ਨਸ਼ੇ ਵੰਡਦਾ ਹੈ। ਮੂਰਖਾਂ ਨੂੰ ਨਹੀਂ ਪਤਾ ਕਿ ਐਸਾ ਨਸ਼ਾ ਵੀ ਹੁੰਦਾ ਹੈ ਜਿਹੜਾ ਇੱਕ ਵਾਰੀ ਪੀ ਲਓ ਮੁੜ ਕੇ ਉਤਰਦਾ ਹੀ ਨਹੀਂ ਹੈ। ਉਹ ਨਸ਼ਾ ਐਨਾ ਉੱਚਾ ਹੈ ਕਿ ਉਹਦੀ ਸਿਫਤ ਨਹੀਂ ਕੀਤੀ ਜਾਂਦੀ, ਉਹਨੂੰ ਇਸ ਤਰ੍ਹਾਂ ਦੇ ਨਾਲ ਵਰਣਨ ਕਰਦੇ ਨੇ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ-ਨਾਮ ਖੁਮਾਰੀ।***

ਦੁਨੀਆਂ ਦੇ ਨਸ਼ੇ –

***ਪੋਸਤ ਮਦ ਅਫੀਮ ਭੰਗ, ਉਤਰ ਜਾਇ ਪਰਭਾਤਿ।***

ਰਾਤ ਨੂੰ ਪੀਵੋ, ਸਵੇਰ ਨੂੰ ਤੋੜ ਲੱਗ ਜਾਂਦੀ ਹੈ। ਨਸ਼ਾ ਵਧਦਾ ਜਾਂਦਾ ਹੈ ਹੌਲੀ-ਹੌਲੀ ਆਦਮੀ ਨੂੰ ਨਸ਼ਾ ਭੋਗ ਜਾਂਦਾ ਹੈ, ਨਸ਼ੇ ਨੂੰ ਕੋਈ ਨਹੀਂ ਦੁਨੀਆ 'ਚ ਜੰਮਿਆ ਜਿਹੜਾ ਭੋਗ ਲਵੇ। ਉਹਦੇ ਸਰੀਰ 'ਚ ਬੇਅੰਤ ਬੀਮਾਰੀਆਂ ਦੀ ਅੰਸ ਛੱਡ ਜਾਏਗਾ। ਥੋਥਾ ਕਰ ਦਏਗਾ, ਇਰਾਦਾ ਕਮਜ਼ੋਰ ਕਰ ਦਏਗਾ ਤੇ ਜਿਹੜਾ ਅਸਲੀ ਕੰਮ ਕਰਨ ਮਨੁੱਖ ਆਇਆ ਉਸ ਤੋਂ ਉਸਨੂੰ ਵਾਂਝਾ ਕਰ ਦਏਗਾ। ਏਸ ਕਰਕੇ ਨਸ਼ਾ ਜਿਹੜਾ ਹੈ ਮਹਾਰਾਜ ਕਹਿੰਦੇ ਉਹ ਨਾਮ ਦਾ ਹੈ ਅਸਲੀ ਨਸ਼ਾ। ਜਿਹਦੀ ਇੱਕ ਵਾਰੀ ਖੁਮਾਰੀ ਚੜ੍ਹ ਗਈ ਫੇਰ ਨਹੀਂ ਉਤਰਦੀ। ਮੌਤ ਤਾਂ ਉਹਦੇ ਮੂਹਰੇ ਹੈ ਹੀ ਨਹੀਂ ਕੁਛ। ਇਸ ਤਰ੍ਹਾਂ ਕਹਿਣ ਲੱਗੇ, ਜਲਾਦ! ਇਹ ਨਾਮ ਦੀ ਖੁਮਾਰੀ ਹੈ, ਸਾਡੇ ਅੰਦਰ ਪ੍ਰਕਾਸ਼ ਹੈ ਅਸੀਂ ਮਰਦੇ ਨਹੀਂ ਹਾਂ। ਸਰੀਰ ਨੇ ਰਹਿਣਾ ਨਹੀਂ ਹੈ। ਅਸੀਂ ਆਪਣੇ ਘਰ ਨੂੰ ਜਾਂਦੇ ਹਾਂ ਸਾਨੂੰ ਖੁਸ਼ੀ ਹੋਵੇ ਕਿ ਨਾ ਹੋਵੇ?

ਨਾਮ ਤੋਂ ਬਗੈਰ ਮਹਾਰਾਜ ਕਹਿੰਦੇ ਡੁੱਬ ਜਾਣਾ ਅਮੀਰੀ ਦੇ ਵਿੱਚ, ਅਮੀਰੀ ਮਾੜੀ ਨਹੀਂ ਹੈ, ਕਾਰਾਂ ਰੱਖੋ, ਵਧੀਆ ਕੋਠੀਆਂ ਰੱਖੋ, ਸੁੱਖ ਮਾਣੋ ਜਿੰਨਾਂ ਮਾਣ ਹੁੰਦਾ ਹੈ ਪਰ ਪ੍ਰਮੇਸ਼ਰ ਨੂੰ ਨਾ ਭੁੱਲੋ। ਜੇ ਪ੍ਰਮੇਸ਼ਰ ਨੂੰ ਭੁੱਲਾਂਗੇ, ਚਾਹੇ ਕੋਈ ਸਾਧਨ ਹੈ –

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਭੋਗਾਂ ਦੀ ਦੁਨੀਆਂ ਦਾ ਜ਼ਿਕਰ ਕੀਤਾ ਹੈ ਇੱਥੇ ਮਹਾਰਾਜ ਨੇ, ਸ਼ਕਤੀਆਂ ਦੀ ਦੁਨੀਆਂ ਦਾ ਜ਼ਿਕਰ ਕਰਦੇ ਨੇ ਕਿ -

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਇੱਥੇ ਬੈਠਾ ਹੀ ਮੈਂ ਕਹਿ ਦੇਵਾਂ ਕਿ ਆਹ ਟੈਲੀਫੋਨ ਕਰੋ ਤੇ ਮੈਂ ਹੁਣੇ ਹੀ ਕੈਲੇਫੋਰਨੀਆਂ ਜਾ ਰਿਹਾ ਹਾਂ, ਉਥੋਂ ਬੋਲੂੰਗਾ, ਏਧਰੋਂ ਤੁਸੀਂ ਟੈਲੀਫੋਨ ਘੁੰਮਾਉਣ ਲੱਗ ਗਏ ਮੈਂ ਉਥੇ ਬੈਠਾ ਹਾਂ। ਹੈਰਾਨ ਹੋ ਜਾਣਗੇ ਲੱਖਾਂ ਬੰਦੇ ਕਿ ਇਹ ਤਾਂ ਬੜੀ ਤਾਕਤ ਵਾਲਾ ਹੈ। ਇਹ ਸੱਚਮੁੱਚ ਅਮਰੀਕਾ 'ਚੋਂ ਬੋਲ ਰਿਹਾ ਹੈ। ਗੁਪਤ ਹੋ ਗਿਆ ਕਿਤੇ ਪ੍ਰਗਟ ਹੋ ਗਿਆ, ਲੋਕ ਭਾਉ ਰੱਖਦੇ ਨੇ। ਮਹਾਰਾਜ ਕਹਿੰਦੇ ਡੁੱਬ ਜਾਏਂਗਾ ਇਨ੍ਹਾਂ ਗੱਲਾਂ 'ਚ। ਜੇ ਨਾਮ ਭੁੱਲ ਗਿਆ ਤਾਂ ਕਿਸੇ ਕੰਮ ਨਹੀਂ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥***

***ਅੰਗ - 593***

ਫੇਰ ਰਾਜਸੀ ਸ਼ਕਤੀ ਮਹਾਰਾਜ ਕਹਿੰਦੇ, ਰਾਜਸੀ ਸ਼ਕਤੀ ਐਨੀ ਹੋ ਜਾਏ -

***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਸਾਰੀ ਦੁਨੀਆਂ ਦਾ ਬਾਦਸ਼ਾਹ ਬਣ ਜਾਵਾਂ। ਜੇ ਰਾਜ ਪ੍ਰਮੇਸ਼ਰ ਨੂੰ ਭੁਲਾਉਂਦਾ ਹੈ, ਰਾਜਸੀ ਸ਼ਕਤੀ ਭੁਲਾਉਂਦੀ ਹੈ ਕਹਿੰਦੇ ਇਹ ਕਿਸੇ ਕੰਮ ਦੀ ਨਹੀਂ ਹੈ। ਡੁੱਬ ਜਾਂਦਾ ਹੈ ਬੰਦਾ। ਡੁੱਬਣ ਨਾਲ ਕੀ ਹੁੰਦਾ ਹੈ, ਉਹਦੀ ਖੁਸ਼ੀ ਮਾਰੀ ਜਾਂਦੀ ਹੈ। ਕਿਉਂਕਿ ਖੁਸ਼ੀ ਨਾਮ ਵਿੱਚ ਹੈ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।***
***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ - 14***

ਪ੍ਰਮੇਸ਼ਰ ਨੂੰ ਭੁੱਲਣ ਤੇ ਸੁੱਖ ਨਹੀਂ ਹੋਇਆ ਕਰਦਾ। ਦੁੱਖ ਹੋਇਆ ਕਰਦਾ ਹੈ -

***ਦੂਖੁ ਤਦੇ ਜਾ ਵਿਸਰਿ ਜਾਵੈ ॥*** ***ਅੰਗ - 98***

ਪ੍ਰਮੇਸ਼ਰ ਨੂੰ ਭੁੱਲ ਜਾਣਾ ਹੀ ਦੁੱਖ ਹੁੰਦਾ ਹੈ -

***ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥***
***ਅੰਗ - 1256***

ਆਦਮੀ ਨੂੰ ਰੋਗ ਲਗਦੇ ਨੇ ਤੇ ਜੇ ਪ੍ਰਮੇਸ਼ਰ ਨੂੰ ਯਾਦ ਕਰ ਲਵੇ। ਸਾਰੇ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਐਡੀ ਵੱਡੀ ਕੀਮਤੀ ਚੀਜ਼ ਨਾਮ ਨੂੰ ਅਸੀਂ ਭੁੱਲ ਕੇ ਗਲਤ ਚੀਜ਼ਾਂ 'ਚ ਪਏ ਹੋਏ ਹਾਂ। ਕਿਉਂਕਿ ਸਾਨੂੰ ਗਿਆਨ ਨਹੀਂ ਹੈ। ਮਹਾਰਾਜ ਕਹਿੰਦੇ, ਕਮਲੇ ਨੇ ਕਮਲੇ। ਹੈਗੇ ਤਾਂ ਮਨੁੱਖ ਦਿਸਦੇ, ਪੜ੍ਹ ਵੀ ਗਏ, ਕੋਈ ਬੀ.ਏ ਪੜ੍ਹ ਗਿਆ, ਐਮ.ਏ ਪੜ੍ਹ ਗਿਆ ਕਿਸੇ ਨੇ ਪੀ.ਐਚ.ਡੀ ਕਰ ਲਈ। ਪਰ ਕਹਿੰਦੇ ਕਮਲਿਆਂ ਦਾ ਸੰਸਾਰ ਹੈ। ਕਮਲੇ ਨੇ -

***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥***
***ਅੰਗ - 644***

ਕਹਿੰਦੇ, ਨਾਮ ਤੋਂ ਬਗੈਰ ਜਗ ਕਮਲਿਆਂ ਦਾ ਫਿਰਦਾ ਹੈ। ਇ'ਕ ਨਹੀਂ ਸਾਰੇ ਹੀ ਕਮਲੇ ਨੇ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਅੰਗ - 251***

ਇਹ ਤਾਂ ਕਹਿੰਦੇ ਢੋਰ ਹੋ ਗਿਆ। ਆਇਆ ਸੀਗਾ -

***ਯਾ ਜੁਗ ਮਹਿ ਏਕਹਿ ਕਉ ਆਇਆ ॥*** ***ਅੰਗ - 251***

ਪ੍ਰਮੇਸ਼ਰ ਨੂੰ ਦੇਖਣ ਵਾਸਤੇ ਆਇਆ ਸੀ ਜਿਹੜਾ ਸਾਰੇ ਪਰੀਪੂਰਨ ਹੈ, ਆਪਣੀ ਹਉਮੈ ਦਾ ਨਾਸ ਕਰਕੇ ਪ੍ਰਮੇਸ਼ਰ ਨਾਲ ਇ'ਕਮਿਕ ਹੋਣ ਵਾਸਤੇ ਆਇਆ ਸੀ, ਪ੍ਰਮੇਸ਼ਰ ਦਾ ਰੂਪ ਬਣਨ ਵਾਸਤੇ ਪਰ -

***ਜਨਮਤ ਮੋਹਿਓ ਮੋਹਨੀ ਮਾਇਆ ॥*** ***ਅੰਗ - 251***

ਜੰਮਦੇ ਨੂੰ ਹੀ ਮਾਇਆ ਨੇ ਮੋਹ ਲਿਆ। ਜਦੋਂ ਮਾਂ ਦੇ ਪੇਟ ਵਿ'ਚ ਸੀ -

***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥*** ***ਅੰਗ - 251***

ਵੱਡੀਆਂ-ਵੱਡੀਆਂ ਜ਼ਮੀਨਾਂ, ਵੱਡੇ-ਵੱਡੇ ਮੁਰੱਬੇ ਬਹੁਤ ਸੋਹਣੀਆਂ ਰਿਸ਼ਤੇਦਾਰੀਆਂ, ਕੋਠੀਆਂ, ਕਾਰਾਂ, ਸਵਾਰੀਆਂ ਦੇ ਦਿੱਤੀਆਂ ਉਹਦੇ ਵਿੱਚ ਭੁੱਲ ਗਿਆ। ਭੁੱਲ ਕੇ ਕੀ ਕਰਦਾ ਹੈ, ਆਪਸ ਵਿੱਚ ਲੜਾਈ ਕਰਦਾ ਹੈ। ਹੋਰ ਲੜਨ ਨੂੰ ਲੱਭਦਾ ਹੀ ਨਹੀਂ ਕੋਈ। ਲੜ ਤੂੰ, ਲੜਨ ਤੋਂ ਨਹੀਂ ਹਟਾਉਂਦੇ ਨੇ, ਲੜਾਈ ਕਰ ਤੇਰੇ ਅੰਦਰ ਚੋਰ ਵਸਦੇ ਨੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥* *ਅੰਗ - 600*

ਤੇਰਾ ਨਾਮ ਦਾ ਧਨ ਲੁੱਟ ਰਹੇ ਨੇ। ਉਹ ਕੰਗਾਲ ਬਣਾ ਕੇ ਤੋਰਨਗੇ ਏਥੋਂ ਤੈਨੂੰ। ਲੜਾਈ ਕਰਨੀ ਹੈ ਦਿਨ ਰਾਤ ਕਰ -

*ਖਾਲਸਾ ਸੋ ਕਰੇ ਨਿਤ ਜੰਗ।*

ਇਹ ਤਾਂ ਨਹੀਂ ਕਿ ਤਲਵਾਰ ਕੱਢ ਕੇ ਮਾਰੀ ਜਾਵੇ ਲੋਕਾਂ ਨੂੰ। ਉਹ ਤੇਰੇ ਅੰਦਰ ਆਸੁਰੀ ਸੰਪਰਦਾ, ਫੌਜ ਬੈਠੀ ਹੈ, ਬਹੁਤ ਵੱਡੀ, ਉਹਦੇ ਨਾਲ ਯੁੱਧ ਕਰ। ਇੱਕ-ਇੱਕ ਸੂਰਮਾ ਐਡਾ ਤਕੜਾ ਹੈ, ਅਜਿੱਤ ਸੂਰਮਾ ਹੈ ਜਿੱਤਿਆ ਨਹੀਂ ਜਾਂਦਾ ਕਿਸੇ ਤੋਂ। ਐਡੇ ਸੂਰਮੇ ਨੇ ਕੋਈ ਨਹੀਂ ਜਿੱਤ ਸਕਦਾ ਉਨ੍ਹਾਂ ਨੂੰ। ਵੱਡਿਆਂ-ਵੱਡਿਆਂ ਨੇ ਯਤਨ ਕਰਿਆ ਹੈ ਕਿ ਅਸੀਂ ਜਿੱਤ ਲਵਾਂਗੇ, ਪਰ ਉਹ ਫੇਲ੍ਹ ਹੋ ਗਏ। ਕੋਈ ਜਿੱਤ ਨਹੀਂ ਸਕਿਆ, ਜਿੱਤਣਾ ਬਹੁਤ ਔਖਾ ਹੈ ਉਨ੍ਹਾਂ ਨੂੰ। ਜੇ ਲੜਾਈ ਕਰਨੀ ਹੈ ਕਰੋ ਲੜਾਈ ਜੀਅ ਭਰ ਕੇ ਕਰੋ। ਕ੍ਰੋਧ ਨਾਲ ਕਰੋ ਲੜਾਈ ਕਿ ਮੈਂ ਤੈਨੂੰ ਆਉਣ ਨਹੀਂ ਦਿੰਦਾ। ਉਹ ਜੇ ਪੁੱਛਦੇ ਨੇ ਕਿ ਤੂੰ ਕਿਉਂ ਨਹੀਂ ਆਉਣ ਦਿੰਦਾ ਸਾਨੂੰ, ਸਾਡਾ ਵੈਰੀ ਕਿਉਂ ਬਣਿਆ ਹੈਂ? ਇਸ ਕਰਕੇ ਬਣਿਆ ਹਾਂ ਪਿਆਰਿਓ! ਤੁਸੀਂ ਮੇਰੇ ਸਰੀਰ ਦਾ ਨਾਸ਼ ਕਰ ਰਹੇ ਓਂ।

*ਧਾਰਨਾ - ਕਾਇਆਂ ਨੂੰ ਗਾਲਦੇ, ਕਾਮ ਤੇ ਕ੍ਰੋਧ ਦੋਵੇਂ।*
*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - 932*

ਲੜੋ ਇਨ੍ਹਾਂ ਦੇ ਨਾਲ ਵੱਡੇ-ਵੱਡੇ ਹਾਰ ਖਾ ਗਏ, ਮਛੰਦਰਨਾਥ ਗੋਰਖਨਾਥ ਦਾ ਗੁਰੂ। ਜਿਹੜਾ ਆਪਣੇ ਆਪ ਨੂੰ ਬਾਲ ਜਤੀ ਕਹਿੰਦਾ ਸੀ, ਲੰਕਾ ਦੇ ਵਿੱਚ ਗਿਆ ਹੋਇਆ ਹੈ ਉਥੇ ਰਾਜਾ ਅਮਰੂ ਸ਼ਿਵਨਾਭ ਰਾਜੇ ਦਾ ਪਿਤਾ ਚੜ੍ਹਾਈ ਕਰ ਗਿਆ, ਸੇਵਾ ਬਹੁਤ ਕਰਦੇ ਸੀ, ਰਾਣੀਆਂ ਇਹਦੀ ਸੇਵਾਦਾਰ ਸਨ ਆ ਕੇ ਰੋਣ ਲੱਗ ਗਈਆਂ ਕਿ ਸਾਡਾ ਕੋਈ ਧੁਰਾ ਨਹੀਂ, ਬੱਚਾ ਨਿਆਣਾ ਹੈ। ਉਸ ਵੇਲੇ ਇਹਦੇ ਮਨ ਵਿੱਚ ਬੇਈਮਾਨੀ ਆ ਗਈ। ਆਪਣਾ ਸਰੀਰ ਤਾਂ ਇੱਕ ਕੰਦਰਾ 'ਚ ਬੰਦ ਕਰ ਦਿੱਤਾ ਤੇ ਰਾਜੇ ਅਮਰੂ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਜੀਉਂਦਾ ਹੋ ਗਿਆ। ਜੀਉਂਦਾ ਹੋ ਕੇ ਚੌਦਾਂ ਸਾਲ ਲੰਘ ਗਏ, ਰਾਣੀਆਂ ਦੇ ਨਾਲ ਰਹੀ ਗਿਆ। ਏਧਰ ਗੋਰਖਨਾਥ ਗੁਰੂ ਦੀ ਤਲਾਸ਼ ਕਰਦਾ ਫਿਰਦਾ ਹੈ। ਸਾਰਾ ਭਾਰਤ ਵਰਸ਼ ਦੇਖ ਲਿਆ ਕਿਤੇ ਉੱਘ-ਸੁੱਘ ਨਹੀਂ ਨਿਕਲਦੀ। ਬਾਲ-ਗੁੰਦਾਈ ਨਾਲ ਕਿਤੇ ਚਰਚਾ ਹੋ ਗਈ। ਬਾਲ ਗੁੰਦਾਈ ਕਹਿੰਦਾ ਕਿ ਤੂੰ ਮੇਰੇ ਨਾਲ ਕੀ ਗੱਲਾਂ ਕਰਦਾ ਹੈਂ ਤੂੰ ਆਪਣੇ ਗੁਰੂ ਨੂੰ ਟੋਲ੍ਹ ਪਹਿਲਾਂ। ਹੈਰਾਨ ਹੋ ਗਿਆ ਕਿ ਮੇਰੇ ਗੁਰੂ ਦਾ ਇਹਨੂੰ ਪਤਾ ਹੋਣਾ ਹੈ। ਕਹਿੰਦਾ, ਜਾਹ ਟੋਲ੍ਹ ਲੈ। ਟੋਲ੍ਹਦਾ ਹੈ ਕਿਤੇ ਨਹੀਂ ਪਤਾ ਲਗਦਾ। ਅਖੀਰ ਉਹ ਬਾਲ ਗੁੰਦਾਈ ਕਹਿੰਦਾ ਤੇਰਾ ਗੁਰੂ ਰਾਜੇ ਅਮਰੂ ਦੇ ਸਰੀਰ ਵਿ'ਚ ਬਣ ਕੇ ਕਾਮੀ ਹੋਇਆ ਬੈਠਾ ਹੈ ਰਾਣੀਆਂ ਦੇ

ਨਾਲ ਰਹਿੰਦਾ ਹੈ। ਉਸ ਵੇਲੇ ਆਉਂਦਾ ਹੈ ਆ ਕੇ ਉਹਨੂੰ ਜਗਾਉਂਦਾ ਹੈ, ਸੁਰਤ 'ਚੋਂ। ਉਹ ਜਿਹੜਾ ਸਰੀਰ ਰੱਖਿਆ ਹੋਇਆ ਸੀ ਉਹਦੇ ਵਿੱਚ ਮੁੜ ਕੇ ਪ੍ਰਵੇਸ਼ ਕਰਾਉਂਦਾ ਹੈ। ਕਿੱਡੇ-ਕਿੱਡੇ ਹਾਰ ਗਏ, ਕਿੱਡੇ ਦੁਸ਼ਮਣ ਨੇ ਵੱਡੇ। ਕਹਿੰਦੇ, ਲੜੋ ਅੰਦਰਲੇ ਦੁਸ਼ਮਣਾ ਨਾਲ ਆਪਸ ਵਿੱਚ ਕੀ ਲੜਨਾ। ਆਪਸ ਵਿੱਚ ਤਾਂ ਪਿਆਰ ਕਰੋ, ਜਿਹਦੇ ਅੰਦਰ ਪਿਆਰ ਨਹੀਂ ਹੈ ਉਹ ਕਿੰਨਾ ਹੀ ਸੋਹਣਾ, ਕਿੱਡਾ ਹੀ ਅਮੀਰ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - 253*

ਜੇ ਵਾਹਿਗੁਰੂ ਨਾਲ ਪਿਆਰ ਨਹੀਂ, ਸੰਸਾਰ ਨਾਲ ਪਿਆਰ ਨਹੀਂ ਹੋ ਸਕਦਾ ਕਿਉਂਕਿ ਵਾਹਿਗੁਰੂ ਨਾਲ ਜਿਹਦਾ ਪਿਆਰ ਹੈ, ਸੰਸਾਰ ਉਹਦਾ ਰੂਪ ਹੈ ਉਹਦੀ ਕਿਰਤ ਹੈ, ਇਹਦੇ ਨਾਲ ਪਿਆਰ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੀਵ ਭੁੱਲ ਜਾਂਦਾ ਹੈ ਸਾਧਸੰਗਤ ਜੀ।

ਉਸ ਵੇਲੇ ਭਗਵਾਨ ਕਹਿਣ ਲੱਗੇ, ਨਾਮਦੇਵ! ਮਾਇਆ ਮੈਂ ਦਿੰਦਾ ਤਾਂ ਹੈ ਇਨ੍ਹਾਂ ਨੂੰ ਪਰ ਇਹ ਲੈਂਦੇ ਨਹੀਂ। ਬੜੀ ਵਾਰੀ ਮੈਂ ਕੋਸ਼ਿਸ਼ ਕਰੀ ਹੈ। ਇਹ ਇੱਕੋ ਗੱਲ ਕਹਿੰਦੇ ਨੇ ਕਿ ਭਗਵਾਨ ਤੇਰੇ ਅਰ ਸਾਡੇ ਵਿਚਾਲੇ ਮਾਇਆ ਨੇ ਆ ਕੇ ਤੈਨੂੰ ਭੁ'ਲਾ ਦੇਣਾ ਹੈ। ਸਾਡੇ ਤੋਂ ਤੂੰ ਭੁ'ਲ ਜਾਏਂਗਾ। ਇਹ ਤਾਂ ਨਾਗਣੀ ਹੈ -

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥* *ਅੰਗ - 643*

ਉਹ ਤਾਂ ਨਾਗਣੀ ਕਹਿੰਦੇ ਨੇ ਇਹਨੂੰ ਮੈਂ ਦੇਵਾਂ ਕਿਵੇਂ। ਕਹਿੰਦੇ, ਭੁੱਲਾ ਦਿੰਦੀ ਹੈ। ਮੇਰੀ ਮਾਇਆ, ਤ੍ਰਿਗੁਣੀ ਮਾਇਆ ਐਡੀ ਸ਼ਕਤੀਸ਼ਾਲ ਹੈ ਕਿ ਗਿਆਨਵਾਨਾਂ ਨੂੰ ਵੀ ਭੁਲਾ ਦਿੰਦੀ ਹੈ, ਮਾੜੇ ਮੋਟਿਆਂ ਦੀ ਤਾਂ ਗੱਲ ਛੱਡੋ।

ਕ੍ਰਿਸ਼ਨ ਮਹਾਰਾਜ ਤੁਰੇ ਜਾਂਦੇ ਨੇ, ਜਾਂਦੇ-ਜਾਂਦੇ ਬਚਨ ਚੱਲ ਪਏ ਕਹਿੰਦੇ, ਅਰਜਨ! ਮੈਂ ਆਪਣੀ ਤ੍ਰਿਗੁਣੀ ਮਾਇਆ ਦੇ ਓਹਲੇ ਰਹਿੰਦਾ ਹਾਂ ਹਰੇਕ ਦੇ ਨਾਲ। ਪਰ ਮੈਨੂੰ ਪਛਾਨਣ ਵਾਲਾ ਕੋਈ ਵਿਰਲਾ ਹੈ। ਮਾਇਆ ਜਿਹੜਾ ਮੇਰਾ ਜਾਦੂ ਹੈ ਉਹਦੇ ਨਾਲ ਤਾਂ ਇਨ੍ਹਾਂ ਦੀ ਪ੍ਰੀਤ ਹੈ ਜਿਹੜਾ ਮੈਂ ਅਸਲੀ ਹਾਂ, ਮੈਨੂੰ ਇਹ ਸਦਾ ਹੀ ਭੁੱਲਿਆ ਰਹਿੰਦਾ ਹੈ ਸੰਸਾਰ। ਕਹਿੰਦੇ, ਇਹ ਮੇਰੀ ਮਾਇਆ ਦੇ ਵਿੱਚ ਸ਼ਕਤੀ ਹੈ -

*ਧਾਰਨਾ - ਤੁਮਰੇ ਚਰਨ ਵਿਸਾਰੇ ਜੀ,*
*ਇਨ ਮਾਇਆ ਜਗਦੀਸ਼ ਗੁਸਾਈਂ।*
*ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*
*ਅੰਗ - 857*

ਕਿਉਂਕਿ ਇਹਦੇ ਵਿੱਚ ਤਿੰਨ ਗੁਣ ਨੇ, ਇੱਕ ਰਜੋ ਗੁਣ, ਇੱਕ ਤਮੋ

ਗੁਣ, ਇੱਕ ਸਤੋ ਗੁਣ। ਇਹ ਇੱਕ ਤਰ੍ਹਾਂ ਦੀ ਨੀਂਦ ਹੈ ਇਹਦੇ ਵਿੱਚ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ - 920*

ਸੁੱਤੇ ਨੂੰ ਸਭ ਚੀਜ਼ਾਂ ਭੁੱਲ ਜਾਂਦੀਆਂ ਨੇ, ਉਹਦੇ ਸਰ੍ਹਾਣੇ ਥੱਲੇ ਲੱਖ ਰੁਪਈਆ ਪਿਆ ਹੋਵੇ ਕਿ ਕੱਲ੍ਹ ਨੂੰ ਮੈਂ ਵਰਤਣਾ ਹੈ ਤੇ ਸਰ੍ਹਾਣੇ ਰੱਖ ਲੈਣਾ ਹੈ ਕੋਈ। ਸਰ੍ਹਾਣੇ ਦੇ ਥੱਲੇ ਰੱਖ ਲੈਂਦਾ ਹੈ। ਰਾਤ ਨੂੰ ਸੁਪਨੇ ਦੇ ਵਿੱਚ ਪਿਆਸ ਲਗਦੀ ਹੈ, ਪਾਣੀ ਟੋਲ੍ਹਦਾ ਫਿਰਦਾ ਹੈ ਕੋਈ ਕਹੇ ਕਿ ਇਕ ਪੈਸੇ ਦਾ ਗਿਲਾਸ ਮਿਲੇਗਾ। ਇੱਕ ਦੱਸੀ ਦਾ। ਹੁਣ ਉਹਨੂੰ ਦਸੀ ਨਹੀਂ ਲੱਭਦੀ। ਕਿਉਂਕਿ ਸੁਪਨੇ ਵਿੱਚ ਜਾ ਰਿਹਾ ਤੇ ਉਹਦੇ ਤਾਂ ਸਰ੍ਹਾਣੇ ਥੱਲੇ ਲੱਖ ਰੁਪਿਆ ਪਿਆ ਹੈ। ਲੇਕਿਨ ਭਟਕਦਾ ਕਿਉਂ ਹੈ ਕਿਉਂਕਿ ਉਹਨੂੰ ਸੁਪਨਾ ਆ ਰਿਹਾ ਹੈ। ਐਸੇ ਤਰ੍ਹਾਂ ਸੰਸਾਰ ਵਿੱਚ ਵਾਹਿਗੁਰੂ ਤਾਂ ਸਾਰਿਆਂ ਦੇ ਨਾਲ ਹੈ, ਅੰਦਰ ਬਾਹਰ ਪਰੀਪੂਰਨ ਹੈ ਲੇਕਿਨ ਸੁਪਨੇ ਵਿੱਚ ਫਿਰ ਰਹੀ ਹੈ ਦੁਨੀਆਂ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* *ਅੰਗ - 808*

ਕਹਿਣ ਲੱਗੇ, ਇਸ ਤਰ੍ਹਾਂ ਦੇ ਨਾਲ ਜੀਵ ਭੁੱਲਿਆ ਰਹਿੰਦਾ ਹੈ ਮਾਇਆ ਦੇ ਅਸਰ ਵਿੱਚ ਆ ਕੇ। ਕਹਿਣ ਲੱਗਿਆ, ਮਹਾਰਾਜ! ਮੈਂ ਨਹੀਂ ਭੁੱਲ ਸਕਦਾ। ਕਹਿੰਦੇ ਤੂੰ ਤਾਂ ਪਹਿਲਾਂ ਹੀ ਭੁੱਲਦਾ ਹੈਂ। ਜਿਹੜਾ ਕਹੇ ਮੈਂ ਨਹੀਂ ਭੁੱਲ ਸਕਦਾ ਉਹ ਤਾਂ ਪਹਿਲਾਂ ਹੀ ਭੁੱਲ ਗਿਆ। ਮੈਂ ਭੁਲਾਉਂਦੀ ਹੈ ਸਾਧਸੰਗਤ ਜੀ ਵਾਹਿਗੁਰੂ ਨੂੰ, ਵਾਹਿਗੁਰੂ ਨਾਲ ਰਹਿੰਦਾ ਹੈ ਸਾਡੇ। ਰੌਲਾ ਮੈਂ ਦਾ ਹੈ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅੰਗ - 657*

ਕਹਿਣ ਲੱਗਿਆ, ਮਹਾਰਾਜ! ਮਾਇਆ ਦਿਖਾ ਦਿਓ। ਦੂਸਰੇ ਦਿਨ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਜਾਹ, ਗੜਵਾ ਲੈ ਜਾ ਪਾਣੀ ਭਰ ਲਿਆ ਏਥੋਂ, ਅਸੀਂ ਦਾਤਨ ਕਰਨੀ ਹੈ। ਮਾਇਆ ਪਾ ਦਿੱਤੀ, ਉਥੇ ਨਾ ਸਰੋਵਰ। ਨਾ ਕ੍ਰਿਸ਼ਨ ਮਹਾਰਾਜ। ਇੱਕ ਭਿਆਨਕ ਜੰਗਲ ਦਿਖਾ ਦਿੱਤਾ। ਸ਼ੇਰ ਫਿਰਦੇ ਨੇ ਵਿੱਚ, ਵੱਡੀਆਂ-ਵੱਡੀਆਂ ਸਰਾਲਾਂ ਫਿਰਦੀਆਂ ਨੇ, ਜਾਨਵਰ ਬੋਲਦੇ ਨੇ। ਰਾਤ ਪੈ ਗਈ, ਡਰਦਾ ਮਾਰਾ ਨੱਠਿਆ ਜਾਂਦਾ ਹੈ, ਦਰਖਤ 'ਤੇ ਚੜ੍ਹ ਕੇ ਰਾਤ ਕੱਟੀ। ਦੂਜਾ ਦਿਨ ਫੇਰ ਹੋਵੇ, ਤੀਜਾ ਦਿਨ ਫੇਰ ਹੋਵੇ। ਭੁੱਖਾ ਤਿਹਾਇਆ ਬੌਂਦਲ ਗਿਆ। ਬਾਹਰ ਨਿਕਲਿਆ, ਰੋਂਦਾ ਜਾਂਦਾ ਹੈ। ਕ੍ਰਿਸ਼ਨ ਮਹਾਰਾਜ ਕਿੱਥੇ ਨੇ, ਉਹਨੇ ਇੱਕ ਬੰਦੇ ਨੇ ਕਿਹਾ ਪ੍ਰੇਮੀਆਂ ਤੂੰ ਰੋਂਦਾ ਕਿਉਂ, ਹੈ? ਤੇਰੇ ਕੇਸ ਖਿੰਡੇ ਪਏ ਨੇ, ਤੇਰਾ ਬੁਰਾ ਹਾਲ ਹੋਇਆ ਪਿਆ ਹੈ? ਕਹਿੰਦਾ, ਮੇਰੇ ਨਾਲ ਕ੍ਰਿਸ਼ਨ ਮਹਾਰਾਜ ਆਏ ਸੀ, ਪਤਾ ਨਹੀਂ ਅੱਜ ਤਿੰਨ ਦਿਨ, ਤਿੰਨ ਰਾਤਾਂ ਹੋ ਗਈਆਂ ਪਤਾ ਨਹੀਂ ਕਿੱਥੇ ਚਲੇ ਗਏ। ਉਹ ਕਹਿੰਦਾ, ਤੂੰ ਪਾਗਲ ਤਾਂ ਨਹੀਂ ਹੈਂ ਪਾਗਲਖਾਨੇ ਤੋਂ ਨੱਠ ਕੇ ਤਾਂ ਨਹੀਂ

ਆਇਆ? ਕ੍ਰਿਸ਼ਨ ਮਹਾਰਾਜ ਨੂੰ ਤਾਂ ਪੂਰੇ ਤਿੰਨ ਸੌ ਸਾਲ ਹੋ ਗਏ, ਉਹ ਤਾਂ ਪਾਂਡਵਾਂ ਦਾ ਯੁੱਧ ਹੋ ਗਿਆ, ਉਨ੍ਹਾਂ ਦੇ ਬੱਧਕ ਨੇ ਬਾਣ ਮਾਰਿਆ, ਉਸ ਤੋਂ ਬਾਅਦ ਪਾਂਡਵ ਜਿਹੜੇ ਨੇ ਬਰਫਾਂ 'ਚ ਗਲ ਕੇ ਮਰ ਗਏ। ਤੂੰ ਕੌਣ ਹੈਂ? ਕਹਿੰਦਾ ਮੈਂ ਅਰਜਨ ਹਾਂ। ਕਹਿੰਦਾ, ਤਾਂ, ਤਾਂ ਜ਼ਰੂਰ ਹੀ ਕਮਲਾ ਹੈਂ। ਉਹ ਤਾਂ ਚੜ੍ਹਾਈ ਕਰ ਗਏ ਪੰਜੇ ਪਾਂਡਵ ਤੇ ਉਨ੍ਹਾਂ ਦਾ ਪੁੱਤਰ ਜਿਹੜਾ ਸੀ ਅਭਿਮੰਨਿਯੂ ਯੁੱਧ 'ਚ ਮਾਰਿਆ ਗਿਆ, ਉਹਦਾ ਪੁੱਤਰ ਰਾਜਾ ਪ੍ਰੀਸ਼ਤ ਉਹ ਵੀ ਸੱਪ ਨੇ ਕੱਟ ਕੇ ਮਾਰ ਦਿੱਤਾ ਤੇ ਉਹਦਾ ਹੁਣ ਪੜੋਤਾ ਜਿਹੜਾ ਹੈ ਜਨਮੇਜਾ ਵੀ ਲੰਘ ਗਿਆ, ਤੇ ਹੁਣ ਪੜਪੋਤਾ ਉਹਦਾ ਰਾਜ ਕਰ ਰਿਹਾ ਹੈ। ਦੇਖੀਂ ਕਿਤੇ ਕਿਸੇ ਨੂੰ ਕਹਿ ਨਾ ਦੇਈਂ ਉਹ ਤੈਨੂੰ ਪਾਗਲਖਾਨੇ ਬੰਦ ਕਰ ਦੇਣਗੇ। ਉਥੇ ਹੀ ਸ਼ੱਕ ਪੈ ਗਿਆ।

ਅੱਗੇ ਚਲਿਆ ਗਿਆ, ਕਹਿੰਦਾ ਆ ਤੈਨੂੰ ਧਰਮਸਾਲਾ 'ਚ ਕਥਾ ਸੁਣਾਵਾਂ। ਅੱਜ ਓਹੀ ਪ੍ਰਸੰਗ ਚਲਦਾ ਹੈ। ਜਾ ਕੇ ਪ੍ਰਸੰਗ ਸੁਣ ਲਿਆ, ਸ਼ੱਕ ਪੈ ਗਿਆ, ਭਰਮ ਪੈ ਗਿਆ ਕਿ ਇਹ ਗੱਲ ਕੀ ਹੋਈ? ਮੈਂ ਅਰਜਨ ਨਹੀਂ ਹਾਂ? ਪੱਕਾ ਭਰਮ ਹੋ ਗਿਆ ਕਿ ਅਰਜਨ ਤਾਂ ਮਾਰਿਆ ਗਿਆ, ਮੈਨੂੰ ਕੋਈ ਸੁਪਨਾ ਤਾਂ ਨਹੀਂ ਆ ਰਿਹਾ, ਦੰਦੀਆਂ ਵੱਢਦਾ ਹੈ ਬਾਹਾਂ 'ਤੇ ਕਿ ਮੈਂ ਜਾਗਦਾ ਹਾਂ ਕਿ ਸੁੱਤਾ ਪਿਆ ਹਾਂ। ਓਧਰ ਕਥਾ ਚੱਲ ਰਹੀ ਹੈ, ਓਧਰ ਸਾਰੇ ਲੋਕ ਹਰੇਕ ਦੇ ਮੂੰਹ ਦੇ ਉਤੇ ਹੈ ਕਿ ਐਸ ਤਰ੍ਹਾਂ ਹੋਇਆ, ਐਸ ਤਰ੍ਹਾਂ ਪਾਂਡਵ ਬਰਫਾਂ 'ਚ ਗਲ ਗਏ।

ਅਖੀਰ ਰਾਜੇ ਕੋਲ ਚਲਿਆ ਗਿਆ ਨੌਕਰੀ ਵਾਸਤੇ, ਤੀਰ ਅੰਦਾਜ਼ ਸੀ, ਇਹਦਾ ਕੰਮ ਦੇਖ ਕੇ ਰਾਜੇ ਨੇ ਕਮਾਂਡਰ-ਇਨ-ਚੀਫ ਬਣਾ ਕੇ ਆਪਣੀ ਲੜਕੀ ਦੀ ਸ਼ਾਦੀ ਕਰ ਦਿੱਤੀ ਤੇ ਇਹ ਐਨਾ ਮਸਤ ਹੋਇਆ ਭੋਗਾਂ 'ਚ ਖਾਣ ਪੀਣ 'ਚ, ਉਹ ਚੀਜ਼ਾਂ ਜਿਹੜੀਆਂ ਨਿੰਦਨੀ ਸੀ, ਸ਼ਰਾਬਾਂ ਕਬਾਬਾਂ ਸਭ ਪੀ ਰਿਹਾ ਹੈ। ਜੇ ਕੋਈ ਭਗਵਾਨ ਦੀ ਗੱਲ ਕਰਦਾ ਹੈ ਉਹਨੂੰ ਗਾਲ੍ਹਾ ਕੱਢਦਾ ਹੈ ਕਹਿੰਦਾ ਖਬਰਦਾਰ! ਜੇ ਭਗਵਾਨ ਦਾ ਨਾਉਂ ਮੇਰੇ ਕੋਲ ਲਿਆ। ਕ੍ਰਿਆਕਰਮ ਸਭ ਛੱਡ ਦਿੱਤੇ। ਨਾਸਤਕ ਹੋ ਗਿਆ ਪੂਰਾ। ਉਸ ਤੋਂ ਬਾਅਦ ਔਰਤ ਬੀਮਾਰ ਹੋ ਗਈ ਕੁਛ ਸਮੇਂ ਤੋਂ ਬਾਅਦ ਉਹ ਰੋਣ ਲੱਗ ਗਈ ਕਿ ਹੁਣ ਮੈਂ ਤਾਂ ਚਲੀ ਜਾਣਾ ਹੈ। ਪਿਆਰ ਆਪਣਾ ਬੜਾ ਸੀ, ਪਰ ਤੂੰ ਮੈਨੂੰ ਭੁੱਲ ਜਾਣਾ ਹੈ। ਕਹਿੰਦਾ, ਮੈਂ ਵੀ ਤੇਰੇ ਨਾਲ ਹੀ ਚੱਲਾਂਗਾ। ਨਾਲ ਹੀ ਜਲਾਂਗਾ। ਚਿਖਾ ਚਿਣ ਦਿੱਤੀ ਉਹਦੇ 'ਤੇ ਇਕੱਲੀ ਨੂੰ ਨਹੀਂ ਬੈਠਣ ਦਿੰਦਾ ਕਹਿੰਦਾ ਮੈਂ ਨਾਲ ਜਲਾਂਗਾ। ਵ'ਡਾ ਆਦਮੀ ਹੈ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਉਧੋ ਨੂੰ ਭੇਜਿਆ ਕਿ ਇਹਨੂੰ ਜਗਾ ਜਾ ਕੇ। ਜਗਾਇਆ, ਕਹਿੰਦਾ ਮੈਂ ਊਧੋ ਹਾਂ। ਕਹਿੰਦਾ ਤੂੰ ਪਾਗਲ ਖਾਂਨਿਓਂ ਆਇਆ ਹੈਂ, ਅਖੀਰ ਕ੍ਰਿਸ਼ਨ ਮਹਾਰਾਜ ਆਏ। ਉਹ ਕਹਿੰਦੇ, ਅਰਜਨ! ਤੂੰ ਮੈਨੂੰ ਨਹੀਂ ਪਛਾਣਦਾ?

ਕਹਿੰਦਾ, ਕੌਣ ਅਰਜਨ?

ਕਹਿੰਦਾ, ਮੈਂ ਕ੍ਰਿਸ਼ਨ। ਕਹਿੰਦਾ, ਜਾਹ ਕ੍ਰਿਸ਼ਨ ਹੋਏ ਨੂੰ ਤਾਂ 300 ਸਾਲ ਹੋ ਗਿਆ।

ਕਹਿੰਦੇ ਅਰਜਨ! ਮੈਂ ਤੇਰੇ 'ਤੇ ਮਾਇਆ ਪਾਈ ਹੈ ਤੂੰ ਭੁੱਲ ਗਿਆ, ਦਿਮਾਗ ਹੀ ਹੈ ਸਾਧਸੰਗਤ ਜੀ! ਦਿਮਾਗ ਕੰਮ ਦਾ ਨਾ ਰਹੇ। ਆਹ ਪਾਗਲ ਹੋ ਜਾਂਦੇ ਨੇ, ਰਿਸ਼ਤੇਦਾਰਾਂ ਨੂੰ ਹੀ ਨਹੀਂ ਪਛਾਣਦੇ। ਕਿਸੇ ਦੇ ਦਿਮਾਗ ਵਿੱਚ ਸੱਟ ਲੱਗੇ, ਯਾਦਦਾਸ਼ਤ ਜਾਂਦੀ ਰਹੇ। ਉਹਨੂੰ ਪਤਾ ਹੀ ਨਹੀਂ ਲਗਦਾ ਕਿ ਸਾਡੇ ਘਰ ਕੌਣ ਹੈ, ਮੇਰੇ ਬੱਚੇ ਕੌਣ ਨੇ, ਮੇਰੀ ਘਰਵਾਲੀ ਕੌਣ ਹੈ, ਦਿਮਾਗ ਦਾ ਹੀ ਕੰਮ ਹੈ, ਦਿਮਾਗ ਸਹੀ ਰਹੇ, ਠੀਕ ਰਹਿੰਦਾ ਹੈ ਇਵੇਂ ਜਿਵੇਂ ਰੂਹਾਨੀ ਦਿਮਾਗ ਦੇ ਵਿੱਚ ਜੇ ਫਰਕ ਪੈ ਜਾਏ, ਦੁਨੀਆਂ-ਦੁਨੀਆਂ ਲੱਗਣ ਲੱਗ ਜਾਂਦੀ ਹੈ, ਰੱਬ ਦਿਸਣ ਤੋਂ ਹਟ ਜਾਂਦਾ ਹੈ। ਉਸ ਤੋਂ ਬਾਅਦ ਪੰਡਤਾਂ ਨੇ ਕਿਹਾ ਕਿ ਜਾਹ ਤੂੰ ਉਥੇ ਇਸ਼ਨਾਨ ਕਰ ਆ, ਇਸ਼ਨਾਨ ਕਰਨ ਗਿਆ ਕ੍ਰਿਸ਼ਨ ਮਹਾਰਾਜ ਨੇ ਮਾਇਆ ਚੁੱਕ ਦਿੱਤੀ ਤੇ ਉਹ ਸਰੋਵਰ ਵਿੱਚ ਗੜਵਾ ਭਰ ਰਿਹਾ ਹੈ ਤੇ ਨਾਲ ਰੋ ਰਿਹਾ ਹੈ। ਕ੍ਰਿਸ਼ਨ ਮਹਾਰਾਜ ਕਹਿੰਦੇ, ਅਰਜਨ! ਰੋਣ ਲੱਗ ਗਿਆ ਤੂੰ? ਕਹਿੰਦਾ, ਮੇਰੇ ਘਰਵਾਲੀ ਚੜ੍ਹਾਈ ਕਰ ਗਈ। ਉਹ ਕਹਿੰਦੇ, ਉਹ ਤਾਂ ਮੈਂ ਤੈਨੂੰ ਮਾਇਆ ਪਾਈ ਸੀ, ਆਹ ਦੇਖ ਮੈਂ ਬੈਠਾ ਹਾਂ, ਯਾਦ ਨਹੀਂ ਆਉਂਦਾ, ਕੁਛ ਨਹੀਂ ਯਾਦ ਆਉਂਦਾ। ਸਭ ਭੁੱਲ ਗਿਆ। ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਮੂੰਹ 'ਤੇ ਥੱਪੜ ਮਾਰਿਆ, ਸੁਰਤ ਆ ਗਈ ਪਰ ਉਹ ਸਿਮ੍ਰਤੀ ਨਾਲ ਹੈ ਕਿ ਮੇਰਾ ਘਰ ਸੀ, ਮੇਰੀ ਘਰਵਾਲੀ ਸੀ, ਮਹਾਰਾਜ! ਉਹ ਕੀ ਸੀ? ਕਹਿੰਦੇ ਇਹ ਮੇਰੀ ਮਾਇਆ ਸੀ, ਮੈਂ ਤੈਨੂੰ 300 ਸਾਲ ਦਾ ਸਮਾਂ ਜਿਹੜਾ ਆਉਣਾ ਹੈ ਉਹ ਦਿਖਾਇਆ ਸੀਗਾ।

ਇਹ ਮਾਇਆ ਹੈ -

***ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥***

***ਅੰਗ - 857***

ਕਹਿੰਦੇ, ਨਾਮਦੇਵ! ਇਹ ਮਾਇਆ ਨੂੰ ਤਾਂ ਨਹੀਂ ਗ੍ਰਹਿਣ ਕਰਦੇ, ਡਰਦੇ ਨੇ ਕਿ ਕਿਤੇ ਪ੍ਰਮੇਸ਼ਰ ਨਾ ਭੁੱਲ ਜਾਈਏ। ਕਹਿੰਦੇ, ਦਿਖਾ ਤਾਂ ਦਿਓ। ਕਹਿੰਦੇ ਤੂੰ ਜ਼ਿੰਮੇਵਾਰ ਹੈਂ, ਜਿਹੜੀ ਗੱਲ ਅੱਗੇ ਹੋਏਗੀ ਭਗਵਾਨ ਨੇ ਇੱਕ ਥੈਲੀ ਰੱਖ ਦਿੱਤੀ ਮਾਇਆ ਦੀ। ਉਹ ਥੈਲੀ ਰੱਖੀ ਤਾਂ ਰੰਕਾ ਬੰਕਾ ਦੋਵੇਂ ਭੈਣ ਭਾਈ ਭੈਣ ਅੱਗੇ ਆ ਰਹੇ ਨੇ, ਭਰਾ ਅੱਗੇ ਆ ਗਿਆ ਉਹਨੇ ਆ ਕੇ ਮਿੱਟੀ ਪਾ ਦਿੱਤੀ ਤੇ ਨਾਲ ਰੋਣ ਲੱਗ ਗਿਆ। ਉਹ ਵੀ ਆ ਗਈ ਕਹਿੰਦੀ ਤੂੰ ਰੋਂਦਾ ਕਿਉਂ ਹੈਂ? ਕਹਿੰਦਾ, ਨਾਗਣੀ ਸੁੱਟੀ ਹੈ ਭਗਵਾਨ ਨੇ, ਆਹ ਦੇਖ ਮੈਂ ਮਿੱਟੀ ਪਾਈ। ਉਹ ਵੀ ਰੋਣ ਲੱਗ ਗਈ। ਕਹਿੰਦਾ ਤੂੰ ਕਿਉਂ ਰੋਂਦੀ ਹੈਂ? ਕਹਿੰਦੀ ਮੈਂ ਤਾਂ ਰੋਂਦੀ ਹਾਂ ਤੈਨੂੰ ਅਜੇ ਸੋਨੇ ਤੇ ਮਿੱਟੀ ਵਿੱਚ ਫਰਕ ਦਿਸਦਾ ਹੈ, ਤੈਨੂੰ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਨਹੀਂ ਹੋਈ। ਜੀਵਨ ਮੁਕਤ ਜਿਹੜਾ ਹੁੰਦਾ ਹੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***

***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275***

ਤੈਨੂੰ ਜੀਵਨ ਮੁਕਤੀ ਦਾ ਅਜੇ ਪਤਾ ਨਹੀਂ ਲੱਗਿਆ ਤੂੰ ਮਿੱਟੀ ਤੇ ਸੋਨੇ ਵਿੱਚ ਫਰਕ ਸਮਝਦਾ ਹੈਂ ਮੈਂ ਤਾਂ ਰੋਂਦੀ ਹਾਂ। ਐਨੇ ਨੂੰ ਭਗਵਾਨ ਆ ਗਏ, ਹੋਰ ਰੋਣ ਲੱਗ ਗਏ। ਕਹਿੰਦੇ ਤੁਸੀਂ ਸਾਨੂੰ ਭੁਲਾਉਣ ਦਾ ਯਤਨ ਕਰਦੇ ਓਂ, ਸਾਡੇ ਕੋਲੋਂ ਜਾਣਾ ਹੈ ਤੁਸੀਂ ਸਾਨੂੰ ਨਾਗਣੀ ਦਿੰਦੇ ਓਂ। ਇਹ ਤਾਂ ਡੰਗ ਮਾਰੇਗੀ ਸਾਨੂੰ।

ਨਾਮਦੇਵ ਬਹੁਤ ਥੱਲੇ ਉਤਰ ਗਿਆ ਕਿ ਹੈਂ ਇਹਦੇ ਪਿਆਰੇ ਤਾਂ ਬੜੇ ਹੋਰ ਤਰ੍ਹਾਂ ਦੇ ਨੇ, ਮੈਂ ਤਾਂ ਹਾਂ ਹੀ ਨਹੀਂ।

ਅਖੀਰ ਉਹਨੇ ਸਵਾਲ ਕਰਿਆ ਕਿ ਭਗਵਾਨ! ਆਹ ਤਾਂ ਤੁਸੀਂ ਇਨ੍ਹਾਂ ਕੋਲ ਰਹਿੰਦੇ ਓਂ ਪਿਆਰ ਦੇ ਵਸ ਹੋ ਕੇ। ਅਸਲ ਵਿੱਚ ਤੁਸੀਂ ਕਿੱਥੇ ਰਹਿੰਦੇ ਓਂ? ਉਹ ਮੈਨੂੰ ਟਿਕਾਣਾ ਦੱਸੋ? ਨਾਮਦੇਵ ਕਹਿਣ ਲੱਗਿਆ, ਭਗਵਾਨ? ਕਹਿੰਦੇ ਨਾਮਦੇਵ, ਜੇ ਮੈਂ ਤੈਨੂੰ ਦੱਸ ਦਿੱਤਾ ਕਿ ਮੈਂ ਕਿੱਥੇ ਰਹਿੰਦਾ ਹਾਂ। ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ ਤੇ ਨਾ ਸੰਸਾਰ ਨੇ ਰਹਿਣਾ ਹੈ।

ਇਹ ਗੱਲ ਬੜੀ ਗਹਿਰੀ ਹੈ, ਗਿਆਨਵਾਨ ਪੁਰਸ਼ ਤੋਂ ਬਗੈਰ ਇਹ ਗੱਲ ਸਮਝ 'ਚ ਨਹੀਂ ਆ ਸਕਦੀ ਕਿਸੇ ਦੇ ਵੀ। ਹੈਰਾਨ ਹੋ ਗਿਆ ਕਿ ਤੁਹਾਡੇ ਪਤਾ ਲੱਗਣ ਦੇ ਨਾਲ ਨਾ ਮੈਂ ਰਹਿਣਾ ਹੈ, ਨਾ ਤੁਸੀਂ ਰਹਿਣਾ ਹੈ, ਨਾ ਸੰਸਾਰ ਰਹਿਣਾ ਹੈ ਫੇਰ ਪਤਾ ਲੱਗਣ ਦਾ ਫਾਇਦਾ ਕੀ। ਕਹਿੰਦਾ, ਤੂੰ ਪੁੱਛਿਆ ਹੈ ਨਾ ਕਿ ਤੂੰ ਕਿੱਥੇ ਰਹਿੰਦਾ ਹੈਂ? ਤੇ ਸੁਣਦਾ ਤਾਂ ਹੈ ਤੂੰ ਸੰਤਾਂ ਤੋਂ? ਕਹਿੰਦਾ, ਸੰਤ ਕਹਿੰਦੇ ਨੇ ਕਿ ਸਾਰੇ ਰਹਿੰਦਾ ਹੈ। ਕਹਿੰਦੇ, ਜਾਹ ਐਸ ਤਰ੍ਹਾਂ ਕਰ ਇਹ ਗੱਲ ਮੈਂ ਨਹੀਂ ਦ'ਸਿਆ ਕਰਦਾ, ਮੈਂ ਏਸ ਗੱਲ ਦੀ ਚਾਬੀ ਮਹਾਤਮਾ ਨੂੰ ਦਿੱਤੀ ਹੋਈ ਹੈ। ਮੇਰੇ ਪਿਆਰੇ ਜਿਨ੍ਹਾਂ ਨੇ ਮੈਨੂੰ ਦੇਖ ਲਿਆ, ਉਹ ਮੈਨੂੰ ਸੌਤਰਾ ਕਰਦੇ ਨੇ ਔਤਰਾ ਨਹੀਂ ਰਹਿਣ ਦਿੰਦੇ। ਮੈਂ ਆਪਣੇ ਆਪ ਨਹੀਂ ਦੱਸ ਸਕਦਾ ਕਿ ਮੈਂ ਕੌਣ ਹਾਂ, ਮੈਂ ਕਿੱਥੇ ਰਹਿੰਦਾ ਹਾਂ। ਮੈਨੂੰ ਜੇ ਪੁੱਛੇਂ, ਮੈਂ ਕਹਿੰਦਾ ਹਾਂ ਕਿ ਮੈਂ ਮੈਂ ਹਾਂ। ਮੇਰਾ ਨਾਉਂ ਕੀ ਹੈ? ਮੂਸਾ ਨੇ ਪੁੱਛਿਆ, ਕਹਿੰਦੇ ਤੇਰਾ ਨਾਮ ਕੀ ਹੈ? ਕਹਿੰਦਾ, ਮੈਂ। ਇਹਦੇ ਵਿੱਚ ਬੜਾ ਭਾਰਾ ਭੇਦ ਹੈ। ਮੈਂ ਕਹਿਣ 'ਚ। 'ਮੈਂ' ਕਹਿਣ 'ਚ। ਉਹ ਕਹਿੰਦਾ ਮੈਂ ਦੱਸ ਨਹੀਂ ਸਕਦਾ ਕਿਸੇ ਨੂੰ ਮੇਰੇ ਸੰਤ ਦਸਦੇ ਨੇ। ਸੰਤਾਂ ਨੂੰ ਮੈਂ ਜੁਗਤੀ ਦਿੱਤੀ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***

*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*

*ਅੰਗ - 1373*

ਸੰਤਾਂ ਦਾ ਕੰਮ ਹੈ ਇਹ ਕਹਿੰਦੇ ਜਾਹ, ਗਿਆਨੇਸ਼ਵਰ ਜੀ ਕੋਲ ਜਾਹ। ਗਿਆਨਸ਼ੇਵਰ ਜੀ ਦੇ ਕੋਲ ਗਿਆ, ਅੱਗੇ ਇੱਕ ਪੱਥਰ ਦੇ ਉਤੇ ਪੈਰ ਧਰਿਆ ਹੋਇਆ ਹੈ, ਡੰਡਾ ਹੱਥ 'ਚ ਫੜਿਆ ਹੋਇਆ ਹੈ, ਆਰਾਮ ਨਾਲ ਖੜ੍ਹਾ ਹੈ। ਇਹਨੇ ਦੂਰੋਂ ਹੀ ਦੇਖਿਆ, ਬਈ ਪੱਥਰ ਦੇ ਵਿੱਚ ਚਿੱਟੀ ਧਾਰੀ ਹੈ। ਚਿੱਟੀ ਧਾਰੀ ਹੁੰਦਾ ਹੈ ਬੀਠਲ। ਇਹਨੇ ਕਿਹਾ ਇਹ ਤਾਂ ਬੀਠਲ ਦੇ ਉਤੇ, ਮੇਰੇ ਈਸ਼ਟ ਦੇ ਉਤੇ ਪੈਰ ਧਰੀਂ ਖੜ੍ਹਾ ਹੈ। ਇਹ ਸੰਤ ਹੈ? ਵਾਪਸ ਮੁੜ ਆਇਆ ਤਰਕ ਕਰਕੇ। ਭਗਵਾਨ ਕੋਲ ਰੋਣ ਲੱਗ ਗਿਆ। ਭਗਵਾਨ ਫੇਰ ਪ੍ਰਗਟ ਹੋਏ, ਕਹਿੰਦੇ, ਰੋਂਦਾ ਕਿਉਂ ਹੈ? ਕਹਿੰਦੇ, ਨਾਸਤਕ ਕੋਲ ਭੇਜ ਦਿੱਤਾ ਤੂੰ। ਉਹ ਤਾਂ ਭਗਵਾਨ ਬੀਠਲ ਦੇ ਉਤੇ ਪੈਰ ਧਰੀਂ ਖੜ੍ਹਾ ਹੈ। ਕਹਿੰਦੇ, ਜਾਹ ਮੈਂ ਸ਼ਿਫਾਰਸ਼ ਲਾ ਦਿੰਦਾ ਹਾਂ, ਹੁਣ ਗੱਲ ਕਰ ਲਈਂ। ਅੱਗੇ ਆਇਆ, ਕਹਿੰਦੇ ਆ ਜਾ, ਆ ਜਾ ਤੇਰੀਂ ਸ਼ਿਫਾਰਸ਼ਾਂ ਗਈ, ਤੇਰਾ ਭਗਵਾਨ ਸਾਡੇ ਕੋਲ ਦੱਸ ਗਿਆ ਆ ਕੇ। ਕਹਿੰਦੇ, ਕੱਲ੍ਹ ਕਿਉਂ ਮੁੜ ਗਿਆ ਸੀ। ਕਹਿੰਦਾ, ਤੁਸੀਂ ਬੀਠਲ ਦੇ ਉਤੇ ਪੈਰ ਧਰਿਆ ਹੋਇਆ ਸੀ। ਕਹਿੰਦੇ, ਤੇਰੇ ਭਗਵਾਨ ਨੇ ਤੈਨੂੰ ਦੱਸਿਆ ਹੈ ਕਦੇ ਕਿ ਮੈਂ ਕਿੱਥੇ ਰਹਿੰਦਾ ਹਾਂ। ਕਹਿੰਦਾ ਉਹ ਦੱਸਦੇ ਨਹੀਂ ਹਨ ਕਿ ਸੰਤ ਦਸਦੇ ਨੇ। ਕਹਿੰਦੇ ਸੰਤਾਂ ਤੋਂ ਸੁਣਿਆ ਹੋਵੇ? ਕਹਿੰਦਾ, ਸੰਤ ਕਹਿੰਦੇ ਨੇ ਕਿ ਰ'ਬ ਹਰ ਥਾਂ ਦੇ ਉਤੇ ਰਹਿੰਦਾ ਹੈ। ਕੋਈ ਥਾਂ ਨਹੀਂ ਹੈ ਜਿ'ਥੇ ਪ੍ਰਮੇਸ਼ਰ ਨਹੀਂ ਹੈ, ਸੰਤ ਇਹ ਦਸਦੇ ਨੇ। ਫੇਰ ਕਹਿੰਦੇ ਬਈ ਬੰਦਿਆ ਸੋਚ, ਗੱਲ ਤਾਂ ਕਿਨਾਰੇ ਪਹੁੰਚ ਗਈ। ਆਹ ਜਿਹੜਾ ਮੇਰਾ ਵਜੂਦ ਖੜ੍ਹਾ ਹੈ ਇਹਦੇ ਵਿੱਚ ਰੱਬ ਹੈ? ਕਹਿੰਦਾ, ਹੈਗਾ। ਮੇਰੇ ਪੈਰ ਵਿੱਚ ਰੱਬ ਹੈਗਾ? ਕਹਿੰਦਾ ਹੈਗਾ? ਕਹਿੰਦਾ ਪੱਥਰ 'ਚ ਰੱਬ ਹੈਗਾ? ਕਹਿੰਦਾ ਹੈਗਾ। ਕਹਿੰਦਾ, ਫੇਰ ਕਿਹੜਾ ਕੀਹਦੇ ਉਤੇ ਖੜ੍ਹਾ ਹੈ। ਉਹ ਭੋਲਿਆ! ਰੱਬ ਤਾਂ ਸਾਰੇ ਪਰੀਪੂਰਨ ਹੈ, ਕੋਈ ਥਾਂ ਨਹੀਂ ਹੈ ਜਿੱਥੇ ਰੱਬ ਨਹੀਂ। ਗ'ਲ ਕਹਿਣ ਦੀ ਦੇਰ ਸੀ, ਪੂਰਾ ਜਗਿਆਸੂ ਸੀ। ਬੰਧਨ ਟੁੱਟ ਗਏ, ਪੰਜੇ ਭਰਮਾਂ ਦਾ ਪੜਦਾ ਪਾਟ ਗਿਆ। ਕੀ ਦੇਖਦਾ ਹੈ ਇੱਥੇ ਤਾਂ ਪ੍ਰਮੇਸ਼ਰ ਬਿਨਾਂ ਹੋਰ ਹੈ ਹੀ ਨਹੀਂ ਕੋਈ। ਓਸ ਵੇਲੇ ਵਜਦ 'ਚ ਆ ਕੇ ਏਸ ਤਰ੍ਹਾਂ ਦੇ ਬਚਨ ਕਰਦਾ ਹੈ -

*ਧਾਰਨਾ - ਰਾਮ ਬੋਲੇ, ਰਾਮ ਬੋਲੇ ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿ'ਚ ਰਾਮ ਬੋਲਦੈ।*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥* *ਅੰਗ - 988*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ*
*ਘਟਿ ਘਟਿ ਰਾਮੁ ਸਮਾਨਾ ਰੇ ॥ 1 ॥*
*ਏਕਲ ਚਿੰਤਾ ਰਾਖੁ ਅਨੰਤਾ*
*ਅਉਰ ਤਜਹੁ ਸਭ ਆਸਾ ਰੇ ॥*

*ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥*
*ਅੰਗ - 988*

ਕਹਿੰਦੇ ਇੱਥੇ ਤਾਂ ਇੱਕੋ ਹੀ ਹੈ, ਨੇਤਰ ਖੁੱਲ੍ਹ ਗਏ ਮਹਾਤਮਾ ਦੀ ਦ੍ਰਿਸ਼ਟੀ ਦੇ ਨਾਲ।

ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਹਜ਼ੂਰ ਸਾਹਿਬ ਤੋਂ ਆ ਰਹੇ ਨੇ ਵਿੰਧਿਆਚਲ ਪਰਬਤ ਦੇ ਰਸਤੇ ਵਿੱਚ ਉਨ੍ਹਾਂ ਨੂੰ ਰਸਤੇ ਵਿੱਚ ਸ਼ੇਰ ਮਿਲ ਗਿਆ। ਨਾਲ ਦਾ ਸਾਥੀ ਤਾਂ ਚੜ੍ਹ ਗਿਆ ਦਰਖਤ ਦੇ ਉਤੇ। ਬਾਬਾ ਜੀ ਉਵੇਂ ਹੀ ਤੁਰੇ ਜਾਂਦੇ ਨੇ, ਸ਼ੇਰ ਦੇ ਕੋਲ ਪਹੁੰਚ ਗਏ, ਸ਼ੇਰ ਨੇ ਸੁੰਘਿਆ, ਸੁੰਘ ਕੇ ਜੰਗਲ 'ਚ ਛਾਲ ਮਾਰੀ। ਨੇਸ਼ਟਾ ਪਰਪੱਕ ਸੀ। ਕੱਚਾ ਹੁੰਦਾ, ਸ਼ੇਰ ਝਪਟਾ ਉਨ੍ਹਾਂ 'ਤੇ, ਮਾਰਦਾ। ਓਸ ਵੇਲੇ ਉਹ ਵੀ ਨਾਲ ਰਲ ਗਿਆ ਪ੍ਰੇਮੀ। ਜਾ ਕੇ ਕਹਿਣ ਲੱਗਿਆ, ਬਾਬਾ ਜੀ! ਸ਼ੇਰ ਸੀਗਾ। ਕਹਿੰਦੇ ਕਿੱਥੇ? ਕਹਿੰਦੇ ਤੁਹਾਨੂੰ ਸੁੰਘਿਆ ਹੈ ਉਹਨੇ ਸੜਕ 'ਤੇ ਖੜ੍ਹਾ ਸੀ। ਹੱਸ ਪਏ। ਕਹਿਣ ਲੱਗਿਆ, ਮਹਾਰਾਜ! ਦੇਖਿਆ ਨਹੀਂ ਸ਼ੇਰ? ਕਹਿੰਦੇ, ਤੈਨੂੰ ਉਹ ਸ਼ੇਰ ਦਿਸਦਾ ਹੈ, ਪਿਆਰਿਆ! ਸਾਨੂੰ ਤਾਂ ਹੁਣ ਗੁਰੂ ਨਾਨਕ ਸਾਹਿਬ ਤੋਂ ਬਗੈਰ ਦਿੱਸਣਾ ਹੀ ਬੰਦ ਹੋ ਗਿਆ। ਦੀਹੰਦਾ ਹੀ ਨਹੀਂ ਕੋਈ ਹੋਰ। ਨਿਗ੍ਹਾ ਹੋਰ ਹੋ ਗਈ, ਪਹਿਲੀ ਨਿਗ੍ਹਾ ਬੰਦ ਹੋ ਗਈ ਗੁਰੂ ਨੇ ਸੁਰਮਾ ਪਾ ਦਿ'ਤਾ। ਜਦੋਂ ਸੁਰਮਾ ਪਾ ਕੇ ਨੇਤਰ ਖੋਲ੍ਹ ਦਿ'ਤੇ, ਦੇਖਿਆ ਕੀ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥*
*ਅੰਗ - 293*

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ - 294*

ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਕਹਿਣ ਲੱਗੇ, ਭਾਈ ਧੀਰੋ! ਪਹਿਲਾਂ ਲੱਛਣ ਸੰਤਾਂ ਦਾ ਇਹ ਹੁੰਦਾ ਹੈ,

*............ਧ੍ਯਾਨੰ ਸਰਬਤ੍ਰ ਪੂਰਨਹ ॥ ਅੰਗ - 1357*

ਹਰ ਥਾਂ ਦੇ ਉਤੇ ਪ੍ਰਮੇਸ਼ਰ ਦੇ ਦਰਸ਼ਨ ਕਰਦਾ ਹੈ। ਛੇ ਲੱਛਣ ਲਿਖੇ ਨੇ ਕਿ -

*ਦਯਾਲੰ ਸਰਬਤ੍ਰ ਜੀਆ .............॥* *ਅੰਗ - 1357*

ਸਾਰਿਆਂ ਦੇ ਉਤੇ ਦਇਆਲ ਹੁੰਦੇ ਨੇ ਕਿਸੇ ਨਾਲ ਉਨ੍ਹਾਂ ਦਾ ਦ੍ਵੈਖ ਨਹੀਂ ਹੁੰਦਾ, ਕ੍ਰਿਪਾਲੂ ਹੁੰਦੇ ਨੇ ਜੇ ਵੈਰੀ ਵੀ ਆ ਜਾਵੇ -

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥***

***ਅੰਗ - 1378***

ਕਿੱਡਾ ਵੱਡਾ ਆਦਰਸ਼ ਹੈ, ਗੁਰਸਿੱਖੀ ਦਾ ਆਦਰਸ਼ ਸਾਧਸੰਗਤ ਜੀ! ਅਸੀਂ ਦੱਸ ਨਹੀਂ ਸਕੇ। ਬਹੁਤ ਅਫਸੋਸ ਹੈ, ਗੁਰੂ ਮਹਾਰਾਜ ਨੇ ਸਾਡੇ ਪੱਲੇ ਪਾ ਦਿੱਤੀ। ਗੁਰੂ ਗ੍ਰੰਥ ਸਾਹਿਬ ਢੱਕ ਲਿਆ ਅਸੀਂ ਰੁਮਾਲਿਆਂ 'ਚ। ਨੇੜੇ ਨਹੀਂ ਆਉਣ ਦਿੰਦੇ ਕਿਸੇ ਨੂੰ ਵੀ ਪੜ੍ਹ ਲੈ, ਅੰਗ੍ਰੇਜ਼ੀ 'ਚ ਕੋਈ ਸ਼ਬਦ ਹੈ ਤਾਂ ਨਹੀਂ ਪੜ੍ਹਨ ਦਿੰਦੇ। ਰੌਲਾ ਪਾ ਦਿੱਤਾ, ਨਾ ਆਪ ਕੁਛ ਕਰਨਾ ਹੈ, ਨਾ ਅਸੀਂ ਕਿਸੇ ਨੂੰ ਜਾਨਣ ਦੇਣਾ ਹੈ। ਕਿੱਡਾ ਵੱਡਾ ਗਿਆਨ ਛੁਪਾ ਲਿਆ, ਸਾਰੀ ਦੁਨੀਆਂ ਨੂੰ ਸ਼ਾਂਤੀ ਦੇਣੀ ਸੀ ਅਸੀਂ ਤੇ ਫੇਰ ਕਰੋਪੀ ਕਿੱਡੀ ਹੋ ਗਈ ਗੁਰੂ ਦੀ ਹੁਣ ਦੇਖ ਲਓ ਕੀ ਬਣਦਾ ਫਿਰਦਾ ਹੈ। ਕਿਉਂਕਿ ਐਡੀ ਵੱਡੀ ਮਿਹਨਤ ਨੂੰ ਅਸੀਂ ਛੁਪਾ ਲਿਆ। ਆਏਗਾ ਇੱਕ ਸਮਾਂ ਅਸੀਂ ਨਹੀਂ ਹੋਵਾਂਗੇ, ਤੁਸੀਂ ਵੀ ਨਹੀਂ ਹੋਵੋਂਗੇ, ਓਸ ਵੇਲੇ ਸਬੁੱਧੀਵਾਨ ਦੁਨੀਆਂ ਗੁਰੂ ਗ੍ਰੰਥ ਸਾਹਿਬ ਨੂੰ ਵਿਚਾਰੇਗੀ। 200 ਸਾਲ ਲੱਗ ਜਾਏ, 300 ਲੱਗ ਜਾਏ। ਓਸ ਵੇਲੇ ਸਾਰਾ ਸੰਸਾਰ ਗੁਰੂ ਗ੍ਰੰਥ ਸਾਹਿਬ ਨੂੰ ਮੰਨੇਗਾ। ਐਡੀ ਵੱਡੀ ਤਾਲੀਮ ਹੈ ਅਸੀਂ ਤਾਂ ਮੱਥੇ ਟੇਕ ਲਏ, ਅਖੰਡਪਾਠ ਕਰਾ ਲਿਆ ਜੀ, ਪਰ ਪਤਾ ਹੀ ਨਹੀਂ ਕਿ ਗੁਰੂ ਕਹਿੰਦਾ ਕੀ ਹੈ। ਲੜਨ ਨੂੰ ਅਸੀਂ ਸਾਰਿਆਂ ਨਾਲੋਂ ਤਕੜੇ ਜੀ। ਸਾਡਾ ਗੁਰੂ ਗ੍ਰੰਥ ਸਾਹਿਬ। ਤੇਰਾ ਗੁਰੂ ਗ੍ਰੰਥ ਸਾਹਿਬ ਕਿੱਥੇ ਹੋ ਗਿਆ। ਗੁਰੂ ਗ੍ਰੰਥ ਸਾਹਿਬ ਉਹਦਾ ਹੈ ਜਿਹਦੇ ਹਿਰਦੇ 'ਚ ਵਸਦਾ ਹੈ। ਬਾਕੀ ਦਾ ਨਹੀਂ ਹੈ ਕਿਸੇ ਦਾ। ਇਹ ਸ਼ਬਦ ਹੈ ਸ਼ਬਦ ਨੂੰ ਕੈਦ ਨਹੀਂ ਕੀਤਾ ਜਾ ਸਕਦਾ। ਸ਼ਬਦ ਹਿਰਦੇ 'ਚ ਵਸਦਾ ਹੈ ਪਰੀਪੂਰਨ ਹੈ। ਨਿਰਗੁਣ ਰੂਪ ਹੈ ਇਹਦਾ ਸਰਗੁਣ ਨਹੀਂ ਹੈ। ਅਸੀਂ ਇਸ ਸਿਧਾਂਤ 'ਤੇ ਪਹੁੰਚੇ ਨਹੀਂ ਹਾਂ, ਦੁਨੀਆਂ ਨੂੰ ਦੱਸ ਨਹੀਂ ਸਕੇ। ਅਸੀਂ ਤਾਂ ਅਜੇ 'ੳ' 'ਅ' ਤੋਂ ਅਗਾਂਹਾਂ ਨਹੀਂ ਲੰਘਦੇ। ਜ਼ੋਰ ਲੱਗ ਗਿਆ ਸਾਡਾ ਸਾਰਾ ਕਿ ਸ਼ਰਾਬ ਨਾ ਪੀਓ, ਸ਼ਰਾਬ ਨਾ ਪੀਓ, ਅੰਮ੍ਰਿਤ ਛਕ ਲਓ, ਅਗਾਂਹਾਂ ਤੋਰੀਏ ਤੁਹਾਨੂੰ, ਪਹਿਲੀ ਜਮਾਤ 'ਚੋਂ ਹੀ ਨਹੀਂ ਕੋਈ ਲੰਘਦਾ। ਪੀ.ਐਚ.ਡੀ ਕਦੋਂ ਸਿੱਖੀ ਦੀ ਕਰ ਲਏਗਾ। ਮਹਾਰਾਜ ਕਹਿੰਦੇ ਪਿਆਰਿਓ! ਦਇਆਲ ਹੁੰਦੇ ਨੇ ਸੰਤ ਸਾਰੇ ਜੀਆਂ 'ਤੇ। ਪੰਜੇ ਚੋਰ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ।

***.............ਭੋਜਨੰ ਗੋਪਾਲ ਕੀਰਤਨੰ*** ***ਅੰਗ - 1357***

ਸਭ ਤੋਂ ਜ਼ਿਆਦਾ ਪਿਆਰਾ ਭੋਜਨ ਉਨ੍ਹਾਂ ਦਾ, ਪ੍ਰਮੇਸ਼ਰ ਦਾ ਜਸ ਕਰਨਾ ਹੁੰਦਾ ਹੈ।

***.............ਅਲਪ ਮਾਯਾ ਜਲ ਕਮਲ ਰਹਤਹ ॥***

***ਅੰਗ - 1357***

ਜਲ ਵਿੱਚ ਜਿਵੇਂ ਕਮਲ ਰਹਿੰਦਾ ਹੈ ਐਸ ਤਰ੍ਹਾਂ ਦੇ ਨਾਲ ਮਾਇਆ ਦੇ ਵਿੱਚ ਰਹਿੰਦੇ ਨੇ। ਰਹਿੰਦੇ ਦਿੱਸਣਗੇ ਬਾਲ ਬੱਚਿਆਂ 'ਚ, ਪਰ ਨਿਰਲੇਪ ਹੋਣਗੇ। ਲਗਾਓ ਕਿਸੇ ਨਾਲ ਨਹੀਂ ਹੋਏਗਾ, ਰਾਗ ਕਿਸੇ ਨਾਲ ਨਹੀਂ, ਦ੍ਵੈਖ ਕਿਸੇ ਨਾਲ ਨਹੀਂ। ਸਾਰਿਆਂ ਨੂੰ ਇ'ਕ ਨਜ਼ਰ ਨਾਲ ਦੇਖਦੇ ਨੇ। ਏਸ

ਤਰ੍ਹਾਂ ਦੇ ਨਾਲ -

***........ ਉਪਦੇਸੰ ਸਮ ਮਿਤ੍ਰ ਸਤ੍ਰਹ ....॥ ਅੰਗ - 1357***

ਦੁਸ਼ਮਣ ਆ ਜਾਏ ਉਹਨੂੰ ਵੀ ਓਹੀ ਉਪਦੇਸ਼ ਦੇਣਾ ਹੈ, ਮਿੱਤਰ ਆ ਜਾਏ ਉਹਨੂੰ ਵੀ ਓਹੀ ਉਪਦੇਸ਼ ਦੇਣਾ, ਗੁਰੂ ਦਸ਼ਮੇਸ਼ ਪਿਤਾ ਵਰ੍ਹਦੀਆਂ ਗੋਲੀਆਂ 'ਚ ਜਾ ਕੇ ਉਪਦੇਸ਼ ਦੇ ਆਉਂਦੇ ਸੀ, ਦੁਸ਼ਮਣ ਨੂੰ ਸਾਮ੍ਹਣੇ ਖੜ੍ਹੇ ਹੋ ਕੇ। ਸੈਦਖਾਨ ਜਰਨੈਲ ਪਿੱਛੇ ਖੜ੍ਹਾ ਬੇਨਤੀ ਕਰਦਾ ਹੈ ਹੇ ਗੁਰੂ ਗੋਬਿੰਦ ਸਿੰਘ ਜੇ ਸੱਚਮੁੱਚ ਤੂੰ ਦਰਵੇਸ਼ ਹੈਂ ਤਾਂ ਮੇਰੇ ਕੋਲ ਆ ਕੇ ਮੇਰੇ ਨਾਲ ਯੁੱਧ ਕਰ। ਗੁਰੂ ਮਹਾਰਾਜ ਘੋੜਾ ਨਠਾ ਕੇ, ਵਿੱਚ ਦੀ ਫੌਜ ਦੇ ਸਾਰਪਾਰ ਲੰਘ ਜਾਂਦੇ ਨੇ। ਕਹਿੰਦੇ ਖਾਨ! ਵਾਰ ਕਰ। ਦਰਸ਼ਨ ਕਰੇ, ਝਲਕ ਪਈ। ਬਿਜਲੀ ਵਰਗੀ ਝਲਕ ਪਈ, ਅੰਦਰ ਦੀ ਲੰਘ ਗਈ, ਨਸ਼ਾ ਚੜ੍ਹ ਗਿਆ ਦਰਸ਼ਨਾਂ ਦਾ। ਹਥਿਆਰ ਸੁੱਟ ਦਿੱਤੇ ਕਹਿੰਦਾ ਪਾਤਸ਼ਾਹ! ਤੂੰ ਤਾਂ ਮੈਨੂੰ ਮਾਰ ਦਿੱਤਾ, ਖਤਮ ਕਰ ਦਿੱਤਾ, ਹੁਣ ਲੜੇ ਤੇਰੇ ਨਾਲ ਕੌਣ? ਆ ਕੇ ਰਕਾਬ ਦੇ ਨਾਲ ਮੱਥਾ ਲਾ ਲਿਆ। ਮੱਥਾ ਲਗਦੇ ਸਾਰ ਸਰਰ-ਸਰਰ ਹੋਣ ਲ'ਗ ਗਈ। ਇੱਕੋ ਆਵਾਜ਼ ਆਉਣ ਲੱਗ ਗਈ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿੰਦਾ ਹੁਕਮ? ਮਹਾਰਾਜ ਕਹਿੰਦੇ, ਜਿਧਰ ਮੂੰਹ ਹੈ ਓਧਰ ਨੂੰ ਤੁਰਿਆ ਜਾਹ। ਕਾਂਗੜੇ ਚਲਿਆ ਗਿਆ, ਉਥੇ ਜਾ ਕੇ ਬੰਦਗੀ ਕਰੀ ਉਹਨੇ, ਸੋ ਉਥੇ ਨਹੀਂ ਦੇਖਿਆ ਕਿ ਦੁਸ਼ਮਣ ਚੜ੍ਹ ਕੇ ਆਇਆ ਹੈ। ਉਪਦੇਸ਼ ਦੇ ਦਿ'ਤਾ -

***...............ਭਗਵੰਤ ਭਗਤਿ ਭਾਵਨੀ ॥***
***ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਹਿਆਗਿ ਸਗਲ ਰੇਣੁਕਹ ॥***
***ਅੰਗ - 1357***

ਆਪਣੇ ਆਪ ਨੂੰ ਸਮਝਦੇ ਹੀ ਨਹੀਂ। ਆਪਣੇ ਆਪ ਨੂੰ ਛੋਟਾ ਸਮਝਦੇ ਨੇ। ਸੰਤ ਨਾ ਵੱਡਾ ਸਮਝਣਗੇ ਕਿ ਮੈਂ ਕੋਈ ਖਾਸ ਹਾਂ। ਦੁਨੀਆਂ ਕਰੀ ਜਾਂਦੀ ਹੈ ਠਾਠਾ ਬਾਗਾ। ਸੰਤਾਂ ਦੇ ਮਨ 'ਚ ਕੋਈ ਨਹੀਂ ਹੁੰਦਾ, ਸੰਤ ਤਾਂ ਸੇਵਕ ਹੁੰਦੇ ਨੇ ਸਾਰਿਆਂ ਦੇ ਸੇਵਕ ਹੁੰਦੇ ਨੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇੱਥੇ ਪ੍ਰਮੇਸ਼ਰ ਦੀ ਜੋਤ ਹੈ ਹੋਰ ਹੈ ਨਹੀਂ -

***ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥***
***ਅੰਗ - 1357***

ਜਿਹਦੇ ਵਿੱਚ ਇਹ ਛੇ ਲੱਖਣ ਹੋਣ, ਉਹ ਸਾਧੂ ਹੋਇਆ ਕਰਦਾ ਹੈ ਉਹ ਸਾਰਿਆਂ ਦਾ ਭਲਾ ਕਰਦਾ ਹੈ।

ਇਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰੀ ਸੀ ਕਿ ਏਸ ਇਲਾਕੇ ਦੇ ਅੰਦਰ ਬ੍ਰਹਮਗਿਆਨੀ ਮਹਾਂਪੁਰਸ਼ ਆਉਂਦੇ ਰਹੇ, ਜਿਨ੍ਹਾਂ ਦੀਆਂ ਕਥਾਵਾਂ ਬਹੁਤ ਅਲੌਕਿਕ ਨੇ।

ਇੱਕ ਵਾਰੀ ਆਪ ਹਰਖੋਵਾਲ ਬੈਠੇ ਨੇ, ਅੰਮ੍ਰਿਤ ਵੇਲਾ ਹੈ, ਆਪ ਦੇ ਚਾਦਰੇ ਦੀ ਬੁੱਕਲ ਵਿੱਚ ਇੱਕ ਕੋਬਰਾ (ਨਾਗ ਵੱਡਾ) ਬੈਠਾ ਰਿਹਾ, ਬਾਬਾ ਜੀ ਸਮਾਧੀ ਤੋਂ ਉਥਾਨ ਹੋਏ, ਬਾਹਰ ਸੁੱਟ ਆਏ। ਦੂਜੇ ਦਿਨ ਫੇਰ ਆ

ਗਿਆ। ਸੇਵਾਦਾਰਾਂ ਨੇ ਕਿਹਾ ਬਾਬਾ ਜੀ! ਸੱਪ ਆ ਕੇ ਤੁਹਾਡੇ ਚਾਦਰੇ ‘ਚ ਬਹਿ ਜਾਂਦਾ ਹੈ। ਤੀਜਾ ਦਿਨ ਫੇਰ ਹੋ ਗਿਆ, ਚੌਥਾ ਦਿਨ ਫੇਰ ਹੋ ਗਿਆ। ਕ੍ਰਿਪਾਂ ਕਰੋ ਇਹਦੇ ਉਤੇ, ਦ੍ਰਿਸ਼ਟੀ ਕਰ ਦਿੱਤੀ ਸੱਪ ਸਰੀਰ ਛੱਡ ਗਿਆ। ਕਹਿੰਦੇ ਸਾਨੂੰ ਦੱਸ ਤਾਂ ਦਿਓ ਮਹਾਰਾਜ ਇਹ ਕੌਣ ਸੀ? ਕਹਿੰਦੇ, ਇਹ ਗ੍ਰੰਥੀ ਸੀਗਾ, ਗ੍ਰੰਥੀ। ਇਹ ਗੁਰੂ ਦੇ ਧਨ ਨੂੰ ਲਕੋਅ ਲੈਂਦਾ ਸੀ ਜਿਹੜਾ ਗੁਰੂ ਦਾ ਪੈਸਾ ਚੜ੍ਹਦਾ ਸੀ, ਇਹ ਮਰਨ ਤੋਂ ਬਾਅਦ ਮਾਇਆ ‘ਚ ਬਿਰਤੀ ਰਹਿ ਗਈ –

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਸਰਪ ਜੋਨਿ ਵਲਿ ਵਲਿ ਅਉਤਰੈ ॥***

***ਅੰਗ – 526***

ਸੱਪ ਬਣ ਗਿਆ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਅੰਮ੍ਰਿਤ ਵੇਲੇ ਬੈਠਦੇ ਸੀ ਇਕ ਸੱਪ ਨੇ ਆ ਕੇ ਸਾਮ੍ਹਣੇ ਫਣ ਖਿਲਾਰ ਕੇ ਖੜ੍ਹੇ ਰਹਿਣਾ, ਸੇਵਾਦਾਰ ਘਬਰਾ ਜਾਣੇ। ਕਹਿੰਦੇ, ਬਾਬਾ ਜੀ! ਰੋਜ਼ ਸੱਪ ਆਉਂਦਾ ਹੈ, ਤੁਹਾਡੇ ਮੂਹਰੇ ਆ ਕੇ ਫਣ ਖਿਲਾਰ ਕੇ ਖੜ੍ਹਾ ਰਹਿੰਦਾ ਹੈ। ਆਗਿਆ ਦੇਵੋ ਮਾਰ ਦੇਈਏ ਕੱਲ੍ਹ ਨੂੰ। ਕਹਿੰਦੇ, ਨਹੀਂ ਇਹਦਾ ਸਮਾਂ ਆ ਚੁੱਕਿਆ ਹੈ ਇਹ ਚੜ੍ਹਾਈ ਕਰ ਜਾਏਗਾ ਫਿਕਰ ਨਾ ਕਰੋ। ਅਗਲੇ ਦਿਨ ਕੀ ਦੇਖਦੇ ਨੇ ਕਿ ਜਿੱਥੇ ਕਾਨਿਆਂ ਦੀ ਕੁਟੀਆ ਪਾਈ ਹੋਈ ਸੀ, ਜਿੱਥੇ ਬੈਠਦੇ ਸੀ, ਉਹਦੇ ਪਿਛਲੇ ਪਾਸੇ ਲੰਮਾ ਸੋਰ ਪਿਆ ਹੈ ਤੇ ਜਿਹੜੀ ਸਿਰੀ ਹੈ ਉਹ ਕੋਸ਼ਿਸ਼ ਕਰਦਾ ਹੈ ਕਿ ਮੈਂ ਅੰਦਰ ਲੰਘ ਜਾਵਾਂ ਉਥੇ ਹੀ ਪਿਆ ਹੈ ਦਰਸ਼ਨ ਕਰਦਾ, ਨੇਤਰ ਖੋਲ੍ਹੇ ਹੋਏ ਨੇ, ਚੜ੍ਹਾਈ ਕਰ ਗਿਆ। ਉਸ ਵੇਲੇ ਮਹਾਰਾਜ ਜੀ ਨੂੰ ਪੁਛਿਆ ਕਿ ਮਹਾਰਾਜ! ਇਹ ਕੀ ਕੌਤਕ ਹੈ? ਬਿਨਾਂ ਮਾਰੇ ਮਰ ਗਿਆ। ਕਹਿਣ ਲੱਗਿਆ, ਪਿਆਰਿਓ! ਇਹ ਇੱਥੇ ਦਾ ਜਾਗੀਰਦਾਰ ਸੀ, ਰਾੜੇ ਸਾਹਿਬ ਦਾ। ਗੁਰੂ ਛੇਵੇਂ ਪਾਤਸ਼ਾਹ ਜਦੋਂ ਆਏ, ਐਡੇ ਅਭਿਮਾਨ ਵਿੱਚ ਸੀ ਤੇ ਇਹਨੇ ਆਦਰ ਤਾਂ ਕੀ ਕਰਨਾ ਸੀ ਜਾ ਕੇ ਗੁਰੂ ਮਹਾਰਾਜ ਦੇ ਪਲੰਘੇ ਤੇ ਬੈਠਣ ਦਾ ਯਤਨ ਕਰਨ ਲੱਗ ਗਿਆ ਕਿ ਮੈਂ ਬਰਾਬਰ ਬਹਿ ਜਾਵਾਂ ਤੇ ਬੜਾ ਹੰਕਾਰੀ ਸੀ। ਮਰਨ ਤੋਂ ਬਾਅਦ ਇਹ ਸੱਪ ਬਣ ਗਿਆ, ਹੁਣ ਇਹਦੀ ਪ੍ਰਮੇਸ਼ਰ ਨੇ ਸੁਣ ਲਈ, ਇੱਥੇ ਨਾਮ ਜਪ ਹੁੰਦਾ ਹੈ ਸਾਧੂਆਂ ਦੇ ਚਰਨ ਪੈਂਦੇ ਨੇ, ਚਰਨ ਧੂੜੀ ਇਹਨੂੰ ਸਪਰਸ਼ ਕਰਦੀ ਹੈ। ਇਹਦੇ ਅੰਦਰ ਗਿਆਨ ਆ ਗਿਆ ਪਿਆਰਿਓ! ਇਹ ਹੁਣ ਸਰੀਰ ਛੱਡ ਗਿਆ, ਇਸ ਤਰ੍ਹਾਂ ਮਹਾਂਪੁਰਸ਼ ਨਹੀਂ ਦੇਖਦੇ, ਕਿਸੇ ਨਾਲ ਵੈਰ ਨਹੀਂ ਹੁੰਦਾ, ਉਹ ਜਦ ਜਾਨਵਰਾਂ ਤੱਕ ਦੀ ਮੁਕਤੀ ਕਰਦੇ ਨੇ, ਫੇਰ ਸੰਸਾਰ ਤਾਂ ਉਨ੍ਹਾਂ ਦੀ ਆਪਣੀ ਜਾਤ ਹੈ।

ਮੇਰੀ ਬੇਨਤੀ ਹੈ ਕਿ ਜੋ ਮੈਨੂੰ ਸਮਾਂ ਮਿਲਿਆ ਸੀ ਕਿਉਂਕਿ ਦੂਰ ਤੋਂ ਸੰਗਤ ਆਈ ਹੈ, ਹਨ੍ਹੇਰਾ ਹੋ ਜਾਂਦਾ ਹੈ ਵਾਪਸ ਜਾਂਦਿਆਂ ਨੂੰ। ਇੱਥੇ ਹੀ ਮੈਂ ਸਮਾਪਤ ਕਰਦਾ ਹਾਂ। ਦਰਸ਼ਨ ਤੁਹਾਡੇ ਮਹਾਰਾਜ ਨੇ ਕਰਾ ਦਿ‘ਤੇ ਨੇ।

ਵੀਡੀਓ ਫਿਲਮ ਹਰ ਪ੍ਰੋਗਰਾਮ ਦੀ ਬਣਦੀ ਹੈ ਤੁਸੀਂ ਲੈ ਕੇ ਦੇਖ

ਸਕਦੇ ਓਂ। ਉਹ ਸੰਤ ਮਹਾਰਾਜ ਜੀ ਦੇ ਹੁਕਮ ਨਾਲ ਚੱਲੀਆਂ ਸੀ, ਮੈਨੂੰ ਉਨ੍ਹਾਂ ਨੇ 1973 'ਚ ਕਿਹਾ ਸੀ, ਜਦੋਂ ਕਰਨਲ ਲਾਲ ਸਿੰਘ ਚੜ੍ਹਾਈ ਕਰਿਆ ਹੈ ਇਨ੍ਹਾਂ ਦੇ ਕੋਲ ਮੈਂ ਗਿਆ ਸੀ। ਮਹਾਰਾਜ ਕਹਿੰਦੇ, ਤੇਰੀ ਸੱਜੀ ਬਾਂਹ ਟੁੱਟ ਗਈ। ਮੈਂ ਕਿਹਾ ਹਾਂ ਜੀ। ਕਿਉਂਕਿ ਅਸੀਂ ਯੂ.ਪੀ. ਪ੍ਰਚਾਰ ਸ਼ੁਰੂ ਕਰਿਆ ਹੋਇਆ ਸੀ ਸਿੱਖੀ ਦਾ। ਕਹਿਣ ਲੱਗੇ, ਸਾਡੇ ਤੋਂ ਇੱਕ ਲੱਖ ਰੁਪਿਆ ਲੈ ਜਾ। ਉਨ੍ਹਾਂ ਦਿਨਾਂ ਦਾ ਲੱਖ, ਅੱਜ ਦੇ ਦੱਸ ਲੱਖ ਤੋਂ ਵੱਧ ਹੈ ਤੇ ਗੱਡੀ ਲੈ ਲੈ, ਫਿਲਮਾਂ ਨਾਲ ਪ੍ਰਚਾਰ ਕਰ, ਯੂ.ਪੀ. 'ਚ ਬਹੁਤ ਲੋੜ ਹੈ, ਪ੍ਰਚਾਰ ਦੀ, ਮੈਂ ਚੁੱਪ ਕਰ ਰਿਹਾ, ਰਾਤ ਨੂੰ ਦੂਜਾ ਬਚਨ ਫੇਰ ਕਰਿਆ। ਅੰਮ੍ਰਿਤ ਵੇਲੇ ਜਦੋਂ ਮੈਂ ਛੁੱਟੀ ਲੈਣ ਗਿਆ, ਤੀਸਰਾ ਬਚਨ ਫੇਰ ਕਰਿਆ ਕਹਿੰਦੇ ਮੈਂ ਕਿਹੜਾ ਆਪਣੇ ਕੋਲੋਂ ਦੇਣਾ ਹੈ, ਮੈਂ ਕਿਸੇ ਨੂੰ ਇਸ਼ਾਰਾ ਕਰ ਦੇਣਾ ਹੈ ਆ ਜਾਣਾ ਹੈ। ਸਾਰੀਆਂ ਚੀਜ਼ਾਂ ਲੈ ਲੈ। ਮੈਂ ਚੁੱਪ ਕਰ ਰਿਹਾ। ਕਹਿੰਦੇ, ਚਾਹੁੰਦਾ ਕੀ ਹੈਂ? ਮੈਂ ਕਿਹਾ ਮਹਾਰਾਜ! ਜੇ ਪੈਸੇ ਤੁਸੀਂ ਦੇਣੇ ਨੇ ਫੇਰ ਮੈਂ ਵਾਪਸ ਯੂ.ਪੀ ਨਹੀਂ ਜਾਣਾ। ਇੱਥੇ ਹੀ ਰਹਿ ਪੈਣਾ ਹੈ, ਘਰ ਬਾਰ ਮੈਂ ਛੱਡ ਦਿੱਤਾ ਸਮਝੋ। ਮਹਾਰਾਜ ਚੁੱਪ ਹੋ ਗਏ। ਕਹਿੰਦੇ, ਚੰਗਾ ਹੋਰ ਕੀ ਚਾਹੁੰਦਾ ਹੈਂ। ਮੈਂ ਕਿਹਾ, ਮੇਰੀ ਕਮਾਈ 'ਚ ਹੀ ਬਰਕਤ ਪਾ ਦਿਓ, ਆਪਣੇ ਕੋਲੋਂ ਹੀ ਕਰਾਂ ਸਭ ਕੁਛ, ਮੈਨੂੰ ਮੰਗਣ ਦੀ ਗੁੰਜਾਇਸ਼ ਨਾ ਰਹੇ ਕਿਸੇ ਤੋਂ। ਮਹਾਰਾਜ ਕਹਿੰਦੇ ਠੀਕ ਹੈ। ਉਨ੍ਹਾਂ ਦੇ ਹੁਕਮ ਦੇ ਮੁਤਾਬਿਕ 1987-88 'ਚ ਮੈਨੂੰ ਖਿਆਲ ਆਇਆ ਕਿ ਮਹਾਰਾਜ ਦਾ ਹੁਕਮ ਸੀ ਫਿਲਮਾਂ ਬਣਾਉਣ ਦਾ ਉਸ ਵੇਲੇ ਨਾ ਕੋਈ ਫਿਲਮ ਬਣਾਉਣ ਵਾਲਾ, ਨਾ ਕੈਮਰੇ ਇਹੋ ਜਿਹਾ, ਕੇਵਲ ਫਿਲਮਾਂ ਬਣਦੀਆਂ ਸੀ ਜਿਹੜੀ ਸਿਨਮੇ 'ਚ ਦਿਖਾਉਂਦੇ ਨੇ। ਉਹਦੀ ਟੈਕਨੀਕ ਦਾ ਸਾਨੂੰ ਕੋਈ ਪਤਾ ਨਹੀਂ ਸੀ ਕਿ ਕਿਵੇਂ ਬਣਦੀਆਂ ਨੇ। ਉਸ ਤੋਂ ਬਾਅਦ 1988 ਤੋਂ ਬਣਨੀਆਂ ਸ਼ੁਰੂ ਹੋਈਆਂ, ਉਥੋਂ ਲੈ ਕੇ ਹੁਣ ਤੱਕ 1200 ਦੇ ਕਰੀਬ ਬਣ ਗਈਆਂ ਨੇ। ਵੱਖਰੇ-ਵੱਖਰੇ ਸਿਧਾਂਤ, ਵੱਖਰੇ-ਵੱਖਰੇ ਵਿਸ਼ੇ, ਵੱਖਰੀ-ਵੱਖਰੀ ਵਿਆਖਿਆ ਜੋ ਕੁਛ ਗੁਰੂ ਗ੍ਰੰਥ ਸਾਹਿਬ 'ਚ ਹੈ ਉਹਨੂੰ ਇੱਕ ਤਰ੍ਹਾਂ ਦੇ ਨਾਲ open ਕਰਨ ਦਾ ਯਤਨ ਕਰਿਆ ਹੈ ਪਰ ਮੇਰਾ ਇਹ ਵਿਸ਼ਵਾਸ਼ ਹੈ ਕਿ ਮੈਂ ਲੱਖਵਾਂ ਹਿੱਸਾ ਵੀ ਨਹੀਂ ਬਾਹਰ ਕੱਢ ਸਕਿਆ ਗੁਰੂ ਗ੍ਰੰਥ ਸਾਹਿਬ ਦਾ ਇਹ ਤਾਂ ਐਡਾ ਵੱਡਾ ਸਿਧਾਂਤ ਹੈ ਸਾਧਸੰਗਤ ਜੀ! ਸਾਰੀ ਦੁਨੀਆਂ ਦੇ ਵਿਦਵਾਨਾਂ ਨੂੰ cover ਕਰ ਸਕਦਾ ਹੈ। ਉਹ ਦੇਖ ਲਓ ਤੁਸੀਂ। ਜੰਗਲਾਂ 'ਚ ਰਹਿੰਦੇ ਓਂ, ਸਤਿਸੰਗ ਹੁੰਦਾ ਰਹਿੰਦਾ ਹੈ। ਇਸ ਕਰਕੇ ਮੈਨੂੰ ਸਮਾਂ ਮਿਲਿਆ, ਕੁਛ ਮਹਾਰਾਜ ਨੇ ਪ੍ਰੇਰਨਾ ਕਰੀ, ਤਾਂ ਆ ਕੇ ਮੈਂ ਤੁਹਾਡੇ ਦਰਸ਼ਨ ਕਰੇ। ਸਰੀਰ ਪੁਰਾਣਾ ਹੁੰਦਾ ਜਾਂਦਾ ਹੈ ਵਾਹਿਗੁਰੂ ਦੇ ਹੁਕਮ 'ਚ ਹੈ, ਅੱਗੇ ਉਹ ਜਾਣਦਾ ਹੈ ਕਿ ਕੀ ਹੋਣਾ ਹੈ, ਇਸ ਕਰਕੇ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਬਾਕੀ ਬੇਨਤੀ ਹੈ ਕਿ ਬੜੀ ਖੁਸ਼ੀ ਹੋਈ ਹੈ ਕਿ ਏਸ ਇਲਾਕੇ ਦੇ ਅੰਦਰ ਭਾਈ ਗੁਰਪਾਲ ਸਿੰਘ ਉਨ੍ਹਾਂ ਨੇ ਬੜੀ ਮਿਹਨਤ ਕੀਤੀ ਹੈ ਤੇ ਸਿੱਖੀ ਲਿਆਂਦੀ ਹੈ। ਸ਼ਰਾਬਾਂ ਤੋਂ ਹਜ਼ਾਰਾਂ ਹੀ ਬੰਦੇ ਹਟਾਏ ਨੇ। ਪਹਿਲਾਂ ਇੱਥੇ ਮਹਾਂਪੁਰਸ਼ ਆਉਂਦੇ ਨੇ ਸੰਤ ਮਹਿੰਦਰ ਸਿੰਘ ਓਹਨੀਂ ਵੀ ਆਉਂਦੇ ਰਹੇ। ਦੱਸਿਆ ਕਰਦੇ ਸੀ ਕਿ ਅਸੀਂ ਯੂ.ਪੀ ਜਾ ਕੇ ਆਏ

ਹਾਂ। ਅਖੀਰ ਉਨ੍ਹਾਂ ਨੇ ਯੂ.ਪੀ. 'ਚ ਹੀ ਸਰੀਰ ਛੱਡ ਦਿੱਤਾ। ਇਹ ਸਮਾਂ ਤਾਂ ਬਣਦਾ ਹੀ ਰਹਿਣਾ ਹੈ ਸਾਧਸੰਗਤ ਜੀ। ਇਹ ਪ੍ਰਬੰਧ ਗੁਰੂ ਸਾਹਿਬ ਦਾ ਹੈ, ਸਾਡਾ ਨਹੀਂ ਹੈ। ਜੇ ਕੋਈ ਕਹੇ ਕਿ ਮੈਂ ਪ੍ਰਚਾਰ ਕਰਦਾ ਹਾਂ ਬਿਲਕੁਲ ਗਲਤ ਹੈ ਇਹ ਗੁਰੂ ਮਹਾਰਾਜ ਰਿਮੋਟ ਕੰਟਰੋਲ ਨਾਲ ਸਾਡੇ ਸਰੀਰਾਂ ਨੂੰ ਨਠਾਈ ਫਿਰਦੇ ਨੇ। ਤੂੰ ਓਥੇ ਚੱਲ, ਉਥੇ ਚੱਲ ਇਹ ਪ੍ਰਬੰਧ ਤਾਂ ਦਰਗਾਹ ਦਾ ਹੈ ਬੰਦਿਆਂ ਦਾ ਨਹੀਂ ਕਿਸੇ ਦਾ ਵੀ। ਇਹ ਸਾਡੀ ਤਾਂ ਅਰਦਾਸ ਹੈ ਕਿ ਸੱਚੇ ਪਾਤਸ਼ਾਹ! ਤੂੰ ਸੇਵਾ ਲਾਉਣ ਵਾਲਾ ਆਪ ਹੈਂ, ਤੂੰ ਲਾ ਕੇ ਹੀ ਰੱਖੀਂ ਆਖਰੀ ਦਮ ਤੱਕ। ਐਸਾ ਨਾ ਹੋਵੇਂ ਤੂੰ ਸੇਵਾ ਖੋਲ ਲਏਂ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਸਾਰੇ ਅਨੰਦ ਸਾਹਿਬ 'ਚ ਬੋਲੋ ਭਾਈ।

**ਗੁਰਸਤੋਤਰ, ਅਰਦਾਸ, ਹੁਕਮਨਾਮਾ**

# 5

# ਆਤਮ - ਚਿੰਤਨ

ਸ਼ਾਨ.........................................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਅੰਗ - ੨੮੯*

***ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,***
***ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।***

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*

*ਅੰਗ - ੮੨੭*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਆਪ ਠੰਢ ਦੀ ਪ੍ਰਵਾਹ ਨਾ ਕਰਦੇ ਹੋਏ ਸਹਿਜ ਤਪ ਜਿਸਦਾ ਫਲ ਐਨਾ ਜ਼ਿਆਦਾ ਹੈ ਕਿ ਗਿਣਤੀ-ਮਿਣਤੀ ਵਿੱਚ ਵੀ ਨਹੀਂ ਆਉਂਦਾ। ਘਰ ਤੋਂ ਚਲਦੇ ਓਂ ਭਾਵਨਾ ਦੇ ਨਾਲ, ਕਾਰੋਬਾਰਾਂ ਨੂੰ ਸੰਕੋਚ ਕੇ, ਪਿੱਠ ਦੇ ਕੇ ਚਲਦੇ ਓਂ, ਗੁਰੂ ਦੇ ਦਰਬਾਰ ਵਲ ਆਉਂਦੇ ਓਂ। ਐਸਾ ਫੁਰਮਾਨ ਆਉਂਦਾ ਹੈ -

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਜੇ ਇਕ ਵਾਰੀ ਵੀ ਉਹਦਾ ਨਾਉਂ ਲੈ ਲਿਆ –

***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਬਾਰ-ਬਾਰ ਯਾਦ ਕਰਦਾ ਹੈ ਗੁਰੂ।

***ਭਾਵਨੀ ਭਗਤਿ ਭਾਇ ਕੌਡੀ ਅਗਰ ਭਾਗ ਰਾਖੈ,...।***

***ਕਬਿੱਤ ਭਾਈ ਗੁਰਦਾਸ ਜੀ***

ਭਾਵਨੀ ਦੇ ਨਾਲ, ਪਿਆਰ ਦੇ ਨਾਲ ਜੇ ਇੱਕ ਕੌਡੀ ਗੁਰੂ ਦੇ ਚਰਨਾਂ ਦੇ ਵਿੱਚ ਰੱਖ ਦਿਓ। ਕੌਡੀ ਦਾ ਮੁੱਲ ਕੀ ਹੁੰਦਾ ਹੈ, ਹੁਣ ਤਾਂ ਹੈ ਹੀ ਨਹੀਂ, ਜਿਨ੍ਹਾਂ ਦਿਨਾਂ 'ਚ ਇਹ ਬਾਣੀ ਰਚੀ ਗਈ, ਉਸ ਵੇਲੇ ਥੋੜ੍ਹਾ ਬਹੁਤਾ ਮੁੱਲ ਹੁੰਦਾ, ਕੌਡੀਆਂ ਦੀ ਪਾਈ ਬਣਦੀ ਹੁੰਦੀ, ਤਿੰਨ ਪਾਈਆਂ ਦਾ ਪੈਸਾ ਬਣਦਾ ਹੁੰਦਾ, ਬਾਰ੍ਹਾਂ ਪਾਈਆਂ ਦਾ ਇੱਕ ਆਨਾ ਬਣਦਾ ਹੁੰਦਾ। ਜੇ ਓਡੀ ਨਿਗੂਣੀ ਚੀਜ਼ ਵੀ ਸ਼ਰਧਾ ਤੇ ਭਾਵਨਾ ਨਾਲ ਆਪਣੀ ਸਮਰਥਾ ਦੇ ਮੁਤਾਬਿਕ ਗੁਰੂ ਦੇ ਚਰਨਾਂ 'ਚ ਭੇਟ ਕਰ ਦਿੱਤੀ ਤਾਂ ਕੀ ਮਿਲਦਾ ਹੈ? –

***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਉਹਨੂੰ ਗੁਰੂ ਸਾਰਿਆਂ ਖਜ਼ਾਨਿਆਂ ਦਾ ਮੂੰਹ ਖੋਲ੍ਹ ਦਿੰਦਾ ਹੈ। ਦੇਖਦਾ ਨਹੀਂ ਹੈ, ਉਹ ਚੀਜ਼ ਭਾਵਨੀ ਭਗਤ ਦੇ ਨਾਲ ਹੋਵੇ। ਇੱਕ ਵਾਰੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਸੰਗਤ ਵਿੱਚ ਬਚਨ ਕਰ ਰਹੇ ਨੇ। ਇੱਕ ਅਮੀਰ ਆਦਮੀ ਆਇਆ, ਆਫੀਸਰ ਸੀ ਲੱਗਿਆ ਹੋਇਆ, ਉਹਨੇ ਉਨ੍ਹਾਂ ਦਿਨਾਂ ਦਾ ਇੱਕ ਹਜ਼ਾਰ ਰੁਪਈਆ ਅੱਜ ਦੇ 10 ਲੱਖ ਵਰਗਾ, ਇਸ ਤੋਂ ਵੀ ਜ਼ਿਆਦਾ 15 ਲੱਖ ਵਰਗਾ, ਬਾਬਿਆਂ ਦੇ ਚਰਨਾਂ 'ਚ ਭੇਟ ਕਰ ਦਿੱਤਾ। ਚਾਂਦੀ ਦੇ ਰੁਪਈਏ ਸੀ। ਉਨ੍ਹਾਂ ਨੇ ਉਹ ਢੇਰ ਲਾ ਦਿੱਤਾ। ਬਾਬਾ ਜੀ ਨੇ ਦੇਖਿਆ ਹੀ ਨਾ। ਉਹ ਜੋੜਾ ਪਾ ਕੇ ਬੈਠੇ ਸੀ ਤੇ ਉਹ ਜੋੜੇ ਹੋਏ ਪਰ੍ਹੇ ਨੂੰ ਕਰ ਦੇਣ ਪੈਸੇ। ਉਹ ਪੈਸੇ ਹੌਲੀ-ਹੌਲੀ ਸਾਰੇ ਹੀ ਪਰ੍ਹੇ ਨੂੰ ਕਰ ਦਿੱਤੇ ਕਿ ਇਹ ਸਾਡੇ ਚਰਨਾਂ ਵਿੱਚ ਨਾ ਲੱਗਣ। ਉਹ ਫੇਰ ਦੇਖਦਾ ਹੈ, ਹੇਠਾਂ ਦੇਖਦਾ ਹੈ। ਕਿ ਕਦੇ ਬਾਬਾ ਜੀ ਹੇਠਾਂ ਦੇਖ ਹੀ ਲੈਣ। ਇੰਨੇ ਨੂੰ ਇੱਕ ਮਾਈ ਆਈ, ਵਡੇਰੀ ਉਮਰ ਹੈ, ਦੂਰ ਖੜ੍ਹ ਗਈ ਬਾਹਰ, ਬਾਬਾ ਜੀ ਕਹਿੰਦੇ ਉਸ ਮਾਈ ਨੂੰ ਨੇੜੇ ਲਿਆਓ। ਸੰਗ ਰਹੀ ਹੈ ਨੇੜੇ ਨਹੀਂ ਆ ਰਹੀ। ਨੇੜੇ ਆਈ ਤਾਂ ਉਹਨੇ ਜੇਬ 'ਚੋਂ ਇੱਕ ਮੈਲੀ ਜਿਹੀ ਲੀਰ ਕੱਢੀ, ਪੰਜ ਛੇ ਗੰਢਾਂ ਦਿੱਤੀਆਂ ਹੋਈਆਂ। ਹੌਲੀ-ਹੌਲੀ ਗੰਢਾਂ ਖੋਲ੍ਹੀਆਂ, ਉਹਦੇ 'ਚੋਂ ਨਿਕਲਿਆ ਕੀ? ਪੰਜ ਪੈਸੇ। ਉਹ ਪੈਸੇ ਕੱਢ ਕੇ ਜਿਸ ਵਕਤ ਉਹ ਚਰਨਾਂ 'ਤੇ ਰੱਖਣ ਲੱਗੀ, ਬਾਬਾ ਜੀ ਨੇ ਅੱਗੇ ਹੱਥ ਕਰ ਦਿੱਤਾ, ਹੱਥ 'ਚ ਲੈ ਲਏ ਪੰਜ ਪੈਸੇ। ਕਦੇ ਇੱਕ ਹੱਥ ਤੋਂ ਦੂਜੇ ਹੱਥ 'ਚ ਕਰ ਲੈਂਦੇ ਨੇ, ਕਦੇ ਦੂਏ 'ਚ, ਨਾਲ ਬਚਨ ਕਰੀ ਜਾਂਦੇ ਨੇ। ਉਹ ਜਿਹੜਾ ਆਫੀਸਰ ਸੀ ਜਿਹਨੇ ਹਜ਼ਾਰ ਰੁਪਿਆ ਮੱਥਾ ਟੇਕਿਆ ਸੀ। ਉਹਦੇ ਮਨ 'ਚ ਖਿਆਲ ਆਉਂਦਾ

ਹੈ ਕਿ ਬਾਬਾ ਜੀ ਨੇ ਮੇਰੇ ਰੁਪਏ ਤਾਂ ਦੇਖੇ ਨਹੀਂ, ਤਾਂਬੇ ਦੇ ਪੰਜ ਪੈਸੇ, ਮੈਲੇ ਜਿਹੇ ਮਾਈ ਦੇ ਪਤਾ ਨਹੀਂ ਸੁੱਚੇ ਨੇ, ਪਤਾ ਨਹੀਂ ਜੂਠੇ ਨੇ ਉਹ ਬੜੀ ਖੁਸ਼ੀ ਦੇ ਨਾਲ ਕਦੇ ਏਧਰ ਕਰਕੇ ਬਚਨ ਕਰੀ ਜਾਂਦੇ ਨੇ ਕਦੇ ਏਧਰ, ਥੱਲੇ ਰੱਖਦੇ ਹੀ ਨਹੀਂ ਹਨ। ਕਈ ਵਾਰੀ ਉਹਦੇ ਮਨ 'ਚ ਖਿਆਲ ਆਇਆ, ਉਹ ਅੰਤਰਜਾਮੀ ਸੀਗੇ, ਬਾਬਾ ਕਰਮ ਸਿੰਘ ਜੀ ਵਿੱਚ ਬੇਅੰਤ ਸ਼ਕਤੀਆਂ ਸੀ। ਉਹ ਕਹਿਣ ਲੱਗੇ, ਪ੍ਰੇਮੀਆਂ! ਕੀ ਕਰੀ ਜਾਂਦਾ ਹੈਂ, ਆਹ ਪੈਸਿਆਂ ਵਲ ਬਾਬਾ ਦੇਖਦਾ ਨਹੀਂ, ਮੈਂ ਕਿਉਂ ਦੇਖਾਂ ਇਨ੍ਹਾਂ ਵਲ ਤੇ ਪੰਜ ਪੈਸਿਆਂ ਨੂੰ ਬਾਰ-ਬਾਰ ਦੇਖੀ ਜਾਂਦੇ ਨੇ। ਬਾਬਾ ਜੀ ਕਹਿਣ ਲੱਗੇ, ਤੇਰਾ ਜਿਹੜਾ ਹਜ਼ਾਰ ਰੁਪਿਆ ਹੈ ਨਾ, ਇਹ ਏਸ ਪੰਜ ਪੈਸੇ ਦੇ ਕਿਸੇ ਤਰ੍ਹਾਂ ਵੀ ਕਿਸੇ ਮੁੱਲ 'ਤੇ ਵੀ ਬਰਾਬਰ ਨਹੀਂ ਹੈ, ਪੁਆਇੰਟ 'ਤੇ ਵੀ ਨਹੀਂ ਆਉਂਦਾ।

ਮਾਤਾ! ਤੂੰ ਦੱਸ ਪੰਜ ਪੈਸੇ ਕਿਵੇਂ ਲੈ ਕੇ ਆਈ ਹੈਂ, ਕਹਿਣ ਲੱਗੀ, ਮਹਾਰਾਜ! ਮੇਰੀ ਉਮਰ 90 ਸਾਲ ਦੀ ਹੋ ਗਈ ਹੈ। ਸਵਾਰੀ ਤੋਂ ਬਗੈਰ ਮੇਰੇ ਤੋਂ ਤੁਰਿਆ ਨਹੀਂ ਜਾਂਦਾ, ਸਰੀਰ 'ਚ ਸੱਤਾ ਨਹੀਂ ਰਹੀ ਤੇ ਮੇਰਾ ਕੋਈ ਸੰਸਾਰ 'ਚ ਵਾਲੀਵਾਰਸ ਨਹੀਂ। ਪੁੱਤਰ ਵੀ ਮਰ ਗਏ, ਘਰਵਾਲਾ ਵੀ ਮਰ ਗਿਆ। ਮੈਂ ਇਕੱਲੀ ਰਹਿ ਗਈ। ਹੁਣ ਮੇਰਾ ਇਹ ਕੰਮ ਹੈ ਕਿ ਮੈਂ ਕਿਸੇ ਦਾ ਬੱਚਾ ਖਿਡਾਉਂਦੀ ਹਾਂ, ਕਿਸੇ ਦੇ ਵਸਤਰ ਧੋ ਦਿੰਦੀ ਹਾਂ, ਕਿਸੇ ਦਾ ਥਾਉਂ ਲਿੱਪ ਦਿੰਦੀ ਹਾਂ, ਕਿਸੇ ਦੇ ਬਰਤਨ ਮਾਂਜ ਦਿੰਦੀ ਹਾਂ, ਇਹਦੇ ਅਫਜ਼ਾਨੇ 'ਚ ਬੀਬੀਆਂ ਮੈਨੂੰ ਬੀਬੀਆਂ ਕਦੇ ਪਹਿਨਣ ਨੂੰ ਕੱਪੜਾ ਦੇ ਦਿੰਦੀਆਂ ਨੇ, ਕਿਸੇ ਦੇ ਮਨ ਵਿੱਚ ਤਰਸ ਆ ਗਿਆ ਤੇ ਨਾਲ ਮੈਨੂੰ ਰੋਟੀ ਪਾਣੀ ਦੇਈ ਜਾਂਦੀਆਂ ਨੇ। ਮਹਾਰਾਜ ਜਿਸ ਦਿਨ ਕਿਤੇ ਹੋਵੇ ਕਿ ਦੀਵਾਲੀ ਹੈ, ਦੁਸਹਿਰਾ ਹੈ, ਮਾਘੀ ਹੈ, ਕੋਈ ਰੱਬ ਤਰਸ ਕਰਨ ਵਾਲੀ ਬੀਬੀ ਮੈਨੂੰ ਇੱਕ ਪੈਸਾ ਦੇ ਦਿੰਦੀ ਹੈ। ਮੈਂ ਤੁਹਾਡੇ ਕੋਲ ਆਉਣਾ ਸੀ, ਮੇਰੇ ਕੋਲ ਇਹ ਪੰਜ ਪੈਸੇ ਇੱਕ ਸਾਲ 'ਚ ਜੁੜੇ ਨੇ। ਕਿਉਂਕਿ ਮੈਨੂੰ ਇਸ ਗੱਲ ਦੇ ਉਤੇ ਵਿਸ਼ਵਾਸ਼ ਹੈ ਕਿ ਸੰਤਾਂ ਦੇ ਦਰਸ਼ਨ ਕਰਨ ਜਾਈਏ, ਖਾਲੀ ਹੱਥ ਨਹੀਂ ਜਾਈਦਾ, ਸ਼ਰਧਾ ਦੇ ਨਾਲ ਜਾਓ, ਖਾਲੀ ਹੱਥ ਜਾਂਦਾ ਹੈ। ਸਤਿਕਾਰ ਨਹੀਂ ਕਰਦਾ ਉਹ ਖਾਲੀ ਮੁੜਦਾ ਹੈ। ਸ਼ਰਧਾ ਦੀ ਝੋਲੀ ਵਾਲਾ ਜਾਂਦਾ ਹੈ ਝੋਲੀ ਭਰ ਕੇ ਮੁੜਦਾ ਹੈ। ਮਹਾਰਾਜ ਮੈਂ ਗਰੀਬਣੀ ਸੀ, ਤਾਂਗੇ 'ਤੇ ਚੜ੍ਹਨ ਨੂੰ ਮੇਰੇ ਕੋਲ ਪੈਸਾ ਕੋਈ ਨਹੀਂ ਸੀ। ਮੈਂ ਪਹਿਲੇ ਦਿਨ ਦਸ ਮੀਲ ਪੈਂਡਾ ਤਹਿ ਕਰਿਆ, ਦੂਸਰੇ ਦਿਨ ਦਸ ਮੀਲ ਕਰਿਆ, ਅੱਜ ਵੀ ਦਸ ਮੀਲ ਕਰਕੇ ਮੈਂ ਤੁਹਾਡੇ ਦਰਬਾਰ 'ਚ ਪਹੁੰਚੀ ਹਾਂ, ਕੱਪੜੇ ਮੇਰੇ ਮੈਲੇ ਹੋਏ ਪਏ ਨੇ, ਮੈਨੂੰ ਡਰ ਲਗਦਾ ਸੀ ਕਿ ਮੁਸਕ ਨਾ ਆ ਜਾਵੇ, ਗਰੀਬਣੀ ਮੈਂ ਹਾਂ। ਮਹਾਰਾਜ ਇਹ ਪੈਸੇ ਇੱਕ ਸਾਲ 'ਚ ਮੇਰੇ ਜੋੜੇ ਹੋਏ ਨੇ।

ਕਹਿੰਦੇ, ਧੰਨ ਹੈਂ ਮਾਈ, ਧੰਨ ਹੈ ਤੂੰ।

ਕਹਿੰਦੇ, ਹਾਂ ਬਈ ਤੂੰ ਦੱਸ, ਹਜ਼ਾਰ ਰੁਪਿਆ ਤੂੰ ਕਿੰਨੀ ਦੇਰ 'ਚ ਜੋੜਿਆ ਹੈ। ਬੋਲ ਬੋਲਦਾ ਕਿਉਂ ਨਹੀਂ, ਚੁੱਪ ਕਰਿਆ ਬੈਠਾ ਹੈ। ਕਹਿੰਦੇ,

ਅਸੀਂ ਤੇਰਾ ਪਾਜ ਖੋਲ੍ਹ ਦੇਈਏ ਸੰਗਤ 'ਚ। ਜਿਸ ਤੋਂ ਤੂੰ ਰਿਸ਼ਵਤ ਲਈ ਹੈ, ਅਰ ਕਿੰਨੀ ਲਈ ਹੈ। ਹੁਣ ਬਾਬਿਆਂ ਨੂੰ ਵੀ ਨਾਲ ਕਸੂਰਵਾਰ ਬਣਾਉਣ ਵਾਸਤੇ ਰਿਸ਼ਵਤ ਦਾ ਪੈਸਾ ਮੱਥਾ ਟੇਕ ਕੇ, ਨਾਲੇ ਪ੍ਰਸੰਸਾ ਚਾਹੁੰਦਾ ਹੈ ਸਾਡੇ ਤੋਂ। ਚੁੱਕ ਆਪਣੇ ਪੈਸੇ।

ਭਾਵਨੀ ਭਗਤ ਹੋਰ ਚੀਜ਼ ਹੈ, ਗੁਰੂ ਪੈਸਿਆਂ ਨਾਲ ਨਹੀਂ ਤੋਲਿਆ ਜਾਂਦਾ। ਭਾਵਨੀ ਕਹਿੰਦੇ ਨੇ ਪਿਆਰ ਨੂੰ ਪਿਆਰ ਦੇ ਨਾਲ ਇੱਕ ਪੈਸਾ ਵੀ ਮੱਥਾ ਟੇਕ ਦਿੱਤਾ ਨਾ –

***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਇਹਦੇ ਵਿੱਚ ਸਰਬ ਕਿਹਾ ਹੈ ਕਿ ਸਾਰੇ ਹੀ ਖਜ਼ਾਨੇ ਗੁਰੂ ਖੋਲ੍ਹ ਦਿੰਦਾ ਹੈ। ਸੋ ਜਦੋਂ ਅਸੀਂ ਭਾਵਨੀ ਦੇ ਨਾਲ ਸਤਿਸੰਗ 'ਚ ਆਉਂਦੇ ਹਾਂ, ਉਸ ਵੇਲੇ ਸਾਡੀ ਹਾਜ਼ਰੀ ਬਣਦੀ ਹੈ। ਉਹਦਾ ਫਲ ਮੈਂ ਕਿੰਨੀ ਵਾਰੀ ਦੱਸਿਆ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ – 546***

ਕਈ ਕਰੋੜ ਜਗਾਂ ਦਾ ਫਲ ਮਿਲ ਜਾਂਦਾ ਹੈ, ਜਿਹੜਾ ਸੁਣਦਾ ਹੈ, ਗਾਉਂਦਾ ਹੈ, ਇਸੇ ਕਰਕੇ ਉਹ ਫਲ ਦੇ ਮੁਤਾਬਿਕ ਉਹ ਪੁੰਨ ਕਰਮ ਫਲਣ ਕਰਕੇ ਅਸੀਂ ਇਹੋ ਜਿਹੀ ਠੰਢ ਦੇ ਵਿੱਚ ਬੈਠੇ ਹਾਂ। ਕਿੰਨੀ ਠੰਢ ਹੈ ਬਾਹਰ ਨਿਕਲਣਾ ਔਖਾ ਹੈ। ਸੋ ਸਤਿਸੰਗ ਦੇ ਵਿੱਚ ਤੁਸੀਂ ਆਉਂਦੇ ਓਂ ਸਾਧਸੰਗਤ ਜੀ, ਇਥੇ ਆਪਾਂ ਕੁਛ ਬਚਨ ਸਮਝਣੇ ਨੇ। ਗੁਰੂ ਮਹਾਰਾਜ ਨੇ ਇੱਕ ਅੱਖਰ ਵਰਤਿਆ ਹੈ ਜਿਹਨੂੰ 'ਸੰਸਾ' ਕਹਿੰਦੇ ਨੇ। ਉਹ ਸੰਸਾ ਹੁੰਦਾ ਹੈ ਸ਼ੱਕ।

***ਉਤਰਿ ਗਇਓ ਮੇਰੇ ਮਨ ਕਾ ਸੰਸਾ***
***ਜਬ ਤੇ ਦਰਸਨੁ ਪਾਇਆ ॥*** ***ਅੰਗ – 1218***

ਸ਼ੰਕਾ ਕਹਿ ਲਓ, ਸੰਸਾ ਕਹਿ ਲਓ। ਇਹ ਸ਼ੱਕ ਦੇ ਵਿੱਚ ਪੈ ਕੇ ਸਾਡੀ ਸਾਰੀ ਉਮਰ ਲੰਘ ਰਹੀ ਹੈ। ਇਹ ਸ਼ੱਕ ਨਹੀਂ ਦੂਰ ਹੁੰਦਾ। ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ ਪੜ੍ਹੋ ਪਿਆਰ ਨਾਲ–

***ਧਾਰਨਾ – ਤੇਰੀ ਸੁੱਤੇ ਦੀ ਰੈਣ ਸਾਰੀ ਲੰਘ ਗਈ,***
***ਆਈ ਨਾ ਤੈਨੂੰ ਜਾਗ ਪਿਆਰਿਆ।***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਜਿਹੜਾ ਜੀਵ ਹੈ ਜਿਹਨੂੰ ਤੁਸੀਂ ਜਾਗ ਕਹਿੰਦੇ ਓਂ ਇਹ ਜਾਗ ਨਹੀਂ ਹੈ। ਨੀਂਦ ਦੇ ਵਿੱਚ ਤੇ ਗਫਲਤ ਦੇ ਵਿੱਚ ਇਹਦੀ ਸਾਰੀ ਉਮਰ ਲੰਘ ਗਈ। ਇਹਨੂੰ ਜਾਗ ਨਾ ਆਈ, ਸੰਤਾ ਨੇ ਵੀ ਜਗਾਇਆ –

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

ਕਿੰਨੀਆਂ ਹੀ ਆਵਾਜ਼ਾਂ ਦੇ ਲਓ, ਐਸਾ ਫੁਰਮਾਨ ਕਰਦੇ ਨੇ -

***ਧਾਰਨ - ਭਾਗ ਜਿਨ੍ਹਾਂ ਦੇ ਮੰਦੇ ਦਿੱਤੀਆਂ ਬਾਂਗਾਂ ਤੋਂ ਨਾ ਜਾਗਦੇ।***

ਬੜਾ ਭਾਰੀ problem (ਮੁਸ਼ਕਲ) ਹੈ ਸੰਤਾਂ ਨੂੰ ਇਹ। ਉਹ ਤੱਤ ਦਾ ਉਪਦੇਸ਼ ਕਰਦੇ ਨੇ ਕਹਿੰਦੇ ਫੇਰ ਇਹ ਇਨਸਾਨ ਜਾਗਦਾ ਨਹੀਂ ਹੈ, ਉਹਨੂੰ ਅਪਣਾਉਂਦਾ ਨਹੀਂ ਹੈ। ਚਾਰੇ ਵੇਦ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜ਼ੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਅਨੇਕਾਂ ਮਹਾਤਮਾ ਉਹ ਗੱਲ ਇੱਕੋ ਹੀ ਕਹਿੰਦੇ ਨੇ, ਬੋਲੀਆਂ ਵੱਖਰੀਆਂ-ਵੱਖਰੀਆਂ, ਲੇ-ਆਊਟ ਦਾ ਤਰੀਕਾ ਵੱਖਰਾ-ਵੱਖਰਾ, ਲੇਕਿਨ ਗੱਲ ਇੱਕ ਹੈ। ਉਹ ਕਹਿੰਦੇ ਹੈਰਾਨੀ ਦੀ ਗੱਲ ਹੈ ਕਿ ਬੰਦੇ ਨੂੰ ਜਾਗ ਆਉਂਦੀ ਕਿਉਂ ਨਹੀਂ ਹੈ, ਮੱਥੇ ਟੇਕਦਾ ਹੈ, ਸ਼ਰਧਾ 'ਚ ਆਉਂਦਾ ਹੈ, ਗੁਰੂ ਮੰਨਦਾ ਹੈ, ਗੁਰੂ ਦੀਆਂ ਸਾਰੀਆਂ ਗੱਲਾਂ ਮੰਨਣ ਨੂੰ ਤਿਆਰ ਹੈ। ਪਰ ਜਿਹੜੀ ਗੁਰੂ ਅਸਲੀ ਗੱਲ ਮਨਾਉਣਾ ਚਾਹੁੰਦਾ ਹੈ। ਉਹ ਨਹੀਂ ਇਹ ਮੰਨਦਾ। ਮਹਾਰਾਜ ਨੇ ਸ਼ੈਤਾਨ ਦਾ ਨਾਉਂ ਨਹੀਂ ਲਿਆ। ਮਹਾਤਮਾ ਬੁੱਧ ਨੇ ਲਿਆ ਹੈ ਉਹ ਕਹਿੰਦੇ ਇੱਕ ਮਾਰ ਦੇਵਤਾ ਹੈ, ਉਹਦਾ ਕੰਮ ਹੀ ਹੈ ਕਿ ਲੋਕਾਂ ਨੂੰ ਭੁੱਲਾ ਕੇ ਰੱਖਣਾ। ਠੀਕ ਹੈ ਉਨ੍ਹਾਂ ਦਾ ਮਤਲਬ ਠੀਕ ਹੀ ਹੋਣਾ ਹੈ, ਬੋਲੀ ਦਾ ਫਰਕ ਹੈ। ਸਾਡੇ ਖਿਆਲ ਨੇ ਕਿ ਜੀ ਕਲਜੁਗ ਹੈ, ਕਲਜੁਗ ਨਹੀਂ ਮੰਨਣ ਦਿੰਦਾ। ਜਦੋਂ ਕਲਜੁਗ ਨਹੀਂ ਸੀ ਉਸ ਵੇਲੇ ਵੀ ਨਹੀਂ ਸੀ ਮੰਨਦਾ। ਚਲੋ, ਕਲਜੁਗ ਤਾਂ ਹੁਣ ਆਇਆ ਹੈ ਪੰਜ ਹਜ਼ਾਰ ਸਾਲ ਦਾ। ਇਹ ਪਹਿਲਾਂ ਵੀ ਨਹੀਂ ਸੀ ਮੰਨਦਾ ਇਨਸਾਨ। ਨਹੀਂ ਜਾਗ ਆਉਂਦੀ ਸੀ, ਗੁਰੂ ਜਗਾਉਂਦਾ ਸੀ। ਇਹ ਜਾਗਦਾ ਨਹੀਂ ਸੀ। ਉਹਦਾ ਨਤੀਜਾ ਕੀ ਹੋਇਆ, ਕਿਹੜੀ ਚੀਜ਼ ਹੈ ਜਿਹਨੂੰ ਗੁਰੂ ਜਗਾਉਣਾ ਚਾਹੁੰਦਾ ਹੈ, ਮਹਾਰਾਜ ਕਹਿੰਦੇ, ਉਹ ਹੈ ਸੰਸਾ। ਜਿਹਨੂੰ ਸ਼ੰਕਾ ਕਹਿੰਦੇ ਨੇ, ਇੱਕ ਕੋਈ ਪੰਡਤ ਛੇ ਸ਼ਾਸਤਰ ਪੜ੍ਹ ਕੇ ਆਇਆ, ਉਹ ਬਿਲਕੁਲ ਕੋਰਾ ਨਾਸਤਕ ਹੋ ਕੇ ਆਇਆ ਤੇ ਉਹ ਮਹਾਤਮਾ ਦੇ ਕੋਲ ਆਇਆ। ਆ ਕੇ ਕਹਿਣ ਲੱਗਿਆ ਕਿ ਤੁਸੀਂ ਕਹਿੰਦੇ ਓਂ ਰੱਬ ਹੈਗਾ, ਮੈਂ ਕਹਿੰਦਾ ਹਾਂ ਕਿ ਰੱਬ ਹੈ ਨਹੀਂ। ਕਹਿੰਦਾ, ਉਹ ਕਿਵੇਂ ਭਾਈ? ਕਹਿੰਦਾ, ਜਿਹਦਾ ਰੂਪ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕ੍ਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਹੱਥ ਦੇ ਨਾਲ ਛੋਹਿਆ ਨਹੀਂ ਜਾਂਦਾ, ਨੱਕ ਦੇ ਨਾਲ ਸੁੰਘਿਆ ਨਹੀਂ ਜਾਂਦਾ, ਅੱਖ ਨਾਲ ਦੇਖਿਆ ਨਹੀਂ ਜਾਂਦੀ, ਜਿਹਦੀ ਆਵਾਜ਼ ਕੰਨ ਨਾਲ ਸੁਣੀ ਨਹੀਂ ਜਾਂਦੀ, ਉਹ ਚੀਜ਼ ਹੈ ਕੋਈ? ਜੇ ਤੁਸੀਂ ਕਹੋ ਹਵਾ। ਸਾਹ ਤਾਂ ਲੈਂਦੇ ਹਾਂ ਸਾਨੂੰ ਪਤਾ ਲਗਦਾ ਹੈ। ਇਹਦਾ ਪਤਾ ਹੀ ਨਹੀਂ ਲਗਦਾ ਮੈਂ ਕਹਿੰਦਾ ਹਾਂ ਕਿ ਰੱਬ ਨਹੀਂ ਹੈ। ਉਹ ਕਹਿੰਦੇ, ਪਿਆਰਿਆ! ਰੱਬ ਤਾਂ ਹੈਗਾ।

ਕਹਿੰਦਾ, ਦਿਖਾਓ?

ਮਹਾਤਮਾ ਨੇ ਕਿਹਾ ਕਿ ਇਹ ਝਗੜਾਲੂ ਹੈ, ਮੇਰੇ ਤੋਂ ਤਾਂ ਨਹੀਂ ਇਹ ਕਾਬੂ ਆਉਣਾ। ਤਾਜ਼ੇ-ਤਾਜ਼ੇ ਸਾਸ਼ਤਰ ਪੜ੍ਹ ਕੇ ਆਇਆ ਹੈ। ਉਨ੍ਹਾਂ ਨੇ ਇੱਕ ਹੋਰ ਮਹਾਤਮਾ ਦੇ ਕੋਲ ਭੇਜ ਦਿੱਤਾ ਕਿ ਮੈਂ ਤਾਂ ਹੈਗਾ ਥੋੜ੍ਹਾ ਪੜ੍ਹਿਆ ਹੋਇਆ। ਤੂੰ ਮੈਨੂੰ ਬੋਲ-ਬੋਲ ਕੇ ਉਲਝਾ ਲੈਣਾ ਹੈ। ਇੱਕ ਸੰਤ ਫਲਾਣੇ ਥਾਉਂ ਰਹਿੰਦੇ ਨੇ ਉਥੇ ਚਲਿਆ ਜਾਹ। ਉਥੇ ਜਾ ਕੇ ਉਹ ਕਹਿਣ ਲੱਗਿਆ ਕਿ ਮਹਾਰਾਜ! ਮੈਂ ਆਪ ਦੇ ਪਾਸ ਆਇਆ ਹਾਂ, ਤਿੰਨ ਸਵਾਲ ਨੇ ਮੇਰੇ। ਇੱਕ ਤਾਂ ਇਹ ਹੈ ਕਿ ਜਿਹਦਾ ਰੂਪ ਨਹੀਂ, ਰੰਗ ਨਹੀਂ, ਜਿਹਦੀ ਹੋਂਦ ਹੀ ਨਹੀਂ, ਉਹ ਰੱਬ ਕੀ ਹੁੰਦਾ ਹੈ, ਉਹ ਕੀ ਹੋਇਆ । ਦੂਸਰਾ ਕਹਿੰਦੇ ਕਿ ਤੁਸੀਂ ਕਹਿੰਦੇ ਓਂ ਕਿ ਅਗਾਹਾਂ ਨਰਕਾਂ ਵਿੱਚ ਸਜ਼ਾ ਮਿਲਦੀ ਹੈ ਕਿ ਕਾਮੀ ਜਿਹੜਾ ਪੁਰਸ਼ ਹੈ, ਉਹਨੂੰ ਉਥੇ ਲੋਹੇ ਦੇ ਥੰਮ ਗਰਮ ਕਰਕੇ ਉਹਦੇ ਨਾਲ ਚੰਬੇੜ ਦਿੰਦੇ ਨੇ। ਕਾਮ ਤਾਂ ਆਪ ਹੀ ਗਰਮ ਹੈ, ਗਰਮ ਨੂੰ ਗਰਮ ਨਾਲ ਚੰਬੇੜੇ ਨਾਲ ਕੀ ਸਜ਼ਾ ਹੋਈ, ਤੀਸਰਾ ਉਹਨੇ ਕਿਹਾ ਕਿ ਕਰਮ ਕਿਵੇਂ ਐਕਸ਼ਨ 'ਚ ਆਉਂਦੇ ਨੇ। ਮਹਾਤਮਾ ਚੁੱਪ ਕਰ ਰਹੇ ਬਚਨ ਕਰੀ ਗਏ। ਉਹ ਜਦੋਂ ਘੰਟਾ-ਦੋ ਘੰਟੇ ਬੈਠੇ ਨੂੰ ਹੋ ਗਏ। ਕਹਿਣ ਲੱਗਿਆ, ਸੰਤ ਜੀ! ਮੈਨੂੰ ਫਲਾਣੇ ਸੰਤ ਨੇ ਭੇਜਿਆ ਹੈ, ਪਤਾ ਨਹੀਂ ਮੇਰੇ ਨਾਲ ਮਖੌਲ ਹੀ ਕਰਿਆ ਹੈ ਉਹਨੇ ਤੇ ਮੈਂ ਤੁਹਾਡੇ ਪਾਸ ਆਇਆ ਹਾਂ, ਤੁਸੀਂ ਮੈਨੂੰ ਕੋਈ ਜਵਾਬ ਹੀ ਨਹੀਂ ਦਿੰਦੇ। ਉਥੇ ਰੋੜਾ ਪਿਆ ਸੀ, ਸੰਤਾਂ ਨੇ ਚੁੱਕਿਆ ਜ਼ੋਰ ਨਾਲ ਮਾਰਿਆ। ਉਹ ਰੋੜਾ ਉਹਦੇ ਲੱਗਿਆ, ਉਹ ਗੁੱਸੇ 'ਚ ਆ ਗਿਆ, ਉਹਨੇ ਕਿਹਾ ਕਿ ਆਹ ਸੰਤ ਕਾਹਦਾ, ਮੈਂ ਇਹਦੇ ਕੋਲ ਸਵਾਲ ਪੁੱਛਣ ਆਇਆ ਹਾਂ ਇਹਨੇ ਮੇਰੇ ਰੋੜਾ ਮਾਰਿਆ। ਉਹ ਉਠਿਆ ਜਾ ਕੇ ਸੰਤਾਂ ਦੇ ਦੋ ਤਿੰਨ ਮੁੱਕੇ ਮਾਰ ਦਿੱਤੇ। ਸੰਤ ਕਹਿੰਦੇ ਮਾਰਦਾ ਕਿਉਂ ਹੈਂ ਮੈਂ ਤਾਂ ਤੇਰੇ ਸਵਾਲ ਦਾ ਜਵਾਬ ਦਿੱਤਾ ਹੈ। ਜਦੋਂ ਤੈਨੂੰ ਪਤਾ ਲੱਗੇਗਾ ਫੇਰ ਤੂੰ ਮਾਫੀਆਂ ਮੰਗੇਗਾ। ਉਹ ਕਹਿੰਦਾ ਕਿਵੇਂ ਦਿੱਤਾ ਹੈ?

ਕਹਿੰਦੇ, ਮੈਂ ਰੋੜਾ ਮਾਰਿਆ, ਤੂੰ ਮੈਨੂੰ ਐਸ ਤਰ੍ਹਾਂ ਦਸ ਤੂੰ ਮੇਰੇ ਮੁੱਕੇ ਕਿਉਂ ਮਾਰੇ। ਤੈਨੂੰ ਕੀ ਹੋਇਆ ਰੋੜਾ ਮਾਰਨ 'ਤੇ?

ਕਹਿੰਦਾ ਜੀ, ਮੈਨੂੰ ਦਰਦ ਹੋਇਆ, ਦੁੱਖ ਹੋਇਆ। ਮੇਰੇ ਸੱਟ ਲੱਗੀ।

ਕਹਿੰਦੇ, ਲੈ ਪ੍ਰੇਮੀਆਂ! ਸੱਟ ਦਾ ਕਿਹੋ ਜਿਹਾ ਰੰਗ ਹੈ, ਕਿੱਡੀ ਕੁ ਉਹ ਲੰਮੀ ਹੈ, ਕਿੱਡੀ ਕੁ ਚੌੜੀ ਹੈ। ਕੀ ਉਹਦੇ 'ਚ ਮੁਸਕ ਹੈ, ਉਹ ਮੈਨੂੰ ਦੱਸ ਤਾਂ ਸਹੀ ਉਹ ਜਿਹੜੀ ਚੀਜ਼ ਹੈ?

ਕਹਿੰਦਾ, ਇਹ ਚੀਜ਼ਾਂ ਤਾਂ ਹੈ ਨਹੀਂ? ਫੇਰ ਕਹਿੰਦਾ ਹੈਗੀ ਤਾਂ ਸਹੀ ਨਾ। ਕਹਿੰਦਾ ਹਾਂ।

ਕਹਿੰਦੇ, ਤੈਨੂੰ ਕਿਵੇਂ ਪਤਾ ਲਗਦਾ ਹੈ, ਤੂੰ ਦੇਖ ਸਕਦਾ ਹੈਂ?

ਨਹੀਂ।

ਸੁੰਘ ਸਕਦਾ ਹੈਂ?

ਕਹਿੰਦਾ ਨਹੀਂ। ਛੂਹ ਸਕਦਾ ਹੈਂ?

ਕਹਿੰਦਾ ਨਹੀਂ।

ਫੇਰ ਸੁਣ ਸਕਦਾ ਹੈਂ?

ਕਹਿੰਦਾ ਨਹੀਂ।

ਦੇਖ ਸਕਦਾ ਹੈ?

ਕਹਿੰਦਾ ਨਹੀਂ।

ਤੂੰ ਕੁਛ ਵੀ ਨਹੀਂ ਕਰ ਸਕਦਾ, ਫੇਰ ਉਹ ਚੀਜ਼ ਕੀ ਹੋਈ?

ਕਹਿੰਦਾ ਹੈਗੀ ਜੀ, ਮੇਰੇ ਸੱਟ ਲੱਗੀ।

ਮੈਂ ਮਹਿਸੂਸ ਕਰਦਾ ਹਾਂ।

ਉਹ ਕਹਿੰਦੇ, ਪ੍ਰਮੇਸ਼ਰ ਵੀ ਜਿਹੜਾ ਹੈ ਇਹ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ ਪ੍ਰਮੇਸ਼ਰ ਦੇ ਦੋ ਸਰੂਪ ਨੇ ਸਾਧਸੰਗਤ ਜੀ। ਇੱਕ ਤਾਂ ਹੈਗਾ ਸਰਗੁਣ, ਇੱਕ ਹੈਗਾ ਨਿਰਗੁਣ। ਮੈਂ ਇੱਥੇ ਥੋੜ੍ਹੀ ਜਿਹੀ ਗੱਲ ਕਰਨੀ ਚਾਹੁੰਦਾ ਹਾਂ, ਅਸੀਂ ਆਮ ਹੀ ਕਹਿੰਦੇ ਹਾਂ ਕਿ ਨਾਮਦੇਵ ਜੀ ਨੂੰ ਵਾਹਿਗੁਰੂ ਨੇ 72 ਵਾਰੀ ਵਾਹਿਗੁਰੂ ਦੇ ਦਰਸ਼ਨ ਹੋਏ। ਕਿ ਉਹ ਦਰਸ਼ਨ ਨੇ ਸਰਗੁਨ ਦੇ? ਸਾਡੇ ਗੁਰੂ ਮਹਾਰਾਜ ਕਹਿੰਦੇ ਕਿ ਉਹਦਾ ਰੂਪ ਨਹੀਂ ਹੈ ਇਹ? ਫੇਰ ਦਰਸ਼ਨ ਕਿਹੜੀ ਚੀਜ਼ ਦੇ ਹੋਏ, ਕੀਹਨੂੰ ਦਰਸ਼ਨ ਹੁੰਦੇ ਨੇ? ਇਹ ਵੀ ਬੜੀ ਗੋਰਖਧੰਦੇ ਦੀ ਗੱਲ ਹੈ। ਮਹਾਰਾਜ ਕਹਿੰਦੇ ਕਿ ਪਿਆਰਿਆ! ਜਿਹੜਾ ਵਾਹਿਗੁਰੂ ਹੈ ਜੇ ਤੂੰ ਅੱਖਾਂ ਨਾਲ ਦੇਖਣਾ ਹੈ ਉਹ ਸਾਰਾ ਜਿੰਨਾਂ ਕੁਛ ਤੈਨੂੰ ਦਿਸਦਾ ਹੈ, ਜੋ ਕੁਛ ਵੀ ਤੂੰ ਦੇਖਦਾ ਹੈਂ। ਇਹ ਉਹਦਾ ਰੂਪ ਹੈ, ਜੇ ਤੂੰ ਇਕੱਲਾ-ਇਕੱਲਾ ਦੇਖੇਂਗਾ, ਫੇਰ ਨਹੀਂ ਹੈ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਅਸੀਂ ਉਹ ਦਰਖਤ ਦੇਖਦੇ ਹਾਂ। ਮੈਂ ਕਹਿੰਦਾ ਹਾਂ ਕਿ ਦਰਖਤ ਨੂੰ ਹੱਥ ਲਾ। ਉਹਨੇ ਜਾ ਕੇ ਹੱਥ ਲਾਇਆ ਮੈਂ ਕਿਹਾ ਇਹ ਤਾਂ ਪੱਤਾ ਹੈ। ਉਹਨੇ ਟਾਹਣੀ ਨੂੰ ਹੱਥ ਲਾ ਦਿੱਤਾ, ਮੈਂ ਕਿਹਾ ਟਾਹਣੀ ਹੈ। ਉਹਨੇ ਤਣੇ ਨੂੰ ਹੱਥ ਲਾ ਦਿੱਤਾ ਮੈਂ ਕਿਹਾ ਤਣਾ ਹੈ। ਉਹਨੇ ਜੜ੍ਹਾਂ ਨੂੰ ਹੱਥ ਲਾ ਦਿੱਤਾ, ਮੈਂ ਕਿਹਾ ਜੜ੍ਹਾਂ ਨੇ। ਫੇਰ ਕਹਿੰਦਾ, ਦਰਖਤ ਕਿਹੜਾ ਹੋਇਆ ਫੇਰ? ਮੈਂ ਕਿਹਾ ਇਹ ਤਾਂ ਤੈਨੂੰ ਮੈਂ ਪੁੱਛਦਾ ਹਾਂ ਕਿ ਦਰਖਤ ਕਿਹੜਾ ਹੈ? ਦਰਖਤ ਨੂੰ ਹੱਥ ਲਾ।

ਉਹ ਕਹਿੰਦਾ, ਮੈਂ ਹੱਥ ਲਾਉਂਦਾ ਹਾਂ ਤੁਸੀਂ ਮੰਨਦੇ ਹੀ ਨਹੀਂ।

ਕਿਤੇ ਪੱਤਾ ਕਹਿ ਦਿੰਦੇ ਓਂ, ਕਿਤੇ ਟਾਹਣੀ ਕਹਿ ਦਿੰਦੇ ਓਂ। ਮੈਂ ਕਿਹਾ ਹੈ ਨਹੀਂ ਪੱਤਾ? ਕਹਿੰਦਾ, ਹੈਗਾ? ਟਾਹਣੀ ਨੂੰ ਹੱਥ ਨਹੀਂ ਲਾਇਆ? ਕਹਿੰਦਾ, ਲਾਇਆ ਹੈ। ਤਣੇ ਨੂੰ ਹੱਥ ਨਹੀਂ ਲਾਇਆ? ਕਹਿੰਦਾ ਲਾਇਆ ਹੈ। ਫੇਰ ਤੂੰ ਦਰਖਤ ਨੂੰ ਤਾਂ ਲਾਇਆ ਹੀ ਨਹੀਂ, ਹੁਣ ਇੱਥੇ ਸਵਾਲ ਆਉਂਦਾ ਹੈ ਕਿ ਦਰਖਤ ਕੀ ਹੋਇਆ? ਕਹਿੰਦਾ, ਮੈਨੂੰ ਦਰਖਤ ਤਾਂ

ਦਿਖਾਓ। ਮੈਂ ਕਿਹਾ ਉਰ੍ਹੇ ਹੱਟ। ਮੈਂ ਕਿਹਾ, ਆਹ ਜਿਹੜਾ ਸਾਮ੍ਹਣੇ ਹੈ ਇਹ ਦਰਖਤ ਹੈ। ਕਹਿੰਦਾ, ਇਹਨੂੰ ਮੈਂ ਹੱਥ ਲਾਇਆ ਸੀ। ਮੈਂ ਕਿਹਾ, ਪੱਤੇ ਨੂੰ ਲਾਇਆ ਸੀ, ਟਾਹਣੀ ਨੂੰ ਲਾਇਆ ਸੀ। ਦਰਖਤ ਨੂੰ ਤੂੰ ਹੱਥ ਨਹੀਂ ਲਾ ਸਕਦਾ। ਇਹ ਜਿਹੜਾ ਸਾਰਾ ਹੀ ਸੰਸਾਰ ਹੈ ਜਿੰਨਾਂ ਵੀ ਤੁਸੀਂ ਦੇਖਦੇ ਓਂ, ਇਹ ਕੁੱਲ ਕਹਾਉਂਦਾ ਹੈ। ਇਹ ਕੁੱਲ ਜਿਹੜਾ ਇਹਦਾ ਹੈ ਇਹ ਪ੍ਰਮੇਸ਼ਰ ਹੈ। ਜੇ ਤਾਂ ਦ੍ਰਿਸ਼ਟੀ ਇੱਥੇ ਪਹੁੰਚ ਗਈ। ਫੇਰ ਉਹਦੇ 'ਚ ਕੀ ਹੁੰਦਾ ਹੈ ਉਹ ਆਪ ਹੀ ਪ੍ਰਮੇਸ਼ਰ ਹੈ। ਫੇਰ ਤਾਂ ਉਹਦਾ ਸੰਸਾ ਖਤਮ ਹੋ ਗਿਆ। ਦਰਸ਼ਨ ਹੋ ਗਏ। ਦਰਸ਼ਨ ਹੁੰਦੇ ਨੇ ਬੁੱਧੀ ਨੂੰ। ਰੱਬ ਨੂੰ ਰੱਬ ਦੇ ਦਰਸ਼ਨ ਨਹੀਂ ਹੁੰਦੇ। ਮੈਨੂੰ ਮੇਰੇ ਦਰਸ਼ਨ ਨਹੀਂ ਹੁੰਦੇ। ਮੇਰੀ ਬੁੱਧੀ ਨੂੰ ਹੁੰਦੇ ਨੇ। ਬੁੱਧੀ ਜਿਹੜੀ ਹੈ ਉਹ ਦੂਸਰੇ ਨੰਬਰ 'ਤੇ ਹੈ। ਬੁੱਧੀ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਹਾਂ ਦਰਸ਼ਨ ਹੋ ਗਏ ਰੱਬ ਦੇ–

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***

***ਅੰਗ – 922***

ਮਹਾਰਾਜ ਕਹਿੰਦੇ, ਇਹ ਸਾਰਾ ਹੀ ਹਰੀ ਦਾ ਰੂਪ ਹੈ। ਲੇਕਿਨ ਇਹ ਦਿੱਬਯ ਦ੍ਰਿਸ਼ਟ ਤੋਂ ਬਗੈਰ ਨਹੀਂ ਦਿਸਦਾ। ਇਹ ਅੰਨ੍ਹੀਆਂ ਅੱਖਾਂ ਨੇ ਸਾਡੇ ਕੋਲ –

***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥*** ***ਅੰਗ – 922***

ਦਿਬਯ ਦ੍ਰਿਸ਼ਟੀ ਤਾਂ ਹੁੰਦੀ ਹੈ ਜੇ ਸਤਿਗੁਰੂ ਕ੍ਰਿਪਾ ਕਰ ਦਏ। ਉਸ ਤੋਂ ਬਾਅਦ ਪ੍ਰਮੇਸ਼ਰ ਤੋਂ ਬਗੈਰ ਇੱਥੇ ਦਿਖਣ ਤੋਂ ਕੁਛ ਰਹਿੰਦਾ ਹੀ ਨਹੀਂ ਹੈ। ਉਹ ਕਹਿੰਦੇ, ਪ੍ਰੇਮੀਆਂ! ਇੱਕ ਤਾਂ ਇਹ ਦਰਸ਼ਨ ਹੈ ਇਹ ਤਾਂ ਤੂੰ ਮੰਨਣੇ ਨਹੀਂ। ਤੂੰ ਕਹਿਣਾ ਹੈ ਜੀ, ਫਲਾਣਾ ਮੇਰਾ ਦੁਸ਼ਮਣ ਹੈ, ਫਲਾਣਾ ਮੇਰਾ ਮਿੱਤਰ ਹੈ, ਉਹ ਮੇਰਾ ਬੱਚਾ ਹੈ, ਉਹ ਫਲਾਣੇ ਦਾ ਹੈ; ਇਹਦੇ 'ਚ ਤਾਂ ਤੇਰਾ ਯਕੀਨ ਨਹੀਂ ਆਉਣਾ। ਇਹਨੂੰ ਵਿਰਾਟ ਨੂੰ ਦੇਖਣ ਵਾਲਾ ਕੋਈ-ਕੋਈ ਹੁੰਦਾ ਹੈ। ਸਾਰਾ ਨਹੀਂ ਦੇਖ ਸਕਦਾ। ਦੂਜਾ ਜਿਹੜਾ ਤੈਨੂੰ ਮਹਿਸੂਸ ਹੋਈ ਹੈ ਨਾ ਪੀੜਾ, ਏਸੇ ਤਰ੍ਹਾਂ ਵਾਹਿਗੁਰੂ ਦੀ ਹੋਂਦ ਮਹਿਸੂਸ ਹੁੰਦੀ ਹੈ, ਉਹ ਅੱਖਾਂ ਦੇ ਸਾਮ੍ਹਣੇ ਆ ਕੇ ਦਰਸ਼ਨ ਨਹੀਂ ਹੋਇਆ ਕਰਦਾ। ਕਿਉਂਕਿ ਤੂੰ ਆਪ ਹੀ ਪ੍ਰਮੇਸ਼ਰ ਹੈਂ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।***

ਗੁਰੂ ਨਾਨਕ ਪਾਤਸ਼ਾਹ ਨੇ ਪਹਿਲਾ ਹੀ ਗੁਰੂ ਗ੍ਰੰਥ ਸਾਹਿਬ ਦਾ ਜਿੱਥੋਂ ਅਸੀਂ ਸ਼ੁਰੂ ਕਰਿਆ, ਉਥੇ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*** ***ਅੰਗ - 1***

ਬਈ ਪਹਿਲਾਂ ਵੀ ਵਾਹਿਗੁਰੂ ਸੀ, ਫੇਰ ਜਦੋਂ ਸਮਾਂ ਹੋਇਆ, ਇੱਥੇ ਇੱਕ ਬਚਨ ਹੈ 'ਆਦਿ ਸਚੁ' ਇੱਥੇ ਇੱਕ ਭੁਲੇਖਾ ਪੈਂਦਾ ਹੈ ਸਾਧਸੰਗਤ ਜੀ ਕਿ ਆਦਿ ਤੋਂ ਪਹਿਲਾਂ ਕੀ ਸੀਗਾ। ਗੁਰੂ ਸਾਹਿਬ ਨੇ ਆਦਿ ਸਚੁ ਹੀ ਕਿਹਾ ਹੈ ਨਾ। ਇਸ ਤੋਂ ਪਹਿਲਾਂ ਅਨਾਦਿ ਜਿਹਦਾ ਆਦਿ ਹੀ ਨਹੀਂ ਹੈ। ਉਹ ਮਹਾਰਾਜ ਨੇ ਸਾਨੂੰ ਸਮਝਾਉਣ ਵਾਸਤੇ ਕਿਹਾ ਹੈ ਕਿ ਜਦੋਂ ਆਦਿ ਹੋਇਆ ਸ੍ਰਿਸ਼ਟੀ ਦਾ ਉਹ ਵਾਹਿਗੁਰੂ ਹੀ ਸੀਗਾ। ਉਸ ਤੋਂ ਪਹਿਲਾਂ ਕੀ ਸੀ, ਪਹਿਲਾਂ ਉਹ ਆਪ ਹੀ ਸੀ। ਆਦਿ ਤੋਂ ਰਹਿਤ ਹੈ।

***ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥***
***ਅੰਗ - 7***

ਜਦੋਂ ਆਦਿ ਹੋਇਆ, ਜਿਹਨੂੰ ਅਸੀਂ ਆਦਿ ਕਹਿੰਦੇ ਹਾਂ ਕਿ ਸੰਸਾਰ ਰਚਣ ਲੱਗੇ ਨੇ ਕਿ ਹੁਣ ਆਦਿ ਹੈ, ਉਹਦੇ ਵਿੱਚ ਵੀ ਉਹ ਆਪ ਹੀ ਸੀ। ਇੱਥੇ ਹੁਣ ਇੱਕ ਸੰਸਾ ਪੈਂਦਾ ਹੈ। ਸੰਸੇ ਦੇ ਵਿੱਚ ਸੁੱਤੇ ਦੀ ਸਾਰੀ ਜ਼ਿੰਦਗੀ ਲੰਘ ਗਈ -

***ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥***
***ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥***
***ਅੰਗ - 36***

ਸੰਸੇ ਦਾ ਸਾਨੂੰ ਰੋਗ ਲੱਗਿਆ ਹੋਇਆ ਹੈ। ਇਸ ਚੀਜ਼ ਨੂੰ ਉਹ ਅਸੀਂ ਨਹੀਂ ਮੰਨਦੇ । ਉਹ ਸੰਸੇ ਕਰਕੇ ਸਾਨੂੰ ਦ੍ਵੈਤ ਪੈਦਾ ਹੁੰਦੀ ਹੈ। ਮਹਾਰਾਜ ਕਹਿੰਦੇ, ਸੰਸੇ 'ਚ ਕਿਉਂ ਪੈਂਦਾ ਹੈਂ ਵਾਹਿਗੁਰੂ ਸੀਗਾ ਪਹਿਲਾਂ ਵੀ, ਅਨਾਦਿ ਵਿੱਚ ਵੀ ਓਹੀ ਸੀਗਾ, ਜਦੋਂ ਆਦਿ ਹੋਇਆ, ਜਿੱਥੇ ਸਾਨੂੰ ਦੱਸਿਆ ਹੈ ਕਿ ਆਦਿ ਸਚੁ ਹੈ। ਹੁਣ ਜੁਗਾਦਿ ਸਚੁ ਇੱਥੇ ਸੰਸਾ ਪੈ ਗਿਆ। ਬਈ time & space (ਸਮਾਂ ਅਤੇ ਸਪੇਸ) ਦੋ ਚੀਜ਼ਾਂ ਬਣੀਆਂ। ਵਾਹਿਗੁਰੂ ਹੋਰ ਚੀਜ਼ ਹੈ, time & space (ਸਮਾਂ ਅਤੇ ਸਪੇਸ) ਹੋਰ ਚੀਜ਼ ਹੈ। 'ਹੈ ਭੀ ਸਚੁ' ਕਹਿੰਦੇ ਹੁਣ ਵੀ ਸਚੁ ਹੈ। ਅਸੀਂ ਕਹਿੰਦੇ ਹਾਂ ਕਿ ਹੁਣ ਸਚੁ ਬਿਲਕੁਲ ਨਹੀਂ, ਸਾਰਾ ਵਾਹਿਗੁਰੂ ਨਹੀਂ, ਆਹ ਕੋਠੀਆਂ ਨੇ, ਆਹ ਬੰਦੇ ਨੇ, ਆਹ ਚੰਗੇ ਨੇ, ਆਹ ਮੰਦੇ ਨੇ, ਯੁੱਧ ਹੁੰਦੇ ਆਏ ਨੇ ਕੋਈ ਦੁਸ਼ਟ ਹੈ, ਕੋਈ ਦੈਂਤ ਹੈ, ਮਹਾਰਾਜ ਕਹਿੰਦੇ ਨਹੀਂ ਪਿਆਰਿਆ! ਇਸ ਗੱਲ 'ਚੋਂ ਤੈਨੂੰ ਉਪਰ ਜਾਣਾ ਪੈਣਾ ਹੈ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***
***ਅੰਗ - 610***

ਇਹ ਸੰਸਾ ਪੈ ਗਿਆ ਸਾਨੂੰ ਇਹ ਹੱਟ ਨਹੀਂ ਸਕਦਾ, ਜ਼ੋਰ ਲਾ ਲਓ ਜਿੰਨਾਂ ਲਗਦਾ ਹੈ। ਨਹੀਂ ਮੰਨਦੇ ਅਸੀਂ। ਮਹਾਰਾਜ ਕਹਿੰਦੇ -

***.........ਨਾਨਕ ਹੋਸੀ ਭੀ ਸਚੁ ॥*** ***ਅੰਗ - 1***

ਜਦੋਂ ਕੁਛ ਨਹੀਂ ਹੋਣਾ ਫੇਰ ਵੀ ਉਹ ਆਪ ਹੀ ਹੋਣਾ ਹੈ ਹੁਣ ਇਹਦੇ ਵਿੱਚ ਉਲਝੇ ਕੌਣ ਨੇ? ਭਾਈ ਗੁਰਦਾਸ ਜੀ ਨੇ ਲਿਖਿਆ ਹੈ –

***ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ।***

ਉਨ੍ਹਾਂ ਨੇ ਅੱਖਰ 'ਧੁੰਦ' ਵਰਤਿਆ ਹੈ, ਹਨ੍ਹੇਰਾ ਨਹੀਂ ਵਰਤਿਆ। ਹਨ੍ਹੇਰਾ ਤਾਂ ਸੁਖਾਲਾ ਹੀ ਹੈ ਦੂਰ ਕਰਨਾ, ਦੀਵਾ ਜਾਲ ਦਿਓ, ਮੋਮਬੱਤੀ ਜਾਲ ਦਿਓ ਦੂਰ ਤੱਕ ਚਾਨਣ ਹੋ ਜਾਂਦਾ ਹੈ। ਧੁੰਦ ਨੂੰ ਕਿੱਡਾ ਹੀ ਬਲਬ ਹਜ਼ਾਰ ਵਾਟ ਦਾ ਲਿਆਓ, ਜਿੰਨਾ ਚਾਨਣਾ ਜ਼ਿਆਦਾ ਪਾਓਂਗੇ, ਓਨਾਂ ਹਨ੍ਹੇਰਾ ਜ਼ਿਆਦਾ ਹੋ ਜਾਏਗਾ ਉਹਦੇ 'ਚ।

ਉਹ ਧੁੰਦ ਆਪ ਹੀ ਚਮਕੀ ਜਾਂਦੀ ਹੈ ਅਗਾਂਹਾਂ ਦੇਖਣ ਹੀ ਨਹੀਂ ਦਿੰਦੀ ਕੁਛ। ਸੋ ਉਹ ਧੁੰਦ ਕਿਹੜੀ ਸੀ ਜਿਹੜੀ ਸਾਡੇ ਮਨਾਂ 'ਚ ਪਈ ਹੋਈ? ਗੁਰੂ ਨਾਨਕ ਨੇ ਆ ਕੇ ਕਿਹੜੀ ਧੁੰਦ ਕੱਢੀ। ਗੁਰੂ ਨਾਨਕ ਨੇ ਆ ਕੇ ਪਹਿਲਾਂ ਹੀ ਦੱਸ ਦਿੱਤਾ ਕਿ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*** ***ਅੰਗ – 1***

ਵੱਡੇ-ਵੱਡੇ ਸਿਆਣੇ ਜਿਹੜੇ ਹੋਏ, ਛੇ ਸਾਸ਼ਤਰ ਨੇ, ਜਿਹੜੇ ਇਹਦੇ ਵਿੱਚ ਸਾਡੇ ਬਜ਼ੁਰਗ ਆਰੀਅਨ ਜਿਹੜੇ ਸੀ ਉਹ ਫਸੇ ਰਹੇ। ਉਹ ਤਾਂ ਫਸੇ ਰਹੇ ਕਿ ਉਨ੍ਹਾਂ ਨੂੰ ਏਸ ਗੱਲ ਦੀ ਸਮਝ ਨਾ ਆਈ ਕਿ ਰੱਬ ਜੇ ਹੈਗਾ ਸਾਰੇ ਤਾਂ ਦੁੱਖ ਕਿੱਥੋਂ ਆ ਗਿਆ। ਰੱਬ ਤਾਂ ਸਤਿ ਚਿੱਤ ਅਨੰਦ ਹੈ ਉਹਦੇ ਦੁੱਖ ਦਾ ਨਾਮ ਨਿਸ਼ਾਨ ਹੀ ਨਹੀਂ ਹੈ। ਫੇਰ ਆ ਦੁੱਖ ਕਿੱਥੋਂ ਆ ਗਿਆ। ਵੈਰ ਕਿੱਥੋਂ ਆ ਗਿਆ, ਨਫਰਤ ਕਿੱਥੋਂ ਆ ਗਈ। ਮਾੜੇ ਕੰਮ ਕਿੱਥੋਂ ਆ ਗਏ? ਸੋਚ-ਸੋਚ ਕੇ ਉਨ੍ਹਾਂ ਨੇ ਕਿਹਾ ਕਿ ਇੱਥੇ ਤੱਤ ਇੱਕ ਹੋਰ ਹੈ, ਜ਼ਰੂਰ ਹੈ ਇੱਕ ਤੱਤ। ਉਨ੍ਹਾਂ ਨੇ ਕਿਹਾ ਕਿ ਉਹ ਤੱਤ ਹੈ ਪ੍ਰਾਕ੍ਰਿਤੀ। matter ਕਹਿ ਲਓ, ਪ੍ਰਕ੍ਰਿਤੀ ਕਹਿ ਲਓ, ਮਾਇਆ ਕਹਿ ਲਓ, ਕੁਛ ਕਹਿ ਲਓ ਕਿ ਰੱਬ ਤੋਂ ਬਗੈਰ ਇੱਕ ਤੱਤ ਹੋਰ ਹੈ ਇਹਦਾ। ਉਹ ਤੱਤ ਜਿਹੜਾ ਹੈ ਛਿਨ ਭੰਗਰ ਹੈ। ਬਦਲਦਾ ਹੈ, ਅੱਖ ਦੇ ਝਮਕਣ ਜਿੰਨੇ ਚਿਰ 'ਚ ਜਾਂ ਸੈਕਿੰਡ ਦੇ ਕਰੋੜਵੇਂ ਹਿੱਸੇ 'ਚ ਬਦਲੀ ਕਰ ਰਿਹਾ ਹੈ। ਕੋਈ ਚੀਜ਼ ਟਿਕੀ ਹੋਈ ਨਹੀਂ। ਆਹ ਬਾਂਸ ਖੜ੍ਹਾ ਹੈ, ਇਹਦੇ 'ਚ ਤਬਦੀਲੀ ਫਟਾਫਟ ਹੋ ਰਹੀ ਹੈ। ਅਸੀਂ ਹਾਂ ਸਾਡੇ 'ਚ ਤਬਦੀਲੀ ਹੋ ਰਹੀ ਹੈ –

***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥***
***ਅੰਗ – 726***

ਇਸ ਤਰ੍ਹਾਂ ਦੇ ਨਾਲ ਕਿ ਜਿਹਦੇ 'ਚ ਤਬਦੀਲੀ ਹੋ ਰਹੀ ਹੈ ਇਹਦੇ 'ਚ ਦੁੱਖ ਵੀ ਹੈ, ਇਹਦੇ ਵਿੱਚ ਘਾਟਾ ਵੀ ਹੈ। ਉਹ ਕਹਿੰਦੇ, ਉਹ ਹੈ ਪ੍ਰਕ੍ਰਿਤੀ। ਹੁਣ ਦੋ ਬਣ ਗਏ, ਇੱਕ ਮਾਇਆ ਬਣ ਗਈ, ਇੱਕ ਪ੍ਰਕ੍ਰਿਤੀ ਬਣ ਗਈ।

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ..........॥***
***ਅੰਗ – 877***

ਸਹਿਜ ਸੁਭਾਅ ਸੰਤ ਕਹਿ ਜਾਂਦੇ ਨੇ ਇੱਕ ਹੈ ਮਾਇਆ, ਇੱਕ ਹੈ ਵਾਹਿਗੁਰੂ। ਉਹ ਮਾਇਆ ਨੂੰ ਕਹਿੰਦੇ ਅਨਾਦੀ ਹੈ। ਇਹ ਪਹਿਲਾਂ ਤੋਂ ਤੁਰੀ ਆਉਂਦੀ ਹੈ ਇਹ ਖਿਆਲ ਜਿਹੜਾ ਹੈ, ਉਹ ਸ਼ਾਸਤਰਾਂ ਦਾ ਹੈ ਕਿ ਮਾਇਆ ਅਨਾਦੀ ਹੈ, ਇਹਦਾ ਵੀ ਆਦਿ ਨਹੀਂ ਵਾਹਿਗੁਰੂ ਦਾ ਵੀ ਆਦਿ ਨਹੀਂ।

ਮਹਾਰਾਜ ਕਹਿੰਦੇ, ਮਾਇਆ ਵਗੈਰਾ ਆਦਿ ਨਹੀਂ ਹੈ, ਉਹਨੇ ਆਪ ਹੀ ਆਪਣੀ ਮਾਇਆ ਪਸਾਰੀ ਹੈ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥***

***ਅੰਗ - 537***

ਦੂਜਾ ਤੱਤ ਤੁਸੀਂ ਕਿਉਂ ਲਿਆਉਂਦੇ ਓਂ। ਉਹ ਜਿਹੜਾ ਪ੍ਰਕ੍ਰਿਤੀ ਦਾ ਤੱਤ ਵਿਚ ਲਿਆ ਰਹੇ ਨੇ, ਉਹ ਧੁੰਦ ਹੈ, ਸਾਡੇ ਮਨਾਂ 'ਚ ਪੈ ਗਈ ਧੁੰਦ। ਮੰਨਦੇ ਹੀ ਨਹੀਂ ਅਸੀਂ। ਅਸੀਂ ਵੀ ਨਹੀਂ ਮੰਨਦੇ। ਅਸੀਂ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਹਾਂ ਅਸੀਂ ਬਿਲਕੁਲ ਨਹੀਂ ਮੰਨਣ ਨੂੰ ਤਿਆਰ ਕਿ ਇੱਥੇ ਹੋਰ ਕੁਛ ਨਹੀਂ ਹੈ, ਵਾਹਿਗੁਰੂ, ਅਸੀਂ ਕਹਿੰਦੇ ਹਾਂ ਕਿ ਸਭ ਕੁਛ ਹੈਗਾ। ਉਹ ਜਿਹੜਾ ਸਭ ਕੁਛ ਹੈਗਾ ਮੰਨਦੇ ਹਾਂ ਨਾ ਸਾਧਸੰਗਤ ਜੀ! ਇਹਨੂੰ ਸੰਸਾ ਕਹਿੰਦੇ ਨੇ -

***ਸੰਸਾ ਇਹੁ ਸੰਸਾਰੁ ਹੈ ..............॥*** ***ਅੰਗ - 36***

ਸੰਸਾਰ ਜਿਹਨੂੰ ਕਹਿੰਦੇ ਨੇ ਇਹ ਬਣਿਆ ਹੀ ਸੰਸੇ ਤੋਂ ਹੈ। ਵਾਸਤਵ ਵਿੱਚ ਤਾਂ ਇਹ ਵਾਹਿਗੁਰੂ ਹੈ। ਸੰਸਾਰ ਨਹੀਂ ਹੈ। ਸੰਸੇ ਕਰਕੇ ਸੰਸਾਰ ਨਜ਼ਰ ਆਉਣ ਲੱਗ ਗਿਆ। ਇਹਦੀ ਜਿਹੜੀ development (ਵਿਕਾਸ) ਹੋਈ ਕਿ ਕਿਵੇਂ ਆਦਮੀ ਦੇ mind (ਮਨ) ਦੇ ਵਿੱਚ ਜਾ ਕੇ ਇਹ ਖਿਆਲ ਕਰਿਆ, ਉਹ ਵੀ ਮਾਇਆ ਵਾਹਿਗੁਰੂ ਨੇ ਪਸਾਰੀ, ਮਾਇਆ ਦੀ ਜਿਹੜੀ ਸ਼ਕਤੀ ਹੈ ਉਹ ਪ੍ਰਮੇਸ਼ਰ ਦੀ ਸ਼ਕਤੀ ਨੂੰ ਪ੍ਰਮੇਸ਼ਰ ਨਾਲੋਂ ਅੱਡ ਕਰ ਦਿੰਦੀ ਹੈ। ਜਿਵੇਂ ਪਾਣੀ ਦੇ ਵਿੱਚ ਬੁਲਬਲਾ ਹੈ, ਬੁਲਬਲੇ ਦੇ ਅੰਦਰ ਜਿਹੜੀ ਹਵਾ ਹੈ, ਪਾਣੀ ਘਿਰਿਆ ਹੋਇਆ ਹੈ। ਉਹਨੂੰ ਦੂਜੇ ਪਾਣੀ ਨਾਲੋਂ ਅੱਡ ਕਰ ਦਿੱਤਾ। ਐਸੇ ਤਰ੍ਹਾਂ ਦੇ ਨਾਲ ਚੇਤਨ ਜਗਤ ਦੇ ਅੰਦਰ ਜਿਹੜੀ ਹਉਮੈ ਹੈ। ਉਸ ਹਉਮੈ ਨੇ ਸਾਨੂੰ ਸਾਰਿਆਂ ਨੂੰ ਪ੍ਰਮੇਸ਼ਰ ਨਾਲੋਂ ਵੱਖਰਾ ਕਰ ਦਿੱਤਾ। ਵੱਖਰਾ ਹੋਇਆ ਤਾਂ ਇਹ ਸੰਸਾ ਪੈ ਗਿਆ। ਹੁਣ ਇਹ ਸੰਸਾ ਟੁੱਟਦਾ ਨਹੀਂ। ਉਹ ਟੁੱਟਿਆ ਕਦੋਂ -

***ਉਤਰਿ ਗਇਓ ਮੇਰੇ ਮਨ ਕਾ ਸੰਸਾ***
***ਜਬ ਤੇ ਦਰਸਨੁ ਪਾਇਆ ॥*** ***ਅੰਗ - 1218***

ਜਦੋਂ ਦਰਸ਼ਨ ਹੋਏ ਤਾਂ ਸੰਸਾ ਉਤਰਿਆ ਨਹੀਂ ਤਾਂ ਉਤਰਿਆ ਹੀ ਨਹੀਂ ਕਰਦਾ। ਸ਼ੰਕਾ ਪੈ ਗਿਆ, ਰਾਤ ਨੂੰ ਅਸੀਂ ਦੇਖ ਲਿਆ ਮਟਕ ਚਾਨਣੇ 'ਚ ਮੰਜੇ ਦੇ ਕੋਲ ਰੱਸੀ ਪਈ ਹੈ ਵਲ ਖਾਧੇ ਹੋਏ। ਹੁਣ ਸੰਸਾ ਕੀ ਪਿਆ ਕਿ ਸੱਪ ਪਿਆ ਹੈ। ਸਾਰੀ ਰਾਤ ਦੁਖੀ ਹੋਈ ਗਏ, ਨਾ ਥੱਲੇ ਪੈਰ ਕਰਦੇ ਹਾਂ, ਨਾ ਉੱਠ ਕੇ ਜਾਂਦੇ ਹਾਂ, ਉਥੇ ਹੀ ਬੈਠੇ ਹਾਂ, ਨੀਂਦ ਵੀ ਨਹੀਂ

ਆ ਰਹੀ। ਇਸ ਚੀਜ਼ ਦਾ ਕਿੰਨਾ ਦੁੱਖ ਪੈਦਾ ਹੋਇਆ। ਪਰ ਜਦੋਂ ਚਾਨਣਾ ਹੋਇਆ ਉਸ ਵੇਲੇ ਸਾਨੂੰ ਪਤਾ ਲੱਗਿਆ ਕਿ ਮੈਂ ਤਾਂ ਐਵੇਂ ਹੀ ਡਰਦਾ ਰਿਹਾ, ਇਹ ਤਾਂ ਰੱਸੀ ਸੀ। ਉਹ ਜਿਹੜਾ ਰੱਸੀ ਦਾ ਸੱਪ ਸਾਨੂੰ ਨਜ਼ਰ ਆਉਂਦਾ ਰਿਹਾ, ਇਹਨੂੰ ਸੰਸਾ ਕਹਿੰਦੇ ਨੇ। ਮਹਾਰਾਜ ਕਹਿੰਦੇ, ਇਨ੍ਹਾਂ ਸੰਸਿਆਂ ਕਰਕੇ ਹੀ ਸੰਸਾਰ ਬਣ ਗਿਆ, ਸੀਗਾ ਵਾਹਿਗੁਰੂ। 'ਸੰਸਾ ਇਹੁ ਸੰਸਾਰੁ ਹੈ' ਇਹਦੇ 'ਚ ਕੀ ਹੈ। ਅਸੀਂ ਸੌਂ ਗਏ, ਨੀਂਦ ਆ ਗਈ ਸਾਨੂੰ, ਅਸਲੀ ਤੱਤ ਨੂੰ ਛੱਡ ਦਿੱਤਾ ਤੇ ਨਕਲੀ ਦੇ ਵਿੱਚ ਅਸੀਂ ਸੌਂ ਗਏ। ਹੋਇਆ ਕੀ ਕਹਿੰਦੇ, 'ਸੁਤਿਆ ਰੈਣਿ ਵਿਹਾਣੀ' ਉਮਰ ਲੰਘ ਗਈ ਤੁਹਾਡੀ ਸਾਰਿਆਂ ਦੀ, ਆਪਣੀ ਵੀ ਮੇਰੀ ਵੀ ਲੰਘ ਗਈ। ਦੂਜਿਆਂ ਦੀ ਵੀ ਲੰਘਦੀ ਜਾ ਰਹੀ ਹੈ। ਰੋਜ਼ ਸਤਿਸੰਗ ਸੁਣਦੇ ਹਾਂ, ਸੰਸਾ ਨਹੀਂ ਟੁੱਟਦਾ। ਹੁਣ ਸੰਸਾ ਕਿਵੇਂ ਟੁੱਟਿਆ ਜਾਵੇ। ਸਵਾਲ ਇਹ ਹੁੰਦਾ ਹੈ ਕਿ ਸੰਸਾ ਜਾਵੇ ਕਿਵੇਂ? ਉਹ ਸੰਸਾ ਜਾਣ ਦਾ ਹੀ ਸਾਧਨ ਸਤਿਸੰਗ ਹੈ। ਹੌਲੀ-ਹੌਲੀ, ਇਹ mind ਇਹੋ ਜਿਹਾ ਹੈ ਕਿ ਜਿਹੜੇ ਖਿਆਲ ਇਹਦੇ ਵਿੱਚ ਪੱਕ ਗਏ ਉਹਨੂੰ ਬਦਲਾਉਣ ਵਾਸਤੇ ਇਹ ਤਿਆਰ ਨਹੀਂ ਹੁੰਦਾ। ਹੁਣ ਮਹਾਰਾਜ ਕਹਿੰਦੇ ਇਸ ਤਰ੍ਹਾਂ ਤਾਂ ਨਹੀਂ ਬਣਨਾ ਇਹਨੂੰ ਤੁਸੀਂ ਹੁਣ ਸੰਸਾ ਨਾ ਕਹੋ, ਹਉਮੈ ਕਹਿਣ ਲੱਗ ਜਾਓ। ਗੱਲ ਇੱਕੋ ਹੀ ਹੈ, ਹਉਮੈ ਹੋਈ ਕਿ ਸੰਸਾ ਹੋਇਆ। ਉਹ ਹਉਮੈ ਐਸੀ ਮਜ਼ਬੂਤ ਹੈ ਕਿ ਇਹ ਆਪੇ ਦਾ ਕਿਲ੍ਹਾ ਹੈ, ਆਪੇ ਦੇ ਦੁਆਲੇ ਇੱਕ ਮਜ਼ਬੂਤ ਕਿਲ੍ਹਾ ਹੈ। ਜਿਵੇਂ ਪਾਣੀ ਤੋਂ ਬੁਲਬਲਾ ਬਣ ਗਿਆ। ਇਸ ਤਰ੍ਹਾਂ ਇਹ ਪਰਮ ਚੇਤਨ ਦੇ ਵਿਚੋਂ ਵੱਖਰਾ ਹੋ ਕੇ ਜੀਵ ਬਣ ਗਿਆ। ਸ਼ਕਤੀ ਦੇ ਨਾਲੋਂ ਜਦੋਂ ਟੁੱਟ ਗਿਆ, ਉਹ ਸ਼ਕਤੀ ਇਹਦੇ ਵਿੱਚ ਰਹੀ ਨਾ ਜੀਵ ਦੀ ਸ਼ਕਤੀ ਹੋ ਗਈ। ਇਹ ਜੀਵ ਨੂੰ ਅਨੰਦ ਨੇ ਘੇਰ ਲਿਆ। ਅਨੰਦ 'ਚ ਇਹ ਮਸਤ ਹੋ ਗਿਆ, ਅਨੰਦ ਕਿੰਨੇ ਕਿਸਮ ਦੇ ਨੇ। ਉਹ ਮਸਤ ਹੋਇਆ ਥੱਲੇ ਉਤਰ ਗਿਆ, ਥੱਲੇ ਉਤਰ ਕੇ ਇਹ ਹੇਠਲੀ ਪਉੜੀ 'ਤੇ ਆ ਗਿਆ, ਅਕਲ ਦੇ ਵਿੱਚ ਆ ਗਿਆ ਇਹਨੂੰ 'ਵਿਗਿਆਨਮਯ ਕੋਸ਼' ਕਹਿੰਦੇ ਨੇ, ਪਹਿਲੇ ਨੂੰ ਅਨੰਦ ਮਈ ਕੋਸ਼ ਕਹਿੰਦੇ ਨੇ। ਉਸ ਤੋਂ ਜਦੋਂ ਥੱਲੇ ਉਤਰਿਆ ਮਨ ਦੇ ਮੰਡਲ 'ਚ ਆ ਗਿਆ। ਮਨ ਦੇ ਮੰਡਲ 'ਚੋਂ ਉਤਰਿਆ ਪ੍ਰਾਣਾਂ ਦੇ ਮੰਡਲ 'ਚ ਆ ਗਿਆ, ਪ੍ਰਾਣਾਂ ਦੇ ਮੰਡਲ 'ਚੋਂ ਉਤਰ ਕੇ ਇਹ ਆਹ ਸਰੀਰ ਵਿੱਚ ਆ ਗਿਆ। ਇਹਨੂੰ ਅੰਨਮਈ ਕੋਸ਼ ਕਹਿੰਦੇ ਨੇ, ਸਰੀਰ ਦਾ ਪੜਦਾ ਪੈ ਗਿਆ। ਉਹ ਜਿਹੜੀ ਜੋਤ ਜਗਦੀ ਸੀ। ਉਹ ਨਜ਼ਰ ਨਹੀਂ ਸਾਨੂੰ ਆ ਰਹੀ। ਉਹ ਬੁਝ ਗਈ। ਹੁਣ ਸਾਰੇ ਹੀ ਯਤਨ ਕੀਤੇ ਜਾ ਰਹੇ ਨੇ ਕਿ ਇਹ back to source ਕਿਵੇਂ ਹੋਵੇ -

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ - 1375***

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥***

***ਅੰਗ - 1375***

ਜਿਵੇਂ ਭੱਠ ਦੀ ਸੁਆਹ ਬਣਦੀ ਹੈ। ਇਸ ਤਰ੍ਹਾਂ ਇਹ ਮਾਇਆ ਦੇ ਨਾਲ ਰਲ ਕੇ ਆਪਣਾ ਆਪ ਇਹਦਾ ਗੁਆਚ ਗਿਆ ਤੇ ਹੁਣ ਇਹ ਜੀਵ ਬਣਿਆ ਹੋਇਆ ਜੇ ਤਾਂ ਅਸੀਂ ਜੀਵ ਵੀ ਸਮਝ ਲਈਏ ਕਿ ਮੈਂ ਜੀਵ ਹਾਂ ਤਾਂ ਵੀ ਸਮਝ ਲਓ ਕਿ ਅਸੀਂ ਕਈ ਜਮਾਤਾਂ ਉਪਰ ਚਲੇ ਗਏ। ਅਸੀਂ ਤਾਂ ਥੱਲੇ ਚਲੇ ਗਏ, ਬਿਲਕੁਲ ਹੀ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿੱਤਾ। ਸਰੀਰ ਦੇ ਧਰਮਾਂ ਨੂੰ ਆਪਣੇ ਧਰਮ ਸਮਝਣਾ ਸ਼ੁਰੂ ਕਰ ਦਿੱਤਾ, ਸੰਸਾ ਐਨਾ ਮਜ਼ਬੂਤ ਹੋ ਗਿਆ। ਮਹਾਰਾਜ ਕਹਿੰਦੇ -

***ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥***

***ਅੰਗ - 36***

ਪੰਡਤ ਨੂੰ ਕਿਹਾ ਕਿ ਪੰਡਤ ਜੀ! ਤੈਨੂੰ ਪੀੜ ਮਹਿਸੂਸ ਹੋਈ?

ਕਹਿੰਦੇ, ਹਾਂ।

ਕਹਿੰਦੇ, ਏਵੇਂ ਜਿਵੇਂ ਵਾਹਿਗੁਰੂ ਮਹਿਸੂਸ ਹੁੰਦਾ ਹੈ, ਦੇਖਿਆ ਨਹੀਂ ਜਾਂਦਾ। ਦੂਸਰਾ ਤੂੰ ਕਿਹਾ ਹੈ ਕਿ ਕਰਮ ਕਿਵੇਂ ਕੰਮ ਕਰਦੇ ਨੇ। ਕਹਿੰਦੇ ਮੈਂ ਤੇਰੇ ਰੋੜਾ ਮਾਰਿਆ ਤੂੰ ਮੇਰੇ ਦੋ ਘਸੁੰਨ ਮਾਰ ਦਿੱਤੇ। ਐਸ ਤਰ੍ਹਾਂ ਕਰਮ ਚਲਦੇ ਨੇ।

ਫੇਰ ਕਹਿੰਦਾ ਕਾਮੀ ਨੂੰ ਮੈਂ ਕਿਹਾ ਸੀ ਰੌਰਵ ਨਰਕ ਦਿੰਦੇ ਨੇ। ਉਹ ਵੀ ਗਰਮ, ਉਹ ਵੀ ਗਰਮ।

ਤੂੰ ਵੀ ਮਿੱਟੀ ਹੈਂ, ਤੇਰੇ ਮਿੱਟੀ ਹੀ ਮਾਰੀ ਹੈ। ਤੈਨੂੰ ਦਰਦ ਹੋਇਆ ਕਿ ਨਹੀਂ?

ਇਹਨੂੰ ਸਤਿਸੰਗ ਕਹਿੰਦੇ ਨੇ ਸਾਧਸੰਗਤ ਜੀ। ਸੰਸਾ ਜਿਹੜਾ ਹੈ ਇਹ ਸਮੁੰਦਰ ਵਰਗਾ ਹੈ ਇਹਦੇ ਵਿੱਚ ਜੀਵ ਰੁਲਿਆ ਫਿਰਦਾ ਹੈ, ਗੋਤੇ ਖਾਂਦਾ ਹੈ। ਉਹਦੇ ਨਾਲ ਇਹ ਕਰਮ ਕਰਦਾ ਹੈ, ਕਰਮ ਕਰਕੇ ਕਹਿੰਦਾ ਹੈ ਕਿ ਮੈਂ ਕਰਦਾ ਹਾਂ। ਨੇਕ ਕਰਮ ਨੂੰ ਵੀ ਕਹਿੰਦਾ ਹੈ ਕਿ ਮੈਂ ਕਰਦਾ ਹਾਂ, ਬੁਰੇ ਕਰਮ ਨੂੰ ਜੇ ਨਹੀਂ ਵੀ ਕਹੇਗਾ ਕਿ ਮੈਂ ਕਰਦਾ ਹਾਂ ਤਾਂ ਉਹਨੂੰ ਪਤਾ ਹੈ, ਜਿਹੜਾ ਪੁਲਿਸ ਵਾਲਿਆਂ ਦੇ ਕੋਲ ਮਸ਼ੀਨ ਹੁੰਦੀ ਹੈ ਉਹਦੇ ਮੂਹਰੇ ਖੜ੍ਹਾ ਦਿੰਦੇ ਨੇ ਕਿ ਤੂੰ ਫਲਾਣਾ ਕੰਮ ਕਰਿਆ ਹੈ, ਬੋਲਦਾ ਨਹੀਂ ਹੈ ਸੂਈਆਂ ਹਿੱਲੀ ਜਾਂਦੀਆਂ ਨੇ। ਅੰਦਰੋਂ ਆਵਾਜ਼ ਆਈ ਜਾਂਦੀ ਹੈ ਕਿ ਹਾਂ ਮੈਂ ਕਰਿਆ। ਮੁੱਕਰ ਨਹੀਂ ਸਕਦਾ ਜੇ ਕਹੇ ਕਿ ਮੈਂ ਨਹੀਂ ਕਰਿਆ ਜੀ। ਮੈਂ ਤਾਂ ਕੁਛ ਨਹੀਂ ਕਰਦਾ ਜੀ, ਉਹ ਕਰਦਾ ਹੈ ਜਦੋਂ ਤੱਕ ਇਹਨੂੰ ਗਿਆਨ ਨਹੀਂ ਹੁੰਦਾ ਇਹ ਕਰਤਾ ਹੈ। ਕਰਤਾ ਹੋਣ ਕਰਕੇ ਇਹ ਜੰਮਦਾ ਹੈ ਮਰਦਾ ਹੈ, ਜੂਨਾਂ 'ਚ ਫਿਰਦਾ ਹੈ -

***ਕਈ ਜਨਮ ਭਏ ਕੀਟ ਪਤੰਗਾ ॥***<br>
***ਕਈ ਜਨਮ ਗਜ ਮੀਨ ਕੁਰੰਗਾ ॥***<br>
***ਕਈ ਜਨਮ ਪੰਖੀ ਸਰਪ ਹੋਇਓ ॥***<br>
***ਕਈ ਜਨਮ ਹੈਵਰ ਬ੍ਰਿਖ ਜੋਇਓ ॥*** ***ਅੰਗ - 176***

ਇਹਨੂੰ ਮਹਾਰਾਜ ਜੀ ਕਹਿੰਦੇ ਭਰਮ ਦੀ ਕਾਈ ਲੱਗ ਗਈ। ਕਾਲਸ ਲੱਗ ਗਈ। ਇਹ ਤੂੰ ਹੁਣ ਬਾਹਰ ਰੱਬ ਨੂੰ ਭਾਲਦਾ ਹੈਂ। ਰੱਬ ਬਾਹਰ ਨਹੀਂ ਹੈ। ਰੱਬ ਤੇਰੇ ਅੰਦਰ ਹੀ ਹੈ। ਇਹ ਕਾਈ ਨਹੀਂ ਮਿਟਣੀ ਜਿੰਨੀ ਦੇਰ ਤੱਕ ਤੂੰ ਆਪਾ ਨਹੀਂ ਚੀਨਣਾ, ਆਪਾ ਚੀਨਣ ਦੀ ਸਾਨੂੰ ਜੁਗਤ ਨਹੀਂ ਆਉਂਦੀ। ਨਾਮ ਜਪਣ ਦੀ ਤਾਂ ਆਉਂਦੀ ਨਹੀਂ, ਆਪਾ ਚੀਨਣ ਦੀ ਤਾਂ ਉਸ ਤੋਂ advance stage (ਉਨਤ ਪੜਾਅ) ਹੋਇਆ ਕਰਦੀ ਹੈ।

ਮੈਨੂੰ ਕਹਿਣ ਲੱਗੇ ਇੱਕ ਮਹਾਤਮਾ ਕਿ 'ਆਤਮ ਚੀਨਣ' ਕੀ ਹੁੰਦਾ ਹੈ? ਮੈਂ ਕਿਹਾ ਤੈਨੂੰ ਪਤਾ ਹੀ ਨਹੀਂ? ਕਹਿੰਦਾ, ਮੈਨੂੰ ਤਾਂ ਪਤਾ ਨਹੀਂ ਹੈ, ਮੈਨੂੰ ਦੱਸ ਕੇ ਜਾਓ ਤੁਸੀਂ।

ਸਾਨੂੰ ਨਹੀਂ ਪਤਾ ਕਿ ਆਪਾ ਕਿਵੇਂ ਚੀਨੀਦਾ ਹੈ। ਆਪੇ ਦੀ ਪੜਤਾਲ ਕਿਵੇਂ ਕਰੀਦੀ ਹੈ। who am i?

ਸਭ ਤੋਂ ਪਹਿਲਾਂ ਅਸੀਂ ਕਹਾਂਗੇ ਕਿ ਮੈਂ ਤੇਰੇ ਸਾਮ੍ਹਣੇ ਬੈਠਾ ਹਾਂ?

ਅਸੀਂ ਕਿਹਾ, ਮੰਨ ਲੈਂਦੇ ਹਾਂ ਤੈਨੂੰ। ਤੇਰਾ ਹੈਗਾ ਸਰੀਰ ਇੱਥੋਂ ਤੋਂ ਇਥੋਂ ਤੱਕ। ਇਹੀ ਹੈਂ ਤੂੰ, ਕਹਿੰਦਾ ਹਾਂ ਮੈਂ ਇਹੀ ਹਾਂ।

ਡਾਕਟਰ ਸਵਾਮੀ ਰਾਮ ਤੀਰਥ ਜੀ ਗਏ ਹੋਏ ਸੀ ਅਮਰੀਕਾ ਕੈਲੇਫੋਰਨੀਆ 'ਚ। ਉਥੇ ਇੱਕ ਅਮਰੀਕਨ ਨੇ ਆਹੀ ਲੈਕਚਰ ਸੁਣਿਆ ਜਿਹੜਾ ਮੈਂ ਕਰ ਰਿਹਾ ਹਾਂ। ਉਹ ਕਹਿਣ ਲੱਗਿਆ ਕਿ ਸੁਆਮੀ ਜੀ! ਤੁਸੀਂ ਮੇਰੇ ਘਰ ਆਓ। ਕਹਿੰਦੇ, ਐਡਰਸ ਲਿਖਾ ਦਿਓ। ਉਹਨੇ ਐਡਰਸ ਲਿਖਾ ਦਿੱਤਾ, ਸਵਾਮੀ ਜੀ ਗਏ ਹੀ ਨਾ। ਦੂਜੇ ਦਿਨ ਫੇਰ ਆਇਆ ਉਹ ਕਹਿੰਦਾ, ਤੁਸੀਂ ਆਏ ਨਾ ਮੈਂ wait (ਉਡੀਕ) ਕਰਦਾ ਰਿਹਾ। ਕਹਿੰਦੇ, ਤੇਰਾ ਐਡਰੇਸ ਗਲਤ ਸੀ। ਕਹਿੰਦੇ, ਮੈਂ ਫੇਰ ਠੀਕ ਕਰਕੇ ਰਸਤਾ ਦੱਸਿਆ ਕਿ ਇੱਥੋਂ ਮੁੜਨਾ ਹੈ, ਇੱਥੋਂ ਮੁੜਨਾ ਹੈ। ਸਵਾਮੀ ਜੀ ਫੇਰ ਨਾ ਗਏ। ਉਹ ਕਹਿਣ ਲੱਗਿਆ, ਸਵਾਮੀ ਜੀ! ਮੈਂ ਅੱਜ ਫੇਰ wait (ਉਡੀਕ) ਕਰਦਾ ਰਿਹਾ, ਤੁਸੀਂ ਆਏ ਨਾ। ਕਹਿੰਦੇ, ਤੇਰਾ ਐਡਰੇਸ ਗਲਤ ਹੈ। ਕਹਿੰਦਾ ਨਹੀਂ ਜੀ, ਬਿਲਕੁਲ ਠੀਕ ਹੈ। ਕਹਿੰਦੇ, ਖੜ੍ਹ ਜਾ ਇੱਥੇ। ਜੇ ਤੇਰੀਆਂ ਦੋਵੇਂ ਬਾਹਾਂ ਵੱਢ ਕੇ ਉਥੇ ਰੱਖ ਦੇਈਏ, ਫੇਰ ਤੂੰ ਕੀ ਕਹੇਂਗਾ? ਕਹਿੰਦਾ ਮੈਂ ਕਹਾਂਗਾ ਕਿ ਇਹ ਮੇਰੀਆਂ ਬਾਹਾਂ ਨੇ। ਸਮਝ ਕਹਿੰਦੇ, ਬਾਹਾਂ ਨੇ ਤੇਰੀਆਂ, ਤੇਰੇ ਨਾਲੋਂ ਅੱਡ ਹੋ ਗਈਆਂ। ਕਹਿੰਦਾ, ਹਾਂ। ਤੇਰੀਆਂ ਦੋਵੇਂ ਲੱਤਾਂ ਵੱਢ ਕੇ ਉਥੇ ਰੱਖ ਦੇਈਏ, ਫੇਰ ਕੀ ਕਹੇਂਗਾ? ਕਹਿੰਦਾ, ਕਹਾਂਗਾ ਕਿ ਇਹ ਮੇਰੀਆਂ ਲੱਤਾਂ ਪਈਆਂ ਨੇ। ਕਹਿੰਦੇ ਠੀਕ ਹੈ। ਕਹਿੰਦੇ, ਹੁਣ ਬੋਲਣ ਦੀ ਤੇਰੇ ਵਿੱਚ ਰਹਿ ਜਾਏ ਤਾਕਤ, ਤੇਰੀ ਗਰਦਨ ਤੋਂ ਉਤੇ ਸਿਰ ਲਾਹ ਕੇ ਰੱਖ ਦੇਈਏ, ਉਥੇ ਫੇਰ ਕੀ ਕਹੇਂਗਾ? ਕਹਿੰਦਾ, ਮੈਂ ਕਹਾਂਗਾ ਕਿ ਇਹ ਮੇਰਾ ਸਿਰ ਹੈ। ਹੁਣ ਤੂੰ ਪਿਆਰਿਆ ਮੈਨੂੰ ਦੱਸ ਕਿ ਇਨ੍ਹਾਂ 'ਚੋਂ ਤੂੰ ਕੌਣ ਹੈਂ? ਸੋਚਾਂ 'ਚ ਪੈ ਗਿਆ ਕਿ ਹੈਂ ਆਹ ਤਾਂ ਗੱਲ ਕਦੇ ਸੋਚੀ ਹੀ ਨਹੀਂ ਹੈ। ਜੇ ਸਰੀਰ ਪਿਆ ਹੈ, ਅਸੀਂ ਕਹਾਂਗੇ ਕਿ ਆਹ ਮੇਰਾ ਸਰੀਰ ਪਿਆ ਹੈ, ਮੈਂ ਤਾਂ ਨਹੀਂ ਪਿਆ, ਸਰੀਰ ਪਿਆ ਹੈ।

ਮੈਂ ਤੁਹਾਨੂੰ ਹੁਣ ਆਪਾ ਚੀਨਣ ਦਾ ਤਰੀਕਾ ਦੱਸਦਾ ਹਾਂ । ਉਸ ਤੋਂ ਬਾਅਦ ਇਹਦਾ ਸ਼ੂਖਸ਼ਮ ਸਰੀਰ ਹੈ। ਉਹਦੇ ਵਿੱਚ ਪੰਜ ਕਰਮ ਇੰਦਰੇ ਨੇ, ਪੰਜ ਗਿਆਨ ਇੰਦਰੇ ਨੇ, ਮਨ ਹੈ, ਚਿੱਤ ਹੈ, ਬੁੱਧ ਹੈ, ਹੰਕਾਰ ਹੈ, ਪੰਜ ਪ੍ਰਾਣ ਨੇ। ਹੁਣ ਇਨ੍ਹਾਂ 'ਚੋਂ ਕਿਹੜੀ ਹੈ? ਅੱਖਾਂ ਹੈਂ? ਕਹਿੰਦਾ ਨਹੀਂ। ਕੰਨ ਹੈਂ? ਕਹਿੰਦਾ, ਨਹੀਂ। ਮੂੰਹ ਹੈਂ, ਜੀਭ ਹੈਂ? ਕਹਿੰਦਾ ਨਹੀਂ। ਚਲੋ ਫੇਰ ਤੂੰ ਪ੍ਰਾਣ ਹੋਏਂਗਾ? ਸੋਚ ਸੋਚ ਕੇ ਕਹਿਣ ਲੱਗਿਆ ਕਿ ਪ੍ਰਾਣ? ਮੈਂ ਤਾਂ ਇਹ ਕਹਿੰਦਾ ਹਾਂ ਕਿ ਮੈਨੂੰ ਤੰਗ ਨਾ ਕਰ, ਮੇਰੇ ਪ੍ਰਾਣ ਨਿਕਲ ਜਾਣਗੇ। ਮੈਨੂੰ ਕੁਛ ਕਹਿ ਨਾ ਮੇਰੇ ਪ੍ਰਾਣ ਨਿਕਲ ਜਾਣਗੇ। ਪ੍ਰਾਣ ਮੇਰੇ ਹੋਏ, ਮੈਂ ਪ੍ਰਾਣ ਤਾਂ ਹਾਂ ਨਹੀਂ। ਹੁਣ ਗੱਲ ਕਿਸੇ ਰਸਤੇ ਪੈ ਗਈ। ਕਹਿੰਦੇ, ਪਿਆਰਿਆ! ਪ੍ਰਾਣਾਂ ਦੇ ਉਤੇ ਹੈ ਮਨ, ਫੇਰ ਤੂੰ ਮਨ ਹੋਵੇਂਗਾ? ਜਾਹ ਸੋਚ ਬੈਠ ਕੇ। ਥੋੜ੍ਹੀ ਦੇਰ ਬਾਅਦ ਆ ਗਿਆ, ਕਹਿੰਦਾ ਜੀ ਮਨ ਤਾਂ ਮੈਂ ਹੈ ਨਹੀਂ? ਕਹਿੰਦੇ, ਫੇਰ ਤੂੰ ਹੋਰ ਹੈ ਕੀ? ਕਿਉਂ ਨਹੀਂ ਮਨ? ਕਹਿੰਦਾ, ਮੈਂ ਸੋਚਣ ਲੱਗਿਆ ਸੀ ਤੁਸੀਂ ਆ ਕੇ ਕਿਹਾ ਸੀ ਕਿ ਆਹ ਸ਼ਬਦ ਦਾ ਧਿਆਨ ਧਰ। ਮੇਰਾ ਮਨ ਟਿਕਿਆ ਹੀ ਨਹੀਂ। ਕਹਿੰਦਾ ਮੈਂ ਕਿਹਾ ਮਨ ਤਾਂ ਮੇਰਾ ਹੈ, ਮੈਂ ਤਾਂ ਨਹੀਂ ਮਨ। ਕਹਿੰਦੇ, ਹੁਣ ਤਾਂ ਫੇਰ ਬੁੱਧੀ ਹੋਏਂਗਾ? ਇਹਦੇ ਮਨ ਦੇ ਉਤੇ ਬੁੱਧੀ ਹੈ। ਥੋੜ੍ਹੀ ਦੇਰ ਬਾਅਦ ਫੇਰ ਆ ਗਿਆ। ਕਹਿੰਦਾ, ਜੀ ਬੁੱਧੀ ਵੀ ਨਹੀਂ। ਕਿਉਂਕਿ ਆਹ ਜਿਹੜਾ ਤੁਹਾਡਾ ਸਵਾਲ ਹੈ, ਮੇਰੀ ਬੁੱਧੀ 'ਚ ਆ ਨਹੀਂ ਰਿਹਾ। ਮੈਂ ਕਿਹਾ ਬੁੱਧੀ ਮੇਰੀ ਹੈ ਮੈਂ ਤਾਂ ਬੁੱਧੀ ਨਹੀਂ ਹਾਂ। ਫੇਰ ਅਗਾਂਹਾਂ ਫੇਰ ਚਿੱਤ ਹੈ ਜਿਹੜਾ ਚਿਤਵਨੀ ਕਰਦਾ ਹੈ। ਮਹਿਸੂਸ ਕਰਦਾ ਹੈ। ਫੇਰ ਆ ਗਿਆ। ਕਹਿੰਦਾ, ਜੀ ਮੈਂ ਚਿੱਤ ਵੀ ਨਹੀਂ ਹਾਂ। ਕਹਿੰਦੇ ਕਿਉਂ? ਕਹਿੰਦਾ ਮੈਂ ਤਾਂ ਇਹ ਕਹਿੰਦਾ ਹੁੰਦਾ ਹਾਂ ਕਿ ਅੱਜ ਮੇਰਾ ਚਿੱਤ ਬਹੁਤ ਖੁਸ਼ ਹੈ, ਅੱਜ ਮੇਰਾ ਚਿੱਤ ਬਹੁਤ ਉਦਾਸ ਹੈ, ਮੈਂ ਚਿੱਤ ਤਾਂ ਹੋਇਆ ਨਾ। ਕਹਿੰਦੇ, ਫੇਰ ਉਸ ਤੋਂ ਅੱਗੇ? ਕਹਿੰਦੇ ਉਸ ਤੋਂ ਅੱਗੇ ਤਾਂ ਮੈਂ ਭਾਵ ਹੈ, ਫੇਰ ਮੈਂ ਓਹੀ ਹੋਇਆ, ਅਹੰਭਾਵ। ਫੇਰ ਮੈਂ ਕਿਹਾ ਕਿ ਇਹ ਵੀ ਮੈਂ ਨਹੀਂ ਇਹ ਤਾਂ ਹੰਗਤਾ ਤੇ ਮਮਤਾ ਮੈਨੂੰ ਲੱਗੀ ਹੈ ਬਾਹਰੋਂ ਆ ਕੇ, ਮੈਂ ਇਨ੍ਹਾਂ ਚੀਜ਼ਾਂ 'ਚੋਂ ਕੋਈ ਚੀਜ਼ ਨਹੀਂ ਹਾਂ। ਮੈਂ, ਮੈਂ ਵੀ ਨਹੀਂ ਹਾਂ। ਜਦੋਂ ਤੇਰੇ ਇਹ ਸਮਝ ਆ ਗਿਆ ਕਿ ਮੈਂ, ਮੈਂ ਵੀ ਨਹੀਂ ਹਾਂ। ਉਸ ਤੋਂ ਅੱਗੇ ਆਤਮਾ ਹੈਂ, ਤੂੰ ਆਤਮਾ ਹੈਂ।

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***

***ਅੰਗ - 657***

ਸੋ ਇਸ ਤਰ੍ਹਾਂ ਸਾਧਸੰਗਤ ਜੀ! ਇਹ ਸੰਸਾ ਸਾਡੇ ਮਨ 'ਚ ਪਿਆ ਹੋਇਆ ਹੈ, ਇਹਨੂੰ ਭਰਮ ਵੀ ਕਹਿੰਦੇ ਨੇ, ਮਹਾਰਾਜ ਕਹਿੰਦੇ -

***ਕਾਹੇ ਰੇ ਮਨ ਚਿਤਵਹਿ***
***ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*** ***ਅੰਗ - 10***

ਤੂੰ ਆਪਣੇ ਆਪ ਨੂੰ ਸਮਝਣ ਦਾ ਯਤਨ ਕਰ। ਜਿਹੜੀ ਆਤਮਾ ਹੈ ਉਹ ਪ੍ਰਮਾਤਮਾ ਹੈ। ਉਹ ਪ੍ਰਮਾਤਮਾ ਦੀ ਸੱਤਾ ਨਾਲ ਤੇਰਾ ਸਰੀਰ ਚੱਲ ਰਿਹਾ ਹੈ। ਹੰਗਤਾ ਤੇ ਮਮਤਾ 'ਚ ਆ ਕੇ ਤੂੰ ਮੈਂ ਬਣ ਗਿਆ। ਮੈਂ ਬਣ

ਕੇ ਤੂੰ ਕਰਮਾਂ ਨੇ ਫੜ ਲਿਆ। ਕਰਮਾਂ ਨੇ ਫੜਿਆ ਹੋਇਆ ਹੁਣ ਚਲਿਆ ਚਲ। ਜਦੋਂ ਤੱਕ reverse ਨਹੀਂ ਮਿਲਦਾ ਓਨੀਂ ਦੇਰ ਤੱਕ ਤੇਰੇ ਜੰਮਣ ਮਰਨ ਦਾ ਛੁਟਕਾਰਾ ਨਹੀਂ ਹੋਣਾ -

***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*** ***ਅੰਗ - 278***

ਮਹਾਰਾਜ ਕਹਿੰਦੇ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥***
***ਅੰਗ - 684***

ਤੇਰੇ ਨਾਲ ਹੈ ਇੱਕ ਤੂੰ ਬਣਿਆ ਹੋਇਆ ਪਰਛਾਵਾਂ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ਅੰਗ - 550***

ਤੂੰ ਪਰਛਾਵਾਂ ਬਣਿਆ ਹੋਇਆ ਹੈਂ, ਪਰਛਾਵਾਂ ਤਾਂ ਅਸਲੀਅਤ ਨਹੀਂ ਹੈ। ਅਸਲੀਅਤ ਤਾਂ ਉਹ ਹੈ ਜਿਹਦਾ ਪਰਛਾਵਾਂ ਹੈ। ਆਤਮਾ ਸਾਰੇ ਪਰੀਪੂਰਨ ਹੈ ਸੱਤਾ ਹੈ। ਉਹਦਾ ਪ੍ਰਕਾਸ਼ ਪ੍ਰਕ੍ਰਿਤੀ 'ਤੇ ਪੈਂਦਾ ਹੈ, ਪ੍ਰਕ੍ਰਿਤੀ 'ਚ ਪਹਿਲੀ ਕਿਰਨ ਜਿਹੜੀ ਹੈ awareness (ਜਾਗਰੁਕਤਾ) ਆਉਂਦੀ ਹੈ। awareness (ਜਾਗਰੁਕਤਾ) ਨਾਲ ਮਹਿਸੂਸ ਕਰਦਾ ਹੈ । am. (ਮੈਂ ਹਾਂ) ਜਿੱਥੇ । (ਮੈਂ) ਆ ਗਈ, ਉਥੇ my (ਮੇਰਾ) ਵੀ ਆ ਜਾਏਗਾ। ਇਹਨੂੰ ਕਹਿੰਦੇ ਨੇ 'ਹਉਮੈ'। ਇਹਦੇ ਵਿੱਚ ਅਸੀਂ ਫਸੇ ਹੋਏ ਹਾਂ ਸਾਧਸੰਗਤ ਜੀ। ਇਹਨੇ ਸੰਸਾ ਪੈਦਾ ਕੀਤਾ ਹੋਇਆ ਹੈ। ਮਹਾਰਾਜ ਕਹਿੰਦੇ ਪਿਆਰਿਓ! ਇਹ ਸੰਸੇ ਦੇ ਵਿੱਚ ਪਿਆ ਹੋਇਆ ਜੀਵ, ਕਿਤਾਬਾਂ ਪੜ੍ਹਦਾ ਹੈ, ਤੀਰਥ ਯਾਤਰਾ ਕਰਦਾ ਹੈ। ਦਾਨ ਕਰਦਾ ਹੈ, ਪੁੰਨ ਕਰਦਾ ਹੈ ਪਰ ਇਹ ਸਾਰੀ ਨੀਂਦ ਹੈ। ਨੀਂਦ ਦੇ ਵਿੱਚ ਹੀ ਲੰਘ ਜਾਂਦਾ ਹੈ, ਆਪਣੇ ਆਪ ਨੂੰ ਪਛਾਣਦਾ ਨਹੀਂ ਹੈ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥***
***ਅੰਗ - 684***

ਤੇਰੇ ਨਾਲ ਵਸਦਾ ਹੈ, ਸਾਨੂੰ ਇਹ ਨਿਸ਼ਚਾ ਆਉਂਦਾ ਹੀ ਨਹੀਂ ਕਿ ਵਾਹਿਗੁਰੂ ਮੇਰੇ ਨਾਲ ਵਸਦਾ ਹੈ। ਜੇ ਨਿਸ਼ਚਾ ਆ ਜਾਵੇ ਫੇਰ ਡਰ ਖਤਮ ਹੋ ਜਾਂਦਾ ਹੈ ਕਿ ਡਰ ਕਾਹਦਾ ਹੈ, ਵਾਹਿਗੁਰੂ ਮੇਰੇ ਨਾਲ ਵਸਦਾ ਹੈ -

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***
***ਅੰਗ - 684***

ਜਿਵੇਂ ਫੁੱਲ ਦੇ ਵਿੱਚ ਵਾਸ਼ਨਾ ਰਹਿੰਦੀ ਹੈ, ਸ਼ੀਸੇ ਦੇ ਵਿੱਚ ਆਪਣਾ ਪਰਛਾਵਾਂ ਰਹਿੰਦਾ ਹੈ -

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***
***ਅੰਗ - 684***

ਫੇਰ ਮਹਾਰਾਜ ਕਹਿੰਦੇ, ਬਾਹਰ? ਕਹਿੰਦੇ -

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਅੰਗ - 684***

ਇਹ ਸਾਨੂੰ ਸਤਿਗੁਰੂਆਂ ਨੇ ਗੱਲ ਦੱਸੀ ਹੈ ਕਿ ਬਾਹਰ ਵੀ ਓਹੀ ਹੈ ਤੇ ਅੰਦਰ ਵੀ ਓਹੀ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥*** ***ਅੰਗ - 294***

ਇਹ ਹਰ ਥਾਂ ਦੇ ਉਤੇ ਹੈ। ਜਿੰਨੀ ਦੇਰ ਤੱਕ ਸਾਡਾ ਸੰਸਾ ਨਹੀਂ ਟੁੱਟਦਾ। ਓਨੀਂ ਦੇਰ ਤੱਕ ਸਾਡਾ ਜੰਮਣਾ ਮਰਨਾ ਨਹੀਂ ਛੁਟਦਾ। ਅਸੀਂ ਤਾਂ ਐਵੇਂ ਹੀ ਕਹਿ ਦਿੰਦੇ ਹਾਂ ਜਿਵੇਂ ਪਤਾ ਹੀ ਨਹੀਂ ਹੁੰਦਾ ਕਿ ਹੇ ਸੱਚੇ ਪਾਤਸ਼ਾਹ! ਇਹਨੂੰ ਦਰਗਾਹ ਵਿੱਚ ਥਾਂ ਦੇ ਦੇਵੀਂ। ਦਰਗਾਹ 'ਚ ਜਿਹਨੂੰ ਇੱਕ ਵਾਰੀ ਥਾਂ ਮਿਲ ਗਿਆ ਉਹ ਦੁਬਾਰਾ ਨਹੀਂ ਥੱਲੇ ਆਇਆ ਕਰਦਾ। ਦਰਗਾਹ 'ਚ ਥਾਉਂ ਮਿਲਣ ਦੇ ਤਰੀਕੇ ਹੋਰ ਨੇ। ਜੇ ਕਹੋ ਕਿ ਤੁਹਾਡੀ ਅਰਦਾਸ ਹੁੰਦੀ ਹੈ। ਅਰਦਾਸ ਮਹਾਰਾਜ ਜਾਣਦੇ ਨੇ ਕਿ ਇਹਨੂੰ ਪਤਾ ਨਹੀਂ, ਗੱਲ ਹੋਰ ਹੀ ਕਰੀ ਜਾਂਦਾ ਹੈ। ਇਹਨੂੰ ਆਪ ਹੀ ਨਹੀਂ ਪਤਾ ਕਿ ਦਰਗਾਹ 'ਚ ਥਾਂ ਕੀ ਹੁੰਦਾ ਹੈ? ਦਰਗਾਹ 'ਚ ਥਾਂ ਮਿਲਦਾ ਹੈ-

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***
***ਅੰਗ - 517***

ਜਿੰਨਾਂ ਚਿਰ ਸੰਸਾ ਹੈ, ਮੈਂ ਰਹਿੰਦਾ ਹੈ ਇਹ ਵੱਖਰਾ ਰਹਿੰਦਾ ਹੈ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥*** ***ਅੰਗ - 657***

ਕਹਿੰਦੇ ਹੈਰਾਨ ਹੋ ਗਏ ਕਿ ਸਮੁੰਦਰ ਹੋਰ ਹੈ, ਲਹਿਰਾਂ ਹੋਰ ਨੇ ਪਰ ਹੈਰਾਨੀ ਤਾਂ ਹੋਈ ਕਿ ਸਮੁੰਦਰ ਦੀਆਂ ਲਹਿਰਾਂ ਸਮੁੰਦਰ 'ਚ ਸਮਾਅ ਜਾਂਦੀਆਂ ਨੇ।

***ਜਲ ਤੇ ਊਠਹਿ ਅਨਿਕ ਤਰੰਗਾ ॥***
***ਕਨਿਕ ਭੂਖਨ ਕੀਨੇ ਬਹੁ ਰੰਗਾ ॥***
***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥*** ***ਅੰਗ - 736***

ਇਸ ਤਰ੍ਹਾਂ ਸਾਧਸੰਗਤ ਜੀ! ਸੰਸੇ ਦੀ ਮੈਂ ਬੇਨਤੀ ਕਰੀ ਸੀ, ਮਹਾਰਾਜ ਕਹਿੰਦੇ -

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***

***ਅੰਗ - 684***

ਹੁਣ ਆਪਾ ਕਦੋਂ ਚੀਨਾਂਗੇ ਜੇ ਤਾਂ ਜਿਵੇਂ ਮੈਂ ਦੱਸਿਆ ਹੈ ਚੀਨਣ ਲੱਗ ਜਾਵਾਂਗੇ ਫੇਰ ਤਾਂ ਕੋਈ ਅਸਰ ਨਹੀਂ ਹੁੰਦਾ। ਇਹ ਸਿਮਰਨ ਦੀ ਇੱਕ ਅਵਸਥਾ ਹੈ ਜਿੱਥੇ ਜਾ ਕੇ -

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।***

***ਭਾਈ ਗੁਰਦਾਸ ਜੀ***

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***

***ਅੰਗ - 560***

ਜਦੋਂ ਨਾਮ ਨੇ ਪ੍ਰਗਟ ਹੋਣਾ ਹੈ ਅੰਦਰੋਂ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਉਹ ਜਦੋਂ ਅਵਸਥਾ ਆਉਣੀ ਹੈ, ਕਹਿੰਦਾ, ਮੈਨੂੰ ਨਾਮ ਪ੍ਰਗਟ ਹੋ ਗਿਆ। ਨਾਮ ਦੀ ਅਵਸਥਾ ਹੈ। ਅੰਦਰਲੇ ਪਾਸੇ ਤੈਨੂੰ ਪਤਾ ਲੱਗੇਗਾ ਕਿ ਨਾਮ ਪ੍ਰਗਟ ਹੋ ਗਿਆ। ਜਦੋਂ ਨਾਮ ਪ੍ਰਗਟ ਹੋ ਗਿਆ ਮੈਂ ਮਰ ਜਾਣੀ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੀਰ ਬੁੱਧੂਸ਼ਾਹ ਨੇ ਕਿਹਾ ਸੱਚੇ ਪਾਤਸ਼ਾਹ! ਖ਼ੁਦਾ ਕਾ ਅਰ ਰੂਹ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਰਾਤ ਕਾ ਔਰ ਦਿਨ ਕਾ ਜੈਸੇ।

ਹੁਣ ਉਹ ਸੋਚੀ ਜਾਂਦਾ ਹੈ ਕਿ ਰਾਤ? ਰਾਤ ਤਾਂ ਦਿਨ ਨੂੰ ਕਦੇ ਮਿਲਦੀ ਹੀ ਨਹੀਂ। ਮੇਲ ਤਾਂ ਉਹ ਹੁੰਦਾ ਹੈ ਕਿ ਦੋ ਮਿਲ ਗਏ, ਇਕੱਠੇ ਰਹਿ ਰਹੇ ਨੇ। ਇਹ ਤਾਂ ਇੱਕ ਰਿਹਾ ਫੇਰ? ਜਾਂ ਰਾਤ ਹੈ ਜਾਂ ਦਿਨ ਹੈ। ਸੋਚੀ ਜਾਂਦਾ ਹੈ। ਮਹਾਰਾਜ ਵਲ ਦੇਖਦਾ ਹੈ, ਕਿ ਮਹਾਰਾਜ ਮੈਨੂੰ ਸਮਝਾ ਦੇਣ। ਮਹਾਰਾਜ ਕਹਿੰਦੇ, ਹਾਂ ਹਾਂ ਠੀਕ ਹੀ ਸੋਚਦਾ ਹੈਂ। ਉਹ ਚੇਲੇ ਸੀ ਨਾਲ ਕਹਿ ਸਕਿਆ ਨਾ। ਕਹਿੰਦਾ, ਹਜ਼ੂਰ! ਮੈਂ ਇਹ ਪੁੱਛਿਆ ਸੀ ਕਿ ਖ਼ੁਦਾ ਕਾ ਅਰ ਰੂਹ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਝੂਠ ਕਾ ਅਰ ਸੱਚ ਕਾ ਜੈਸੇ। ਫੇਰ ਪੈ ਗਿਆ ਸੋਚਾਂ ਵਿੱਚ ਕਿ ਝੂਠ ਤੇ ਸੱਚ ਤਾਂ ਦੋ ਇਕੱਠੇ ਹੀ ਨਹੀਂ ਹੁੰਦੇ। ਜਾਂ ਸੱਚ ਹੋਏਗਾ, ਜਾਂ ਝੂਠ ਹੋਏਗਾ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਫੇਰ ਅਸੀਂ ਝੂਠੇ ਹਾਂ? ਮਹਾਰਾਜ ਕਹਿੰਦੇ, ਹਾਂ। ਸੱਚੀ ਮੈਂ ਤੁਸੀਂ ਜਾਣਦੇ ਨਹੀਂ ਓਂ, ਉਸ ਤੋਂ ਬਗੈਰ ਤੁਸੀਂ ਝੂਠੀ ਮੈਂ ਨੂੰ ਆਪਣਾ ਆਪ ਮੰਨਿਆ ਹੋਇਆ ਹੈ। ਉਹ ਕਹਿੰਦੇ ਜਦੋਂ ਸੱਚ ਪ੍ਰਗਟ ਹੋ ਗਿਆ ਫੇਰ ਇਹ ਜਿਹੜਾ ਝੂਠ ਹੈ ਹਨ੍ਹੇਰਾ ਹੈ ਸਾਡੇ ਮਨ 'ਚ ਪਿਆ ਹੋਇਆ, ਇਹ ਰਹਿੰਦਾ ਨਹੀਂ ਹੈ। ਇਹ ਹੁੰਦਾ ਕਿਵੇਂ ਹੈ? ਨਾਮ ਦਾ ਪ੍ਰਕਾਸ਼ ਹੋ ਗਿਆ। ਉਸ ਵੇਲੇ ਹਉਮੈ ਦੇ ਹਨ੍ਹੇਰੇ ਨੇ ਆਪੇ ਹੀ ਚਲੇ ਜਾਣਾ ਹੈ। ਇਹ ਸੰਸਾ ਹੈ ਸਾਧਸੰਗਤ ਜੀ! ਜਿਸ ਸੰਸੇ ਨੂੰ ਦੂਰ ਕਰਨ ਵਾਸਤੇ ਤੁਸੀਂ ਕਿੰਨੀ ਖੇਚਲ ਕਰਕੇ ਇੱਥੇ ਪਹੁੰਚਦੇ ਹਾਂ, ਵਿਚਾਰਾਂ ਆਪਾਂ ਕਰਦੇ

ਹਾਂ, ਇਸ ਤੋਂ ਬਾਅਦ ਰਾਹ ਵੀ ਦਸਦੇ ਹਾਂ ਕਿ ਰਾਹ ਇਹਦਾ ਇਹ ਹੈ ਕਿ ਬਈ ਤੁਸੀਂ ਬੰਦਗੀ ਕਰੋ, ਅੰਮ੍ਰਿਤ ਵੇਲੇ ਜਾਗੋ, ਜਾਗ ਕੇ ਬੈਠੋ, ਹੌਲੀ-ਹੌਲੀ ਚੱਲੋ ਇਸ ਪਾਸੇ। ਇੱਕ ਦਮ ਨਹੀਂ ਕਿ ਅੱਜ ਹੀ ਮਿਲ ਜਾਏਗਾ। ਖਬਰੇ ਇੱਕ ਜਨਮ, ਦਸ ਜਨਮ ਵੀਹ ਜਨਮ। ਫੇਰ ਤੈਨੂੰ ਕੀ ਗਰੰਟੀ ਹੈ ਕਿ ਅਗਲੇ ਜਨਮ ਦੇ ਵਿੱਚ ਸਾਨੂੰ ਫੇਰ ਕੋਈ ਮਿਲੇਗਾ ਕਿ ਨਹੀਂ। ਮਹਾਰਾਜ ਕਹਿੰਦੇ ਕਿ ਵਾਹਿਗੁਰੂ ਦੇ ਵਿੱਚ ਇਹ ਕੁਆਲਿਟੀ ਹੈ -

*............ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥*

*ਅੰਗ - 859*

ਜਿਹੜੀ ਘਾਲ ਤੁਸੀਂ ਕਰ ਲਈ ਸਤਿਸੰਗ 'ਚ ਆ ਕੇ, ਬਾਣੀ ਪੜ੍ਹ ਲਈ, ਹਾਜ਼ਰੀ ਦੀ ਬਾਣੀ, ਇਹ ਨਹੀਂ ਕਿ ਗੈਰਹਾਜ਼ਰੀ ਦੀ ਬਾਣੀ ਕਿ ਆਪ ਘੋੜੇ ਖਰੀਦਦਾ ਫਿਰਦਾ ਹੈ ਤੇ ਨਮਾਜ਼ ਪੜ੍ਹੀ ਜਾ ਰਿਹਾ ਹੈ। ਉਹਦਾ ਜਿਹੜਾ ਬਣਦਾ ਹੈ ਪੁੰਨ ਬਣਦਾ ਹੈ, ਉਹ ਗਵਾਇਆ ਨਹੀਂ ਜਾਂਦਾ। ਨਾ ਉਹਨੂੰ ਕੋਈ ਚੋਰ ਚੁੱਕ ਸਕਦਾ, ਨਾ ਅੱਗ 'ਚ ਜਾਲ ਸਕਦਾ ਹੈ, ਨਾ ਉਹਨੂੰ ਕੋਈ ਖੋਹ ਸਕਦਾ ਹੈ, ਨਾ ਜਮਦੂਤ ਖੋਹ ਸਕਦਾ ਹੈ। ਉਹ ਇਸ ਜੀਵ ਦੇ ਨਾਲ ਰਹਿੰਦਾ ਹੈ ਜਿੰਨਾਂ ਤੁਸੀਂ ਸਤਿਸੰਗ ਕਰ ਲਿਆ ਕਿਸੇ ਦੀ ਤਾਕਤ ਨਹੀਂ ਕਿ ਖੋਹ ਲਵੇ। ਇਹ ਰਹਿਣਾ ਹੀ ਰਹਿਣਾ ਹੈ ਤੁਹਾਡਾ। ਨੇਕ ਕੰਮ ਜਿਵੇਂ ਤੁਸੀਂ ਬਾਣੀ ਪੜ੍ਹ ਲਈ, ਨਾਮ ਜਪ ਲਿਆ। ਹੁਣ ਇਹ ਫੇਰ ਕੀ ਹੁੰਦਾ ਹੈ? ਉਹ ਕਹਿੰਦੇ, ਸੌਂ ਕੇ ਤੁਸੀਂ ਫੇਰ ਉਠ ਖੜ੍ਹਨਾ ਹੈ। ਜਿਵੇਂ ਕੱਪੜੇ ਬਦਲ ਲਏ ਐਸ ਤਰ੍ਹਾਂ ਸਰੀਰ ਬਦਲ ਲਿਆ। ਸਰੀਰ ਬਦਲਣ ਨਾਲ ਜਿਹੜਾ ਤੁਹਾਡਾ ਬੈਂਕ ਬੈਲੰਸ ਹੈ ਨਾਮ ਦਾ, ਰੱਬ ਦੇ ਖਜ਼ਾਨੇ 'ਚ ਜਮ੍ਹਾਂ ਕਰਾਇਆ ਹੋਇਆ ਉਹ ਗਿਆ ਨਹੀਂ, ਤੁਹਾਨੂੰ ਫੇਰ ਮਿਲ ਜਾਂਦਾ ਹੈ। ਉਹ ਕੀ ਕਰਦਾ ਹੈ ਤੁਹਾਨੂੰ ਸਤਿਸੰਗ ਮਿਲਾ ਦਿੰਦਾ ਹੈ, ਗੁਰੂ ਮਿਲ ਜਾਂਦਾ ਹੈ। ਫੇਰ ਤੁਸੀਂ ਭਜਨ ਕਰਨ ਲੱਗ ਜਾਂਦੇ ਓਂ। ਬਾਕੀ ਰਸਤਾ ਐਨਾ ਔਖਾ ਹੈ ਕਿ ਸੁਖਾਲਾ ਨਹੀਂ ਹੈ ਕਿ ਅਸੀਂ ਲੰਘ ਜਾਵਾਂਗੇ। ਸਾਧੂ ਸੰਤ ਇੱਕ ਵਾਲ ਜਿੰਨੀ ਲਕੀਰ ਦੇ ਉਤੇ ਰੁਕੇ ਖੜ੍ਹੇ ਨੇ। ਬ੍ਰਹਮਾ, ਵਿਸ਼ਨੂੰ, ਮਹੇਸ਼ ਮਹਾਰਾਜ ਕਹਿੰਦੇ ਸਾਰੇ ਰੁਕੇ ਖੜ੍ਹੇ ਨੇ, ਨਾਰਦ ਰੁਕਿਆ ਖੜ੍ਹਾ ਹੈ। ਉਹ ਆਤਮਾ ਨੂੰ ਦੇਖ ਨਹੀਂ ਸਕੇ। ਉਹ ਮੈਂ ਵਿੱਚ ਹੀ ਰਹੇ, ਸਾਰੇ ਆਪਣੀ ਪੂਜਾ ਕਰਾਉਣ ਲੱਗ ਗਏ, ਮਹਾਰਾਜ ਕਹਿੰਦੇ, ਰਹਿ ਗਏ ਸਾਰੇ। ਹੁਣ ਲੰਘਦਾ ਕੌਣ ਹੈ? ਕਹਿੰਦੇ, ਕੋਈ ਵਿਰਲਾ ਗੁਰਸਿੱਖ ਲੰਘਦਾ ਹੈ। ਕਿਉਂਕਿ ਉਹਦਾ ਸਤਿਗੁਰੂ ਪੂਰਾ ਹੈ। ਉਹ ਪੂਰੇ ਸਤਿਗੁਰੂ ਦਾ ਬਚਨ ਕਮਾ ਕੇ ਲੰਘਦਾ ਹੈ। ਸਾਧਸੰਗਤ ਜੀ! ਆਪਾਂ ਵੀ ਪੂਰੇ ਸਤਿਗੁਰੂ ਦੇ ਲੜ ਲੱਗੇ ਹੋਏ ਹਾਂ। ਜੋ ਨਾਮ ਜਪਦੇ ਹਾਂ, ਚਲੋ ਐਤਕੀਂ ਨਹੀਂ, ਅਗਲੀ ਵਾਰ ਸਹੀ, ਕਾਹਲੀ ਕਾਹਦੀ ਹੈ। ਅੱਗੇ ਵੀ ਤਾਂ ਕਰੋੜਾਂ ਜਨਮ ਲੰਘ ਹੀ ਗਏ ਸਾਡੇ। ਹੁਣ ਜਿਹੜਾ ਤੁਸੀਂ ਬੀਜ ਬੀਜ ਰਹੇ ਓਂ ਸਤਿਸੰਗ 'ਚ ਆਉਂਦੇ ਓਂ, ਵਿਚਾਰ ਕਰਦੇ ਓਂ, ਨਾਮ ਜਪਦੇ ਓਂ, ਦਾਨ ਕਰਦੇ ਓਂ। ਇਹਦੀ ਹਉਂ ਨਾ ਧਾਰੋ। ਜੇ ਹਉਂ ਧਾਰ ਲਈ ਕਿ ਮੈਂ ਕਰਦਾ ਹਾਂ, ਇਹਦਾ ਫਲ ਮਿਲ ਜਾਏਗਾ। ਫਲ ਮਿਲਿਆ ਤਾਂ ਇਹ convert (ਬਦਲ) ਹੋ ਗਿਆ ਫਲ ਵਿੱਚ। ਜੇ ਹਉਂ ਨਹੀਂ ਨਾ ਧਾਰਦੇ, ਸੱਚੇ ਦਿਲੋਂ ਕਹਿੰਦੇ ਓਂ ਕਿ ਹੇ ਸੱਚੇ

ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਪਾਠ ਕੀਤਾ ਹੈ, ਜੋ ਨਾਮ ਜਪਿਆ ਹੈ, ਜੋ ਸ਼ੁਭ ਕੰਮ ਕਰਿਆ ਇਹ ਮੈਂ ਆਪਣੇ ਕੋਲ ਨਹੀਂ ਰੱਖਦਾ, ਇਹ ਮੈਂ ਤੇਰੇ ਖਜ਼ਾਨੇ 'ਚ ਦਾਖਲ ਕਰਾਉਂਦਾ ਹਾਂ। ਰੋਜ਼ ਕਹਿੰਦਾ ਹੈਂ ਨਾ ਅਰਦਾਸ ਵਿੱਚ। ਕਿਸੇ ਨੇ ਬਹੁਤ ਹੀ ਸੋਹਣਾ ਲਿਖਿਆ ਹੈ, ਉਹ ਅਨੁਭਵੀ ਪੁਰਸ਼ ਹੀ ਹੈ ਜਿਹਨੇ ਇਹ ਲਾਇਨ ਲਿਖੀ ਹੈ। ਉਹਨੂੰ ਪਤਾ ਸੀ ਏਸ ਗੱਲ ਦਾ ਕਿ ਗੁਰਸਿੱਖ ਨੇ ਆਪਣਾ ਕੀਤਾ ਆਪੇ ਗੁਆ ਬੈਠਣਾ ਹੈ, ਇਸ ਨੇ ਕੀਤੇ ਹੋਏ ਦਾ ਫਲ ਮੰਗ ਬੈਠਣਾ ਹੈ । ਫਲ ਵੀ ਮਿਲਦਾ ਹੈ ਐਸਾ ਨਹੀਂ ਕਿ ਨਹੀਂ ਮਿਲਦਾ। ਕਰਕੇ ਦੇਖ ਲਓ ਕੋਈ, ਬੰਦਗੀ ਕਰਕੇ ਦੇਖ ਲਓ, ਫਲ ਮਿਲ ਜਾਏਗਾ। ਔਖ, ਸੌਖ, ਬੀਮਾਰੀਆਂ ਸਭ ਖਤਮ ਹੋ ਜਾਣਗੀਆਂ। ਪਰ ਵੱਡਾ ਖਜ਼ਾਨਾ ਇਹ ਹੈ ਕਿ ਗੁਰੂ ਕੋਲ ਜਮ੍ਹਾਂ ਕਰਾਓ ਆਪਣੀ ਅਮਾਨਤ। ਅਗਲਾ ਜਨਮ ਮਿਲੇਗਾ ਫੇਰ ਸਾਨੂੰ ਇਹ ਮਿਲ ਜਾਏਗਾ। ਫੇਰ ਅਗਲਾ ਮਿਲੇਗਾ ਫੇਰ ਮਿਲ ਜਾਏਗਾ। ਅਖੀਰ ਕੋਈ ਦਿਨ ਆ ਹੀ ਜਾਏਗਾ, ਜਿਸ ਦਿਨ ਅਸੀਂ ਉਹ ਲਕੀਰ ਟੱਪ ਜਾਵਾਂਗੇ। ਮਹਾਰਾਜ ਕਹਿੰਦੇ -

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***

***ਅੰਗ- 684***

ਇਹ ਭਰਮ ਦੀ ਜਿਹੜੀ ਪਈ ਹੋਈ ਕਾਲਖ ਹੈ, ਇਹ ਮਿਟਦੀ ਨਹੀਂ ਹੈ। ਇਸ ਤਰ੍ਹਾਂ ਦੇ ਨਾਲ -

***ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥***

***ਅੰਗ - 36***

ਸਾਡੀ ਉਮਰ ਨਾ ਲੰਘ ਜਾਵੇ ਸੁੱਤਿਆਂ ਦੀ, ਜਾਗਣ ਦੀ ਕੋਸ਼ਿਸ਼ ਕਰੀਏ। ਆਪਣੇ ਆਪ ਨੂੰ ਸਮਝੋ, ਚਲੋ ਜੇ ਕੁਛ ਨਹੀਂ ਨਾ ਹੈ, ਸਰੀਰ ਨਾ ਸਮਝੋ। ਇਹ ਪੱਕੀ ਤਰ੍ਹਾਂ ਜਾਣ ਲਓ ਕਿ ਮੈਂ ਸਰੀਰ ਨਹੀਂ ਹਾਂ। ਮੇਰਾ ਸਰੀਰ ਹੈ, ਮੈਂ ਨਹੀਂ ਹਾਂ। ਜਦੋਂ ਅਸੀਂ ਸਰੀਰ ਨੂੰ ਆਪਣਾ ਆਪ ਕਹਿਣ ਲੱਗ ਜਾਂਦੇ ਹਾਂ ਫੇਰ ਤਾਂ ਅਸੀਂ ਬਹੁਤ ਥੱਲੇ ਆ ਗਏ। ਜੇ ਅਸੀਂ ਕਿਹਾ ਕਿ ਮੈਂ ਹੈਗਾ ਤਾਂ ਸਹੀ ਮੈਨੂੰ ਆਪ ਹੀ ਨਹੀਂ ਪਤਾ ਕਿ ਮੈਂ ਕੀ ਹਾਂ, ਚਲੋ ਐਨਾ ਕੁ ਹੋ ਗਿਆ ਕਿ ਮੈਂ ਜੀਵ ਹਾਂ। ਜੇ ਜੀਵ ਪਤਾ ਲੱਗ ਗਿਆ, ਅੱਗੇ ਆਤਮਾ ਹੈ। ਅਸੀਂ ਆਖਰੀ ਮੰਜ਼ਲ 'ਤੇ ਪਹੁੰਚ ਗਏ ਪ੍ਰਾਕ੍ਰਿਤੀ ਦੀ। ਉਹਦਾ ਗਿਆਨ ਨਾਮ ਜਪ ਕੇ ਹੋ ਜਾਏਗਾ। ਸਮਾਂ ਇਜਾਜ਼ਤ ਨਹੀਂ ਹੁੰਦਾ ਇੱਥੇ ਹੀ ਸਮਾਪਤੀ ਹੈ। ਜੋ ਵੀ ਬੇਨਤੀਆਂ ਕਰੀਆਂ ਨੇ ਇਨ੍ਹਾਂ ਨੂੰ ਮਨ 'ਚ ਵਸਾਓ। ਗੱਲ ਤਾਂ ਇੱਕੋ ਹੀ ਪਾਰ ਲੰਘਾ ਦਿੰਦੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 6

## ਮਨੁ ਬੇਚੈ ਸਤਿਗੁਰ ਕੈ ਪਾਸਿ ...।

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ, ਮੇਰਾ ਨਾਉਂ ਸੁਭਾਗਾ ਜੀ।*
*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥*
*ਤੇਰੇ ਲਾਲੇ ਕਿਆ ਚਤੁਰਾਈ ॥*
*ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ 1 ॥ ਰਹਾਉ ॥*
*ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥*
*ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥ 2 ॥*
*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥ 3 ॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥*
*ਆਦਿ ਜੁਗਾਦਿ ਦਇਆਪਤਿ ਦਾਤਾ*
*ਤੁਧੁ ਵਿਣੁ ਮੁਕਤਿ ਨ ਪਾਈ ॥* *ਅੰਗ - 991*

*ਧਾਰਨਾ - ਲਾਲਾ ਗੋਲਾ, ਲਾਲਾ ਗੋਲਾ, ਲਾਲਾ ਗੋਲਾ ਜੀ,*
*ਆਪਣੇ ਸਾਹਿਬ ਦਾ ਮੈਂ ਲਾਲਾ ਗੋਲਾ ਜੀ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਫੁਰਮਾਨ ਆਇਆ ਹੈ ਕਿ *'ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥'* ਮੁੱਲ ਕੀ ਦਿੱਤਾ? ਗੁਰੂ ਨੇ ਬਚਨ ਦਿੱਤਾ ਓਹੀ ਮੁੱਲ ਹੈ। *'ਗੁਰ ਕੀ ਬਚਨੀ ਹਾਟਿ ਬਿਕਾਨਾ ........॥'* ਹੁਣ ਜਿੱਥੇ ਮੈਨੂੰ ਲਾ ਦਿੱਤਾ, ਮੈਂ ਲੱਗ ਗਿਆ। *'ਤੇਰੇ ਲਾਲੇ ਕਿਆ ਚਤੁਰਾਈ ॥'* ਗੁਲਾਮ ਦੀ ਕੋਈ ਮਰਜ਼ੀ ਨਹੀਂ ਹੁੰਦੀ। ਜੋ ਸਾਹਿਬ ਦਾ ਹੁਕਮ ਹੈ *'ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ '* ਜੋ ਹੁਕਮ ਹੋਇਆ ਓਹੀ ਕਰਨਾ ਹੈ, ਹੁਣ ਆਪਣੇ ਆਪ ਨੂੰ ਵੇਚ ਦਿੱਤਾ, ਤਨ ਵੀ

ਵੇਚ ਦਿੱਤਾ, ਮਨ ਵੀ ਵੇਚ ਦਿੱਤਾ, ਧਨ ਵੀ ਦੇ ਦਿੱਤਾ। ਮਹਾਰਾਜ ਕਹਿੰਦੇ ਜੇ ਸਿੱਖ ਦੀ ਇਹ ਭਾਵਨਾ ਕਿਤੇ ਗੁਰੂ ਨਾਲ ਜੁੜ ਜਾਵੇ ਤਾਂ ਉਸਦਾ ਮਾਨਸ ਜਨਮ ਸਫਲ ਹੋ ਜਾਇਆ ਕਰਦਾ ਹੈ। ਫੇਰ ਕੁਛ ਕਰਨ ਧਰਨ ਨੂੰ ਨਹੀਂ ਰਹਿੰਦਾ।

ਸਿੱਖੀ ਮੰਡਲ 'ਚ ਆਇਆਂ ਨੂੰ ਸਾਨੂੰ ਸਮਾਂ ਲੰਘ ਗਿਆ, ਉਮਰਾਂ ਬੀਤ ਗਈਆਂ, ਕਿਸੇ ਦਾ ਅੱਧ ਪੂਰਾ ਹੋ ਗਿਆ, ਕਿਸੇ ਦਾ ਚੌਥਾ ਹਿੱਸਾ ਪੂਰਾ ਹੋ ਗਿਆ, ਕਿਸੇ ਦਾ 3/4 ਹਿੱਸਾ ਪੂਰਾ ਹੋ ਗਿਆ। ਕੋਈ ਕੰਢੇ 'ਤੇ ਆਇਆ ਖੜ੍ਹਾ ਹੈ ਲੇਕਿਨ ਹਾਲੇ ਤੱਕ ਗੱਲ ਸਮਝ 'ਚ ਨਹੀਂ ਆਈ। ਸ਼ਿਕਾਇਤ ਕਰਦੇ ਹਾਂ, ਅਸੀਂ ਕਿ ਬੜਾ ਨਾਮ ਜਪਿਆ ਹੈ, ਬਹੁਤ ਬਾਣੀ ਪੜ੍ਹੀ ਹੈ, ਸੇਵਾ ਕਰੀ ਹੈ। ਜੋ ਅਵਸਥਾ, ਜੋ ਬਾਣੀ ਫੁਰਮਾਨ ਕਰਦੀ ਹੈ ਉਥੇ ਪਹੁੰਚੇ ਤਾਂ ਹਾਂ ਨਹੀਂ ਅਸੀਂ ਅਜੇ। ਜਿੰਨਾਂ ਚਿਰ ਅਸੀਂ ਨਹੀਂ ਸੁਣਦੇ ਓਨਾਂ ਚਿਰ ਤਾਂ ਅਸੀਂ ਬਣ ਗਏ ਤਾਂ ਅਸੀਂ ਪਹੁੰਚ ਹੀ ਗਏ। ਮਹਾਰਾਜ ਕਹਿੰਦੇ ਬਿਲਕੁਲ ਗਲਤ। ਪਹੁੰਚਣਾ ਬਹੁਤ ਔਖਾ ਹੈ। ਬਾਹਰਲੇ ਭੇਖ ਨਾਲ ਤੂੰ ਕਿਸੇ ਤਰੀਕੇ ਨਾਲ ਨਹੀਂ ਪਹੁੰਚ ਸਕਦਾ। ਬਾਹਰੋਂ ਬਣਿਆ ਹੋਇਆ ਤੂੰ ਬਿਲਕੁਲ ਨਹੀਂ ਪਹੁੰਚ ਸਕਦਾ।

ਮਹਾਰਾਜ! ਤੇਰੇ ਸਿੱਖ ਬਣੇ ਹਾਂ, ਬਾਣਾ ਧਾਰਨ ਕਰਿਆ ਹੈ।

ਮਹਾਰਾਜ ਕਹਿੰਦੇ, ਜਿਹੜਾ ਸਾਡਾ ਬਾਣਾ ਹੈ ਉਹ ਤੇਰੀ ਸਮਝ 'ਚ ਨਹੀਂ ਅਜੇ ਤੱਕ ਪਿਆ। ਕਿਹੜੇ ਬਾਣੇ ਦੀ ਗੱਲ ਕਰਦਾ ਹੈਂ ਇਹ ਤੇਰਾ ਤਨ ਹੀ ਨਹੀਂ ਅਜੇ ਸ਼ੁੱਧ ਹੋਇਆ –

***ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥***
***ਅੰਗ – 722***

ਲਭ 'ਚ ਰੰਗਿਆ ਹੋਇਆ, ਕ੍ਰੋਧ 'ਚ ਰੰਗਿਆ ਹੋਇਆ, ਕਾਮ 'ਚ ਰੰਗਿਆ ਹੋਇਆ, ਹੰਕਾਰ 'ਚ ਰੰਗਿਆ ਹੋਇਆ, ਮੋਹ 'ਚ ਰੰਗਿਆ ਹੋਇਆ ਪਿਆਰਿਆ! ਗੁਰੂ ਨੂੰ ਇਹ ਤਾਂ ਬਾਣਾ ਨਹੀਂ ਭਾਉਂਦਾ। ਗੁਰੂ ਨੂੰ ਜੋ ਬਾਣਾ ਭਾਉਣਾ ਹੈ ਉਹ ਹੋਰ ਹੈ ਇਹ ਬਾਣਾ ਨਹੀਂ ਭਾਇਆ ਕਰਦਾ। ਜਿਹੜੇ ਬਾਣੇ ਦੀ ਤੂੰ ਸਰੀਰ ਦੇ ਉਤੇ ਗੱਲ ਕਰਦਾ ਹੈਂ। ਉਹ ਤਾਂ ਬਹੁਤ ਦੂਰ ਦੀ ਬਾਤ ਰਹਿ ਗਈ। ਇਹ ਤਾਂ ਅੰਦਰਲਾ ਬਾਣਾ ਧਾਰਨ ਕਰ –

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***
***ਅੰਗ – 722***

ਜਦੋਂ ਤੂੰ ਅਦਬ ਦੀਆਂ ਸਲਾਈਆਂ ਦੇਵੇਂਗਾ, ਅਦਬ ਤੇਰੇ ਅੰਦਰ ਆ ਜਾਏਗਾ ਸਤਿਗੁਰੂ ਦਾ ਤੇ ਪਿਆਰ ਦਾ ਫੇਰ ਤੂੰ ਸ਼ਿੰਗਾਰ ਕਰੇਂਗਾ। ਫੇਰ ਪਿਆਰਿਆ! ਇਹ ਬਾਣਾ ਗੁਰੂ ਨੂੰ ਭਾਉਣਾ ਹੈ, ਦੂਜਾ ਨਹੀਂ ਭਾਉਂਦਾ ਕਿਉਂਕਿ ਉਹ ਮਾਇਆ ਦਾ ਰੰਗਿਆ ਹੋਇਆ ਹੈ। ਇਹਦੇ ਵਿੱਚ ਪਿਆਰ ਜਿਹੜਾ ਹੈ ਇਹ ਮਾਇਆ ਦਾ ਪਿਆਰ ਹੈ, ਪੁੱਤਰਾਂ-ਧੀਆਂ ਦਾ ਪਿਆਰ, ਪਰਿਵਾਰ ਦਾ ਪਿਆਰ, ਆਪਣੇ ਆਪ ਦਾ ਪਿਆਰ, ਇਸਤ੍ਰੀ ਦਾ ਪਿਆਰ, ਜਾਇਦਾਦਾਂ ਦਾ ਪਿਆਰ, ਆਪਣੇ ਮਾਣ ਦਾ ਪਿਆਰ, ਆਪਣੇ ਵੱਡੇ ਅਹੁਦੇ

ਦਾ ਪਿਆਰ। ਇਹ ਤਾਂ ਬਉਲਾ ਹੋਇਆ ਪਿਆ ਹੈ। ਇਹ ਤਾਂ ਭਾਉਂਦਾ ਨਹੀਂ, ਇਹਦੇ ਵਿੱਚੋਂ ਤਾਂ ਦੁਰਗੰਧ ਆਉਂਦੀ ਹੈ । ਗੱਲ ਸਮਝ ਜੇ ਮਿਲਣਾ ਹੈ ਐਵੇਂ ਸਮਾਂ ਬਰਬਾਦ ਨਾ ਕਰ। ਉਹ ਚੀਜ਼ ਅਪਣਾਅ ਜਿਹਦੇ ਨਾਲ ਤੂੰ ਸਾਹਿਬ ਨੂੰ ਪ੍ਰਵਾਨ ਹੋ ਜਾਵੇਂ। ਸਮਾਂ ਲੰਘ ਰਿਹਾ ਹੈ। ਇੱਕ ਉਹ ਨੇ ਜਿਨ੍ਹਾਂ ਨੇ ਅਜੇ ਸਮਝਿਆ ਨਹੀਂ ਹੈ। ਇੱਕ ਉਹ ਨੇ ਜਿਨ੍ਹਾਂ ਦੀ ਸਮਝ 'ਚ ਆ ਗਿਆ। ਦੋਹਾਂ ਦਾ ਫਾਸਲਾ ਤਾਂ ਬਹੁਤ ਹੈ ਉਹਦੇ ਬਾਰੇ ਐਸਾ ਫੁਰਮਾਨ ਕਰਿਆ ਹੈ -

***ਧਾਰਨਾ - ਇਕਨਾ ਨੂੰ ਸੋਝੀ ਆ ਗਈ ਐ,***
***ਇੱਕ ਫਿਰਦੇ ਬੇਪਰਵਾਹ।***

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥***
***ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥***

***ਅੰਗ - 1383***

ਪਾਣੀ ਚੱਲ ਰਿਹਾ ਹੈ ਬਹੁਤ ਜ਼ੋਰ ਦੀ, ਢਾਹਾ ਜਿਹੜਾ, ਕੰਢਾ ਹੈ ਉੱਚਾ; ਐਸ ਤਰ੍ਹਾਂ ਕਹਿੰਦੇ ਮੌਤ ਦਾ ਬੰਨਾ ਹੈ। ਕਿਉਂਕਿ ਥੱਲੇ ਪਾਣੀ ਘਟਦਾ ਜਾ ਰਿਹਾ, ਪਤਾ ਨਹੀਂ ਕਿਹੜੇ ਵੇਲੇ ਢਿੱਗ ਪਾਣੀ 'ਚ ਗਿਰ ਜਾਏ ਤੇ ਆਦਮੀ ਮਰ ਜਾਏ। ਉਨ੍ਹਾਂ ਨੇ ਮੰਨ ਲਿਆ ਕਿ ਅੱਗੇ ਦੋਜਕ ਤਪਿਆ ਹੋਇਆ ਹੈ। ਉਥੇ ਹਾਹਾਕਾਰ ਹੋ ਰਹੀ ਹੈ। ਕੋਈ ਸੁਣਨ ਵਾਲਾ ਨਹੀਂ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਸੁਣਿਆ, ਸਾਰੀ ਗੱਲ ਸਮਝ ਲਈ। ਸੋਝੀ ਆਈ, ਮੁਰਸ਼ਦ ਵਾਲੇ ਬਣੇ, ਪੀਰ ਵਾਲੇ ਬਣੇ, ਗੁਰੂ ਵਾਲੇ ਬਣੇ ਤੇ ਸੋਝੀ ਆ ਗਈ। ਕਿੰਨੇ ਪ੍ਰਤੀਸ਼ਤ ਸੋਝੀ ਆ ਗਈ? ਸੋਝੀ, ਸੋਝੀ ਦਾ ਫਰਕ ਹੈ। ਕਹਿੰਦੇ ਇੱਕ ਪੀਰ ਵਾਲੇ ਬਣ ਗਏ, ਇਕਨਾ ਨੂੰ ਥੋੜ੍ਹੀ ਸੋਝੀ ਹੋਈ, ਇਕਨਾ ਨੂੰ ਸਭ ਸੋਝੀ ਹੋਈ। ਇੱਕ ਪੂਰੀ ਤਰ੍ਹਾਂ ਹੀ ਸਮਝ ਗਏ ਗੱਲ ਕਿ ਗੱਲ ਤਾਂ ਆਹ ਹੈ।

***ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥***

***ਅੰਗ - 1383***

ਜਿਹੜੇ ਕੰਮ ਇੱਥੇ ਕੀਤੇ ਹੋਏ ਨੇ ਉਹ ਦਰਗਾਹ ਦੇ ਵਿੱਚ ਜਾ ਕੇ ਗਵਾਹ ਬਣ ਜਾਣੇ ਨੇ। ਉਨ੍ਹਾਂ ਨੇ ਗਵਾਹੀ ਦੇਣੀ ਹੈ। ਇਕਨਾ ਨੂੰ ਇਸ ਤੋਂ ਵੀ ਉਪਰ ਸੋਝੀ ਆ ਗਈ। ਆਪਣੇ ਆਪੇ ਦਾ ਹੀ ਗਿਆਨ ਹੋ ਗਿਆ। ਸੋਝੀ 'ਚ ਫਰਕ ਹੈ। ਇਕਨਾ ਨੇ ਗੁਰੂ ਧਾਰਨ ਕਰ ਲਿਆ, ਗੁਰੂ ਦੇ ਦੱਸੇ ਹੋਏ ਚਿੰਨ੍ਹ ਧਾਰਨ ਕਰ ਲਏ ਲੇਕਿਨ ਅਜੇ ਗੁਰੂ ਦੇ ਸ਼ਬਦ ਵਿੱਚ ਵਿਕੇ ਨਹੀਂ ਹੈਗੇ, ਆਪਣਾ ਆਪ ਬਚਾ ਕੇ ਰੱਖਿਆ ਹੋਇਆ ਹੈ। ਗੁਰੂ ਦੀ ਗੱਲ ਸੁਣੀ ਨਹੀਂ ਹੈ। ਗੁਰੂ ਕਹਿੰਦਾ ਹੈ ਪਿਆਰਿਆ! ਜੇ ਤੂੰ ਮੇਰੇ

ਨਾਲ ਸਬੰਧ ਜੋੜਨਾ ਹੈ, ਜੇ ਤੂੰ ਸੱਚਮੁੱਚ ਹੀ ਚਾਹੁੰਦਾ ਹੈਂ ਕਿ ਤੇਰਾ ਕੁਛ ਬਣ ਜਾਵੇ। ਤਾਂ ਤੇਰੇ ਕੋਲ ਇੱਕ ਚੀਜ਼ ਹੈ ਜਿਹੜੀ ਤੇਰਾ ਤੇ ਮੇਰਾ ਸਬੰਧ ਜੁੜਨ ਨਹੀਂ ਦਿੰਦੀ। ਉਹਨੂੰ ਲਿਖਿਆ ਤਾਂ ਮਨ ਕਰਕੇ ਹੈ ਲੇਕਿਨ ਇਸ ਮਨ ਦੇ ਵਿੱਚ ਚਾਰ ਚੀਜ਼ਾਂ ਇਕੱਠੀਆਂ ਆ ਜਾਂਦੀਆਂ ਨੇ। ਇੱਕ ਤਾਂ ਉਹ ਹਿੱਸਾ ਹੈ ਜਿਹੜਾ ਸੰਕਲਪ ਤੇ ਵਿਕਲਪ ਕਰੀ ਜਾਂਦਾ ਹੈ। ਚੰਗੇ ਫੁਰਨੇ ਕਰਨ ਲੱਗ ਗਿਆ। ਮਾੜੇ ਕਰਨ ਲੱਗ ਗਿਆ ਯਾਨਿ ਇਹ ਇੰਸਟ੍ਰੂਮੈਂਟ ਐਸਾ ਹੈ ਪ੍ਰਮੇਸ਼ਰ ਨੇ ਦਿੱਤਾ ਹੋਇਆ ਕਿ ਇੱਕ ਸਕਿੰਟ ਵਾਸਤੇ ਵੀ ਟਿਕਦਾ ਹੈ, ਬਿਨਾਂ ਜ਼ਰੂਰਤ ਦੀਆਂ ਗੱਲਾਂ ਸੋਚੀ ਜਾਂਦਾ ਹੈ। ਹਰ ਵਕਤ tension ਬਣਾ ਕੇ ਰੱਖਦਾ ਹੈ, ਦਿਮਾਗ ਦੇ ਅੰਦਰ। ਹਿੱਲੀ ਜਾਣਾ ਹੈ ਇਹਨੇ ਖੜ੍ਹਨਾ ਨਹੀਂ ਹੈ। ਇਹ ਕੇਵਲ ਜਦ ਖੜ੍ਹਦਾ ਹੈ ਜਦੋਂ ਗਿਆਨ ਹੋ ਜਾਵੇ, ਉਸ ਤੋਂ ਪਹਿਲਾਂ ਇਹ ਟਿਕਦਾ ਹੀ ਨਹੀਂ। ਦੂਸਰਾ ਇਹਦੇ ਵਿੱਚ ਬੁੱਧੀ ਹੈ, ਉਹ ਜਿਹੜੀ ਬੁੱਧੀ ਹੈ ਉਹ power (ਸ਼ਕਤੀ) ਹੈ ਉਹ ਚੰਗੇ ਤੇ ਮੰਦੇ ਦਾ ਨਿਰਨਾ ਕਰਨ ਵਾਲੀ ਸ਼ਕਤੀ ਹੈ। ਉਹ ਜਿਹੜੀ ਹੈ ਪ੍ਰਮੇਸ਼ਰ ਨਾਲ ਉਹ ਵੀ ਨਹੀਂ ਮਿਲਣ ਦਿੰਦੀ। ਤੀਸਰਾ ਇਹਦੇ ਵਿੱਚ ਚਿੱਤ ਹੈ, ਚਿਤਵਨੀ ਕਰਦਾ ਰਹਿੰਦਾ ਹੈ ਇਹ ਵੀ ਨਹੀਂ ਮਿਲਣ ਦਿੰਦਾ। ਚੌਥਾ ਇਹਦੇ ਵਿੱਚ ਅਹੰਭਾਵ ਹੈ 'ਮੈਂ' ਭਾਵ, ਇਹ ਨਹੀਂ ਹਟਦਾ, ਇਹ ਸਾਰਿਆਂ ਨਾਲੋਂ ਮਾੜਾ ਹੈ। ਵੈਸੇ ਤਾਂ ਚਾਰੋਂ ਹੀ ਇੱਕ ਤੋਂ ਇੱਕ ਚੜ੍ਹੇ ਹੋਏ ਨੇ। ਪਰ ਇਹ ਤਾਂ ਹੱਦ ਦੀ ਹੀ ਗੱਲ ਹੈ ਇਨ੍ਹਾਂ ਸਾਰਿਆਂ ਨੂੰ ਬਰੈਕਟ ਕਰਕੇ ਮਨ ਕਿਹਾ ਹੈ ਮਹਾਰਾਜ ਨੇ। ਬਈ ਜੇ ਤੂੰ ਬਣਨਾ ਹੈ, ਸਾਡੇ ਨਾਲ ਤੂੰ ਸਬੰਧ ਜੋੜਨਾ ਹੈ ਫੇਰ ਸਾਡਾ ਹੁਕਮ ਮੰਨ, ਫੇਰ ਸਾਨੂੰ ਦੋਸ਼ ਨਾ ਦੇਈਂ ਕਿ ਮੈਂ ਸਿੱਖੀ ਧਾਰਨ ਕਰ ਲਈ ਤੇ ਮੇਰਾ ਤਾਂ ਕੁਛ ਬਣਿਆ ਹੀ ਨਹੀ ਹੁਣ ਤੱਕ। ਮੈਂ ਪਾਠ ਵੀ ਬਥੇਰੇ ਕਰੇ, ਸੁਣੇ ਵੀ ਬਹੁਤ, ਲੰਮੀਆਂ-ਲੰਮੀਆਂ ਬਾਣੀਆਂ ਪੜ੍ਹੀਆਂ। ਅਖੰਡਪਾਠ ਮੈਂ ਕਰਦਾ ਰਿਹਾ, ਆਪ ਕਰੇ ਪਾਠ, ਪੂਜਾ ਕਰੀ, ਦਾਨ ਕਰੇ, ਬਣਿਆ ਨਹੀਂ ਕੁਛ? ਆਪੇ ਹੀ ਵਿਚਾਰ ਕੇ ਦੇਖ ਲਓ ਕਿ ਬਣਿਆ ਕਿਸੇ ਦਾ ਕੁਛ? ਦੂਜਿਆਂ ਨਾਲੋਂ ਬਹੁਤ ਅੱਛੇ ਨੇ ਲੇਕਿਨ ਜਿਸ ਮੰਜ਼ਲ 'ਤੇ ਪਹੁੰਚਣਾ ਹੈ ਉਥੇ ਪਹੁੰਚ ਨਹੀਂ ਸਕਦੇ। ਇਹਦੇ 'ਚ ਜਿਹੜਾ ਜੀਵਤ ਭਾਵ ਹੈ, ਜਿਉਂਦੀ ਚੀਜ਼ ਇਹ ਚਾਰੇ ਚੀਜ਼ਾਂ ਗਿਣ ਲਈਆਂ ਜਿਹਨੂੰ ਅੰਤਸ਼ਕਰਣ ਕਹਿੰਦੇ ਨੇ। ਮਰਨ ਤੋਂ ਬਾਅਦ ਸਰੀਰ ਮਰ ਜਾਂਦਾ ਹੈ ਇਹ ਅੰਤਸ਼ਕਰਣ ਸੂਖਸ਼ਮ ਸਰੀਰ ਦਾ ਇੱਕ etherical body ਹੈ ਇਹ ਨਹੀਂ ਮਰਿਆ ਕਰਦੀ। ਇਹ ਜੀਉਂਦੀ ਰਹਿੰਦੀ ਹੈ, ਗੁਰੂ ਮਹਾਰਾਜ ਕਹਿੰਦੇ ਜੇ ਤੂੰ ਮੇਰੇ ਨਾਲ ਸਬੰਧ ਜੋੜਨਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

***ਅੰਗ - 1102***

ਨਿਮਰਤਾ ਧਾਰਨ ਕਰਕੇ, ਆਪਣੇ ਆਪ ਨੂੰ ਕਬੂਲ ਕਰਕੇ ਕਿ ਮੇਰੇ ਅੰਦਰ ਜਿਹੜੀ ਮੈਂ ਭਾਵਨਾ ਹੈ, ਇਹ ਭਾਵਨਾ ਜਿਹੜੀ ਹੈ ਇਹਨੂੰ ਮਹਾਰਾਜ ਕਹਿੰਦੇ ਨੇ ਕਿ ਇਹ ਮਾਰ ਦੇ, ਇਹ ਜੀਉਂਦੀ ਹੈ। ਇਹ ਜੀਉਂਦੀ ਕੀ ਕਰਦੀ ਹੈ, ਮੈਨੂੰ ਵਾਹਿਗੁਰੂ ਤੋਂ ਵੱਖਰਾ ਕਰ ਦਿੰਦੀ ਹੈ, ਵਾਹਿਗੁਰੂ ਨਾਲ

ਜੁੜਿਆ ਨਹੀਂ ਰਹਿਣ ਦਿੰਦੀ। ਗੱਲ ਬਿਲਕੁਲ ਸਿੱਧੀ ਹੈ, ਕੋਈ ਲੰਮੀਆਂ ਫਿਲਾਸਫੀਆਂ, ਲੰਮੀਆਂ ਬਾਤਾਂ ਸੁਣਨ ਕਹਿਣ ਦੀ ਬਾਤ ਨਹੀਂ ਹੈ। ਸੂਤਰ ਰੂਪ 'ਚ ਜੇ ਇਹ ਗੱਲ ਸਮਝ ਪੈ ਜਾਵੇ ਕਿ - *'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥'*

ਪਹਿਲੀ ਸ਼ਰਤ ਹੈ ਇਹ ਗੁਰੂ ਕੋਲ ਜਾਣ ਦੀ -

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਅੰਗ - 1412***

ਇਹ ਬਹੁਤ ਔਖੀ ਖੇਡ ਹੈ।

***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***
***ਅੰਗ - 1412***

ਜਦੋਂ ਤੱਕ ਇਹ ਗੱਲ ਅਸੀਂ ਨਹੀਂ ਮੰਨਦੇ, ਓਨੀਂ ਦੇਰ ਤੱਕ ਸਾਡੀ ਤਰੱਕੀ ਹੋ ਨਹੀਂ ਸਕਦੀ, ਕਿਉਂਕਿ ਜਿਹੜੀ ਚੀਜ਼ ਨੂੰ ਸਾਡੇ ਰੁਕਾਵਟ ਪੈਂਦੀ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ਅੰਗ - 624***

ਉਹਨੂੰ ਅਸੀਂ sacrifice (ਸਮਰਪਣ) ਕਰਨ ਵਾਸਤੇ ਤਿਆਰ ਨਹੀਂ ਹਾਂ। ਸਾਡਾ ਮਨ ਨਹੀਂ ਮੰਨਦਾ ਇਸ ਗੱਲ ਨੂੰ ਬਿਲਕੁਲ। ਅਸੀਂ ਜੀਉਂਦੇ ਰਹਿਣਾ ਚਾਹੁੰਦੇ ਹਾਂ, ਰੱਬ ਤੋਂ ਅੱਡ ਰਹਿਣਾ ਚਾਹੁੰਦੇ ਹਾਂ। ਰੱਬ ਵੀ ਹੋਵੇ, ਅਸੀਂ ਵੀ ਹੋਈਏ, ਦੋ ਗੱਲਾਂ ਚਾਹੁੰਦੇ ਹਾਂ। ਮਹਾਰਾਜ ਕਹਿੰਦੇ ਬਿਲਕੁਲ ਨਹੀਂ ਹੁੰਦੀਆਂ, ਗੱਲ ਇੱਕ ਹੋਏਗੀ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅੰਗ - 657***

ਇਹ ਚੀਜ਼ ਜੇ ਤੇਰੇ ਮਨ ਦੇ ਅੰਦਰ ਚਾਓ ਹੈ ਪ੍ਰਮੇਸ਼ਰ ਨੂੰ ਮਿਲਣ ਦਾ, ਇਹ ਜਿਹੜਾ ਤੇਰਾ ਜੀਵਤ ਭਾਵ ਹੈ ਇਹ ਤੈਨੂੰ ਵੇਚਣਾ ਪਵੇਗਾ -

***ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ।***

***ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥***
***ਅੰਗ - 286***

ਇਹ ਇੱਕ ਸੂਤਰ ਹੈ, ਸੂਤਰ ਚਾਬੀ ਵਰਗੀ ਚੀਜ਼ ਹੋਇਆ ਕਰਦੀ ਹੈ। ਜੇ ਆਪਾਂ ਅਰਥ ਕਰੀਏ ਕਿ ਇਹ ਚਾਬੀ ਹੈ। ਉਸ ਤਾਲੇ ਨੂੰ ਲਗ ਜਾਏ ਜਿਹੜਾ ਖੁਲ੍ਹ ਜਾਏ ਸਾਡੇ ਦੱਬਣ 'ਤੇ। ਲੋਹੇ ਦੀਆਂ ਚਾਬੀਆਂ ਹੁੰਦੀਆਂ ਨੇ, ਅੱਖਰਾਂ ਦੀਆਂ ਚਾਬੀਆਂ ਹੁੰਦੀਆਂ ਨੇ, ਇਹ ਇੱਕ ਸਿਧਾਂਤ ਦੀ ਚਾਬੀ ਹੈ। ਗੱਲ ਸਮਝਣੀ ਥੋੜ੍ਹੀ ਔਖੀ ਹੈ ਕਿਉਂਕਿ ਅਸੀਂ ਚਾਬੀ ਕਹਿਣ 'ਤੇ ਚਾਹੁੰਦੇ ਹਾਂ ਕਿ ਚਾਬੀ ਵਰਗੀ ਕੋਈ ਚੀਜ਼ ਹੋਵੇ। ਜਦੋਂ ਅਸੀਂ ਕਹਿੰਦੇ ਹਾਂ -

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - 124*

ਸਤਿਗੁਰੂ ਦੇ ਹੱਥ ਵਿੱਚ ਕੁੰਜੀ ਹੈ। ਆਹ ਕੁੰਜੀ ਪਈ ਹੈ ਸਾਮ੍ਹਣੇ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥*
*ਅੰਗ - 286*

ਰਾਜਾ ਜਨਕ ਬਹੁਤ ਹੀ ਪਰੇਸ਼ਾਨ ਸੀ, ਨੇਕ ਰਾਜਾ ਹੋਇਆ ਹੈ, 14 ਰਾਜੇ ਜਨਕ ਨਾਮ ਦੇ ਹੋਏ ਨੇ। ਜਿਹੜੇ ਜਨਕ ਦੀ ਆਪਾਂ ਗੱਲ ਕਰਦੇ ਹਾਂ ਉਹਦਾ ਅਸਲੀ ਨਾਮ ਸ਼ਿਖਰਧ੍ਵਜ ਸੀ। ਸ੍ਰੀ ਰਾਮ ਚੰਦਰ ਜੀ ਦਾ ਸਮਕਾਲੀ ਸੀ, ਸੀਤਾ ਜੀ ਦਾ ਪਿਤਾ। ਪੂਰੇ ਸਾਧੂ ਦਾ ਮਿਲਾਪ ਹੋਇਆ, ਅੱਜ ਤੱਕ ਨਾਮ ਚੱਲ ਰਿਹਾ ਹੈ ਉਸਦਾ। ਉਮਰ ਕਿੰਨੀ ਸੀ ਸਾਧੂ ਦੀ ਸਾਰੀ 8 ਸਾਲ ਦੀ। ਗੁਰਮੁਖ ਮਿਲਿਆ, ਗੁਰਮੁਖ ਨੇ ਉਹਦੇ ਕਪਾਟ ਖੋਲ੍ਹ ਦਿੱਤੇ, ਅਮਰ ਹੋ ਗਿਆ।

ਉਹ ਜੋ ਰਾਜਾ ਸੀ ਬਹੁਤ ਪਰੇਸ਼ਾਨ ਸੀ। ਪਰੇਸ਼ਾਨੀ ਦਾ ਕਾਰਨ ਕੀ ਸੀ, ਇੱਕ ਦਿਨ ਤਖਤ 'ਤੇ ਬੈਠਾ, ਗਰਮੀਆਂ ਦਾ ਮਹੀਨਾ, ਖੱਸ ਦੀਆਂ ਟੱਟੀਆਂ (ਪਰਦੇ) ਲਾ ਕੇ ਪੱਖੇ ਚਲਾ ਕੇ, ਬਰਫ ਵਰਗਾ ਵਾਤਾਵਰਣ ਬਣਾਇਆ ਹੋਇਆ ਸੀ, ਉਥੇ ਦਰਬਾਰ ਲੱਗਿਆ ਹੋਇਆ ਸੀ। ਬਹੁਤ ਹੀ ਸੁਹਾਵਣਾ ਸੁਗੰਧੀਆਂ ਵਾਲਾ ਥਾਂ, ਸਰੀਰ ਕੁਝ ਥੱਕਿਆ ਹੋਇਆ ਹੋਣ ਕਰਕੇ ਤਖਤ 'ਤੇ ਬੈਠੇ ਬੈਠੇ ਨੂੰ ਨੀਂਦ ਆ ਗਈ ਥੋੜ੍ਹੀ ਜਿਹੀ, ਉਸ ਨੀਂਦ ਦੇ ਅੰਦਰ ਕੀ ਦੇਖਦਾ ਹੈ ਕਿ ਇੱਕ ਦੁਸ਼ਮਣ ਚੜ੍ਹ ਕੇ ਆ ਰਿਹਾ ਹੈ, ਫੌਜਾਂ ਲਈਂ, ਮਾਰੋ ਮਾਰ ਕਰਦਾ। ਇਹਦੀਆਂ ਫੌਜਾਂ ਜਾਂਦੀਆਂ ਨੇ, ਜਾ ਕੇ ਯੁੱਧ ਹੋਇਆ, ਬਹੁਤ ਭਾਰੀ। ਰਾਜੇ ਜਨਕ ਦੀ ਹਾਰ ਹੋਈ, ਮਹੱਲ 'ਤੇ ਕਾਬੂ ਕਰ ਲਿਆ, ਸਭ ਚੀਜ਼ਾਂ 'ਤੇ ਕਬਜ਼ਾ ਕਰ ਲਿਆ। ਏਸਨੂੰ ਦੇਸ਼ ਨਿਕਾਲਾ ਦੇ ਦਿੱਤਾ, ਕੱਪੜੇ ਲੀੜੇ ਇਹਦੇ ਲਾਹ ਲਏ, ਇੱਟਾਂ ਵੱਟੇ ਤੇ ਨਿਰਾਦਰ ਦੀਆਂ ਗੱਲਾਂ ਕਰਨ ਦਾ ਹੁਕਮ ਦਿੱਤਾ ਕਿ ਇੱਟਾਂ ਵੱਟੇ ਮਾਰੋ, ਨਿਰਾਦਰ ਕਰੋ ਇਹਦਾ, ਕੱਢੋ ਇਹਨੂੰ ਦੇਸ਼ 'ਚੋਂ ਬਾਹਰ। ਬਹੁਤ ਦੁੱਖ ਪਾਉਂਦਾ ਰਾਜ ਦੇ ਵਿਚੋਂ ਭੁੱਖਾ ਤਿਹਾਇਆ ਹੋ ਕੇ ਨਿਕਲਿਆ ਤੇ ਦੂਜੇ ਰਾਜੇ ਦੇ ਰਾਜ ਵਿੱਚ ਵੜ ਕੇ ਥੋੜ੍ਹੀ ਦੂਰ ਜਾ ਕੇ ਇੱਕ ਬੇਰੀ ਦਾ ਮੁੱਢ ਸੀ ਉਹਦੇ ਉਤੇ ਬੈਠ ਗਿਆ। ਖੂਨ ਚੋ ਰਿਹਾ ਸੀ ਇੱਟਾਂ ਲੱਗੀਆਂ ਦਾ। ਉਥੇ ਨਿਸ਼ਾਨ ਪੈ ਗਏ, ਭੁੱਖ ਬਹੁਤ ਹੋਈ ਸੀ, ਵਿਰਲਾਪ ਕਰ ਰਿਹਾ ਹੈ ਕਿ ਮੈਂ ਕੀ ਕਰਾਂ, ਪਤਾ ਨਹੀਂ ਲਗਦਾ ਕਿ ਮੈਂ ਕਿੱਥੇ ਆ ਗਿਆ। ਕੋਈ ਪ੍ਰੇਮੀ ਮਿਲਿਆ ਕਹਿਣ ਲੱਗਿਆ ਕਿ ਕੌਣ ਹੈਂ ਤੂੰ? ਕਹਿਣ ਲੱਗਿਆ, ਮੇਰੀ ਵਿਥਿਆ ਕੀ ਸੁਣਨੀ ਹੈ ਪ੍ਰੇਮੀਆਂ! ਮੈਂ ਕੱਲ੍ਹ ਤੱਕ ਰਾਜਾ ਸੀਗਾ ਮਿਥਲਾਪੁਰੀ ਦਾ। ਦੁਸ਼ਮਣ ਆ ਗਿਆ ਪਰਲੇ ਪਾਸਿਓਂ ਚੜ੍ਹ ਕੇ, ਰਾਜ ਖੋਹ ਲਿਆ, ਬਹੁਤ ਬੇਇੱਜ਼ਤ ਕਰਕੇ ਮੈਨੂੰ ਕੱਢ ਦਿੱਤਾ, ਇੱਟਾਂ ਵੱਟੇ ਮਾਰੇ, ਕਿਵੇਂ ਮੇਰੇ ਕੇਸ ਖਿੰਡੇ ਪਏ ਨੇ। ਕਮਲਾ-ਕਮਲਾ ਕਰਕੇ ਮੇਰੇ ਮਗਰ ਬੱਚੇ ਪਏ ਹੋਏ ਸੀ। ਇੱਥੇ ਹੁਣ ਮੈਂ ਪਹੁੰਚਿਆ ਹਾਂ, ਹੁਣ ਕਈ ਦਿਨ ਹੋ ਗਏ ਮੈਨੂੰ ਭੁੱਖੇ

ਤਿਹਾਇਆ ਫਿਰਦੇ। ਪਾਣੀ ਦੀ ਪਿਆਸ ਵੀ ਲੱਗੀ ਹੋਈ ਹੈ ਤੇ ਭੁੱਖ ਵੀ ਬਹੁਤ ਲੱਗੀ ਹੋਈ ਹੈ, ਪੱਲੇ ਮੇਰੇ ਕੁਛ ਵੀ ਨਹੀਂ। ਉਹ ਕਹਿੰਦਾ, ਪ੍ਰੇਮੀਆਂ! ਜੋ ਬੀਤ ਗਈ ਉਹ ਤਾਂ ਬੀਤ ਗਈ, ਉਹਦੀ ਤਾਂ ਨਾ ਹੁਣ ਚਿੰਤਾ ਕਰ। ਲੰਘਿਆ ਸਮਾਂ ਹੱਥ ਨਹੀਂ ਆਇਆ ਕਰਦਾ। ਅੱਜ ਦੀ ਬਾਤ ਸੁਣ, ਹੁਣ ਤੇਰੇ ਕੋਲ ਕੁਛ ਨਹੀਂ। ਇਹਨੂੰ ਮੰਨ ਲੈ ਕਿ ਇਹ ਮੇਰੀ ਹਾਲਤ ਹੈ, ਰਾਜਾਪੁਣਾ ਛੱਡ ਦੇ ਦਿਮਾਗ 'ਚੋਂ, ਜੇ ਸੁਖੀ ਰਹਿਣਾ ਹੈ। ਐਸ ਤਰ੍ਹਾਂ ਕਰ ਔਹ ਸਾਮ੍ਹਣੇ ਨਗਰ ਹੈ, ਉਥੇ ਕਿਸੇ ਰੱਬ ਦੇ ਪਿਆਰੇ ਨੇ ਲੰਗਰ ਚਲਾਇਆ ਹੋਇਆ ਹੈ। ਉਥੇ ਤੇਰੇ ਵਰਗੇ ਬੰਦਿਆਂ ਦੀ ਭੀੜ ਲੱਗੀ ਰਹਿੰਦੀ ਹੈ। ਹੁਣ ਪ੍ਰਸ਼ਾਦਾ ਵਰਤਣ ਦਾ ਵੇਲਾ ਹੋਇਆ-ਹੋਇਆ ਹੈ। ਉਥੇ ਲਾਈਨ ਲੱਗੀ ਹੋਏਗੀ, ਤੂੰ ਲਾਈਨ 'ਚ ਜਾ ਕੇ ਖੜ੍ਹ ਜਾਈਂ ਪ੍ਰਸ਼ਾਦਾ ਮਿਲ ਜਾਏਗਾ। ਲਾਈਨ 'ਚ ਖੜ੍ਹਾ ਹੋ ਗਿਆ, ਬਹੁਤ ਲੰਮੀ ਲਾਈਨ ਸੀ। ਇਹਦੇ ਆਉਂਦੇ-ਆਉਂਦੇ ਤੱਕ, ਇਹ ਖਿਚੜੀ ਵਰਤਾਅ ਰਹੇ ਸੀ, ਖਿੱਚੜੀ ਖਤਮ ਹੋ ਗਈ। ਬੜਾ ਪਛਤਾਇਆ ਕਿ ਹੁਣ ਕੀ ਕਰਿਆ ਜਾਵੇ। ਉਹ ਕਹਿੰਦੇ, ਪ੍ਰੇਮੀਆਂ! ਤੇਰੇ ਕੋਲ ਕੋਈ ਚੀਜ਼ ਨਹੀਂ। ਕੋਈ ਬਰਤਨ ਤਾਂ ਲਿਆ, ਜਿਹਦੇ 'ਤੇ ਅਸੀਂ ਖਿੱਚੜੀ ਪਾ ਦੇਈਏ, ਹੱਥਾਂ 'ਤੇ ਤਾਂ ਸੁੱਟ ਦਏਂਗਾ, ਗਰਮ ਹੈ। ਹੁਣ ਬਰਤਨ ਕੋਈ ਹੈ ਨਹੀਂ, ਕਹਿੰਦੇ ਕਸੌਰਾ ਲੈ ਆ। ਜੂਠੇ ਸੁੱਟੇ ਹੋਏ ਚੁੱਕਦਾ ਨਹੀਂ ਹੈ, ਨਵਾਂ ਲੈਣਾ ਚਾਹੁੰਦਾ ਹੈ, ਪਰ ਹੁਣ ਕੋਈ ਚਾਰਾ ਨਹੀਂ, ਹਰੇਕ ਨੂੰ ਦਸਦਾ ਹੈ ਕਿ ਮੈਂ ਬਾਦਸ਼ਾਹ ਸੀਗਾ, ਮੇਰਾ ਰਾਜ ਖੋਹ ਲਿਆ, ਮੇਰੇ ਕੋਲ ਪੈਸਾ ਨਹੀਂ ਕੋਈ ਵੀ। ਕ੍ਰਿਪਾ ਕਰੋ, ਇੱਕ ਕੌਡੀ ਫੜਾ ਕੇ ਅਗਲੇ ਖਹਿੜਾ ਛੁਡਾ ਲੈਂਦੇ ਸੀ।

19 ਬੰਦਿਆਂ ਕੋਲ ਜਾ ਕੇ, 19 ਕੌਡੀਆਂ ਹੋਈਆਂ। ਘੁਮਿਆਰਾਂ ਦੇ ਕੋਲੋਂ ਜਾ ਕੇ ਕਸੋਰਾ ਲਿਆ, ਲਾਈਨ 'ਚ ਜਾ ਕੇ ਖੜ੍ਹ ਗਿਆ, ਲਾਈਨ ਖਤਮ ਹੋ ਚੁੱਕੀ ਸੀ। ਉਸ ਵੇਲੇ ਜਿਹੜੀ ਥੱਲੇ ਲੱਗੀ ਹੋਈ ਖੁਰਚਣ ਉਹ ਖੁਰਚ ਕੇ ਉਨ੍ਹਾਂ ਨੇ ਪਾ ਦਿੱਤੀ। ਕਹਿਣ ਲੱਗੇ, ਤੇਰੇ ਲੰਘਣੀ ਨਹੀਂ, ਆਹ ਕੋਲ ਚਮਚਾ-ਚਮਚਾ ਘਿਓ ਦਾ ਮਿਲਦਾ ਹੈ ਉਹ ਪੁਆ ਲੈ। ਉਥੇ ਚਲਿਆ ਗਿਆ। ਉਹ ਕਹਿੰਦੇ ਐਨਾ ਲੇਟ ਕਿਉਂ ਆਇਆ ਹੈਂ? ਇਹਨੇ ਕਾਰਨ ਦੱਸਿਆ, ਜਦੋਂ ਉਹ ਪਾਉਣ ਲੱਗੇ ਤਾਂ ਇਹਦਾ ਹੱਥ ਹਿੱਲ ਗਿਆ, ਘਿਉ ਥੱਲੇ ਗਿਰ ਗਿਆ। ਉਨ੍ਹਾਂ ਨੇ ਇਹਨੂੰ ਬਹੁਤ ਤਾੜਨਾ ਕਰੀ। ਕਹਿੰਦੇ, ਇਕ ਤਾਂ ਸ਼ਕਲ ਹੀ ਤੇਰੀ ਐਹੋ ਜਿਹੀ ਡਰਾਉਣੀ ਹੋਈ-ਹੋਈ ਹੈ। ਤੈਨੂੰ ਐਨਾ ਹੀ ਨਹੀਂ ਪਤਾ ਕਿ ਘਿਉ ਸਾਂਭ ਕੇ ਲਈਦਾ ਹੈ, ਬਹੁਤ ਮਿੰਨਤਾਂ ਕਰਨ ਤੋਂ ਬਾਅਦ ਉਨ੍ਹਾਂ ਨੇ ਇੱਕ ਚਮਚਾ ਫੇਰ ਘਿਉ ਦਾ ਪਾ ਦਿੱਤਾ। ਨਾਲ ਤਾਕੀਦ ਕਰ ਦਿੱਤੀ ਕਿ ਇੱਥੇ ਨਾ ਬੈਠੀਂ ਉਹ ਪਰ੍ਹੇ ਚਲਿਆ ਜਾਹ, ਰਸਤੇ ਦੇ ਕੋਲ। ਉਥੇ ਜਾ ਕੇ ਸ਼ੁਕਰ ਕਰਿਆ ਕਿ ਚਲੋ ਕੁਛ ਤਾਂ ਪੇਟ ਵਿੱਚ ਜਾਏਗਾ ਹੀ। ਜਦੋਂ ਬੁਰਕੀ ਲੈ ਕੇ ਉਂਗਲੀਆਂ ਦੇ ਵਿੱਚ ਪਾਉਣ ਲੱਗਿਆ ਮੂੰਹ 'ਚ, ਦੋ ਸਾਂਡ ਭਿੜਦੇ ਆ ਗਏ, ਉਨ੍ਹਾਂ ਦੀ ਫੇਟ ਲੱਗੀ, ਕਸੋਰਾ ਫੁੱਟ ਗਿਆ, ਨਾਲ ਦੀ ਨਾਲ ਆਪ ਔਹ ਪਰ੍ਹੇ ਜਾ ਕੇ ਗਿਰਿਆ। ਗਿਰਦੇ ਦੀ ਅੱਖ ਖੁਲ੍ਹ ਗਈ। ਹੈਰਾਨ ਹੋ ਗਿਆ, ਹੁਣ ਉਹ ਨਕਸ਼ਾ ਹੁਣ

ਹਟਦਾ ਨਹੀਂ ਹੈ ਅੱਖਾਂ ਦੇ ਸਾਮ੍ਹਣਿਓਂ। ਏਧਰ ਦੇਖਦਾ ਹੈ ਤਾਂ ਤਖਤ 'ਤੇ ਬੈਠਾ ਹੈ। ਸਮਝ 'ਚ ਨਹੀਂ ਆ ਰਿਹਾ ਕਿ ਇਹ ਕੀ ਹੋ ਗਿਆ। ਮੇਰਾ ਤਾਂ ਰਾਜ ਜਾਂਦਾ ਰਿਹਾ ਸੀ, ਮੈਂ ਤਖਤ 'ਤੇ ਕਿੱਥੋਂ ਬਹਿ ਗਿਆ। ਇਹ ਤਾਂ ਸਾਰੇ ਮੇਰੇ ਅਹਿਲਕਾਰ ਪੁਰਾਣੇ ਬੈਠੇ ਨੇ। ਹੁਣ ਤਾਂ ਮੈਂ ਸੜਕ ਦੇ ਉਤੇ ਕੁਛ ਖਾਣ ਲੱਗਿਆ ਸੀ, ਮੈਂ ਬੇਹੋਸ਼ ਹੋ ਗਿਆ, ਕੀ ਹੋ ਗਿਆ? ਐਧਰਲਾ ਵੀ ਯਾਦ ਆਉਂਦਾ ਹੈ, ਓਧਰਲਾ ਵੀ ਆਉਂਦਾ ਹੈ, ਹੁਣ ਨਿਰਣਾ ਨਹੀਂ ਕੋਈ ਹੁੰਦਾ। ਉੱਠ ਕੇ retireing room (ਅਰਾਮ ਕਰਨ ਵਾਲਾ ਕਮਰਾ) 'ਚ ਚਲਿਆ ਗਿਆ। ਬਹੁਤ ਪਰੇਸ਼ਾਨ ਹੋਇਆ, ਕਿਸੇ ਨੂੰ ਨਹੀਂ ਵੜਨ ਦਿੰਦਾ। ਰੋਈ ਜਾਂਦਾ ਹੈ ਕਿ ਮੇਰੇ ਨਾਲ ਕੀ ਭਾਣਾ ਵਰਤਿਆ ਹੈ। ਚੂੰਡੀ ਵੱਢ-ਵੱਢ ਕੇ ਦੇਖਦਾ ਹੈ ਕਿ ਮੈਂ ਸੁੱਤਾ ਤਾਂ ਨਹੀਂ ਹਾਂ। ਲੇਕਿਨ ਐਨਾ ਗਹਿਰਾ ਅਸਰ ਹੋਇਆ-ਹੋਇਆ, ਨਿਰਣਾ ਹੀ ਨਹੀਂ ਹੁੰਦਾ ਕਿ ਇਹ ਸੁਪਨਾ ਹੈ ਕਿ ਉਹ ਸੁਪਨਾ ਹੈ। ਅਖੀਰ ਜਦ ਆਪ ਦੀ ਸਮਝ 'ਚ ਨਾ ਆਇਆ ਉਸ ਵੇਲੇ ਉਹਨੇ ਵੱਡੇ-ਵੱਡੇ ਵਿਦਵਾਨ ਭਾਰਤ ਵਰਸ਼ ਦੇ ਬੁਲਾਉਣੇ ਸ਼ੁਰੂ ਕੀਤੇ, ਨਾਲ ਬਹੁਤ ਸਤਿਕਾਰ ਕਰਿਆ ਕਰੇ, ਇੱਕ ਬੇਨਤੀ ਕਹਿ ਦਿਆ ਕਰੇ ਕਿ ਮਹਾਂਪੁਰਸ਼ੋ! ਤੁਸੀਂ ਧੁਰੰਦਰ ਵਿਦਵਾਨ ਓਂ, ਮੇਰਾ ਇੱਕ ਮਸਲਾ ਹੱਲ ਕਰੋ। ਜਦੋਂ ਤੱਕ ਮੇਰਾ ਨਿਸ਼ਚਾ ਨਹੀਂ ਹੁੰਦਾ ਮੈਂ ਜਾਣ ਨਹੀਂ ਦੇਣਾ। ਸਰਾਪ ਨਾ ਮੈਨੂੰ ਦਿਓ ਮੈਂ ਸੇਵਾ ਕਰਾਂਗਾ। ਸਵਾਲ ਕਰੇ ਕਿ 'ਇਹ ਸੱਚਾ ਕਿ ਓਹ ਸੱਚਾ?' ਅਖੀਰ ਕਿਸੇ ਤੋਂ ਜਵਾਬ ਨਾ ਦੇ ਹੋਵੇ, ਖੋਲ੍ਹ ਕੇ ਗੱਲ ਨਾ ਕਰੇ, ਕਿਸੇ ਦੀ ਸਮਝ 'ਚ ਨਾ ਆਵੇ। ਚੁੱਪ ਕਰ ਜਾਂਦੇ ਸੀ ਕਿ ਸੋਚ ਕੇ ਦੇਵਾਂਗੇ। ਕਰਦੇ-ਕਰਦੇ ਸਾਰੇ ਭਾਰਤ ਵਰਸ਼ ਦੇ ਵਿਦਵਾਨ ਬੁਲਾ ਕੇ ਬੈਰਕਾਂ ਦੇ ਵਿੱਚ ਜਗ੍ਹਾ ਦਿੱਤੀ ਹੋਈ ਹੈ, ਉਥੇ ਰਹਿੰਦੇ ਨੇ। ਕਮਰੇ ਦਿੱਤੇ ਹੋਏ ਨੇ, ਸਹੂਲਤਾਂ ਸਾਰੀਆਂ ਨੇ, ਖਾਣਾ-ਦਾਣਾ ਪੂਰਾ ਮਿਲਦਾ ਹੈ। ਲੇਕਿਨ ਜਾ ਨਹੀਂ ਸਕਦੇ ਜਦੋਂ ਤੱਕ ਜਵਾਬ ਨਹੀਂ ਦਿੰਦੇ।

ਬੜੀ ਹੈਰਾਨੀ ਹੋ ਗਈ। ਉਸ ਵੇਲੇ ਇੱਕ ਰਿਸ਼ੀ ਦਾ ਇਕੱਲਾ ਹੀ ਪੁੱਤਰ, ਜਦੋਂ ਉਸਨੂੰ ਪਤਾ ਲੱਗਿਆ, ਮਾਂ ਨੂੰ ਕਹਿਣ ਲੱਗਿਆ ਕਿ ਇਹ ਤਾਂ ਗੱਲ ਹੀ ਕੁਛ ਨਹੀਂ ਹੈ ਤੇ ਤੂੰ ਤਾਂ ਇਹ ਕਹਿੰਦੀ ਹੈਂ ਕਿ ਮੇਰੇ ਪਿਤਾ ਬਹੁਤ ਵੱਡੇ ਵਿਦਵਾਨ ਨੇ, ਆਹ ਤਾਂ ਮਾੜਾ ਜਿਹਾ ਬੰਦਾ ਹੀ ਇਸ ਗੱਲ ਦਾ ਜਵਾਬ ਦੇ ਸਕਦਾ ਹੈ। ਮਾਂ ਪਾਲਕੀ ਤਿਆਰ ਕਰਾ ਮਿਥਲਾਪੁਰੀ ਵਾਸਤੇ ਮੈਂ ਜਾਵਾਂਗਾ। ਕਹਿਣ ਲੱਗੀ, ਬੇਟਾ! ਦੂਰ ਬਹੁਤ ਹੈ, ਤੇਰੀ ਉਮਰ ਛੋਟੀ ਹੈ। ਕਹਿੰਦਾ, ਨਹੀਂ ਮੈਂ ਪਿਤਾ ਜੀ ਨੂੰ ਲੈ ਕੇ ਆਵਾਂਗਾ। ਚਲਿਆ ਜਾਂਦਾ ਹੈ ਉਥੇ ਜਾ ਕੇ ਕੁਛ ਐਸੇ ਅਲੌਕਿਕ ਕੰਮ ਕਰੇ ਕਿ ਰਾਜੇ ਨੂੰ ਵਿਸ਼ਵਾਸ਼ ਹੋ ਗਿਆ ਕਿ ਕੋਈ ਖਾਸ ਹੀ ਰਿਸ਼ੀਕੁਮਾਰ ਹੈ, ਇਹ ਆਮ ਨਹੀਂ ਹੈ, ਕੋਈ ਖਾਸ ਹੈ। ਅਖੀਰ ਉਸ ਨੇ ਕਿਹਾ ਕਿ ਰਾਜਨ! ਦਰਬਾਰ ਲਾਓ। ਸਾਧੂ ਮਹਾਂਪੁਰਸ਼ ਸਭ ਬੈਠੇ ਨੇ ਤੇ ਉਨ੍ਹਾਂ ਦੇ ਸਾਮ੍ਹਣੇ ਮੇਰੇ 'ਤੇ ਸਵਾਲ ਕਰੀਂ, ਮੈਂ ਜਵਾਬ ਦੇਵਾਂਗਾ। ਦਰਬਾਰ ਲੱਗ ਗਿਆ, ਇਹ ਜੋ ਰਿਸ਼ੀ ਸੀ ਅੱਠ ਕੁ ਸਾਲ ਦੀ ਉਮਰ ਇਹਦੀ ਦਸਦੇ ਨੇ ਜਾਂ ਨੌਂ ਦੀ ਹੋਣੀ ਹੈ। ਇਹ ਜਵਾਬ ਦੇਣ ਵਾਸਤੇ ਆਉਂਦਾ ਹੈ। ਇੱਕ ਪਾਸੇ ਵੱਡੇ-ਵੱਡੇ ਵਿਦਵਾਨ, ਵੱਡੇ ਰਿਸ਼ੀ ਮੁਨੀ ਸਭ ਬੈਠੇ ਨੇ ਜਿਸ ਵਕਤ ਇਹ ਸਿੰਘ

ਦੁਆਰ ਤੋਂ ਪੌੜ ਚੜ੍ਹਦਾ ਹੋਇਆ, ਉਨ੍ਹਾਂ ਦੀ ਨਜ਼ਰੀਂ ਪਿਆ, ਤਾਂ ਇਹਦਾ ਸਰੀਰ ਵਲ ਜਾਂਦਾ ਸੀ, ਅੱਠ ਵਲ ਸੀ ਇਹਦੇ ਸਰੀਰ 'ਚ। ਇਹਦਾ ਨਾਉਂ ਅਸ਼ਟਾਵਕਰ ਸੀ, ਅੱਠ ਵਲਾਂ ਵਾਲਾ। ਇਹਨੂੰ ਦੇਖ ਕੇ ਸਾਰੇ ਹੱਸ ਪਏ, ਹੱਸਣ ਦੀ ਆਵਾਜ਼ ਆਈ। ਇਸ ਬੱਚੇ ਨੇ ਉਨ੍ਹਾਂ ਵਲ ਇਹੋ ਜਿਹੀ ਹਰਕਤ ਕਰੀ, ਉਨ੍ਹਾਂ ਨੇ ਆਪਣੀ ਬੇਇਜ਼ਤੀ ਸਮਝੀ, ਕਹਿਣ ਲੱਗੇ, ਹੇ ਰਾਜਨ! ਆਹ ਬੱਚਾ ਤੁਹਾਡਾ ਜਵਾਬ ਦੇਵੇਗਾ? ਇਹ ਤਾਂ ਬੜਾ ਗੁਸਤਾਖ ਹੈ ਦੇਖੋ ਸਾਡੇ ਵਲ ਕਿਵੇਂ ਦੰਦੀਆਂ ਚੜ੍ਹਾਈ ਜਾਂਦਾ ਸੀ?

ਕਹਿਣ ਲੱਗਿਆ, ਰਿਸ਼ੀ ਕੁਮਾਰ! ਸਾਰੇ ਬਹੁਤ ਵੱਡੇ-ਵੱਡੇ ਵਿਦਵਾਨ ਭਾਰਤ ਵਰਸ਼ ਦੇ ਬੈਠੇ ਨੇ ਤੇ ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ, ਸਾਰੇ ਬਹੁਤ ਸਤਿਕਾਰ ਕਰਦੇ ਨੇ। ਤੁਹਾਨੂੰ ਵੀ ਸਤਿਕਾਰ ਕਰਨਾ ਬਣਦਾ ਹੈ।

ਕਹਿਣ ਲੱਗੇ, ਰਾਜਨ! ਇਹ ਤੂੰ ਵਿਦਵਾਨ ਬੈਠੇ ਕਹਿਨਾਂ ਹੈਂ ਇਹ ਤਾਂ ਸਾਰੇ ਹੀ ਚਮਾਰ ਬੈਠੇ ਨੇ।

ਬ੍ਰਾਹਮਣ ਜਿੰਨੇ ਬੈਠੇ ਸੀ ਸਭ ਨਰਾਜ਼ ਹੋ ਗਏ। ਵਿਦਵਾਨ ਜਿੰਨੇ ਰਿਸ਼ੀ-ਮੁਨੀ ਬੈਠੇ ਸੀ ਸਰਾਪ ਦੇਣ ਨੂੰ ਉੱਠ ਕੇ ਖੜ੍ਹੇ ਹੋ ਗਏ। ਕਹਿੰਦੇ, ਬੰਦ ਕਰੋ ਇਸ ਬੱਚੇ ਨੂੰ, ਕਿਹੋ ਜਿਹਾ ਸ਼ਬਦ ਸਾਡੇ ਵਾਸਤੇ ਵਰਤਦਾ ਹੈ। ਉਹ ਕਹਿਣ ਲੱਗਿਆ, ਰਿਸ਼ੀ ਜਨੋ! ਵਿਚਾਰ ਕਰੋ। ਤੁਸੀਂ ਹੋਂ ਆਤਮ ਦਰਸ਼ੀ ਸਾਰੇ, ਪਰ ਤੁਹਾਡੀ ਦ੍ਰਿਸ਼ਟੀ ਤਾਂ ਮੇਰੇ ਚਰਨ ਤੋਂ ਉਤੇ ਨਹੀਂ ਗਈ। ਚੰਮ ਦੇ ਵਿੱਚ ਵਪਾਰ ਕਰਨ ਵਾਲੇ ਨੂੰ ਚਮਾਰ ਕਹਿੰਦੇ ਨੇ। ਲੱਕੜੀ ਵਾਲੇ ਨੂੰ ਲੱਕੜੀ ਵਾਲਾ ਕਹਿੰਦੇ ਨੇ। ਜ਼ਿੰਮੀਦਾਰ ਨੂੰ ਜ਼ਿੰਮੀਦਾਰ ਕਹਿੰਦੇ ਨੇ, ਜਿਹੋ ਜਿਹਾ ਕੋਈ ਕਿੱਤਾ ਕਰਦਾ ਹੈ ਉਹੋ ਜਿਹਾ ਨਾਮ ਪੈ ਜਾਂਦਾ ਹੈ। ਬੰਦੇ ਤਾਂ ਸਾਰੇ ਇੱਕੋ ਨੇ, ਆਤਮਾ 'ਚ ਤਾਂ ਕੋਈ ਫਰਕ ਹੈ। ਕਿੱਤੇ ਦਾ ਨਾਉਂ ਹੈ ਤੇ ਤੁਸੀਂ ਮੇਰੇ ਚਮੜੇ ਨੂੰ ਦੇਖ ਰਹੇ ਓਂ ਕਿ ਅੱਠ ਵਲ ਪਏ ਹੋਏ ਨੇ। ਮੈਂ ਤਾਂ ਨਹੀਂ ਨਾ ਪਾਏ, ਪ੍ਰਮੇਸ਼ਰ ਨੇ ਪਾ ਦਿੱਤੇ। ਲੇਕਿਨ ਮੇਰੇ ਆਤਮ ਗਿਆਨ ਦੇ ਵਿੱਚ ਤਾਂ ਕੋਈ ਵਲ ਨਹੀਂ ਹੈ। ਜੇ ਗੰਨਾ ਟੇਢਾ-ਮੇਢਾ ਹੁੰਦਾ ਹੈ, ਉਹਦੇ ਰਸ ਵਿੱਚ ਤਾਂ ਕੋਈ ਫਰਕ ਨਹੀਂ ਹੁੰਦਾ। ਸੋ ਮੈਂ ਤੁਹਾਡੀ ਇਹ ਚਰਮ-ਦ੍ਰਿਸ਼ਟੀ ਦੇਖ ਕੇ ਤੁਹਾਨੂੰ ਇਸ ਸ਼ਬਦ ਨਾਲ ਸੰਬੋਧਨ ਕਰਿਆ ਹੈ। ਨੀਵੀਆਂ ਪਾ ਲਾਈਆਂ। ਕਿਸੇ ਤੋਂ ਜਵਾਬ ਨਹੀਂ ਆਉਂਦਾ। ਕਹਿਣ ਲੱਗੇ, ਬੜੀ ਭੁੱਲ ਹੋਈ। ਸੱਚਮੁੱਚ ਅਸੀਂ ਤਾਂ ਚਰਮ ਦ੍ਰਿਸ਼ਟੀ 'ਚ ਆ ਗਏ। ਬ੍ਰਹਮ ਦ੍ਰਿਸ਼ਟੀ ਸਾਡੇ ਕਿਤੇ ਦੀ ਕਿਤੇ ਗਈ ਕਿਉਂਕਿ ਬ੍ਰਹਮਦ੍ਰਿਸ਼ਟੀ ਪੂਰਨ ਤੌਰ ਦੇ ਉਤੇ ਪ੍ਰਗਟ ਨਹੀਂ ਸੀ ਕਿਸੇ ਦੀ। ਇਸੇ ਕਰਕੇ ਉਹਦਾ ਸੰਸਾ ਨਵਿਰਤ ਨਹੀਂ ਕਰ ਸਕੇ। ਕਹਿਣ ਲੱਗੇ, ਸਵਾਲ ਕਰ।

ਰਾਜਾ ਕਹਿਣ ਲੱਗਿਆ ਕਿ ਰਿਸ਼ੀ ਕੁਮਾਰ! ਇਹ ਸੱਚਾ ਕਿ ਓਹ ਸੱਚਾ?

ਕਹਿੰਦਾ, ਐਵੇਂ ਜਿਵੇਂ ਜਵਾਬ ਲੈਣਾ ਹੈ? ਜੇ ਇਵੇਂ ਜਿਵੇਂ ਜਵਾਬ ਲੈਣਾ ਹੈ ਤਾਂ ਇਹ ਵੀ ਝੂਠਾ ਓਹ ਵੀ ਝੂਠਾ। ਜੇ ਜਵਾਬ ਖੋਲ੍ਹ ਕੇ ਲੈਣਾ

ਹੈ ਤਾਂ ਗੱਲ ਖੋਲ੍ਹ ਕੇ ਕਰ।

ਰਾਜਾ ਚੁੱਪ ਕਰ ਗਿਆ, ਸ਼ਰਮ ਦਾ ਮਾਰਿਆ ਗੱਲ ਨਹੀਂ ਕਰ ਕਦਾ।

ਅਸ਼ਟਾਵਕਰ ਰਿਸ਼ੀਆਂ ਨੂੰ ਸੰਬੋਧਨ ਕਰਕੇ ਕਹਿਣ ਲੱਗਿਆ ਕਿ ਹੇ ਮਹਾਂਪੁਰਸ਼ੋ! ਰਾਜੇ ਨੂੰ ਇੱਕ ਸੁਪਨਾ ਆਇਆ, ਉਹ ਇਹਦੇ ਮਨ ਦੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਪਾਗਲਪੁਣੇ ਦੀ ਹੱਦ ਤੱਕ ਜਾ ਰਿਹਾ ਹੈ। ਇਹ ਹੁਣ ਨਿਰਣਾ ਨਹੀਂ ਕਰ ਸਕਦਾ ਕਿ ਇਹ ਸੁਪਨਾ ਸੱਚਾ ਹੈ ਕਿ ਇਹ ਜਾਗ੍ਰਤ ਸੱਚੀ ਹੈ। ਮੇਰਾ ਜੋ ਜਵਾਬ ਹੈ ਉਹ ਇਹ ਹੈ ਕਿ ਜਾਗ੍ਰਤ ਵੀ ਝੂਠੀ ਹੈ ਤੇ ਸੁਪਨਾ ਵੀ ਝੂਠਾ ਹੈ। ਇਹ ਦੋਵੇਂ ਝੂਠੇ ਨੇ ਜਿੰਨਾਂ ਚਿਰ ਆਤਮ ਦ੍ਰਿਸ਼ਟੀ, ਆਤਮ ਜਾਗ ਨਹੀਂ ਆਉਂਦੀ, ਓਨੀਂ ਦੇਰ ਤੱਕ ਇਹ ਜੋ ਬੰਦਾ ਹੈ ਇਹਦੇ ਸਾਰੇ ਕਾਰਜ ਜਿੰਨੇ ਵੀ ਕਰ ਰਿਹਾ ਹੈ, ਜ਼ਮੀਨਾਂ ਖਰੀਦਦਾ ਹੈ, ਬੱਚੇ ਪੜ੍ਹਾ ਰਿਹਾ ਹੈ, ਕੋਠੀਆਂ ਪਾਉਂਦਾ ਹੈ, ਪ੍ਰਚਾਰ ਕਰ ਰਿਹਾ ਹੈ, ਬੜਾ ਕੁਛ ਕਰ ਰਿਹਾ ਹੈ, ਮੁਕੱਦਮੇਬਾਜ਼ੀਆਂ, ਅਫਸਰੀਆਂ ਕਰ ਰਿਹਾ ਹੈ। ਹੈ ਕੀ?

ਮਹਾਰਾਜ ਕਹਿੰਦੇ, ਇਹ ਤਾਂ ਸੁਫਨਾ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - 808***

ਤੇ ਨਾਲ ਮਹਾਰਾਜ ਨੇ ਕਿਹਾ ਹੈ ਕਿ ਆਦਮੀ ਕਹਿੰਦਾ ਹੈ ਕਿ ਮੈਂ ਪੜ੍ਹਿਆ ਲਿਖਿਆ ਹਾਂ, ਮੈਂ ਬਹੁਤ ਵਿਦਵਾਨ ਹਾਂ ਪਰ ਪਿਆਰਿਆ ਤੇਰੀ ਵਿਦਵਤਾ ਤਾਂ ਹੈ ਜੇ ਤੂੰ ਸੁਪਨੇ ਤੋਂ ਉਪਰ ਹੋ ਕੇ ਸੋਚੇਂ। ਪਰ ਤੂੰ ਤਾਂ ਸੁਪਨੇ ਦੇ ਵਿੱਚ ਚਿੱਤ ਲਾ ਬੈਠਿਆ -

***ਧਾਰਨਾ - ਲਾ ਲਿਆ ਮੂਰਖਾ, ਚਿੱਤ ਨਾਲ ਸੁਪਨੇ ਦੇ।***

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ ਅੰਗ - 707***

ਸਿਆਣੇ ਬੰਦੇ ਨੇ ਲਾਇਆ ਹੈ? ਮਹਾਰਾਜ ਕਹਿੰਦੇ ਨਹੀਂ, ਮੂਰਖ ਨੇ ਲਾਇਆ ਹੈ। ਸੁਪਨਾ ਲੰਘ ਗਿਆ ਤੇ ਚਿੱਤ ਲਾਉਣ ਵਾਲਾ ਕੌਣ ਹੈ, ਜਿਹੜਾ ਸੁਪਨੇ ਨਾਲ ਚਿੱਤ ਲਾ ਲਵੇ।

ਇੱਕ ਰਾਜਾ, ਉਸ ਦੇ ਉਤੇ ਕਿਸੇ ਰਾਜੇ ਨੇ ਹਮਲਾ ਕਰ ਦਿੱਤਾ। ਬਹੁਤ ਹੀ ਭਿਆਨਕ ਯੁੱਧ ਹੋਇਆ। ਤਿੰਨ ਦਿਨ, ਤਿੰਨ ਰਾਤਾਂ ਲਗਾਤਾਰ ਲੜਾਈ ਕਰਦਾ ਰਿਹਾ ਤੇ ਚੌਥੇ ਦਿਨ ਜਾ ਕੇ 96 ਘੰਟੇ ਦੀ ਲੜਾਈ ਤੋਂ ਬਾਅਦ ਉਹਦੀ ਫਤਹਿ ਹੋਈ। ਬੜੀਆਂ ਖੁਸ਼ੀਆਂ ਰਾਜਧਾਨੀ 'ਚ ਮਨਾਈਆਂ ਗਈਆਂ। ਸਭ ਖਤਮ ਹੋ ਗਏ। ਕਿਉਂਕਿ ਉਹ ਰਾਜਾ ਬੜਾ ਜ਼ਾਲਮ ਸੀ। ਰਿਆਇਆ ਡਰ ਰਹੀ ਸੀ ਕਿ ਜੇ ਕਿਤੇ ਸਾਡਾ ਰਾਜਾ ਹਾਰ ਗਿਆ ਤਾਂ ਅਸੀਂ ਤਾਂ ਜ਼ੁਲਮ ਵਿੱਚ ਪੀਹੇ ਜਾਵਾਂਗੇ। ਪਹਿਲਾਂ ਤਾਂ ਉਹਨੇ ਕਤਲੇਆਮ ਕਰਾਉਣੀ ਹੈ ਇੱਥੇ ਆ ਕੇ। ਧੀਆਂ-ਭੈਣਾਂ ਦੀ ਇੱਜ਼ਤ ਖਰਾਬ ਕਰਨੀ ਹੈ, ਘਰ ਬਾਰ ਲੁੱਟੇ ਜਾਣੇ ਨੇ ਅੱਗਾਂ ਲੱਗ ਜਾਣੀਆਂ ਨੇ। ਕੀ ਕਰਾਂਗੇ। ਦੁਆ ਮੰਗਦੇ, ਅਰਦਾਸਾਂ ਕਰਦੇ ਸੀ ਕਿ ਹੇ ਪ੍ਰਭੂ! ਸਾਡਾ ਰਾਜਾ ਜਿੱਤ ਜਾਵੇ।

ਜਿੰਨੇ ਜੁਆਨ ਬੰਦੇ ਸੀ ਸਭ ਸ਼ਸਤਰਧਾਰੀ ਹੋ ਕੇ ਯੁੱਧ ਵਿੱਚ ਚਲੇ ਗਏ ਸੀ। ਜਦੋਂ ਜਿੱਤ ਹੋ ਗਈ ਫੇਰ ਖੁਸ਼ੀਆਂ ਕੁਦਰਤੀ ਨੇ। ਰਾਜਾ ਵਾਪਸ ਰਾਜਧਾਨੀ ਮੁੜਦਾ ਹੈ, ਸੰਖੇਪ ਖੁਸ਼ੀਆਂ ਮਨਾਉਣ ਤੋਂ ਬਾਅਦ ਕਹਿਣ ਲੱਗੇ ਕਿ ਆਪਾਂ ਦਿਨ ਬੰਨ੍ਹ ਦਿਓ, ਓਦਣ ਸਾਰੀ ਰਿਆਇਆ ਵੀ ਹੋਏਗੀ, ਪਬਲਿਕ ਵੀ ਹੋਏਗੀ। ਖੁੱਲ੍ਹੇ ਮੈਦਾਨ ਦੇ ਅੰਦਰ, ਵੱਡੇ ਪੰਡਾਲ ਲਾ ਕੇ ਉਥੇ ਖੁਸ਼ੀ ਮਨਾਈ ਜਾਏਗੀ। ਕਹਿਣ ਲੱਗਿਆ, ਵਜ਼ੀਰ ਨੂੰ, ਵਜ਼ੀਰ-ਏ-ਆਜ਼ਮ ਨੂੰ, ਪਰਾਈਮ ਮਨਿਸਟਰ ਨੂੰ, ਪ੍ਰਧਾਨ ਮੰਤਰੀ ਸਾਹਿਬ! ਤੁਹਾਨੂੰ ਪਤਾ ਹੀ ਹੈ ਕਿ 96 ਘੰਟੇ 'ਚ ਮੈਂ ਇੱਕ ਸਕਿੰਟ ਵਾਸਤੇ ਵੀ ਨਹੀਂ ਸੁੱਤਾ, ਹੁਣ ਵੀ ਮੈਨੂੰ ਨੀਂਦ ਆ ਰਹੀ ਹੈ ਤੁਹਾਡੇ ਨਾਲ ਗੱਲ ਕਰਦਿਆਂ ਵੀ। ਮੈਂ ਜੀਅ ਭਰ ਕੇ ਸੌਣਾ ਚਾਹੁੰਦਾ ਹਾਂ ਤੇ ਮੈਨੂੰ ਜਗਾਵੇ ਨਾ ਕੋਈ। ਨਾਲ ਇਹ ਵੀ ਮੈਂ ਕਹਿੰਦਾ ਹਾਂ ਕਿ ਜੇ ਕਿਸੇ ਨੇ ਮੈਨੂੰ ਜਗਾ ਲਿਆ, ਮੈਂ ਸਿਰ ਉਸੇ ਵੇਲੇ ਕੱਟ ਦੇਣਾ ਹੈ। ਚਾਹੇ ਤੂੰ ਹੋਵੇਂ ਚਾਹੇ ਕੋਈ ਹੋਰ ਹੋਵੇ। ਐਨਾ ਕਹਿ ਕੇ ਰਾਜਾ ਆਪਣੇ ਬੈਡਰੂਮ 'ਚ ਚਲਿਆ ਗਿਆ। ਬੰਦੋਬਸਤ ਕਰ ਦਿੱਤੇ ਕਿ ਕੋਈ ਉਥੇ ਰੌਲਾ-ਰੱਪਾ ਨਾ ਸੁਣਾਈ ਦੇਵੇ ਓਸਨੂੰ। ਏਧਰਲੇ ਪਾਸੇ ਜੋ ਉਸਦਾ ਰਾਜਕੁਮਾਰ ਸੀ ਉਹ ਜ਼ਖਮੀ ਹੋਇਆ-ਹੋਇਆ ਸੀ, ਹਕੀਮ ਉਸਦਾ ਇਲਾਜ ਕਰ ਰਹੇ ਸੀ, ਲੇਕਿਨ ਇੱਕ ਦਿਨ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ। ਉਸ ਵੇਲੇ ਖਿਆਲ ਹੋਇਆ ਕਿ ਹੁਣ ਕੀ ਕਰਿਆ ਜਾਵੇ। ਰਾਜਾ ਤਾਂ ਸੌਂ ਗਿਆ, ਹੁਕਮ ਉਹਦਾ ਬਹੁਤ ਕਰੜਾ ਹੈ। ਬਹੁਤ ਮੁਸ਼ਕਲ ਹੈ ਹੁਣ ਇਹਨੂੰ ਜਗਾਣਾ ਤਾਂ। ਚਲੋ ਇੰਤਜ਼ਾਰ ਕਰੋ ਕੱਲ੍ਹ ਦਾ ਦਿਨ। ਫੇਰ ਸਸਕਾਰ ਕਰ ਲਵਾਂਗੇ। ਦੂਸਰਾ ਦਿਨ ਵੀ ਲੰਘ ਗਿਆ, ਉਡੀਕਦੇ ਰਹੇ ਕਿ ਹੁਣ ਉਠਿਆ-ਹੁਣ ਉਠਿਆ ਪਰ ਉਠਿਆ ਨਾ। ਤੀਸਰਾ ਦਿਨ ਆ ਗਿਆ, ਸਾਰਾ ਦਿਨ ਇੰਤਜ਼ਾਰ ਕਰਦੇ ਰਹੇ ਲੇਕਿਨ ਰਾਜਾ ਫੇਰ ਨਾ ਉਠਿਆ, ਚੌਥਾ ਦਿਨ ਆ ਗਿਆ, ਹੁਣ ਕੋਈ ਚਾਰਾ ਨਹੀਂ। ਕਹਿਣ ਲੱਗੇ, ਰਾਜਕੁਮਾਰ! ਮਰਿਆ ਪਿਆ, ਸਸਕਾਰ ਕਰਨਾ ਹੈ, ਸੋਗ ਮਨਾਇਆ ਜਾ ਰਿਹਾ ਹੈ ਸਾਰੀ ਰਿਆਸਤ ਵਿੱਚ ਪਰ ਰਾਜਾ ਸੁੱਤਾ ਪਿਆ ਕਿ ਕਰਿਆ ਕੀ ਜਾਵੇ।

ਅਖੀਰ ਵਜ਼ੀਰ ਵੱਡਾ ਕਹਿਣ ਲੱਗਿਆ ਕਿ ਚਲੋ, ਮਾਰੇਗਾ ਤਾਂ ਮੈਨੂੰ ਮਾਰੇਗਾ, ਮੈਂ ਜਗਾਵਾਂਗਾ। ਉਹ ਬੈਡਰੂਮ 'ਚ ਜਾਂਦਾ ਹੈ, ਜਾ ਕੇ ਹੌਲੀ-ਹੌਲੀ ਬੜੇ ਢੰਗ ਦੇ ਨਾਲ ਰਾਜੇ ਨੂੰ ਜਗਾਇਆ। ਲੇਕਿਨ ਰਾਜਾ ਉਠਦੇ ਸਾਰ ਰੋਣ ਲੱਗ ਗਿਆ। ਹੈਰਾਨ ਹੋ ਗਿਆ। ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਕੀ ਗੱਲ ਹੈ? ਤੁਹਾਨੂੰ ਐਨਾ ਵੈਰਾਗ ਕਿਉਂ ਆ ਗਿਆ। ਉਹ ਕਹਿੰਦਾ ਤੂੰ ਮੈਨੂੰ ਕਿਉਂ ਜਗਾਇਆ? ਕਹਿਣ ਲੱਗਿਆ, ਮਹਾਰਾਜ! ਤੁਹਾਡਾ ਰਾਜਕੁਮਾਰ ਚੜ੍ਹਾਈ ਕਰ ਗਿਆ, ਤਿੰਨ ਦਿਨ ਹੋ ਗਏ, ਉਹਦਾ ਮਿਰਤਕ ਸਰੀਰ ਪਿਆ ਹੈ। ਉਹ ਕਹਿਣ ਲੱਗਿਆ, ਵਜ਼ੀਰ ਸਾਹਿਬ! ਇਹ ਤਾਂ ਇੱਕ ਰਾਜਕੁਮਾਰ ਮਰਿਆ ਹੈ, ਤੂੰ ਮੇਰੇ ਚਾਰ ਮਾਰ ਦਿੱਤੇ। ਮੇਰੀ ਗੋਦੀ 'ਚ ਬੈਠੇ ਖੇਲ੍ਹਦੇ ਸੀ, ਪਦਮਨੀ ਰਾਣੀਆਂ ਸੀ, ਮੈਂ ਪਰਿਵਾਰ ਦੇ ਵਿੱਚ ਮੌਜ ਨਾਲ ਘੁੰਮ ਰਿਹਾ ਸੀ। ਤੂੰ ਇੱਕ ਨੂੰ ਕਹਿੰਦਾ ਹੈਂ ਤੂੰ ਮੇਰੇ ਚਾਰ ਮਾਰ ਦਿੱਤੇ। ਕਹਿਣ ਲੱਗਿਆ, ਮਹਾਰਾਜ! ਉਹ ਤਾਂ ਸੁਪਨਾ ਸੀ ਆਪ ਨੂੰ

ਆਉਂਦਾ। ਕਹਿੰਦੇ, ਫੇਰ ਇਹ ਕੀ ਹੈ ਜਿੱਥੇ ਤੂੰ ਹੈਂ, ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ। ਜਾਗ੍ਰਤ ਅਵਸਥਾ ਨਹੀਂ ਹੈ, ਜਾਗ੍ਰਤ ਅਵਸਥਾ ਹੋਰ ਹੈ। ਮਹਾਰਾਜ ਕਹਿੰਦੇ, ਇਹ ਜੀਵ ਹੈ ਨਾ ਜਿਹੜਾ ਇਹ ਅੰਤਸ਼ਕਰਣ ਦੀ ਸੇਜਾ 'ਤੇ ਸੌਂ ਗਿਆ। ਇਹਦੀ ਨੀਂਦ ਨਹੀਂ ਖੁਲ੍ਹਦੀ। ਬੜੀਆਂ ਹਾਕਾਂ ਮਾਰ ਰਹੇ ਨੇ ਸਾਧੂ ਜਨ, ਚਾਰੇ ਵੇਦ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਰਿਸ਼ੀ ਮੁਨੀ, ਪੀਰ ਫਕੀਰ, ਦਰਵੇਸ਼, ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਬੇਅੰਤ ਸਾਧੂ ਸੰਤ, ਏਸ ਮੱਤ ਦੇ ਆਵਾਜ਼ਾਂ ਦਿੰਦੇ ਨੇ ਕਿ ਪਿਆਰਿਆ! ਤੂੰ ਜਾਗ। ਤੈਨੂੰ ਨੀਂਦ ਨੇ ਘੇਰਿਆ ਹੋਇਆ ਹੈ, ਬੜੀ ਲੰਮੀ ਨੀਂਦ ਜੋ ਹੈ ਉਹ ਉਤਰਨ 'ਚ ਨਹੀਂ ਆਉਂਦੀ। ਤੂੰ ਜਾਗ ਲੇਕਿਨ ਜਾਗ ਨਹੀਂ ਆਉਂਦੀ, ਉਪਦੇਸ਼ ਦਿੰਦੇ-ਦਿੰਦੇ, ਕਹਿੰਦੇ ਹੈਰਾਨੀ ਦੀ ਗੱਲ ਹੈ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ, ਦਿੱਤੀਆਂ ਬਾਗਾਂ ਤੋਂ ਨਾ ਜਾਗਦੇ।***

ਫੁਰਮਾਨ ਕਰਦੇ ਨੇ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***

***ਅੰਗ - 1378***

ਚਾਰੇ ਵੇਦ, ਸਤਾਈ ਸਿਮ੍ਰਤੀਆਂ, ਧਰਮ ਗ੍ਰੰਥ ਸਾਰੇ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਸਾਧੂ ਮਹਾਤਮਾ ਉੱਚੀ-ਉੱਚੀ ਬੋਲ ਕੇ ਲਾਊਡ ਸਪੀਕਰਾਂ ਦੇ ਨਾਲ ਸੰਸਾਰ ਨੂੰ ਜਗਾ ਰਹੇ ਨੇ, ਕਹਿੰਦੇ ਹੈਰਾਨੀ ਦੀ ਗੱਲ ਹੈ ਐਨੀਆਂ ਹਾਕਾਂ ਮਾਰਨ ਦੇ ਬਾਵਜੂਦ ਇਹ ਸਰੀਰ, ਜਿਹੜਾ ਜੀਵ ਹੈ ਇਹ ਬਿਲਕੁਲ ਨਹੀਂ ਜਾ ਰਿਹਾ, ਉਥੇ ਦਾ ਉਥੇ ਸੁੱਤਾ ਪਿਆ ਹੈ।

***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਕਹਿੰਦੇ, ਜਿਹੜਾ ਸ਼ੈਤਾਨ ਨੇ ਵੰਞਾ ਲਿਆ, ਠੱਗੀ ਕਰ ਲਈ ਉਹ ਚਿੱਤ ਕਿਵੇਂ ਫਿਰੇ। ਉਹਦਾ ਚਿੱਤ ਨਹੀਂ ਫਿਰਦਾ ਉਥੇ ਹੀ ਲੱਗਿਆ ਹੋਇਆ ਹੈ ਮਾਇਆ ਦੇ ਨਾਲ, ਨਹੀਂ ਟੁੱਟਦਾ। ਮਹਾਰਾਜ ਕਹਿੰਦੇ, ਠਗਮੂਰੀ ਸੁੰਘਾ ਦਿੱਤੀ ਇਹਨੂੰ। ਠੱਗਾਂ ਦੀ ਇੱਕ ਬੂਟੀ ਹੁੰਦੀ ਸੀ, ਉਹ ਨਾਲੇ ਗੱਲਾਂ ਕਰੀ ਜਾਂਦੇ, ਨਾਲੇ ਹੱਥ ਦੇ ਪਿਛਲੇ ਪਾਸੇ ਲਾ ਕੇ, ਨੱਕ ਦੇ ਕੋਲੋਂ ਦੋ ਕੁ ਵਾਰੀ ਲੰਘਾ ਦਿੰਦੇ ਸੀ। ਉਹ ਝੱਲਾ ਜਿਹਾ ਹੋ ਜਾਂਦਾ ਸੀ। ਲੁੱਟ ਲੈਂਦੇ ਸੀ ਉਹਨੂੰ। ਕਹਿੰਦੇ, ਇਵੇਂ ਜਿਵੇਂ ਠਗਮੂਰੀ ਸੁੰਘਾਈ ਹੋਈ ਹੈ ਜੀਵਾਂ ਨੂੰ ਜਾਗ ਨਹੀਂ ਆਉਂਦੀ, ਗੱਲ ਤਾਂ ਸਿੱਧੀ ਹੀ ਹੈ, ਲੇਕਿਨ ਜਾਗਦੇ ਨਹੀਂ ਹਨ। ਮਹਾਰਾਜ ਕਹਿੰਦੇ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*** ***ਅੰਗ - 707***

'ਮੂਰਖ' ਦਾ ਖਿਤਾਬ ਦਿੱਤਾ ਹੈ, ਅਸੀਂ ਲੋਕ ਉਸੇ ਖਿਤਾਬ ਦੇ ਵਿੱਚ ਆ ਜਾਂਦੇ ਹਾਂ। ਕਿਉਂਕਿ ਸਾਡਾ ਚਿੱਤ ਜਿਹੜਾ ਹੈ ਉਹ ਸੁਪਨੇ ਨਾਲ ਲੱਗ ਗਿਆ -

***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***

*ਆਰਜਾ ਗਈ ਵਿਹਾਇ ਧੰਧੈ ਧਾਇਆ ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ ॥* **ਅੰਗ - 707**

ਕਹਿੰਦੇ ਮੋਹਿਆ ਹੋਇਆ ਪੂਰੇ ਕੰਮ ਨਹੀਂ ਹੁੰਦੇ, ਫੇਰ ਕੀ ਕਰਿਆ ਜਾਵੇ। ਕਹਿੰਦੇ ਭੁਲਾ ਦਿੱਤਾ ਪ੍ਰਮੇਸ਼ਰ ਨੇ। ਜਾਗ ਇਹਨੂੰ ਆਉਂਦੀ ਹੈ, ਸਰੀਰ ਸੁੱਤਾ ਜਾਗ ਪੈਂਦਾ ਹੈ ਲੇਕਿਨ ਮਨ ਸੁੱਤਾ ਨਹੀਂ ਇਹਦਾ ਜਾਗਦਾ, ਐਸਾ ਸੌਂ ਗਿਆ ਕਹਿੰਦੇ ਇਹਦੇ ਜਾਗਣ ਦਾ ਸਿਰਫ ਇਹਦਾ ਇੱਕ ਉਪਾਅ ਹੈ ਕੋਈ ਇਹਦਾ ਕਰਮ ਚੰਗਾ ਅੱਗੇ ਆ ਜਾਵੇ ਤੇ ਉਹ ਫਲ ਦੇਣ ਨੂੰ ਹੋ ਜਾਵੇ ਤਿਆਰ, ਜਿਵੇਂ ਹੁਣ ਅੱਜਕੱਲ੍ਹ ਕਣਕ ਦੇ ਦਾਣੇ ਫਲ ਨੂੰ ਤਿਆਰ ਹੋਏ ਹੋਏ ਨੇ। ਵੱਤਰ ਵਿੱਚ ਪਾ ਦਿਓ, ਸਾਰੇ ਉੱਗ ਆਉਂਦੇ ਨੇ। ਕਹਿੰਦੇ, ਐਸ ਤਰ੍ਹਾਂ ਵੱਤਰ ਲੱਗ ਜਾਵੇ ਇਹਦੇ ਕਰਮਾਂ ਨੂੰ। ਪੁੰਨਾਂ ਨੂੰ, ਉਹ ਪੁੰਨ ਦਾ ਫਲ ਦੇਣ ਵਾਸਤੇ ਕਰਮ ਤਿਆਰ ਹੋ ਜਾਣ ਫੇਰ ਕੀ ਹੋਏਗਾ? ਕਹਿੰਦੇ ਫੇਰ ਪੂਰਨ ਮਹਾਂਪੁਰਸ਼ ਦਾ ਮਿਲਾਪ ਹੋ ਜਾਏਗਾ। ਇਹ ਗੁਰਬਾਣੀ ਦਾ ਸਿਧਾਂਤ ਹੈ ਕਿ ਜਾਗੇ ਹੋਏ ਮਹਾਂਪੁਰਸ਼ ਦੀ ਸੋਭਤ ਪ੍ਰਾਪਤ ਹੋ ਜਾਏਗੀ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ*
*ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* **ਅੰਗ - 204**

ਖੁਸ਼ਕ ਗਿਆਨੀ ਨਾਲ ਨਹੀਂ ਮੇਲ ਹੋਣਾ, ਰਸਕ ਬੈਰਾਗੀ ਦੇ ਦਰਸ਼ਨ ਹੋ ਜਾਣਗੇ। ਉਹ ਰਸਕ ਬੈਰਾਗੀ ਦੀ ਸੰਗਤ ਜਿਹੜੀ ਹੈ, ਬਚਨ ਜਿਹੜੇ ਨੇ ਇਹਨੂੰ ਜਗਾ ਦੇਣਗੇ। ਹਨ੍ਹੇਰਾ ਕਿਹੜਾ ਪੈ ਗਿਆ? ਮੋਟੀ ਜਿਹੀਓ ਗੱਲ ਹੈ, ਲਕੋ ਵਾਲੀ ਨਹੀਂ ਗੁਰੂ ਸਾਹਿਬ ਨੇ ਰੱਖੀ। ਆਹ ਚਾਰੇ ਹੀ ਪਾਸੇ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
**ਅੰਗ - 677**

ਉਹ ਸੁੱਖ ਦੇਣ ਵਾਲੀ, ਪਾਲਣ ਵਾਲੀ, ਉਹ ਜੋਤ ਸਾਰੇ ਪਾਸੇ ਹੈ। ਕਿਤੇ ਵੀ ਉਹ ਭੁੱਲਦੀ ਨਹੀਂ ਅਸੀਂ ਤੁਰੇ ਜਾਈਏ, ਹਵਾਈ ਜਹਾਜ਼ 'ਤੇ ਚੜ੍ਹ ਜਾਈਏ, ਤੇਜ਼ ਗੱਡੀ ਤੇ ਚੜ੍ਹ ਜਾਈਏ, ਜੋਤ ਨਹੀਂ ਕਦੇ ਮੁੱਕਦੀ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
**ਅਕਾਲ ਉਸਤਤਿ**

ਇਹ ਜਾਗਿਆਂ ਹੋਇਆ ਨੇ ਦੱਸ ਦਿੱਤਾ ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ। ਉਹ ਸਾਨੂੰ ਮਹਿਸੂਸ ਹੀ ਨਹੀਂ ਹੁੰਦੀ ਅਸੀਂ ਫੇਰ ਉਸੇ ਚਿੰਤਾ 'ਚ। ਉਸੇ ਰੌਲੇ-ਰੱਪੇ 'ਚ। ਉਸ ਤਰ੍ਹਾਂ ਕਹਿੰਦੇ ਹਾਂ ਕਿ ਅਸੀਂ ਰੱਬ ਨੂੰ ਪਛਾਣ ਲਿਆ। ਜੇ ਪਛਾਣ ਲਿਆ ਫੇਰ ਤੌਖਲੇ ਕਿਹੜੀਆਂ ਗੱਲਾਂ ਦੇ? ਉਹ ਤਾਂ ਨਾਲ ਹੈ। ਜਾਗ ਨਹੀਂ ਆਈ, ਹਨ੍ਹੇਰਾ ਪਿਆ ਹੋਇਆ ਹੈ। ਅੰਧੇਰਾ ਪੈ ਕੇ ਅਸਲੀ ਚੀਜ਼ ਨਹੀਂ ਆਉਂਦੀ। ਨਕਲੀ ਚੀਜ਼ ਨਜ਼ਰ ਆ ਰਹੀ ਹੈ। ਇਹ ਹਨ੍ਹੇਰਾ

ਕਿਸੇ ਤਰੀਕੇ ਨਾਲ ਨਹੀਂ ਹਟਦਾ ਕੋਈ ਤਰੀਕਾ ਨਹੀਂ ਹੈ। ਮਹਾਰਾਜ ਕਹਿੰਦੇ ਇੱਕੋ ਤਰੀਕਾ ਹੈ -

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਅੰਗ - 463***

ਕਹਿੰਦੇ, ਸੌ ਚੰਦ ਚੜ੍ਹ ਜਾਏ, ਹਜ਼ਾਰ ਸੂਰਜ। ਫੇਰ ਹੁੰਦਾ ਕੀ ਹੈ? ਕਹਿੰਦੇ, ਬਗੈਰ ਸਮਰੱਥ ਗੁਰੂ ਤੋਂ ਇਹ ਹਨ੍ਹੇਰਾ ਖਤਮ ਨਹੀਂ ਹੋਇਆ ਕਰਦਾ।

***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥***
***ਅੰਗ - 463***

***ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਹਨ੍ਹੇਰਾ,***
***ਚੰਦ ਭਾਵੇਂ ਸੌ ਚੜ੍ਹ ਜਾਏ।***
***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਅੰਗ - 463***

ਮਨ ਦਾ ਹਨ੍ਹੇਰਾ, ਸੂਰਜ ਦੀ ਰੋਸ਼ਨੀ ਨਾਲ, ਚੰਦਰਮਾ ਦੀ ਰੋਸ਼ਨੀ ਨਾਲ, ਟੋਰਚਾਂ ਦੀ ਰੋਸ਼ਨੀ ਨਾਲ, ਬਿਜਲੀ ਦੀ ਰੋਸ਼ਨੀ ਨਾਲ ਜਾਂ ਕੋਈ ਹੋਰ ਰੋਸ਼ਨੀਆਂ ਕਰੋ, ਨਹੀਂ ਮਿਟ ਸਕਦਾ। ਕਿਉਂਕਿ ਹਨ੍ਹੇਰਾ ਬਹੁਤ ਗਾੜ੍ਹਾ ਪੈ ਗਿਆ, ਜਾਗ ਨਹੀਂ ਖੁਲ੍ਹਦੀ ਹੈ, ਸੁੱਤਾ ਪਿਆ ਹੈ ਇਹ ਜੀਵ। ਜਦੋਂ ਮੁਰਸ਼ਦ-ਏ-ਕਾਮਲ ਦੇ ਨਾਲ ਮੇਲ ਹੋ ਜਾਂਦਾ ਹੈ, ਉਸ ਵੇਲੇ ਉਹਦਾ ਪਹਿਲਾ ਕੰਮ ਹੈ ਇਹਦਾ ਹਨ੍ਹੇਰਾ ਦੂਰ ਕਰਨਾ ਤੇ ਇਹਨੂੰ ਜਿਹੜੀ ਨੀਂਦ ਆਈ ਹੋਈ ਹੈ, ਖੁਮਾਰੀ ਚੜ੍ਹੀ ਹੋਈ ਹੈ ਨਸ਼ੇ ਦੀ ਉਸ ਖੁਮਾਰੀ ਨੂੰ ਲਾਹੁੰਣਾ ਪੈਂਦਾ ਹੈ, ਫੇਰ ਜਾਗ ਆ ਜਾਂਦੀ ਹੈ। ਮਹਾਰਾਜ ਫੁਰਮਾਨ ਕਰਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥ ਅੰਗ - 204***

ਜਦੋਂ ਪਿਛਲੇ ਜਨਮਾਂ ਦੇ ਕੀਤੇ ਪੁੰਨਾਂ ਦਾ ਫਲ ਦਾ ਅੰਕੁਰ ਪ੍ਰਗਟ ਹੋ ਜਾਂਦਾ ਹੈ ਫੇਰ ਕੀ ਹੁੰਦਾ ਹੈ? ਉਹ ਵਾਹਿਗੁਰੂ ਵਲੋਂ ਕ੍ਰਿਪਾ ਹੁੰਦੀ ਹੈ। ਪ੍ਰੇਰਨਾ ਹੁੰਦੀ ਹੈ ਕਿ ਤੂੰ ਤੱਤ ਬੇਤੇ ਮਹਾਂਪੁਰਸ਼ ਕੋਲ ਜਾਹ, ਦੱਸ ਪੈ ਜਾਂਦੀ ਹੈ, ਉਸ ਥਾਂ 'ਤੇ ਪਹੁੰਚਦਾ ਹੈ, ਜਾਗਿਆ ਹੋਇਆ ਨੂੰ ਮਿਲਦਾ ਹੈ ਉਹ। ਮਿਲਣ ਨਾਲ ਕਹਿੰਦੇ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ***
***ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ- 204***

ਰਸੀਏ ਦਾ ਮੇਲ ਹੋ ਜਾਂਦਾ ਹੈ, ਖੁਸ਼ਕ ਗਿਆਨੀ ਨਹੀਂ ਹੁੰਦੇ, ਰਸੀਏ ਦਾ ਮੇਲ। ਜਿਹਨੇ ਆਪ ਗੱਲ ਕਰਕੇ ਦੇਖਿਆ ਹੋਇਆ ਹੈ ਉਹਨੂੰ ਮਿਲ ਜਾਂਦਾ ਹੈ। ਉਹ ਜੇ ਪੂਰੀ ਤਰ੍ਹਾਂ ਨਾਲ ਮਿਲ ਜਾਵੇ ਕਿਉਂਕਿ ਮਿਲਣ-ਮਿਲਣ 'ਚ ਵੀ ਫਰਕ ਹੋਇਆ ਕਰਦਾ ਹੈ। ਜੇ ਉਹਦਾ 100%, ਸੌ ਡਿਗਰੀ ਨਾਲ ਮੇਲ ਹੋ ਜਾਵੇ ਫੇਰ ਉਹਦੇ ਵਿੱਚ ਜਾਗ ਆਉਣੀ ਸ਼ੁਰੂ ਹੋ ਜਾਂਦੀ ਹੈ। ਹਨ੍ਹੇਰਾ ਹਟਣਾ ਸ਼ੁਰੂ ਹੋ ਜਾਂਦਾ ਹੈ। ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਜਿਹੜਾ

ਡਰ ਪਿਆ ਹੋਇਆ ਸੀ ਹਨ੍ਹੇਰੇ ਦਾ ਉਹ ਦੂਰ ਹੋਣ ਲੱਗ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਰਾਤ ਨੂੰ ਜਿੱਥੇ ਅਸੀਂ ਪਏ ਹੋਈਏ, ਸਾਡੇ ਕੋਲ ਹੀ ਰੱਸੀ ਗਿਰ ਜਾਵੇ, ਪਹਿਲਾਂ ਅਸੀਂ ਦੇਖੀ ਨਹੀਂ। ਕੋਈ ਮਟਕ ਚਾਨਣਾ ਜਿਹਾ ਹੋਇਆ ਲਾਈਟ ਦਾ, ਫੇਰ ਅਸੀਂ ਦੇਖ ਲਿਆ ਕਿ ਇਹ ਤਾਂ ਸੱਪ ਪਿਆ ਹੈ। ਸਾਨੂੰ ਅਧਿਆਸ ਸੱਪ ਦਾ ਹੋ ਗਿਆ। ਰੱਸੀ ਨਾ ਸਾਡੇ ਧਿਆਨ 'ਚ ਆਈ। ਸਾਰੀ ਰਾਤ ਡਰੀ ਜਾਵਾਂਗੇ ਕਿ ਕਿਤੇ ਉਤੇ ਨਾ ਚੜ੍ਹ ਆਵੇ ਮੰਜੇ ਦੇ, ਜਾਗਦੇ ਰਹਾਂਗੇ, ਸੌਣਾ ਤਾਂ ਕੀ ਹੈ। ਕਿੰਨਾ ਡਰ ਪੈ ਗਿਆ, ਝੂਠੀ ਚੀਜ਼ ਦਾ। ਉਹ ਜਦੋਂ ਕੋਈ ਪ੍ਰੇਮੀ ਆਇਆ ਕਿ ਮੇਰੇ ਮੰਜੇ ਦੇ ਨੇੜੇ ਤਾਂ ਸੱਪ ਪਿਆ ਹੈ, ਉਹ ਕਹਿੰਦਾ ਮੇਰੇ ਕੋਲ ਟਾਰਚ ਹੈ, ਮੈਂ ਦਿਖਾਉਂਦਾ ਹਾਂ ਤੈਨੂੰ? ਜਦੋਂ ਉਹਨੇ ਟੋਰਚ ਦਾ ਚਾਨਣਾ ਕਰਿਆ, ਕਹਿੰਦਾ ਕਿੱਥੇ ਹੈ ਸੱਪ? ਕਹਿੰਦਾ, ਲਗਦਾ ਤਾਂ ਉਹੋ ਜਿਹਾ ਹੈ, ਕਹਿੰਦਾ, ਲੈ ਮੈਂ ਹਿਲਾ ਕੇ ਦਿਖਾਉਂਦਾ ਹਾਂ, ਹੱਥ ਨਾਲ ਫੜ ਲਈਂ ਰੱਸੀ। ਉਹ ਤਾਂ ਜਾ ਕੇ ਉਹਦਾ ਮਨ ਮੰਨਿਆ, ਨਹੀਂ ਤਾਂ ਸਾਰੀ ਰਾਤ ਡਰੀ ਗਿਆ। ਕਿੰਨਾ ਡਰ ਲੱਗਿਆ ਇੱਕ ਝੂਠੀ ਚੀਜ਼ ਦਾ। ਉਹ ਚਾਨਣਾ ਕਰ ਦਿੰਦੇ ਨੇ, ਚਾਨਣਾ ਕਰਕੇ ਇਹਦੇ ਅੰਦਰ ਜਿਹੜੀ ਝੂਠੀ ਦਾ ਪਿਆ ਹੋਇਆ ਹੈ ਨਾ ਆਭਾਸ, ਉਹ ਦੂਰ ਹੋ ਜਾਂਦਾ ਹੈ। ਕਹਿੰਦੇ –

***...........ਜਨਮ ਜਨਮ ਕੀ ਸੋਈ ਜਾਗੀ ॥ ਅੰਗ – 204***

ਆਹ ਜਿਹੜੀ ਸਾਡੀ ਸੁਰਤ ਸੁੱਤੀ ਪਈ ਹੈ, ਅਰਬਾਂ ਖਰਬਾਂ ਦਾਲ ਦੀ ਸੁੱਤੀ ਪਈ ਹੈ। ਨਹੀਂ ਜਾਗ ਆਉਂਦੀ ਜ਼ੋਰ ਲਾ ਲਓ ਕੋਈ ਵੀ। ਇਹਦਾ ਕੋਈ ਮਹਾਰਾਜ ਕਹਿੰਦੇ ਇਲਾਜ ਹੀ ਨਹੀਂ। ਪੜ੍ਹ ਕੇ ਬਿਲਕੁਲ ਹੀ ਜਾਵ ਨਹੀਂ ਆਉਂਦੀ। ਪੜ੍ਹਿਆ ਹੋਇਆ ਤਾਂ ਮਹਾਰਾਜ ਕਹਿੰਦੇ ਉਹਦੇ ਵਿੱਚ ਸਗੋਂ ਹੋਰ ਵਿਕਾਰ ਵੱਧ ਜਾਂਦੇ ਨੇ, ਗੱਲ ਆਉਂਦੀ ਨਹੀਂ ਉਹਦੀ ਸਮਝ 'ਚ।

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥***

***ਅੰਗ – 467***

ਉਹ ਗੱਲ ਨਹੀਂ ਆਉਂਦੀ ਸਾਮ੍ਹਣੇ। ਸਮਝਾਇਆਂ 'ਤੇ ਵੀ ਨਹੀਂ ਪਤਾ ਲਗਦਾ ਕਿਉਂਕਿ ਬਿਰਤੀ ਉਸ ਥਾਂ ਨੂੰ ਫੜਦੀ ਨਹੀਂ, ਟਿਕਦੀ ਨਹੀਂ। ਉਹ ਜਾਗ ਨਹੀਂ ਆਉਂਦੀ, ਪਰ ਉਹ ਜਿਸ ਵਕਤ ਪੂਰਨ ਸਾਧੂ ਮਿਲਦਾ ਹੈ ਉਹਦੇ ਬਚਨਾਂ ਦੇ ਨਾਲ –

***...........ਜਨਮ ਜਨਮ ਕੀ ਸੋਈ ਜਾਗੀ ॥ ਅੰਗ – 204***

ਇਹ ਨੀਂਦ ਚੜ੍ਹੀ ਹੋਈ ਹੈ, ਤਿੰਨ ਗੁਣਾਂ ਦੀ ਨੀਂਦ ਹੈ –

***ਧਾਰਨਾ – ਸੌਂ ਗਿਆ ਸੰਸਾਰ ਜੀ,***
***ਮਾਇਆ ਦੀ ਨੀਂਦ ਗਾੜ੍ਹੀ।***

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ - 920***

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਹੇ ਅਰਜਨ! ਮੈਂ ਪਾਰਬ੍ਰਹਮ ਪ੍ਰਮੇਸ਼ਰ ਆਪਣੀ ਯੋਗ ਮਾਇਆ ਦੇ ਨਾਲ, ਸੰਸਾਰ ਦੀ ਰਚਨਾ ਕਰਕੇ ਇਹਦੇ ਵਿੱਚ ਵਸਦਾ ਹਾਂ, ਘਟ-ਘਟ 'ਚ ਵਿਆਪਕ ਹਾਂ, ਕੋਈ ਥਾਂ ਐਸੀ ਨਹੀਂ ਜਿੱਥੇ ਮੈਂ ਨਹੀਂ ਹਾਂ। ਲੇਕਿਨ ਇਹ ਜੋ ਜੀਵ ਹੈ, ਇਹ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਹੋ ਕੇ ਮੈਨੂੰ ਨਹੀਂ ਪਛਾਣਦਾ, ਜਿਹੜਾ ਤਮਾਸ਼ਾ ਕਰਿਆ ਹੋਇਆ ਹੈ ਝੂਠਾ ਉਹਦੇ 'ਚ ਫਸਿਆ ਬੈਠਾ ਹੈ। ਇਹਨੂੰ ਸਾਧੂ ਸੰਤ ਹਾਕਾਂ ਮਾਰ-ਮਾਰ ਕੇ ਦਸਦੇ ਨੇ ਪਰ ਇਹ ਮੂਰਖ ਸਮਝਦਾ ਹੀ ਨਹੀਂ, ਫੇਰ ਨਕਲ ਨੂੰ ਅਸਲ ਕਹੀ ਜਾਂਦਾ ਹੈ। ਉਹ ਨਾਸ਼ਵਾਨ ਚੀਜ਼ ਹੈ, ਮੈਂ ਪਾਰਬ੍ਰਹਮ ਪ੍ਰਮੇਸ਼ਰ ਜੋ ਜੀਵਨ ਤੱਤ ਹਾਂ ਸਾਰੇ ਸੰਸਾਰ ਦਾ, ਮੇਰਾ ਕਦੇ ਨਾਸ਼ ਨਹੀਂ ਹੁੰਦਾ। ਇਹ ਸਾਰੀ ਮੇਰੀ ਖੇਡ ਹੈ ਮਾਇਆ ਦੇ ਉਹਲੇ ਬੈਠ ਕੇ ਮੈਂ ਕਰ ਰਿਹਾ ਹਾਂ। ਲੇਕਿਨ ਮੈਨੂੰ ਨਹੀਂ ਪਛਾਣ ਰਿਹਾ। ਮਾਇਆ ਦੇ ਵਿੱਚ ਖੱਚਤ ਹੋਈ ਜਾਂਦਾ ਹੈ। ਕਹਿਣ ਲੱਗਿਆ, ਮਹਾਰਾਜ! ਤੁਹਾਡੀ ਮਾਇਆ ਜਿਹੜਿਆਂ ਨੇ ਜਾਣਿਆ ਉਨ੍ਹਾਂ ਨੂੰ ਵੀ ਭੁਲਾ ਦਿੰਦੀ ਹੈ। ਕਹਿੰਦੇ ਕੋਈ ਨਹੀਂ ਫੜ ਸਕਦਾ। ਗਿਆਨ ਹੀ ਸਿਥਲ ਪੈ ਜਾਂਦਾ ਹੈ।

ਕਹਿੰਦਾ, ਮੇਰੇ 'ਤੇ ਪਾ ਕੇ ਦੇਖੋ।

ਕਹਿੰਦੇ, ਕੀ ਕਰਨਾ ਹੈ ਅਰਜਨ! ਦੁਖੀ ਹੋਏਂਗਾ ਮਾਇਆ ਦੇ ਵਿੱਚ। ਤੂੰ ਮੇਰਾ ਭਗਤ ਹੈ, ਫੇਰ ਮੈਨੂੰ ਵੀ ਮਹਿਸੂਸ ਹੋਏਗਾ।

ਨਹੀਂ, ਮਹਾਰਾਜ! ਮੰਨਿਆ ਹੀ ਨਾ।

ਰੱਥ ਅੱਗੇ ਜਾ ਕੇ ਇੱਕ ਤਲਾਬ ਦੇ ਕੰਢੇ ਰੁਕਿਆ, ਕਹਿੰਦਾ, ਮਹਾਰਾਜ! ਮਾਇਆ ਤਾਂ ਦਿਖਾਓ ਕਿਹੋ ਜਿਹੀ ਹੈ।

ਕਹਿੰਦੇ, ਕੀ ਕਰਨਾ ਹੈ ਤੂੰ?

ਜਦੋਂ ਨਾ ਹੀ ਹਟਿਆ ਤਾਂ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਗੜਵੀ ਲੈ ਜਾ ਨਾਲੇ ਇਸ਼ਨਾਨ ਕਰ ਆ, ਇਹ ਸੋਹਣਾ ਪਾਣੀ ਦੇਖ ਕੇ ਲੈ ਆਈਂ, ਅਸੀਂ ਦਾਤਨ ਕਰਨੀ ਹੈ।

ਚਲਿਆ ਗਿਆ, ਜਦੋਂ ਪਾਣੀ 'ਚ ਚੁੱਭੀ ਮਾਰੀ ਇੱਕ। ਮੁੜ ਕੇ ਸਾਰਾ ਵਾਤਾਵਰਣ ਅਲੋਪ ਹੋ ਗਿਆ। ਨਾ ਕ੍ਰਿਸ਼ਨ ਮਹਾਰਾਜ ਦਾ ਰਥ, ਨਾ ਕੋਈ ਹੱਥ 'ਚ ਗੜਵੀ। ਨਾ ਉਹ ਥਾਂ, ਬੜਾ ਹੀ ਭਿਆਨਕ ਜੰਗਲ ਦੇਖਿਆ। ਹਾਕਾਂ ਮਾਰਨ ਲੱਗ ਗਿਆ, ਕਿੱਥੇ ਚਲੇ ਗਏ ਮਹਾਰਾਜ ਤੁਸੀਂ। ਮੈਂ ਕਿੱਥੇ ਆ ਗਿਆ, ਕੁਛ ਨਹੀਂ ਪਤਾ ਲਗਦਾ। ਸ਼ੇਰ, ਹੋਰ ਵੱਡੇ-ਵੱਡੇ ਸੱਪ ਸਾਰੇ ਇਹਦੇ ਵੱਲ ਨੂੰ ਦੌੜੇ ਆਉਂਦੇ ਨੇ, ਨੱਠ-ਨੱਠ ਕੇ ਜਾਨ ਬਚਾਉਂਦਾ ਹੈ। ਹਾਕਾਂ ਮਾਰੀਂ ਜਾਂਦਾ ਹੈ ਕਿ ਚਲੇ ਕਿੱਥੇ ਗਏ ਤੁਸੀਂ ਮੇਰੇ ਨਾਲ ਸੀ। ਇਹ ਭਾਣਾ ਕੀ ਵਰਤ ਗਿਆ, ਤੁਸੀਂ ਬੋਲ ਕੇ ਤਾਂ ਦੱਸ ਦਿਓ। ਸਮਰੱਥ ਪੁਰਸ਼ ਓਂ ਤੁਸੀਂ, ਜਿੱਥੇ ਕੋਈ ਯਾਦ ਕਰੇ, ਉਥੇ ਤੁਸੀਂ ਹਾਜ਼ਰ ਹੁੰਦੇ ਓਂ,

ਹੁਣ ਤਾਂ ਤੁਸੀਂ ਬੋਲਦੇ ਨਹੀਂ।

ਅਖੀਰ ਤਿੰਨ ਚਾਰ ਦਿਨ ਲੰਘ ਗਏ, ਭੁੱਖਾ ਤਿਹਾਇਆ ਦੁਖੀ ਹੋਇਆ ਹੋਇਆ ਜੰਗਲ ਤੋਂ ਬਾਹਰ ਨਿਕਲ ਆਇਆ ਤੇ ਉਸ ਵੇਲੇ ਇੱਕ ਬੰਦਾ ਮਿਲਦਾ ਹੈ, ਦੌੜ ਕੇ ਗਿਆ, ਕਹਿਣ ਲੱਗਿਆ, ਇੱਥੇ ਤੂੰ ਕ੍ਰਿਸ਼ਨ ਮਹਾਰਾਜ ਤਾਂ ਨਹੀਂ ਦੇਖੇ? ਉਹ ਬੰਦਾ ਉਹਦੇ ਚਿਹਰੇ ਵੱਲ ਦੇਖਣ ਲੱਗ ਗਿਆ।

ਕਹਿੰਦੇ, ਕੀ ਦੇਖਦਾ ਹੈਂ?

ਕਹਿੰਦੇ ਐਸ ਤਰ੍ਹਾਂ ਲਗਦਾ ਹੈ ਜਿਵੇਂ ਤੂੰ ਪਾਗਲਖਾਨੇ ਤੋਂ ਨੱਠ ਕੇ ਆਇਆ ਹੈਂ।

ਕਹਿੰਦਾ, ਮੈਂ ਅਰਜਨ ਹਾਂ।

ਕਹਿੰਦਾ, ਫੇਰ ਤਾਂ ਤੂੰ ਪੱਕਾ ਹੀ ਪਾਗਲ ਹੈਂ?

ਕਹਿੰਦਾ, ਅਰਜਨ ਨੂੰ ਹੋਏ ਨੂੰ, ਕ੍ਰਿਸ਼ਨ ਮਹਾਰਾਜ ਨੂੰ ਹੋਏ ਨੂੰ ਤਿੰਨ ਸੌ ਸਾਲ ਲੰਘ ਗਿਆ। ਉਹਦਾ ਪੜਪੋਤਾ ਇਸ ਵੇਲੇ ਰਾਜ ਕਰ ਰਿਹਾ ਹੈ, ਮਤਲਬ ਅਰਜਨ ਦਾ। ਅਭਿਮਨਯੂੰ ਲੜਾਈ 'ਚ ਮਾਰਿਆ ਗਿਆ ਸੀ, ਪ੍ਰੀਸ਼ਦ ਸੱਪ ਲੜ ਕੇ ਮਰ ਗਿਆ ਸੀ ਤੇ ਜਨਮੇਜਾ ਕੋਹੜ ਹੋ ਕੇ ਮਰ ਗਿਆ ਸੀ, ਜਨਮੇਜੇ ਦਾ ਮੁੰਡਾ, ਉਸ ਤੋਂ ਅਗਾਹਾਂ ਉਹਦਾ ਮੁੰਡਾ ਹੁਣ ਰਾਜ ਕਰ ਰਿਹਾ ਹੈ ਤੇ ਆਪਣੇ ਬਜ਼ੁਰਗਾਂ ਦੀ ਕਥਾ ਸੁਣਾਉਣ ਵਾਸਤੇ ਰੋਜ਼ ਧਰਮਸਾਲਾ 'ਚ ਕਥਾ ਹੁੰਦੀ ਹੈ। ਸ਼ੱਕ ਪੈਂਦਾ ਹੈ ਤਾਂ ਚੱਲ ਮੇਰੇ ਨਾਲ ਸੁਣ ਲੈ। ਬੜਾ ਹੈਰਾਨ ਹੋਇਆ, ਉਹਦੀ ਗੱਲ ਵੀ ਝੂਠੀ ਨਹੀਂ ਕਰ ਸਕਦਾ। ਕਹਿੰਦਾ, ਮੈਨੂੰ ਸੁਣਾ।

ਉਹ ਕਹਿੰਦਾ, ਪਹਿਲਾਂ ਇੱਕ ਗੱਲ ਕਰ। ਉਥੇ ਐਸ ਤਰ੍ਹਾਂ ਨਾ ਕਹੀਂ ਕਿ ਮੈਂ ਅਰਜਨ ਹਾਂ। ਰਾਜਾ ਸਾਡਾ ਕ੍ਰਿਸ਼ਨ ਭਗਤ ਹੈ, ਤੈਨੂੰ ਫਾਂਸੀ ਦੇ ਦਏਗਾ। ਪ੍ਰਦੇਸੀ ਕਹੀਂ ਕਿ ਮੈਂ ਪਰਦੇਸੀ ਹਾਂ। ਉਥੇ ਚਲਿਆ ਜਾਂਦਾ ਹੈ, ਕਥਾ ਹੋ ਰਹੀ ਹੈ, ਸੰਖੇਪ ਦੇ ਵਿੱਚ ਬੋਲਣ ਵਾਲੇ ਨੇ ਦੱਸਿਆ ਕਿ ਪਹਿਲੀਆਂ ਕਥਾਵਾਂ 'ਚ ਤੁਸੀਂ ਸੁਣਿਆ ਕਿ ਪਾਂਡਵਾਂ ਨੇ ਰਾਜ ਭਾਗ ਆਪਣੇ ਪੋਤੇ ਪ੍ਰੀਸ਼ਦ ਨੂੰ ਦੇ ਦਿੱਤਾ। ਆਪ ਪ੍ਰਸ਼ਾਚਿਤ ਕਰਨ ਵਾਸਤੇ, ਹਿਮਾਲੀਆ ਪਰਬਤ, ਬਦਰੀਨਾਥ ਤੋਂ ਉਤੇ ਚਲੇ ਗਏ ਤੇ ਉਤੇ ਚਲਦੇ-ਚਲਦੇ ਕਿਸੇ ਨੂੰ ਨਹੀਂ ਪਤਾ ਕਿ ਪਹਾੜਾਂ 'ਚ ਗਲ ਕੇ ਮਰ ਗਏ ਜਾਂ ਕਿਤੇ ਪਹੁੰਚ ਗਏ। ਅਨੁਮਾਨ ਹੈ ਕਿ ਉਹ ਉਥੇ ਬਰਫਾਂ 'ਚ ਗਲ ਗਏ।

ਕਹਿਣ ਲੱਗੇ, ਉਸ ਤੋਂ ਬਾਅਦ ਪ੍ਰੀਸ਼ਦ ਦਾ ਰਾਜ ਹੋਇਆ, ਪ੍ਰੀਸ਼ਦ ਦੇ ਰਾਜ ਵਿੱਚ ਕਲਜੁਗ ਆ ਚੁੱਕਿਆ ਸੀ, ਇਹਦੀ ਕਲਜੁਗ ਨਾਲ ਭੇਂਟ ਹੋਈ ਪ੍ਰੀਸ਼ਦ ਦੀ ਤੇ ਉਸ ਵੇਲੇ ਉਹਨੇ ਦੱਸਿਆ ਕਿ ਮੇਰੇ ਰਾਜ ਵਿੱਚ ਤਾਂ, ਪਾਪ ਹੀ ਪਾਪ ਪ੍ਰਵਿਰਤ ਹੋ ਜਾਣਾ ਹੈ। ਜਿੰਨਾਂ ਜ਼ਿਆਦਾ ਕੋਈ ਗੁਨਾਹ ਕਰੇਗਾ ਓਨਾਂ ਜ਼ਿਆਦਾ ਉਹ ਫੈਲੇਗਾ। ਜਿੰਨਾਂ ਧਰਮੀ ਹੋਏਗਾ, ਓਨਾਂ ਪਿੱਛੇ ਰਹੇਗਾ। ਲੋਕ ਕਮਲਾ ਕਹਿਣਗੇ ਉਹਨੂੰ ਸਿੱਧਾ ਕਹਿਣਗੇ। ਸਾਰਾ ਵਾਤਾਵਰਣ,

ਜਦੋਂ ਆਪਣਾ ਹਾਲਚਾਲ ਦੱਸਿਆ, ਪ੍ਰੀਸ਼ਦ ਮਾਰਨ ਦੌੜਿਆ ਉਹ ਕਹਿੰਦਾ ਗੱਲ ਸੁਣ, ਤੇਰੇ 'ਚ ਸ਼ਕਤੀ ਹੈ ਤੂੰ ਮੈਨੂੰ ਮਾਰ ਨਹੀਂ ਸਕਦਾ। ਕਿਉਂਕਿ ਪਹਿਲਾਂ ਗੋਤਮ ਰਿਖੀ ਦੇ ਵਿੱਚ ਸ਼ਕਤੀ ਸੀ ਉਹਨੇ ਕਾਲ ਨੂੰ ਬਦਲ ਦਿੱਤਾ। ਤ੍ਰੇਤਾ ਬਾਅਦ ਵਿੱਚ ਆਉਣਾ ਸੀ, ਦੁਆਪਰ ਪਹਿਲਾਂ ਆਉਣਾ ਸੀ। ਉਹ ਜੁਗ ਹੀ ਬਦਲ ਕੇ ਰੱਖ ਦਿੱਤਾ ਉਹਨੇ। ਤੂੰ ਵੀ ਮਾਰ ਸਕਦਾ ਹੈਂ ਪਰ ਮੇਰਾ ਰਾਜ ਹੈ ਮੇਰੇ ਰਾਜ ਦੀ ਖੁੱਬੀ ਵੀ ਸੁਣ ਲੈ। ਮੇਰੇ ਰਾਜ ਦੀ ਖੁੱਬੀ ਇਹ ਹੈ ਕਿ ਜੇ ਕੋਈ ਭੁੱਲ ਭੁਲੇਖੇ ਮਰਨ ਵੇਲੇ ਪ੍ਰਮੇਸ਼ਰ ਦਾ ਨਾਮ ਇੱਕ ਵਾਰੀ ਲੈ ਲਵੇ, ਕਹਿੰਦੇ ਉਹਦੇ ਸਾਰੇ ਪਾਪ ਨਾਸ਼ ਹੋ ਜਾਣਗੇ ਤੇ ਉਤਮ ਪਦਵੀ ਉਹਨੂੰ ਪ੍ਰਾਪਤ ਹੋ ਜਾਏਗੀ।

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥***
***ਅੰਗ - 526***

ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ -

***ਏਕ ਚਿਤ ਜਿਹ ਇਕ ਛਿਨ ਧਿਆਇਓ।***

ਕਵਿਤਾ ਤਾਂ ਨਹੀਂ ਨਾ ਜੋੜੀ ਹੋਈ, ਦਰਗਾਹੀ ਗੱਲਾਂ ਨੇ। ਇੱਕ ਛਿਨ ਵਾਸਤੇ ਵੀ ਜੇ ਕੋਈ ਯਾਦ ਕਰ ਲਵੇ।

***ਕਾਲ ਫਾਸ ਕੇ ਬੀਚ ਨ ਆਇਓ।***

ਕਾਲ ਦੀ ਗਲ 'ਚ ਪਾਈ ਹੋਈ ਫਾਂਸੀ ਕਟ ਜਾਣੀ ਹੈ। ਗੁਰੂ ਨੌਵੇਂ ਪਾਤਸ਼ਾਹ ਫੁਰਮਾਨ ਕਰਦੇ ਨੇ ਕਿ ਪਿਆਰਿਓ! -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਅੰਗ - 902***

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***
***ਅੰਗ - 632***

ਅੱਖ ਦੇ ਝਮਕਣ ਜਿੰਨੇ ਚਿਰ 'ਚ ਨਿਸਤਾਰਾ ਹੋ ਗਿਆ। ਕਿਉਂਕਿ ਨਾਮ ਦੀ ਸ਼ਕਤੀ ਮਹਾਨ ਸ਼ਕਤੀ ਹੈ। ਇੱਕੋ ਵਾਰੀ ਉਸ ਨੇ ਨਾਰਾਇਣ ਕਿਹਾ ਸੀ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***
***ਅੰਗ - 981***

ਨਾਰਾਇਣ ਕਹਿ ਕੇ ਬੁਲਾਇਆ। ਬੁਲਾਇਆ ਕਦੋਂ?

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ, ਵਾਰ 11/20***

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥***
***ਅੰਗ - 981***

ਉਸੇ ਵੇਲੇ ਪ੍ਰਮੇਸ਼ਰ ਨੇ ਦੇਖਿਆ ਕਿ ਮੈਨੂੰ ਯਾਦ ਕਰ ਰਿਹਾ ਹੈ। ਜਾਂ ਤਾਂ ਸਾਡੀ ਯਾਦ ਵਿੱਚ ਫਰਕ ਹੈ। ਅਸੀਂ ਯਾਦ ਨਹੀਂ ਕਰ ਰਹੇ। ਗੁਰੂ

ਸਾਹਿਬ ਤਾਂ ਗਲਤ ਗੱਲ ਕਹਿ ਨਹੀਂ ਸਕਦੇ। ਇਹ ਤਾਂ ਦਰਗਾਹ ਦੀ ਬਾਤ ਹੈ। ਜੋ ਗੁਰਬਾਣੀ ਹੈ ਇਹ ਵਾਹਿਗੁਰੂ ਵਲੋਂ ਆਈ ਹੋਈ ਚੀਜ਼ ਹੈ ਕਿਸੇ ਦੀ ਕਵਿਤਾ ਨਹੀਂ ਹੈ।

ਹੁਣ ਉਹ ਕਹਿੰਦੇ ਇੱਕ ਵਾਰੀ ਕਹਿਣ 'ਤੇ ਪਾਰ ਹੋ ਗਿਆ। ਉਹਦੇ ਕਹਿਣ 'ਚ ਅਰ ਸਾਡੇ ਕਹਿਣ 'ਚ ਫਰਕ ਹੈ ਕੋਈ, ਭਾਵਨਾ ਹੋਰ ਸੀ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

***ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,***
***ਇੱਕ ਵਾਰੀ ਰਾਮ ਬੋਲ ਕੇ।***

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ - 902***

ਸੁਧ ਦੀ ਗੱਲ ਇੱਥੇ ਮਹਾਰਾਜ ਨੇ ਕਹੀ ਹੈ ਕਿ ਸੁੱਧ ਆ ਗਈ ਉਹਨੂੰ। ਸਾਨੂੰ ਤਾਂ ਸੁੱਧ ਆਉਂਦੀ ਹੀ ਨਹੀਂ। ਕਹਿੰਦੇ, ਮੈਂ ਤਾਂ ਵਾਹਿਗੁਰੂ-ਵਾਹਿਗੁਰੂ ਬਹੁਤ ਕਰਦਾ ਹੈਂ। ਕਰਦਾ ਹੈਂ ਲੇਕਿਨ ਤੇਰੀ ਗਲਤੀ ਹੈ ਕਿਸੇ ਥਾਂ ਦੇ ਉਤੇ। ਗੁਰੂ ਸਾਹਿਬ ਤਾਂ ਕਹਿੰਦੇ ਇੱਕ ਵਾਰੀ ਕਹਿਣ ਨਾਲ ਹੀ ਤਰ ਜਾਂਦਾ ਹੈ ਕਿ ਐਸੀ ਚੀਜ਼ ਹੈ ਕਹਿੰਦੇ -

***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ - 902***

ਅੱਖ ਦੇ ਝਮਕਣ ਜਿੰਨੇ ਚਿਰ 'ਚ ਵੱਡੇ-ਵੱਡੇ ਯੋਗੀਆਂ ਨੂੰ ਜਿਹੜੀ ਅਵਸਥਾ ਪ੍ਰਾਪਤ ਨਹੀਂ ਹੁੰਦੀ, ਉਹ ਅਜਾਮਲ ਨੂੰ ਮਿਲ ਗਈ। ਉਹ ਤਾਂ ਧਿਆਨ ਪ੍ਰਮੇਸ਼ਰ ਵਲ ਚਲਿਆ ਗਿਆ। ਸਾਡਾ ਧਿਆਨ ਨਹੀਂ ਜਾਂਦਾ। ਸਾਨੂੰ ਪਤਾ ਹੀ ਨਹੀਂ ਲਗਦਾ ਕਿ ਰੱਬ ਹੈ ਕੀ, ਕਿਹੋ ਜਿਹਾ ਹੈ, ਸ਼ੱਕ 'ਚ ਹੀ ਪਏ ਰਹਿੰਦੇ ਹਾਂ। ਚਲੋ ਜੇ ਰੱਬ ਨਹੀਂ ਦੇਖਿਆ, ਕੋਈ ਗੱਲ ਨਹੀਂ। ਗੁਰੂ ਤਾਂ ਦੇਖਿਆ ਹੈ ਨਾ, ਗੁਰੂ ਵਲ ਧਿਆਨ ਚਲਿਆ ਜਾਵੇ। ਜੇ ਗੁਰੂ ਬਾਰੇ ਵੀ ਸ਼ੱਕ ਪੈ ਗਿਆ ਬਈ ਤਸਵੀਰ ਇਹੋ ਜਿਹੀ, ਫਲਾਣੀ ਇਹੋ ਜਿਹੀ, ਫੇਰ ਜੇ ਗੁਰੂ ਦੇ ਪਿਆਰੇ ਵਲ ਧਿਆਨ ਚਲਿਆ, ਗੁਰੂ ਦਾ ਪਿਆਰਾ ਰੱਬ ਨਾਲ ਇਕਮਿਕ ਹੋਇਆ ਹੁੰਦਾ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - 273***

ਜੇ ਪ੍ਰਮੇਸ਼ਰ ਵਲ ਧਿਆਨ ਚਲਿਆ ਜਾਵੇ ਇੱਕੋ ਵਾਰੀ, ਤਾਂ ਵੱਡੀ ਗਤੀ ਉਹਨੂੰ ਪ੍ਰਾਪਤ ਹੋ ਜਾਇਆ ਕਰਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਿਸ ਵਕਤ ਕਥਾ ਸੁਣਦਾ ਹੈ, ਉਹ ਕਹਿੰਦੇ, ਪ੍ਰੀਸ਼ਦ ਜਿਹੜਾ ਸੀ ਉਸਨੂੰ ਕਲਜੁਗ ਨੇ ਕਿਹਾ ਕਿ ਮੇਰੇ ਵਿੱਚ ਤਾਂ ਸਾਰੇ ਅਉਗਣ ਨੇ, ਮੈਂ ਦੁਨੀਆਂ ਨੂੰ ਰੱਬ ਵੱਲ ਚੱਲਣ ਹੀ ਨਹੀਂ ਦੇਣਾ। ਪੜਦੇ ਤਾਣ ਦੇਵਾਂਗਾ ਮਨਾਂ ਦੇ ਅੰਦਰ ਹਉਮੈ ਦੇ। ਹਨ੍ਹੇਰਾ ਪਾ ਦੇਵਾਂਗਾ, ਕੋਈ ਰੱਬ ਵੱਲ ਜਾਏਗਾ ਹੀ ਨਹੀਂ। ਪਰ ਬਈ ਪਿਆਰਿਆ! ਜੇ ਸਿਰਫ ਇੱਕ

ਵਾਰੀ ਕਿਸੇ ਨੇ ਕਹਿ ਲਿਆ ਨਾ, ਰਾਮ, ਅੱਲਾਹ, ਗੋਬਿੰਦ ਤੇ ਧਿਆਨ ਚਲਿਆ ਗਿਆ ਉਹਦਾ ਪ੍ਰਮੇਸ਼ਰ ਵੱਲ। ਉਹ ਇੱਕ ਵਾਰੀ ਕਹਿਣ ਨਾਲ ਹੀ ਤਰ ਜਾਏਗਾ। ਤਲਵਾਰ ਮਿਆਨ 'ਚ ਪਾ ਲਈ ਕਿ ਫੇਰ ਤਾਂ ਤੂੰ ਸਾਰਿਆਂ ਨਾਲੋਂ ਹੀ ਚੰਗਾ ਹੈਂ। ਚਲ ਇਹ ਗੱਲ ਜੇ ਕੋਈ ਸਾਧੂ ਸੰਤ ਕਿਸੇ ਦੇ ਯਾਦ ਕਰਾ ਦਿਆ ਕਰਨਗੇ। ਯਾਦ ਤਾਂ ਹੋ ਜਾਏਗੀ। ਦੂਸਰਾ ਮੇਰੇ ਯੁੱਗ ਦੇ ਅੰਦਰ ਲੱਖਾਂ ਕਰੋੜਾਂ ਗੁਣਾਂ ਫਲ ਹੋਏਗਾ, ਸਤਿਸੰਗ ਦਾ। ਦੋ ਘੜੀਆਂ ਕੋਈ ਸਤਿਸੰਗ, ਚਿੱਤ ਟਿਕਾ ਕੇ, ਸ਼ਰਧਾ ਭਾਵਨਾ ਦੇ ਨਾਲ ਕਰ ਲਵੇ, ਉਹ ਸਾਰੇ ਕਰਮਾਂ ਨਾਲੋਂ ਉਪਰ ਦੀ ਜਾਏਗਾ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ – 642***

ਮਹਾਤਮਾ ਦੱਸਿਆ ਕਰਦੇ ਨੇ ਕਿ ਸਤਿਜੁਗ ਦੇ ਅੰਦਰ 10,000 ਸਾਲ ਦੀ ਤਪਸਿਆ, ਬਰਾਬਰ ਹੈ ਤ੍ਰੇਤੇ ਦੇ ਹਜ਼ਾਰ ਸਾਲ ਦੀ। ਦੁਆਪਰ 'ਚ ਸੌ ਸਾਲ ਦੀ ਤੇ ਕਲਜੁਗ ਦੀਆਂ ਸਿਰਫ ਦੋ ਘੜੀਆਂ 49 ਮਿੰਟ ਮਨ ਚਿੱਤ ਇਕਾਗਰ ਕਰਕੇ ਸਤਿਸੰਗ ਸੁਣ ਲਿਆ, ਦਸ ਹਜ਼ਾਰ ਸਾਲ ਦੇ ਤਪ ਨਾਲੋਂ ਉਪਰ ਦੀ ਲੰਘ ਜਾਂਦਾ ਹੈ। ਕਿੱਡਾ ਫਲ ਹੈ ਕਲਜੁਗ ਦੇ ਅੰਦਰ। ਹੱਦ ਤੋਂ ਜ਼ਿਆਦਾ ਫਲ ਹੈ। ਮਹਾਰਾਜ ਕਹਿੰਦੇ, ਜੇ ਗਿਣਤੀ ਮਿਣਤੀ ਕਰਨੀ ਹੈ ਉਹ ਵੀ ਦਸ ਦਿੰਦੇ ਹਾਂ। ਉਹਦੇ ਬਾਰੇ ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਸੁਣ ਗਾਵਣਹਾਰੇ ਜੀ,***
***ਕਈ ਕੋਟਕ ਜਗ ਫਲਾ।***
***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ – 546***

ਕੰਡੀਸ਼ਨ ਹੈ ਇਹਦੇ ਨਾਲ –

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***
***ਅੰਗ – 669***

ਕਹਿਣ ਲੱਗੇ, ਸਤਿਸੰਗ ਦਾ ਕਿੰਨਾ ਫਲ ਹੈ, ਕਰੋੜਾਂ ਯੱਗਾਂ ਦਾ ਫਲ ਦੋ ਘੜੀ ਮਨ ਚਿੱਤ ਇਕਾਗਰ ਕਰਕੇ ਸਤਿਸੰਗ ਕਰ ਲਓ, ਕਿੱਡਾ ਫਲ ਹੈ। ਕਹਿਣ ਲੱਗਿਆ, ਹੇ ਕਲਜੁਗ! ਫੇਰ ਤਾਂ ਤੈਨੂੰ ਮਾਰਨਾ ਨਹੀਂ ਚਾਹੀਦਾ। ਪਰ ਤੂੰ ਮੇਰੇ ਰਾਜ ਵਿੱਚ ਜਿੰਨਾਂ ਚਿਰ ਮੈਂ ਰਾਜ ਕਰਦਾ ਹਾਂ ਓਨਾਂ ਚਿਰ ਨਾ ਆਈਂ।

ਕਹਿਣ ਲੱਗਿਆ, ਮਹਾਰਾਜ! ਮੈਨੂੰ ਹੁਕਮ ਹੋ ਚੁੱਕਿਆ ਹੈ, ਦੁਆਪਰ ਜਾ ਚੁੱਕਿਆ, ਮੈਂ ਆ ਚੁਕਿਆ। ਪਰ ਇੱਕ ਮੈਂ ਤੇਰੇ ਨਾਲ ਬਚਨ ਕਰਦਾ

ਹਾਂ, ਮੈਨੂੰ ਤੂੰ ਕੋਈ ਰਹਿਣ ਨੂੰ ਥਾਉਂ ਦੇ ਦੇ, ਉਥੇ ਮੈਂ ਤੇਰੇ ਜੀਵਨ ਕਾਲ ਦੇ ਅੰਦਰ, ਬੋਲ ਬਾਲਾ ਕਰ ਲੈਣਾ ਹੈ, ਫੇਰ ਮੈਂ ਦੁਨੀਆਂ ਦੀਆਂ ਗੁੱਡੀਆਂ ਘੁੰਮਾ ਦੇਣੀਆਂ ਨੇ। ਕਿਸੇ ਦਾ ਜਪ ਨਹੀਂ ਰਹਿਣਾ, ਕਿਸੇ ਦਾ ਤਪ ਨਹੀਂ ਰਹਿਣਾ, ਤਪ ਵਾਲੇ ਦਾ ਤਪ, ਜਪ ਵਾਲੇ ਦਾ ਜਪ ਤੋੜਾਂਗਾ, ਜੇ ਕੋਈ ਰੱਬ ਦਾ ਨਾਮ ਲਵੇਗਾ ਉਸਦੀ ਬਦਨਾਮੀ ਕਰਾਵਾਂਗਾ ਤੇ ਔਖਾ ਕਰਾਂਗਾ। ਪਾਪੀ ਮੇਰੇ ਰਾਜ ਵਿੱਚ ਸੁੱਖ ਭੋਗਣਗੇ, ਦਨਦਨਾਂਦੇ ਫਿਰਨਗੇ, ਪਰ ਅੰਤ ਵੇਲੇ ਚੀਕਾਂ ਮਾਰਨਗੇ –

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***

***ਅੰਗ – 1425***

ਪਰ ਐਹੋ ਜਿਹਾ ਪੜਦਾ ਪਾਵਾਂਗਾ, ਉਹ ਕਿਸੇ ਦਾ ਸਤਿਸੰਗ ਸੁਣਨਗੇ ਨਹੀਂ, ਸਾਧਾਂ ਸੰਤਾਂ ਦੀ ਨਿੰਦਿਆ ਕਰਕੇ ਹੋਰ ਭਾਰ ਚੁੱਕਣਗੇ। ਜਿਹੜੇ ਨਰਕ ਖਾਲੀ ਕਰੇ ਨੇ ਰਾਜਾ ਜਨਕ ਨੇ। ਰਾਜਾ ਪ੍ਰੀਸ਼ਦ ਉਹ ਸਾਰੇ ਭਰਨ ਦੀ ਡਿਊਟੀ ਮੇਰੀ ਹੀ ਲੱਗੀ ਹੋਈ ਹੈ। ਕਰੋੜਾਂ ਜੁਗਾਂ ਤੋਂ ਨਰਕ ਭਰੇ ਹੋਏ ਸੀ, ਖਾਲੀ ਕਰ ਦਿੱਤੇ ਸੀ ਇੱਕ ਵਾਰੀ ਰਾਮ ਕਹਿ ਕੇ। ਇਹ ਹੁਣ ਮੈਂ ਭਰਨੇ ਨੇ ਸਾਰੇ। ਗੁੱਸਾ ਨਾ ਕਰੀਂ ਮੈਂ ਤੇਰੇ ਰਾਜ 'ਚ ਨਹੀਂ ਕੋਈ ਉਪਦ੍ਰਵ ਕਰਦਾ, ਮੈਨੂੰ ਥਾਉਂ ਦੇ ਦੇ ਰਹਿਣ ਵਾਸਤੇ। ਉਹ ਕਹਿੰਦਾ ਤੂੰ ਸੋਨੇ 'ਚ ਰਹਿ।

ਕਹਿੰਦਾ, ਚੰਗੀ ਤਰ੍ਹਾਂ ਸੋਚ ਲਿਆ?

ਕਹਿੰਦਾ, ਹਾਂ।

ਕਹਿੰਦਾ, ਸੋਨਾ ਨਾ ਪਹਿਨੀਂ ਮੈਂ ਉਹਦੇ ਵਿੱਚ ਰਹਾਂਗਾ।

ਇੱਕ ਦਿਨ ਤਾਜ ਲੱਗੇ ਲਗਾਏ ਰਾਜਾ ਪ੍ਰੀਸ਼ਦ ਹਰਨ ਦੇ ਪਿੱਛੇ ਘੋੜਾ ਲਾਇਆ ਹੋਇਆ ਹੈ, ਹਰਨ ਅੱਖਾਂ ਤੋਂ ਓਹਲੇ ਹੋ ਗਿਆ ਤੇ ਇੱਕ ਰਿਸ਼ੀ ਦੀ ਕੁਟੀਆ ਕੋਲ ਆ ਕੇ ਦੇਖਿਆ ਕਿ ਰਿਸ਼ੀ ਜਿਹੜਾ ਹੈ ਉਹ ਸਮਾਧੀ 'ਚ ਬੈਠਾ ਹੈ, ਉਹਨੂੰ ਦੋ ਚਾਰ ਵਾਰੀ ਬੋਲ ਕੇ ਪੁੱਛਿਆ, ਅਖੀਰ ਤੀਰ ਲਾ ਕੇ ਧੱਕਾ ਜਿਹਾ ਦੇ ਦਿਤਾ, ਕਹਿੰਦਾ ਆਹ ਲੈ ਬੋਲਦਾ ਹੀ ਨਹੀਂ, ਉਹ ਫੇਰ ਵੀ ਨਾ ਬੋਲਿਆ। ਚੁੱਕ ਕੇ ਮਰਿਆ ਹੋਇਆ ਸੱਪ, ਕੋਲ ਹੀ ਪਿਆ ਸੀ ਗਲ 'ਚ ਪਾ ਕੇ ਤੁਰਦਾ ਲੱਗਿਆ।

ਉਹ ਬੁੱਧੀ ਭ੍ਰਿਸ਼ਟ ਕਰ ਦਿਤੀ ਕਲਜੁਗ ਨੇ, ਤਾਜ ਲਾਇਆ ਹੋਇਆ ਸੀ ਸੋਨੇ ਦਾ ਉਹਦੇ ਵਿੱਚ ਬੈਠਾ ਸੀ ਉਹਦੇ ਵਿੱਚ, ਉਹ ਕਹਿਣ ਲੱਗਿਆ ਇਹਦੀ ਬੁੱਧੀ ਹੀ ਪਹਿਲਾਂ ਭ੍ਰਿਸ਼ਟ ਕਰਾਂ।

ਉਹ ਕਹਿਣ ਲੱਗੇ, ਕਿ ਉਸ ਰਿਸ਼ੀ ਦਾ ਚੇਲਾ ਆਇਆ, ਉਹਨੇ ਆ ਕੇ ਸਰਾਪ ਦੇ ਦਿੱਤਾ ਕਿ ਜਿਸ ਨੇ ਸੱਪ ਪਾਇਆ ਹੈ ਮੇਰੇ ਗੁਰੂਦੇਵ ਦੇ ਗਲ ਵਿੱਚ, ਉਹ ਸੱਤਾਂ ਦਿਨਾਂ ਦੇ ਅੰਦਰ ਸੱਪ ਲੜ ਕੇ ਮਰ ਜਾਏ।

ਜਦੋਂ ਸਮਾਧੀ ਤੋਂ ਉਥਾਨ ਹੋਇਆ ਰਿਸ਼ੀ ਸਾਰੀ ਗੱਲ ਦਾ ਪਤਾ

ਲੱਗਿਆ ਕਹਿਣ ਲੱਗਿਆ, ਬੇਟਾ! ਉਹ ਰਾਜਾ ਧਰਮੀ ਸੀ, ਉਹ ਤਾਂ ਕਲਜੁਗ ਬੈਠਾ ਸੀ ਉਹਦੇ ਤਾਜ ਵਿੱਚ, ਤੂੰ ਸਰਾਪ ਨਹੀਂ ਸੀ ਦੇਣਾ ਬੜਾ ਮਾੜਾ ਕੰਮ ਕਰਿਆ। ਜਾਹ ਹੁਣ ਉਹਨੂੰ ਕਹਿ ਦੇ ਸੁਕਦੇਵ ਮੁਨੀ ਤੋਂ ਕਥਾ ਸੁਣੇ ਪ੍ਰਭੂ ਦੀ ਤੇ ਮਨ ਚਿੱਤ ਲਾ ਕੇ। ਕਿਉਂਕਿ ਤੇਰਾ ਬਚਨ ਜਿਹੜਾ ਹੈ ਉਹ ਨਿਰਾਰਥ ਨਹੀਂ ਜਾਣਾ। ਸਾਧ ਦਾ ਜਿਹੜਾ ਬੋਲਿਆ ਹੈ ਉਹ ਟਲਿਆ ਕਰਦਾ। ਇਸ ਕਰਕੇ ਜਾਹ, ਇਹਨੂੰ ਟਾਲ ਨਹੀਂ ਸਕਣਾ ਕਿਸੇ ਨੇ ਵੀ, ਉਹਨੇ ਮਰਨਾ ਹੈ। ਸੋ ਕਥਾ ਸੁਣੀ, ਰਾਜੇ ਜਨਮੇਜੇ ਦੀ ਕਥਾ ਸੁਣੀ, ਜਿਸਨੇ ਯੱਗ ਕਰਕੇ –

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***

***ਅੰਗ – 1344***

ਬਿਆਸ ਜੀ ਨੇ ਇੱਕ-ਇੱਕ ਗੱਲ ਲਿਖਾਈ ਕਿ ਤੇਰੇ ਨਾਲ ਐਸ ਤਰ੍ਹਾਂ ਵਰਤਣੀ ਹੈ, ਜੇ ਆਹ ਕੰਮ ਕਰ ਲਿਆ ਤਾਂ ਆਹ ਨਾ ਕਰੀਂ –

***ਤਿਨਿ੍ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***

***ਅੰਗ – 1344***

ਇਹਦੇ 'ਚ ਮਹਾਰਾਜ ਦਸਦੇ ਨੇ ਕਿ ਮੱਥੇ 'ਚ ਜਿਹੜਾ ਲਿਖਿਆ ਹੋਇਆ ਹੈ ਉਹਨੂੰ ਟਾਲਣ ਨੂੰ ਕੋਈ ਸਮਰੱਥ ਨਹੀਂ, ਕੋਈ ਤਾਕਤ ਨਹੀਂ ਹੈ ਜਿਹੜੀ ਉਹਨੂੰ ਬਦਲ ਕੇ ਰੱਖ ਦੇਵੇ। ਕਹਿੰਦੇ, ਜਨਮੇਜੇ ਨੂੰ ਅਖੀਰ ਮਰਨਾ ਹੀ ਪਿਆ, ਉਹਦਾ ਪੁੱਤਰ ਸੀ, ਉਹਦਾ ਅੱਗੋਂ ਪੁੱਤਰ ਹੁਣ ਰਾਜ ਕਰ ਰਿਹਾ ਸੀ। ਅਰਜਨ ਸਾਰੀ ਕਥਾ ਸੁਣ ਕੇ ਭਮੱਤਰ ਗਿਆ ਕਿ ਹੈਂ! ਮੈਨੂੰ ਕੀ ਹੋ ਗਿਆ, ਮੈਂ ਅਰਜਨ ਕਹਿੰਦਾ ਹਾਂ, ਅਰਜਨ ਤਾਂ ਕਿਤੇ ਗਿਆ। ਉਹ ਆਪਣੇ ਆਪ ਨੂੰ ਪਰਦੇਸੀ ਕਹਾਉਣ ਲੱਗ ਗਿਆ, ਬਲਵਾਨ ਸੀ, ਤੀਰ ਅੰਦਾਜ਼ੀ ਆਉਂਦੀ ਸੀ, ਰਾਜੇ ਨੇ ਆਪਣੀ ਲੜਕੀ ਦੀ ਸ਼ਾਦੀ ਕਰੀ, ਭੋਗਾਂ ਬਿਲਾਸਾਂ 'ਚ ਪੈ ਕੇ ਰੱਬ ਨੂੰ ਬਿਲਕੁਲ ਭੁੱਲ ਗਿਆ। ਜੇ ਕੋਈ ਕ੍ਰਿਸ਼ਨ ਭਗਤ ਆ ਜਾਵੇ, ਕੋਈ ਕਥਾ ਗੀਤਾ ਪੜ੍ਹਨ ਵਾਲਾ, ਉਹਦੇ ਨਾਲ ਵੈਰ ਬੰਨ੍ਹ ਲਿਆ ਕਰੇ। ਆਪ ਤਾਂ ਨੇੜੇ ਨਾ ਜਾਇਆ ਕਰੇ।

ਅਖੀਰ ਘਰਵਾਲੀ ਚੜ੍ਹਾਈ ਕਰ ਗਈ, ਕਹਿਣ ਲੱਗਿਆ ਕਿ ਮੈਂ ਤਾਂ ਇਹਦੇ ਨਾਲ ਸਤੀ ਹੋਣਾ ਹੈ। ਬ੍ਰਾਹਮਣ ਕਹਿਣ ਲੱਗੇ, ਪ੍ਰਦੇਸੀ! ਔਰਤਾਂ ਤਾਂ ਸਤੀ ਹੁੰਦੀਆਂ ਨੇ ਪਤੀ ਨਾਲ, ਪਤੀ ਤਾਂ ਕੋਈ ਨਹੀਂ ਹੋਇਆ ਕਿਸੇ ਇਸਤ੍ਰੀ ਨਾਲ ਸਤੀ। ਪਤਨੀ ਮਰ ਜਾਂਦੀ ਹੈ ਜਿਹੜਾ ਆਦਮੀ ਹੈ ਉਹ ਨਵਾਂ ਵਿਆਹ ਕਰਾ ਲੈਂਦਾ ਹੈ ਤੇ ਤੂੰ ਇਹ ਨਵੀਂ ਰੀਤ ਕੀ ਕਰਦਾ ਹੈਂ?

ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਿ ਜਾਹ ਜਗਾ ਇਹਨੂੰ?

ਊਧੋ ਆਉਂਦਾ ਹੈ ਆ ਕੇ ਕਹਿੰਦਾ ਹੈ ਕਿ ਤੂੰ ਅਰਜਨ ਹੈਂ! ਅਰਜਨ ਹੈਂ, ਅਰਜਨ ਹੈਂ। ਤੂੰ ਆਹ ਕੀ ਬਣ ਗਿਆ ਪਰਦੇਸੀ?

ਕਹਿੰਦਾ, ਜਾਹ, ਜਾਹ ਨੱਠ ਜਾ, ਪਾਗਲਖਨਿਓਂ ਆਇਆ ਹੈਂ?

ਉਹ ਜ਼ੋਰ ਲਾ ਲਿਆ, ਮੰਨਿਆ ਨਹੀਂ, ਹੁਣ ਸਾਧੂ ਸੰਤ ਜਗਾਉਂਦੇ

ਨੇ, ਮਹਾਰਾਜ ਕਹਿੰਦੇ, ਸਾਧੂ ਸੰਤ ਜਗਾਉਂਦੇ ਨੇ। ਲੇਕਿਨ ਇਹਨੂੰ ਜਾਗ ਆਉਂਦੀ ਨਹੀਂ ਹੈ।

***ਧਾਰਨਾ – ਤੈਨੂੰ ਸੰਤ ਜਗਾਉਂਦੇ ਨੇ,***
***ਪਿਆਰਿਆ ਤੈਨੂੰ ਜਾਗ ਨਾ ਆਈ।***

ਹਾਕਾਂ ਮਾਰਦੇ ਨੇ ਦਿਨ ਰਾਤ।

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ – 1378***

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥***

***ਅੰਗ – 726***

ਕਿੱਥੇ ਮਾਂ, ਕਿੱਥੇ ਪਿਉ –

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***

***ਅੰਗ – 1381***

ਨਹੀਂ ਜਾਗ ਆਉਂਦੀ। ਐਸੀ ਗਾੜ੍ਹੀ ਨੀਂਦ ਸੌਂ ਗਿਆ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ – 920***

ਊਧੋ ਜਗਾਉਣ ਦੀ ਕੋਸ਼ਿਸ਼ ਕਰਦਾ ਹੈ ਇਹਨੂੰ। ਕਹਿੰਦਾ, ਜਾਹ ਨੱਠ ਜਾਹ ਮੈਂ ਤੈਨੂੰ ਕੈਦ ਕਰਾ ਦਊਂਗਾ। ਤੂੰ ਊਧੋ ਕਿਵੇਂ ਹੋਇਆ ਊਧੋ ਨੂੰ ਤਾਂ ਤਿੰਨ ਸੌ ਸਾਲ ਹੋ ਗਏ ਹੋਏ ਨੂੰ। ਕਹਿੰਦਾ, ਮੈਨੂੰ ਕ੍ਰਿਸ਼ਨ ਮਹਾਰਾਜ ਨੇ ਭੇਜਿਆ ਹੈ, ਤੂੰ ਉਨ੍ਹਾਂ ਨੂੰ ਕਿਹਾ ਸੀ ਕਿ ਮੇਰੇ 'ਤੇ ਮਾਇਆ ਪੁਆਓ, ਉਨ੍ਹਾਂ ਨੇ ਮਾਇਆ ਪਾ ਦਿੱਤੀ। ਕਹਿੰਦਾ, ਜਾਹ ਕ੍ਰਿਸ਼ਨ ਨੂੰ ਤਾਂ ਤਿੰਨ ਸੌ ਸਾਲ ਹੋ ਗਏ ਨੂੰ। ਮੇਰੇ ਕੋਲ ਕ੍ਰਿਸ਼ਨ ਦਾ ਨਾਉਂ ਨਾ ਲੈ।

ਅਰਜਨ ਨੂੰ ਵੀ ਭੁੱਲ ਗਿਆ, ਕ੍ਰਿਸ਼ਨ ਨੂੰ ਵੀ ਭੁੱਲ ਗਿਆ ਐਨੀ ਗਾੜ੍ਹੀ ਨੀਂਦ ਮਾਇਆ ਦੀ ਪੈ ਗਈ।

ਅਖੀਰ ਉਹ ਪੰਡਤ ਕਹਿਣ ਲੱਗਿਆ, ਕਿ ਜਾਹ ਤੂੰ ਹੁਣ ਇਸ਼ਨਾਨ ਕਰ ਆ ਸਰੋਵਰ 'ਚ। ਉਹ ਜਦ ਸਰੋਵਰ 'ਚ ਇਸ਼ਨਾਨ ਕਰਿਆ, ਚੁੱਭੀ ਮਾਰ ਕੇ ਬਾਹਰ ਨਿਕਲਿਆ ਉਹ ਸਾਰਾ ਹੀ ਵਾਤਾਵਰਣ ਗਾਇਬ, ਸਾਮ੍ਹਣੇ ਕ੍ਰਿਸ਼ਨ ਮਹਾਰਾਜ ਖੜ੍ਹੇ ਨੇ। ਉੱਚੀ-ਉੱਚੀ ਰੋਈ ਜਾਂਦਾ ਹੈ। ਕਹਿੰਦੇ ਕੀ ਹੋ ਗਿਆ ਅਰਜਨ ਤੈਨੂੰ?

ਕਹਿੰਦਾ, ਮੈਂ ਅਰਜਨ? ਮੈਂ ਤਾਂ ਪਰਦੇਸੀ ਹਾਂ। ਮੇਰੀ ਪਤਨੀ ਕਿੱਥੇ ਚਲੀ ਗਈ। ਹੁਣ ਚਿਖਾ 'ਤੇ ਰੱਖੀ ਸੀ। ਉਹ ਕਹਿੰਦੇ ਅਰਜਨ! ਵਿਰਲਾਪ ਨਾ ਕਰ, ਮੈਂ ਤੇਰੇ 'ਤੇ ਮਾਇਆ ਪਾਈ ਹੈ? ਕਹਿੰਦਾ, ਤੂੰ ਕੌਣ ਹੈ?

ਕਹਿੰਦੇ, ਮੈਨੂੰ ਵੀ ਭੁੱਲ ਗਿਆ?

ਮੈਂ ਕ੍ਰਿਸ਼ਨ ਹਾਂ।

ਕਹਿੰਦੇ, ਕ੍ਰਿਸ਼ਨ ਨੂੰ ਤਾਂ ਤਿੰਨ ਸੌ ਸਾਲ ਹੋ ਗਏ। ਮੈਂ ਨਹੀਂ ਮੰਨਦਾ ਇਸ ਗੱਲ ਨੂੰ।

ਅਖੀਰ ਉਨ੍ਹਾਂ ਨੇ ਦੋ ਉਂਗਲਾਂ ਦੇ ਨਾਲ ਥੋੜ੍ਹਾ ਜਿਹਾ ਜਿਵੇਂ ਥੱਪੜ ਮਾਰੀਦਾ ਹੈ, ਐਸ ਤਰ੍ਹਾਂ ਮਾਰਿਆ ਤੇ ਮਾਇਆ ਲਾਹ ਦਿੱਤੀ। ਹੋਸ਼ 'ਚ ਆ ਗਿਆ।

ਕਹਿੰਦਾ, ਮਹਾਰਾਜ! ਆਹ ਕੀ ਹੋਇਆ?

ਕਹਿੰਦੇ, ਅਰਜਨ! ਤੂੰ ਮਾਇਆ ਦਾ ਦੇਖਿਆ ਹੈ। ਇਹ ਮਾਇਆ ਪਈ ਹੋਈ ਹੈ ਤਿੰਨ ਗੁਣੀ ਜਿਹਦੇ ਕਰਕੇ ਜੀਵ ਨੂੰ ਜਾਗ ਨਹੀਂ ਆਉਂਦੀ। ਗੁਰੂ ਜਗਾਉਂਦੇ ਨੇ ਲੇਕਿਨ ਜਾਗ ਨਹੀਂ ਇਹਨੂੰ ਆਉਂਦੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ ਅੰਗ - 707***

ਕਹਿੰਦੇ, ਮੂਰਖ ਨੇ ਸੁਪਨੇ ਦੇ ਨਾਲ ਚਿੱਤ ਲਾ ਲਿਆ -

***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥ ਅੰਗ - 707***

ਜਦੋਂ ਜਾਗ ਆਈ, ਸੁਪਨੇ ਦਾ ਰਾਜ ਕਿਧਰੇ ਹੀ ਗਿਆ। ਚਾਰ ਰਾਜਕੁਮਾਰ ਕਹਿੰਦਾ ਮੇਰੇ ਮਾਰ ਦਿੱਤੇ ਤੂੰ।

ਇਸ ਤਰ੍ਹਾਂ ਦੇ ਨਾਲ ਇਹ ਜੀਵ ਜਿਹੜਾ ਹੈ ਇਹ ਸੁੱਤਾ ਪਿਆ ਹੈ। ਅਸ਼ਟਾਵਕਰ ਕਹਿਣ ਲੱਗਿਆ ਕਿ ਰਾਜਨ! ਇਹ ਇੱਕ ਨੀਂਦ ਹੈ, ਸੁਪਨੇ ਵਾਲੀ ਵੀ ਨੀਂਦ ਹੈ, ਆਹ ਜਿਹਨੂੰ ਜਾਗ੍ਰਤ ਕਹਿੰਦੇ ਨੇ ਇਹ ਵੀ ਨੀਂਦ ਹੈ। ਇਹ ਲੰਮਾ ਸੁਪਨਾ ਹੈ, ਉਹ ਛੋਟਾ ਸੁਪਨਾ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - 808***

ਸਾਧੂ ਮਹਾਂਪੁਰਸ਼ ਇਹਨੂੰ ਹਾਕਾਂ ਮਾਰ-ਮਾਰ ਕੇ ਦੱਸੀ ਜਾਂਦੇ ਨੇ, ਤੂੰ ਪਛਾਣ ਤਾਂ ਸਹੀ। ਬਾਰ-ਬਾਰ ਦਸਦੇ ਨੇ ਗੁਰੂ ਸਾਹਿਬ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜੋਤ ਸਰੂਪ ਹੈਂ ਦੇਹੀ ਕਿਉਂ ਮੰਨਦੈਂ ਆਪ ਨੂੰ।***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***

***ਅੰਗ - 441***

ਤੂੰ ਤਾਂ ਆਤਮ ਜੋਤ ਹੈ, ਤੂੰ ਆਤਮਾ ਪਦ ਤੋਂ ਗਿਰ ਕੇ ਆਪਣੇ ਆਪ ਨੂੰ ਪੰਜ ਤੱਤਾਂ ਦੀ ਦੇਹ ਮੰਨਦਾ ਹੈਂ, ਫੇਰ ਇਹਦਾ ਨਾਉਂ ਮੰਗਦੈਂ। ਮੈਂ ਵਰਿਆਮ ਸਿੰਘ ਹਾਂ, ਮੇਰਾ ਪੁੱਤਰ ਹੈ, ਮੇਰੀ ਧੀ ਹੈ, ਮੇਰਾ ਘਰ ਹੈ, ਮੇਰਾ ਮਜ਼੍ਹਬ ਹੈ, ਮੇਰੀ ਜਾਤ ਹੈ, ਮੇਰੇ ਮਿੱਤਰ ਨੇ, ਮੇਰੇ ਦੁਸ਼ਮਣ ਨੇ। ਫਾਹਾ ਪਾ ਲਿਆ ਗਲ ਵਿੱਚ ਮੰਨ ਕੇ। ਨਹੀਂ ਜਾਗ ਆਉਂਦੀ, ਗੁਰੂ ਜਗਾਉਂਦੇ ਨੇ ਸਾਰੀ ਜ਼ਿੰਦਗੀ ਅਸੀਂ ਪੜ੍ਹੀ ਜਾਂਦੇ ਹਾਂ, ਸਾਰੀ ਜ਼ਿੰਦਗੀ ਅਸੀਂ ਸੁਣੀ ਜਾਂਦੇ ਹਾਂ। ਕਾਰਨ ਕੀ ਹੈ? ਕਾਰਨ ਇਹ ਹੈ ਕਿ ਕੋਈ ਸਮਰੱਥ ਪੁਰਸ਼ ਨਹੀਂ ਹੈ ਜਿਹੜਾ ਇਹ ਲਾਹ ਦੇਵੇ ਸਾਡੇ ਉਤੋਂ।

ਰਾਜਾ ਜਨਕ ਸੁਣ ਰਿਹਾ ਹੈ। 'ਇਹ ਵੀ ਸੁਪਨਾ ਉਹ ਵੀ ਸੁਪਨਾ',

ਨਿਸ਼ਾ ਹੋ ਗਈ।

ਕਹਿਣ ਲੱਗਿਆ, ਮਹਾਰਾਜ! ਇਹ ਗੱਲ ਕਿਉਂ ਹੋਈ?

ਕਹਿੰਦੇ, ਰਾਜਾ ਜਨਕ! ਤੈਨੂੰ ਅਜੇ ਤੱਕ ਸਮਰੱਥ ਗੁਰੂ ਨਹੀਂ ਮਿਲਿਆ। ਜੇ ਤੂੰ ਗੁਰੂ ਵਾਲਾ ਹੁੰਦਾ ਉਹਨੇ ਤੇਰਾ ਉਸੇ ਵੇਲੇ ਸੰਸਾ ਨਵਿਰਤ ਕਰ ਦੇਣਾ ਸੀ। ਐਲਾਨ ਕਰ ਦਿੱਤਾ ਕਿ ਐ ਰਿਸ਼ੀਓ ਮੁਨੀਓ ਤੁਸੀਂ ਸਾਰੇ ਆਏ ਹੋਏ ਓਂ। ਮੈਂ ਅੱਜ ਗੁਰੂ ਧਾਰਨ ਕਰਨਾ ਹੈ, ਪਰ ਗੁਰੂ ਉਹਨੂੰ ਧਾਰਨ ਕਰਨਾ ਹੈ, ਘੋੜੇ ਦੀ ਰਕਾਬ 'ਚ ਮੇਰਾ ਇੱਕ ਪੈਰ ਪੈ ਕੇ, ਦੂਜੇ ਪਾਸੇ ਚੜ੍ਹਨ ਤੱਕ ਮੈਨੂੰ ਗਿਆਨ ਕਰਾ ਦੇਵੇ। ਕਿੰਨਾ ਸਮਾਂ ਲੱਗਿਆ, ਦੋ ਚਾਰ ਸੈਕਿੰਡ ਦੀ ਗੱਲ ਹੈ ਸਾਰੀ। ਸਾਰੇ ਨੀਵੀਂ ਪਾ ਲੈਂਦੇ ਨੇ।

ਕਹਿਣ ਲੱਗੇ, ਕੀ ਕੋਈ ਵੀ ਐਸਾ ਸਪੂਤ ਨਹੀਂ ਰਿਹਾ ਭਾਰਤ ਵਰਸ਼ 'ਚ, ਕੋਈ ਐਹੋ ਜਿਹਾ ਅਨੁਭਵੀ ਮਹਾਂਪੁਰਸ਼ ਨਹੀਂ ਰਿਹਾ, ਜਿਹੜਾ ਮੇਰੀ ਮੰਗ ਪੂਰੀ ਕਰ ਦੇਵੇ। ਕੋਈ ਨਾ ਉਠਿਆ, ਚੰਦਨ ਦੀ ਚੌਂਕੀ ਡਾਹੀ ਹੋਈ ਹੈ। ਚੰਦਨ ਦੀ ਚੌਂਕੀ ਡਾਹੀ ਹੋਈ ਸੀ, ਉੱਠ ਕੇ ਅਸ਼ਟਾਵਕਰ ਤੁਰ ਪਿਆ। ਹੈਰਾਨ ਹੋ ਗਏ ਕਿ ਬੱਚਾ ਹੈ, ਪਹਿਲੀ ਗੱਲ ਇਹਨੇ ਕਮਾਲ ਦੀ ਕਰ ਦਿੱਤੀ ਹੁਣ ਕੀ ਕਰੇਗਾ? ਚੰਦਨ ਦੀ ਚੌਂਕੀਂ ਤੇ ਜਾ ਕੇ ਬੈਠ ਗਿਆ, ਜਾ ਕੇ ਕਹਿਣ ਲੱਗਿਆ, ਰਾਜਾ ਜਨਕ ਕਿ ਰਿਸ਼ੀ ਕੁਮਾਰ! ਇਹ ਚੌਂਕੀਂ ਮੈਂ ਆਪਣੇ ਗੁਰੂ ਵਾਸਤੇ ਡੁਹਾਈ ਹੈ ਤੇ ਅਜੇ ਤੱਕ ਤੁਸੀਂ ਮੇਰੇ ਗੁਰੂ ਬਣੇ ਨਹੀਂ ਤੇ ਚੌਂਕੀਂ 'ਤੇ ਬੈਠਣ ਦਾ ਤੁਹਾਡਾ ਅਧਿਕਾਰ ਨਹੀਂ ਹੈ। ਮੈਨੂੰ ਪਹਿਲਾਂ ਗਿਆਨ ਕਰਾਓ, ਗੁਰੂ ਦੀਕਸ਼ਾ ਦੇਵੋਗੇ। ਉਸ ਵੇਲੇ ਕਹਿਣ ਲੱਗੇ, ਕਹਿਣ ਲੱਗੇ ਰਾਜਨ! ਦੀਕਸ਼ਾ ਅਸੀਂ ਦਿੰਦੇ ਹਾਂ। ਪਰ ਤੂੰ ਪਹਿਲਾਂ ਸਾਨੂੰ ਦੱਛਣਾ ਦੇ। ਕਿਉਂਕਿ ਅਸੀਂ ਤੈਨੂੰ ਗਿਆਨ ਕਰਾ ਦੇਣਾ ਹੈ, ਘੋੜੇ 'ਤੇ ਚੜ੍ਹ ਕੇ ਤੂੰ ਪਤਾ ਨਹੀਂ ਤੂੰ ਕਿੱਧਰ ਚਲਿਆ ਜਾਵੇਂ। ਪਹਿਲਾਂ ਦੱਛਣਾ ਦੇਹ।

ਕਹਿਣ ਲੱਗਿਆ, ਕੀ ਦੇਵਾਂ।

ਕਹਿਣ ਲੱਗੇ, ਜੋ ਤੇਰੇ ਕੋਲ ਅਨਾਤਮ ਹੈ, ਆਤਮਾ ਤੋਂ ਬਗੈਰ ਵਾਧੂ ਚੀਜ਼ਾਂ ਉਹ ਸਾਨੂੰ ਦੇ ਦੇ। ਸੋਚਣ ਲੱਗ ਗਿਆ। ਕਹਿੰਦੇ, ਕੀ ਸੋਚਦਾ ਹੈਂ?

ਕਹਿੰਦਾ, ਜਿਹੜੇ ਮਹਿਲ ਨੇ, ਮੇਰਾ ਰਾਜ ਹੈ, ਮੇਰਾ ਖਜ਼ਾਨਾ, ਮੇਰੀਆਂ ਫੌਜਾਂ, ਮੇਰੇ ਘੋੜੇ ਇਹ ਸਭ ਅਨਾਤਮ ਨੇ। ਕਹਿੰਦੇ ਚੂਲੀ ਛੱਡ ਦੇ। ਚੂਲੀ ਛੱਡ ਦੇ। ਕਹਿੰਦੇ ਹੁਣ ਤੇਰੇ ਕੋਲ ਕੀ ਹੈ। ਕਹਿੰਦਾ ਹੁਣ ਤਾਂ ਮੇਰੇ ਕੋਲ ਕੁਛ ਨਹੀਂ ਹੈ। ਕਹਿੰਦੇ ਆਹ ਘੋੜੇ 'ਤੇ ਹੱਥ ਰੱਖੀਂ ਬੈਠਾ ਹੈਂ, ਇਹ ਤੇਰਾ ਹੈ? ਕਹਿੰਦਾ, ਨਹੀਂ ਮਹਾਰਾਜ! ਇਹ ਵੀ ਇਹਦੇ ਵਿਚੀਂ ਆ ਗਿਆ। ਕਹਿੰਦੇ, ਇਹ ਵੀ ਪਾਸੇ ਕਰ ਦੇ। ਕਹਿੰਦੇ ਹੁਣ ਤੇਰੇ ਕੋਲ ਕੀ ਰਹਿ ਗਿਆ।

ਕਹਿਣ ਲੱਗਿਆ ਕਿ ਜਿਹੜੇ ਕੱਪੜੇ ਪਾਏ ਹੋਏ ਨੇ ਇਹ ਮੇਰੇ ਕੋਲ ਨੇ। ਕਹਿੰਦੇ, ਇੱਕ ਕੱਪੜਾ ਰੱਖ ਲੈ, ਬਾਕੀ ਲਾਹ ਦੇ।

ਹੁਣ ਤੇਰੇ ਕੋਲ ਕੀ ਰਹਿ ਗਿਆ?

ਸੋਚੀ ਜਾਂਦਾ ਹੈ।

ਕਹਿਣ ਲੱਗੇ, ਅਸੀਂ ਅਨਾਤਮ ਕਿਹਾ ਹੈ, ਨਾਸ਼ ਹੋਣ ਵਾਲੀਆਂ ਚੀਜ਼ਾਂ।

ਆਤਮਾ ਦਾ ਕਦੇ ਨਾਸ਼ ਨਹੀਂ ਹੁੰਦਾ।

ਕਹਿਣ ਲੱਗੇ, ਫੇਰ ਮਹਾਰਾਜ! ਮੇਰਾ ਤਾਂ ਸਰੀਰ ਵੀ ਨਾਸ਼ਵਾਨ ਹੈ। ਕਹਿੰਦੇ ਇਹ ਵੀ ਦੇ ਦੇ।

ਕਹਿੰਦੇ ਹੁਣ ਤੇਰੇ ਕੋਲ ਕੀ ਰਹਿ ਗਿਆ?

ਕਹਿਣ ਲੱਗਿਆ, ਸਰੀਰ ਦੇਣ ਤੋਂ ਬਾਅਦ, ਮੇਰੇ ਕੋਲ 19 ਤੱਤਾਂ ਦਾ ਸੂਖਸ਼ਮ ਸਰੀਰ ਹੈ।

ਕਹਿੰਦੇ, ਉਹਦੇ ਵਿੱਚ ਮਨ ਹੈ ਚਿੱਤ ਹੈ, ਬੁੱਧ ਹੈ, ਹੰਕਾਰ ਹੈ, ਪੰਜ ਗਿਆਨ ਇੰਦਰੇ ਨੇ, ਪੰਜ ਕਰਮ ਇੰਦਰੇ ਨੇ, ਇਹ ਸਾਰੇ ਜਿਹੜੇ ਹੈਗੇ ਪੰਜ ਪ੍ਰਾਣ ਨੇ, 19 ਚੀਜ਼ਾਂ ਨੇ ਇਹ ਸਾਰੀਆਂ ਅਨਾਤਮ ਨੇ। ਆਤਮ ਨਹੀਂ ਹਨ ਇਹ ਸਾਨੂੰ ਦੇ ਦੇ।

ਕਹਿੰਦੇ, ਹੁਣ ਕੀ ਰਹਿ ਗਿਆ?

ਕਹਿਣ ਲੱਗਿਆ, ਮਨ, ਫੁਰਨੇ ਕਰਨ ਵਾਲਾ।

ਕਹਿੰਦੇ ਇਹ ਵੀ ਦੇ ਦੇ ਸਾਨੂੰ। ਫੁਰਨੇ ਕਰਨ ਵਾਲਾ ਜਦੋਂ ਦੇ ਦਿੱਤਾ, ਫੁਰਨਾ ਰੁਕ ਗਿਆ।

ਹੁਣ ਜਦ ਮਨ ਦੇ ਦਿੱਤਾ ਮਨ ਦੇ ਦਿਤਾ ਤਾਂ ਮਨ ਦੇਣ ਤੋਂ ਬਾਅਦ ਤਾਂ ਕੋਈ ਫੁਰਨਾ ਹੁੰਦਾ ਹੀ ਨਹੀਂ।

ਕਹਿੰਦੇ ਹੁਣ ਤੂੰ ਬੁੱਧੀ ਦੇ ਨਾਲ ਚਿਤਵਨੀ ਕਰਦਾ ਹੈਂ।

ਨਿਰਨਾ ਕਰ ਰਿਹਾ ਹੈਂ ਕਿ ਮੈਂ ਮਨ ਦੇ ਦਿੱਤਾ, ਰਾਜ ਦੇ ਦਿਤਾ, ਰਾਣੀਆਂ ਵਗੈਰਾ ਹੁਣ ਮੇਰੇ ਕੋਲ ਕੁਛ ਵੀ ਨਹੀਂ। ਕਹਿੰਦੇ, ਨਿਰਣਾ ਸ਼ਕਤੀ ਬੁੱਧੀ ਹੁੰਦੀ ਹੈ ਇਹ ਵੀ ਦੇ ਦੇ ਸਾਨੂੰ।

ਉਹ ਵੀ ਦੇ ਦਿੱਤਾ।

ਉਸ ਤੋਂ ਬਾਅਦ ਕਹਿਣ ਲੱਗੇ, ਹੁਣ?

ਕਹਿੰਦਾ ਹੁਣ ਤਾਂ ਕੁਛ ਨਹੀਂ।

ਹੁਣ ਤੂੰ ਚਿਤਵਨੀ ਕਰ ਰਿਹਾ ਹੈਂ ਕਿ ਮੈਂ ਮਨ ਵੀ ਦੇ ਦਿੱਤਾ, ਬੁੱਧੀ ਵੀ ਦੇ ਦਿੱਤੀ ਹੁਣ ਚਿੱਤ ਵੀ ਦੇ ਦੇ ਸਾਨੂੰ।

ਚਿੱਤ ਵੀ ਦੇ ਦਿੱਤਾ।

ਕਹਿੰਦੇ, ਹੁਣ ਤੇਰੇ ਕੋਲ ਕੀ ਰਹਿ ਗਿਆ?

ਸੋਚੀ ਜਾਂਦਾ ਹੈ।

ਕਹਿੰਦੇ ਰਾਜਾ ਜਨਕ ਰਹਿ ਗਿਆ ਨਾ, ਜਿਹਨੂੰ ਜਨਕ ਕਹਿੰਦੇ ਸੀ।

ਉਹ ਭਾਵ ਰਹਿ ਗਿਆ ਤੇਰੇ ਕੋਲ। ਕਹਿੰਦੇ ਉਹ ਵੀ ਸਾਨੂੰ ਦੇ ਦੇ। ਹੁਣ ਉਹ ਦੇ ਦਿੱਤਾ ਉਸ ਤੋਂ ਬਾਅਦ ਕੁਛ ਵੀ ਨਹੀਂ ਹੁੰਦਾ। ਕਹਿੰਦੇ, ਹੁਣ ਜਿਹੜਾ ਤੇਰੇ ਕੋਲ ਬਾਕੀ ਬਚਿਆ ਹੈ ਇਹ ਆਤਮ ਸਰੂਪ ਹੈ। ਤੂੰ ਆਤਮਾ ਹੈਂ ਇਹ ਚੀਜ਼ਾਂ ਵਾਧੂ ਦੀਆਂ ਲਈਂ ਫਿਰਦਾ ਹੈਂ। ਤੇਰੀ ਸੁਰਤ ਸੁੱਤੀ ਪਈ ਹੈ, ਇਹ ਹਉਮੈ ਕਰਕੇ ਤੈਨੂੰ ਨੀਂਦ ਆ ਰਹੀ ਸੀ, ਹਉਮੈ ਤੱਤ ਕਰਕੇ। ਪੜਦਾ ਪੈ ਗਿਆ ਸੀ ਤੇਰਾ ਤੇ ਪ੍ਰਮੇਸ਼ਰ ਦਾ। ਤੂੰ ਤਾਂ ਪ੍ਰਮੇਸ਼ਰ ਦਾ ਰੂਪ ਹੈਂ, ਤੂੰ ਤੇ ਪ੍ਰਮੇਸ਼ਰ ਅੱਡ ਨਹੀਂ ਹੈਗੇ –

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥***

***ਅੰਗ – 1369***

ਐਨਾ ਕਹਿਣ ਦੀ ਦੇਰ ਸੀ ਸਮਾਧੀ ਲੱਗ ਗਈ। ਫੁਰਨਾ ਰਿਹਾ ਹੀ ਨਾ, ਰਾਜਾ ਜਨਕ ਵੀ ਨਾ ਰਿਹਾ, ਹੁਣ ਰਹਿ ਕੀ ਗਿਆ। ਗਹਿਰੀ ਚੁੱਪ ਤੇ ਸਤਿ ਚਿਤ ਅਨੰਦ ਅਵਸਥਾ। ਸਮਾਧੀ ਲੱਗ ਗਈ। ਹੁਣ ਫੁਰਨਾ ਨਹੀਂ ਆਉਂਦਾ। ਸਭ ਕੁਛ ਭੁੱਲ ਗਿਆ। ਐਨੇ ਨੂੰ ਇੱਕ ਬ੍ਰਾਹਮਣ ਆਇਆ, ਕਹਿਣ ਲੱਗਿਆ ਰਾਜਨ! ਮੇਰੇ ਲੜਕੇ ਦੀ ਬਰਾਤ ਜਾ ਰਹੀ ਸੀ ਉਹ ਲੁੱਟੀ ਗਈ। ਛੇਤੀ ਹੁਕਮ ਕਰ, ਫੌਜ ਜਾਵੇ, ਡਾਕੂ ਨੇ। ਅੱਧਾ ਘੰਟਾ ਉਹਨੇ ਪੁਕਾਰਾਂ ਕਰੀਆਂ, ਇਹ ਚੁੱਪ। ਕਿਉਂਕਿ ਇਹ ਤਾਂ ਹੈ ਹੀ ਨਹੀਂ ਸੀ। ਖਤਮ ਹੀ ਹੋ ਗਿਆ, ਹੁਣ ਸੁਣੇ ਕਿਹੜਾ। ਅੱਧਾ ਘੰਟਾ ਉਹ ਗਾਲ੍ਹਾਂ ਕੱਢੀ ਗਿਆ, ਇਹਨੂੰ ਫੇਰ ਨਾ ਅਸਰ ਹੋਇਆ। ਉਸ ਵੇਲੇ ਅਸ਼ਟਾਵਕਰ ਨੇ ਕਿਹਾ, ਠੀਕ ਹੁਣ ਇਹਦੀ ਸਥਿਤੀ ਆਤਮਪਦ ਵਿੱਚ ਹੋ ਗਈ। ਹੁਣ ਇਹ ਪੂਰਨ ਹੋ ਗਿਆ, ਪੂਰਨ ਗਿਆਨਵਾਨ ਹੋ ਕੇ ਪ੍ਰਮੇਸ਼ਰ ਦਾ ਰੂਪ ਬਣ ਗਿਆ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਉਹ ਅਵਸਥਾ ਜਣਾ ਦਿਤੀ ਜਿਹੜੀ ਨਾ ਵੇਦ ਪੜ੍ਹਨ 'ਤੇ ਨਾ ਸਾਸ਼ਤਰ ਪੜ੍ਹਨ 'ਤੇ ਆਉਂਦੀ ਹੀ ਨਹੀਂ ਹੈ, ਗੁਰੂ ਦੀ ਕ੍ਰਿਪਾ ਤੋਂ ਬਿਨਾਂ। ਮਸਤ ਹੈ ਉਹਦੇ 'ਚ। ਕਹਿਣ ਲੱਗੇ, ਰਾਜਨ! ਆਹ ਤਖਤ 'ਤੇ ਬੈਠ ਜਾ, ਹੁਣ ਹੁਕਮ ਦੇ ਵਿੱਚ ਚਲਦਾ ਹੈ। ਕਹਿੰਦੇ ਲੈ, ਹੁਣ ਅਸੀਂ ਤੈਨੂੰ ਤੇਰੀਆਂ ਸਾਰੀਆਂ ਹੀ ਚੀਜ਼ਾਂ ਮੋੜਦੇ ਹਾਂ। ਮੇਰੇ ਤੋਂ ਰਾਜ ਨਹੀਂ ਹੋਣਾ, ਤੇਰੇ ਤੋਂ ਘਾਹ ਨਹੀਂ ਕੱਟ ਹੋਣਾ। ਤੇਰਾ ਰਾਜ ਅਸੀਂ ਤੈਨੂੰ ਮੋੜਦੇ ਹਾਂ, ਜੋ ਕੁਛ ਅਸੀਂ ਲਿਆ ਸੀ ਪਰ ਇੱਕ ਗੱਲ ਦਾ ਧਿਆਨ ਰੱਖੀਂ ਇਹ ਤੇਰੀਆਂ ਨਹੀਂ ਹਨ, ਇਹ ਅੱਜ ਤੋਂ ਬਾਅਦ ਮੇਰੀਆਂ ਨੇ। ਕਿਉਂਕਿ ਤੂੰ ਇਹ ਮੈਨੂੰ ਸਉਂਪ ਦਿੱਤੀਆਂ ਤੇ ਰਾਜ ਦਾ ਕਾਰਜ

ਚਲਾਉਣ ਵਾਸਤੇ ਇਹ ਮੈਂ ਤੈਨੂੰ ਦੇ ਰਿਹਾ ਹਾਂ।

ਹੁਣ ਇਹ ਗੱਲ ਸਮਝ 'ਚ ਆ ਜਾਵੇ ਫੇਰ ਤਾਂ ਬਹੁਤ ਵੱਡੀ ਬਾਤ ਹੈ। ਫੇਰ ਤਾਂ ਐਸ ਤੁਕ ਦਾ ਅਰਥ ਸਾਨੂੰ ਸਮਝ 'ਚ ਪੈ ਜਾਂਦਾ ਹੈ ਜਿਹੜੀ ਮਹਾਰਾਜ ਜੀ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਦੇ ਨਾਲ –

***ਧਾਰਨਾ – ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ।***

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ – 286***

ਜਿੰਨਾਂ ਚਿਰ ਆਪਣੇ ਕੋਲ ਲਈਂ ਬੈਠਾ ਹੈ, ਆਤਮ ਸਮਰਪਣ ਨਹੀਂ ਕੀਤਾ, ਗੱਲਾਂ ਨਾਲ ਤਾਂ ਹੁੰਦਾ ਨਹੀਂ ਜ਼ੋਰ ਲਾ ਲਓ ਜਿੰਨਾਂ ਮਰਜ਼ੀ। ਆਵੇਗਾ ਹੀ ਮਨ ਵਿੱਚ ਖਿਆਲ ਕਿ ਮੈਂ ਕਰਿਆ ਹੈ। ਮਹਾਰਾਜ ਕਹਿੰਦੇ, ਤੂੰ ਗਿਆਨਵਾਨ ਬਣਿਆ ਫਿਰਦਾ ਹੈਂ –

***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ – 278***

ਫੇਰ ਤਾਂ ਤੂੰ ਜੰਮਦਾ ਮਰਦਾ ਰਹੇਂਗਾ ਜਿੰਨਾਂ ਚਿਰ ਤੂੰ ਕਹਿੰਦਾ ਹੈਂ ਕਿ ਮੈਂ ਕਰਦਾ ਹਾਂ –

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ – 278***

ਇਹ ਅਵਸਥਾ ਨਹੀਂ ਪ੍ਰਾਪਤ ਹੁੰਦੀ ਜਿੰਨਾਂ ਚਿਰ ਮਿੱਤਰ ਤੇ ਦੁਸ਼ਮਣ ਨਜ਼ਰ ਆਉਂਦੇ ਨੇ। ਸੰਤ ਦੀ ਅਵਸਥਾ ਬਹੁਤ ਉੱਚੀ ਹੈ ਸਾਧਸੰਗਤ ਜੀ। ਅਸੀਂ ਹਰੇਕ ਨੂੰ ਸੰਤ ਕਹਿ ਦਿੰਦੇ ਹਾਂ, ਸੰਤ ਤਾਂ ਕੋਈਓ ਹੁੰਦਾ ਹੈ। ਬਹੁਤ ਮੁਸ਼ਕਲ ਬਾਤ ਹੈ ਇਹ। ਉਹਦੇ ਵਾਸਤੇ ਕੋਈ ਵੈਰੀ ਮਿੱਤਰ ਨਹੀਂ ਹੁੰਦਾ। ਉਹਦੇ ਵਾਸਤੇ ਤਾਂ ਹੋਣਾ ਹੀ ਨਹੀਂ, ਲੇਕਿਨ ਉਹਦਾ ਜਿਹੜਾ ਸੰਗੀ ਹੈ ਨਾ ਉਹਦੇ ਵਾਸਤੇ ਵੀ ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਨਾ ਕੋ ਬੈਰੀ, ਨਹੀਂ ਬਿਗਾਨਾ।***

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ਅੰਗ – 1299***

ਕਹਿੰਦੇ, ਮੇਰੀ ਤਾਤ ਪਰਾਈ ਬਿਸਰ ਗਈ, ਈਰਖਾ ਹੀ ਖਤਮ ਹੋ ਗਈ ਮੇਰੇ 'ਚੋਂ। ਜਦੋਂ ਸਾਧੂ ਦੀ ਸੰਗਤ ਮਿਲੀ।

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ – 1299***

ਮਹਾਰਾਜ ਕਹਿੰਦੇ, ਦੂਜੇ ਪਾਸੇ –

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ – 278***

ਇਸ ਤਰ੍ਹਾਂ ਦੇ ਨਾਲ ਇਹ ਅਵਸਥਾ ਹੈ ਉੱਚ ਅਵਸਥਾ। ਜੋ ਆਪਾਂ ਸ਼ਬਦ ਪੜ੍ਹਿਆ ਸੀ ਉਹ ਇਸੇ ਚੀਜ਼ ਨੂੰ ਜ਼ਾਹਰ ਕਰਦਾ ਹੈ –

*ਧਾਰਨਾ – ਮੁੱਲ ਖਰੀਦੀ ਲਾਲਾ ਗੋਲਾ,*
*ਮੇਰਾ ਨਾਉ ਸੁਭਾਗਾ ਜੀ।*

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥***
***ਅੰਗ – 991***

ਇਹ ਕਿਵੇਂ ਕਹਿੰਦੇ ਨੇ। ਸਿੱਧਾਂ ਨੇ ਪੁੱਛਿਆ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਅੰਗ – 1***

ਮਹਾਰਾਜ ਕਹਿੰਦੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***
***ਅੰਗ – 1***

ਹੁਕਮ ਦੇ ਵਿੱਚ ਚੱਲ ਰਹੀ ਹੈ ਸ੍ਰਿਸ਼ਟੀ –

***ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਅੰਗ – 1***

ਪਰ ਹਉਮੈ 'ਮੈਂ ਪੁਣਾ' ਆਦਮੀ ਦਾ ਜਾਂਦਾ ਨਹੀਂ ਹੈ, ਜਦੋਂ ਤੱਕ ਤੱਤ ਬੇਤੇ ਮਹਾਂਪੁਰਸ਼ ਦਾ ਮਿਲਾਪ ਨਾ ਹੋਵੇ। ਕਿਉਂਕਿ–

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ 1 ॥***
***ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥***
***ਜੈਸਾ ਮਾਨੀਐ ਹੋਇ ਨ ਤੈਸਾ ॥ 1 ॥ ਰਹਾਉ ॥***
***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥***
***ਅੰਗ – 658***

ਰੋਂਦੇ ਫਿਰਦੇ ਹਾਂ ਅਸੀਂ, ਵਿਰਲਾਪ ਕਰਦੇ ਫਿਰਦੇ ਹਾਂ। ਹਾਂ ਅਸੀਂ ਆਤਮਾ, ਸੰਸਾਰ ਨਾਲ ਸਾਡਾ ਕੋਈ ਸਬੰਧ ਨਹੀਂ। ਇਹ ਤਾਂ ਹੁਕਮ ਦੀ ਖੇਡ ਹੋ ਰਹੀ ਹੈ, ਮਾਲਕ ਕਰਾ ਰਿਹਾ ਹੈ ਕਰੀ ਜਾਂਦਾ ਹੈ ਜੀਵ। ਇਹ ਜੀਵ ਮੈਂ ਪੁਣਾ ਧਾਰਦਾ ਹੈ ਤਾਂ ਫਸਦਾ ਹੈ। ਆਹ ਜਿਹੜੀ ਮੈਂ ਹੈ ਇਹ ਇਹਨੂੰ ਹੀ ਫਸਾਉਂਦਾ ਹੈ। ਜੇ ਇਹਦੇ ਅਨੁਭਵ ਦੇ ਵਿੱਚ ਜਾਗ ਖੁੱਲ੍ਹ ਜਾਏ ਕਿ ਇਹ ਹੁਕਮ ਦੀ ਕ੍ਰਿਆ ਹੋ ਰਹੀ ਹੈ। ਮੈਂ ਤਾਂ ਹਾਂ ਹੀ ਨਹੀਂ, ਮੈਂ ਤਾਂ ਆਤਮ ਸਰੂਪ ਹਾਂ। ਇਹ ਸਰੀਰ ਨੂੰ ਜਿਵੇਂ ਪ੍ਰਮੇਸ਼ਰ ਚਲਾਉਂਦਾ ਹੈ ਚੱਲ ਰਿਹਾ ਹੈ। ਆਹ ਜਾਗ ਨਹੀਂ ਆਉਂਦੀ। ਹਰ ਵਕਤ ਸੁੱਤਾ ਰਹਿਣ ਕਰਕੇ ਇਹ ਜੀਵ ਦੁਖੀ ਹੁੰਦਾ ਹੈ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

(----------)

# 7

## ਪ੍ਰਭੂ ਪਿਆਰ, ਵਿਸ਼ਵਾਸ਼,
## ਦ੍ਰਿੜਤਾ ਅਤੇ ਪਰਇਸਤ੍ਰੀ ਤਿਆਗ

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*

***ਧਾਰਨਾ - ਡੁੱਬਦੇ ਪੱਥਰਾਂ ਨੂੰ ਤਾਰ ਗੁਰਾ ਮੇਰਿਆ,***
***ਹੱਥ ਜੋੜ ਕਰਾਂ ਬੇਨਤੀ।***

***ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥***
***ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥ 1 ॥***
***ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥***
***ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥ 1 ॥ ਰਹਾਉ ॥***
***ਘੋਰ ਮਹਲ ਸਦਾ ਰੰਗਿ ਰਾਤਾ ॥***
***ਸੰਗਿ ਤੁਮ੍ਾਰੈ ਕਛੂ ਨਾ ਜਾਤਾ ॥ 2 ॥***
***ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥***
***ਅਤਿ ਕੁਚੀਲ ਮਿਲੈ ਜਮ ਡਾਂਡਾ ॥ 3 ॥***
***ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥***
***ਮਹਾ ਗਰਤ ਮਹਿ ਨਿਘਰਤ ਜਾਤਾ ॥ 4 ॥***
***ਨਾਨਕ ਕੀ ਅਰਦਾਸਿ ਸੁਣੀਜੈ ॥***
***ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥ ਅੰਗ - 741***

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਲੇਖਾ ਦੇਵੇਂਗੀ,***
***ਪਾਪਾਂ ਵਾਲੇ ਬੀਜ ਬੀਜ ਕੇ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਭਾਦੋਂ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ, ਗੁਰੂ ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਕਿ ਬਹੁਤ ਦੇਰ ਦਿਆਂ ਨੂੰ ਏਸ ਇੰਤਜ਼ਾਰ ਵਿੱਚ ਸੀ ਕਿ ਪ੍ਰਭੂ ਦੀ ਕ੍ਰਿਪਾ ਹੋਵੇ ਤੇ ਸਾਡੇ ਖੇਤਾਂ ਦੇ ਵਿੱਚ ਕੁਝ ਪਾਣੀ ਗਿਰੇ ਆ ਕੇ। ਸਾਰੇ ਏਸ ਗੱਲ ਨੂੰ

ਅਰਦਾਸਾਂ ਕਰਦੇ ਸੀ ਕਿਉਂਕਿ ਸਾਰਾ ਸਉਣ ਸੁੱਕਾ ਚਲਿਆ ਗਿਆ ਸੀ। ਹੁਣ ਮਹਾਰਾਜ ਨੇ ਝੜੀ ਲਾ ਦਿੱਤੀ ਹੈ ਜ਼ੋਰ ਨਾਲ ਬਾਰਿਸ਼ ਹੋ ਰਹੀ ਹੈ ਏਧਰੋਂ ਕੀਰਤਨ ਹੋ ਰਿਹਾ ਹੈ ਤੇ ਏਧਰੋਂ ਮਹਾਰਾਜ ਪ੍ਰਸੰਨ ਹੋ ਕੇ ਬਾਰਿਸ਼ ਕਰ ਰਹੇ ਨੇ। ਕੋਈ ਪ੍ਰੇਮੀ ਨਾ ਕਹਿਓ ਕਿ ਮੀਂਹ ਹਟ ਜਾਏ, ਐਸੀ ਬਾਤ ਨਾ ਕਹਿਓ, ਕਿਉਂਕਿ ਬਹੁਤ ਮੁਸ਼ਕਲ ਦੇ ਨਾਲ ਬਾਰਿਸ਼ ਆਈ ਹੈ, ਪਿਆਰ ਦੇ ਨਾਲ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਫੇਰ ਤੁਹਾਡੀ ਏਥੇ ਆਉਣ ਦੀ ਜੋ ਯਾਤਰਾ ਹੈ ਉਹ ਸਫਲ ਹੋ ਕੇ, ਬੇਅੰਤ ਫਲ ਪ੍ਰਾਪਤ ਹੋਏਗਾ। ਠੰਢ ਕਰ ਦਿਤੀ ਮਹਾਰਾਜ ਨੇ, ਬਾਰਿਸ਼ ਪੈ ਰਹੀ ਹੈ, ਐਸਾ ਸੁਹਾਵਣਾ ਸਮਾਂ ਥੋੜ੍ਹਾ ਨੇੜੇ-ਨੇੜੇ ਹੋ ਕੇ ਸਾਰੇ ਬੈਠ ਜਾਓ, ਥਾਉਂ ਬਹੁਤ ਹੈ। ਬਾਕੀ ਸ਼ਬਦ 'ਚ ਬੋਲੋ ਤੇ ਵਿਚਾਰ ਸਰਵਣ ਕਰੋ। ਇਸਦੀ ਵਿਚਾਰ ਹੈ ਕਿ ਇਸ ਜਿੰਦ ਨੂੰ ਜਦੋਂ ਲੇਖਾ ਦੇਣਾ ਪੈਣਾ ਹੈ ਜੇ ਗਫਲਤ ਦੇ ਵਿੱਚ ਜੀਵਨ ਕੱਟ ਲਿਆ ਫੇਰ ਬਹੁਤ ਔਖਾ ਹੋ ਜਾਏਗਾ, ਉਥੇ ਰੋਣਾ ਪੈਣਾ ਹੈ। ਰੋਣੇ ਨੂੰ ਕੋਈ ਸੁਣਦਾ ਨਹੀਂ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਜਿਨ੍ਹਾਂ ਦਾ ਤਾਂ ਗੁਰੂ ਹੈਗਾ, ਉਨ੍ਹਾਂ ਦੀ ਤਾਂ ਸਹਾਇਤਾ ਹੋ ਜਾਂਦੀ ਹੈ। ਜਿਹੜੇ ਨਿਗੁਰੇ ਤੁਰੇ ਫਿਰਦੇ ਨੇ ਬਾਣੀ ਨਹੀਂ ਪੜ੍ਹਦੇ, ਨਾਮ ਨਹੀਂ ਜਪਦੇ। ਬੜਾ ਮਾੜਾ ਹਾਲ ਹੈ। ਮਨੁੱਖ ਦਾ ਜਾਮਾ ਤਾਂ ਮਿਲ ਗਿਆ, ਪਰ ਇਹਨੂੰ ਐਵੇਂ ਹੀ ਗਵਾ ਰਹੇ ਨੇ ਜੇ ਪੁੱਛਦਾ ਹਾਂ ਮੈਂ ਕਿ ਜਪੁਜੀ ਸਾਹਿਬ ਯਾਦ ਹੈ, ਕਹਿੰਦੇ ਅਸੀਂ ਤਾਂ ਪੜ੍ਹਦੇ ਨਹੀਂ ਜੀ। ਇਹਨੂੰ ਅਗਾਹਾਂ ਦਰਗਾਹ 'ਚ ਕਿਸੇ ਨੇ ਨਹੀਂ ਪੁੱਛਣਾ ਕਿ ਪੜ੍ਹੇ ਹੋਏ ਸੀ ਕਿ ਨਹੀਂ। ਦਰਗਾਹ ਵਾਲਾ ਤਾਂ ਇਹ ਦੇਖਦਾ ਹੈ ਕਿ ਤੂੰ ਪ੍ਰਮੇਸ਼ਰ ਨੂੰ ਯਾਦ ਰੱਖਿਆ? -

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥*** ***ਅੰਗ - 251***

ਆਇਆ ਤਾਂ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਸੀ, ਪਰ ਮਾਇਆ ਦੇ ਮੋਹ 'ਚ ਪੈ ਕੇ ਨਾਮ ਨਹੀਂ ਜਪਦਾ। ਜਿਹੜਾ ਪੜ੍ਹਿਆ ਹੋਇਆ ਨਹੀਂ ਹੈ ਉਹ ਐਨਾ ਕੁ ਤਾਂ ਜਾਣਦਾ ਹੈ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਜਿਹੜਾ ਕਹਿੰਦਾ ਹੈ ਕਿ ਜੀ ਇਹ ਵੀ ਮੇਰੇ ਯਾਦ ਨਹੀਂ ਹੁੰਦਾ, ਫੇਰ ਪ੍ਰੇਮੀਓ ਜੇ ਇਹ ਨਹੀਂ ਯਾਦ ਹੁੰਦਾ ਤਾਂ ਏਸ ਤੋਂ ਉਪਰਲਾ ਸਬਕ ਲੈ ਲਓ, 'ਸਤਿਨਾਮ ਵਾਹਿਗੁਰੂ'। ਆਹੀ ਕਰੀ ਜਾਇਆ ਕਰੋ, ਵਿਹਲੇ ਨਾ

ਰਿਹਾ ਕਰੋ। ਸਾਹ ਲੰਘਦੇ ਜਾਂਦੇ ਨੇ, 24 ਹਜ਼ਾਰ ਸਵਾਸ ਰੋਜ਼ ਲੰਘ ਜਾਂਦਾ ਹੈ। ਮਹਾਰਾਜ ਕਹਿੰਦੇ ਭਰਮ 'ਚ ਭੁੱਲ ਗਿਆ ਏਥੇ ਆ ਕੇ, ਇਹਦਾ ਪਿਆਰ ਉਨ੍ਹਾਂ ਚੀਜ਼ਾਂ ਦੇ ਨਾਲ ਲੱਗ ਗਿਆ ਜਿਹੜੀਆਂ ਚੀਜ਼ਾਂ ਨੇ ਨਾਲ ਨਹੀਂ ਜਾਣਾ। ਬੜੀ ਮਾੜੀ ਗੱਲ ਹੈ। ਜਿਹੜੀ ਚੀਜ਼ ਤਾਂ ਨਾਲ ਜਾਣੀ ਹੈ, ਉਹਦੇ ਨਾਲ ਤਾਂ ਪਿਆਰ ਨਹੀਂ ਕਰਿਆ, ਜਿਹੜੀ ਚੀਜ਼ ਨੇ ਜਾਣਾ ਨਹੀਂ ਹੈ, ਉਹ ਫੇਰ ਉਹਦੇ ਨਾਲ ਪਿਆਰ ਕਰ ਲਿਆ। ਫੇਰ ਸਜ-ਧਜ ਕੇ ਰਹਿੰਦਾ ਹੈ, ਬੇਅੰਤ ਆਪਣੇ ਆਪ ਨੂੰ ਸੰਵਾਰਦਾ ਹੈ, ਮਹਾਰਾਜ ਕਹਿੰਦੇ ਕੀ ਕੰਮ ਹੈ ਇਹ ਕਿਸੇ ਕੰਮ ਨਹੀਂ ਆਉਣਾ। ਇੱਕ ਦਿਨ ਤੇਰੇ ਸਰੀਰ ਨੇ ਬਿਨਸ ਜਾਣਾ ਹੈ, ਇਹਨੂੰ ਕੋਈ ਹਟਾ ਨਹੀਂ ਸਕਦਾ, ਇਹ ਅਵੱਸ਼ ਚੀਜ਼ ਹੈ -

***ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥***

***ਅੰਗ - 474***

ਜਿਹਦੀ-ਜਿਹਦੀ ਵਾਰੀ ਆਈ ਜਾਏਗੀ, ਉਹਨੇ ਇਸ ਸੰਸਾਰ ਤੋਂ ਛੁੱਟੀ ਕਰੀ ਜਾਣੀ ਹੈ। ਜਿਹਦਾ ਸਟੇਸ਼ਨ ਆਈ ਜਾਏਗਾ, ਉਹਨੇ ਉਤਰੀ ਜਾਣਾ ਹੈ ਇਹ ਤਾਂ ਹੋਣਾ ਹੀ ਹੋਣਾ ਹੈ, ਫੇਰ ਉਥੇ ਕੀ ਹੋਏਗਾ। ਇਹ ਜਮਦੂਤਾਂ ਨੇ ਫੜ ਲੈਣਾ ਹੈ ਤੇ ਕਿਸੇ ਨੂੰ ਪਤਾ ਨਹੀਂ ਲੱਗਣਾ ਕਿ ਕਦੋਂ ਆ ਕੇ ਹੱਥ ਪਾ ਲਿਆ। ਜਿਨ੍ਹਾਂ ਦੇ ਨਾਲ ਪਿਆਰ ਪਾਇਆ ਹੋਇਆ ਹੈ, ਉਹ ਛੱਡ ਕੇ ਸਾਰੇ ਖੜ੍ਹੇ ਹੋ ਜਾਣਗੇ। ਹੱਥ ਮਰੋੜਨਗੇ, ਕੁਛ ਬਣ ਨਹੀਂ ਸਕਣਾ। ਉਹ ਛੱਡ ਜਾਣਗੇ ਤੇ ਪਹਿਲਾਂ ਰੰਗ ਸਿਆਹ ਹੋ ਜਾਏਗਾ। ਫੇਰ ਚਿੱਟਾ ਹੋ ਜਾਏਗਾ। ਮਹਾਰਾਜ ਕਹਿੰਦੇ, ਹੁਣ ਦੇਖ ਧਿਆਨ ਕਰ, ਉਹ ਚੀਜ਼ਾਂ ਬੀਜ, ਜਿਹੜੀਆਂ ਤੇਰੇ ਨਾਲ ਜਾ ਕੇ ਸਹਾਇਤਾ ਕਰਨ, ਉਹ ਨਾ ਬੀਜ ਜਿਹੜੀਆਂ ਨੂੰ ਬੀਜਣ ਤੋਂ ਫੇਰ ਤੂੰ ਰੋ-ਰੋ ਕੇ ਲੇਖਾ ਦੇਵੇਂ।

ਜਿਹੜੇ ਏਥੇ ਆ ਕੇ ਪ੍ਰਭੂ ਦਾ ਨਾਮ ਜਪਣਗੇ, ਆਪਣੇ ਜੀਵਨ ਨੂੰ ਸਫਲ ਕਰਨਗੇ, ਸੇਵਾ ਕਰਨਗੇ, ਗੁਰੂ ਵਾਲੇ ਹੋ ਕੇ ਬੰਦਗੀ ਕਰਨਗੇ। ਕਹਿੰਦੇ ਉਹ ਨਰਕ 'ਚ ਨਹੀਂ ਜਾਣਗੇ।

ਚਰਨ ਜਿਹੜੇ ਵਾਹਿਗੁਰੂ ਦਾ ਨਾਮ ਹੈ ਇਹ ਜਹਾਜ਼ ਹੋਇਆ ਕਰਦੇ ਨੇ ਲੰਘਣ ਵਾਸਤੇ। ਜੇ ਗੁਰੂ ਦੇ ਨਾਲ ਪਿਆਰ ਹੋ ਜਾਵੇ ਉਹ ਪਿਆਰ ਮਹਾਰਾਜ ਕਹਿੰਦੇ ਰੱਖ ਲੈਂਦਾ ਹੈ ਤੇ ਨਰਕ 'ਚ ਨਹੀਂ ਜਾਣ ਦਿੰਦਾ। ਜਿਹੋ ਜਿਹਾ ਬੀਜ ਦਏਗਾ ਕੁੰਭੀ ਨਰਕ 'ਚ ਜਾਣਾ ਪਵੇਗਾ। ਈਰਖਾ ਬੀਜੇਗਾ, ਸਾਰੇ ਕਰਮ ਧਰਮ ਨਸ਼ਟ ਹੋ ਜਾਣਗੇ। ਛਲ ਕਪਟ ਬੀਜੇਗਾ, ਦਰਗਾਹ 'ਚ ਲੇਖੇ ਦੇਣੇ ਪੈਣਗੇ। ਮਾੜੇ ਕੰਮ ਬੀਜੇਗਾ ਉਹਦਾ ਬਦਲਾ ਦੇਣਾ ਪਵੇਗਾ। ਫੇਰ ਬੀਜਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ ਕਿ ਮੈਂ ਕਿਸ ਤਰ੍ਹਾਂ ਦੀ ਚੀਜ਼ ਬੀਜਾਂ, ਜਿਹਦੇ ਨਾਲ ਮੇਰਾ ਭਲਾ ਹੋ ਜਾਵੇ। ਚੀਜ਼ ਤਾਂ ਓਹੀ ਮਿਲਣੀ ਹੈ ਪ੍ਰੇਮੀਓਂ ਜਿਹੜੀ ਤੁਸੀਂ ਬੀਜਦੇ ਓਂ -

***ਧਾਰਨਾ - ਕਿੱਥੋਂ ਭਾਲਦੈ ਤੂੰ ਦਾਖ ਬਿਜੌਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ।***

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥***

*ਹੰਢੈ ਉੱਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ - 1379*

ਸਿਆਣਾ ਕਿਸਾਨ ਇਹ ਖੇਤਾਂ ਦੇ ਅੰਦਰ ਅੰਗੂਰਾਂ ਦੇ ਭੁਲੇਖੇ ਕਿੱਕਰ ਬੀਜ ਦੇਵੇ ਤਾਂ ਉਹਦੇ ਪੱਲੇ ਕੀ ਆਏਗਾ, ਕਿੱਕਰ ਦੇ ਕੰਡੇ, ਜੇ ਕਹੇ ਕਿ ਅੰਗੂਰ ਨਹੀਂ ਹਰੇ ਹੋਏ ਤੇ ਫਲ ਮੈਨੂੰ ਨਹੀਂ ਮਿਲਿਆ ਅੰਗੂਰਾਂ ਦਾ ਤਾਂ ਉਹਦੀ ਗਲਤੀ ਹੈ ਸਾਧਸੰਗਤ ਜੀ, ਜਦੋਂ ਬੀਜਦੇ ਓਂ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - 134*

ਇਹ ਤਾਂ ਜਿਹੋ ਜਿਹੇ ਕਰਮ ਕਰੋਂਗੇ ਓਹੋ ਜਿਹਾ ਫਲ ਭੁਗਤਣਾ ਪੈਣਾ ਹੈ। ਜਦੋਂ ਭੁਗਤਣਾ ਪੈਣਾ ਹੈ, ਫੇਰ ਇਹ ਬੰਦਾ ਰੋਂਦਾ ਹੈ ਫੇਰ ਪਛਤਾਉਂਦਾ ਹੈ -

*ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - 464*

ਜਿਹੋ ਜਿਹਾ ਬੀਜ ਲਏਂਗਾ, ਵੈਸਾ ਹੀ ਵੱਢਣਾ ਪੈਣਾ ਹੈ। ਨਾਮ ਬੀਜ ਲਏਂਗਾ, ਸੁਖਾਲਾ ਰਹੇਂਗਾ। ਪਾਪ ਬੀਜ ਲਏਂਗਾ, ਉਥੇ ਜਾ ਕੇ ਰੋਏਂਗਾ। ਹੁਣ ਬੀਜਣ ਵੇਲੇ ਆਦਮੀ ਨੂੰ ਸੋਚਣਾ ਚਾਹੀਦਾ ਹੈ। ਜੇ ਬਿਹੁ ਬੀਜਦਾ ਹੈ ਤਾਂ ਬਿਹੁ ਖਾਣੀ ਪਵੇਗੀ, ਜੇ ਅੰਮ੍ਰਿਤ ਬੀਜਦਾ ਹੈ ਤਾਂ ਅੰਮ੍ਰਿਤ ਦਾ ਫਲ ਹੱਥ ਆਏਗਾ, ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਬਿਹੁ ਬੀਜੇਂਗਾ ਖਾਵੇਂਗਾ ਫਲ ਬਿਹੁ ਦੇ,*
*ਅੰਮ੍ਰਿਤ ਕਾਹਤੋਂ ਭਾਲੇ ਗਾਫਲਾ।*

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374*

ਬਾਰ-ਬਾਰ ਏਸ ਵਾਸਤੇ ਇਹਦੇ ਉਤੇ ਜ਼ੋਰ ਦਿੱਤਾ ਜਾਂਦਾ ਹੈ। ਕਿ ਹੁਣ ਬੀਜਣ ਦਾ ਵੇਲਾ ਹੈ ਪਿਆਰਿਓ, ਚਾਹੇ ਤਾਂ ਬਿਹੁ ਬੀਜ ਲਓ, ਫੇਰ ਬਿਹੋਲੇ ਫਲ ਖਾਣੇ ਪੈਣਗੇ। ਚਾਹੇ ਨਾਮ ਰੂਪੀ ਅੰਮ੍ਰਿਤ ਬੀਜ ਲਓ, ਸੇਵਾ ਰੂਪੀ, ਦਾਨ ਰੂਪੀ, ਦਾਨ ਕਰ ਲਓ ਦਾਨ ਦਾ ਫਲ ਮਿੱਠਾ ਹੁੰਦਾ ਹੈ, ਸੇਵਾ ਕਰ ਲਓ, ਸੇਵਾ ਦਾ ਫਲ ਮਿੱਠਾ ਮਿਲੇਗਾ, ਨਾਮ ਜਪ ਲਓ, ਨਾਮ ਦਾ ਫਲ ਮਿੱਠਾ ਹੋਏਗਾ, ਨਿੰਦਿਆ ਕਰ ਲਓ, ਚੁਗਲੀਆਂ ਕਰ ਲਓ, ਈਰਖਾ ਕਰ ਲਓ, ਛਲ ਕਰ ਲਓ, ਕਪਟ ਕਰ ਲਓ, ਧੋਖੇ ਦੇ ਦਿਓ, ਝੂਠ ਬੋਲ ਲਓ, ਫਲ ਕੀ ਹੋਏਗਾ, ਬਹੁਤ ਦੁਖੀ ਹੋਣਾ ਪੈਂਦਾ ਹੈ, ਫੇਰ ਉਥੇ ਭਾਲਦਾ ਹੈ ਕਿ ਮੈਨੂੰ ਤਾਂ ਅੰਮ੍ਰਿਤ ਦਾ ਫਲ ਨਹੀਂ ਮਿਲਿਆ, ਮੇਰੇ ਹਿੱਸੇ ਬਿਹੁ ਕਿਉਂ ਆ ਰਹੀ ਹੈ, ਜੇ ਜਨਮ ਲੈ ਲਿਆ, ਦੂਸਰਾ ਜਨਮ ਲੈ ਲਿਆ, ਫੇਰ ਦੁੱਖ ਹੀ ਦੁੱਖ ਖੜ੍ਹੇ ਨੇ ਤਿਆਰ। ਸੁੱਖਾਂ ਦੀ ਜ਼ਿੰਦਗੀ ਨਹੀਂ ਮਿਲੇਗੀ, ਫੇਰ ਦੁੱਖਾਂ ਦੀ ਜ਼ਿੰਦਗੀ ਪ੍ਰਾਪਤ ਹੋਏਗੀ। ਹੁਣ ਬੀਜਣ ਦਾ ਮੌਕਾ ਹੈ, ਇਕ ਚੀਜ਼ ਬੀਜ ਲੈ, ਜਿਹੜੀਆਂ ਤੂੰ ਗਲਤ ਚੀਜ਼ਾਂ ਵੀ ਬੀਜੀਆਂ ਹੋਈਆਂ ਨੇ ਉਹ ਅਜੇ ਵੀ ਮੌਕਾ ਹੈ ਕਿ ਤੂੰ ਸਹੀ ਚੀਜ਼ ਬੀਜ ਲੈ -

*ਧਾਰਨਾ - ਕੋਈ ਬੀਜ ਲੈ ਕਿਆਰਾ ਸੱਚੇ ਨਾਮ ਦਾ,*
*ਪਾਪਾਂ ਵਾਲੇ ਖੇਤ ਬੀਜ ਲਏ।*

ਸਮਾਂ ਹੈ ਬੀਜਣ ਦਾ, ਨਾਮ ਬੀਜ ਲਓ, ਨਾਮ ਦੀ ਕੋਈ ਕੀਮਤ ਨਹੀਂ ਹੋਇਆ ਕਰਦੀ, ਜਦੋਂ ਸੰਸਾਰ ਤੋਂ ਜਾਂਦਾ ਹੈ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - 283*

ਪਾਪ ਬੀਜ ਲਓ, ਮਾਰਦੇ ਕੁੱਟਦੇ ਜਮਦੂਤ ਲੈ ਜਾਂਦੇ ਨੇ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*
*ਅੰਗ - 520*

ਬਾਣੀ ਦੇ ਵਿੱਚ ਆਉਂਦਾ ਹੈ ਕਿ -

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374*

ਅੰਮ੍ਰਿਤ ਕਹਿੰਦੇ ਨੇ ਘਿਉ ਨੂੰ, ਘਿਉ ਤੇ ਨਮਕ ਪਾ ਕੇ ਜੇ ਖਿੱਚੜੀ ਮਿਲ ਜਾਵੇ ਇਹਦੇ ਨਾਲੋਂ ਵਧੀਆ ਚੀਜ਼ ਨਹੀਂ ਹੈ ਕੋਈ, ਜੇ ਪ੍ਰਸ਼ਾਦਾ ਮਿਲ ਜਾਵੇ ਘਿਉ ਨਾਲ ਚੋਪੜਿਆ ਹੋਇਆ, ਦਾਲ ਸਬਜ਼ੀ ਮਿਲ ਜਾਵੇ। ਪਹਿਲਾਂ ਗਰਦਨਾਂ ਮਰੋੜ-ਮਰੋੜ ਖਾਓ ਮੁਰਗਿਆਂ ਦੀਆਂ, ਬੱਕਰਿਆਂ ਦੀਆਂ ਗਰਦਨਾਂ ਵੱਢ-ਵੱਢ ਕੇ ਖਾਓ, ਫੇਰ ਆਪ ਜਦੋਂ ਲੇਖਾ ਦੇਣਾ ਪੈਂਦਾ ਹੈ ਉਸ ਵੇਲੇ ਪਤਾ ਲਗਦਾ ਹੈ ਕਿ ਮੈਨੂੰ ਕਿਉਂ ਮਾਰਿਆ ਜਾ ਰਿਹਾ ਹੈ। ਮੈਂ ਕਿਹੜਾ ਇਹੋ ਜਿਹਾ ਕਰਮ ਕਰਿਆ ਸੀ। ਪ੍ਰੇਮੀਆਂ! ਤੂੰ ਵੀ ਬੱਕਰੇ ਖਾਧੇ ਸੀਗੇ ਹੁਣ ਤੇਰੀ ਵਾਰੀ ਆ ਗਈ ਗਲਾ ਕਟਾਉਣ ਦੀ। ਬੀਜ ਲੈ-

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥*
*ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥*
*ਅੰਗ - 321*

ਨਾਮ ਬੀਜਣ ਦਾ ਵੇਲਾ ਆਇਆ ਹੈ, ਜੇ ਨਹੀਂ ਬੀਜਦਾ, ਮਹਾਰਾਜ ਕਹਿੰਦੇ ਉਹਦਾ ਸੰਸਾਰ 'ਤੇ ਆਉਣ ਦਾ ਫਾਇਦਾ ਕੀ ਸੀ -

*ਧਾਰਨਾ - ਕਾਹਨੂੰ ਜੰਮਣਾ ਸੀ ਨਾਮ ਤੋਂ ਵਿਹੂਣਿਆ ਓਏ,*
*ਕਾਹਨੂੰ ਜੰਮਣਾ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - 450*

ਮਹਾਰਾਜ ਫੁਰਮਾਨ ਕਰਦੇ ਨੇ ਭਾਈ! ਧਿਆਨ ਦੇ ਨਾਲ ਸੁਣੋ। ਕਹਿੰਦੇ ਜੇ ਨਾਮ ਨਹੀਂ ਸੀ ਜਪਣਾ, ਤਾਂ ਸੰਸਾਰ 'ਤੇ ਆਉਣ ਦਾ ਕੀ

ਫਾਇਦਾ ਸੀ - *'ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥ ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥ ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥'* ਉਥੇ ਜਾ ਕੇ ਦੱਸ ਭੁੱਖਾ ਕੀ ਖਾਏਗਾ? ਖਾਣ ਨੂੰ ਤਾਂ ਤੈਨੂੰ ਕੁਛ ਚਾਹੀਦਾ ਹੀ ਹੈ। 'ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ' ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਨਾਮ ਬੀਜਣ ਦਾ ਸਮਾਂ ਆ ਗਿਆ -

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ - 1185*

ਸੁਖਾਲਾ ਹੀ ਹੈ, ਨਾਮ ਜਪਣਾ ਕੋਈ ਔਖਾ ਨਹੀਂ ਹੋਇਆ ਕਰਦਾ, ਆਦਮੀ ਦਾ ਇਰਾਦਾ ਹੋਣਾ ਚਾਹੀਦਾ ਹੈ। ਜ਼ੁਬਾਨ ਹੀ ਹਿਲਾਉਣੀ ਹੈ 'ਵਾਹਿਗੁਰੂ-ਵਾਹਿਗੁਰੂ, ਸਤਿਨਾਮ ਵਾਹਿਗੁਰੂ' ਨਾਮ ਇਹ ਦੇਖਣਾ ਹੈ ਕਿ ਮੇਰੇ ਨਾਲ ਰਹਿੰਦਾ ਹੈ ਹਰ ਵਕਤ। ਐਨੀਓਂ ਗੱਲ ਹੈ ਦੋ ਹੀ ਗੱਲਾਂ ਨੇ ਇਹਦੇ ਵਿੱਚ, ਬਹੁਤਾ ਲੰਮਾ ਚੌੜਾ ਨਹੀਂ ਹੈ। ਐਸਾ ਸੁਖਾਲਾ ਰਾਹ ਗੁਰੂ ਸਾਹਿਬ ਨੇ ਸਾਨੂੰ ਦੱਸਿਆ ਹੈ ਨਾ ਕੋਈ ਪ੍ਰਾਣਾਯਾਮ ਕਰਨਾ ਹੈ, ਨਾ ਪਾਣੀ ਵਿੱਚ ਖੜ੍ਹਨਾ ਹੈ, ਨਾ ਪੁੱਠੇ ਲਟਕਣਾ ਹੈ, ਬਾਲ ਬੱਚੇ ਪਾਲਦੇ ਹੋਏ, ਖੇਤੀਆਂ ਪੱਕੀਆਂ ਕਰਦੇ ਹੋਏ, ਸਿਰਫ ਮਨ ਨੂੰ ਪੱਟ ਕੇ ਦੁਨੀਆਂ ਨਾਲੋਂ ਦੂਜੇ ਪਾਸੇ ਲਾਉਣਾ ਹੈ, ਮਨ ਤਾਂ ਲੱਗਿਆ ਹੋਇਆ ਹੀ ਹੈ। ਪਸ਼ੂਆਂ 'ਚ ਮਨ ਹੈ ਮੱਝਾਂ ਗਾਈਆਂ 'ਚ ਮਨ ਹੈ, ਬੱਚਿਆਂ 'ਚ ਮਨ ਹੈ ਜ਼ਮੀਨ ਜਾਇਦਾਦ 'ਚ ਮਨ ਲੱਗਿਆ ਹੋਇਆ ਹੈ, ਇਹਨੂੰ ਬਦਲ ਕੇ ਓਧਰ ਕਰ ਦੇਣਾ ਹੈ। ਮਹਾਰਾਜ ਕਹਿੰਦੇ ਕੋਈ ਨਹੀਂ ਦੁਨੀਆਂ 'ਚ ਜਿਹੜਾ ਨਾ ਸੋਚਦਾ ਹੋਵੇ, ਸਭ ਸੋਚਦੇ ਹੁੰਦੇ ਨੇ ਹਰ ਵਕਤ।

*ਚਿੰਤਤ ਹੀ ਦੀਸੈ ਸਭੁ ਕੋਇ ॥ ਅੰਗ - 932*

ਜੇ ਵਾਹਿਗੁਰੂ ਨੂੰ ਯਾਦ ਕਰੇ -

*ਚੇਤਹਿ ਏਕੁ ਤਹੀ ਸੁਖੁ ਹੋਇ ॥ ਅੰਗ - 932*

ਫੇਰ ਸੁਖ ਹੋ ਜਾਂਦਾ ਹੈ, ਇਸ ਕਰਕੇ ਬੜਾ ਹੀ ਮਹਾਰਾਜ ਸਾਨੂੰ ਸਾਫ ਸ਼ਬਦਾਂ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਪ੍ਰੇਰਨਾ ਕਰਦੇ ਹੋਏ ਦਸਦੇ ਨੇ -

*ਧਾਰਨਾ - ਐਵੇਂ ਜਨਮ ਨਾ ਗਵਾ ਲਈਂ ਮਨਾਂ ਮੇਰਿਆ,*
*ਵਤ ਲੱਗੀ ਨਾਮ ਬੀਜ ਲੈ।*
*ਸਤਿਨਾਮ ਵਾਹਿਗੁਰੂ....................।*
*ਅਕਾਲ ਪੁਰਖ ਤੂੰਹੀਂ ਹੈਂ...........।*

ਬੜੀ ਮੁਸ਼ਕਲ ਤੋਂ ਬਾਅਦ ਵੱਤ ਲੱਗੀ ਹੈ, ਕਰੋੜਾਂ ਸਾਲ ਲੰਘ ਗਏ -

*ਕਈ ਜਨਮ ਭਏ ਕੀਟ ਪਤੰਗਾ ॥*

*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* **ਅੰਗ - 176**

ਕੋਈ ਔਖੀ ਬਾਣੀ ਨਹੀਂ ਸਭ ਦੇ ਸਮਝ ਵਿੱਚ ਆਉਣ ਵਾਲੀ ਹੈ। ਕਿੰਨੇ ਹੀ ਜਨਮ ਲੰਘ ਗਏ ਕੀੜੇ ਪਤੰਗੇ ਬਣਦਿਆਂ ਨੂੰ। ਕਿੰਨੇ ਹੀ ਜਨਮ ਲੰਘ ਗਏ ਮੱਛੀਆਂ, ਹਰਨ, ਸੱਪ, ਦਰਖਤ ਬਣਦਿਆਂ ਨੂੰ। ਪੱਥਰ ਬਣਦਿਆਂ ਨੂੰ -

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* **ਅੰਗ - 176**

ਹੁਣ ਜਿਹੜੀ ਆਹ ਮਾਨਸ ਦੇਹ ਮਿਲੀ ਹੈ ਇਹ ਵੱਤ ਲੱਗੀ ਹੈ। ਹੁਣ ਬੀਜ ਲਓ। ਸੱਠ ਕਰੋੜ ਸਾਲ ਬਾਅਦ ਵੱਤ ਲੱਗੀ ਹੈ। ਜੇ ਬੀਜ ਲਿਆ ਤਾਂ ਫੇਰ ਅਸੀਂ ਲਾਹਾ ਖੱਟ ਲਿਆ, ਨਹੀਂ ਤਾਂ ਘਾਟਾ ਪਾ ਕੇ ਦਵਾਲੀਏ ਹੋ ਕੇ ਸੰਸਾਰ ਤੋਂ ਜਾਵਾਂਗੇ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ ॥*
**ਅੰਗ - 1002**

ਜਿਹੜੇ ਵਾਹਿਗੁਰੂ ਜੀ ਨੇ ਮਾਂ ਦੇ ਪੇਟ ਵਿੱਚ ਅੱਗ ਦੇ ਵਿਚੋਂ ਰੱਖਿਆ ਕੀਤੀ, ਜਦੋਂ ਪੁੱਠਾ ਲਟਕਦਾ ਸੀ ਤੇ ਜਦੋਂ ਪੈਦਾ ਹੋ ਗਿਆ ਉਸ ਵੇਲੇ ਉਹਨੂੰ ਭੁੱਲਿਆ। ਜਦੋਂ ਮਾਂ ਦੇ ਪੇਟ ਵਿੱਚ ਸੀ ਉਸ ਵੇਲੇ ਮਿੰਨਤਾਂ ਕਰਦਾ ਸੀ ਕਿ ਹੇ ਪ੍ਰਭੂ! ਮੈਨੂੰ ਏਥੋਂ ਕੱਢ ਲੈ। ਹੁਣ ਕੱਢ ਲੈ ਹੁਣ ਮੈਂ ਤੇਰਾ ਨਾਮ ਜਪਾਂਗਾ। ਮਾਰੋ ਤਾਂ ਝਾਤੀ ਅੰਦਰ ਕਿੰਨੇ ਕੁ ਨਾਮ ਜਪਦੇ ਨੇ। ਮੈਂ ਤਾਂ ਹੈਰਾਨ ਹੋ ਜਾਂਦਾ ਹਾਂ, ਜਦੋਂ ਮੈਂ ਕਹਿੰਦਾ ਹਾਂ ਕਿ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦੇ ਨੇ ਨਾ ਜੀ। ਮੂਲਮੰਤ੍ਰ? ਕਹਿੰਦਾ ਨਾ ਉਹ ਵੀ ਨਹੀਂ। ਵਾਹਿਗੁਰੂ-ਵਾਹਿਗੁਰੂ? ਕਹਿੰਦਾ ਉਹ ਵੀ ਨਹੀਂ ਕਦੇ ਕਰਦਾ।

ਫੇਰ ਆਇਆ ਕਾਹਨੂੰ ਹੈਂ ਤੂੰ ਤਾਂ ਭੂਤ ਹੈ ਜੀਉਂਦਾ ਹੀ।

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*
**ਅੰਗ - 1374**

ਭੂਤਾਂ ਕੋਲ ਕੌਣ ਆਉਂਦਾ ਹੁੰਦਾ ਹੈ ਮਿਲਣ? ਭੂਤ ਆਉਣਗੇ, ਪ੍ਰੇਤ ਆਉਣਗੇ, ਜਿੰਨ ਆਉਣਗੇ, ਸਾਰੀ ਦੁਨੀਆਂ ਭਰ ਦੇ ਵਿਘਨ ਆਉਣਗੇ। ਕਹਿੰਦੇ ਸਾਡਾ ਕੰਮ ਨਹੀਂ ਚਲਦਾ ਜੀ। ਵਿਘਨ ਪਈ ਜਾਂਦੇ ਨੇ। ਆਪੇ ਹੀ ਤੁਸੀਂ ਤਾਂ ਭੂਤਾਂ ਨੂੰ ਬੁਲਾਉਂਦੇ ਓਂ। ਜੇ ਗੁਰੂ ਨਾਨਕ ਨੂੰ ਬੁਲਾਓਂ, ਜਿਸ ਘਰ ਦੇ ਅੰਦਰ ਜਿਸ ਮਸਤਕ ਦੇ ਵਿੱਚ ਗੁਰੂ ਨਾਨਕ ਦੇ ਚਰਨ ਟਿਕ ਗਏ, ਉਥੇ ਕਦੇ ਵਿਘਨ ਲੱਗ ਸਕਦਾ ਹੈ? ਮਹਾਰਾਜ ਕਹਿੰਦੇ ਨਾ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥* **ਅੰਗ - 262**

ਵਿਘਨ ਲੱਗਣਾ ਹੀ ਨਹੀਂ। ਮਹਾਰਾਜ ਕਹਿੰਦੇ ਉਹਨੂੰ ਭੁੱਲ ਗਿਆ, ਉਥੇ ਮਿੰਨਤਾਂ ਕਰਦਾ ਸੀ। ਬਾਰ-ਬਾਰ ਕਹਿੰਦਾ ਸੀ ਕਿ ਹੇ ਪ੍ਰਭੂ! ਮੈਨੂੰ

ਏਥੋਂ ਨਰਕ 'ਚੋਂ ਕੱਢ। ਸੌ ਜਨਮ ਦਾ ਗਿਆਨ ਸੀ। ਮਹਾਰਾਜ ਕਹਿੰਦੇ ਜਿਹਨੇ ਸੰਵਾਰ ਦਿੱਤਾ, ਵਧੀਆ ਸੂਰਤ ਦੇ ਕੇ, ਵਧੀਆ ਅੱਖਾਂ ਦੇ ਕੇ, ਵਧੀਆ ਕੰਨ ਦੇ ਕੇ ਆਹ ਸੰਸਾਰ 'ਚ ਭੇਜ ਦਿੱਤਾ। ਹੁਣ ਉਹਦੇ ਨਾਮ ਜਪਣ ਵਾਸਤੇ ਕਹਿੰਦਾ ਪਤਾ ਨਹੀਂ ਕੀ ਹੋ ਗਿਆ ਕਹਿੰਦਾ ਮੇਰਾ ਮਨ ਹੀ ਨਹੀਂ ਲਗਦਾ। ਪਾਪਾਂ ਵਲ ਮਨ ਪੈ ਗਿਆ, ਨਿੰਦਿਆ ਵਲ ਪੈ ਗਿਆ, ਚਿੰਤਾ 'ਚ ਪੈ ਗਿਆ, ਹਾਵਿਆਂ 'ਚ ਪੈ ਗਿਆ ਤੇ ਵਾਹਿਗੁਰੂ ਯਾਦ ਨਹੀਂ ਹੈ-

*ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ ॥*
*ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥*

***ਅੰਗ - 1002***

ਜਿਹੜੀ ਰੁੱਤ ਲੱਗੀ ਹੋਵੇ ਉਹਦੇ 'ਚ ਓਹੀ ਬੀਜ ਬੀਜੋ, ਜੇ ਹੋਰ ਚੀਜ਼ ਬੀਜ ਦਿਓ, ਫੇਰ ਨਹੀਂ ਹਰੀ ਹੁੰਦੀ। ਹੁਣ ਰੁੱਤ ਕਾਹਦੀ ਲੱਗੀ ਹੈ ਮਹਾਰਾਜ ਕਹਿੰਦੇ -

*ਰੇ ਮਨ ਵਤ੍ਰ ਬੀਜਣ ਨਾਉ ॥*
*ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥*

***ਅੰਗ - 1002***

ਹੁਣ ਵੱਤ ਲੱਗ ਗਈ ਨਾਮ ਜਪਣ ਦੀ, ਦੋ ਗੱਲਾਂ ਮਹਾਰਾਜ ਨੇ ਕਹੀਆਂ ਨੇ ਕਿ ਮਨ ਨੂੰ ਲਾ ਨਾਲ -

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*

***ਅੰਗ - 595***

ਨੇਕ ਕੰਮਾਂ ਦੀ ਕਿਰਸਾਣੀ ਕਰ ਤੇ ਮਨ ਨੂੰ ਹਾਲੀ ਬਣਾ ਲੈ। ਕਹਿੰਦੇ ਫੇਰ ਖੇਤੀ ਬੀਜ ਦੇ ਨਾਮ ਦੀ। ਇਸ ਤੋਂ ਵਧੀਆ ਕਹਿੰਦੇ ਸਮਾਂ ਹੀ ਨਹੀਂ ਮਿਲਣਾ। ਹੁਣ ਪੂਰੀ ਵੱਤਰ ਲੱਗੀ ਹੋਈ ਹੈ ਪ੍ਰੇਮੀਆਂ, ਨਾਮ ਦੀ ਖੇਤੀ ਬੀਜਣ ਦੀ -

*ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ ॥*

***ਅੰਗ - 1002***

ਮਨ ਦਾ ਖਹਿੜਾ ਛੱਡ ਦੇ, ਹੱਠ ਛੱਡ ਦੇ। ਜਿਹੜੀ ਹਿੰਡ ਫੜੀ ਹੋਈ ਹੈ ਉਹ ਛੱਡ ਦੇ ਤੂੰ। ਪਰ ਇਹ ਤਾਂ ਗੱਲ ਹੀ ਬੜੀ ਹੈਰਾਨਗੀ ਦੀ ਹੈ। ਸਭ ਨੂੰ ਪਤਾ ਹੈ ਕਿ ਜੇ ਸ਼ਰਾਬ ਪੀਵੋ, ਤੰਬਾਕੂ ਖਾਓ ਕੈਂਸਰ ਹੋ ਜਾਂਦਾ ਹੈ। ਘਰ-ਬਾਰ ਉੱਜੜ ਜਾਂਦਾ ਹੈ, ਘਰ ਦੇ ਵਿੱਚ ਬੇ-ਇਤਫਾਕੀ ਆ ਜਾਂਦੀ ਹੈ। ਗਰੀਬੀ ਆ ਜਾਂਦੀ ਹੈ, ਬੱਚਿਆਂ ਦਾ ਚਰਿੱਤਰ ਬਿਗੜ ਜਾਂਦਾ ਹੈ। ਸਮਝਾਓ ਜੇ ਕਦੇ, ਪਸ਼ੂਆਂ ਵਰਗੇ ਬੰਦੇ ਨੇ ਸਮਝਣ 'ਚ ਨਹੀਂ ਆਉਂਦੇ, ਕਿੰਨਾ ਹੀ ਕਰ ਲਓ, ਕਿੰਨਾ ਹੀ ਕਹਿ ਲਓ। ਨਹੀਂ ਸਮਝ 'ਚ ਆਉਂਦੀ ਗੱਲ, ਕਿਉਂਕਿ ਪਸ਼ੂ ਮਨ ਹੈ, ਅਜੇ ਮਨੁੱਖ ਨਹੀਂ ਬਣੇ। ਮਹਾਰਾਜ ਕਹਿੰਦੇ ਹੱਠ ਛੱਡ ਦੇ। ਐਵੇਂ ਨਾ ਹੱਠ ਕਰੀ ਜਾਹ। ਆਜਾ! ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ -

***ਕਰਮੁ ਜਿਸ ਕਉ ਧੁਰਹੁ ਲਿਖਿਆ ਸੋਈ ਕਾਰ ਕਮਾਇ ॥***
***ਅੰਗ- 1002***

ਮਹਾਰਾਜ ਕਹਿੰਦੇ, ਜਿਹਦੇ ਮੱਥੇ 'ਚ ਲਿਖਿਆ ਹੈ ਨਾ ਦਰਗਾਹ ਤੋਂ, ਨਿਰੰਕਾਰ ਨੇ ਉਹ ਆਉਂਦਾ ਹੈ, ਦੂਸਰਾ ਨਹੀਂ।

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ - 450***

ਭਾਗਾਂ ਤੋਂ ਬਗੈਰ ਨਹੀਂ ਇੱਥੇ ਆਉਂਦਾ। ਓਹੀ ਆ ਕੇ ਨਾਮ ਜਪਦਾ ਹੈ।

***ਭਾਉ ਲਾਗਾ ਗੋਬਿਦ ਸਿਉ ਘਾਲ ਪਾਈ ਥਾਇ ॥***
***ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ ॥ ਅੰਗ - 1002***

ਜਿਨ੍ਹਾਂ ਦਾ ਪਿਆਰ ਗੋਬਿੰਦ ਦੇ ਨਾਲ ਲੱਗ ਗਿਆ। ਉਨ੍ਹਾਂ ਦੀ ਘਾਲ ਥਾਂ ਪੈ ਗਈ। ਐਨਾ ਖੇਤ ਜੰਮਿਆ ਸਾਡਾ ਨਾਮ ਦਾ, ਹੁਣ ਕਹਿੰਦੇ ਮੁੱਕਦਾ ਹੀ ਨਹੀਂ ਹੈ। ਜਿੱਥੇ ਜਾਂਦੇ ਹਾਂ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ - 264***

ਖਰਚੀ ਜਾਹ ਜਿੱਥੇ ਜੀਅ ਕਰਦਾ ਹੈ, ਮੁੱਕਦਾ ਨਹੀਂ ਨਾਮ, ਐਨਾ ਬੀਜ ਲਿਆ ਵੱਤਰ ਵੇਲੇ, ਕਹਿੰਦੇ ਇਹੋ ਜਿਹਾ ਖੇਤ ਜੰਮਿਆ ਮੇਰਾ -

***ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ ॥ 3 ॥***
***ਪਾਇਆ ਅਮੋਲੁ ਪਦਾਰਥੋ ਛੋਡਿ ਨ ਕਤਹੂ ਜਾਇ ॥***
***ਅੰਗ - 1002***

ਨਾਮ ਇੱਥੇ ਵੀ ਨਾਲ ਰਹਿੰਦਾ ਹੈ, ਜਦੋਂ ਦਰਗਾਹ ਵਿੱਚ ਜਾਵਾਂਗੇ ਉਥੇ ਵੀ ਨਾਮ ਨੇ ਨਾਲ ਜਾਣਾ ਹੈ। ਫੇਰ ਹੋਏਗਾ ਕੀ, ਸਾਰੇ ਧੰਨ-ਧੰਨ ਕਰਨਗੇ। ਧੰਨ ਹੈਂ ਪ੍ਰੇਮੀਆਂ ਤੂੰ ਸੰਸਾਰ 'ਚ ਗਿਆ, ਨਾਮ ਜਪ ਕੇ ਆਇਆ -

***ਕਹੁ ਨਾਨਕ ਸੁਖੁ ਪਾਇਆ ਤ੍ਰਿਪਤਿ ਰਹੇ ਆਘਾਇ ॥***
***ਅੰਗ - 1002***

ਇਹ ਦੇਖੋ ਗੁਰੂ ਸਾਹਿਬ ਦੇ ਬਚਨ, ਆਪਾਂ ਸਾਰੇ ਹੀ ਬੈਠੇ ਹਾਂ, ਕਈ ਹਜ਼ਾਰ ਬੰਦਾ ਬੈਠਾ ਹੈ, ਸਭ ਸੁਣ ਰਹੇ ਨੇ ਮੈਂ ਕਹਿ ਰਿਹਾ ਹਾਂ। ਹੁਣ ਐਸ ਤਰ੍ਹਾਂ ਦੇਖੋ ਜੇ ਸਤਿਸੰਗ 'ਚ ਆਏ ਹੋਂ ਤੁਸੀਂ ਮਿਹਨਤ ਕਰਕੇ, ਇੱਕ ਸਿੱਧਾ ਸਵਾਲ ਕਰਦਾ ਹਾਂ ਮੈਂ ਤੁਹਾਡੇ 'ਤੇ। ਅੱਧੇ ਮਿੰਟ ਵਾਸਤੇ ਚੁੱਪ ਕਰ ਜਾਓ ਸਾਰੇ। ਹੁਣ ਐਸ ਤਰ੍ਹਾਂ ਦੇਖੋ ਇਹਦਾ ਸਾਡੇ 'ਤੇ ਕੋਈ ਅਸਰ ਹੋ ਰਿਹਾ ਹੈ ਕਿ ਨਹੀਂ ਹੋ ਰਿਹਾ, ਦੇਖੋ ਸੋਚ ਕੇ। ਕੋਈ ਦਿਮਾਗ 'ਚ

ਗੱਲ ਆ ਰਹੀ ਹੈ, ਉਤਸ਼ਾਹ ਉੱਠ ਰਿਹਾ ਹੈ ਕਿ ਨਾਮ ਜਪਾਂਗੇ ਇੱਥੋਂ ਜਾ ਕੇ? ਆਹ ਸੁੱਖ ਜੇ ਪ੍ਰਾਪਤ ਹੁੰਦੇ ਨੇ ਫੇਰ ਅਸੀਂ ਨਾਮ ਨਹੀਂ ਛੱਡਣਾ। ਪਰ ਜਿਹੜੇ ਭਾਗਾਂ ਵਾਲੇ ਬੰਦੇ ਹੁੰਦੇ ਨੇ ਜਿਨ੍ਹਾਂ ਦੇ ਕਰਮ ਚੰਗੇ ਹੁੰਦੇ ਨੇ ਉਹ ਗੱਲ ਸੁਣਦੇ ਸਾਰ ਰਸਤਾ ਬਦਲ ਲੈਂਦੇ ਨੇ। ਫੇਰ ਨਹੀਂ, ਉਹ ਬਹੁਤਾ ਨਹੀਂ ਸੁਣਦੇ।

ਇੱਕ ਵਾਰੀ ਸੁਥਰੇ ਸ਼ਾਹ ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ 'ਚ ਬੈਠਾ ਹੈ, ਮਹਾਰਾਜ ਬਚਨ ਕਰ ਰਹੇ ਨੇ, ਸਟੇਜ ਤੋਂ ਮਹਾਰਾਜ ਦੇ ਮੁਖਾਰਬਿੰਦ ਤੋਂ ਸੰਗਤਾਂ ਦੇ ਭਲੇ ਵਾਸਤੇ ਬਚਨ ਉਚਾਰੇ ਹੋ ਰਹੇ ਨੇ। ਇਹ ਪਿੱਠ ਕਰਕੇ ਬਹਿ ਕੇ ਬਹਿ ਗਿਆ, ਕਈਆਂ ਨੇ ਕਿਹਾ ਸੁਥਰੇ ਸ਼ਾਹ! ਗੁਰੂ ਵਲ ਪਿੱਠ ਨਹੀਂ ਕਰੀਦੀ ਹੁੰਦੀ, ਸੁਣੀ ਹੀ ਨਾ, ਅਖੀਰ ਗੁਰੂ ਸਾਹਿਬ ਨੂੰ ਕਿਹਾ ਕਿ ਮਹਾਰਾਜ ਦੇਖੋ ਕਿੰਨੀ ਸੰਗਤ ਨੇ ਕਿਹਾ ਹੈ ਇਹ ਪਿੱਠ ਕਰਕੇ ਹੀ ਬੈਠਾ ਹੈ। ਮਹਾਰਾਜ ਕਹਿੰਦੇ ਬੁਲਾਓ, ਅੰਤਰਜਾਮੀ ਜਾਣਦੇ ਸਭ ਕੁਛ ਸੀ। ਸੰਗਤਾਂ ਦੇ ਭਲੇ ਵਾਸਤੇ ਸਵਾਲ ਕਰਿਆ ਕਹਿੰਦੇ ਸੁਥਰਿਆ, ਓ ਭਾਈ! ਤੂੰ ਪਿੱਠ ਕਰੀਂ ਬੈਠਾ ਹੈਂ ਗੁਰੂ ਦੀ ਬਾਣੀ ਵਲ, ਗੁਰੂ ਦੀ ਬਾਣੀ ਦਾ ਉਚਾਰਨ ਹੋ ਰਿਹਾ ਹੈ। ਬਾਕੀ ਸਾਰੇ ਮੂੰਹ ਕਰੀਂ ਬੈਠੇ ਨੇ ਤੂੰ ਕਿਉਂ ਪਿੱਠ ਕਰੀਂ ਬੈਠਾ ਹੈਂ, ਕਹਿੰਦਾ ਸੱਚੇ ਪਾਤਸ਼ਾਹ! ਮੇਰੇ ਤੋਂ ਆਹ ਡੰਡੇ ਨਹੀਂ ਖਾ ਹੁੰਦੇ, ਜੁੱਤੀਆਂ ਨਹੀਂ ਖਾ ਹੁੰਦੀਆਂ ਇਹ ਤਾਂ ਤਕੜੇ ਨੇ। ਇਹ ਤਾਂ ਜੁੱਤੀ ਪਰੂਫ ਬੰਦੇ ਨੇ, ਸੁਣੀ ਜਾਂਦੇ ਨੇ, ਸੁਣੀ ਜਾਂਦੇ ਨੇ, ਮੈਂ ਤਾਂ ਤੁਹਾਡੇ ਦੋ ਚਾਰ ਬਚਨ ਸੁਣੇ ਨੇ ਹੁਣ ਜਿੰਨੇ ਪੈਂਦੇ ਨੇ ਪਿੱਠ 'ਤੇ ਹੀ ਪੈ ਰਹੇ ਨੇ। ਮੂੰਹ 'ਤੇ ਨਹੀਂ ਮੇਰੇ ਤੋਂ ਖਾਧੇ ਜਾਂਦੇ। ਗੱਲ ਬੜੀ ਪਤੇ ਦੀ ਕਹਿ ਦਿੱਤੀ ਉਹਨੇ, ਸਾਡੇ ਵਿਚਾਰ ਵਾਲੀ ਗੱਲ ਕਹਿ ਦਿੱਤੀ। ਅਸੀਂ ਕਿੰਨਾਂ ਕੁ ਇਰਾਦਾ ਬਣਾਉਂਦੇ ਹਾਂ ਕਿ ਹੁਣ ਅਸੀਂ ਭਜਨ ਕਰਾਂਗੇ। ਪਰ ਕੋਈ-ਕੋਈ ਪ੍ਰੇਮੀ ਐਸੇ ਵੀ ਹੋਏ ਨੇ, ਜਿਹਨੇ ਇੱਕੋ ਬਚਨ ਸੁਣਿਆ ਹੈ ਫੇਰ ਉਹਨੂੰ ਬਹੁਤਾ ਸੁਣਨ ਦੀ ਲੋੜ ਨਹੀਂ ਰਹੀ, ਉਨ੍ਹਾਂ ਵਿਚੋਂ ਇੱਕ ਬੰਦਾ ਕੋਈ ਤਕਰੀਬਨ ਅੱਠ ਨੌਂ ਸੌ ਸਾਲ ਹੋ ਗਏ, 1182 'ਚ, ਸਿੰਧ ਵਿੱਚ ਸੀਗਾ, ਸੇਰਵਾਨ ਪਿੰਡ ਸੀ ਉਹਦਾ, ਇੱਕ ਨੌਜਵਾਨ ਸੀ ਚੜ੍ਹਦੀ ਉਮਰ ਦਾ ਤੇ ਕੰਮ ਕੀ ਕਰਦਾ ਸੀ, ਮਾਸ ਵੱਢ ਕੇ ਲਿਆਉਣਾ ਤੇ ਵੇਚ ਦੇਣਾ। ਸਧਨਾ ਉਹਦਾ ਨਾਉਂ ਸੀ, ਕਸਾਈ ਉਹਨੂੰ ਕਿਹਾ ਕਰਦੇ ਸੀ। ਉਹਦੇ ਮਨ ਵਿੱਚ ਕਈ ਵਾਰੀ ਖਿਆਲ ਆਉਣਾ ਕਿ ਸਧਨਿਆ! ਤੂੰ ਜਾਨਵਰ ਮਾਰੀ ਜਾਂਦਾ ਹੈਂ ਕਿ ਤੇਰਾ ਹੱਕ ਵੀ ਹੈ ਜਾਨ ਲੈਣ ਦਾ ਤੇ ਮੈਂ ਸੁਣਿਆ ਹੈ ਕਿ ਲੇਖੇ ਦੇਣੇ ਪੈਂਦੇ ਨੇ, ਬਈ ਬਣੂੰ ਕੀ ਉਥੇ ਜਾ ਕੇ, ਕਿੰਨੇ ਵਾਰੀ ਤੂੰ ਗਲਾ ਕਟਾਏਂਗਾ।

***ਰੋਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374***

ਗਲਾ ਕਟਾਉਣਾ ਪੈਂਦਾ ਹੈ, ਸੋਚੀ ਜਾਂਦਾ ਹੈ। ਲੇਕਿਨ ਰਾਹ ਨਹੀਂ ਅਜੇ ਤੱਕ ਲੱਭਿਆ ਤੇ ਮਨ ਵਿੱਚ ਬੜਾ serious ਹੈ ਕਿ ਕਿਰਤ ਮੇਰੀ ਬਹੁਤ ਮਾੜੀ ਹੈ, ਕਰਿਆ ਕੀ ਜਾਵੇ। ਅੰਦਰੋਂ ਖਿਆਲ ਉਠਦੇ ਨੇ ਸੰਸਕਾਰ ਉਠਦੇ ਨੇ। ਸੰਸਕਾਰ ਪਿਛਲੇ ਜਨਮ ਦੇ ਕੀਤੇ ਹੋਏ ਕੰਮਾਂ ਦਾ ਜਿਹੜਾ ਬੀਜ ਸਾਡੇ ਅੰਦਰ ਰਹਿ ਜਾਂਦਾ ਹੈ, ਉਹ ਆਹ ਜਨਮ 'ਚ ਆ ਕੇ

ਫੁੱਟਣਾ ਸ਼ੁਰੂ ਹੁੰਦਾ ਹੈ। ਜਿਵੇਂ ਧਰਤੀ ਦੇ ਵਿੱਚ ਬੀਜ ਹਰਾ ਹੋਵੇ, ਗੰਨਾ ਹਰਾ ਹੁੰਦਾ ਹੈ, ਧਰਤੀ ਨੂੰ ਪਾੜ ਦਿੰਦਾ ਹੈ, ਆਲੇ-ਦੁਆਲੇ ਤਰੇੜਾਂ ਲਿਆ ਦਿੰਦਾ ਹੈ। ਕਿਉਂਕਿ ਬੀਜੇ ਹੋਏ ਨੂੰ ਮਹੀਨਾ ਹੋ ਗਿਆ ਸੀ। ਧੁੱਪ ਪਈ ਤੇ ਉਸ ਤੋਂ ਬਾਅਦ ਸੁਹਾਗੇ ਦਿੱਤੇ, ਉਹ ਗਰਮੀ ਖਾ ਕੇ ਉੱਗਿਆ। ਏਸੇ ਤਰ੍ਹਾਂ ਦੇ ਨਾਲ ਸਾਡੇ ਮਨਾਂ 'ਚ ਸੰਸਕਾਰ ਉੱਗਦੇ ਨੇ, ਇਕਨਾ ਦੇ ਭੈੜੇ ਉੱਗਦੇ ਨੇ, ਬੁਰੇ ਉੱਗਦੇ ਨੇ, ਕਿਉਂਕਿ ਉਨ੍ਹਾਂ ਨੇ ਬੁਰੇ ਬੀਜੇ ਹੁੰਦੇ ਨੇ, ਉਹ ਚੰਗੇ ਕੰਮ ਤੋਂ ਗਿਰਾ ਦਿੰਦੇ ਨੇ, ਅੰਮ੍ਰਿਤ ਛਕ ਲਿਆ, ਉਸ ਤੋਂ ਬਾਅਦ ਮਾੜਾ ਸੰਸਕਾਰ ਉਠ ਗਿਆ, ਉਹਨੇ ਤੋੜ ਦਿੱਤਾ। ਗੁਰੂ ਤੋਂ ਬੇਮੁਖ ਹੋ ਗਿਆ, ਬੇਮੁਖ ਹੋਇਆ, ਨਰਕਾਂ ਦਾ ਭਾਗੀ ਹੋ ਗਿਆ। ਇੱਕ ਉਹ ਨੇ ਜਿਨ੍ਹਾਂ ਦੇ ਮਨ ਵਿੱਚ ਚੰਗੇ ਸੰਸਕਾਰ ਹੁੰਦੇ ਨੇ ਕਿ ਨਾਮ ਜਪੀਏ। ਬੰਦਗੀ ਕਰੀਏ, ਮਹਾਂਪੁਰਸ਼ਾਂ ਦੀ ਸੰਗਤ ਕਰੀਏ, ਸੇਵਾ ਕਰੀਏ, ਕੁਛ ਦਾਨ ਕਰੀਏ, ਉੱਠੀ ਜਾਂਦੇ ਨੇ ਖਿਆਲ, ਇਨ੍ਹਾਂ ਨੂੰ ਸੰਸਕਾਰ ਕਹਿੰਦੇ ਨੇ। ਇਹਦੇ ਮਨ ਵਿੱਚ ਹਰ ਵਕਤ ਸੰਸਕਾਰ ਉੱਠਦੇ ਰਹਿੰਦੇ ਨੇ। ਹੁਲਾਰੇ ਮਾਰਦੇ ਨੇ, ਪਰ ਕਿਰਤ ਜਿਹੜੀ ਹੈ ਉਹ ਦੱਬ ਲੈਂਦੀ ਹੈ ਉਨ੍ਹਾਂ ਨੂੰ, ਸਾਥ ਨਹੀਂ ਦਿੰਦੀ। ਅਖੀਰ ਇਹਨੇ ਇਹ ਕਰ ਲਿਆ ਮਨਾਂ! ਬਈ ਅੱਜ ਤੋਂ ਬਾਅਦ ਜਿਹੜੇ ਪਹਿਲਾਂ-ਪਹਿਲਾਂ ਮਰ ਗਏ ਉਹ ਤਾਂ ਮਰ ਗਏ, ਅੱਜ ਤੋਂ ਬਾਅਦ ਨਹੀਂ ਕੁਛ ਵੀ ਮਾਰਨਾ, ਮਾਸ ਮੇਰੀ ਕਿਰਤ ਹੈ ਵੇਚਣਾ, ਮੁੱਲ ਲੈ ਆਉਂਦਾ, ਮੁੱਲ ਲਿਆ ਕੇ ਮਾਸ ਵੇਚ ਦਿੰਦਾ ਹੈ, ਕਰਦੇ-ਕਰਦੇ ਸਮਾਂ ਆਇਆ ਹਰ ਵਕਤ ਸੋਚਦਾ, ਟੋਕਰੇ 'ਚ ਮਾਸ ਲੱਦ ਲੈਂਦਾ ਹੈ ਤੇ ਪਿੰਡਾਂ 'ਚ ਹੋਕਾ ਦਿੰਦਾ ਫਿਰਦਾ ਹੈ, ਮਾਸ ਖਾਣ ਵਾਲੇ ਲੋਕ ਓਦੋਂ ਮਾਸ ਖਰੀਦਦੇ ਨੇ ਤੇ ਅੱਜ ਜਦ ਟੋਕਰਾ ਲੈ ਕੇ ਤੁਰਿਆ ਜਾਂਦਾ ਹੈ, ਉਸ ਵੇਲੇ ਕੀ ਦੇਖਦਾ ਹੈ, ਬਹੁਤ ਹੀ ਦਰਸ਼ਨੀ ਦੀਦਾਰਿਆਂ ਵਾਲੇ ਮਹਾਂਪੁਰਸ਼ ਜਿਨ੍ਹਾਂ ਦੇ ਚਿਹਰਿਆਂ ਤੋਂ ਸ਼ਾਂਤੀ ਟਪਕ ਰਹੀ ਹੈ, ਦੇਖਦੇ ਸਾਰ ਹੀ ਅੰਦਰ ਕੋਈ ਪਰਿਵਰਤਨ ਹੁੰਦਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ - 520*

ਗੁਰਮੁਖਾਂ ਦਾ ਦੀਦਾਰ ਮੰਗਦੇ ਹਾਂ ਰੋਜ਼, ਹੇ ਸੱਚੇ ਪਾਤਸ਼ਾਹ! ਗੁਰਮੁਖ ਦਾ ਦੀਦਾਰ। ਮਨਮੁਖ ਨੂੰ ਦੂਰ ਰੱਖੀਂ, ਮਨਮੁਖ ਦਾ ਪਰਹਾਰ, ਕਿਉਂਕਿ ਦਰਸ਼ਨਾਂ ਦਾ ਅਸਰ ਪੈਂਦਾ ਹੈ ਮਨ ਦੇ ਉਤੇ। ਜਿਹੋ ਜਿਹਾ ਅਸਰ ਦੇਖੇਗਾ, ਓਹੋ ਜਿਹਾ ਅਸਰ ਪਏਗਾ। ਸੋ ਦੇਖਦੇ ਸਾਰ ਝਰਨਾਹਟ ਖਾ ਗਿਆ ਕਿ ਮਹਾਂਪੁਰਸ਼, ਸੰਤ ਮੰਡਲੀ ਹੈ। ਕਿੰਨੇ ਸੋਹਣੇ ਬੈਠੇ ਨੇ ਬਹਾਨੇ ਦੇ ਨਾਲ ਥੋੜ੍ਹਾ ਜਿਹਾ ਰਾਹ ਛੱਡ ਕੇ ਏਸ ਗੱਲ ਨੂੰ ਮਦ-ਏ-ਨਜ਼ਰ ਰੱਖਦਾ ਹੋਇਆ, ਹਿਰਦੇ 'ਚ ਧਾਰ ਕੇ ਕਿ ਕੁਛ ਕੰਨ 'ਚ ਪਾ ਲਈਏ, ਸ਼ਾਇਦ ਮੇਰਾ ਭਲਾ ਹੋ ਜਾਵੇ, ਜਿਸ ਵਕਤ ਇਹ ਨੇੜੇ ਗਿਆ, ਉਸ ਵੇਲੇ ਮਹਾਂਪੁਰਸ਼ਾਂ ਦਾ ਜੋ ਕੀਰਤਨ ਹੋ ਰਿਹਾ ਸੀ, ਉਹਦੇ ਵਿਚੋਂ ਉਸਨੂੰ ਇਸ ਤਰ੍ਹਾਂ ਦੇ ਨਾਲ ਸਮਝ ਆਉਣਾ ਸ਼ੁਰੂ ਹੋ ਗਿਆ।

*ਧਾਰਨਾ - ਸਿਮਰਨ ਭਜਨ ਦਇਆ ਨਹੀ ਕੀਨੀ,*
*ਤਾਂ ਮੁੱਖ ਚੋਟਾ ਖਾਵੇਂਗਾ।*

ਸ਼ਬਦ ਕੰਨਾਂ ਤਾਈਂ ਹੋ ਕੇ ਬੁੱਧੀ ਦੇ ਮੰਡਲ ਵਿੱਚੀਂ ਲੰਘ ਕੇ ਹਿਰਦੇ

ਲੋਕ ਵਿੱਚ ਪਹੁੰਚ ਗਿਆ, ਨਾਲ ਦੀ ਨਾਲ ਹਿਰਦੇ ਤੱਕ ਜਾਂਦੇ-ਜਾਂਦੇ ਸਧਨੇ ਦਾ ਮਨ ਢਲ ਗਿਆ। ਆਵਾਜ਼ ਸੁਣੀ-

*ਪਾਪੀ ਜੀਅਰਾ ਲੋਭੁ ਕਰਤੁ ਹੈ*
*ਆਜੁ ਕਾਲਿ ਉਠਿ ਜਾਹਿਗਾ ॥ 1 ॥ ਰਹਾਉ ॥*
*ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥*
*ਅੰਗ - 1106*

ਕੋਈ ਅਰਥ ਕਰਨ ਦੀ ਲੋੜ ਨਹੀਂ ਪੈਂਦੀ। ਸੁਖਾਲੀ ਹੀ ਬਾਣੀ ਸਮਝਦਾ ਤੁਰਿਆ ਜਾ ਰਿਹਾ ਹੈ।

*ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥*
*ਅੰਗ - 1106*

ਹੰਕਾਰ ਕਰਦਾ ਹੈ ਧਰਮ ਦਾ ਤੇ ਹੰਕਾਰ ਕਰਦਾ ਹੈ ਆਪਣੇ ਜੋਬਨ ਦਾ, ਆਪਣੇ ਰਿਸ਼ਤੇਦਾਰਾਂ ਦਾ, ਜ਼ਮੀਨ ਜਾਇਦਾਦ ਦਾ। ਮਹਾਰਾਜ ਕਹਿੰਦੇ, ਇਹ ਤਾਂ ਫੁੱਲ ਨੇ ਪ੍ਰੇਮੀਆਂ! ਫੁੱਲਾਂ ਦੀ ਉਮਰ ਬਹੁਤੀ ਨਹੀਂ ਹੋਇਆ ਕਰਦੀ, ਥੋੜ੍ਹੀ ਹੋਇਆ ਕਰਦੀ ਹੈ -

*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,*
*ਖਿੜੀਆਂ ਨਾ ਸਦਾ ਰਹਿਣੀਆਂ।*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਅੰਗ - 23*

ਚਾਰ ਦਿਨ ਦਾ ਚਮਤਕਾਰਾ ਹੈ, ਧਨ ਵੀ ਤੇ ਜੋਬਨ ਵੀ, ਇਹ ਸਦਾ ਨਹੀਂ ਰਹਿੰਦਾ।

*ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥*
*ਅੰਗ- 1106*

ਜਿਵੇਂ ਕਾਗਜ਼ ਗਲਦਾ ਹੈ ਇਸ ਤੋਂ ਵੀ ਛੇਤੀ ਗਲ ਜਾਏਂਗਾ, ਇੱਕ ਸਕਿੰਟ ਲੱਗਣਾ ਹੈ।

ਇੱਕ ਵਾਰੀ ਜਦੋਂ ਮੈਂ ਦਫਤਰ 'ਚ ਸੀਗਾ, ਦੋ ਕਰਮਚਾਰੀ, ਦੋ ਐਸਿਸਟੈਂਟ ਆਪਸ ਵਿੱਚ ਗੱਲ ਕਰ ਰਹੇ ਨੇ ਤੇ ਉਹ ਕਹਿੰਦਾ ਕਿ ਮੈਂ ਛੇਤੀ ਕੇਸ ਦੇਣਾ ਹੈ ਤੇ ਮੈਨੂੰ ਟਾਈਪ ਦੀ ਮਸ਼ੀਨ ਪਹਿਲਾਂ ਦੇ। ਦੂਜਾ ਕਹਿੰਦਾ ਮੈਨੂੰ ਪਹਿਲਾਂ ਦੇ। ਅਖੀਰ ਇੱਕ ਕਹਿੰਦਾ ਕਿ ਚੰਗਾ ਤੂੰ ਲੈ ਲੈ ਫੇਰ, ਤੇਰੀ ਇੱਕ ਚਿੱਠੀ ਹੈ ਫੇਰ ਮੈਨੂੰ ਦੇ ਦੇਵੀਂ। ਉਹਨੇ ਟਾਈਪ ਦੀ ਮਸ਼ੀਨ ਚੁੱਕ ਲਈ ਤੇ ਕਾਗਜ਼ ਪਾ ਲਿਆ। ਵਿੱਚ ਕਾਰਬਨ ਪਾ ਲਿਆ, ਉਂਗਲੀਆਂ ਅੱਖਰਾਂ 'ਤੇ ਧਰ ਕੇ ਪਿੱਛੇ ਨੂੰ ਪਿੱਠ ਲਾ ਲਈ ਕੁਰਸੀ ਨਾਲ। ਥੋੜ੍ਹੀ ਦੇਰ ਹੋ ਗਈ, ਉਹ ਕਹਿੰਦਾ ਤੂੰ ਛੇਤੀ ਕੰਮ ਕਰ ਲੈ, ਮੈਨੂੰ ਚਾਹੀਦੀ ਹੈ ਮਸ਼ੀਨ, ਤੂੰ ਪਿੱਛੇ ਨੂੰ ਢਾਸਣਾ ਲਾ ਕੇ ਕੀ ਸੋਚਣ ਲੱਗ ਗਿਆ? ਕੋਈ ਜਵਾਬ ਨਾ ਆਇਆ, ਅਖੀਰ ਗੁੱਸੇ 'ਚ ਆ ਕੇ ਉੱਠ ਖੜ੍ਹਿਆ। ਜਦੋਂ ਕੋਲ ਜਾ ਕੇ ਦੇਖਿਆ, ਉਹਦੇ 'ਚ ਹੈ ਹੀ ਨਹੀਂ ਕੁਛ, ਖਾਲੀ ਹੋ ਗਿਆ। ਐਨਾ ਕੁ ਹੀ ਸਮਾਂ ਲਗਦਾ ਹੈ ਇੱਥੋਂ ਜਾਣ 'ਚ, ਬਹੁਤਾ ਨਹੀਂ ਲਗਦਾ। ਕਹਿੰਦੇ, ਕਾਹਦਾ ਮਾਣ ਕਰਦਾ ਹੈਂ -

*ਧਨ ਜੋਬਨ ਕਾ ਗਰਬੁ ਨ ਕੀਜੈ*
*ਕਾਗਦ ਜਿਉ ਗਲਿ ਜਾਹਿਗਾ ॥ 1 ॥*
*ਜਉ ਜਮੁ ਆਇ ਕੇਸ ਗਹਿ ਪਟਕੈ*
*ਤਾ ਦਿਨ ਕਿਛੁ ਨ ਬਸਾਹਿਗਾ ॥*
*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥* *ਅੰਗ – 1106*

ਸਿਮਰਨ ਵਾਹਿਗੁਰੂ ਨੂੰ ਯਾਦ ਰੱਖਣ ਨੂੰ ਕਹਿੰਦੇ ਨੇ, ਯਾਦ ਰੱਖਣਾ। ਯਾਦ ਰੱਖਿਆ ਜਾਂਦਾ ਹੈ ਬਾਰ-ਬਾਰ ਵਾਹਿਗੁਰੂ-ਵਾਹਿਗੁਰੂ, ਨਾਮ ਜਪੋ। ਉਹਦੇ ਨਾਲ ਯਾਦ ਦੇ ਵਿੱਚ ਆਉਂਦਾ ਹੈ। ਨਹੀਂ ਤਾਂ ਯਾਦ ਵਿੱਚ ਨਹੀਂ ਆਉਂਦਾ। ਜਿਹੜਾ ਵਾਹਿਗੁਰੂ-ਵਾਹਿਗੁਰੂ ਹੈ, ਇਹ ਤਾਂ ਹੈਗਾ ਜਾਪ। ਜਾਪ ਕਰਨਾ, ਮੰਤਰ ਦਾ ਜਾਪ ਕਰ ਰਿਹਾ ਹੈ, ਯਾਦ ਇਹਦਾ ਅਗਲਾ ਦਰਜਾ ਹੈ। ਜਾਪ ਕਰਦੇ-ਕਰਦੇ ਹੌਲੀ-ਹੌਲੀ ਯਾਦ ਵਿੱਚ ਬਹਿ ਜਾਂਦਾ ਹੈ। ਫੇਰ ਵਾਹਿਗੁਰੂ ਨੂੰ ਹਰ ਥਾਂ ਚਾਰੇ ਪਾਸੇ ਦੇਖ ਕੇ ਫੇਰ ਵਾਹਿਗੁਰੂ ਕਹਿੰਦਾ ਹੈ ਉਹ। ਭਜਨ ਹੋਇਆ ਕਰਦਾ ਹੈ ਜਿਹੜਾ ਹੁਣ ਤੁਸੀਂ ਕਰ ਰਹੇ ਓਂ। ਹਰੀ ਦਾ ਜਸ ਕਰਨਾ। ਤੀਸਰੀ ਹੁੰਦੀ ਹੈ ਜ਼ਿੰਦਗੀ ਦੇ ਅੰਦਰ ਦਇਆ, ਦਇਆ ਬਿਨਾਂ ਸਿੱਧ ਕਸਾਈ, ਜਿਹਦੇ ਵਿੱਚ ਦਇਆ ਹੀ ਨਹੀਂ, ਕਹਿੰਦੇ ਸਿੱਧ ਵੀ ਕਸਾਈ ਹੋਇਆ ਕਰਦਾ ਹੈ ਦਇਆ ਤੋਂ ਵਿਹੂਣਾ। ਦਇਆ ਜ਼ਰੂਰੀ ਚੀਜ਼ ਹੋਇਆ ਕਰਦੀ ਹੈ –

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥* *ਅੰਗ – 1106*

ਇੱਕ ਵਾਰੀ ਇੱਕ ਮਹਾਤਮਾ ਸਮਾਧੀ ਲਾਈ ਬੈਠੇ ਨੇ, ਉਨ੍ਹਾਂ ਨੇ ਬਾਂਸ ਗੱਡਿਆ ਹੋਇਆ ਹੈ ਸਾਮ੍ਹਣੇ। ਇੱਕ ਰਾਜਾ ਆਇਆ ਕਹਿਣ ਲੱਗਿਆ, ਸੰਤ ਜੀ! ਆਹ ਬਾਂਸ ਕਿਉਂ ਗੱਡਿਆ ਹੈ। ਸਮਾਧੀ ਤਾਂ ਤੁਹਾਡੀ ਠੀਕ ਹੈ ਤੁਸੀਂ ਤਪ ਕਰ ਰਹੇ ਓਂ, ਧੂਣੀਆਂ ਤਾਪ ਰਹੇ ਓਂ ਆਹ ਬਾਂਸ ਕਿਉਂ ਗੱਡਿਆ ਹੈ। ਕਹਿੰਦੇ, ਰਾਜਨ! ਇਹ ਮੈਂ ਤਾਂ ਗੱਡਿਆ ਹੈ ਕਿ ਜਦੋਂ ਮੇਰੀ ਭਗਤੀ ਪੂਰੀ ਹੋ ਜਾਏਗੀ, ਬਾਂਸ ਵਿਚੋਂ ਪੱਤੇ ਨਿਕਲ ਆਉਣਗੇ।

ਕਹਿੰਦਾ, ਐਸ ਤਰ੍ਹਾਂ ਵੀ ਹੋ ਜਾਂਦਾ ਹੈ?

ਕਹਿੰਦਾ, ਹਾਂ।

ਰਾਜੇ ਦੇ ਮਨ 'ਤੇ ਸੱਟ ਲੱਗੀ ਉਸ ਵੇਲੇ, ਕਹਿੰਦਾ ਲੈ ਓਏ ਮਨਾਂ ਬਥੇਰਾ ਰਾਜ ਕਰ ਲਿਆ, ਹੁਣ ਜਾਣਾ ਹੀ ਨਹੀਂ, ਇੱਥੇ ਹੀ ਬਹਿ ਜਾਂਦੇ ਹਾਂ। ਉਹ ਪਰ੍ਹੇ ਹੱਟ ਕੇ ਸਾਧੂ ਦੇ ਕੋਲ ਬਹਿ ਗਿਆ, ਬਰਛਾ ਸੀ ਉਹਦੇ ਹੱਥ ਵਿੱਚ, ਬਰਛਾ ਗੱਡ ਦਿੱਤਾ। ਕੁਛ ਦਿਨ ਹੋਏ ਨੇ ਦੱਸ ਕੁ ਦਿਨ ਬੀਤੇ ਤੇ ਦੂਜੇ ਪਾਸਿਓਂ ਜੰਗਲ ਵਿਚੋਂ ਆਵਾਜ਼ ਆ ਰਹੀ ਹੈ, ਕੋਈ ਬਚਾਓ, ਕੋਈ ਬਚਾਓ। ਬੀਬੀਆਂ ਕਹਿ ਰਹੀਆਂ ਨੇ ਸਾਡਾ ਸਤਿ ਭੰਗ ਹੋ ਰਿਹਾ ਹੈ, ਛੇਤੀ ਆਓ ਕੋਈ, ਸਾਨੂੰ ਬਚਾਓ ਕੋਈ। ਸਾਡਾ ਧਰਮ ਭ੍ਰਿਸ਼ਟ ਹੋ ਰਿਹਾ ਹੈ। ਉਸ ਵੇਲੇ ਸੰਤ ਨੇ ਵੀ ਸੁਣਿਆ ਰਾਜੇ ਨੇ ਵੀ ਸੁਣਿਆ, ਸੰਤਾਂ

ਨੇ ਤਾਂ ਨੇਤਰ ਬੰਦ ਕਰ ਲਏ ਕਿ ਜੋ ਹੁੰਦਾ ਹੈ ਹੋਣ ਦਿਓ। ਇਹ ਸਭ ਮਾਇਆ ਦਾ ਚੱਕਰ ਹੈ, ਲੇਕਿਨ ਰਾਜੇ ਨੇ ਕਿਹਾ ਕਿ ਕੋਈ ਜੀਵ ਮਦਦ ਮੰਗ ਰਿਹਾ ਹੈ। ਚਲੋ, ਭਗਤੀ ਕੱਲ੍ਹ ਤੋਂ ਸ਼ੁਰੂ ਕਰ ਲਵਾਂਗੇ, ਪੁੱਟੋ ਬਰਛਾ। ਬਰਛਾ ਪੁੱਟ ਲਿਆ। ਉਥੇ ਜਾ ਕੇ ਡਾਕੂਆਂ ਨਾਲ ਲੜਿਆ। ਕਈ ਡਾਕੂ ਮਾਰ ਦਿੱਤੇ ਤੇ ਬੀਬੀਆਂ ਬੱਚੇ ਬਚਾ ਲਏ। ਆ ਕੇ ਫੇਰ ਬਰਛਾ ਗੱਡ ਦਿੱਤਾ। ਬਰਛਾ ਗੱਡਦੇ ਸਾਰ ਕੀ ਦੇਖਦਾ ਹੈ ਕਿ ਜਿਹੜਾ ਬਾਂਸ ਸੀ ਬਰਛੇ ਦਾ ਡੰਡਾ, ਉਹਦੀਆਂ ਗੱਠਾਂ ਵਿਚੋਂ ਟਾਹਣੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ। ਬੜਾ ਖੁਸ਼ ਹੋਇਆ ਤੇ ਸੰਤ ਨੂੰ ਵੀ ਪਤਾ ਲੱਗ ਗਿਆ। ਆਵਾਜ਼ ਦਿੱਤੀ ਕਿ ਸੰਤ ਜੀ! ਜ਼ਰਾ ਆ ਕੇ ਦਿਓ ਦਰਸ਼ਨ। ਆਹ ਦੇਖੋ ਕੀ ਹੋ ਰਿਹਾ ਹੈ। ਉਸ ਵੇਲੇ ਸੰਤ ਨੇ ਦੇਖਿਆ ਕਿ ਇਹਦਾ ਤਾਂ ਬਰਛਾ ਹਰਾ ਹੋ ਗਿਆ, ਮੇਰਾ ਬਾਂਸ ਤਾਂ ਹੋਇਆ ਹੀ ਨਹੀਂ, ਮੈਨੂੰ ਤਾਂ ਵੀਹ-ਪੱਚੀ ਸਾਲ ਹੋ ਗਏ ਤਪ ਤਾਪਦੇ ਨੂੰ। ਉਸ ਵੇਲੇ ਮਨ ਵਿੱਚ ਬੜੀ ਨਿਰਾਸਾ ਆਈ, ਪ੍ਰਮੇਸ਼ਰ ਨੂੰ ਆਰਾਧਿਆ ਉਹਨੇ। ਕਹਿੰਦਾ, ਹੇ ਪ੍ਰਭੂ! ਤੇਰੇ ਘਰ ਵਿੱਚ ਇਨਸਾਫ ਨਹੀਂ ਹੈ। ਆਹ ਰਾਜਾ ਕੱਲ੍ਹ ਤੱਕ ਲੋਕਾਂ ਨੂੰ ਸਜਾਵਾਂ ਦਿੰਦਾ ਕਿਸੇ ਨੂੰ ਫਾਂਸੀ ਚਾੜ੍ਹਦਾ, ਕਿਸੇ ਨੂੰ ਕੈਦ ਕਰਦਾ ਤੇ ਦੱਸ ਦਿਨ ਉਹਨੂੰ ਬੈਠੇ ਨੂੰ ਹੋਏ ਨੇ ਤੇ ਇਹਦੇ ਤਪ ਨੂੰ ਫਲ ਲੱਗ ਗਿਆ ਤੇ ਮੇਰੇ ਤਪ ਨੂੰ ਫਲ ਕਿਉਂ ਨਹੀਂ ਲੱਗਿਆ? ਇਨਸਾਫ ਨਹੀਂ ਤੇਰੇ ਘਰ ਵਿੱਚ। ਅਕਾਸ਼ਬਾਣੀ ਹੋਈ, ਕਹਿੰਦੇ ਸੰਤ ਜੀ! ਮੈਨੂੰ ਦਇਆ ਭਾਉਂਦੀ ਹੈ, ਜਿਹਦੇ ਹਿਰਦੇ ਵਿੱਚ ਦਇਆ ਹੋਵੇ ਉਹਦੇ 'ਤੇ ਮੈਂ ਪ੍ਰਸੰਨ ਹੋ ਜਾਂਦਾ ਹਾਂ। ਕਿਉਂਕਿ ਜਿਹਦੇ ਹਿਰਦੇ ਵਿੱਚ ਦਇਆ ਹੈ, ਜਦੋਂ ਉਹਦਾ ਪੁੱਤਰ ਪੈਦਾ ਹੋਣਾ ਹੈ ਉਹਦਾ ਨਾਉਂ ਹੁੰਦਾ ਹੈ ਧਰਮ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - 3***

ਜਿਹਦੇ ਅੰਦਰ ਦਇਆ ਹੀ ਨਹੀਂ ਹੈ ਉਥੇ ਧਰਮ ਕਿੱਥੋਂ ਆ ਜਾਏਗਾ। ਕਹਿੰਦੇ, ਸੰਤ ਜੀ! ਮੈਨੂੰ ਦਇਆ ਭਾਉਂਦੀ ਹੈ। ਇਹਨੇ ਦਇਆ ਦਾ ਕੰਮ ਕੀਤਾ ਹੈ। ਇਹਨੇ ਪੁਕਾਰ ਸੁਣੀ ਗਰੀਬਾਂ ਦੀ ਨਿਹੱਥਿਆਂ ਦੀ, ਮਜ਼ਬੂਰਾਂ ਦੀ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ, ਉੱਠ ਕੇ ਜਾ ਕੇ ਇਹਨੇ ਉਨ੍ਹਾਂ ਨੂੰ ਬਚਾਇਆ, ਉਨ੍ਹਾਂ ਦੀਆਂ ਅਸੀਸਾਂ, ਦੁਆਵਾਂ ਮੇਰੇ ਤੱਕ ਪਹੁੰਚੀਆਂ ਨੇ ਤੇ ਮੈਂ ਇਹਦਾ ਬਰਛਾ ਹਰਾ ਕਰ ਦਿੱਤਾ। ਇਹ ਦਇਆ ਨੂੰ ਮਹੱਤਤਾ ਹੈ ਸਾਧਸੰਗਤ ਜੀ। ਗਲ ਵੱਢ-ਵੱਢ ਕੇ ਮਾਸ ਖਾਂਦੇ ਨੇ, ਫੇਰ ਦਇਆ ਕਿੱਥੋਂ ਆ ਜਾਏਗੀ।

ਕਹਿੰਦੇ ਨੇ ਜੀ, ਬੱਕਰੇ ਤਾਂ ਖਾਣ ਵਾਸਤੇ ਹੀ ਹੁੰਦੇ ਨੇ, ਕਿੱਥੇ ਲਿਖਿਆ ਹੋਇਆ ਹੈ ਕਿ ਬੱਕਰੇ ਖਾਣ ਵਾਸਤੇ। ਗੁਰੂ ਸਾਹਿਬ ਤਾਂ ਕਹਿੰਦੇ –

***............ਜੀਅ ਦਇਆ ਨਹੀ ਪਾਲੀ ॥*** ***ਅੰਗ - 1253***

ਕਹਿੰਦੇ, ਤੂੰ ਜੀਆਂ ਦੀ ਤਾਂ ਦਇਆ ਨਹੀਂ ਪਾਲੀ ਤੇ ਇਹ ਗੱਲਾਂ ਤੂੰ ਕਰਨ ਲੱਗਿਆ ਹੋਇਆ ਹੈਂ ਮਨ ਦੇ ਢਕੌਂਸਲੇ। ਸੋ ਇਸ ਤਰ੍ਹਾਂ ਦੇ ਨਾਲ –

***ਸਿਮਰਨੁ ਭਜਨੁ ਦਇਆ ਨਹੀ ਕੀਨੀ***

*ਤਉ ਮੁਖਿ ਚੋਟਾ ਖਾਹਿਗਾ ॥*
*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ ॥*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥*

***ਅੰਗ - 1106***

ਬਾਤ ਸੁਣ ਲਈ ਸਾਰੀ। ਮਨ ਦੇ ਅੰਦਰ ਵਿਚਾਰ ਕਰਨ ਲੱਗ ਗਿਆ, ਬੇਸੁੱਧ ਹੋ ਗਿਆ। ਬੇਸੁੱਧ ਹੋ ਕੇ ਧਰਤੀ 'ਤੇ ਗਿਰ ਜਾਂਦਾ ਹੈ। ਕਦੇ-ਕਦੇ ਸੁਰਤ ਆਉਂਦੀ ਹੈ, ਮਾਸ ਖਿੰਡ ਗਿਆ, ਗਿਲਝਾਂ ਉਤੇ ਘੁੰਮਦੀਆਂ ਫਿਰਦੀਆਂ ਸੀ, ਚੁੱਕ-ਚੁੱਕ ਕੇ ਟੁਕੜੇ ਲਈ ਜਾਂਦੀਆਂ ਨੇ। ਇੱਲ੍ਹਾਂ ਆ ਗਈਆਂ, ਕਾਉਂ ਆ ਗਏ, ਕੁੱਤੇ ਆ ਗਏ, ਸਾਰਾ ਟੋਕਰਾ ਖਾਲੀ ਹੋ ਗਿਆ ਉਹਦਾ। ਉਸ ਵੇਲੇ ਮਹਾਤਮਾ ਦੇ ਮੁਖਾਰਬਿੰਦ ਤੋਂ ਫੇਰ ਆਵਾਜ਼ ਆਉਂਦੀ ਹੈ। ਏਸ ਤਰ੍ਹਾਂ ਦੇ ਨਾਲ ਆਪ ਸਾਰੇ ਪੜ੍ਹੋ -

*ਧਾਰਨਾ - ਸਦਾ ਜਗ 'ਤੇ ਬੈਠ ਨਹੀਂਓਂ ਰਹਿਣਾ,*
*ਰਾਮ ਭਜ ਰਾਮ ਭਜ ਲੈ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

ਵੱਡੇ-ਵੱਡੇ ਸੰਸਾਰ 'ਤੇ ਆਏ, ਕੋਈ ਨਹੀਂ ਰਹਿ ਸਕਦਾ। ਤੇਰਾ ਸਮਾਂ ਵੀ ਲੰਘਿਆ ਜਾ ਰਿਹਾ ਹੈ ਪ੍ਰੇਮੀਆਂ! ਯਾਦ ਕਰਿਆ ਕਰ ਕਦੇ ਬਚਪਨ ਸੀ, ਬਚਪਨ ਨੂੰ ਜਵਾਨੀ ਖਾ ਗਈ। ਨਾਮ ਨਿਸ਼ਾਨ ਨਹੀਂ ਬਚਪਨ ਦਾ ਰਿਹਾ। ਜੁਆਨੀ ਨੂੰ ਬੁਢੇਪਾ ਖਾ ਗਿਆ, ਹੁਣ ਅੰਦਰੋਂ ਤਾਂ ਓਹੀ ਗੱਲਾਂ ਨੇ ਸਰੀਰ ਸਾਥ ਨਹੀਂ ਦੇ ਰਿਹਾ ਤੇ ਜਵਾਨੀ ਨੂੰ ਯਾਦ ਕਰ-ਕਰ ਕੇ ਝੁਰਦਾ ਹੈ। ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਜਾ ਰਿਹਾ ਹੈ। ਪਤਾ ਨਹੀਂ ਕਿਹੜੇ ਵੇਲੇ ਮੌਤ ਦੀ ਗਰਾਹੀ ਬਣ ਜਾਵੇ। ਹੁਣ ਤਾਂ ਪੱਕਿਆ ਹੋਇਆ ਫਲ ਹੈ ਗਿਰਨਾ ਹੀ ਗਿਰਨਾ ਹੈ। ਮਾੜੀ ਜਿਹੀ ਹਵਾ ਆ ਗਈ ਜ਼ੋਰ ਦੀ ਤਾਂ ਗਿਰ ਗਿਆ। ਸੋ ਕਹਿੰਦੇ ਪ੍ਰਮੇਸ਼ਰ ਦਾ ਨਾਮ ਜਪ ਲੈ।

*ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ ॥*
*ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ॥*

***ਅੰਗ - 1352***

ਕਿੰਨੀ ਕੁ ਵਾਰੀ ਤੈਨੂੰ ਕਹਿੰਦੇ ਕਹੀਏ, ਸਾਨੂੰ ਦੇਖੋ ਮਹਾਰਾਜ ਬਾਰ-ਬਾਰ ਕਹਿ ਰਹੇ ਨੇ। ਕਹਿੰਦੇ ਮੂਰਖਾ! ਗੱਲ ਨਹੀਂ ਸਮਝਦਾ।

***ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥ ਅੰਗ - 1352***

ਗਲ ਜਾਏਂਗਾ ਕਹਿੰਦੇ। ਭੌਰਾ ਜਿੰਨਾਂ ਚਿਰ ਵੀ ਨਹੀਂ ਲੱਗਣਾ ਤੈਨੂੰ ਗਲਣ ਵਾਸਤੇ।

***ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ ॥***
***ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥ ਅੰਗ - 1352***

ਇਕੱਲਾ ਹੀ ਨਾਮ ਤੇਰੇ ਨਾਲ ਜਾਣਾ ਹੈ ਜਾਂ ਪਾਪਾਂ ਦੀਆਂ ਗੱਠੜੀਆਂ ਜਾਣੀਆਂ ਨੇ, ਚੁੱਕਣੀਆਂ ਔਖੀਆਂ ਹੋ ਜਾਣਗੀਆਂ -

***ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ॥***
***ਅੰਗ - 1352***

ਛੱਡ ਦੇ ਇਹਨੂੰ ਬਿਹੁ ਨੂੰ -

***ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥***
***ਅੰਗ - 1352***

ਤੇਰਾ ਜਨਮ ਲੰਘਦਾ ਜਾਂਦਾ ਹੈ, ਵਾਰੀ ਆਈ ਹੈ ਤੇ ਤੂੰ ਇਸਨੂੰ ਸੰਭਾਲ। ਐਸੇ ਜਦੋਂ ਬਚਨ ਉਹਦੇ ਹਿਰਦੇ 'ਚ ਪਹੁੰਚਦੇ ਨੇ, ਸਹਿ ਨਹੀਂ ਸਕਿਆ। ਬੇਹੋਸ਼ ਹੋ ਕੇ ਗਿਰ ਗਿਆ। ਕੁੱਤਿਆਂ, ਬਿੱਲਿਆ ਨੇ ਆ ਕੇ, ਕੁੱਤਿਆਂ ਨੇ ਆ ਕੇ ਮਾਸ ਚੁੱਕ ਲਿਆ। ਗਿਲਝਾਂ ਚੁੱਕ-ਚੁੱਕ ਕੇ ਉੱਡ ਗਈਆਂ, ਇੱਲ੍ਹਾਂ ਚੁੱਕ-ਚੁੱਕ ਕੇ ਉਡ ਗਈਆਂ। ਗਿਰਿਆ ਪਿਆ ਹੈ। ਮਹਾਤਮਾ ਨੇ ਦੇਖਿਆ ਕਿ ਬੰਦਾ ਭਲਾ-ਚੰਗਾ ਜਾਂਦਾ ਸੀ, ਕੀ ਸੀਗਾ ਇਹਦੇ ਟੋਕਰੇ 'ਚ ਤੇ ਗਿਰਿਆ ਕਿਉਂ ਹੈ? ਦਿਆਲੂ ਸੀਗੇ ਉੱਠ ਕੇ ਆ ਗਏ, ਨੇੜੇ ਆ ਗਏ, ਕਹਿੰਦੇ, ਪੁਰਖਾ! ਕੀ ਗੱਲ ਹੈ, ਤੂੰ ਹੋਸ਼ ਵਿੱਚ ਆ, ਪਾਣੀ ਪਾਇਆ ਮੂੰਹ ਵਿੱਚ, ਨੇਤਰ ਖੋਲ੍ਹੇ ਫੇਰ ਬੇਹੋਸ਼ ਹੋ ਜਾਂਦਾ ਹੈ। ਫੇਰ ਮਹਾਤਮਾ ਪਾਣੀ ਪਾਉਂਦੇ ਨੇ, ਫੇਰ ਨੇਤਰ ਖੋਲ੍ਹਦਾ ਹੈ। ਫੇਰ ਬੇਹੋਸ਼ ਹੋ ਜਾਂਦਾ ਹੈ। ਪੁੱਛਿਆ, ਪ੍ਰੇਮੀਆਂ! ਕੁਛ ਥਾਉ ਪਤਾ ਦਸ ਤੇਰਾ ਨਾਉਂ ਕੀ ਹੈ? ਕੋਈ ਬੀਮਾਰੀ ਹੈ ਤੈਨੂੰ? ਕਹਿੰਦਾ ਨਹੀਂ, ਬੀਮਾਰੀ ਨਹੀਂ। ਕਹਿੰਦੇ, ਫੇਰ? ਹੋਇਆ ਕੀ? ਗਿਰਿਆ ਕਿਉਂ ਹੈਂ? ਕਹਿੰਦਾ, ਮੇਰੇ ਤੋਂ ਆਹ ਸ਼ਬਦ ਦਾ ਬਾਣ ਨਹੀਂ ਸਹਿ ਹੋਇਆ, ਗੁਰਾਂ ਦੇ ਸ਼ਬਦ ਦਾ।

***ਧਾਰਨਾ - ਬਾਣ ਗੁਰਾਂ ਦੇ ਸ਼ਬਦ ਨੇ ਮਾਰਿਆ,***
***ਹਿਰਦੇ ਵਿਚ ਛੇਕ ਪੈ ਗਏ।***
***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥***
***ਅੰਗ - 1374***

ਛੇਕ ਪੈ ਗਿਆ, ਇੱਕੋ ਸ਼ਬਦ ਦਾ ਬਾਣ ਪੂਰੇ ਸਤਿਗੁਰੂ ਨੇ ਮਾਰਿਆ। ਕਹਿਣ ਲੱਗਿਆ, ਮਹਾਂਪੁਰਸ਼ੋ! ਕੁਛ ਨਹੀਂ ਮੈਨੂੰ ਹੋਇਆ। ਕੋਈ ਬੀਮਾਰੀ ਨਹੀਂ ਹੈ, ਆਹ ਸ਼ਬਦ ਨਹੀਂ ਮੇਰੇ ਤੋਂ ਸਹਿ ਹੋਇਆ।

***ਸਿਮਰਨੁ ਭਜਨੁ ਦਇਆ ਨਹੀ ਕੀਨੀ***
***ਤਉ ਮੁਖਿ ਚੋਟਾ ਖਾਹਿਗਾ ॥ ਅੰਗ - 1106***

ਸਹਿ ਨਹੀਂ ਮੈਂ ਸਕਿਆ, ਮੇਰੇ 'ਤੇ ਕ੍ਰਿਪਾ ਕਰੋ। ਮੇਰੀ ਕਿਰਤ ਮਾੜੀ ਹੈ, ਪਰ ਮੈਂ ਮਾਸ ਹੁਣ ਆਪ ਨਹੀਂ ਵੱਢਦਾ। ਮੁੱਲ ਲਿਆ ਕੇ ਵੇਚਦਾ ਹਾਂ। ਆਪ ਕ੍ਰਿਪਾ ਕਰੋ। ਉਸ ਵੇਲੇ ਮਹਾਤਮਾ ਦੇ ਮਨ ਵਿੱਚ ਦਇਆ ਆਈ। ਬਾਲਮੀਕ ਬੰਦਿਆਂ ਨੂੰ ਮਾਰਦਾ ਸੀ ਉਹਦੇ ਉਤੇ ਵੀ ਪੂਰੇ ਮਹਾਤਮਾ ਨੂੰ ਦਇਆ ਆਈ ਸੀ। ਮਹਾਤਮਾ ਹਰ ਵਕਤ ਚਾਹੁੰਦੇ ਨੇ ਕਿ ਜਦੋਂ ਲੋਹਾ ਢਲਿਆ ਹੋਵੇ, ਫੇਰ ਉਹਦੀ ਚੀਜ਼ ਬਣਾਵੇ। ਹੁਣ ਇਹਦਾ ਹਿਰਦਾ ਢਲਿਆ ਹੋਇਆ ਸੀ, ਉਨ੍ਹਾਂ ਨੇ ਕਿਹਾ ਕਿ ਕਿਰਤ ਇਹਦੀ ਮਾੜੀ ਹੈ ਪਰ ਇਹਨੂੰ ਐਸਾ ਕੰਮ ਦੱਸ ਦੇਈਏ ਕਿ ਹੌਲੀ-ਹੌਲੀ ਆਪੇ ਹੀ ਇਹ ਠੀਕ ਹੋ ਜਾਵੇ। ਉਸ ਵੇਲੇ ਮਹਾਤਮਾ ਕਹਿਣ ਲੱਗੇ, ਭਾਈ ਸਧਨਾ! ਠੀਕ ਹੈ ਤੂੰ ਮਾਸ ਵੇਚਦਾ ਹੈਂ, ਕੋਈ ਗੱਲ ਨਹੀਂ ਹੈ, ਪਰ ਤੈਨੂੰ ਅਸੀਂ ਨਾਮ ਦਿੰਦੇ ਹਾਂ। ਇਹਦਾ ਜਾਪ ਕਰਿਆ ਕਰੀਂ ਤੇ ਦੂਸਰਾ ਅਸੀਂ ਤੈਨੂੰ ਉਪਾਸਨਾ ਦਾ ਢੰਗ ਦਸਦੇ ਹਾਂ। ਦੋ ਤਰ੍ਹਾਂ ਦੀ ਉਪਾਸਨਾ ਹੁੰਦੀ ਹੈ ਇੱਕ ਬਾਹਰਲੀ ਤੇ ਇੱਕ ਅੰਦਰਲੀ, ਅੰਤਰੀਵ ਉਪਾਸਨਾ, ਮਾਨਸਿਕ ਉਪਾਸਨਾ ਕਹਾਉਂਦੀ ਹੈ, ਬਾਹਰਲੀ ਉਪਾਸਨਾ, ਅੱਖਾਂ ਖੋਲ੍ਹ ਕੇ ਹੋਇਆ ਕਰਦੀ ਹੈ। ਦੋਵੇਂ ਉਪਾਸਨਾ ਦਾ, ਅੰਤਰੀਵ ਦਾ ਤੇ ਬਾਹਰੀ ਉਪਾਸਨਾ ਦਾ ਢੰਗ ਦੱਸ ਕੇ ਨਾਲ ਸਾਲਗ੍ਰਾਮ ਦਾ ਵੱਟਾ ਦੇ ਦਿੱਤਾ। ਕਹਿੰਦੇ, ਲੈ ਇਹਨੂੰ ਤੂੰ ਪ੍ਰਤੀਕ ਬਣਾ ਲਈਂ ਪ੍ਰਮੇਸ਼ਰ ਦਾ ਤੇ ਇਹਨੂੰ ਯਾਦ ਰੱਖਿਆ ਕਰੀਂ। ਬੜਾ ਪ੍ਰਸੰਨ ਹੋਇਆ, ਟੋਕਰਾ ਪਰੇ ਕਰਿਆ, ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰੀ। ਐਸ ਤਰ੍ਹਾਂ ਹੋ ਗਿਆ ਜਿਵੇਂ ਕਰੋੜਾਂ ਰੁਪਿਆ ਲੱਭ ਗਿਆ ਹੁੰਦਾ ਹੈ ਕਿਉਂਕਿ ਹਾਲੇ ਤੱਕ ਰਾਹ ਨਹੀਂ ਸੀ ਲੱਭਿਆ। ਉਸ ਵੇਲੇ ਘਰ ਆ ਗਿਆ, ਘਰ ਆ ਕੇ ਬਹੁਤ ਪਿਆਰ ਕਰਦਾ ਹੈ ਹੱਦ ਤੋਂ ਜ਼ਿਆਦਾ। ਐਸ ਤਰ੍ਹਾਂ ਹੀ ਸਮਝਦਾ ਹੈ ਕਿ ਮੈਨੂੰ ਰੱਬ ਦੇ ਦਿੱਤਾ ਉਨ੍ਹਾਂ ਨੇ। ਮੈਨੂੰ ਪ੍ਰਮੇਸ਼ਰ ਮੇਰੇ ਹਵਾਲੇ ਕਰ ਦਿੱਤਾ। ਪਿਆਰ ਐਨਾ ਪੈ ਗਿਆ, ਨਾਲ ਹੀ ਰੱਖਦਾ ਹੈ। ਜਦੋਂ ਦੁਕਾਨ 'ਤੇ ਗਿਆ, ਉਥੇ ਸਾਮ੍ਹਣੇ ਤੱਕੜੀ 'ਚ ਰੱਖ ਲੈਂਦਾ ਹੈ। ਕਿਸੇ ਨੂੰ ਨਹੀਂ ਪਤਾ ਲਗਦਾ ਕਿ ਇਹ ਕੀ ਕਰਦਾ ਹੈ ਤੇ ਧਿਆਨ ਪ੍ਰਮੇਸ਼ਰ ਦਾ ਹੈ, ਵੱਟਾ ਸਾਮ੍ਹਣੇ ਪਿਆ ਹੈ। ਇੱਕ ਤਰ੍ਹਾਂ ਦੇ ਨਾਲ ਜੀਵਨ ਬਣ ਗਿਆ -

***ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ- 9***

ਅੱਖਾਂ ਤੋਂ ਲਾਂਭੇ ਨਹੀਂ ਹੋਣ ਦਿੰਦਾ। ਮਹਾਤਮਾ ਕੋਈ ਆ ਗਿਆ, ਆ ਕੇ ਉਸ ਨੇ ਦੇਖਿਆ ਕਿ ਬੰਦਾ ਬੜਾ ਵਧੀਆ ਹੈ। ਮਸਤਕ ਇਹਦਾ ਚਮਕ ਰਿਹਾ ਹੈ, ਨੇਤਰਾਂ ਦੇ ਵਿੱਚ ਚਮਕ ਹੈ। ਭਜਨ ਕਰਨ ਵਾਲਿਆਂ ਤੋਂ ਬਗੈਰ ਤਾਂ ਹੁੰਦੀ ਨਹੀਂ ਚਮਕ। ਇਹਦਾ ਚਿਹਰਾ ਹੰਸੂ-ਹੰਸੂ ਕਿਉਂ ਕਰਦਾ ਹੈ। ਨੇੜੇ ਆ ਗਿਆ, ਪਰਖਣ ਲੱਗਿਆ ਕਿ ਹੋਵੇ ਨਾ ਤਾਂ ਕਿਤੇ ਚੀਥੜਿਆਂ 'ਚ ਵਲੇਟਿਆ ਹੋਇਆ ਲਾਲ ਹੀ ਨਾ ਹੋਵੇ। ਨੇੜੇ ਆ ਕੇ ਦੇਖਿਆ ਕਿ ਠੀਕ ਹੈ। ਬੰਦਗੀ ਦੇ ਵਿੱਚ ਪੂਰਾ ਹੈ, ਪਰ ਇੱਕ ਗੱਲ ਗਲਤ ਹੈ ਇਸਦੀ, ਕਿਉਂਕਿ ਜਦੋਂ ਸਾਧੂਆਂ ਦਾ ਵਾਹ ਕੱਟੜਾਂ ਨਾਲ ਪੈ ਜਾਂਦਾ ਹੈ, ਉਸ ਵੇਲੇ ਉਹ ਸਾਧੂਆਂ ਦੀ ਬਿਰਤੀ ਨੂੰ ਤਾਂ ਸਮਝਦੇ ਨਹੀਂ ਹੁੰਦੇ। ਉਹ ਆਪਣੀ ਬਾਤ ਕਹਿੰਦੇ ਨੇ ਕਿ ਐਸ ਤਰ੍ਹਾਂ ਕਰੋ, ਐਸ ਤਰ੍ਹਾਂ ਕਰੋ। ਆਹ ਨਹੀਂ

ਹੋਣਾ ਚਾਹੀਦਾ। ਉਸ ਵੇਲੇ ਉਹਨੇ ਕਿਹਾ ਕਿ ਸਧਨਿਆਂ! ਤੂੰ ਪ੍ਰਮੇਸ਼ਰ ਦਾ ਨਾਮ ਜ਼ਰੂਰ ਲੈਂਦਾ ਹੈਂ, ਤੇਰੇ ਮਸਤਕ ਦੇ ਉਤੇ ਸ਼ਾਂਤੀ ਦੇ ਚਿੰਨ੍ਹ ਨੇ, ਤੇਰੇ ਨੇਤਰਾਂ ਦੇ ਵਿੱਚ ਕੋਈ ਖਿੱਚ ਹੈ ਖਾਸ। ਤੇਰੇ ਬੁਲ੍ਹਾਂ ਦੇ ਉਤੇ ਮੁਸਕਰਾਹਟ ਹੈ, ਕੋਈ ਚਿੰਨ੍ਹ ਐਸਾ ਨਹੀਂ ਜਿਹੜਾ ਇਹ ਦਸਦਾ ਹੋਵੇ ਕਿ ਤੂੰ ਭਗਤੀ ਨਹੀਂ ਕਰਦਾ। ਪਰ ਇੱਕ ਤੂੰ ਬੜਾ ਭਾਰਾ ਘੋਰ ਪਾਪ ਕਰ ਰਿਹਾ ਹੈਂ ਤੇ ਉਸਦੀ ਤੈਨੂੰ ਸਜ਼ਾ ਮਿਲੇਗੀ।

ਕਹਿਣ ਲੱਗੇ ਕਿ ਕਿਹੜਾ ਮਹਾਰਾਜ! ਦੱਸੋ ਆਪ ਕ੍ਰਿਪਾ ਕਰਕੇ। ਉਹ ਕਹਿੰਦੇ, ਪ੍ਰੇਮੀਆਂ! ਸਾਲਗ੍ਰਾਮ ਜੋ ਹੈ, ਇਹ ਤਾਂ ਮੰਦਰਾਂ ਦੇ ਵਿੱਚ ਕਿੰਨੀਆਂ ਧੂਫਾਂ ਦੇ ਕੇ, ਕਿੰਨੇ ਪਵਿੱਤਰ ਥਾਂ, ਕਿੰਨੀਆਂ ਚੰਦਨ ਦੀਆਂ ਚੌਂਕੀਆਂ ਬਣਾ ਕੇ ਰੱਖਿਆ ਜਾਂਦਾ ਹੈ, ਤੂੰ ਮਾਸ ਤੋਲਣ ਵਾਲੀ ਤੱਕੜੀ 'ਚ ਰੱਖੀਂ ਬੈਠਾ ਹੈਂ। ਐਡਾ ਪਾਪ, ਇਹ ਮੈਨੂੰ ਦੇਹ ਮੈਂ ਪ੍ਰਾਸ਼ਚਿਤ ਕਰਾਂਗਾ, ਇਸ ਪਾਪ ਦਾ। ਉਹ ਸਾਲਗ੍ਰਾਮ ਲੈ ਗਏ। ਸਾਲਗ੍ਰਾਮ ਕੀ ਲੈ ਗਿਆ, ਸਧਨੇ ਦਾ ਦਿਲ ਹੀ ਲੈ ਕੇ ਤੁਰ ਪਿਆ। ਸਧਨੇ ਦਾ ਦਿਲ ਨਹੀਂ ਲਗ ਰਿਹਾ। ਉਸ ਦੀ ਹਾਲਤ ਐਸ ਤਰ੍ਹਾਂ ਹੋ ਗਈ ਜਿਸ ਤਰ੍ਹਾਂ ਪਾਣੀ ਦੇ ਵਿੱਚ ਮੱਛੀ ਦੀ ਹੁੰਦੀ ਹੈ ਤੇ ਮੱਛੀ ਪਾਣੀ ਤੋਂ ਕੱਢ ਦਿੱਤੀ ਜਾਵੇ –

***ਧਾਰਨਾ – ਨਹੀਂਓਂ ਬਚਦੀ ਮੱਛੀ ਨੀਰ ਤੋਂ ਬਿਨਾਂ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ – 708***

ਐਸੀ ਅਵਸਥਾ, ਇਹਨੂੰ ਹਰ ਕੋਈ ਨਹੀਂ ਸਮਝ ਸਕਦਾ। ਜਿਸਨੂੰ ਲਗ ਜਾਂਦੀ ਹੈ ਸਿਰਫ ਓਹੀ ਜਾਣ ਸਕਦਾ ਹੈ। ਬਾਕੀਆਂ ਨੂੰ ਤਾਂ ਸਮਝ 'ਚ ਨਹੀਂ ਆਇਆ ਕਰਦੀ, ਬਾਕੀਆਂ ਵਾਸਤੇ ਇਹ ਕਹਾਣੀ ਬਣ ਜਾਂਦੀ ਹੈ –

***ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥***

***ਅੰਗ – 327***

ਉਸ ਵੇਲੇ ਇਸ ਤਰਾਂ ਲੱਗਿਆ ਕਿ ਜਿਵੇਂ ਕੋਈ ਦਿਲ ਕੱਢ ਕੇ ਲੈ ਗਿਆ ਹੁੰਦਾ ਹੈ, ਸਧਨੇ ਨਾਲ ਇਸ ਤਰ੍ਹਾਂ ਹੋ ਗਿਆ। ਦੁਕਾਨ 'ਚ ਨਹੀਂ ਬੈਠਾ, ਦੁਕਾਨ ਬੰਦ ਕਰ ਦਿਤੀ। ਘਰ ਆ ਗਿਆ, ਮੰਜੇ 'ਤੇ ਪੈ ਗਿਆ, ਰੋਈ ਜਾਂਦਾ ਹੈ। ਹੇ ਪ੍ਰਭੂ! ਸੱਚਮੁੱਚ ਤੈਨੂੰ ਮੈਂ ਗਲਤ ਥਾਂ 'ਤੇ ਰੱਖਿਆ ਹੈ। ਸੱਚਮੁੱਚ ਹੀ ਮੈਂ ਤੇਰੀ ਬੇਅਦਬੀ ਕਰਦਾ ਰਿਹਾ ਹਾਂ। ਬੜਾ ਮਾੜਾ ਕੰਮ ਹੈ, ਪਛਤਾਈ ਜਾਂਦਾ ਹੈ। ਹੇ ਪ੍ਰਭੂ! ਮੈਂ ਕਿੱਡੀ ਅਵੱਗਿਆ ਕੀਤੀ ਕਿ ਤੂੰ ਮੇਰੇ ਨਾਲੋਂ ਰੁੱਸ ਗਿਆ ਤੇ ਮੇਰਾ ਸਾਥ ਛੱਡ ਦਿੱਤਾ। ਇੱਕ ਗੱਲੋਂ ਤਾਂ ਚੰਗਾ ਹੈ ਕਿ ਉਹ ਮਹਾਂਪੁਰਸ਼ ਤੈਨੂੰ ਧੂਫਾਂ ਵੀ ਦੇਣਗੇ। ਵਿਧੀਪੂਰਵਕ ਤੇਰੀ ਪੂਜਾ ਵੀ ਕਰਨਗੇ, ਪ੍ਰਭੂ! ਮੈਨੂੰ ਤਾਂ ਆਉਂਦਾ ਨਹੀਂ ਸੀ ਕੁਛ। ਮੈਂ ਤਾਂ ਅਣਜਾਣ

ਬੰਦਾ ਹਾਂ। ਤੈਨੂੰ ਦੇਖ-ਦੇਖ ਕੇ ਜੀਉਂਦਾ ਸੀ ਤੇ ਮੇਰਾ ਹੁਣ ਜੀਵਨ ਕਿਵੇਂ ਹੋਏਗਾ ਤੇ ਮੈਂ ਆਪਣੀ ਭੁੱਲ ਦਾ ਪ੍ਰਾਸ਼ਚਿਤ ਕਿਵੇਂ ਕਰਾਂਗਾ। ਸਾਰੀ ਰਾਤ ਜਾਗਦੇ ਨੂੰ ਲੰਘ ਜਾਂਦੀ ਹੈ। ਉਧਰਲੇ ਪਾਸੇ ਮਹਾਤਮਾ ਲੈ ਕੇ ਚਲੇ ਗਏ। ਖੂਬ ਇਸ਼ਨਾਨ ਕਰਾਇਆ, ਖੁਸ਼ਬੂਆਂ ਲਾਈਆਂ ਕਿ ਇਹ ਕਸਾਈ ਦੇ ਘਰੋਂ ਮੈਂ ਲੈ ਕੇ ਆਇਆ ਹਾਂ ਤੇ ਮਾਸ ਤੋਲਣ ਵਾਲੀ ਤੱਕੜੀ ਦੇ ਵਿੱਚੋਂ ਮੈਂ ਲੈ ਕੇ ਆਇਆ, ਇਹ ਤਾਂ ਬੜੀ ਭਾਰੀ ਬੇਅਦਬੀ ਕਰ ਰਿਹਾ ਸੀ ਤੇ ਆਪਣੀ ਜਾਣ ਵਿੱਚ ਸਾਲਗ੍ਰਾਮ ਜੀ ਨੂੰ ਪ੍ਰਸੰਨ ਕਰ ਰਿਹਾ ਹੈ। ਧੂੰਫਾਂ ਧੁਖਾਈਆਂ, ਖੁਸ਼ਬੂਆਂ ਲਾਈਆਂ, ਚੌਂਕੀ ਵਿਛਾਈ ਤੇ ਉਹਦੇ ਉਤੇ ਰੱਖ ਕੇ ਚੌਰ ਕਰਨਾ ਸ਼ੁਰੂ ਕਰ ਦਿੱਤਾ ਤੇ ਨਾਲ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਤੇਰੀ ਬੇਅਦਬੀ ਵੀ ਹੋ ਰਹੀ ਸੀ ਏਥੇ ਤੇ ਤੂੰ ਮੈਨੂੰ ਪਰੇਰਿਆ ਹੈ, ਤਾਂ ਮੈਨੂੰ ਲੈ ਕੇ ਆਇਆ ਹਾਂ। ਇਸ ਤਰ੍ਹਾਂ ਦੀਆਂ ਅਰਦਾਸਾਂ ਕਰਦੇ ਨੀਂਦ ਆ ਗਈ। ਨੀਂਦ ਦੇ ਵਿੱਚ ਆਵਾਜ਼ ਆਉਣੀ ਸ਼ੁਰੂ ਹੋ ਗਈ। ਨਾ ਜਾਗਦਾ ਹੈ, ਨਾ ਸੁੱਤਾ ਹੈ, ਉੱਚੀ-ਉੱਚੀ ਆਵਾਜ਼ ਆਉਣ ਲੱਗ ਗਈ। ਕਹਿਣ ਲੱਗੇ, ਓਏ ਪ੍ਰੇਮੀਆਂ! ਤੂੰ ਸੰਤ ਬਣਿਆ ਹੋਇਆ ਹੈਂ ਤੂੰ ਮੈਨੂੰ ਮੇਰੇ ਪ੍ਰੇਮੀ ਨਾਲੋਂ ਤੋੜ ਦਿੱਤਾ ਤੇ ਮੇਰਾ ਜੀਅ ਨਹੀਂ ਲਗਦਾ ਤੇ ਤੂੰ ਬੜਾ ਮਾੜਾ ਕੰਮ ਕਰਿਆ ਹੈ। ਮੇਰੇ ਪਿਆਰੇ ਤੋਂ ਮੈਨੂੰ ਦੂਰ ਕਰ ਦਿੱਤਾ। ਤੈਨੂੰ ਪਤਾ ਨਹੀਂ ਹੈ ਇਸ ਗੱਲ ਦਾ ਕਿ ਮੈਨੂੰ ਨਹੀਂ ਹੈਗੀ ਇਨ੍ਹਾਂ ਚੌਂਕੀਆਂ ਦੀ। ਮੈਨੂੰ ਨਹੀਂ ਲੋੜ ਖੁਸ਼ਬੂਆਂ ਦੀ, ਮੈਨੂੰ ਨਹੀਂ ਲੋੜ ਸੋਹਣੇ ਕੱਪੜਿਆਂ ਦੀ। ਨਾ ਮੈਨੂੰ ਲੋੜ ਹੈ ਚੌਰ ਦੀ ਤੇ ਜੇ ਮੈਨੂੰ ਕੋਈ ਲੋੜ ਹੈ, ਮੈਂ ਪਿਆਰ ਦਾ ਭੁੱਖਾ ਤੁਰਿਆ ਫਿਰਦਾ ਹਾਂ। ਸਾਰੀ ਸ੍ਰਿਸ਼ਟੀ ਨੂੰ ਮੈਂ ਖਾਣ ਨੂੰ ਦਿੰਦਾ ਹਾਂ। ਸਿਹਤ ਦਿੰਦਾ ਹਾਂ, ਪੀਣ ਵਾਸਤੇ ਪਾਣੀ ਦਿੰਦਾ ਹਾਂ, ਸੂਰਜ ਦਿੰਦਾ ਹਾਂ, ਫਸਲਾਂ ਉਗਾਉਂਦਾ ਹਾਂ, ਸਭ ਕੁਛ ਮੈਂ ਕਰ ਰਿਹਾ ਹਾਂ। ਕੋਈ ਨਹੀਂ ਦੇਖ ਰਿਹਾ ਕਿ ਵਾਹਿਗੁਰੂ ਕੀ ਕਰ ਰਿਹਾ ਹੈ। ਉਹ ਕਰ ਰਹੇ ਨੇ ਇਹ ਤਾਂ ਮੈਂ ਦਾਣੇ ਨੂੰ ਪੈਦਾ ਕਰਦਾ ਹਾਂ, ਮੈਂ ਵਧਾਉਂਦਾ ਹਾਂ, ਮੈਂ ਐਸਾ ਸਿਸਟਮ ਕਰਿਆ ਹੈ ਜਿਹਦੇ ਨਾਲ ਦਾਣੇ ਨੂੰ ਫਲ ਪੈਂਦਾ ਹੈ ਤੇ ਲੋਕ ਖਾਂਦੇ ਨੇ। ਬਾਲ-ਬੱਚੇ ਦਿੰਦਾ ਹਾਂ, ਪਰਿਵਾਰ ਦਿੰਦਾ ਹਾਂ, ਬਜ਼ੁਰਗਾਂ ਨੂੰ ਆਸਰਾ ਦਿੰਦਾ ਹਾਂ ਤੇ ਮੈਨੂੰ ਕੋਈ ਪਿਆਰ ਕਰਦਾ ਹੈ ਦੁਨੀਆਂ ਦੇ ਅੰਦਰ? ਤੇ ਤੈਨੂੰ ਪਤਾ ਹੈ ਦੁਆਪਰ ਯੁੱਗ ਦੇ ਅੰਦਰ ਕੀ ਵਰਤਿਆ ਸੀ। ਕ੍ਰਿਸ਼ਨ ਮਹਾਰਾਜ, ਪਾਂਡਵਾਂ ਦਾ ਜਦੋਂ ਵਿਰੋਧ ਹੋ ਗਿਆ ਕੌਰਵਾਂ ਦੇ ਨਾਲ ਤੇ ਨੌਬਤ ਇੱਥੇ ਤੱਕ ਆ ਗਈ ਕਿ ਹੁਣ ਯੁੱਧ ਹੋਏਗਾ। ਉਸ ਵੇਲੇ ਇਹਨੂੰ ਹਟਾਉਣ ਵਾਸਤੇ ਤੇ ਸਮਝੌਤਾ ਕਰਾਉਣ ਵਾਸਤੇ ਆਉਂਦੇ ਨੇ ਤੇ ਮਨ ਵਿੱਚ ਇਹ ਹੈ ਕਿ ਜੇ ਪੰਜ ਪਿੰਡ ਵੀ ਦੇ ਦੇਣ ਤਾਂ ਵੀ ਮੈਂ ਪਾਂਡਵਾਂ ਨੂੰ ਟਿਕਾ ਦੇਵਾਂਗਾ। ਯੁੱਧ ਬਹੁਤ ਮਾੜੀ ਚੀਜ਼ ਹੈ ਜੇ ਯੁੱਧ ਹੋ ਗਿਆ, ਹਿੰਦੁਸਤਾਨ ਦਾ ਖਾਤਮਾ ਹੋ ਜਾਏਗਾ। ਦੋਹਾਂ ਕੋਲ ਸ਼ਸਤਰ ਅਸਤਰ ਨੇ ਤੇ ਬੇਅੰਤ ਨੁਕਸਾਨ ਹੋ ਜਾਏਗਾ ਸਭ ਕੁਛ ਦੇਖਦੇ ਹੋਏ। ਉਸ ਵੇਲੇ ਜਦੋਂ ਆਉਂਦੇ ਨੇ, ਦਿੱਲੀ ਦੇ ਕੋਲ ਆ ਗਏ ਰੱਥ ਤੋਂ ਉਤਰ ਕੇ। ਬਾਹਰ ਰਹਿ ਰਿਹਾ ਸੀਗਾ ਬਿਦਰ ਤੇ ਉਸ ਡੰਡੀ ਪੈ ਕੇ ਉਹਦੇ ਘਰ ਪਹੁੰਚ ਜਾਂਦੇ ਨੇ। ਅੱਗੇ ਘਰਵਾਲੀ ਹੈ ਉਹਦੀ, ਉਹ ਦੇਖਦੀ ਸਾਰ ਉਹਨੂੰ ਐਨੀ ਖੁਸ਼ੀ ਹੋਈ ਕਿ ਸਭ ਕੁਛ ਭੁੱਲ ਗਈ। ਭਗਵਾਨ ਨੂੰ ਖਾਣ ਵਾਸਤੇ ਕੇਲੇ ਦਿੱਤੇ, ਕੇਲੇ ਦਿੰਦੀ ਹੈ ਛਿੱਲ-ਛਿੱਲ ਕੇ, ਗੁੱਦਾ ਸੁੱਟ

ਦਿੰਦੀ ਹੈ ਤੇ ਉਪਰਲੀ ਜਿਹੜੀ ਫੋਲਕ ਉਹ ਬਣਾ ਦਿੰਦੀ ਹੈ। ਉਹ ਖਾਂਦੇ ਨੇ, ਕਹਿੰਦੇ ਐਨਾ ਸੁਆਦ। ਕੀ ਪਾ ਦਿੱਤਾ ਇਹਦੇ ਵਿੱਚ ਅੰਮ੍ਰਿਤ ਪਾ ਦਿੱਤਾ। ਪਿਆਰ ਦੇ ਵਿੱਚ ਮਸਤ ਹੋਏ ਹੋਇਆਂ ਨੂੰ ਆਪਾ ਨਹੀਂ ਭੁੱਲਿਆ ਹੋਇਆ। ਭਗਵਾਨ ਨੂੰ ਵੀ ਭੁੱਲਿਆ ਹੋਇਆ ਹੈ ਤੇ ਭਗਤ ਨੂੰ ਵੀ ਭੁੱਲਿਆ ਹੋਇਆ ਹੈ। ਬਿਦਰ ਆ ਜਾਂਦੇ ਨੇ ਬਾਹਰੋਂ, ਦੇਖਿਆ ਕਿ ਬੜੀ ਭਾਰੀ ਅਵੱਗਿਆ ਹੋ ਰਹੀ ਹੈ। ਜਾ ਕੇ ਹੱਥ ਫੜ ਲਿਆ, ਕਹਿੰਦੇ ਇਹ ਕੀ ਕਰਦੀ ਹੈਂ। ਕੇਲੇ ਦਾ ਗੁੱਦਾ ਦੇ ਦਿੱਤਾ। ਕ੍ਰਿਸ਼ਨ ਮਹਾਰਾਜ ਕਹਿੰਦੇ ਆਹ ਕੀ ਕਰਿਆ, ਉਹ ਤਾਂ ਅੰਮ੍ਰਿਤ ਸੀ ਨਿਰਾ, ਆਹ ਤੁਸੀਂ ਮੈਨੂੰ ਕੀ ਦੇ ਦਿੱਤਾ। ਪਿਆਰ ਦੀਆਂ ਬਾਤਾਂ ਅਜੀਬ ਹੋਇਆ ਕਰਦੀਆਂ ਨੇ।

ਭੀਲਣੀ ਦੇ ਬੇਰ ਕਿੱਡਾ ਵਲ ਪਾ ਕੇ ਸ੍ਰੀ ਰਾਮ ਚੰਦਰ ਜੀ ਖਾਣ ਜਾਂਦੇ ਨੇ। ਬੇਰਾਂ ਨਾਲ ਨਹੀਂ ਸੀ ਸਬੰਧ। ਸਬੰਧ ਸੀ ਦਿਲ ਦੇ ਪਿਆਰ ਨਾਲ। ਕੇਲਿਆਂ ਨਾਲ ਸਬੰਧ ਨਹੀਂ ਸੀ, ਪਿਆਰ ਨਾਲ ਸਬੰਧ ਸੀ। ਅਲੂਣਾ ਹੀ ਸਾਗ ਖਾ ਰਹੇ ਨੇ, ਲੂਣ ਪਾਉਣਾ ਹੀ ਭੁੱਲ ਗਏ। ਕਹਿੰਦੇ ਐਨਾ ਤਾਂ ਅੰਮ੍ਰਿਤ ਵੀ ਸੁਆਦ ਨਹੀਂ ਹੁੰਦਾ। ਜਦੋਂ ਦੂਸਰੇ ਦਿਨ ਆਉਂਦੇ ਨੇ ਸਭਾ ਵਿੱਚ ਤੇ ਉਸ ਵੇਲੇ ਦੁਰਯੋਧਨ ਨੇ ਬੜਾ ਭਾਰਾ ਉਲਾਂਭਾ ਦਿੱਤਾ। ਕਹਿਣ ਲੱਗਿਆ, ਤੂੰ ਬਾਦਸ਼ਾਹ ਹੈਂ, ਨਾਲ ਤੂੰ ਹੈਗਾ ਸੋਲ੍ਹਾਂ ਕਲਾਂ ਸੰਪੂਰਨ ਅਵਤਾਰ। ਆਹ ਤੂੰ ਕੰਮ ਕੀ ਕਰਿਆ। ਰਾਜਿਆਂ ਦਾ ਮਹਿਮਾਨ ਹੋ ਕੇ ਇੱਕ ਝੁੱਗੀ ਵਿੱਚ ਜਾ ਕੇ ਬਹਿ ਗਿਆ। ਐਸ ਤਰ੍ਹਾਂ ਕਹਿੰਦਾ ਹੈ –

***ਧਾਰਨਾ – ਮਹਿਲ ਛੱਡ ਕੇ ਰਾਜੇ ਦੇ ਸੋਹਣੇ,***
***ਝੁੱਗੀ ਵਿੱਚ ਡੇਰਾ ਲਾ ਲਿਆ।***

ਝੌਂਪੜੀ 'ਚ ਜਾ ਕੇ ਮਹੱਲ ਛੱਡ ਦਿੱਤੇ। ਫੁਰਮਾਨ ਕਰਦੇ ਨੇ ਭਾਈ ਗੁਰਦਾਸ ਜੀ ਏਸ ਘਟਨਾ ਦਾ ਕਿ –

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਕੀ ਸੁੱਖ ਪਾਇਆ ਤੂੰ ਉਥੇ ਜਾ ਕੇ –

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।***
***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਸਾਨੂੰ ਤਾਂ ਧੁੱਖ-ਧੁੱਖੀ ਲਗ ਗਈ। ਬਹੁਤ ਸਾਡੇ ਮਨ ਦੇ ਅੰਦਰ ਤਰਕ ਆਈ। ਬਹੁਤ ਗਿਣਤੀ ਆਈ। ਆਹ ਕੰਮ? ਆਉਣਾ ਮੇਰੇ ਕੋਲ ਤੇ ਰਹਿਣਾ ਝੁੱਗੀ ਵਿੱਚ ਆ ਕੇ। ਉਸ ਵੇਲੇ ਕ੍ਰਿਸ਼ਨ ਮਹਾਰਾਜ ਮੁਸਕਰਾਉਂਦੇ ਨੇ ਗੁੱਸਾ ਨਹੀਂ ਕਰਦੇ। ਕਹਿੰਦੇ, ਕਿਉਂ ਰਾਜਨ! ਜਦੋਂ ਅਸੀਂ ਆ ਰਹੇ ਸੀ ਤੇਰੇ ਮਨ ਵਿੱਚ ਕਿਹੜੀ ਗੱਲ ਸੀ, ਤੂੰ ਦੱਸ ਨਹੀਂ ਤਾਂ ਅਸੀਂ ਦੱਸ ਦਿੰਦੇ ਹਾਂ। ਕਹਿੰਦਾ, ਕੋਈ ਗੱਲ ਨਹੀਂ ਸੀ।

ਕਹਿੰਦਾ ਕੋਈ ਗੱਲ ਨਹੀਂ ਸੀ? ਤੂੰ ਇਨ੍ਹਾਂ ਨੂੰ ਕਿਹਾ ਕਿ ਕ੍ਰਿਸ਼ਨ ਆ ਰਿਹਾ ਹੈ। ਦਰਬਾਰ ਵਿੱਚ ਆਏਗਾ ਤੇ ਦਰਬਾਰ ਨੇ ਖੜ੍ਹਾ ਹੋਣਾ ਹੈ

ਤੇ ਮੈਨੂੰ ਵੀ ਖੜ੍ਹਾ ਹੋਣਾ ਪੈਣਾ ਹੈ ਤੇ ਮੈਂ ਖੜ੍ਹ ਕੇ ਨਹੀਂ ਉਹਦਾ ਆਦਰ ਕਰਨਾ ਤੇ ਐਉਂ ਕਰਿਓ ਮੈਂ ਚਲਿਆ ਜਾਵਾਂਗਾ ਘੋੜਿਆਂ ਦੇ ਤਬੇਲੇ 'ਚ। ਉਹਨੂੰ ਉਥੇ ਹੀ ਭੇਜ ਦੇਣਾ ਮੇਰੇ ਕੋਲ, ਮੈਂ ਵੀ ਖੜ੍ਹਾ ਹੋਵਾਂਗਾ ਉਹ ਵੀ ਖੜ੍ਹਾ ਹੋਏਗਾ। ਕਹਿੰਦੇ, ਐਨਾ ਰੁੱਖਾਪਨ ਸੀਗਾ ਤੇਰੇ ਮਨ 'ਚ ਕਿ ਨਹੀਂ। ਕਹਿੰਦੇ, ਨਹੀਂ ਉਹ ਤਾਂ ਸਾਧਾਰਨ ਗੱਲ ਸੀ ਮਹਾਰਾਜ। ਕਹਿੰਦੇ, ਸਾਧਾਰਨ ਨਹੀਂ ਤੇਰੇ ਦਿਲ ਦੀ ਗੱਲ ਸੀ, ਤੇਰੇ ਅੰਦਰ ਖਿੱਚ ਨਹੀਂ ਸੀ। ਜੇ ਖਿੱਚ ਹੁੰਦੀ ਮੈਂ ਤੇਰੇ ਕੋਲ ਆਉਂਦਾ। ਪਰ ਜਿਹਦੇ ਅੰਦਰ ਖਿੱਚ ਸੀ ਮੈਂ ਉਥੇ ਗਿਆ –

*ਧਾਰਨਾ – ਮੈਨੂੰ ਲਗਦੇ ਬਿਦਰ ਜੀ ਪਿਆਰੇ,*
*ਮੈਨੂੰ ਭੁੱਖ ਸੱਚੇ ਪਿਆਰ ਦੀ।*

*ਰਾਜਨ ਕਉਨੁ ਤੁਮਾਰੈ ਆਵੈ ॥*
*ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥ 1 ॥*
*ਰਹਾਉ ॥ ਹਸਤੀ ਦੇਖਿ ਭਰਮ ਤੇ ਭੂਲਾ*
*ਸ੍ਰੀ ਭਗਵਾਨੁ ਨ ਜਾਨਿਆ ॥*
*ਤੁਮਰੋ ਦੂਧੁ ਬਿਦਰ ਕੋ ਪਾਨ੍ਰੋ ਅੰਮ੍ਰਿਤੁ ਕਰੁ ਮੈ ਮਾਨਿਆ ॥ 1 ॥*
*ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥*
*ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥*
*ਅੰਗ – 1105*

*ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।*
*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।*
*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।*
*ਗੋਬਿੰਦ ਭਾਉ ਭਗਤਿ ਦਾ ਭੁਖਾ।*
*ਭਾਈ ਗੁਰਦਾਸ ਜੀ, ਵਾਰ 10/7*

ਭਾਖਿਆ ਹੋਈ ਸੰਤਾਂ ਨੂੰ, ਕਹਿੰਦੇ ਸੰਤ ਜੀ! ਤੁਸੀਂ ਮੇਰੇ ਪਿਆਰੇ ਕੋਲੋਂ ਮੈਨੂੰ ਵਿਛੋੜ ਦਿੱਤਾ। ਉਹ ਸਾਰੀ ਰਾਤ ਦਾ ਤੜਫ ਰਿਹਾ ਹੈ। ਉਹਨੂੰ ਨੀਂਦ ਨਹੀਂ ਆ ਰਹੀ ਜਿਵੇਂ ਮੱਛੀ ਵਿਛੜ ਜਾਵੇ ਪਾਣੀ ਤੋਂ, ਜਿਉਂਦੀ ਨਹੀਂ ਆਹ ਹਾਲਤ ਉਹਦੀ ਹੋਈ ਪਈ ਹੈ। ਜਾਹ, ਫੜਾ ਕੇ ਆ, ਮੇਰਾ ਜੀਅ ਨਹੀਂ ਲਗਦਾ ਇੱਥੇ। ਮੈਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ, ਮੈਨੂੰ ਤਾਂ ਪਿਆਰ ਦੀ ਲੋੜ ਹੈ। ਸਵੇਰੇ ਹੀ ਸੰਤ ਆ ਗਏ, ਆ ਕੇ ਉਸ ਨੇ ਨਾਲੇ ਭੁੱਲ ਮੰਨੀ। ਕਹਿਣ ਲੱਗਿਆ, ਸਧਨਿਆ! ਤੇਰਾ ਰੱਬ ਨਾਲ ਪਿਆਰ ਜ਼ਿਆਦਾ ਹੈ ਸਾਡੇ ਨਾਲੋਂ। ਸਾਡੇ ਕੋਲ ਤਾਂ ਭੇਖ ਹੀ ਭੇਖ ਹੈ। ਐਵੇਂ ਲੋਕ ਮਾਨਤਾ ਕਰੀ ਜਾਂਦੇ ਨੇ ਸਾਡੀ, ਸੰਤ ਜੀ, ਸੰਤ ਜੀ ਕਰਕੇ, ਸਾਡੇ ਭੇਖ ਨੂੰ ਦੇਖ ਕੇ। ਪਰ ਜਿੱਥੇ ਪਿਆਰ ਹੈ, ਤੇਰਾ ਸਬੰਧ ਗੋਬਿੰਦ ਨਾਲ ਕਿਤੇ ਸਾਡੇ ਤੋਂ ਜ਼ਿਆਦਾ ਹੈ। ਲੈ ਭਾਈ! ਮੇਰੀ ਭੁੱਲ ਦੂਰ ਕਰ। ਤੇਰੇ ਸਾਲ ਗ੍ਰਾਮ ਦਾ, ਤੇਰੇ ਗੋਬਿੰਦ ਦਾ ਮੇਰੇ ਕੋਲ ਚਿੱਤ ਨਹੀਂ ਲੱਗਿਆ। ਸੋ ਸਧਨੇ ਦੇ ਮਨ 'ਤੇ ਬੜਾ ਅਸਰ ਹੋਇਆ। ਮਨ ਵਿੱਚ ਗਿਲਾਨੀ ਆ ਗਈ, ਮਾਸ ਤੋਂ। ਕਹਿਣ ਲੱਗਿਆ, ਓ ਮਨਾਂ! ਭਗਵਾਨ ਸਾਰਿਆਂ ਦਾ ਰਾਜਕ, ਇਹ ਕੰਮ ਜੋ ਮਾਸ ਲੋਕਾਂ ਨੂੰ ਖਿਲਾਉਣਾ ਹੈ ਇਹਦਾ ਤਾਂ ਨਤੀਜਾ ਮਾੜਾ ਹੁੰਦਾ ਹੈ –

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374***

ਗਲੇ ਕਟਾਉਣੇ ਪੈਂਦੇ ਨੇ।

***ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥***
***ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥***
***ਅੰਗ - 1374***

ਜਦੋਂ ਵਹੀਆਂ ਕੱਢ ਕੇ ਬਹਿ ਗਿਆ, ਬਈ ਦੱਸ ਆਹ ਬੱਕਰਾ ਕਿਉਂ ਮਾਰਿਆ, ਹਰਨ ਕਿਉਂ ਮਾਰਿਆ। ਫੇਰ ਦੱਸ ਤੇਰਾ ਕੀ ਹਾਲ ਹੋਏਗਾ। ਜਵਾਬ ਹੈ ਤੇਰੇ ਕੋਲ? ਉਹ ਆਪੇ ਹੀ ਮਰਨ ਵਾਸਤੇ ਆਉਂਦੇ ਸੀਗੇ, ਫੜ-ਫੜ ਕੇ, ਬੰਨ੍ਹ-ਬੰਨ੍ਹ ਕੇ ਮਾਰਦਾ ਸੀ। ਕਹਿੰਦੇ, ਆਪੇ ਵੀ ਕੋਈ ਆਉਂਦਾ ਹੈ। ਫੇਰ ਕਹਿੰਦੇ ਸੁਣ ਲੈ -

***ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥***
***ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥***
***ਅੰਗ - 1375***

ਮਾਰ ਪਏਗੀ ਮੂੰਹ ਦੇ ਉਤੇ। ਝੱਲੀ ਨਹੀਂ ਜਾਣੀ।

***ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥***
***ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥***
***ਅੰਗ - 1375***

ਲੇਖਾ ਦੇਣਾ ਤਾਂ ਸੁਖਾਲਾ ਹੈ, ਜੇ ਦਿਲ ਦੇ ਵਿੱਚ ਸਫਾਈ ਹੋਵੇ। ਫੇਰ ਨਹੀਂ ਕੋਈ ਪੱਲਾ ਫੜਦਾ -

***ਰੇ ਰੇ ਦਰਗਹ ਕਹੈ ਨ ਕੋਊ ॥***
***ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - 252***

ਫੇਰ ਕਹਿੰਦੇ ਜੀ, ਝਟਕਾ ਸਾਨੂੰ ਖਾਣ ਨੂੰ ਕਿਹਾ ਹੈ, ਝਟਕਾ ਤਾਂ ਸਾਕਤ ਲੋਕਾਂ ਨੇ ਚਲਾਇਆ ਹੈ। ਜਿਹੜਾ ਬਿਸਮਿਲ ਕਰਨਾ ਹੈ, ਹਲਾਲ ਕਰਨਾ ਇਹ ਇਸਲਾਮ ਵਾਲਿਆਂ ਨੇ ਚਲਾਇਆ ਹੈ ਤੇ ਇੱਕ ਤਾਂ ਅਸੀਂ ਮੰਨਦੇ ਨੇ, ਦੂਏ ਦਾ ਖਾਣ ਵਾਸਤੇ ਮੰਨਦੇ ਨੇ। ਜੇ ਭਲਾ ਝਟਕਾ, ਰਹਿਤਨਾਮਿਆਂ 'ਚ ਆਉਂਦਾ ਹੈ ਕਿ ਆਹ ਕੁੱਠਾ ਮਾਸ ਨਹੀਂ ਖਾਣਾ। ਅੱਜਕੱਲ੍ਹ ਅੰਗਰੇਜ਼ ਜਦੋਂ ਰਹੇ ਨੇ ਸੌ ਸਾਲ, ਹੁਣ ਮਾਸ ਅੱਖਰ ਵਗੈਰਾ ਨਹੀਂ ਕੋਈ ਕਹਿੰਦਾ। ਮੀਟ ਕਹਿੰਦੇ ਨੇ। ਮੀਟ ਅੰਗਰੇਜ਼ੀ ਦਾ ਅੱਖਰ ਹੈ। ਮੀਟ ਖਾਣ ਨੂੰ ਜੀਅ ਕਰਦਾ ਹੈ ਛੋਟਾ ਜਿਹਾ ਬੱਚਾ ਵੀ ਕਹੇਗਾ। ਮੀਟ ਦਾ ਅੰਗਰੇਜ਼ੀ ਅੱਖਰ ਹੈ, ਮੀਟ ਦਾ ਮਤਲਬ ਹੈ ਮਾਸ। ਉਸ ਵੇਲੇ ਜਿਹੜਾ ਹਲਾਲ ਦਾ ਮਤਲਬ ਸੀ ਉਹ ਮਾਸ ਹੋਇਆ ਕਰਦਾ ਸੀ। ਮਾਸ ਹੋਣ ਕਰਕੇ ਦੂਜਾ ਤਾਂ ਪ੍ਰਚਲਤ ਹੀ ਨਹੀਂ ਸੀਗਾ। ਜਿਹੜੇ ਮਾਸ ਖਾਂਦੇ ਸੀ, ਪਹਿਲਾਂ ਮੁੱਲਾਂ ਕੋਲ ਜਾਂਦੇ ਸੀ ਉਥੇ ਮੁਰਗੀ ਲੈ ਜਾਣੀ। ਜਾ ਕੇ ਕਹਿਣ ਕਿ ਕਲਮਾ ਪੜ੍ਹ ਕੇ ਇਹਨੂੰ ਮਾਰ ਦੇ। ਅੰਦਰੋਂ ਇਹ ਗੱਲ ਹੁੰਦੀ ਕਿ ਮਾਰਨ ਦਾ ਦੋਸ਼ ਤਾਂ ਇਹਨੂੰ ਲੱਗੇਗਾ। ਅਸੀਂ ਤਾਂ ਜਿਹੋ ਜਿਹੀ ਸਬਜ਼ੀ ਖਾ ਲਈ ਓਹੋ ਜਿਹਾ ਮਾਸ ਖਾ ਲਿਆ। ਮਨ ਦੇ ਕੋਲ ਟੁਚਰਾਂ ਬਹੁਤ ਨੇ, ਸਭ ਗੱਲਾਂ

ਕੱਢ ਲੈਂਦਾ ਹੈ, ਜਿਹੜੀ ਗੱਲ ਕਰਨੀ ਹੋਵੇ, ਉਹਦੇ 'ਚ ਬਹੁਤ ਸੋਹਣੀ ਦਲੀਲ ਦੇ ਦਏਗਾ। ਕਹਿੰਦਾ, ਸ਼ਰਾਬ 'ਚ ਕੀ ਹੁੰਦਾ ਹੈ। ਕਿੱਕਰ ਦਾ ਸਕ ਹੈ ਸੜੀਆਂ ਹੋਈਆਂ ਚੀਜ਼ਾਂ ਦਾ ਗਲਿਆ ਹੋਇਆ ਪਾਣੀ ਹੈ। ਉਹਨੂੰ ਮੈਂ ਡਿਜ਼ਟਲ ਕਰਕੇ ਪੀ ਲਿਆ ਤਾਂ ਮੈਂ ਕਿਸੇ ਦਾ ਖੇਤ ਤਾਂ ਨਹੀਂ ਚੋਰੀ ਕਰਿਆ। ਮਾੜਾ ਕੰਮ ਤਾਂ ਨਹੀਂ ਮੈਂ ਕਰਿਆ ਕੋਈ ਵੀ। ਕਿਉਂਕਿ ਮਨ ਨੇ ਬਣਾ ਲਈ ਗੱਲ। ਮੈਂ ਕੀ ਕਰਿਆ ਕਿ ਗਲੀ ਸੜੀ ਚੀਜ਼ ਨੂੰ ਡਿਜ਼ਟਲ ਕਰਕੇ ਕੱਢ ਲਿਆ। ਬਈ ਇਹਦੇ 'ਚ ਪਾਪ ਕਿੱਥੋਂ ਆ ਗਿਆ। ਇਸੇ ਤਰ੍ਹਾਂ ਉਹ ਕਹਿੰਦਾ ਹੈ ਕਿ ਮਾਸ ਤਾਂ ਮੁੱਲ ਆਇਆ ਹੈ, ਜਿਹੋ ਜਿਹੀ ਸਬਜ਼ੀ ਖਾ ਲਈ ਓਹੋ ਜਿਹਾ ਮਾਸ ਖਾ ਲਿਆ। ਸਾਨੂੰ ਕੀ ਪਾਪ ਲੱਗਿਆ, ਪਾਪ ਤਾਂ ਉਹਨੂੰ ਲੱਗਿਆ। ਮਹਾਰਾਜ ਨੇ ਕਿਹਾ ਕਿ ਕੁੱਠਾ ਨਹੀਂ ਖਾਣਾ। ਜਿਹੜਾ ਮਾਸ ਬਾਰੇ ਹੈ ਜਿਹੜੇ ਮੈਂ ਸਲੋਕ ਪੜ੍ਹੇ ਨੇ ਉਹਦੇ 'ਚ ਸਾਫ ਹੀ ਆਉਂਦਾ ਹੈ, 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਕੇ ਰੋਟੀ ਖਾਣੀ ਜਾਨਵਰ ਮਾਰ ਕੇ ਰੋਟੀ ਖਾਣੀ –

***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ – 1374***

ਫੇਰ ਗਲੇ ਕਟਾਉਣੇ ਪੈਂਦੇ ਨੇ।

***ਉਨ ਬਿਸਮਿਲ ਉਨ ਝਟਕਾ ਕੀਆ ਦਇਆ ਦੋਹਾਂ ਤੇ ਭਾਗੀ।***

ਹੁਣ ਇਹ ਤੁਕ ਨੂੰ ਕਿੱਥੋਂ ਕੱਢ ਦਿਓਂਗੇ। ਕੱਢ ਦਿਓ ਗੁਰੂ ਗ੍ਰੰਥ ਸਾਹਿਬ 'ਚੋਂ, ਹੈ ਕਿਸੇ 'ਚ ਤਾਕਤ? ਕਹਿੰਦੇ, ਝਟਕੇ ਵਾਲਿਆਂ ਕੋਲੋਂ ਵੀ ਦਇਆ ਨੱਠ ਗਈ। ਬਿਸਮਿਲ ਵਾਲਿਆਂ ਕੋਲੋਂ ਵੀ ਨੱਠ ਗਈ।

***ਕਹਤ ਕਬੀਰ ਸੁਨਹੁ ਰੇ ਸੰਤਹੁ ਆਗ ਦੋਹਾ ਘਰਿ ਲਾਗੀ।***

ਦੋਹਾਂ ਘਰਾਂ 'ਚ ਅੱਗ ਲੱਗੀ ਹੋਈ ਹੈ। ਕਹਿੰਦੇ ਜੀ ਇਹ ਕਬੀਰ ਸਾਹਿਬ ਕਹਿੰਦੇ ਨੇ। ਕਬੀਰ ਸਾਹਿਬ ਜੋ ਗੱਲਾਂ ਕਹਿੰਦੇ ਨੇ ਉਹ ਬਾਣੀ ਹੈ ਗੁਰੂ ਦਸਵੇਂ ਪਾਤਸ਼ਾਹ ਦੇ ਮੁਖਾਰਬਿੰਦ 'ਚੋਂ ਹੋ ਕੇ ਆਈ ਹੈ। ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ, ਇਹ ਲਿਖਾਰੀ ਲੱਗੇ ਹੋਏ ਸੀ, ਗੁਰੂ ਮਹਾਰਾਜ ਉਚਾਰਦੇ ਸੀ। ਜਿਹੜੀ ਗੁਰੂ ਦੇ ਮੁੱਖ ਤੋਂ ਬਾਣੀ ਆਈ ਉਹ ਸਾਰੀ ਸਤਿਗੁਰੂ ਦੀ ਬਾਣੀ ਕਹਾਉਂਦੀ ਹੈ। ਇਸ ਤਰ੍ਹਾਂ ਦੇ ਨਾਲ ਇਹਦੇ ਮਨ ਵਿੱਚ ਆਇਆ ਕਿ ਕੰਮ ਮੈਂ ਮਾੜੇ ਕਰਦਾ ਹਾਂ ਠੀਕ ਨਹੀਂ ਹੈ। ਬੈਰਾਗੀ ਹੋ ਗਿਆ। ਬੈਰਾਗੀ ਹੋ ਕੇ ਐਨਾ ਮਨ ਵਿੱਚ ਉਤਸ਼ਾਹ ਜਾਗਿਆ ਕਿ ਉਹ ਕਿਹੜਾ ਸਮਾਂ ਹੋਵੇ ਜਿਸ ਵਕਤ ਮੈਂ ਜਗਨਨਾਥ ਜੀ ਦੇ ਮੰਦਰ 'ਚ ਜਾ ਕੇ ਲੰਮਾ ਪੈ ਕੇ, ਡੰਡਉਤ ਬੰਦਨਾ ਕਰਾਂ ਤੇ ਉਥੇ ਮੈਂ ਆਪਣੇ ਈਸ਼ਟ ਦੇ ਕੋਲ ਜਾ ਕੇ ਅਰਦਾਸਾਂ ਕਰਾਂ। ਇਸ ਤਰ੍ਹਾਂ ਦੁਕਾਨ ਬੰਦ ਕਰ ਦਿੱਤੀ ਤੇ ਬੈਰਾਗੀ ਹੋਇਆ ਤੁਰਿਆ ਜਾਂਦਾ ਹੈ। ਜਿੰਨੇ ਕੁ ਯਾਦ ਸੀ, ਪ੍ਰਭੂ ਦੇ ਭਜਨ ਸਿੱਖ ਲਏ ਸੀ। ਉਹ ਗਾਉਂਦਾ ਹੀ ਤੁਰਿਆ ਜਾ ਰਿਹਾ ਹੈ। ਬੈਰਾਗੀਆਂ ਦੀ ਹਾਲਤ ਜਿਹੜੇ ਪ੍ਰਮੁੱਖ ਬੈਰਾਗੀ ਹੋਇਆ ਕਰਦੇ ਨੇ। ਇੱਕ ਮੱਧਮ ਇੱਕ ਕਨਿਸ਼ਟ, ਇੱਕ ਉਤਮ ਬੈਰਾਗੀ ਹੁੰਦੇ ਨੇ। ਉੱਤਮ ਬੈਰਾਗੀ ਨਹੀਂ ਗਿਰਿਆ ਕਰਦੇ, ਦੂਜੇ ਦੋ ਗਿਰ ਜਾਇਆ ਕਰਦੇ ਨੇ। ਉਤਮ ਬੈਰਾਗੀ ਹੋ ਕੇ ਉਹ ਤੁਰਿਆ ਜਾ ਰਿਹਾ ਹੈ। ਅੱਜ ਜਾਂਦਾ-ਜਾਂਦਾ ਇੱਕ ਮੰਜ਼ਲ ਰਹਿ ਗਈ। ਮਨ ਵਿੱਚ ਬੜਾ ਚਾਉ ਹੈ, ਲੇਕਿਨ ਰਾਤ ਨੂੰ ਤੁਰਨਾ

ਖਤਰਨਾਕ ਸਮਝ ਕੇ ਇੱਕ ਨਗਰ ਦੇ ਵਿੱਚ, ਇੱਕ ਦਰਖਤ ਦੇ ਥੱਲੇ ਚੌਂਤਰਾ ਬਣਿਆ ਹੋਇਆ ਸੀ। ਉਸ ਦੇ ਉਤੇ ਆਸਣ ਲਾ ਕੇ ਕਿ ਇੱਥੇ ਰਾਤ ਕੱਟ ਲੈਂਦੇ ਹਾਂ। ਕੋਈ ਪ੍ਰੇਮੀ ਪ੍ਰਸ਼ਾਦਾ ਦੇ ਗਿਆ ਤਾਂ ਬਹੁਤ ਵਧੀਆ ਗੱਲ ਹੈ। ਉਸ ਵੇਲੇ ਸਾਮ੍ਹਣੇ ਜੋ ਘਰ ਸੀ ਉਥੇ ਇੱਕ ਜੋੜਾ ਰਹਿੰਦਾ ਸੀ। ਬੱਚਾ ਉਨ੍ਹਾਂ ਦੇ ਕੋਈ ਨਹੀਂ ਸੀ। ਨਵੀਂ ਉਮਰ ਸੀ ਤੇ ਜਦ ਉਸ ਬੀਬੀ ਨੇ ਦੇਖਿਆ ਬਈ ਕੋਈ ਸਾਧੂ ਆਇਆ ਹੈ ਤੇ ਐਨਾ ਸੁੰਦਰ ਚਿਹਰਾ ਚਮਕ ਰਿਹਾ ਹੈ ਇਸ ਦਾ। ਇਹਦੇ ਤਾਂ ਨੇਤਰਾਂ 'ਚ ਕਸ਼ਿਸ਼ ਬਹੁਤ ਹੈ। ਚਿਹਰੇ ਦੇ ਉਤੇ ਮੁਸਕਰਾਹਟ ਹੈ। ਕੁਦਰਤੀ ਤੌਰ 'ਤੇ ਉਹਦਾ ਦਿਲ ਮੋਹਿਆ ਗਿਆ ਤੇ ਮਾੜੇ ਫੁਰਨੇ ਕਰਨ ਲੱਗ ਗਿਆ। ਉਸ ਵੇਲੇ ਪ੍ਰਸ਼ਾਦਾ ਲੈ ਕੇ ਆਈ। ਕਹਿੰਦੀ, ਸੰਤ ਜੀ! ਪ੍ਰਸ਼ਾਦਾ ਛੱਕ ਲਓ। ਪ੍ਰਮੇਸ਼ਰ ਦਾ ਭੇਜਿਆ ਹੋਇਆ ਸਮਝ ਕੇ ਪ੍ਰਸ਼ਾਦਾ ਛਕ ਲੈਂਦਾ ਹੈ। ਹਾਵ-ਭਾਵ ਕਰਦੀ ਹੈ, ਉਨ੍ਹਾਂ ਨੇ ਨਿਗ੍ਹਾ ਥੱਲੇ ਲਿਆਉਂਦੀ ਹੀ ਨਹੀਂ ਗੱਲ ਕੋਈ ਵੀ, ਕਿਉਂਕਿ ਪਰਮ ਬੈਰਾਗੀ ਸੀਗੇ, ਫੁਰਨਾ ਤੱਕ ਨਹੀਂ ਕੋਈ ਆਉਣ ਦਿੱਤਾ। ਮਾਤਾ ਕਹਿ ਕੇ ਬੋਲਦੇ ਨੇ। ਥੋੜ੍ਹਾ ਹਨ੍ਹੇਰਾ ਹੋ ਗਿਆ, ਉਸ ਵੇਲੇ ਆ ਗਈ। ਕਹਿਣ ਲੱਗੀ ਕਿ ਇਹ ਗਰੀਬ ਜਿਹਾ ਬੰਦਾ ਹੈ ਜਿੱਥੇ ਮੇਰੀ ਸ਼ਾਦੀ ਹੋਈ ਹੈ ਤੇ ਤੂੰ ਦੇਖ ਕਿੰਨਾ ਸੁੰਦਰ ਜਵਾਨ ਹੈਂ, ਪਤਾ ਨਹੀਂ ਕਿਹੜੀ ਤੈਨੂੰ ਚੋਟ ਲੱਗੀ ਹੈ। ਘਰ ਦੀ ਚੋਟ ਲੱਗੀ ਹੈ, ਤੇਰੀ ਘਰਵਾਲੀ ਨੇ ਤੇਰੇ ਨਾਲ ਕੋਈ ਬੇਵਫਾਈ ਕਰੀ ਹੈ। ਸ਼ਾਇਦ ਉਹ ਚੋਟ ਖਾਧੀ ਹੋਵੇ ਤੂੰ। ਤੂੰ ਮੈਨੂੰ ਲੈ ਚੱਲ, ਮੈਂ ਤੈਨੂੰ ਸਾਰੀ ਜ਼ਿੰਦਗੀ ਮਹਾਨ ਸੁੱਖ ਦੇਵਾਂਗੀ। ਐਸਾ ਸੁੱਖ ਜਿਹੜਾ ਰਾਜਿਆਂ ਨੂੰ ਵੀ ਪ੍ਰਾਪਤ ਨਹੀਂ ਹੁੰਦਾ। ਕਹਿਣ ਲੱਗਿਆ, ਮਾਤਾ। ਕਹਿਣ ਲੱਗੀ, ਮੈਂ ਤੇਰੀ ਮਾਤਾ ਨਹੀਂ ਹਾਂ। ਤੇਰੀ ਮਾਂ ਬੁੱਢੀ ਹੋਣੀ ਹੈ, ਮੈਂ ਨੌਜਵਾਨ ਲੜਕੀ ਹਾਂ, ਮਾਤਾ ਨਾ ਮੈਨੂੰ ਕਹਿ। ਫੇਰ ਉਹਨੇ ਕਿਹਾ ਕਿ ਮਾਤਾ! ਆਹ ਗੱਲਾਂ ਨਹੀਂ ਚੰਗੀਆਂ ਹੁੰਦੀਆਂ, ਲੇਖੇ ਦੇਣੇ ਪੈਂਦੇ ਨੇ। ਬਾਕੀ ਜਿਹੜੇ ਖਿਆਲਾਂ 'ਚ ਤੂੰ ਪਈ ਹੋਈ ਹੈਂ। ਇਹ ਤਾਂ ਨਿਰੀ ਵਿਹੁ ਹੈ, ਬਾਣੀ ਏਸ ਗੱਲ ਦੇ ਉਤੇ ਇਸ ਤਰ੍ਹਾਂ ਫੁਰਮਾਨ ਕਰਦੀ ਹੈ -

***ਧਾਰਨਾ - ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾ ,***
***ਖੰਡ 'ਚ ਲਿਬੇੜ ਰੱਖੀਆਂ।***
***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥***
***ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥***
***ਅੰਗ - 1379***

ਇਹ ਜੋ ਵਿਸ਼ੇ ਵਿਕਾਰ ਦੀਆਂ ਗੱਲਾਂ ਨੇ, ਵੇਸ਼ਵਾਵਾਂ ਵਾਲੇ ਕੰਮ ਨੇ ਕਹਿੰਦੇ ਇਹ ਤਾਂ ਉਪਰੋਂ ਸੁੰਦਰਤਾ ਨਜ਼ਰ ਆਉਂਦੀ ਹੈ ਲੇਕਿਨ ਅੰਦਰ ਤਾਂ ਵਿਹੁ ਭਰੀ ਹੋਈ ਹੈ। ਵਿਸ਼ੇ ਵਿਕਾਰ ਦੀ ਖੰਡ ਦੇ ਨਾਲ ਲਿਬੇੜ ਕੇ ਰੱਖੀ ਹੋਈ ਹੈ ਤੇ ਇਹਦੇ ਨਾਲ ਉਜਾੜਾ ਪੈ ਜਾਂਦਾ ਹੈ। ਗੁਰੂ ਮਹਾਰਾਜ ਏਸ ਚੀਜ਼ ਦੇ ਉਤੇ ਸਾਨੂੰ ਬਹੁਤ ਸਾਵਧਾਨ ਕਰਦੇ ਨੇ ਕਿ ਗ੍ਰਿਹਸਤ ਜੋ ਜੀਵਨ ਹੈ -

***ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ॥***
***ਭਾਈ ਗੁਰਦਾਸ ਜੀ, ਵਾਰ 6/8***

ਐਸਾ ਫੁਰਮਾਨ ਆਉਂਦਾ ਹੈ ਕਿ ਇੱਕ ਗੁਰਸਿੱਖ ਗੁਰੂ ਪੰਜਵੇਂ ਪਾਤਸ਼ਾਹ ਦਾ ਸਿੱਖ ਜਿਹਦਾ ਨਾਮ ਸੰਤ ਰਾਮ ਜੀ, ਜਹਾਂਗੀਰ ਦੀ ਲੜਕੀ, ਉਹਦੇ ਨਾਲ ਸ਼ਾਦੀ ਕਰਾਉਣ ਵਾਸਤੇ ਉਹਦੇ ਉਤੇ ਮੋਹਿਤ ਹੋ ਜਾਂਦੀ ਹੈ। ਜਹਾਂਗੀਰ ਮੰਨ ਜਾਂਦਾ ਹੈ ਲੇਕਿਨ ਨਾਲ ਕਹਿੰਦਾ ਹੈ ਉਹਨੂੰ ਇਸਲਾਮ ਵਿੱਚ ਲੈ ਆਓ। ਮੈਂ ਸੂਬੇਦਾਰ ਬਣਾ ਦੇਵਾਂਗਾ, ਗਵਰਨਰ ਬਣਾ ਦੇਵਾਂਗਾ। ਜਦੋਂ ਉਸ ਨੂੰ ਪਤਾ ਲਗਦਾ ਹੈ ਉਹ ਨੌਕਰੀ ਛੱਡ ਕੇ ਦੌੜ ਜਾਂਦਾ। ਪਿਸ਼ਾਵਰ ਕੋਲ ਫੜਿਆ ਹੋਇਆ ਆ ਜਾਂਦਾ ਹੈ ਤੇ ਜਦ ਉਸਨੂੰ ਕਹਿੰਦੇ ਨੇ ਕਿ ਤੈਨੂੰ ਕੀ ਇਤਰਾਜ਼ ਹੈ, ਜਦ ਲੜਕੀ ਕਹਿੰਦੀ ਹੈ ਕਿ ਤੇਰੇ ਨਾਲ ਸ਼ਾਦੀ ਕਰਾਉਣੀ ਹੈ। ਕੋਈ ਜ਼ੋਰ ਜ਼ਬਰ ਨਹੀਂ ਹੈ। ਉਹ ਕਹਿਣ ਲੱਗਿਆ, ਧਰਮ ਸਭ ਨੂੰ ਆਪਣਾ-ਆਪਣਾ ਪਿਆਰਾ ਹੁੰਦਾ ਹੈ। ਮੈਂ ਇਹ ਗੱਲ ਨਹੀਂ ਕਰ ਸਕਦਾ। ਉਸ ਵੇਲੇ ਉਹਦਾ ਸੀਸ ਕੱਟ ਦਿੰਦੇ ਨੇ। ਲੜਕੀ ਕਹਿੰਦੀ, ਮੈਨੂੰ ਸੀਸ ਦੇ ਹੀ ਦਰਸ਼ਨ ਕਰਾ ਦਿਓ। ਥਾਲ ਵਿੱਚ ਧਰ ਕੇ ਸੀਸ ਲੈ ਆਉਂਦੇ ਨੇ ਤੇ ਜਦੋਂ ਇਹ ਕੋਲ ਜਾ ਕੇ ਸੀਸ ਨੂੰ ਹੱਥ ਲਾਉਣ ਲੱਗਦੀ ਹੈ ਤਾਂ ਉਸ ਵੇਲੇ ਇਸ ਦੇ ਹੱਥ ਤੋਂ, ਜਿੱਥੋਂ ਤੱਕ ਉਚਾ ਇਸਦਾ ਹੱਥ ਜਾ ਸਕਦਾ ਸੀ, ਉਸਤੋਂ ਸਵਾ ਗਿੱਠ ਉੱਚਾ ਸੀਸ ਹੋਰ ਉੱਠ ਗਿਆ। ਜਹਾਂਗੀਰ ਕਹਿਣ ਲੱਗਿਆ, ਇਹ ਕਾਫਰ ਦੇਖੋ ਕਿਹੋ ਜਿਹੇ ਨੇ। ਮਰ ਕੇ ਵੀ ਧਰਮ ਨਹੀਂ ਛੱਡਦੇ -

ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ -

***ਸਵਾ ਗਲਿਸ਼ਠ ਸਿਰ ਊਠਿਯੋ ਤਬ ਨ ਕਬੂਲੀ ਨਾਰ।***

ਤਾਂ ਵੀ ਪਰਾਈ ਨਾਰੀ ਕਬੂਲ ਨਹੀਂ ਕਰੀ। ਹਾਲਾਂਕਿ ਸ਼ਾਦੀ ਕਰਾਉਂਦੀ ਸੀ ਇਹਦੇ ਨਾਲ। ਐਸਾ ਬ੍ਰਹਮਚੀਯ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ -

***ਦੇਖਿ ਪਰਾਈਆਂ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।***
***ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।***

***ਭਾਈ ਗੁਰਦਾਸ ਜੀ, ਵਾਰ 29/11***

ਪਰਾਇਆ ਧਨ ਜਿਹੜਾ ਹੈ ਹਿੰਦੂਆਂ ਵਾਸਤੇ ਗਊ ਤੇ ਮੁਸਲਮਾਨਾਂ ਵਾਸਤੇ ਸੂਰ ਹੈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਜਦੋਂ ਸਾਡੇ ਪਿਤਾ ਜੀ ਜਾਣ ਲੱਗੇ ਤਾਂ ਉਨ੍ਹਾਂ ਨੇ ਸਾਡੇ ਤੋਂ ਇੱਕ ਪ੍ਰਣ ਲਿਆ ਤੇ ਆਪ ਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ, ਪ੍ਰਣ ਕੀ ਲਿਆ ਹੈ -

***ਸੁਧ ਜਬ ਤੇ ਹਮ ਤਰੀ ਬਚਨ ਗੁਰ ਦੇਇ ਹਮਾਰੈ।***

ਸਾਡੇ ਗੁਰੂ ਨੇ ਬਚਨ ਲਿਆ ਸਾਡੇ ਤੋਂ -

***ਪੁਤ ਇਹ ਪ੍ਰਣ ਤੁਹਿ ਜਬ ਲਗ ਪ੍ਰਾਣ ਗਡ ਥਾਰੈ।***

ਜਿੰਨਾਂ ਚਿਰ ਤੇਰੇ ਸਰੀਰ ਵਿੱਚ ਪ੍ਰਾਣ ਨੇ ਇਹ ਇੱਕ ਪ੍ਰਣ ਹੈ ਤੈਨੂੰ -

***ਨਿਜ ਨਾਰੀ ਕੇ ਸਾਥ ਨੇਹੁੰ ਤੁਮ ਨਿਤ ਬਡਯਹੁ।***

*ਪਰਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।*

*ਰੂਪਕੁਅਰ ਪ੍ਰਥਾਇ, ਪਾ: 10*

ਰਹਿਤਨਾਮੇ 'ਚ ਆਉਂਦਾ ਹੈ ਕਿ –

*ਮਾਇ ਭੈਣ ਜੋ ਆਵੈ ਸੰਗਤ ਦ੍ਰਿਸ਼ਟ ਬੁਰੀ ਨਾ ਦੇਖੈ ਤਿਸ ਪੰਗਤ।*
*ਸਿੱਖ ਹੋਇ ਜੋ ਕਰੈ ਕ੍ਰੋਧ, ਕੰਨਿਆ ਮੂਲ ਨ ਦੇਵੈ ਸੋਧ।*
*ਧੀ ਭੈਣ ਕਾ ਪੈਸਾ ਖਾਇ ਗੋਬਿੰਦ ਸਿੰਘ ਧੱਕੇ ਜਮ ਖਾਇ।*
*ਵਾਹਿਗੁਰੂ ਬਿਨ ਕਹੈ ਜੋ ਪਾਵੈ, ਵੇਸਵਾ ਦੁਆਰੇ ਸਿੱਖ ਜੋ ਜਾਵੈ।*
*ਪਰਇਸਤ੍ਰੀ ਸਿਉਂ ਨੇਹੁੰ ਲਗਾਵੈ*
*ਗੋਬਿੰਦ ਸਿੰਘ ਵਹ ਸਿੱਖ ਨ ਭਾਵੈ।*
*ਪਰ ਬੇਟੀ ਕਉ ਬੇਟੀ ਜਾਨੈ ਪਰ ਇਸਤ੍ਰੀ ਕੋ ਮਾਤ ਵਖਾਨੈ।*
*ਆਪਣੀ ਇਸਤ੍ਰੀ ਸੋ ਰਤ ਹੋਈ।*
*ਰਹਿਤਵਾਨ ਗੁਰ ਕਾ ਸਿੰਘ ਸੋਈ।*

ਵਿਆਹੁਤਾ ਇਸਤ੍ਰੀ ਹੈ ਉਹਦੇ ਨਾਲ ਪਿਆਰ ਕਰੋ। ਇਸ ਤਰ੍ਹਾਂ ਦੇ ਨਾਲ ਜਿੱਥੇ ਸਬਰ ਸੰਤੋਖ ਹੈ, ਜਿੱਥੇ ਪਤੀਵਰਤਾ ਤੇ ਇਸਤ੍ਰੀਵਰਤਾ, ਜਿਸ ਘਰ ਦੇ ਅੰਦਰ ਹੈ ਉਹ ਸਵਰਗ ਦੇ ਵਿੱਚ ਰਹਿੰਦੇ ਨੇ। ਜਿੱਥੇ ਇਸ ਤੋਂ ਵਿਪਰੀਤ ਹੈ ਉਹ ਨਰਕ ਹੋਇਆ ਕਰਦਾ ਹੈ।

*ਆਗਿਆਕਾਰੀ ਪੁੱਤਰ ਹੋਇ।*

ਇੱਕ ਤਾਂ ਪੁੱਤਰ ਹੋਵੇ ਘਰ 'ਚ ਆਗਿਆਕਾਰੀ।

*ਅਰ ਮਿੱਠਬੋਲੀ ਨਾਰ।*

ਘਰਵਾਲੀ ਹੋਵੇ ਮਿੱਠਾ ਬੋਲਣ ਵਾਲੀ, ਵੱਢ ਕੇ ਖਾਣ ਵਾਲੀ ਨ ਹੋਵੇ। ਚਾਰੇ ਪੈਰ ਚੁੱਕ ਕੇ ਨਾ ਪੈਣ ਵਾਲੀ ਹੋਵੇ। ਪਿਆਰ ਨਾਲ ਬੋਲਣ ਵਾਲੀ ਹੋਵੇ।

*ਧਨ ਆਪਣਾ ਸੰਤੋਖ ਮਨ, ਇਹ ਚਾਰੇ ਸਵਰਗ ਸੰਸਾਰ।*

ਆਪਣੇ ਜੇਬ ਵਿੱਚ ਖਾਣ ਜੋਗਾ ਧਨ ਹੋਵੇ, ਮਨ ਵਿੱਚ ਸੰਤੋਖ ਹੋਵੇ, ਚਾਰ ਚੀਜ਼ਾਂ ਜਿਹਦੇ ਕੋਲ ਹੋਣ, ਇਹ ਚਾਰੇ ਚੀਜ਼ਾਂ ਸਵਰਗ ਬਣਾ ਦਿੰਦੀਆਂ ਨੇ ਸੰਸਾਰ 'ਚ। ਨਰਕ ਕਿਹੜੀਆਂ ਬਣਾਉਂਦੀਆਂ ਨੇ। ਕਹਿੰਦੇ –

*ਕਿੱਕਰ ਘਰ ਕੁਪੁੱਤ ਘਰ।*

ਕਿੱਕਰ ਲੱਗੀ ਹੋਵੇ ਵਿਹੜੇ 'ਚ, ਨਿਆਣਿਆਂ ਦੇ ਕੰਡੇ ਹੀ ਲੱਗੀ ਜਾਣਗੇ। ਆਪ ਦੇ ਵੀ ਕੰਡੇ ਲੱਗਣਗੇ। ਲੁੰਗ ਖਿੰਡੀ ਰਹਿਣੀ ਹੈ, ਮਕੌੜੇ ਉਹਦੇ ਉਤੇ ਚਲਦੇ ਰਹਿਣੇ ਨੇ। ਛਾਉਂ ਉਹਦੀ ਹੋਣੀ ਹੀ ਨਹੀਂ ਕਦੇ। ਕਹਿੰਦੇ, ਕਿੱਕਰ ਘਰ ਵਿੱਚ ਹੋਵੇ, ਨਾਮ ਕੁਪੁੱਤ ਹੋਵੇ ਘਰ ਵਿੱਚ। ਪਿਉ ਕਹਿੰਦਾ ਸ਼ਰਾਬ ਨਾ ਪੀਓ, ਉਹ ਕਹਿੰਦਾ ਪੀਊਂਗਾ। ਪਿਉ ਕਹਿੰਦਾ ਹੈ ਮਾੜੇ ਕੰਮ ਨਾ ਕਰ, ਕਹਿੰਦਾ ਹੈ ਕਰਾਂਗਾ। ਉਹ ਕੁਪੁੱਤ ਹੋਇਆ ਕਰਦਾ ਹੈ, ਜਿਹੜਾ ਪਿਉ ਦੇ ਆਖੇ ਨਹੀਂ ਲਗਦਾ –

*ਕਿੱਕਰ ਘਰ ਕੁਪੁੱਤ ਘਰ ਅਰ ਕਲਿਹਣੀ ਨਾਰ।*

ਕਲੈਹਣੀ ਨਾਰ ਹੋਵੇ, ਹਰ ਵਕਤ ਲੋਕਾਂ ਨਾਲ, ਗੁਆਂਢੀਆਂ ਨਾਲ

ਝਗੜਣ ਵਾਲੀ, ਗੱਲ-ਗੱਲ ਦੇ ਉਤੇ ਸਾਨੂੰ ਡਾਂਟਣ ਵਾਲੀ-

*ਤ੍ਰਿਅ ਅਗੈ ਚਲਣਾ।*

ਚੌਥੀ ਗੱਲ ਇਹ ਹੈ ਕਿ ਇਸਤ੍ਰੀ ਦਾ ਐਨਾ ਜ਼ੋਰ ਹੋਵੇ ਕਿ ਉਹ ਆਪਣੀ ਮਨ ਦੀ ਮਰਜ਼ੀ ਦੇ ਮੁਤਾਬਿਕ ਪਰਿਵਾਰ ਨੂੰ ਚਲਾਵੇ। ਕਹਿੰਦੇ ਨੇ -

*ਚਾਰੋ ਨਰਕ ਦੁਆਰ।*

ਇਹ ਚਾਰੋ ਨਰਕ ਦੇ ਦਰਵਾਜ਼ੇ ਹੁੰਦੇ ਨੇ। ਸੋ ਸਧਨੇ ਨੇ ਜਵਾਬ ਦੇ ਦਿੱਤਾ, ਮਾਤਾ! ਇਹ ਗੱਲ ਨਹੀਂ ਹੋ ਸਕਦੀ। ਉਸੇ ਵੇਲੇ ਚਲੀ ਗਈ, ਪਤੀ ਸੁੱਤਾ ਪਿਆ ਹੈ। ਛੁਰਾ ਚੁੱਕਿਆ ਵੱਡਾ, ਗਰਦਨ 'ਤੇ ਮਾਰਿਆ ਜ਼ੋਰ ਨਾਲ ਤੇ ਗਰਦਨ ਕੱਟ ਦਿੱਤੀ। ਖ਼ੂਨ ਚੌਂਦੇ ਹੀ ਉਵੇਂ ਜਿਵੇਂ ਚੁੱਕ ਲਿਆਈ, ਕੇਸਾਂ ਤੋਂ ਫੜ ਕੇ, ਕਹਿੰਦੀ ਲੈ ਜਿਹੜਾ ਤੇਰੇ ਰਸਤੇ 'ਚ ਸੀ, ਰੁਕਾਵਟ ਉਹ ਮੈਂ ਦੂਰ ਕਰ ਦਿੱਤੀ। ਸਧਨਾ ਕਹਿਣ ਲੱਗਿਆ, ਬੀਬੀ! ਇਹ ਤਾਂ ਤੂੰ ਬਹੁਤ ਮਾੜਾ ਕੰਮ ਕਰਿਆ। ਕਹਿੰਦੀ, ਮਾੜਾ ਕੀ ਹੈ? ਕਹਿੰਦਾ, ਸਾਰੀ ਜ਼ਿੰਦਗੀ ਦੀ ਮੇਰੀ ਕੀਤੀ ਹੋਈ ਕਮਾਈ ਨਸ਼ਟ ਹੋ ਜਾਏਗੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਤਾਤ,...।***

***ਕਬਿੱਤ ਭਾਈ ਗੁਰਦਾਸ ਜੀ, 506***

ਕਹਿੰਦੇ ਜਿਵੇਂ ਬਿਹੁ ਖਾ ਕੇ ਆਦਮੀ ਉਸੇ ਵੇਲੇ ਹੀ ਮਰ ਜਾਂਦਾ ਹੈ -

***ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ।***
***ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ,...।***

***ਕਬਿੱਤ ਭਾਈ ਗੁਰਦਾਸ ਜੀ, 506***

ਕਹਿੰਦੇ ਮੱਝਾਂ ਚੋ ਕੇ, ਭਾਂਡੇ ਭਰ ਕੇ ਦੁੱਧ ਰੱਖ ਦੇਈਏ -

***ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ।***

***ਕਬਿੱਤ ਭਾਈ ਗੁਰਦਾਸ ਜੀ, 506***

ਜੇ ਜ਼ਰਾ ਕੁ ਵੀ ਕਾਂਜੀ ਦੀ ਬੂੰਦ ਪੈ ਜਾਏ, ਖੱਟੇ ਦੀ, ਉਸੇ ਵੇਲੇ ਦੁੱਧ ਖਰਾਬ ਹੋ ਜਾਏਗਾ।

***ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ...।***

***ਕਬਿੱਤ ਭਾਈ ਗੁਰਦਾਸ ਜੀ, 506***

ਰੂੰ ਦੇ ਭੱਰੇ ਪਏ ਹੋਣ ਕਰੋੜਾਂ ਹੀ -

***ਹੋਤ ਭਰਮਾਤ ਛਿਨ ਮੈਂ ਅਕਰਖਨ ਕੀ।***

***ਕਬਿੱਤ ਭਾਈ ਗੁਰਦਾਸ ਜੀ, 506***

ਜੇ ਥੋੜ੍ਹੀ ਜਿਹੀ ਵੀ ਅੱਗ ਲੱਗ ਜਾਵੇ, ਮਾੜਾ ਜਿਹਾ ਚੰਗਿਆੜਾ ਗਿਰ ਜਾਵੇ, ਉਹ ਕੀ ਕਰਦੇ ਨੇ ਕਿ ਸਾਰੇ ਨੂੰ ਭਸਮ ਕਰਕੇ ਸੁਆਹ ਬਣਾ ਦਿੰਦੇ।

***ਤੈਸੇ ਪਰ-ਤਨ ਪਰ-ਧਨ ਦੂਖਨਾ ਬਿਕਾਰ ਕੀਏ,***

*ਹਰੈ ਨਿਧਿ ਸੁਕ੍ਰਿਤ ਸਹਨ ਹਰਖਨ ਕੈ।*

*ਕਬਿੱਤ ਭਾਈ ਗੁਰਦਾਸ ਜੀ, 506*

ਇਸੇ ਤਰ੍ਹਾਂ ਪਰਾਈ ਇਸਤ੍ਰੀ, ਪਰ ਧਨ, ਬੇਗਾਨਾ ਧਨ, ਦੋ ਚੀਜ਼ਾਂ, ਬੇਗਾਨਾ ਧਨ ਆ ਜਾਵੇ ਆਪਣੇ ਕੋਲ, ਬੇਗਾਨਾ ਤਨ ਆ ਜਾਵੇ, ਇਹ ਜਿਹੜਾ ਵਿਕਾਰ ਕਰਨਾ ਹੈ ਇਹਦਾ ਐਨਾ ਦੁਖ ਹੈ ਕਿ ਸਾਰੇ ਜਪ ਤਪ ਕਰੇ, ਪੁੰਨ ਦਾਨ ਕਰੇ, ਤੀਰਥ ਯਾਤਰਾ ਕਰੀਆਂ, ਸਭ ਨੇਕੀਆਂ ਕਰੀਆਂ ਇੱਕ ਮਿੰਟ ਦੇ ਅੰਦਰ ਸੁਆਹ ਬਣਾ ਦਿੰਦੀਆ ਨੇ।

ਕਹਿੰਦੇ, ਬੀਬੀ! ਐਡਾ ਮਾੜਾ ਕੰਮ। ਮਾਤਾ! ਮੈਨੂੰ ਬਖਸ਼, ਮੈਂ ਤੇਰੇ ਚਰਨੀਂ ਮੱਥਾ ਟੇਕਦਾ ਹਾਂ। ਉਹਨੇ ਕਿਹਾ ਕਿ ਇਹ ਇਸ ਤਰ੍ਹਾਂ ਤਾਂ ਠੀਕ ਨਹੀਂ ਹੁੰਦੀ। ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਬਈ ਦਿਨ ਚੜ੍ਹ ਜਾਣਾ ਹੈ, ਲੋਕਾਂ ਨੇ ਕਹਿਣਾ ਹੈ, ਇਹਨੂੰ ਕੀਹਨੇ ਮਾਰ ਦਿੱਤਾ। ਉਸ ਵੇਲੇ ਦੁਹਾਈ ਮਚਾ ਦਿੱਤੀ, ਦੁਨੀਆਂ ਇਕੱਠੀ ਹੋ ਗਈ। ਕਹਿੰਦੀ, ਆਹ ਠੱਗ ਬੈਠਾ ਹੈ, ਇਹਨੇ ਮੇਰੀ ਬੇਪਤੀ ਕਰਨ ਵਾਸਤੇ, ਪਹਿਲਾਂ ਮੇਰਾ ਪਤੀ ਮਾਰਿਆ। ਫੇਰ ਮੈਨੂੰ ਇਹਨੇ ਤੰਗ ਕਰਿਆ, ਆਹ ਕਰਿਆ ਵੋਹ ਕਰਿਆ, ਕੱਪੜੇ ਪਾੜ ਲਏ। ਲੋਕਾਂ ਨੇ ਮੁਸ਼ਕਾਂ ਬੰਨ੍ਹ ਲਈਆਂ। ਹੁਣ ਸਧਨਾ ਦੇਖਦਾ ਹੈ ਕਿ ਹੇ ਪ੍ਰਭੂ! ਤੇਰੇ ਮੈਂ ਦਰ 'ਤੇ ਆ ਰਿਹਾ ਹਾਂ। ਆਹ ਮੇਰਾ ਹਾਲ ਹੋ ਰਿਹਾ ਹੈ? ਉਸ ਵੇਲੇ ਰਾਜੇ ਦੇ ਪੇਸ਼ ਕਰ ਦਿੱਤਾ।

ਰਾਜੇ ਦੇ ਕਿਲ੍ਹੇ ਦੀ ਕੰਧ ਨਹੀਂ ਸੀ ਬਣਦੀ। ਤਿੰਨ ਵਾਰੀ ਗਿਰ ਚੁੱਕੀ ਸੀ। ਜੋਤਸ਼ੀਆਂ ਨੇ ਕਿਹਾ ਕਿ ਕੋਈ ਬੰਦਾ ਇਹਦੇ ਵਿੱਚ ਚਿਣਿਆ ਜਾਵੇ, ਫੇਰ ਇਹ ਕੰਧ ਖੜ੍ਹੀ ਹੋ ਸਕਦੀ ਹੈ। ਉਹ ਜਿਸ ਵਕਤ ਕਚਹਿਰੀ 'ਚ ਪੇਸ਼ ਕਰਿਆ ਤੇ ਉਹਨੇ ਰੋ ਰੋ ਕੇ ਗੱਲਾਂ ਦੱਸੀਆਂ ਕਿ ਇਹਨੇ ਮੇਰਾ ਪਤੀ ਐਸ ਤਰ੍ਹਾਂ ਮਾਰਿਆ। ਉਸ ਵੇਲੇ ਰਾਜੇ ਨੂੰ ਬੜਾ ਗੁੱਸਾ ਆਇਆ। ਕਹਿਣ ਲੱਗਿਆ, ਠੀਕ ਹੈ, ਇਹਨੂੰ ਸਜ਼ਾ ਦਿਓ। ਇਹਦੇ ਦੋਵੇਂ ਹੱਥ ਕੱਟ ਦਿਓ, ਜਿਨ੍ਹਾਂ ਨਾਲ ਇਹਨੇ ਇਸ ਇਸਤ੍ਰੀ ਨੂੰ ਫੜਿਆ ਹੈ ਤੇ ਨਾਲ ਇਹਨੂੰ ਦੀਵਾਰ ਦੇ ਵਿੱਚ ਚਿਣ ਦਿਓ। ਖ਼ੂਨ ਜਾ ਰਿਹਾ ਹੈ ਇਹਦੇ ਹੱਥਾਂ 'ਚੋਂ ਤੇ ਸਧਨੇ ਨੂੰ ਫੜ ਕੇ ਨੀਂਹ 'ਚ ਖੜ੍ਹਾ ਕਰ ਦਿੱਤਾ। ਹੈਰਾਨ ਹੋ ਰਿਹਾ ਹੈ ਕਿ ਇਹ ਬਣਿਆ ਕੀ। ਉਸ ਵੇਲੇ ਜਦੋਂ ਨੀਂਹ ਚਿਣੀ ਜਾ ਰਹੀ ਹੈ ਤੇ ਗੋਡਿਆਂ ਤੋਂ ਥੱਲੇ ਹੈ ਅਰਦਾਸ ਕਰਦਾ ਹੈ ਹੇ ਪ੍ਰਭੂ! ਤੂੰ ਕ੍ਰਿਪਾ ਕਰਕੇ ਮੇਰੀ ਰਾਖੀ ਕਰ। ਤੂੰ ਤਾਂ ਰਾਖੀ ਉਨ੍ਹਾਂ ਦੀ ਵੀ ਕਰਦਾ ਹੈਂ ਜਿਹੜੇ ਪਾਖੰਡੀ ਲੋਕ ਨੇ। ਜਦੋਂ ਤੈਨੂੰ ਪੁਕਾਰਦੇ ਨੇ ਤੂੰ ਰਾਖੀ ਕਰਦਾ ਹੈਂ। ਉਸ ਵੇਲੇ ਇਸ ਤਰ੍ਹਾਂ ਦੀ ਬੇਨਤੀ ਕਰਦਾ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਜਿਵੇਂ ਭੇਖ ਧਾਰੀਆਂ ਨੂੰ ਰੱਖਿਆ,*
*ਇਵੇਂ ਮੇਰੀ ਰੱਖ ਲੱਜਿਆ।*

*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥*
*ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥*

*ਅੰਗ – 858*

ਹੇ ਪ੍ਰਭੂ! ਤੂੰ ਤਾਂ ਇੱਕ ਬੰਦੇ ਦੀ ਜੋ ਕਾਮਨਾ ਦੇ ਨਾਲ ਕਾਮੀ ਪੁਰਖ ਸੀ ਤੇ ਸੁਆਰਥੀ ਸੀ ਉਹਦੀ ਵੀ ਲੱਜਿਆ ਰੱਖੀ। ਮੈਂ ਤਾਂ ਸੱਚੀਮੁੱਚੀ

ਤੇਰੀ ਭਗਤੀ ਕਰਦਾ ਹਾਂ। ਇੱਕ ਵਾਰੀ ਇੱਕ ਰਾਜਾ ਸੀ, ਉਸ ਦੀ ਲੜਕੀ ਬਹੁਤ ਸ਼ਾਸਤਰ ਵਗੈਰਾ ਸੁਣਦੀ ਸੀ। ਭਜਨ ਕਰਦੀ ਸੀ, ਮੰਦਰ ਜਾਇਆ ਕਰਦੀ ਸੀ ਤੇ ਉਹਦੇ ਮਨ ਵਿੱਚ ਖਿਆਲ ਹੋਇਆ ਕਿ ਮੈਂ ਜੇ ਸ਼ਾਦੀ ਕਰਾਉਣੀ ਹੈ ਤਾਂ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ ਹੋਰ ਨਹੀਂ ਕਿਸੇ ਨਾਲ ਕਰਾਉਣੀ। ਇਹ ਪ੍ਰਣ ਕਰ ਲਿਆ। ਉਸੇ ਰਾਜੇ ਦੇ ਘਰ ਇੱਕ ਤਰਖਾਣ ਜਾਇਆ ਕਰਦਾ ਸੀ, ਉਹ ਜਾ ਕੇ ਲੱਕੜੀ ਦਾ ਕੰਮ ਕਰਿਆ ਕਰਦਾ ਸੀ, ਨਾਲ ਆਪਣੇ ਲੜਕੇ ਨੂੰ ਲੈ ਜਾਂਦਾ ਸੀ। ਲੜਕਾ ਨੌਜਵਾਨ ਸੀ ਤੇ ਇੱਕ ਵਾਰੀ ਓਸ ਦੀ ਲੜਕੀ ਬਾਗ ਵਿੱਚ ਫਿਰਦੀ ਏਸ ਲੜਕੇ ਨੇ ਦੇਖ ਲਈ ਤੇ ਕਹਿਣ ਲੱਗਿਆ ਮੈਂ ਤਾਂ ਇਹਦੇ ਨਾਲ ਸ਼ਾਦੀ ਕਰਾਉਣੀ ਹੈ, ਜ਼ਿੰਦਗੀ ਭਰ ਕਰਾਉਣੀ ਨਹੀਂ, ਮਰ ਜਾਊਂ ਬਿਹੁ ਖਾ ਕੇ, ਪਤਾ ਲੱਗਿਆ ਕਿ ਇਹ ਲੜਕੀ ਸ਼ਾਦੀ ਨਹੀਂ ਕਰਾ ਰਹੀ ਕਿਸੇ ਨਾਲ ਵੀ, ਇਹਨੇ ਤਾਂ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ। ਇਹਦਾ ਇੱਕ ਮਿੱਤਰ ਸੀ ਤੇ ਉਹ ਮਿੱਤਰ ਕਲਾਂ ਬਣਾਇਆ ਕਰਦਾ ਸੀ, ਮਸ਼ੀਨਾਂ ਬਣਾਇਆ ਕਰਦਾ ਸੀ। ਉਹਦੇ ਕੋਲ ਜਾ ਕੇ ਜਦੋਂ ਗੱਲ ਦੱਸੀ, ਉਹ ਕਹਿੰਦਾ, ਭੋਲਿਆ! ਤੂੰ ਕਿੱਥੇ ਇੱਕ ਮਿਸਤਰੀ, ਤਰਖਾਣ ਤੇ ਕਿੱਥੇ ਰਾਜੇ ਦੀ ਲੜਕੀ। ਫੇਰ ਉਹਨੇ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਾਉਣੀ ਹੈ। ਤੂੰ ਕਿਵੇਂ ਕਰਾ ਸਕਦਾ ਹੈਂ। ਕਹਿੰਦਾ, ਫੇਰ ਮੈਂ ਮਰ ਜਾਵਾਂਗਾ, ਜੇ ਨਾ ਮੇਰੀ ਸ਼ਾਦੀ ਹੋਈ। ਕਹਿੰਦਾ, ਐਸਾ ਕਰ ਤੂੰ ਮਰ ਨਾ। ਲੱਕੜੀ ਦਾ ਗਰੁੜ ਬਣਾ ਤੇ ਮੈਂ ਉਹਦੇ ਵਿੱਚ ਕਲਾ ਪਾ ਦੇਵਾਂਗਾ, ਇੰਜਣ ਬਣਾ ਕੇ ਪਾ ਦੇਵਾਂਗਾ ਤੇ ਉੱਡਣ ਲਾ ਦੇਵਾਂਗਾ ਉਸਨੂੰ। ਇਸ ਤਰ੍ਹਾਂ ਉਸ ਨੇ ਲੱਕੜੀ ਦਾ ਗਰੁੜ ਬਣਾਇਆ ਤੇ ਉਸ ਨੇ ਕਲਾਂ ਬਣਾ ਕੇ ਕਹਿ ਦਿੱਤਾ ਕਿ ਜਾਹ ਰਾਜੇ ਦੇ ਮਹਿਲਾਂ 'ਤੇ ਚਲਿਆ ਜਾਹ, ਚਾਰ ਬਾਹਾਂ ਲਾ ਲਈਆਂ ਤੇ ਲੜਕੀ ਮੰਦਰ ਵਿੱਚ ਪੂਜਾ ਕਰ ਰਹੀ ਤੇ ਮੰਦਰ ਦੇ ਅੱਗੇ ਜਾ ਕੇ ਗਰੁੜ ਉਤਾਰ ਲਿਆ। ਜਦੋਂ ਉਹਨੇ ਦੇਖਿਆ, ਉਹਦੀ ਖੁਸ਼ੀ ਦੀ ਹੱਦ ਨਾ ਰਹੀ। ਡੰਡਉਤਾਂ ਕਰਦੀ ਹੈ, ਆਪਣੇ ਪਿਤਾ ਨੂੰ ਬੁਲਾ ਲਿਆ। ਸਾਰੇ ਡੰਡਉਤਾਂ ਕਰਦੇ ਨੇ। ਉਹ ਕਹਿਣ ਲੱਗਿਆ ਕਿ ਠੀਕ ਹੈ, ਮੈਂ ਸ਼ਾਦੀ ਕਰਾਉਣ ਵਾਸਤੇ ਆਇਆ ਹਾਂ। ਪਰ ਕੱਲ੍ਹ ਤੋਂ ਮੈਂ ਆਵਾਂਗਾ ਤਾਂ ਮਨੁੱਖੀ ਰੂਪ 'ਚ ਆਵਾਂਗਾ। ਏਸ ਦੇਵਤਾ ਦੇ ਰੂਪ ਵਿੱਚ ਨਹੀਂ ਆਵਾਂਗਾ ਤੇ ਮੈਂ ਮੁੱਖ ਦੁਆਰ ਥਾਈਂ ਤੁਹਾਡੇ ਅੰਦਰ ਆਵਾਂਗਾ। ਗਰੁੜ 'ਤੇ ਚੜ੍ਹ ਕੇ ਨਹੀਂ ਆਵਾਂਗਾ। ਬੜੀ ਖੁਸ਼ੀ ਹੋਈ। ਤਿਆਰੀਆਂ ਹੋ ਗਈਆਂ ਤੇ ਦੂਸਰੇ ਦਿਨ ਉਸੇ ਤਰ੍ਹਾਂ ਆਇਆ, ਸ਼ਾਦੀ ਹੋ ਗਈ। ਰਹਿਣਾ ਸ਼ੁਰੂ ਕਰ ਦਿੱਤਾ। ਰਾਜਾ ਬੜਾ ਸ਼ਰਧਾਲੂ ਹੋ ਗਿਆ ਬਈ ਭਗਵਾਨ ਮੇਰੇ ਦਾਮਾਦ ਬਣ ਗਏ, ਹੁਣ ਮੈਨੂੰ ਫੌਜਾਂ ਰੱਖਣ ਦੀ ਕੀ ਲੋੜ ਹੈ। ਫੌਜਾਂ ਹਟਾ ਦਿੱਤੀਆਂ, ਨਾਲ ਦੇ ਰਾਜੇ ਨੇ ਸੁਣਿਆ, ਉਹ ਕਹਿੰਦਾ ਸਭ ਬਕਵਾਸ ਹੈ, ਕੋਈ ਛਲ ਹੈ, ਕੋਈ ਧੋਖਾ ਹੈ, ਭਗਵਾਨ ਵੀ ਐਸ ਤਰ੍ਹਾਂ ਕਰਦਾ ਹੈ ਕਦੇ। ਉਹ ਤਾਂ ਕਮਲਾ ਹੈ ਰਾਜਾ ਫੌਜਾਂ ਹਟਾ ਦਿੱਤੀਆਂ। ਉਸ ਵੇਲੇ ਉਹਨੇ ਫੌਜਕਸ਼ੀ ਕਰ ਲਈ ਤੇ ਰਾਜ ਲੈਣ ਵਾਸਤੇ। ਰਾਜ ਲੈਣ ਵਾਸਤੇ ਸ਼ਹਿਰ ਦੇ ਦੁਆਲੇ ਆ ਗਿਆ, ਤਹਿਸੀਲ ਦੇ। ਤੇ ਦਰਵਾਜ਼ੇ ਬੰਦ ਨੇ। ਉਥੋਂ ਸੁਨੇਹਾ ਭੇਜਿਆ ਕਿ ਦਰਵਾਜ਼ੇ ਖੋਲ੍ਹ ਦਿਓ ਤੇ ਮੇਰੀ ਮਤਹਿਤੀ ਕਬੂਲ ਕਰ ਲਓ ਤੇ ਨਹੀਂ ਤਾਂ ਮੈਂ ਫੌਜ ਦਾ ਹਮਲਾ ਕਰਾ ਕੇ, ਸਭ ਕੁਛ ਲੁੱਟ ਲਵਾਂਗਾ ਤੇ

ਸ਼ਹਿਰ ਨੂੰ ਢਾਹ ਦੇਵਾਂਗਾ। ਉਸ ਵੇਲੇ ਰਾਜਾ ਆਇਆ ਤੇ ਆਪਣੇ ਜਵਾਈ ਦੇ ਪਾਸ ਕਹਿਣ ਲੱਗਿਆ, ਹੇ ਭਗਵਾਨ! ਉਹ ਤਾਂ ਨੇੜੇ ਆ ਗਏ ਨੇ ਤੇ ਤੁਸੀਂ ਕ੍ਰਿਪਾ ਕਰੋ ਰਾਜ ਬਚ ਜਾਵੇ। ਉਹਨੇ ਆਹ ਧਮਕੀ ਦਿੱਤੀ ਹੈ।

ਉਸ ਵੇਲੇ ਕਹਿਣ ਲੱਗਿਆ, ਰਾਜਨ! ਤੂੰ ਫਿਕਰ ਨਾ ਕਰ ਤੇ ਤੁਸੀਂ ਜਾਓ, ਜਾ ਕੇ ਇੰਤਜ਼ਾਰ ਕਰੋ। ਓਧਰਲੇ ਪਾਸੇ ਉਹਨੇ ਰੱਸਾ ਬੰਨ੍ਹ ਲਿਆ ਤੇ ਗਲ 'ਚ ਪਾ ਕੇ ਫਾਂਸੀ ਲੈਣ ਲੱਗਿਆ। ਜਦੋਂ ਫਾਂਸੀ ਲੈਣ ਲੱਗਿਆ ਭਗਵਾਨ ਪ੍ਰਗਟ ਹੋ ਗਏ। ਉਹ ਕਹਿੰਦੇ ਕਿ ਓ ਭੇਖੀਆ! ਤੂੰ ਹੁਣ ਮੇਰੀ ਬਦਨਾਮੀ ਕਰਾਉਣੀ ਹੈ ਤੇ ਲੋਕਾਂ ਨੇ ਕਿਸੇ ਨੇ ਨਹੀਂ ਕਹਿਣਾ, ਸਭ ਕਹਿਣਗੇ ਭਗਵਾਨ ਮਰ ਗਿਆ। ਕਰੋੜਾਂ ਬੰਦੇ ਨਾਸਤਕ ਹੋ ਜਾਣਗੇ। ਜਾਹ ਤੈਨੂੰ ਮੈਂ ਸ਼ਕਤੀ ਦਿੰਦਾ ਹਾਂ। ਓਹੀ ਗਰੁੜ ਮੰਗਾ ਲੈ ਜਿਹੜਾ ਘਰ ਪਿਆ ਹੈ। ਉਸ 'ਤੇ ਚੜ੍ਹ ਕੇ ਫੌਜਾਂ 'ਚ ਫਿਰ ਲੈ ਇਹਦੀਆਂ 'ਤੇ, ਜਿੱਥੇ-ਜਿੱਥੇ ਜਾਵੇਂਗਾ, ਉਹ ਦੌੜਦੇ ਹੀ ਚਲੇ ਜਾਣਗੇ। ਇੱਥੇ ਤੱਕ ਕਿ ਇਹ ਤੇਰੇ ਮਤਹਿਤ ਹੋ ਜਾਣਗੇ, ਇਸ ਰਾਜੇ ਦੇ। ਉਸੇ ਤਰ੍ਹਾਂ ਨਾਲ ਕੀਤਾ ਤੇ ਜਦੋਂ ਗਰੁੜ 'ਤੇ ਤੁਰਿਆ, ਐਹੋ ਜਿਹਾ ਭਿਆਨਕ ਪੈਦਾ ਕੀਤਾ ਉਸਨੇ ਕਿ ਫੌਜਾਂ ਨੱਠਣੀਆਂ ਸ਼ੁਰੂ ਹੋ ਗਈਆਂ ਤੇ ਉਹਦੀ ਲੱਜਿਆ ਰੱਖ ਲਈ। ਹੁਣ ਸਧਨਾ ਕਹਿੰਦਾ ਹੈ ਹੇ ਪ੍ਰਭੂ! -

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥***
***ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ਅੰਗ- 858***

ਤੂੰ ਤਾਂ ਉਹਦੀ ਵੀ ਪੈਜ ਰੱਖ ਲਈ ਸੀ ਹੁਣ ਮੇਰੀ ਪੈਜ ਰੱਖ। ਉਸ ਵੇਲੇ ਆਕਾਸ਼ਬਾਣੀ ਹੁੰਦੀ ਹੈ ਸਧਨਿਆ! ਇਹ ਤਾਂ ਤੇਰੇ ਕਰਮਾਂ ਦਾ ਫਲ ਭੁਗਤਾਇਆ ਜਾ ਰਿਹਾ ਹੈ ਪ੍ਰੇਮੀਆਂ! ਕਿਉਂਕਿ -

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।***

ਮਹਾਰਾਜ ਵੀ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਫਲ ਦਿੱਤਿਆਂ ਬਾਜ ਨਹੀਂ ਜਾਣਾ,***
***ਤੇਰਿਆਂ ਕਰਮਾਂ ਨੇ ਬੰਦਿਆਂ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***
***ਅੰਗ - 433***

***ਦੋਸੁ ਨ ਦੀਜੈ ਕਾਹੂ ਲੋਗ ॥***
***ਜੋ ਕਮਾਵਨੁ ਸੋਈ ਭੋਗ ॥***
***ਆਪਨ ਕਰਮ ਆਪੇ ਹੀ ਬੰਧ ॥***
***ਆਵਨੁ ਜਾਵਨੁ ਮਾਇਆ ਧੰਧ ॥ ਅੰਗ - 888***

ਸਹਿਣਾ ਪੈਂਦਾ ਹੈ ਜਿਹੜਾ ਕੁਛ ਕਰਕੇ ਆਇਆ ਹੁੰਦਾ ਹੈ। ਪਾਤਸ਼ਾਹ! ਮੈਂ ਵੀ ਕੁਛ ਕਰਿਆ ਹੈ, ਕਹਿੰਦਾ ਹਾਂ। ਫਿਲਮ ਖੁਲ੍ਹਾ ਦਿੱਤੀ ਮੂਹਰੇ ਕੀ ਦੇਖਦਾ ਹੈ ਪਿਛਲੇ ਜਨਮ 'ਚ ਸਾਧੂ ਹੈ। ਕਸਾਈ ਗਊ ਲਈ ਜਾਂਦਾ ਹੈ, ਗਊ ਛੁਟ ਕੇ ਇਹਦੇ ਪਿਛਲੇ ਪਾਸੇ ਲੁਕ ਗਈ। ਕਸਾਈ ਆਉਂਦਾ ਹੈ, ਆ ਕੇ ਕਹਿੰਦਾ ਹੈ ਭਗਤ ਜੀ! ਗਊ ਨਹੀਂ ਦੇਖੀ, ਪਤਾ ਇਹਨੂੰ ਕਿ

ਮਾਰ ਦੇਣੀ ਹੈ। ਸੱਚ ਦੋ ਤਰ੍ਹਾਂ ਦਾ ਹੁੰਦਾ ਹੈ, ਇੱਕ ਸੱਚ ਜਿਹੜਾ ਬੋਲਣ ਨਾਲ ਕਿਸੇ ਦੀ ਜਾਨ ਜਾਵੇ। ਉਹ ਵਰਜਿਤ ਹੈ ਸੱਚ। ਉਹ ਸੱਚ ਨਹੀਂ ਬੋਲਣਾ ਜਿਹਦੇ ਨਾਲ ਕਿਸੇ ਦਾ ਨੁਕਸਾਨ ਹੋਵੇ ਤੇ ਜਾਨ ਜਾਂਦੀ ਹੋਵੇ। ਉਥੇ ਝੂਠ ਬੋਲਣਾ ਪੁੰਨ ਬਣ ਜਾਂਦਾ ਹੈ। ਸੋ ਇਹਨੇ ਸੱਚ ਬੋਲ ਦਿੱਤਾ। ਪਿੱਛੇ ਨੂੰ ਦੋਵੇਂ ਹੱਥ ਕਰ ਦਿੱਤੇ ਕਿ ਮੇਰੀ ਪਿੱਠ ਪਿੱਛੇ ਹੈ, ਉਹਨੇ ਫੜੀ ਗਊ ਤੇ ਮਰ ਗਈ ਤੇ ਅਗਲੇ ਜਨਮ ਦੇ ਅੰਦਰ, ਜਿਹੜਾ ਕਸਾਈ ਸੀ ਉਹ ਉਹਦਾ ਪਤੀ ਬਣ ਗਿਆ ਤੇ ਗਊ ਉਹਦੀ ਪਤਨੀ ਬਣ ਗਈ। ਹੁਣ ਸਧਨਾ ਅੜਿੱਕੇ ਆ ਗਿਆ, ਇਹਦੇ ਹੱਥ ਕਟਾ ਦਿੱਤੇ। ਦੋਵੇਂ ਹੱਥਾਂ ਦਾ ਤੇਰਾ ਸੀਗਾ ਕੰਮ, ਤੇਰੇ ਹੱਥ ਦੋਵੇਂ ਕੱਟੇ ਗਏ। ਕਹਿਣ ਲੱਗੇ, ਮਹਾਰਾਜ –

***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥***

***ਅੰਗ – 858***

ਸ਼ੇਰ ਦੀ ਸ਼ਰਨ ਵਿੱਚ ਜਾਣ ਦਾ ਕੀ ਫਾਇਦਾ ਜੇ ਗਿੱਦੜ ਫੇਰ ਵੀ ਡਰਾਉਂਦੇ ਰਹਿਣ, ਫੜ ਲੈਣ। ਕਹਿੰਦੇ, ਸਧਨਿਆ! ਇਹ ਤਾਂ ਵੱਡਿਆਂ-ਵੱਡਿਆਂ ਤੋਂ ਨਹੀਂ ਟਲੀ। ਇਹ ਕਰਮ ਜਿਹੜਾ ਹੈ ਇੱਕ ਤਾਂ ਹੁੰਦਾ ਹੈ ਸੰਚਿਤ ਕਰਮ, ਇੱਕ ਹੁੰਦਾ ਹੈ ਨਿੱਤ ਕਰਮ, ਇੱਕ ਹੁੰਦਾ ਪ੍ਰਾਸਚਿਤ ਕਰਮ, ਇੱਕ ਹੁੰਦਾ ਪ੍ਰਾਲਬਧ ਕਰਮ। ਜਿਹੜਾ ਕਰਮ ਪ੍ਰਾਲਬਧ ਦੇ ਵਿੱਚ ਆ ਜਾਵੇ ਕਰਮ, ਉਹ ਤਾਂ ਭੋਗੇ ਬਿਨਾਂ ਜਾਂਦਾ ਹੀ ਨਹੀਂ ਸਧਨਿਆ। ਵੱਡਿਆਂ-ਵੱਡਿਆਂ ਨੇ ਭੋਗਿਆ। ਦੇਖ ਕ੍ਰਿਸ਼ਨ ਮਹਾਰਾਜ, ਜਾ ਕੇ ਜੰਗਲ 'ਚ ਸੌਂ ਜਾਂਦੇ ਨੇ। ਉਸ ਵੇਲੇ ਬੱਧਕ ਸ਼ਿਕਾਰ ਦੀ ਭਾਲ ਵਿੱਚ ਆਉਂਦਾ ਹੈ ਤੇ ਚਰਨ ਕਮਲ ਦੇ ਵਿੱਚ ਪਦਮ ਹੈ ਦੇਖ ਕੇ ਹਰਨ ਦੀ ਅੱਖ ਸਮਝ ਕੇ ਬਾਣ ਮਾਰਦਾ ਹੈ। ਬਾਣ ਮਾਰ ਕੇ ਨੱਠ ਕੇ ਜਾਂਦਾ ਹੈ ਕਿ ਹਰਨ ਮਰ ਗਿਆ ਹੋਣਾ ਹੈ। ਜਦੋਂ ਕੋਲ ਜਾ ਕੇ ਦੇਖਦਾ ਹੈ ਤਾਂ ਕ੍ਰਿਸ਼ਨ ਮਹਾਰਾਜ ਦੀ ਵੱਖੀ 'ਚ ਬਾਣ ਲੱਗਿਆ ਹੋਇਆ ਹੈ। ਉਸ ਵੇਲੇ ਰੋਂਦਾ ਫੇਰ ਬੇਨਤੀਆਂ ਕਰਦਾ ਹੈ ਇਸ ਤਰ੍ਹਾਂ ਦੇ ਨਾਲ –

***ਧਾਰਨਾ – ਮ੍ਰਿਗ ਜਾਣ ਕੇ ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀ ਮਾਲਕਾ।***

ਬੇਨਤੀਆਂ ਕਰਦਾ ਹੈ –

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।***
***ਚਰਨ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਦਰਸਣ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੁਕਾਰੇ।***

***ਭਾਈ ਗੁਰਦਾਸ ਜੀ, ਵਾਰ 11/23***

ਉਸ ਵੇਲੇ ਬਹੁਤ ਰੋਂਦਾ ਹੈ ਕਿ ਹੇ ਭਗਵਾਨ! ਮੇਰੇ ਤੋਂ ਭੁੱਲ ਹੋ ਗਈ। ਉਸ ਵੇਲੇ –

***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***

***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਾਈ ਗੁਰਦਾਸ ਜੀ, ਵਾਰ 11/23***

ਕਹਿੰਦੇ ਬੱਧਕ, ਤੂੰ ਰੋ ਨਾ, ਅਸੀਂ ਕਰਮ ਕੀਤਾ ਸੀ, ਤ੍ਰੇਤੇ ਯੁੱਗ ਦੇ ਅੰਦਰ, ਤੂੰ ਬਾਲੀ ਸੀ ਓਸ ਯੁੱਗ ਦੇ ਅੰਦਰ। ਮੈਂ ਛੁੱਪ ਕੇ ਤੈਨੂੰ ਮਾਰਿਆ ਸੀ। ਤੂੰ ਕਿਹਾ, ਭਗਵਾਨ ਰਾਮ! ਤੂੰ ਅਨੀਤੀ ਕੀਤੀ ਹੈ, ਮੈਂ ਕਿਹਾ ਕੋਈ ਨਾ ਬਦਲਾ ਦੇਵਾਂਗਾ, ਦੁਆਪਰ 'ਚ ਜਾ ਕੇ। ਸੋ ਤੂੰ ਨਾ ਘਬਰਾ, ਮੇਰਾ ਕੀਤਾ ਹੋਇਆ ਕਰਮ ਮੈਂ ਭੁਗਤ ਰਿਹਾ ਹਾਂ। ਸੋ ਉਸ ਵੇਲੇ –

***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਾਈ ਗੁਰਦਾਸ ਜੀ, ਵਾਰ 11/23***

ਕਹਿੰਦੇ ਸਧਨਿਆ! ਤੂੰ ਵੀ ਕਰਮ ਕੀਤਾ ਹੋਇਆ ਹੈ। ਕਹਿਣ ਲੱਗਿਆ, ਹੇ ਪ੍ਰਭੂ! ਮੈਂ ਤਾਂ ਇਹ ਸੁਣਿਆ ਸੀ ਕਿ ਤੇਰਾ ਭਜਨ ਕਰਨ ਦੇ ਨਾਲ ਕਰਮਾਂ ਦਾ ਨਾਸ਼ ਹੁੰਦਾ ਹੈ। ਫੇਰ ਕੀ ਫਾਇਦਾ ਹੋਇਆ ਤੇਰਾ ਭਜਨ ਕਰਨਾ ਦਾ।

ਉਸ ਵੇਲੇ ਭਗਵਾਨ ਕਹਿਣ ਲੱਗੇ, ਸਧਨਿਆਂ! ਕੋਈ ਗੱਲ ਨਹੀਂ ਤੂੰ ਇੰਤਜ਼ਾਰ ਕਰ। ਐਨੇ ਨੂੰ ਕੰਧ ਲੱਕ-ਲੱਕ 'ਤੇ ਜਾ ਪਹੁੰਚੀ, ਉਸ ਵੇਲੇ ਕਹਿਣ ਲੱਗਿਆ ਹੇ ਭਗਵਾਨ! ਮੈਂ ਕਿੰਨੀ ਕੁ ਦੇਰ ਇੰਤਜ਼ਾਰ ਕਰਾਂਗਾ। ਬੰਦਾ ਡੁੱਬ ਰਿਹਾ ਹੈ, ਪਿਆਸਾ ਮਰ ਰਿਹਾ ਹੈ, ਚਾਤ੍ਰਿਕ, ਇੱਕ ਬੂੰਦ ਦੇ ਵਾਸਤੇ। ਜੇ ਸਵਾਂਤੀ ਬੂੰਦ ਉਹਨੂੰ ਨਾ ਪ੍ਰਾਪਤ ਹੋਈ ਤੇ ਉਹਦੇ ਪਿਆਸੇ ਦੇ ਪ੍ਰਾਣ ਚਲੇ ਗਏ ਤੇ ਫੇਰ ਤੂੰ ਸਮੁੰਦਰ ਭਰਿਆ ਹੋਇਆ ਸਵਾਂਤੀ ਬੂੰਦ ਦਾ ਲਈਂ ਫਿਰੇਂ ਫੇਰ ਦੱਸ ਉਹਦਾ ਕੀ ਫਾਇਦਾ। ਐਸ ਤਰ੍ਹਾਂ ਕਹਿੰਦੇ ਨੇ-

***ਧਾਰਨਾ – ਪ੍ਰਾਣਾਂ ਗਿਆਂ 'ਤੇ ਜੇ ਸਾਗਰ ਮਿਲ ਜਾਏ,***
***ਫੇਰ ਕਿਹੜੇ ਕੰਮ ਆਵਣਾ।***

***ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥ ਅੰਗ – 858***

ਇੱਕ ਬੂੰਦ ਵਾਸਤੇ ਚਾਤ੍ਰਿਕ ਦੁੱਖ ਪਾ ਰਿਹਾ ਹੈ, ਬਿਲਕ ਰਿਹਾ ਹੈ। ਵਿਰਲਾਪ ਕਰ ਰਿਹਾ ਹੈ ਤੇ ਮਰਨ ਤੋਂ ਬਾਅਦ ਸਮੁੰਦਰ ਮਿਲ ਜਾਏ ਫੇਰ ਕੀ ਫਾਇਦਾ। ਕੰਧ ਲੱਕ ਤੱਕ ਚਲੀ ਗਈ, ਢਿੱਡ ਤੱਕ ਜਾ ਪਹੁੰਚੀ। ਅਵਾਜ਼ ਆਈ, ਸਧਨਿਆ! ਇੰਤਜ਼ਾਰ ਕਰ। ਕਹਿੰਦਾ, ਇੰਤਜ਼ਾਰ? ਉਸ ਵੇਲੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ –

***ਧਾਰਨਾ – ਡੁੱਬ ਮਰਿਆ ਤੋਂ ਜੇ ਕਿਸ਼ਤੀ ਮਿਲਦੀ,***
***ਕਿਸਨੂੰ ਚੜ੍ਹਾਵੇ ਇਸ 'ਤੇ।***

***ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥***
***ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ਅੰਗ – 858***

ਚਾਰ ਮਿਹਣੇ ਦੇ ਦਿੱਤੇ ਪ੍ਰਮੇਸ਼ਰ ਨੂੰ, ਰਜ਼ਾ ਵਿੱਚ ਨਹੀਂ ਰਾਜ਼ੀ ਹੋ ਰਿਹਾ। ਮੇਹਣੇ ਦੇ ਰਿਹਾ ਹੈ। ਆਵਾਜ਼ ਆਈ ਆਕਾਸ਼ 'ਚੋਂ ਕਹਿੰਦੇ, ਸਧਨਿਆਂ! ਤੂੰ ਤਾਂ ਸ਼ਰੀਕਾਂ ਵਾਂਗਣ ਲੜਨ ਲੱਗ ਗਿਆ। ਭਗਤਾਂ ਦਾ ਤਾਂ ਇਹ ਕੰਮ ਨਹੀਂ ਹੁੰਦਾ। ਭਗਤ ਤਾਂ –

*ਤੇਰਾ ਕੀਆ ਮੀਠਾ ਲਾਗੈ ॥* **ਅੰਗ - 394**

ਜੋ ਕੁਛ ਹੁੰਦਾ ਹੈ ਉਹ ਭਗਵਾਨ ਵਲੋਂ ਆਇਆ ਸਮਝ ਕੇ ਮਿੱਠਾ ਲਗਦਾ ਹੈ ਤੂੰ ਤਾਂ ਮੇਹਣੇ ਤੇਹਣੇ ਦੇਣ ਲੱਗ ਗਿਆ। ਉਸ ਵੇਲੇ ਸਧਨੇ ਨੂੰ ਸੋਝੀ ਪਈ ਕਿ ਹੈਂ ਪਿਆਰ ਦਾ ਮਾਮਲਾ, ਪਿਆਰ ਵਾਲਾ ਤਾਂ ਕੁਰਬਾਨੀ ਹੀ ਦਿੰਦਾ ਹੁੰਦਾ ਹੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* **ਅੰਗ - 1102**

ਗਿਣਤੀ ਨਾ ਖਾਵੇ। ਪਿਆਰੇ ਤਾਂ ਸਿਰ ਦਿੰਦੇ ਹੀ ਤੁਰੇ ਆਏ ਨੇ ਅਰ ਖੁਸ਼ ਹੁੰਦੇ ਰਹੇ ਨੇ ਕਿ ਮੈਂ ਤਾਂ ਮਿਹਣੇ ਦੇਣ ਲੱਗ ਗਿਆ। ਮਿਹਣਿਆਂ ਵਾਲਾ ਤਾਂ ਪਿਆਰ ਸੱਚਾ ਨਹੀਂ ਹੋਇਆ ਕਰਦਾ। ਉਹਦਾ ਤਾਂ ਗਰਜ ਦਾ ਪਿਆਰ ਹੋਇਆ ਕਰਦਾ ਹੈ, ਆਪਣੇ ਸਰੀਰ ਦੀ ਰਾਖੀ ਵਾਸਤੇ ਮੈਂ ਪ੍ਰਮੇਸ਼ਰ ਨੂੰ ਮਿਹਣੇ ਦਿੰਦਾ ਹਾਂ। ਫੇਰ ਮੇਰਾ ਪਿਆਰ ਕਾਹਦਾ ਹੋਇਆ। ਉਸ ਵੇਲੇ ਨਿਮਰਤਾ 'ਚ ਆਇਆ ਛਾਤੀ ਤੱਕ ਕੰਧ ਆ ਗਈ। ਗਰਦਨ ਵਾਲੀ ਇੱਟ ਲਾਉਣ ਲੱਗੇ ਨੇ ਉਸ ਵੇਲੇ ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ।

*ਧਾਰਨਾ - ਅਉਸਰੁ ਮੇਰੀ ਓ ਰੱਖ ਲੱਜਿਆ,*
*ਪਿਆਰੇ ਮੈਂ ਸਧਨਾ ਜਨ ਤੇਰਾ।*
*ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥*
*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥* **ਅੰਗ - 858**

ਅਧੀਨਗੀ ਦੇ ਨਾਲ ਬੇਨਤੀ ਕੀਤੀ, ਕਹਿਣ ਲੱਗੇ ਹੇ ਪ੍ਰਭੂ! ਮੈਂ ਤੇਰਾ ਹਾਂ। ਹੁਣ ਅਉਸਰ ਪੈ ਗਈ, ਵਕਤ ਆ ਗਿਆ। ਹੁਣ ਤੂੰ ਮੇਰੀ ਲੱਜਿਆ ਰੱਖ ਲੈ। ਉਸੇ ਵੇਲੇ ਕੀ ਹੁੰਦਾ ਹੈ, ਜਦੋਂ ਇੱਟ ਰੱਖਣ ਲੱਗੇ ਗਲ ਦੇ ਬਰਾਬਰ, ਕੰਧ ਐਡੇ ਜ਼ੋਰ ਦੀ ਫੱਟੀ, ਦੂਰ-ਦੂਰ ਤੱਕ ਜਾ ਕੇ ਕੰਧ ਲਗਦੀ ਹੈ। ਉਸ ਵੇਲੇ ਕੰਧ ਫਟ ਗਈ, ਨਾਲ ਦੀ ਨਾਲ ਕੀ ਦੇਖਦੇ ਨੇ ਕਿ ਸਧਨੇ ਦੇ ਕੱਟੇ ਹੋਏ ਹੱਥ ਉਥੇ ਹੀ ਸਾਬਤ ਹੋ ਜਾਂਦੇ ਨੇ। ਵਾਹਿਗੁਰੂ ਨੇ ਲੱਜਿਆ ਰੱਖ ਲਈ, ਆਪਣਿਆਂ ਦੀ ਲਾਜ ਸਦਾ-ਸਦਾ ਤੋਂ ਰੱਖਦਾ ਆਇਆ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*
**ਅੰਗ - 451**

ਜੁਗਾਂ-ਜੁਗਾਂਤਰਾਂ ਤੋਂ ਪ੍ਰਮੇਸ਼ਰ ਆਪਣੇ ਪਿਆਰਿਆਂ ਦੀ ਲਾਜ ਰੱਖਦਾ ਆਉਂਦਾ ਹੈ। ਕੌਣ ਸੀ ਸਧਨਾ! ਥੋੜ੍ਹੀ ਦੇਰ ਪਹਿਲਾਂ ਇੱਕ ਕਸਾਈ ਸੀਗਾ, ਜਾਨਵਰ ਮਾਰਨੇ ਨਿੰਦਨੀ ਕਿਰਤ ਸੀ ਉਸਦੀ। ਜਦੋਂ ਪ੍ਰਮੇਸ਼ਰ ਵਲ ਉਸਦਾ ਮੁੱਖ ਹੋਇਆ ਤੇ ਸੱਚੀਮੁੱਚੀ ਰੱਬ ਦਾ ਬਣ ਗਿਆ। ਜਦੋਂ ਸੱਚੀਮੁੱਚੀ ਰੱਬ ਦਾ ਬਣਿਆ ਫੇਰ ਪ੍ਰਮੇਸ਼ਰ ਦੂਰ ਨਹੀਂ ਹੋਇਆ ਕਰਦਾ। ਉਹਦੀ ਸਾਰਿਆਂ ਨਾਲੋਂ ਵੱਡੀ ਭਗਤੀ ਜਿਹੜੀ ਹੈ ਉਹ ਸਾਧਸੰਗਤ ਜੀ! ਪਿਆਰ ਹੋਇਆ ਕਰਦਾ ਹੈ-

***ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ***
***ਤਿਨ ਹੀ ਪ੍ਰਭ ਪਾਇਓ।*** ***ਪਾਤਸ਼ਾਹੀ 10***

ਅਸੀਂ ਵੀ ਇਹ ਸਾਖੀ ਸੁਣੀ ਹੈ ਸਾਡੇ ਮਨ ਵਿੱਚ ਹੈ ਕਿ ਸਾਡੀ ਕਿਰਤ ਸਧਨੇ ਵਰਗੀ ਤਾਂ ਹੈ ਨਹੀਂ, ਅਸੀਂ ਤਾਂ ਉਸ ਤੋਂ ਬਹੁਤ ਚੰਗੇ ਹਾਂ ਪਰ ਚੰਗਾ ਤਾਂ ਓਹੀ ਹੈ ਜਿਹੜਾ ਰੱਬ ਦੀ ਦਰਗਾਹ ਦੇ ਅੰਦਰ ਪ੍ਰਵਾਨ ਹੋ ਜਾਵੇ। ਬਾਕੀ ਤਾਂ ਸਾਰੇ ਚਾਹੇ ਜਾਤ ਵੱਡੀ ਹੋਵੇ, ਚਾਹੇ ਛੋਟੀ ਹੋਵੇ, ਉਹ ਛੋਟਾ ਹੀ ਛੋਟਾ ਹੋਇਆ ਕਰਦਾ ਹੈ ਜਿਹੜਾ ਪ੍ਰਵਾਨ ਨਹੀਂ ਹੁੰਦਾ। ਸੋ ਇਸ ਤਰ੍ਹਾਂ ਦੇ ਨਾਲ ਆਪਣੇ ਮਨਾਂ ਨੂੰ ਸਹੀ ਕਰੋ। ਭਜਨ ਕਰੋ, ਸੱਚਮੁੱਚ ਹੀ ਪ੍ਰਮੇਸ਼ਰ ਦਾ ਭਜਨ ਕਰਨਾ ਸ਼ੁਰੂ ਕਰ ਦਿਓ ਇਹ ਬਾਣ ਜਿਹੜੇ ਬਾਣੀ ਦੇ ਨੇ ਲੱਗ ਜਾਣ ਦਿਓ। ਵੂਲਟ ਪਰੂਫ ਜੈਕਟਾਂ ਪਾ ਕੇ ਨਾ ਆਇਆ ਕਰੋ। ਉਨ੍ਹਾਂ 'ਚ ਗੋਲੀ ਅੰਦਰ ਨਹੀਂ ਜਾਂਦੀ, ਜਾਕਟ 'ਚ ਰਹਿ ਜਾਂਦੀ ਹੈ। ਅਸੀਂ ਵੀ ਵੂਲਟ ਪਰੂਫ ਲੈ ਕੇ ਆਉਂਦੇ ਹਾਂ ਕਿ ਕਿਤੇ ਕੋਈ ਸਬਦ ਦਾ ਬਾਣ ਨਾ ਲੱਗ ਜਾਵੇ, ਕਿਤੇ ਐਸਾ ਨਾ ਹੋਵੇ ਕਿ ਅਸੀਂ ਭਜਨ ਹੀ ਕਰਨ ਲੱਗ ਜਾਈਏ। ਹਿੰਮਤ ਕਰੋ ਸਾਧਸੰਗਤ ਜੀ! ਕਲਜੁਗ ਦੇ ਅੰਦਰ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ - 642***

ਸੋ ਦੋ ਤਿੰਨ ਅਸੂਲ ਆਪਾਂ ਇਹਦੇ ਵਿੱਚ ਵਿਚਾਰ ਕਰੇ ਨੇ ਪਹਿਲਾਂ ਬਾਣੀ ਦਾ ਬਾਣ ਲੱਗ ਗਿਆ। ਦੂਸਰਾ ਪ੍ਰਭੂ ਨਾਲ ਪਿਆਰ ਲੱਗਿਆ। ਤੀਸਰਾ ਪਰਇਸਤ੍ਰੀ ਦਾ ਤਿਆਗ, ਚੌਥਾ ਦ੍ਰਿੜ੍ਹਤਾ ਪ੍ਰਮੇਸ਼ਰ ਉਤੇ ਵਿਸ਼ਵਾਸ਼। ਇਹ ਚਾਰੋ ਚੀਜ਼ਾਂ ਦੇ ਨਾਲ ਉਸਨੂੰ ਕਿੰਨਾ ਉੱਚਾ ਚੁੱਕ ਦਿੱਤਾ ਕਿ ਪ੍ਰਮੇਸ਼ਰ ਨੂੰ ਆਪ ਆ ਕੇ ਉਹਦੇ ਸਾਰੇ ਕਾਰਜ ਠੀਕ ਕਰਨੇ ਪਏ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਇੱਕ ਕਸਾਈ ਕਿੱਡੀ ਉੱਚੀ ਪਦਵੀ ਪ੍ਰਾਪਤ ਕਰਕੇ ਬੈਠਾ ਹੈ ਪਤਾ ਨਹੀਂ ਉਹਦੀ ਬਾਅਦ ਦੀ ਅਵਸਥਾ ਕਿੱਡੀ ਉੱਚੀ ਹੋਵੇ, ਕਿੱਡਾ ਮਹਾਂਪੁਰਸ਼ ਬਣ ਗਿਆ ਹੋਵੇ। ਕਿਉਂਕਿ ਇਤਿਹਾਸ ਇਸ ਗੱਲ ਦੇ ਉਤੇ ਚੁੱਪ ਹੈ। ਐਨਾ ਕੁ ਜਿੰਨਾਂ ਮੈਂ ਆਪ ਦੇ ਬੇਨਤੀ ਕੀਤੀ ਹੈ ਇਹ ਵੀ ਤਰੋੜ ਮਰੋੜ ਕੇ ਕਈ ਇਤਿਹਾਸਾਂ 'ਚ ਲਿਖਿਆ ਹੋਇਆ ਹੈ, ਇੱਕ ਥਾਂ ਨਹੀਂ ਹੈ। ਕੋਈ ਕਿਵੇਂ ਲਿਖਦਾ ਹੈ, ਕੋਈ ਕਿਵੇਂ। ਪਰ ਸਾਡਾ ਮੰਤਵ ਇਹ ਹੈ ਕਿ ਅਸੀਂ ਸਿਧਾਂਤ 'ਤੇ ਪਹੁੰਚਣਾ ਹੈ। ਸਿਧਾਂਤ ਤੇ ਪਹੁੰਚਣਾ

ਹੈ ਕਿ ਜੇ ਵਾਹਿਗੁਰੂ ਭੇਖ ਧਾਰੀਆਂ ਦੀ ਵੀ ਰੱਖਦਾ ਹੈ ਤੇ ਜਿਹੜੇ ਸੱਚੇ ਸੁੱਚੇ ਨੇ ਉਨ੍ਹਾਂ ਦੀ ਤਾਂ ਉਹਨੇ ਰੱਖਣੀ ਹੀ ਰੱਖਣੀ ਹੈ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

*ਗੁਰਸਤੋਤਰ, ਅਰਦਾਸ, ਹੁਕਮਨਾਮਾ।*

# 8

## ਗਗਨ ਦਮਾਮਾ ਬਾਜਿਓ....।

ਜੋ ਪਹਿਲਾਂ ਵਿਚਾਰ ਚੱਲ ਰਹੀ ਸੀ 'ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਓ' ਕਮਾਲ ਦਰਜੇ ਦੀ ਬਾਤ ਹੈ ਜੇ ਸਾਡੇ ਸਮਝ ਵਿੱਚ ਆ ਜਾਵੇ। ਸਮਝਾਉਣ ਵਾਸਤੇ ਪ੍ਰਤੀਕ ਬਾਹਰਲਾ ਲਿਆ ਹੈ, ਬੋਲੀ ਬਾਹਰਲੀ ਲਈ ਹੈ। ਇਹ ਨਹੀਂ ਪਤਾ ਕਿ ਉਸ ਨੂੰ ਮਹੱਤਤਾ ਦਿੱਤੀ ਹੈ। ਅਸੀਂ ਗਲਤੀ ਨਾਲ, ਅਸਲ ਚੀਜ਼ ਨੂੰ ਤਾਂ ਛੱਡ ਜਾਂਦੇ ਹਾਂ, ਨਕਲ ਚੀਜ਼ ਨੂੰ ਅਸੀਂ ਪੂਰਾ ਹੀ ਜ਼ੋਰ ਦੇ ਦਿੰਦੇ ਹਾਂ। ਉਹਦੇ ਵਿੱਚ ਹੀ ਆ ਜਾਂਦਾ ਹੈ –

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥***

***ਅੰਗ – 1105***

ਦੂਜੇ ਪਾਸੇ ਜਦੋਂ ਅਸੀਂ ਗੁਰੂ ਸਾਹਿਬ ਤੋਂ ਪੁੱਛਦੇ ਹਾਂ ਕਿ ਮਹਾਰਾਜ ਤੁਸੀਂ ਸੂਰਮਾ ਕਹਿੰਦੇ ਕਿਸਨੂੰ ਓਂ? ਮਹਾਰਾਜ ਕਹਿੰਦੇ ਜਿਹੜੇ ਭਿੜ ਕੇ ਮਰਦੇ ਨੇ ਇਨ੍ਹਾਂ ਨੂੰ ਨਹੀਂ ਕਹਿੰਦੇ ਅਸੀਂ। ਫੇਰ ਸੂਰਮਾ ਕੌਣ ਹੋਇਆ? ਕਹਿੰਦੇ ਜਿਹੜਾ ਬਹੁਤ ਵੱਡਾ ਯੁੱਧ ਕਰਦਾ ਹੈ। ਜਿਹਦੀ ਮਿਸਾਲ ਦੁਨੀਆਂ 'ਚ ਹੈ ਨਹੀਂ। ਜਿਹੜਾ ਜਿੱਤ ਪ੍ਰਾਪਤ ਕਰ ਲਏ। ਅਖੀਰ ਦੇ ਉਤੇ ਉਹ ਕਹਿੰਦੇ ਨੇ ਕਿ ਜਿਹਨੇ ਆਪਣਾ ਆਪਾ ਛੋਟਾ ਆਪਾ ਵੱਡੇ ਆਪੇ ਦੇ ਵਿੱਚ ਲੀਨ ਕਰ ਦਿੱਤਾ। ਉਹਨੂੰ ਅਸੀਂ ਸੂਰਮਾ ਕਹਿੰਦੇ, ਹਾਂ –

***ਨਾਨਕ ਸੋ ਸੂਰਾ ਵਰੀਆਮੁ***
***ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥*** ***ਅੰਗ – 86***

ਮੈਂ ਦਾ ਭਾਵ, ਸਾਰਾ ਆਪਣਾ ਚੇਤਨ ਮੈਂ ਤੇ ਚਲਦਾ ਹੈ ਕਿਉਂਕਿ ਸਾਡੇ ਮੂਹਰੇ ਇੱਕ ਸਵਾਲ ਆ ਗਿਆ। ਉਹ ਸਾਰੀ ਜ਼ਿੰਦਗੀ ਕਰੀ ਜਾਈਏ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***

***ਅੰਗ – 1***

ਇਹ ਇੱਕ ਸਵਾਲ ਹੈ ਸਾਡੇ ਮੂਹਰੇ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਇਹ ਗੱਲ ਸਾਡੇ ਸਮਝ 'ਚ ਆਉਂਦੀ ਹੀ ਨਹੀਂ ਚਾਹੇ ਕਿੰਨੇ ਹੀ ਲੈਕਚਰ ਦੇ ਲਓ, ਕਿੰਨੇ ਹੀ ਕੀਰਤਨ ਕਰ ਲਓ, ਗੁਰੂ ਮਹਾਰਾਜ ਨੇ 1430 ਪੰਨਿਆਂ ਦੇ ਵਿੱਚ ਵੇਦਾਂ ਸ਼ਾਸਤਰਾਂ ਦੇ ਲੱਖਾਂ ਸਲੋਕਾਂ ਦੇ ਵਿੱਚ,

ਗੀਤਾ ਦੇ 700 ਸਲੋਕਾਂ ਦੇ ਅੰਦਰ, ਕੁਰਾਨ ਸ਼ਰੀਫ ਦੇ ਕਈ ਹਿੱਸਿਆਂ ਦੇ ਅੰਦਰ, ਕਿਤੇ ਕਹਾਣੀਆਂ ਦੇ ਨਾਲ, ਕਿਤੇ ਪ੍ਰਤੀਕ ਬਣਾ ਕੇ, ਬੇਅੰਤ ਤਰੀਕਿਆਂ ਦੇ ਨਾਲ ਸਮਝਾਉਣ ਦਾ ਯਤਨ ਕੀਤਾ ਹੈ, ਇੱਕੋ ਗੱਲ ਜਿਹੜੀ ਪਹਿਲਾਂ ਮੈਂ ਬੋਲੀ ਹੈ। ਇਹ ਸਾਡੇ ਸਮਝ 'ਚ ਨਹੀਂ ਪੈਂਦੀ ਗੱਲ, ਆਉਂਦੀ ਹੀ ਨਹੀਂ ਸਮਝ 'ਚ। ਉਹਦੇ ਵਾਸਤੇ ਅਸੀਂ ਯਤਨ ਕਰਦੇ ਹਾਂ, ਜੇ ਕਹੋ ਕਿ ਅਸੀਂ ਕਾਰੋਬਾਰੀ ਬੰਦੇ ਹਾਂ, ਮਹਾਰਾਜ ਕਹਿੰਦੇ ਇਹ ਗੱਲ ਰੱਦ ਕਰ ਦਿੱਤੀ ਕਿ ਕਾਰੋਬਾਰ ਦਾ ਤਾਂ ਸਬੰਧ ਨਹੀਂ ਹੈ ਉਥੇ। ਕਾਰੋਬਾਰ ਕਈ ਵਾਰੀ helpful ਹੈ ਇਹਦੇ ਵਿੱਚ। ਘਰ ਛੱਡ ਕੇ, ਜੰਗਲਾਂ 'ਚ ਜਾ ਕੇ, ਮਹਾਰਾਜ ਨੇ ਸਾਰਾ ਕਿਹਾ ਹੈ –

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥***

***ਅੰਗ – 641***

ਉਹ ਦਰਅਸਲ ਮਹਾਰਾਜ ਧਿਆਨ ਦਿਵਾਉਣਾ ਚਾਹੁੰਦੇ ਨੇ ਕਿ ਤੁਹਾਡੇ ਸਾਮ੍ਹਣੇ ਇੱਕ ਮਹਾਨ ਯੁੱਧ ਦੀ ਵੰਗਾਰ ਪੈਦਾ ਹੋ ਚੁੱਕੀ ਹੈ। ਇਹ ਯੁੱਧ ਦੀਆਂ ਫੌਜਾਂ ਦਿੱਸਣ ਵਾਲੀਆਂ ਨਹੀਂ ਹਨ। 'ਆਤਮ ਮਾਰਗ' ਦੇ ਵਿੱਚ ਜਿਹੜੇ ਪਹਿਲੇ ਪਾਠਕ ਨੇ ਉਨ੍ਹਾਂ ਨੇ ਪੜ੍ਹਿਆ ਹੋਣਾ ਹੈ, ਇੱਕ ਵਾਰੀ ਮੈਂ ਲੇਖ ਲਿਖਿਆ ਸੀ, 'ਮਨ ਮਵਾਸੀ ਰਾਜਾ' ਉਹਦੇ 64 ਸੂਰਮੇ ਲਿਖੇ ਸੀ ਵੱਡੇ-ਵੱਡੇ। ਜਿਹੜੇ opposite (ਬਿਪਰੀਤ) ਸੀ ਉਹ ਨਹੀਂ ਮੈਂ ਦੱਸ ਸਕਿਆ ਕਿਉਂਕਿ ਮੇਰੇ ਕੋਲ ਸਮਾਂ ਨਹੀਂ ਸੀ। ਤੇ ਇਹ ਦੋ ਫੌਜਾਂ ਹਰੇਕ ਆਦਮੀ ਦੇ ਅੰਦਰ ਖੜ੍ਹੀਆਂ ਨੇ। ਉਹ ਵੱਡੇ-ਵੱਡੇ ਸੂਰਮਿਆਂ ਦੀ ਗੱਲ ਕਰੀ ਹੈ, ਜਿਹੜੇ ਸਿਪਾਹੀ ਨੇ ਇੱਕ ਸੂਰਮੇ ਦੇ under (ਅਧੀਨ) ਕਿੰਨੇ ਸਿਪਾਹੀ ਹੁੰਦੇ ਨੇ। ਉਨ੍ਹਾਂ ਦੀਆਂ ਗੱਲਾਂ ਕਰ-ਕਰ ਕੇ ਵੇਦ ਕਤੇਬ ਸਭ ਥੱਕ ਜਾਂਦੇ ਨੇ ਕਿਉਂਕਿ infinity (ਅਨੰਤਤਾ) ਹੈ ਹਰ ਪਾਸੇ, ਚੰਗਿਆਈ ਵਿੱਚ ਵੀ infinity (ਅਨੰਤਤਾ) ਹੈ, ਬੁਰਿਆਈ ਵਿੱਚ ਵੀ infinity (ਅਨੰਤਤਾ) ਹੈ। ਅੰਤ ਨਹੀਂ, ਵਾਹਿਗੁਰੂ ਦੀ ਕਿਸੇ ਚੀਜ਼ ਦਾ ਅੰਤ ਨਹੀਂ ਹੈ। ਨਾ ਸਿਫਤਾਂ ਦਾ ਅੰਤ ਹੈ, ਨਾ ਕਹਿਣ ਦਾ, ਨਾ ਦੇਣ ਦਾ ਅੰਤ ਹੈ, ਨਾ ਲੈਣ ਦਾ। ਇਹ ਚੀਜ਼ ਸਾਡੇ ਹੱਥ 'ਚ ਹੈ। ਅਸੀਂ ਕੋਈ ਪਹਾੜਾਂ ਵਿੱਚ ਤਾਂ ਰਹਿੰਦੇ ਨਹੀਂ ਹਾਂ ਕਿ ਗੁਫਾਵਾਂ ਦੇ ਵਿੱਚ ਬੈਠ ਕੇ ਅਸੀਂ ਤਪ ਕਰੇ ਨੇ। ਬਰਫਾਂ ਦੇ ਵਿੱਚ ਅਸੀਂ ਰਹੇ ਹਾਂ ਜਾਂ ਬਾਕਾਇਦਾ ਤਰੀਕੇ ਦੇ ਨਾਲ ਗ੍ਰੰਥ ਪੜ੍ਹੇ ਨੇ, ਸਾਡੇ ਕੋਲ ਵਿਹਲ ਹੀ ਨਹੀਂ ਹੈ। ਤਿੰਨ ਸਾਲ ਦੇ ਬੱਚੇ ਨੂੰ ਮਾਂ-ਬਾਪ ਸਕੂਲਾਂ ਵਿੱਚ ਭੇਜ ਦਿੰਦੇ ਨੇ, ਬੱਚਿਆਂ 'ਤੇ ਐਨਾ ਬੋਝ ਪਾ ਦਿਤਾ ਕਿ ਉਨ੍ਹਾਂ ਦਾ ਵਿਕਾਸ ਹੀ ਨਹੀਂ ਹੁੰਦਾ, ਉਹ ਮਜ਼ਬੂਰ ਨੇ। ਪ੍ਰਦੇਸਾਂ ਵਿੱਚ ਇਸ ਕਰਕੇ ਮਜ਼ਬੂਰ ਨੇ ਕਿ ਉਨ੍ਹਾਂ ਨੂੰ babysitter (ਦਾਈ) ਦੀ ਲੋੜ ਹੈ, ਪਰ ਉਥੇ ਇਹ ਨਹੀਂ ਕਿ ਜਿਵੇਂ ਸਾਡੇ ਏਥੇ ਯੂਨੀਅਰ, ਸੀਨੀਅਰ ਬਣਾਏ ਹੋਏ ਨੇ। ਸਾਡੇ ਇਹ ਹੈ ਕਿ ਚਲੋ ਬੱਚੇ ਨੂੰ ਬਾਹਰ ਭੇਜ ਦਿਓ, ਪੜ੍ਹਾਉਣਾ ਕੀਹਨੇ ਨੇ ਟੀਚਰ ਨੇ ਉਹਨੂੰ ਮੱਤ ਦੇਣੀ ਹੈ, ਓਹੀ ਸਮਾਂ ਹੁੰਦਾ ਹੈ ਤਿੰਨ ਚਾਰ ਸਾਲ ਦਾ, ਜਿਹਦੇ 'ਚ ਬੱਚੇ ਦੀ ਬਣਤਰ ਬਣਨੀ ਹੈ, ਉਹਦੇ ਵਿੱਚ ਹੀ ਮਾਂ ਨੂੰ ਧੰਨ ਕਹਿਣਾ ਹੈ, ਉਹਦੇ ਵਿੱਚ ਹੀ ਮਾਂ ਨੂੰ ਮਹਾਰਾਜ ਨੇ ਕਹਿਣਾ ਹੈ ਵਿਧਵਾ ਹੋ ਜਾਂਦੀ ਤੂੰ। ਕਿਉਂਕਿ ਜ਼ਿੰਮੇਵਾਰੀ ਉਹਨੇ ਪੂਰੀ ਤਰ੍ਹਾਂ feel (ਮਹਿਸੂਸ) ਨਹੀਂ ਕਰੀ। ਇਹ ਸਮਾਜਿਕ ਗੱਲ ਹੈ, ਜਿਹੜੀ ਸਾਡੇ

ਵਸ ਤੋਂ ਬਾਹਰ ਦੀ ਚੀਜ਼ ਹੈ। ਨਾ ਸਾਡੇ ਕੋਲ ਐਨਾ ਸਮਾਂ ਹੈ ਕਿ ਅਸੀਂ ਸੋਚ ਸਕੀਏ, ਨਾ ਅਸੀਂ ਕਰ ਸਕੀਏ। ਹੁਣ ਜਿਹੜਾ reference (ਸੰਕੇਤ) ਹੈ ਵੱਡੀ ਚੀਜ਼ ਸਾਡੇ ਸਾਮ੍ਹਣੇ ਲੰਘਦਾ ਤੁਰਿਆ ਜਾ ਰਿਹਾ ਹੈ। ਸਭ ਤੋਂ ਵੱਡਾ interest (ਲਾਭ) ਹੈ ਉਹ ਇਹ ਹੈ ਕਿ ਦੁੱਖਾਂ ਤੋਂ ਕਿਵੇਂ ਖਾਤਮਾ ਪਾਇਆ ਜਾਵੇ।

ਸਿਧਾਰਥ ਨੇ ਸਿਰਫ ਚਾਰ ਦੁੱਖ ਦੇਖੇ ਸੀ ਉਹਨੂੰ 21 ਸਾਲ ਦੀ ਉਮਰ ਤੱਕ ਬਾਹਰ ਨਹੀਂ ਸੀ ਨਿਕਲਣ ਦਿੱਤਾ। 10-15 ਮੀਲ ਦਾ ਇੱਕ ਏਰੀਆ ਸੀ ਉਹਦੇ ਵਿੱਚ ਹੀ ਬਾਗ ਸੀ, ਉਹਦੇ ਵਿੱਚ ਹੀ ਪਹਾੜ ਸੀ, ਉਹਦੇ ਵਿੱਚ ਹੀ ਚੀਤਾ ਸੀ, ਉਹਦੇ ਵਿੱਚ ਹੀ ਸਭ ਕੁਛ ਸੀ। limited (ਸੀਮਿਤ) ਨਾਚ ਗਾਉਣੇ ਉਹਦੇ ਵਿੱਚ ਹੀ ਸੀਗੇ। ਦੁਨੀਆਂ ਓਸ ਰੂਪ ਦੇ ਵਿੱਚ, ਚੌਦਾਂ ਪੰਦਰਾਂ ਮੀਲ ਦੇ ਅੰਦਰ ਵਸਾਈ ਹੋਈ ਸੀ, ਜਿਹੜੀ ਖੁਸ਼ੀ-ਖੁਸ਼ੀ ਦੇਵੇ, ਦੁੱਖ ਦਾ ਨਾਮ ਨਿਸ਼ਾਨ ਨਾ ਹੋਵੇ। ਇੱਕ ਦਿਨ ਉਸ ਨੇ ਕਿਹਾ ਕਿ ਚੰਨਿਆ! ਮੈਂ ਉਤਰਾਅਧਿਕਾਰੀ ਹਾਂ ਕੱਲ੍ਹ ਨੂੰ ਮੈਂ ਰਾਜਾ ਬਣਨਾ ਹੈ, ਮੈਂ ਦੁਨੀਆਂ ਤਾਂ ਦੇਖੀ ਹੀ ਨਹੀਂ ਹੈ, ਮੈਂ ਰਾਜ ਕਰਨਾ ਹੈ ਤੇ ਤੂੰ ਤਿੰਨ ਦਰਵਾਜ਼ੇ ਤਾਂ ਖੋਲ੍ਹਦਾ ਹੈਂ, ਮੈਨੂੰ ਦਸ-ਦਸ ਵੀਹ-ਵੀਹ ਮੀਲ ਲੈ ਜਾਂਦਾ ਹੈਂ। ਪਰ ਚੌਥੇ ਦਰਵਾਜ਼ੇ ਨੂੰ ਨਹੀਂ ਕਦੇ ਵੀ ਖੋਲ੍ਹਦੇ, ਇਹਦਾ ਤਾਲਾ ਲੱਗੇ ਨੂੰ ਵੀ ਵੀਹ ਸਾਲ ਹੋ ਗਏ।, ਤਾਲਾ ਖੋਲ੍ਹ ਮੈਂ ਦੇਖਣਾ ਚਾਹੁੰਦਾ ਹਾਂ ਕਿ ਏਧਰ ਕੀ ਹੈ। ਏਧਰ ਸੀ ਸਾਡੀ ਦੁਨੀਆਂ। ਉਹਨੇ ਦੇਖਣਾ ਸੀ ਕਿ ਦੁਨੀਆਂ ਦੇ ਅੰਦਰ ਸੁੱਖ ਹੈ, ਦੁੱਖ ਹੈ ਕੀ ਹੈ। ਉਹ ਪਹਿਲਾ ਹੀ ਜਿਹੜਾ ਉਹਦਾ ਵਾਹ ਪਿਆ, ਬਾਹਰ ਨਿਕਲਦੇ ਸਾਰ ਬੱਘੀ ਖੜ੍ਹ ਗਈ। ਕਹਿੰਦਾ, ਕੀ ਗੱਲ ਚੰਨਿਆ! ਕੀ ਗੱਲ ਬੱਘੀ ਰੋਕ ਲਈ? ਕਹਿੰਦਾ, ਹਜ਼ੂਰ! ਬਿਰਧ ਪੁਰਸ਼ ਜਾ ਰਿਹਾ ਹੈ।

ਕੀ ਹੁੰਦਾ ਹੈ ਬਿਰਧ ਮੈਂ ਤਾਂ ਦੇਖਿਆ ਹੀ ਨਹੀਂ ਅੱਜ ਤੱਕ?

ਆਹ ਜਿਹੜਾ ਸੜਕ ਪਾਰ ਕਰ ਰਿਹਾ ਹੈ।

ਕਹਿੰਦੇ, ਇਹਦੇ ਮੂੰਹ ਦੇ ਵਿੱਚੋਂ ਤਾਂ ਲਾਲਾਂ ਨਿਕਲਦੀਆਂ ਨੇ, ਹੱਥ ਕੰਬ ਰਹੇ ਨੇ। ਸਰੀਰ ਵਜ਼ਨ ਨਹੀਂ ਸਹਿ ਰਿਹਾ। ਸੋਟੀ ਦੇ ਸਹਾਰੇ ਵੀ ਪੈਰ ਨਹੀਂ ਪੁੱਟ ਰਿਹਾ। ਇਹਨੂੰ ਬਿਰਧ ਪੁਰਸ਼ ਕਹਿੰਦੇ ਨੇ?

ਕਹਿਣ ਲੱਗਿਆ, ਹਾਂ ਮਹਾਰਾਜ! ਇਹ ਬਿਰਧ ਪੁਰਸ਼ ਹੁੰਦਾ ਹੈ।

ਚੰਨਿਆ! ਇੱਕ ਗੱਲ ਦੱਸ। ਕੌਣ ਲੋਕ ਨੇ ਜਿਹੜੇ ਬਿਰਧ ਹੋ ਜਾਂਦੇ ਨੇ। ਮੇਰਾ ਪਿਤਾ ਅਤੇ ਮੇਰੀ ਮਾਤਾ ਅਜੇ ਬਿਰਧ ਨਹੀਂ ਹੈ? ਮੈਂ ਨਹੀਂ ਬਿਰਧ?

ਉਹ ਕਹਿਣ ਲੱਗਿਆ, ਹਜ਼ੂਰ! ਇਹ ਸਰੀਰ ਜਿਹੜਾ ਹੈ ਇਹਦੀਆਂ ਤਿੰਨ ਅਵਸਥਾਵਾਂ ਨੇ। ਇਹ ਬਚਪਨ ਦੇ ਵਿੱਚ ਬੱਚਾ ਹੁੰਦਾ ਹੈ, ਫੇਰ ਜਵਾਨੀ ਆਉਂਦੀ ਹੈ ਇਸ ਤੋਂ ਬਾਅਦ ਫੇਰ ਬਿਰਧਪੁਣਾ ਆ ਹੀ ਜਾਂਦਾ ਹੈ। ਕਿੰਨੇ ਹੀ ਵਿਟਾਮਿਨ ਖਾ ਲਓ, ਕਿੰਨੀ ਵਰਜਿਸ ਕਰ ਲਓ, ਜੋ ਜੀਅ ਕਰਦਾ ਹੈ ਕਰ ਲੈ ਇਹਨੇ ਆ ਹੀ ਜਾਣਾ ਹੈ। ਇਹ ਪਰਿਵਰਤਨ ਹੋ

ਰਿਹਾ ਹੈ। ਜਿਵੇਂ ਹੁਣੇ ਹੀ ਇੱਥੇ ਦੱਸਿਆ ਸੀ ਕਿ ਇੱਕ ਸਕਿੰਟ ਦੇ ਕਰੋੜਵੇਂ ਹਿੱਸੇ ਵਿੱਚ ਪਰਿਵਰਤਨ ਹੋ ਰਿਹਾ ਹੈ। ਉਸ ਤੋਂ ਵੀ ਅਗਾਹਾਂ ਹੈ। ਪਰਿਵਰਤਨਸ਼ੀਲ ਜਿਹੜੀ ਚੀਜ਼ ਹੈ ਉਹ ਸਥਿਰ ਨਹੀਂ ਰਹਿੰਦੀ ਇਸ ਕਰਕੇ ਬੁਢਾਪਾ ਆਉਣਾ ਹੀ ਆਉਣਾ ਹੈ ਅਰ ਇਹ ਹਾਲ ਹੋਣਾ ਹੀ ਹੋਣਾ ਹੈ।

ਗੱਲਬਾਤ ਹੋਈ, ਅੱਗੇ ਤੁਰ ਪਏ। ਕੁਦਰਤੀ ਅੱਗੇ ਹਾਇ-ਹਾਇ ਹੋ ਰਹੀ ਹੈ। ਫੇਰ ਬੱਘੀ ਰੋਕ ਲਈ। ਕਹਿਣ ਲੱਗਿਆ, ਹੁਣ ਤੂੰ ਕਿਉਂ ਬੱਘੀ ਰੋਕ ਲਈ? ਕਹਿਣ ਲੱਗਿਆ, ਹਜ਼ੂਰ! ਬਿਮਾਰ ਪੁਰਸ਼ ਹੈ।

ਕਹਿਣ ਲੱਗੇ, ਬੀਮਾਰ ਕੀ ਹੁੰਦਾ ਹੈ? ਇਹ ਵੀ ਮੈਨੂੰ ਜ਼ਰਾ ਖੋਲ੍ਹ ਕੇ ਦੱਸ?

ਬੱਘੀ ਤੋਂ ਉਤਰ ਗਿਆ, ਜਾ ਕੇ ਦੇਖਣ ਲੱਗ ਗਿਆ। ਵਟੇ ਖਾਂਦਾ ਹੈ ਉਹ, ਜਾ ਕੇ ਦੇਖਣ ਲੱਗ ਗਿਆ। ਲੋਕ ਉਹਦਾ ਉਪਚਾਰ ਕਰਦੇ ਨੇ, ਕੋਈ ਕੁਛ ਕਰਦਾ ਹੈ, ਕੋਈ ਸਿਰ ਘੁੱਟਦਾ ਹੈ, ਕੋਈ ਲੱਤਾਂ ਘੁੱਟਦਾ ਹੈ, ਕੋਈ ਪਾਣੀ ਲਿਆ ਕੇ ਮੂੰਹ ਵਿੱਚ ਪਾਉਂਦਾ ਹੈ।

ਕਹਿਣ ਲੱਗੇ, ਚੰਨਿਆ! ਇਹ ਕੀ ਗੱਲ? ਐਨੀ ਤਕਲੀਫ?

ਕਹਿਣ ਲੱਗਿਆ, ਮਹਾਰਾਜ! ਇਹ ਬੀਮਾਰ ਹੋ ਗਿਆ, ਕੁਦਰਤ ਦੇ ਨਿਯਮ ਨੇ ਕੁਛ। ਸਰੀਰ ਨੂੰ ਤੰਦਰੁਸਤ ਰੱਖਣ ਲਈ, ਜਿਹੜਾ ਵੀ ਬੰਦਾ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਰੇਗਾ। ਉਹ ਹਰ ਹਾਲਤ ਦੇ ਵਿੱਚ ਬੀਮਾਰ ਹੋਏਗਾ। ਭਾਵੇਂ ਉਹ ਸੁਆਦੂ ਚੀਜ਼ਾਂ ਖਾਂਦਾ ਹੈ, ਰੋਗ ਉਪਜਦੇ ਨੇ।

ਦੂਸਰਾ ਮਹਾਰਾਜ ਜੋ ਇਸ ਸੰਸਾਰ ਦੇ ਅੰਦਰ ਜੋ ਪਰਮ ਸ਼ਕਤੀ ਹੈ, ਉਹਦੇ ਨਾਲ ਜੇ ਜੁੜਿਆ ਰਹੇ ਤਾਂ ਇਹਦੇ ਨਰੋਆਪਨ ਆਉਂਦਾ ਰਹਿੰਦਾ ਹੈ ਵਿਕਾਰ ਨਿਕਲਦੇ ਰਹਿੰਦੇ ਨੇ, ਜਦੋਂ ਇਹਦਾ ਸੰਪਰਕ ਟੁੱਟਣਾ ਸ਼ੁਰੂ ਹੋ ਜਾਏਗਾ, ਉਸ ਵੇਲੇ ਇਹ ਬੀਮਾਰ ਹੋ ਜਾਏਗਾ। ਸਾਰੀਆਂ ਬੀਮਾਰੀਆਂ ਆ ਜਾਣਗੀਆ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

***ਅੰਗ - 135***

ਬਾਕੀ ਇਹ ਜੀਵ ਜਦੋਂ ਗਲਤ ਕਰਦਾ ਹੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥***

***ਅੰਗ - 932***

ਈਰਖਾ ਦੇ ਵਿੱਚ ਆਉਂਦਾ ਹੈ ਇਹਦੇ ਕਰੋੜਾ ਸੈਲ ਜਲ ਜਾਂਦੇ ਨੇ। ਕਰੋੜ ਦੇ ਵਿੱਚ ਵਿਸਫੋਟ ਹੁੰਦਾ ਹੈ, ਕਰੋੜਾਂ ਸੈਲ ਜਾਲ ਦਿੰਦਾ ਹੈ। ਇਸ ਤਰ੍ਹਾਂ ਕੁਛ ਬੰਦਾ ਇਹ ਆਪਣੇ ਆਪ ਬੀਮਾਰ ਹੁੰਦਾ ਹੈ, ਲਾਪਰਵਾਹੀਆਂ ਕਰਦਾ ਹੈ, ਗਲਤ ਚੀਜ਼ਾਂ ਖਾਂਦਾ ਹੈ, ਇਸ ਕਰਕੇ ਹਜ਼ੂਰ ਬੀਮਾਰ ਹੋ ਜਾਂਦਾ ਹੈ। ਕਹਿਣ ਲੱਗਿਆ, ਮੈਂ ਵੀ ਹੋ ਸਕਦਾ ਹਾਂ? ਕਹਿੰਦੇ ਹਾਂ, ਜੇ ਤੁਸੀਂ ਵੀ ਲਾਪਰਵਾਹੀ ਕਰੋਂਗੇ ਤੁਸੀਂ ਹੋ ਜਾਓਂਗੇ, ਮੈਂ ਵੀ ਹੋ ਜਾਵਾਂਗਾ। ਤਾਂ, ਤਾਂ ਕਹਿੰਦੇ ਕੁਛ ਨਾ ਹੋਇਆ ਇਹ ਗੱਲ। ਕੋਈ ਚੀਜ਼ਾਂ ਖਾਣ ਨੂੰ

ਜੀਅ ਕਰਦਾ ਹੈ? ਉਹ ਕਹਿੰਦੇ, ਨਹੀਂ ਖਾਣੀਆਂ। ਕਿਉਂਕਿ ਉਹ ਕੁਦਰਤ ਦੇ ਨੇਮ ਦੇ ਖਿਲਾਫ ਹੈ। ਅੱਗੇ ਚਲਿਆ ਜਾਂਦਾ ਹੈ, ਇੱਕ ਅਰਥੀ ਜਾ ਰਹੀ ਹੈ। ਅਰਥੀ ਨੂੰ ਦੇਖ ਕੇ ਸਾਰੇ ਲੋਕ ਬੜੇ ਸ਼ੋਕਵਾਨ ਨੇ। ਜਿਹੜੇ ਨੇੜੇ ਦੇ ਸੀ ਉਹ ਰੋ ਰਹੇ ਨੇ। ਬੱਘੀ ਤੋਂ ਉਤਰਿਆ ਨੇੜੇ ਚਲਿਆ ਗਿਆ। ਉਨ੍ਹਾਂ ਨੇ ਬਾਦਸ਼ਾਹ ਦਾ ਲੜਕਾ ਦੇਖ ਕੇ ਰੋਕ ਲਈ, ਪੁੱਛਿਆ ਇਹ ਕੀ ਗੱਲ ਹੈ?

ਕਹਿਣ ਲੱਗੇ, ਜੀ! ਇਹਦੀ ਚੇਤਨ ਕਲਾ ਸੀ ਜਿਹੜੀ ਸਰੀਰ ਦੀ ਉਹ ਨਿਕਲ ਗਈ। ਕਹਿੰਦੇ ਹੁਣ ਜਿਹੜਾ ਇਹ ਸਰੀਰ ਹੈ, ਇਹ ਹੁਣ ਕਿਸੇ ਕੰਮ ਦਾ ਨਹੀਂ ਰਿਹਾ। ਇਹ ਜਾਲ ਦਿੱਤਾ ਜਾਏਗਾ, ਜਲ ਵਿੱਚ ਵੀ ਸੁੱਟ ਦਿੱਤਾ ਜਾਂਦਾ ਹੈ। ਇਹਦਾ ਇਹੀ ਹੈ ਕਿ ਖਤਮ ਹੋ ਜਾਵੇ ਨਹੀਂ ਤਾਂ ਬਦਬੂ ਫੈਲ ਜਾਂਦੀ ਹੈ। ਬੀਮਾਰੀ ਫੈਲ ਜਾਂਦੀ ਹੈ। ਓਹੀ ਸਰੀਰ ਜਿਹੜਾ ਚਾਰ ਦਿਨ ਪਹਿਲਾਂ ਖਿੱਚਦਾ ਸੀਗਾ।

***ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥***
***ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥***

***ਅੰਗ - 1378***

ਉਸ ਵੇਲੇ ਕੱਜਲ ਦੀ ਇੱਕ ਰੇਖ ਨਾ ਸਹਿਣ ਕਰਕੇ ਗੋਲੀ ਨੂੰ ਮਾਰਿਆ ਕੁੱਟਿਆ ਤੇ ਅੱਜ ਇਹਦੇ ਅੰਦਰ ਆਲ੍ਹਣਾ ਪਿਆ ਹੋਇਆ ਹੈ ਜਾਨਵਰਾਂ ਦਾ। ਕਹਿਣ ਲੱਗਿਆ, ਮਹਾਰਾਜ ਇਹ ਫੇਰ ਮੌਤ ਹੋ ਜਾਂਦੀ ਹੈ, ਖਤਮ ਹੋ ਜਾਂਦਾ ਹੈ।

ਕਹਿਣ ਲੱਗਿਆ, ਚੰਨਿਆ! ਮੈਂ ਵੀ ਐਸ ਤਰ੍ਹਾਂ ਹੋਊਂ?

ਕਹਿੰਦਾ, ਹਾਂ ਹਜ਼ੂਰ! ਇਸੇ ਤਰ੍ਹਾਂ ਅਸੂਲ ਇਹ ਚਲਦਾ ਹੈ, ਕਹਿਣ ਲੱਗਿਆ, ਹਜ਼ੂਰ ਆਪ ਦਾ ਪੜਦਾਦਾ ਕਿੱਥੇ ਹੈ? ਨਕੜਦਾਦਾ ਕਿੱਥੇ ਹੈ? ਉਹ ਸਭ ਚਲੇ ਗਏ ਨੇ, ਇੱਥੇ ਕੋਈ ਰਹਿੰਦਾ ਨਹੀਂ ਹੈ। ਸਭ ਨੂੰ ਜਾਣਾ ਪੈਂਦਾ ਹੈ। ਤੁਸੀਂ ਵੀ ਚਲੇ ਜਾਣਾ ਹੈ, ਮੈਂ ਵੀ ਚਲੇ ਜਾਣਾ ਹੈ। ਉਦਾਸ ਬਹੁਤ ਹੋ ਗਿਆ। ਕਹਿਣ ਲੱਗਿਆ, ਚੰਨਿਆ! ਇਨ੍ਹਾਂ ਦੇ ਚਿਹਰੇ 'ਤੇ ਰੌਣਕ ਕਿਉਂ ਨਹੀਂ ਕਿਸੇ ਦੇ? ਕਹਿੰਦੇ, ਮਹਾਰਾਜ! ਇਹ ਦੁੱਖਾਂ ਨਾਲ ਗ੍ਰਸਤ ਹੋਏ ਹੋਏ ਨੇ। ਦੁੱਖ ਪ੍ਰਮੇਸ਼ਰ ਨੇ ਨਹੀਂ ਦਿੱਤਾ, ਦੁੱਖ ਆਦਮੀ ਨੇ ਖੁਦ ਆਪ ਪੈਦਾ ਕੀਤਾ ਹੋਇਆ ਹੈ। ਅੱਗੇ ਉਸਨੂੰ ਇੱਕ ਮਹਾਤਮਾ ਮਿਲ ਗਿਆ। ਚਿਹਰਾ ਦਗ-ਦਗ ਕਰਦਾ ਹੈ, ਖੁਸ਼ੀ ਹੈ, ਨੇਤਰਾਂ ਦੇ ਵਿਚੋਂ ਪ੍ਰਸੰਨਤਾ ਦੀਆਂ ਕਿਰਨਾਂ ਨਿਕਲ ਰਹੀਆਂ ਨੇ। ਚਿਹਰਾ ਖਿੜਿਆ ਪਿਆ ਹੈ, ਉਥੇ ਜਾ ਕੇ ਨਮਸ਼ਕਾਰ ਕਰੀ।

ਚੰਨਾ ਕਹਿਣ ਲੱਗਿਆ ਇਨ੍ਹਾਂ ਨੂੰ ਸੱਤਤਾ ਪੁੱਛ ਲਓ।

ਮਹਾਤਮਾ ਨੇ ਸਮਝਾਇਆ ਕਹਿੰਦੇ ਸਿਧਾਰਥ! ਇਹ ਅਰਬਾਂ ਖਰਬਾਂ ਸਾਲਾਂ ਤੋਂ ਦੁੱਖ ਕੱਟਦਾ ਫਿਰਦਾ ਹੈ। ਜੰਮਦਾ ਹੈ, ਮਰਦਾ ਹੈ, ਇੱਕ ਪਰਿਵਾਰ ਮਿਲਦਾ ਹੈ ਦੂਜਾ ਵਿਛੜ ਜਾਂਦਾ ਹੈ। ਇੱਕ ਮਿਲਦਾ ਹੈ ਦੂਜਾ ਵਿਛੜ ਜਾਂਦਾ ਹੈ। ਨਵੇਂ 'ਚ ਫੇਰ ਚਲਿਆ ਜਾਂਦਾ ਹੈ। ਇਸ ਤਰ੍ਹਾਂ ਇਹਨੂੰ ਖਰਬਾਂ ਹੀ ਸਾਲ ਲੰਘ ਚੁੱਕੇ ਨੇ, ਕੋਈ ਸਥਿਰ ਅਵਸਥਾ ਇਸਨੂੰ ਪ੍ਰਾਪਤ ਨਹੀਂ

ਹੁੰਦੀ। ਜਿਸਨੂੰ ਨਿਰਵਾਣ ਕਹਿੰਦੇ ਨੇ। ਉਹ ਨਿਰਵਾਣ ਵਾਸਤੇ 'ਆਤਮ ਖੋਜ' ਕਰਨੀ ਪੈਂਦੀ ਹੈ, ਜਦੋਂ ਤੱਕ ਇਹ ਜੀਵ ਆਪਣੇ ਆਪ ਨੂੰ ਪਛਾਣਦਾ ਨਹੀਂ, ਆਤਮ ਖੋਜ ਨਹੀਂ ਕਰਦਾ। ਓਨਾਂ ਚਿਰ ਜਿਹੜੇ ਇਹਦੇ ਬੰਧਨ ਪਏ ਹੋਏ ਨੇ ਉਹ ਟੁੱਟ ਨਹੀਂ ਸਕਦੇ। ਬੇਅੰਤ ਬੰਧਨ ਪਏ ਹੋਏ ਨੇ ਹਜ਼ਾਰਾਂ ਦੀ ਤਾਦਾਦ 'ਚ। ਮਹਾਤਮਾ ਦੀ ਗੱਲ ਸੁਣ ਕੇ ਅਣਸੁਣੀ ਨਹੀਂ ਕਰੀ। ਸੰਜੀਦਾ ਹੋ ਗਿਆ ਕਿ ਮੈਂ ਤਾਂ ਇਹ ਦੁੱਖਾਂ ਦੀ ਦੁਨੀਆਂ 'ਚ ਨਹੀਂ ਰਹਿਣਾ। ਉਹਨੇ ਕਹਿ ਦਿੱਤਾ ਕਿ ਇਹ ਸਾਰਾ ਸੰਸਾਰ ਦੁਖੀ ਹੈ। ਦੁੱਖਾਂ ਦਾ ਘਰ ਹੈ, ਇੱਥੇ ਸੁੱਖ ਦਾ ਨਾਮ-ਨਿਸ਼ਾਨ ਨਹੀਂ ਹੈ। ਗੁਰੂ ਮਹਾਰਾਜ ਨੇ ਕਿਹਾ ਕਿ ਮਹਾਤਮਾ ਜੀ! ਤੁਹਾਡੀ ਗੱਲ ਹੈ ਤਾਂ 100% ਠੀਕ, ਪਰ ਇਸ ਤੋਂ ਅਗਲੀ ਜਿਹੜੀ ਗੱਲ ਹੈ, ਉਹ ਜੇ add ਕਰ ਦਿੰਦੇ ਤਾਂ ਦੁਨੀਆਂ ਨੂੰ ਭੁਲੇਖਾ ਨਾ ਪੈਂਦਾ। ਉਹ ਇਹ ਹੈ ਕਿ -

***ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥***
***ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥***
***ਅੰਗ - 954***

ਹੈ ਤਾਂ ਦੁਖੀਆ, ਕੋਈ ਸੁਖੀਆ ਨਹੀਂ ਇੱਥੇ। ਮਰਦਾਨੇ ਨੇ ਬਥੇਰੀ ਗੱਲਬਾਤ ਕਰੀ ਕਿ ਸੁਖੀ ਹੈ। ਮਹਾਰਾਜ ਕਹਿੰਦੇ ਪੁੱਛ ਕੇ ਦੇਖ ਲੈ। ਜਦ ਸੇਠ ਨਾਲ ਗੱਲ ਕਰੀ, ਸੱਤਘਰੇ ਵਾਲੇ ਨਾਲ ਉਹ ਉੱਚੀ-ਉੱਚੀ ਰੋਂਦਾ ਹੈ। ਹੈਰਾਨ ਹੋ ਗਿਆ ਕਿ ਮੈਂ ਤਾਂ ਐਵੇਂ ਛੇੜ ਬੈਠਿਆ ਇਹਨੂੰ। ਮਹਾਰਾਜ ਕਹਿੰਦੇ, ਨਹੀਂ ਸੰਸਾਰ 'ਚ ਸੁੱਖ, ਕਿਉਂਕਿ ਸੁੱਖ ਦੇ ਨਾਲ ਜੁੜਿਆ ਹੋਇਆ ਨਹੀਂ ਹੈ। ਇਹਦਾ ਸਾਰਾ ਰੁਖ ਦੁੱਖ ਵਿੱਚ ਹੈ। ਇਹਨੂੰ ਸੋਝੀ ਨਹੀਂ ਹੈ ਕਿ ਸੁੱਖ ਦੇ ਵਿੱਚ ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ? ਕਿਵੇਂ ਮਹਾਂ ਸੁੱਖ ਪ੍ਰਾਪਤ ਕਰ ਸਕਦਾ ਹੈ।

ਮਹਾਰਾਜ ਕਹਿੰਦੇ, ਮਹਾਤਮਾ ਜੀ! ਹੈ ਤਾਂ ਇਵੇਂ ਜਿਵੇਂ, ਜਿਵੇਂ ਤੁਸੀਂ ਕਿਹਾ ਹੈ। ਅਸੀਂ ਵੀ differ (ਵੱਖਰਾ) ਨਹੀਂ ਕਰਦੇ। ਅਸੀਂ ਆਪ ਕਹਿੰਦੇ ਹਾਂ ਕਿ ਨਾਨਕ ਦੁਖੀਆ ਸਭ ਸੰਸਾਰ। ਸਾਰੇ ਸੰਸਾਰ ਨੂੰ ਮਹਾਰਾਜ ਨੇ ਕਹਿ ਦਿੱਤਾ ਪਰ ਉਨ੍ਹਾਂ ਨੇ ਇਹ ਗੱਲ ਵੀ ਨਾਲ ਕਹਿ ਦਿੱਤੀ -

***ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥***
***ਅੰਗ - 954***

ਕੋਈ ਵੀ ਕਰਮ ਹੋਰ ਲੇਖੇ ਵਿੱਚ ਨਹੀਂ ਪੈਂਦਾ। ਕੇਵਲ ਨਾਮ ਦੇ ਮੰਨਣ ਨਾਲ ਆਦਮੀ ਪਰਮ ਸੁੱਖੀ ਹੋ ਜਾਂਦਾ ਹੈ। ਹੁਣ ਇਹ ਨਾਮ ਨਹੀਂ ਸਾਡੇ ਸਮਝ ਵਿੱਚ ਆਉਂਦਾ, ਜਦੋਂ ਤੋਂ ਅਸੀਂ ਜੰਮੇ ਹਾਂ, ਜਦ ਤਾਈਂ ਜਾਣਾ ਹੈ ਆਹੀ ਹੋਣਾ ਹੈ, ਨਾਮ ਜਪ ਲਓ - ਨਾਮ ਜਪ ਲਓ। ਨਾਮ ਹੈ ਕੀ? ਜਿਹਦੇ ਵਿੱਚ ਐਨੀਆਂ ਬਰਕਤਾਂ ਨੇ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - 649***

ਉਹ ਚੀਜ਼ ਕੀ ਹੋਈ? ਉਹ ਗੱਲ ਸਾਡੀ ਸਮਝ 'ਚ ਨਹੀਂ ਆ ਰਹੀ ਕਿਉਂਕਿ ਅਸੀਂ passing reference (ਪਾਸ ਕਰਨ ਦਾ ਹਵਾਲਾ) ਸੁਣਦੇ

ਹਾਂ, ਬਾਕਾਇਦਾ ਸਕੂਲ ਨਹੀਂ ਹੈ ਜਿਥੇ ਸਾਨੂੰ ਇਹ ਦ੍ਰਿੜ੍ਹ ਕਰਾ ਦਿੱਤਾ ਜਾਵੇ, ਅਭਿਆਸ ਕਰਾ ਦਿੱਤੇ ਜਾਣ, ਫੇਰ ਸਾਡੇ ਕੋਲ ਫੁਰਸਤ ਨਹੀਂ ਹੈ, ਮਹਾਰਾਜ ਨੇ ਕਿਹਾ ਕਿ ਇਹ ਤਾਂ ਹੋ ਜਾਏਗਾ, ਹੋ ਸਕਦਾ ਹੈ ਕੋਈ ਔਖੀ ਗੱਲ ਨਹੀਂ ਹੈ। ਲੇਕਿਨ ਇਹਦੇ ਅੰਦਰਲੇ ਪਾਸੇ psychology (ਮਨੋਵਿਗਿਆਨ) ਗੁੰਝਲਦਾਰ ਪਈ ਹੈ ਕਿ ਜੇ ਗੁਫਾ ਦੇ ਵਿੱਚ ਵੀ ਏਸਨੂੰ ਬਿਠਾ ਦਿੱਤਾ ਤਾਂ ਉਥੇ ਵੀ ਨਹੀਂ ਇਹ ਹਟਦੀ –

***ਦੇਸੁ ਛੋਡਿ ਪਰਦੇਸਹਿ ਧਾਇਆ ॥***
***ਪੰਚ ਚੰਡਾਲ ਨਾਲੇ ਲੈ ਆਇਆ ॥*** ***ਅੰਗ – 1348***

ਉਹ ਅਸਲੀ ਤਾਂ ਚੀਜ਼ ਉਹ ਹੈ ਜਿਹੜਾ ਅੰਦਰ ਹੈ ਤੇਰੇ ਉਹਦੇ ਨਾਲ ਜਦੋਂ ਤੱਕ ਉਹ ਹਾਰ ਨਹੀਂ ਮੰਨਦੇ, ਤੂੰ ਪ੍ਰਮ ਸੁਖੀ ਨਹੀਂ ਹੋ ਸਕਦਾ। ਜਦੋਂ ਉਨ੍ਹਾਂ ਨੇ ਹਾਰ ਮੰਨ ਲਈ ਤਾਂ ਨਿਰਵਾਣ ਪਦ ਪ੍ਰਾਪਤ ਹੋ ਜਾਂਦਾ ਹੈ ਜਿਹੜਾ ਵੱਡੇ ਤੋਂ ਵੱਡਾ ਹੈ, ਨਿਰਵਾਣ ਪਦ ਤੋਂ ਉਪਰ ਵੀ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ। ਸਾਡਾ ਤੇ ਬੁੱਧ ਧਰਮ ਦਾ ਐਨਾ ਹੀ ਫਰਕ ਹੈ, ਪਹੁੰਚਦਾ ਤਾਂ ਉਹ ਵੀ ਸਿਖਰ ਹੈ, ਲੇਕਿਨ ਅਭੇਦ ਅਵਸਥਾ 'ਚ ਨਹੀਂ ਜਾਂਦਾ ਉਹ। ਜਾਂਦਾ ਪੂਰਾ ਉੱਚਾ, ਇੱਕ ਜਿਹੜੀ ਪਉੜੀ ਹੈ ਹੇਠ ਰਹਿ ਗਿਆ। ਗੁਰੂ ਮਹਾਰਾਜ ਨੇ ਕਿਹਾ ਕਿ ਨਹੀਂ ਇੱਥੇ ਨਹੀਂ, ਇੱਕ ਪਉੜੀ ਹੋਰ ਚੜ੍ਹੋ, ਅਭੇਦ ਅਵਸਥਾ 'ਚ, ਆਪਣਾ ਆਪਾ ਪੂਰੀ ਤਰ੍ਹਾਂ ਨਾਲ ਮਿਟਾਓ, ਇਹਨੂੰ ਬਾਕੀ ਨਾ ਬਚਣ ਦਿਓ। ਹੁਣ ਮੈਂ ਗੱਲ ਜਿਹੜੀ ਕਰਦਾ ਹਾਂ, ਉਹ ਇਹ ਹੈ ਕਿ ਹੁਣੇ ਪ੍ਰਿੰਸੀਪਲ ਸਾਹਿਬ ਨੇ ਕਿਹਾ ਸੀ ਉਹ ਮੈਨੂੰ ਕਿਉਂ ਕਹਿਣ ਦੀ ਲੋੜ ਪਈ, ਉਹ ਇਸ ਕਰਕੇ ਪਈ ਕਿਉਂਕਿ ਬਾਣੀ ਦੇ ਅੰਦਰ ਤੁਕਾਂ ਨੂੰ ਅੱਡ-ਅੱਡ ਕੱਢ ਕੇ, ਸੁਤੰਤਰ ਅਰਥ ਕਰਕੇ, ਅਰਥ ਦਾ ਅਨਰਥ ਹੁੰਦਾ ਹੈ। ਹੁਣ ਇਸਨੂੰ ਲੈ ਲਿਆ ਦੁਨੀਆਂ ਦੇ ਹਿਸਾਬ 'ਚ –

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।***
***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਜਨ ਕੋ ਦਾਉ।***

ਉਹ ਕਹਿੰਦੇ ਜਦੋਂ ਦਮਾਮਾ ਵੱਜ ਗਿਆ ਤੇ ਘਾਵ ਪੂਰਾ ਪੈ ਗਿਆ, ਨਿਸ਼ਾਨੇ ਦੇ ਉਤੇ ਬਾਣ ਲੱਗ ਗਿਆ ਕਿ ਹੁਣ ਨਾ ਪਿੱਛੇ ਹਟੀਂ, ਹੁਣ ਜੇ ਮੈਂ ਇਹਦੀ ਵਿਆਖਿਆ ਕਰਾਂ। ਸਮਝਣ ਦੀ ਕੋਸ਼ਿਸ਼ ਕਰੋ। ਇਹ ਲੜਾਈ ਅੱਜ ਤੋਂ ਨਹੀਂ ਚੱਲ ਰਹੀ, ਜਦੋਂ ਤੋਂ ਸੰਸਾਰ ਰਚਿਆ ਹੈ, ਉਸ ਵੇਲੇ ਤੋਂ ਹੀ ਦਮਾਮਾ ਵੀ ਵੱਜ ਰਿਹਾ ਹੈ ਤੇ ਯੁੱਧ ਵੀ ਹੁੰਦੇ ਆਏ।

ਜਿਵੇਂ ਪ੍ਰਿੰਸੀਪਲ ਸਾਹਿਬ ਨੇ ਕਿਹਾ ਸੀ, ਬਾਹਰਲੇ ਦਾ ਪ੍ਰਤੀਕ ਅੰਦਰ ਨਹੀਂ ਹੈ। ਜਿਹੜੇ ਆਹ ਕਹਿ ਦਿੰਦੇ ਨੇ ਕਿ ਬਾਹਰੋਂ ਆਹ ਨਿਸ਼ਾਨ ਲਗਾ ਲਓ, ਬਾਹਰਲੀਆਂ ਚੀਜ਼ਾਂ ਅੰਦਰਲੇ ਦਾ ਪ੍ਰਤੀਕ ਨੇ। ਅੰਦਰਲਾ ਯੁੱਧ ਜਾਰੀ ਹੈ ਜਦ ਤੋਂ ਸੰਸਾਰ ਰਚਿਆ ਹੈ, ਜਿੱਦਣ ਤੋਂ ਰਚਿਆ ਹੈ। ਵਾਹਿਗੁਰੂ ਜੀ ਨੇ ਇਸ ਸ੍ਰਿਸ਼ਟੀ ਦੇ ਅੰਦਰ ਦ੍ਵੈਤ ਜਿਹੜੀ ਹੈ ਇੱਕ ਹਉਮੈ ਦੀਆਂ ਫੌਜਾਂ ਨੇ, ਇੱਕ ਨਾਮ ਦੀਆਂ ਨੇ, ਇਨ੍ਹਾਂ ਦਾ ਮੁੱਢ ਤੋਂ ਵਿਰੋਧ ਚਲਿਆ ਆ ਰਿਹਾ ਹੈ –

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***
***ਅੰਗ – 560***

ਐਸ ਤਰ੍ਹਾਂ ਸਮਝੋ ਕਿ ਇੱਕ ਪਰਮ ਸ਼ਕਤੀ ਦੇਣ ਵਾਲੀ ਹੈ ਇੱਕ ਪ੍ਰਮ ਦੁੱਖ ਦੇਣ ਵਾਲੀਆਂ ਨੇ। ਹੁਣ ਜਿੰਨਾਂ ਚਿਰ ਪ੍ਰਮ ਦੁੱਖ ਦੇਣ ਵਾਲੀਆਂ ਚੀਜ਼ਾਂ ਖਤਮ ਨਹੀਂ ਹੁੰਦੀਆਂ, ਪਰਮ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਅਸੀਂ ਸ਼ਾਂਤੀ ਦੀ ਪ੍ਰਾਪਤੀ ਵਾਸਤੇ ਬੇਅੰਤ ਯਤਨ ਕਰ ਰਹੇ ਹਾਂ। ਹਰ ਥਾਂ ਦੇ ਵਿੱਚੋਂ ਸੁੱਖ ਭਾਲ ਰਹੇ ਹਾਂ। ਮਹਾਰਾਜ ਕਹਿੰਦੇ ਸੁੱਖ ਨਹੀਂ ਤੈਨੂੰ ਪਤਾ –

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥* *ਅੰਗ – 222*

ਸੁੱਖ ਤਾਂ ਸਾਰੇ ਮੰਗਦਾ ਹੈ ਲੇਕਿਨ ਉਹ ਤਰੀਕੇ ਨਹੀਂ ਕਰਦਾ ਜਿਥੋਂ ਸੁੱਖ ਮਿਲਣਾ ਹੈ। ਸੁੱਖ ਤੇਰੇ ਅੰਦਰ ਹੈ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥*
*ਅੰਗ – 644*

ਤੇਰੇ ਅੰਦਰ ਸੁੱਖ ਦਾ ਬਹੁਤ ਵੱਡਾ ਖਜ਼ਾਨਾ ਹੈ, ਤੂੰ ਬਾਹਰੋਂ ਨਾ ਸੁੱਖ ਭਾਲ ਪਿਆਰਿਆ। ਸੁੱਖ ਤੇਰੇ ਅੰਦਰ ਹੈ। ਸੁੱਖ ਹੈ ਸਤਿ, ਚਿਤ, ਅਨੰਦ ਵਾਹਿਗੁਰੂ। ਉਹ ਸਤਿ ਚਿੱਤ ਅਨੰਦ ਜਿਹੜਾ ਤੇਰੇ ਅੰਦਰ ਪਰੀਪੂਰਨ ਹੈ, ਕਣ-ਕਣ ਦੇ ਵਿੱਚ ਵਿਆਪਕ ਹੈ, ਉਹਦੇ ਨਾਲ ਤੂੰ ਜੁੜ ਜਾ ਜੇ ਤੂੰ ਸਾਰੇ ਦੁੱਖਾਂ ਤੋਂ ਖਾਤਮਾ ਪਾਉਣਾ ਹੈ। ਫੇਰ ਤੂੰ ਕਹਿ ਦਏਂਗਾ –

*ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ..............।* *ਅੰਗ – 1302*

ਸੰਸਾਰ ਦੇ ਵਿੱਚ ਦੁੱਖ ਹੈ ਹੀ ਨਹੀਂ, ਇੱਥੇ ਤਾਂ ਸੁੱਖ ਹੀ ਸੁੱਖ ਹੈ ਸਾਰੇ। ਪਰ ਇਹਦੇ ਵਾਸਤੇ ਜੂਝਣਾ ਪੈਂਦਾ ਹੈ। ਜੇ ਤਾਂ ਫੌਜ ਲੜਾਈ ਕਰੇ ਤਰੀਕੇ ਦੇ ਨਾਲ ਤਾਂ, ਤਾਂ ਜਿੱਤ ਜਾਂਦੀ ਹੈ ਜੇ ਆਹ ਗੁਰੀਲਾ ਵਾਰ ਹੀ ਕਰੇ ਤਾਂ ਨਾ ਕਿਸੇ ਦੀ ਜਿੱਤ ਹੁੰਦੀ ਹੈ, ਨਾ ਹਾਰ ਹੁੰਦੀ ਹੈ, ਪਰੇਸ਼ਾਨੀਆਂ ਹੀ ਪਰੇਸ਼ਾਨੀਆਂ ਨੇ। ਐਸਾ ਖਾੜਕੂਵਾਦ ਹੈ। ਉਹਨੂੰ ਮੌਕਾ ਮਿਲਿਆ ਉਹਨੇ ਹੱਲਾ ਕਰ ਦਿੱਤਾ, ਉਹਨੂੰ ਮਿਲਿਆ ਉਹਨੇ ਕਰ ਦਿੱਤਾ। ਦੋਵੇਂ ਇੱਕ ਦੂਜੇ ਨੂੰ ਜਾਣਦੇ ਨਹੀਂ ਹੈਗੇ, ਚੋਰੀ ਛਿਪੇ ਛਾਪੇ ਪੈਂਦੇ ਨੇ। ਇਹ ਸੰਘਰਸ਼ ਹੁੰਦੇ ਕਰੋੜਾਂ ਸਾਲ ਸਾਨੂੰ ਲੰਘ ਚੁੱਕੇ ਨੇ। ਅੱਜ ਅਸੀਂ ਏਸ ਸਰੀਰ 'ਚ ਬੈਠੇ ਹਾਂ। ਮਹਾਰਾਜ ਕਹਿੰਦੇ ਹੁਣ ਤੂੰ ਆਇਆ ਹੈਂ ਪਰਮ ਸੁੱਖ ਦੀ ਪ੍ਰਾਪਤੀ ਵਾਸਤੇ। ਦੁੱਖ ਦਾ ਪੂਰੀ ਤਰ੍ਹਾਂ ਦੇ ਨਾਲ ਖਾਤਮਾ ਕਰਨ ਵਾਸਤੇ ਤੇ ਜੇ ਫੌਜਾਂ ਤੂੰ ਲੜਾ ਦਿੱਤੀਆਂ ਸਹੀ ਢੰਗ ਦੇ ਨਾਲ। ਲੜਾਉਣ ਵਾਲਾ ਕੌਣ ਹੈ ਇਹਦੇ ਵਿੱਚ ਜ਼ਮੀਨ ਹੈ ਨਾ ਜਿਹੜੀ ਹੋਈ-ਹੋਈ ਇਹ ਕਰੋੜਾਂ ਸਾਲ ਦੀ ਜੀਵ ਆਤਮਾ ਜ਼ਮੀਨ ਬਣੀ ਹੈ। ਜਿਹੜਾ ਸੂਰਮਾ ਹੈ ਉਹ ਦੀਨ ਵਾਸਤੇ ਲੜਦਾ ਹੈ ਇੱਥੇ ਦੀਨ ਧਰਮ ਨੂੰ ਨਹੀਂ ਕਹਿੰਦੇ, ਮਜ਼੍ਹਬ ਨੂੰ ਨਹੀਂ ਕਹਿੰਦੇ। ਦੀਨ ਦਸ਼ਾ ਜਿਹਦੇ ਵਿੱਚ ਹੈ, ਉਹ ਹੈ ਜੀਵ ਆਤਮਾ ਹੈ। ਇੱਕ ਆਪਣੀ, ਇੱਕ ਸਾਰੇ ਸੰਸਾਰ ਦੀ, ਹੁਣ ਜਿਹੜਾ ਤਾਂ ਚੜ੍ਹ ਗਿਆ ਉਹ ਤਾਂ ਫੇਰ ਦੀਨ ਨੂੰ ਛੁਡਾਉਣ ਵਾਸਤੇ ਦਿਨ ਰਾਤ ਇੱਕ ਕਰਦਾ ਹੈ, ਆਪਣਾ ਨਿੱਜ ਛੱਡ ਦਿੰਦਾ ਹੈ। ਹਰ ਵਕਤ ਤੁਰਿਆ ਫਿਰਦਾ ਹੈ, ਹਰ ਵਕਤ ਕਿਤਾਬਾਂ ਲਿਖੇ, ਚਾਹੇ ਉਹ ਕੁਛ ਲਿਖੇ ਚਾਹੇ ਉਹ ਯਾਤਰਾਵਾਂ ਕਰੇ, ਉਹ ਦੀਨਾਂ ਨੂੰ ਛੁਡਾਉਣ ਵਾਸਤੇ ਕਰਦਾ ਹੈ। ਰੱਖਿਆ ਕਰਦਾ ਹੈ ਦੀਨ ਦੀ। ਉਹਨੂੰ

ਮਹਾਰਾਜ ਕਹਿੰਦੇ ਨੇ ਕਿ ਇਹ ਯੁੱਧ ਸਹੀ ਹੈ। ਹੁਣ ਇਹ ਯੁੱਧ ਸੰਸਾਰ ਜਦੋਂ ਤੋਂ ਬਣਿਆ ਹੈ, ਇਹ ਮੋਰਚੇ ਨੇ ਇਹਦੇ ਬਈ ਕਿਸ ਤਰ੍ਹਾਂ ਦੇ ਨਾਲ ਅਸੀਂ ਲੰਘ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਜਿਹੜਾ ਮੋਰਚਾ ਦਿੱਤਾ ਹੈ ਉਹ ਬਹੁਤਾ ਹੀ ਸੁਖਾਲਾ ਹੈ ਪਹਿਲੇ ਜਿਹੜੇ ਸੀ ਉਹ ਬੜੇ ਔਖੇ ਸੀਗੇ, ਬੜੇ ਬਿਖੜੇ ਥਾਵਾਂ ਤੋਂ ਸਾਨੂੰ ਸੁਰਤ ਚਾੜ੍ਹਨੀ ਪੈਂਦੀ ਸੀ। ਉਹਦੇ 'ਚ ਸਾਡਾ ਮੁਕਾਬਲਾ ਹੁੰਦਾ ਸੀ। ਪੰਜ ਚੋਰ ਘਾਤ ਲਾ ਕੇ ਬੈਠੇ ਸੀ, ਮਹਾਰਾਜ ਕਹਿੰਦੇ –

***ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥***

***ਅੰਗ – 339***

ਕਹਿੰਦੇ, ਬੇ-ਇਤਬਾਰੇ ਬੈਠੇ ਨੇ। ਇਨ੍ਹਾਂ ਦਾ ਵਿਸਾਹ ਕੋਈ ਨਹੀਂ ਕਿਹੜੇ ਵੇਲੇ ਤੈਨੂੰ ਸੁੱਟ ਲੈਣਗੇ। ਸਾਵਧਾਨ ਰਹਿ –

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ 1 ॥***
***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਅੰਗ – 182***

ਕਹਿੰਦੇ ਜਿੰਨੇ ਵੀ ਸੀਗੇ ਸਾਰੇ ਸੌਂ ਗਏ। ਸਾਰੇ ਪਹਿਰੂਏ ਸੌਂ ਗਏ ਤੇ ਹੁਣ ਰਹਿ ਕੀ ਗਿਆ, ਹੁਣ ਤਾਂ ਲੁੱਟ ਹੀ ਪੈ ਜਾਣੀ ਹੈ। ਫੌਜਾਂ ਨੇ ਹਾਰ ਜਾਣਾ ਹੈ, ਉਹ ਤਕੜੀਆਂ ਨੇ ਇਹ ਮਾੜਾ ਹੈ। ਉਹਦੇ ਰਸ ਤੇ ਇਹਦੇ ਰਸ ਦਾ ਪਤਾ ਹੈ, ਸ਼ਰਾਬ ਦਾ ਨੁਕਸ ਉਹ ਇੱਕ ਦਮ ਪੀਤੇ ਚੜ੍ਹ ਜਾਂਦਾ ਹੈ, ਨਾਮ ਦਾ ਰਸ ਦਸ ਸਾਲ 'ਚ ਚੜ੍ਹਦਾ ਹੈ। ਕਿਉਂਕਿ ਨਾਮ ਦਾ ਰਸ ਚੜ੍ਹਨ ਦਾ ਜਿਹੜਾ ਤਰੀਕਾ ਹੈ ਉਹਨੂੰ ਅਪਣਾਉਂਦਾ ਨਹੀਂ ਹੈ। ਉਹ ਗਲਤ ਥਿਊਰੀ ਹੋਣ ਕਰਕੇ ਨਹੀਂ ਨਾਮ ਦਾ ਰਸ ਆਉਂਦਾ। ਅਰ ਇਹਦਾ ਨਾਲ ਮੋਹ ਪੈਂਦਾ ਹੈ, ਇਹ ਅੱਖਾਂ ਨਾਲ ਦਿਸਦਾ ਹੈ ਸਭ ਕੁਛ, ਉਹ ਅੱਖਾਂ ਨਾਲ ਨਹੀਂ ਦਿਸਦਾ। ਮੋਹ ਦੀ ਬਾਤ ਹੈ ਬੱਚੇ ਦਾ ਮੋਹ ਇੱਥੇ ਹਰੇਕ ਨੂੰ ਹੈ। ਉਹ ਰੱਬ ਦਾ ਪਿਆਰ ਆਉਂਦਾ ਨਹੀਂ ਰੱਬ ਦਿਸਦਾ ਨਹੀਂ। ਮੋਹ ਦਾ ਤੇ ਪਿਆਰ ਦਾ ਫਰਕ ਹੈ ਆਪਸ ਵਿੱਚ। ਇਸ ਤਰ੍ਹਾਂ ਇਹ ਜਿਹੜੇ ਸੂਰਮੇ ਨੇ ਇਹ ਬਿਲਕੁਲ ਤਿਆਰ ਬੈਠੇ ਨੇ। ਇਨ੍ਹਾਂ ਵਾਸਤੇ ਇਹ ਹੁੰਦਾ ਹੈ ਕਿ ਮੋਰਚਾ ਫਤਹਿ ਕਰੋ ਉਪਰਲਾ। ਜਦੋਂ ਉਥੇ ਗੋਲਾ ਚਲੇਗਾ ਇਹ ਸਾਰੇ ਮਰ ਜਾਣਗੇ। ਕਿਲ੍ਹੇ ਨੂੰ ਜਿੱਤੋ ਪਹਿਲਾਂ। ਕਿਲ੍ਹੇ ਨੂੰ ਜਿੱਤਣ ਵਾਸਤੇ ਕਬੀਰ ਸਾਹਿਬ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ ਇੱਕ ਸ਼ਬਦ –

***ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥***

***ਅੰਗ – 1162***

ਸਿੰਘਾਸਨ ਤੇ ਜਾ ਕੇ ਬਹਿ ਗਏ ਤੇ ਅਬਿਨਾਸੀ ਰਾਜ ਕਰ ਲਿਆ,

ਹੁਣ ਜਿਹੜੇ ਛੋਟੇ-ਛੋਟੇ ਬੈਰੀ ਸੀਗੇ, ਇਨ੍ਹਾਂ ਦਾ ਹੁਣ ਪਤਾ ਹੀ ਨਹੀਂ ਸਾਰਿਆਂ ਨੂੰ ਕੀ ਹੋ ਗਿਆ। ਸਾਰੇ ਆਗਿਆ ਮੰਨਣ ਲੱਗ ਗਏ, ਥੱਲੇ ਕਰ ਲਏ। ਹੁਣ ਉਹਦਾ ਤਰੀਕਾ ਸੀ। ਪਹਿਲੇ ਸਮਿਆਂ ਦੇ ਅੰਦਰ ਪ੍ਰਾਣਾਯਾਮ ਦਾ ਬਲ ਲੈ ਕੇ ਗਗਨ ਦੇ ਵਿੱਚ ਜਿੱਥੇ ਦਮਾਮਾ ਵੱਜਦਾ ਹੈ, ਦਸਵਾਂ ਦੁਆਰ ਉਥੇ ਪਹੁੰਚਿਆ ਕਰਦੇ ਸੀ। ਹੁਣ ਤਾਂ ਅਸੀਂ reject (ਅਸਵਿਕਾਰ) ਹੀ ਕਰ ਦਿੱਤਾ ਕਿ ਕੀ ਲੋੜ ਹੈ ਜੀ ਇਹਦੀ। ਗੁਰੂ ਸਾਹਿਬ 'ਚ ਬਾਰ-ਬਾਰ ਆਉਂਦਾ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***

***ਅੰਗ- 954***

ਜਾਂ ਤਾਂ ਫੇਰ ਸ਼ਬਦ ਸੁਰਤ ਦੇ ਮਾਰਗ ਨਾਲ ਚੜ੍ਹ ਜਾਓ, ਜੇ ਉਹ ਨਹੀਂ ਆਉਂਦਾ ਫੇਰ ਹੋਰ ਕੋਈ ਮਾਰਗ ਦੇਖੋ। ਉਹਦੇ ਵਿਚੀਂ ਛੇ ਚੱਕਰ ਬੜੇ ਹੀ ਜਫਰ ਜਾਲ-ਜਾਲ ਕੇ ਰਹਿਤਾਂ ਰੱਖ-ਰੱਖ ਕੇ ਚੜ੍ਹਦੇ। ਜੇ ਇੱਕ ਵਾਰੀ ਇੱਕ ਕੁਰਹਿਤ ਹੋ ਜਾਵੇ। ਵੀਹ ਸਾਲ ਤਪ ਕਰਿਆ ਹੈ, ਸਖਤ ਤਪ ਕਰਿਆ ਹੈ। ਵੀਹ ਸਾਲ ਤੋਂ ਬਾਅਦ ਅਗਲਾ ਦਿਨ ਜਦ ਆਇਆ ਉਸ ਦਿਨ ਪਰਇਸਤ੍ਰੀ ਦੇ ਉਤੇ ਮੋਹਿਤ ਹੋ ਗਿਆ ਸਾਰਾ ਹੀ ਜ਼ੀਰੋ ਬਣਾ ਲਿਆ। ਕਿੱਡੀ ਤਾਕਤ ਹੈ ਉਨ੍ਹਾਂ 'ਚ। ਉਸੇ ਵੇਲੇ ਪਤਿਤ ਹੋ ਜਾਂਦਾ ਹੈ। ਕ੍ਰੋਧ ਆ ਗਿਆ, ਮਹਾਰਾਜ ਬੜੀ ਸਾਨੂੰ ਚੇਤਾਵਨੀ ਦਿੰਦੇ ਨੇ ਕਿ ਪਿਆਰਿਓ! ਕ੍ਰੋਧ ਤੋਂ ਤੁਸੀਂ ਕਰਨਾ ਕੀ ਹੈ ਜਿਹਨੂੰ ਕ੍ਰੋਧ ਆਇਆ ਵੀ ਹੋਵੇ ਨਾ, ਉਹਦੇ ਨੇੜੇ ਨਾ ਜਾਇਓ। -

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥***

***ਅੰਗ - 40***

ਉਹਦੇ ਨੇੜੇ ਤੇੜੇ ਵੀ ਨਾ ਜਾਇਓ ਜਿਹਦੇ ਅੰਦਰ ਕ੍ਰੋਧ ਹੈ, ਤੁਸੀਂ ਪਤਿਤ ਹੋ ਜਾਓਂਗੇ। ਇੱਕ ਵਾਰੀ ਵੀ ਬਿਰਤੀ ਹਿੱਲੀ ਹੋਈ ਸਾਲ-ਸਾਲ ਭਰ ਮੁੜ ਕੇ ਉਥੇ ਨਹੀਂ ਆਉਂਦੀ। ਜੇ ਇੱਕ ਵਾਰੀ ਤੁਸੀਂ ਦੱਸ ਦਿੱਤਾ ਕਿ ਮੇਰੀ ਬਿਰਤੀ ਇੱਥੇ ਚੜ੍ਹੀ ਹੋਈ ਹੈ, ਮੈਨੂੰ ਆਹ ਦ੍ਰਿਸ਼ਟਾ ਆਉਂਦਾ ਹੈ, ਮੈਨੂੰ ਆਹ ਸ਼ਬਦ ਸੁਣਦਾ ਹੈ, ਜ਼ੋਰ ਲਾ ਲਓ ਜੇ ਦੂਜੇ ਦਿਨ ਤੋਂ ਬਾਅਦ ਫੇਰ ਮੁੜ ਕੇ ਵੀ ਜੁੜ ਜਾਵੇ। ਕਿੰਨੀ ਸਾਵਧਾਨੀ ਹੈ ਕਿਉਂਕਿ leak out (ਭੇਦ ਖੁਲ੍ਹਣਾ) ਹੋ ਗਈ ਗੱਲ ਤੁਹਾਡੀ। ਭੇਦ ਖੁਲ੍ਹ ਗਿਆ, ਗੱਲ ਗਲਤ ਹੋ ਗਈ। ਇਸ ਤਰ੍ਹਾਂ ਜਫਰ ਜਾਲ-ਜਾਲ ਕੇ ਜਿਸ ਵਕਤ ਦਸਵੇਂ ਦੁਆਰ 'ਚ ਪਹੁੰਚਿਆ, ਬਾਕੀ ਤਾਂ ਜਿੱਤਦਾ ਚਲਿਆ ਗਿਆ, ਕਾਮ ਨੂੰ ਜਿੱਤ ਲਿਆ, ਕ੍ਰੋਧ ਨੂੰ ਜਿੱਤ ਲਿਆ, ਹਉਮੈ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਜੋਬਨ; ਇਨ੍ਹਾਂ ਠੱਗਾਂ ਦੇ ਉਤੇ ਫਤਹਿ ਪਾ ਲਈ, ਈਰਖਾ 'ਤੇ, ਆਸਾ ਤੇ ਅੰਦੇਸਾ ਤੇ, ਜਿਹੜੀ ਪੁਸਤਕ ਹੈ 'ਕਿਵ ਸਚਿਆਰਾ ਹੋਈਐ' (ਤਿੰਨ ਭਾਗਾਂ ਵਿੱਚ ਰਤਵਾੜਾ ਸਾਹਿਬ ਵਿਖੇ ਉਪਲੱਬਧ ਹੈ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿੱਚ) ਉਹਨੂੰ ਧਿਆਨ ਨਾਲ ਪੜ੍ਹਿਓ 950 ਸਫੇ ਇੱਕੋ ਲਾਈਨ ਦੇ ਉਤੇ ਲਿਖੇ ਹੋਏ ਨੇ। ਉਹ ਇੱਕ ਯੁੱਧ ਹੀ ਹੈ ਲਗਾਤਾਰ। ਰੱਬ ਦੇ ਦਰਵਾਜ਼ੇ 'ਤੇ ਇਨ੍ਹਾਂ ਦੇ ਵਿਚੀਂ ਹੋ ਕੇ ਕਿਵੇਂ ਲੰਘਣਾ ਹੈ। ਕਿਉਂਕਿ ਰਾਹ ਇਨ੍ਹਾਂ ਨੇ ਰੋਕਿਆ ਹੋਇਆ ਹੈ -

***ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥***
***ਅੰਗ - 877***

ਬੜੀ ਵਿਆਖਿਆ ਦੇ ਨਾਲ ਉਹਦੇ ਵਿੱਚ ਇਹ dictated (ਨਿਰਧਾਰਿਤ) ਉਚਾਰਣ ਕਰੀ ਹੈ। ਇਹਦੇ ਵਿਚੀਂ ਅਸੀਂ ਲੰਘ ਗਏ। ਹੁਣ ਰਹਿ ਕੀ ਗਿਆ ਅਖੀਰ ਦੇ ਉਤੇ, ਰਹਿ ਗਿਆ ਮੈਂ। ਜਿਹਨੂੰ ਮੈਂ ਸਮਝਦਾ ਹੈ ਇਹ ਨਹੀਂ ਮਰਿਆ ਅਜੇ। ਇਹ ਨਾਲ ਹੀ ਤੁਰਿਆ ਜਾ ਰਿਹਾ ਹੈ। ਹੁਣ ਮਹਾਰਾਜ ਕਹਿੰਦੇ ਪਿਆਰਿਆ! ਇਹਨੂੰ ਤੂੰ ਪੁਰਜਾ-ਪੁਰਜਾ ਕਰਕੇ ਕੱਟ ਦੇ। ਇਹਨੂੰ ਖਤਮ ਕਰ ਕਿਸੇ ਤਰੀਕੇ ਨਾਲ, ਨਹੀਂ ਤਾਂ ਵਾਸਾ ਨਹੀਂ ਮਿਲਣਾ 'ਗਗਨ ਮੰਡਲ' ਦੇ ਅੰਦਰ। ਹੁਣ ਉਥੇ ਜਦੋਂ ਦਮਾਮਾ ਵੱਜਿਆ, ਨਗਾਰਾ ਵੱਜਦਾ ਹੈ, ਜਾਂ ਪੁਰਾਣੇ ਜ਼ਮਾਨਿਆਂ ਦੇ ਅੰਦਰ ਸੰਖ ਵੱਜਦਾ ਸੀ। ਜਦੋਂ ਕੋਈ ਜਿੱਤ ਹੁੰਦੀ ਉਸੇ ਵੇਲੇ ਸੰਖ ਵੱਜਣਾ। ਫਾਈਨਲ ਜਿੱਤ ਵੇਲੇ ਸਾਰਿਆਂ ਦੇ ਇਕੱਠੇ ਵੱਜਣੇ। ਬਈ ਹੁਣ ਜਿਹੜਾ ਦਮਾਮਾ ਵੱਜਿਆ, ਦਮਾਮਾ ਕਿਹੜਾ ਹੈ, ਕੀ ਸੁਣਦਾ ਹੈ ਉਥੇ। ਕੀ ਕੋਈ ਸ਼ਬਦ ਸੁਣਦੇ ਨੇ। ਉਥੇ ਸੁਣਦਾ ਹੈ, ਆਪਣੀ ਬੋਲੀ 'ਚ ਮੈਂ ਦੱਸਾਂਗਾ, ਦੂਜਿਆਂ ਦੀ ਵੀ ਬੋਲੀ ਠੀਕ ਹੈ ਸਾਰਿਆਂ ਦੀ। ਉਥੇ ਪਹੁੰਚਦੇ ਸਾਰ ਸੁਣਦਾ ਹੈ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥***
***ਅੰਗ - 485***

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਪ੍ਰਮੇਸ਼ਰ ਦੀ ਹੋਂਦ ਸੁਣਦੀ ਹੈ ਕਿ ਉਥੇ ਹੋਂਦ ਕੋਈ ਹੈ ਨਹੀਂ। ਇਹ ਦਮਾਮਾ ਵੱਜ ਗਿਆ। ਕਹਿੰਦੇ ਹੁਣ ਨਾ ਪਿੱਛੇ ਹੱਟ ਜਾਈਂ। ਹੁਣ ਇਹ ਪੂਰੀ ਤਰ੍ਹਾਂ ਦੇ ਨਾਲ ਏਸ ਚੀਜ਼ ਨੂੰ ਪ੍ਰਾਪਤ ਕਰ ਤੇ ਸੂਰਮਿਆਂ ਦੇ ਵਿਚ ਹੋ ਕੇ ਹੁਣ ਸਿੰਘਾਸ਼ਨ ਦੇ ਉਤੇ ਬੈਠਣ ਦੀ ਤੇਰੀ ਵਾਰੀ ਆ ਗਈ। ਹੁਣ ਤੂੰ ਆਪਣਾ ਜਿਹੜਾ ਮੈਂ ਭਾਵ ਹੈ ਇਹਨੂੰ ਪੁਰਜਾ-ਪੁਰਜਾ ਕਰਕੇ ਕੱਟ ਦੇ। ਹੁਣ ਖੇਤ ਨਾ ਛੱਡ ਬੈਠੀਂ ਕਿਤੇ। ਹੁਣ ਅਖੀਰ ਦੇ ਉਤੇ ਤੂੰ ਪਹੁੰਚ ਗਿਆ। ਇਹ ਜੋ ਹੈ ਪ੍ਰਤੀਕ ਇਹਦਾ ਬਾਹਰਲਾ ਤੇ ਅੰਦਰਲੀ ਬਾਤ ਹੈ ਜਿਹੜੀ ਉਹ ਪ੍ਰਮੇਸ਼ਰ ਦਾ ਪੂਰਨ ਰੂਪ ਵਿੱਚ ਗਿਆਨ ਹੈ, ਮੈਂ ਮਰ ਜਾਂਦੀ ਹੈ, ਮੈਂ ਰਹਿੰਦੀ ਹੀ ਨਹੀਂ ਹੈ। ਫੇਰ ਗੱਲਬਾਤ ਕਿਵੇਂ ਕਰਦੀ ਹੈ, ਗੁਰੁ ਸਾਹਿਬ ਨੇ ਗੱਲਬਾਤ ਕਿਵੇਂ ਕਰੀ ਹੈ, ਉਹ ਬੋਲੀ ਦਾ ਆਸਰਾ ਲੈ ਕੇ ਜੀਵ ਆਤਮਾਵਾਂ ਜਿਹੜੀਆਂ ਗਿਆਨ ਦੀਆਂ ਭਰੀਆਂ ਹੋਈਆਂ ਨੇ, ਉਨ੍ਹਾਂ ਨੂੰ ਸਮਝਾਉਣ ਵਾਸਤੇ ਓਹੀ ਬੋਲੀ ਬੋਲੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਤਿੰਨ ਬੋਲੀਆਂ ਨੇ। ਇੱਕ ਬੋਲੀ ਤਾਂ ਉਨ੍ਹਾਂ ਨਾਲ deal (ਸੌਦਾ) ਕਰਦੀ ਹੈ, ਜਿਹੜੇ ਲੋਕ ਗਲਤ ਕੰਮ ਕਰਦੇ ਨੇ। ਮਹਾਰਾਜ ਕਹਿੰਦੇ ਪਿਆਰਿਆ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - 315***

*ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ - 464*

ਦੂਸਰੀ ਬੋਲੀ ਉਨ੍ਹਾਂ ਦੀ ਹੈ ਜਿਹੜੇ ਪਾਪ ਤੋਂ ਉਤੇ ਉੱਠ ਗਏ, ਪਵਿੱਤਰ ਜ਼ਿੰਦਗੀ ਹੋਏਗੀ ਤੇ ਜਿਨ੍ਹਾਂ ਦੇ ਅੰਦਰ ਲਗਨ ਲੱਗੀ ਹੋਈ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਉਹ ਬੋਲੀ ਰੌਚਕ ਹੈ ਕਿ ਇੱਥੇ ਪ੍ਰਮੇਸ਼ਰ ਦੇ ਨਾਮ ਜਪਣ ਦੇ ਨਾਲ ਕੀ-ਕੀ ਫਾਇਦੇ ਨੇ। ਸੁਖਮਨੀ ਸਾਹਿਬ ਦੇ ਵਿੱਚ ਰੌਚਕ ਬੋਲੀ ਹੈ। ਉਹ ਲਗਨ ਆਉਂਦੀ ਹੈ, ਅੱਗੇ ਨੂੰ ਪੈਰ ਵਧਾਉਂਦੀ ਹੈ। ਤੀਸਰੀ ਯਥਾਰਥ ਹੈ ਜਿੱਥੇ ਜਾ ਕੇ ਸਤਿ ਦੀ ਸੂਝ ਹੀ ਹੋ ਜਾਂਦੀ ਹੈ। ਉਥੇ ਜਾ ਕੇ ਸਾਰਾ ਹੀ ਦ੍ਰਿਸ਼ਟਮਾਨ ਹੋ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਦਰਜਾ-ਬ-ਦਰਜਾ ਸਾਨੂੰ ਉਥੇ ਲੈ ਕੇ ਜਾਂਦੇ ਨੇ। ਇਹਦੇ ਵਿੱਚ ਜੋ ਤੁਸੀਂ ਸੁਣਿਆ ਹੈ ਅਸੀਂ ਇਹਦਾ ਅਰਥ ਹੋਰ ਹੀ ਲੈ ਕੇ ਅਨਰਥ ਬਣਾ ਲੈਂਦੇ ਹਾਂ। ਅਸੀਂ ਦੁਨੀਆਂਦਾਰੀ ਦੇ ਵਿੱਚ ਗੱਲ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਤੁਸੀਂ ਸਾਰਾ ਗੁਰੂ ਗ੍ਰੰਥ ਸਾਹਿਬ ਖੋਲ੍ਹ ਦਿਓ। ਇਹਦੇ ਅੰਦਰ ਇਹ ਚੀਜ਼ਾਂ ਹੈ ਨਹੀਂ ਜਿਹੜੀਆਂ ਅਸੀਂ ਆਪਣੇ ਮਨ 'ਚੋਂ create (ਸਿਰਜਨਾ) ਕਰਕੇ ਬਾਣੀ ਦੇ ਨਾਲ ਸਿੱਧ ਕਰਨ ਦਾ ਯਤਨ ਕਰਦੇ ਹਾਂ। ਮਹਾਰਾਜ ਤਾਂ ਕਹਿੰਦੇ ਕਿ ਇੱਥੇ ਦੂਜਾ ਹੈ ਹੀ ਨਹੀਂ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*
*ਅੰਗ - 610*

ਜਦੋਂ ਬ੍ਰਹਮ ਦੀ ਪਛਾਣ ਆ ਗਈ ਫੇਰ ਦੁਸ਼ਮਣ ਕਿਹੜਾ ਰਹਿ ਗਿਆ, ਸਾਰੇ ਸਾਡੇ ਮਿੱਤਰ ਬਣ ਗਏ।

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥* *ਅੰਗ - 1299*

ਗੁਰੂ ਮਹਾਰਾਜ ਸਾਨੂੰ ਬਹੁਤ ਉੱਚਾ ਲਿਜਾਉਣਾ ਚਾਹੁੰਦੇ ਨੇ। ਜਿਹੜੇ ਦੁਨੀਆਂ ਦੇ ਪ੍ਰਤੀਕ ਨੇ, ਇਤਿਹਾਸ ਨੇ ਸਾਡੇ ਉਤੇ ਸੰਸਕਾਰ ਪਏ ਹੋਏ ਨੇ, ਬੰਧਨ ਨੇ ਅਸੀਂ ਉਨ੍ਹਾਂ 'ਚੋਂ ਨਿਕਲਣਾ ਨਹੀਂ ਚਾਹੁੰਦੇ। ਬਾਰ-ਬਾਰ ਜੀਉਂਦੇ ਹਾਂ, ਬਾਰ-ਬਾਰ ਜੀਉਣ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੀ ਨਾਲ ਹੀ ਖਿੱਚਦੇ ਹਾਂ। ਤੁਕ ਮੈਂ ਕੱਲ੍ਹ ਹੀ ਪ੍ਰੋਫੈਸਰ ਸਾਹਿਬ ਨੂੰ ਲਿਖਾਈ ਸੀ ਉਹਦੇ ਵਿੱਚ ਲਿਖਿਆ ਹੋਇਆ ਸੀਗਾ ਕਿ ਜੇ ਪਤ ਲਹਿੰਦੀ ਹੋਵੇ ਮਰ ਜਾਣਾ ਚਾਹੀਦਾ ਹੈ, ਸਭ ਖਾਣਾ ਪੀਣਾ ਹਰਾਮ। ਗੁਰੂ ਸਾਹਿਬ ਤਾਂ ਕਹਿੰਦੇ ਕਿਹੜਾ ਬੰਦਾ ਹੈ ਜਿਹਦੀ ਪਤ ਨਹੀਂ ਲਹਿੰਦੀ, ਸਾਰੇ ਹੀ ਮਰ ਜਾਓਂਗੇ? -

*ਵਿਣੁ ਨਾਵੈ ਪਤਿ ਗਇਆ ਗਵਾਇ ॥* *ਅੰਗ - 142*

ਉਹ ਜਿਹੜਾ ਨਾਮ ਨਹੀਂ ਜਪਦਾ ਉਹਦੀ ਪਤ ਹਰ ਵਕਤ ਲਹਿ ਰਹੀ ਹੈ। ਫੇਰ ਮਰਨਾ ਹੈ? ਗੁਰੂ ਮਹਾਰਾਜ ਨੇ ਕਿਹਾ ਹੈ-

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ - 142*

ਉਹ ਕਹਿੰਦੇ ਜਿਹੜੇ ਨਾਮ ਤੋਂ ਵਿਹੂਣੇ ਨੇ ਉਨ੍ਹਾਂ ਦੀ ਪਤ ਹਰ ਵਕਤ ਲਹਿੰਦੀ ਹੈ, ਉਹ ਵਾਹਿਗੁਰੂ ਸਭ ਕੁਛ ਦਿੰਦਾ ਹੈ, ਤੈਨੂੰ ਸੁੰਦਰ ਕੱਪੜੇ ਦਿੰਦਾ ਹੈ, ਸੁੰਦਰ ਘਰ ਦਿੰਦਾ ਹੈ ਪਰਿਵਾਰ ਦਿੰਦਾ ਹੈ, ਖਾਣ ਪੀਣ ਨੂੰ ਦਿਤਾ ਹੈ, ਸਰੀਰ ਦੀ ਤੰਦਰੁਸਤੀ ਦਿਤੀ ਹੈ, ਜੇ ਉਹਨੂੰ ਤੂੰ ਭੁੱਲ ਕੇ ਖਾਂਦਾ ਪੀਂਦਾ ਹੈਂ ਤੇਰਾ ਖਾਣਾ ਹਰਾਮ ਹੈ। ਅਰਥ ਤਾਂ ਇੱਥੇ ਰਹਿ ਗਿਆ, ਬਹਿ ਕੇ ਦੁਨੀਆਂ ਨੂੰ ਲੜਾ ਦਿੰਦੇ ਨੇ ਕਿ ਪਤਿ ਲਹਿ ਗਈ ਮਾਰ ਦੇ ਜੀ ਇਹਨੂੰ। ਪਿਉ ਦੀ ਕਰ ਦਿੱਤੀ ਮੁੰਡੇ ਨੇ, ਪਿਉ ਕਹਿੰਦਾ ਹੈ ਕਿ ਤੂੰ ਮੇਰੀ ਤਾਂ ਪਤਿ ਲਾਹ ਦਿੱਤੀ ਪੰਚਾਇਤ ਵਿੱਚ। ਹੁਣ ਕੀ ਪਿਉ ਮਰ ਜਾਵੇ, ਹਰਾਮ ਹੈ ਉਹਨੂੰ ਸਭ ਕੁਛ ਖਾਣਾ। ਇਹ ਹਉਮੈ ਦੀਆਂ ਪਤਾਂ ਨੂੰ ਗੁਰੂ ਸਾਹਿਬ ਨੇ ਨਹੀਂ ਗਿਣਿਆ। ਇੱਕੋ ਪਤ ਰੱਖੀ ਹੈ ਕਿ ਜਿਹਦੇ ਅੰਦਰ ਨਾਮ ਚਲਦਾ ਹੈ। ਜਿਹੜਾ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ ਉਹਦੀ ਤਾਂ ਪਤ ਕਾਇਮ ਹੈ ਬਾਕੀ ਸਾਰਿਆਂ ਦੀ ਪਤ ਲਹੀ ਹੋਈ ਹੈ। ਪੜ੍ਹ ਲਓ ਗੁਰੂ ਗ੍ਰੰਥ ਸਾਹਿਬ 'ਚ, ਕੋਈ ਤੁਕ ਕੱਢ ਕੇ ਫੇਰ ਦਿਖਾ ਦਿਓ। ਉਹ ਐਡੀ ਵੱਡੀ ਉੱਚੀ ਬਾਣੀ ਨੂੰ ਅਸੀਂ ਲਿਆ ਕੇ ਜਦੋਂ ਅਸੀਂ ਆਪਣੇ ਜੀਵਨ ਦੇ ਨਾਲ ਰਲਾਉਂਦੇ ਹਾਂ, ਅਨਰਥ ਕੱਢਦੇ ਹਾਂ ਉਸ ਵੇਲੇ ਗਲਤ ਹੋ ਜਾਂਦਾ ਹੈ, ਸਾਨੂੰ ਸੋਝੀ ਨਹੀਂ ਰਹਿੰਦੀ ਫੇਰ ਅਸੀਂ ਓਸ ਤੁਕ ਨੂੰ ਦੱਬਦੇ ਤੁਰੇ ਆਉਂਦੇ ਕਿ ਗੁਰੂ ਗ੍ਰੰਥ ਸਾਹਿਬ ਨੇ ਤਾਂ ਐਸਾ ਕਿਹਾ ਹੈ ਜੀ। ਮਾਰ ਦੇ, ਦੱਬ ਦੇ ਗਲ ਤੇਰੀ ਤਾਂ ਪਤ ਲਹਿ ਗਈ।

ਇਸ ਤਰ੍ਹਾਂ ਦੇ ਨਾਲ ਹੈ ਸਾਧਸੰਗਤ! ਸਾਰੀ ਜਿਹੜੀ ਮੇਰੀ ਬੇਨਤੀ ਹੈ ਉਹ ਇਹ ਹੈ ਕਿ ਆਪਣੇ ਸਾਮ੍ਹਣੇ ਇੱਕ ਕੰਮ ਹੈ ਕਿ ਦੁੱਖਾਂ ਤੋਂ ਕਿਵੇਂ ਛੁਟਕਾਰਾ ਹੋਵੇ। ਦੁੱਖਾਂ ਤੋਂ ਛੁਟਕਾਰਾ ਮਹਾਰਾਜ ਕਹਿੰਦੇ ਜਦੋਂ ਤੱਕ ਤੈਨੂੰ ਗਿਆਨ ਨਹੀਂ ਨਾ ਹੁੰਦਾ, ਓਨੀਂ ਦੇਰ ਤੱਕ ਦੁੱਖ ਹਟ ਹੀ ਨਹੀਂ ਸਕਦਾ ਕਿਉਂਕਿ ਸੁੱਖ ਕੇਵਲ ਵਾਹਿਗੁਰੂ ਵਿੱਚ ਹੈ ਹੋਰ ਕਿਤੇ ਸੁੱਖ ਨਹੀਂ, ਪ੍ਰਾਪਤੀਆਂ ਕਿੰਨੀਆਂ ਹੀ ਲੈ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਅੰਗ - 14*

ਮਹਾਰਾਜ ਨੇ ਵਾਰਨਿੰਗ ਦਿੱਤੀ ਕਿ ਤੈਨੂੰ ਪ੍ਰਾਪਤੀ ਐਨੀ ਹੋ ਗਈ ਕਿ ਦੇਖੀਂ ਕਿਤੇ ਨਾਮ ਨਾ ਭੁੱਲ ਜਾਈਂ -

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ - 14*

ਰਿੱਧੀਆਂ-ਸਿੱਧੀਆਂ ਭੋਗਾਂ ਦੀ ਦੁਨੀਆਂ, ਬਾਦਸ਼ਾਹੀਆਂ ਇਹ ਸ਼ਬਦ 'ਚ ਆਉਂਦੀਆਂ ਨੇ ਚਾਰੇ। ਮਹਾਰਾਜ ਕਹਿੰਦੇ ਕਿਉਂ ਅਸੀਂ ਇਹ ਕਹਿੰਦੇ ਹਾਂ ਕਿਉਂਕਿ -

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥* *ਅੰਗ - 14*

ਪ੍ਰੈਕਟੀਕਲੀ ਦੇਖ ਲਓ ਤੁਸੀਂ, ਵੱਡੇ-ਵੱਡੇ ਬੰਦਿਆਂ ਨੂੰ ਦੇਖ ਲਓ, ਸਾਡੇ ਕੋਲ ਤਾਂ ਭਲਾ ਨਹੀਂ ਆਏ, ਜੇ ਮੈਂ ਇੱਥੇ ਸੋਨੇ ਦਾ ਘਰ ਬਣਾ ਲਵਾਂ, ਹੀਰੇ ਲਾ ਲਵਾਂ, ਉਹ ਮਨ 'ਚ ਮੇਰੇ ਮੈਨੂੰ ਕੋਈ ਅੱਖਰ ਕਹਿ ਗਿਆ ਮਾੜਾ, ਨਤੀਜਾ ਕੀ ਹੋਏਗਾ, ਬੁਝਿਆ-ਬੁਝਿਆ ਫਿਰਾਂਗਾ ਮੈਂ। ਮੈਨੂੰ ਕੰਧਾਂ ਨੇ ਤਾਂ ਨਹੀਂ ਰਾਜ਼ੀ ਕਰ ਦੇਣਾ, ਜਾਂ ਉਸ ਪੈਸੇ ਦੇ ਭੰਡਾਰ ਨੇ ਨਹੀਂ ਰਾਜ਼ੀ ਕਰ ਦੇਣਾ। ਢੇਰ ਲੱਗਿਆ ਪਿਆ ਹੈ ਸੋਨੇ ਦੀਆਂ ਮੋਹਰਾਂ ਦਾ। ਉਹਨੇ ਮੇਰੇ ਮਨ ਨੂੰ ਨਹੀਂ ਰਾਜ਼ੀ ਕਰ ਸਕਣਾ। ਮੇਰਾ ਮਨ ਕਿਸੇ ਨੇ ਬੋਲੀ ਮਾਰ ਦਿੱਤੀ ਉਹਦੇ ਵਿੱਚ ਆਇਆ ਹੋਇਆ ਹੈ ਜਾਂ ਚਿੰਤਾ ਪੈਦਾ ਹੋ ਗਈ। ਉਹ ਚੀਜ਼ਾਂ ਨਹੀਂ ਦੂਰ ਸਕਿਆ ਕਰਦੀਆਂ।

ਮਹਾਰਾਜ ਕਹਿੰਦੇ ਜਿਹੜੀ ਚੀਜ਼ ਦੇ ਵਿੱਚ ਸੁੱਖ ਹੈ, ਤੁਸੀਂ ਉਹਨੂੰ follow (ਸਮਝਣਾ) ਕਰੋ, ਤਕੜੇ ਹੋ ਕੇ ਉਹ ਹੈ ਪਿਆਰਿਓ ਨਾਮ, ਨਾਮ ਤੱਕ ਪਹੁੰਚਣਾ ਕਿਵੇਂ ਹੈ? ਇਹ ਹੈ ਸੰਘਰਸ਼, ਲਗਾਤਾਰ ਸੰਘਰਸ਼ ਜਿਹਨੂੰ ਗਗਨ ਦਮਾਮੇ 'ਚ ਕਿਹਾ ਗਿਆ ਹੈ। ਉਹ ਸੰਘਰਸ਼ ਹੈ ਕਿ positive (ਨਿਸ਼ਚਿਤ) ਕਦਮ ਚੁੱਕੋ। ਐਵੇਂ negative (ਨਕਾਰਾਤਮ) ਗੱਲਾਂ ਸੁਣ ਲਈਆਂ, ਅੱਧਾ ਕੁ ਇਰਾਦਾ ਬਣਿਆ, ਅੱਧਾ ਕੁ ਨਾ ਬਣਿਆ, ਉਹਦਾ ਇੱਕ ਬਾਕਾਇਦਾ ਤਰੀਕਾ ਦੱਸਿਆ ਹੈ ਮਹਾਰਾਜ ਨੇ। ਉਹ ਹੈ ਸਭ ਤੋਂ ਵੱਡੀ ਚੀਜ਼ ਜਿਹੜੀ ਹੈ ਉਹ ਸਤਿਸੰਗ ਹੈ, ਮੁੱਖ ਦੁਆਰ ਕਹਿੰਦੇ ਨੇ। ਉਥੇ ਤੱਕ ਪਹੁੰਚਣ ਲਈ ਕਲਜੁਗ ਦੀ ਸਾਧਨਾ ਹੈ ਸਤਿਸੰਗ। ਇਹ ਸਤਿਸੰਗ ਦੇ ਵਿੱਚ ਜਿੱਥੇ ਤੁਸੀਂ ਨਜ਼ਰ ਆਉਂਦੇ ਓਂ ਇੱਥੇ ਦੀ ਦੁਨੀਆਂ ਹੋਰ ਹੈ। ਉਹ ਗੈਬ ਦੀ ਦੁਨੀਆਂ ਦੇਖਣ ਲਈ ਸਾਡੀ ਅੱਖ ਨਹੀਂ ਖੁੱਲ੍ਹੀ, ਉਹ ਵੀ ਬੈਠੇ ਨੇ।

ਇੱਕ ਵਾਰੀ ਉਥੇ ਰਤਨਗੜ੍ਹ ਕੀਰਤਨ ਹੁੰਦਾ ਸੀ, ਮੈਂ ਐਵੇਂ ਜਿਵੇਂ ਕਹਿ ਬੈਠਿਆ ਖੁਲ੍ਹੀ ਗੱਲ। ਮੈਂ ਕਿਹਾ ਇੱਥੇ ਗੰਗਾ ਆਈ ਹੋਈ ਹੈ -

*ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਬੀ ਚਲ ਆਵਤ ਤਹਾਂ।*

ਅਠਾਹਠ ਤੀਰਥਾਂ ਦੇ ਦੇਵਤੇ ਬੈਠੇ ਨੇ, ਅਗਾਹਾਂ ਦੀ ਗੱਲ ਮੈਂ ਗਲਤ ਕਹਿ ਦਿੱਤੀ ਕਿ ਮੰਗ ਲਓ ਕੀ ਮੰਗਦੇ ਓਂ। ਬੜਾ ਦੀਵਾਨ ਭਰਿਆ ਹੋਇਆ ਸੀ, ਕਿਸੇ ਨੇ ਨਾ ਮੰਗਿਆ, ਇੱਕ ਮਹੀਨੇ ਬਾਅਦ ਇੱਕ ਮਾਈ ਆ ਗਈ। ਉਹ ਪੰਜਾਹ ਰੁਪਏ ਤੇ ਇੱਕ ਰੁਮਾਲਾ ਲੈ ਕੇ ਆਈ, ਵਿਚਾਰੀ ਬਹੁਤ ਗਰੀਬ। ਮੈਂ ਕਿਹਾ ਮਾਤਾ! ਪੰਜਾਹ ਰੁਪਈਏ ਕੀ ਕਰਨੇ ਨੇ, ਮੈਂ ਤਾਂ ਲੈਂਦਾ ਨਹੀਂ ਹੁੰਦਾ ਸੀ ਪੈਸੇ। ਕਹਿੰਦੀ ਬਾਬਾ ਜੀ! ਜਦੋਂ ਤੁਸੀਂ ਕਿਹਾ ਨਾ ਕਿ ਇੱਥੇ ਦੇਵਤੇ ਬੈਠੇ ਨੇ ਤੇ ਮੰਗ ਲਓ ਕੀ ਮੰਗਦੇ ਓਂ। ਕਹਿੰਦੀ ਮੈਂ

ਮੰਗਿਆ ਕਿ ਮੈਂ ਬਚਪਨ ਤੋਂ ਦਮੇ ਦੀ ਮਰੀਜ਼ ਹਾਂ ਮੇਰਾ ਦਮਾਂ ਹਟ ਜਾਵੇ, ਕਹਿੰਦੀ ਉਸ ਦਿਨ ਦਾ ਮੈਨੂੰ ਦਮਾ ਹੀ ਨਹੀਂ ਹੋਇਆ। ਉਹ ਕੱਢ ਕੇ ਬੈਠੇ ਹੁੰਦੇ ਨੇ ਕਿ ਕੋਈ ਮੰਗੇ ਤਾਂ ਸਹੀ ਅਸੀਂ ਦੇਈਏ, ਸਾਡਾ ਵੀ ਸਫਲ ਹੋਵੇ।

ਸਿੰਘਾਂ ਨੇ ਦਸਵੇਂ ਪਾਤਸ਼ਾਹ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਕਦੇ ਦਰਸ਼ਨ ਤਾਂ ਕਰਾ ਦਿਓ। ਮਹਾਰਾਜ ਨੇ -

***ਸਰਬ ਭੂਤ ਆਪ ਵਰਤਾਰਾ।***
***ਸਰਬ ਨੈਨ ਆਪ ਪੇਖਨਹਾਰਾ।***

ਐਸ ਤਰ੍ਹਾਂ ਕਹਿ ਕੇ ਹੱਥ ਮਾਰ ਦਿੱਤਾ, ਦਿੱਬਯ ਦ੍ਰਿਸ਼ਟ ਖੋਲ੍ਹ ਦਿਤੀ, ਕੀ ਦੇਖਦੇ ਨੇ ਸਾਰੇ ਦੇਵੀ ਦੇਵਤੇ ਬੈਠੇ ਆਰਾਮ ਨਾਮ ਸੁਣ ਰਹੇ ਨੇ। ਇਹ ਹੈ ਮੁੱਖ ਦੁਆਰ ਪ੍ਰਮੇਸ਼ਰ ਕੋਲ ਜਾਣ ਦਾ ਜਿਹਨੂੰ ਸਤਿਸੰਗ ਕਹਿੰਦੇ ਨੇ।

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥*** ***ਅੰਗ - 72***

ਕੇਵਲ ਨਾਮ ਦੀ ਬਾਤ ਜਿੱਥੇ ਹੋਵੇ। ਇਹਦੇ ਵਿੱਚ ਤਰੀਕਾ ਲੱਭਦਾ ਹੈ ਕਿ ਕੀ ਹੈ? ਉਹ ਇਹ ਹੈ ਕਿ ਅਸੀਂ ਅੰਮ੍ਰਿਤ ਵੇਲੇ ਉਠੀਏ। ਵਾਸ਼ਨਾਵਾਂ ਤੋਂ ਖਾਲੀ ਕਰੀਏ ਮਨ ਨੂੰ। ਸਮਾਂ ਦੀ limit (ਸੀਮਾ) ਓਨੀ ਰੱਖੋ, ਜਿੰਨੀ ਦੇਰ ਤੱਕ ਮਨ ਨਾ ਦੌੜੇ। ਮਨ ਦੇ ਨਾਲ ਰੋਜ਼ ਝਗੜਾ ਕਰੋ। ਝਗੜੇ ਦੇ ਵੀ ਮੈਂ ਤਰੀਕੇ ਦਸ ਦਿੰਦਾ ਹਾਂ। ਮਹਾਤਮਾ ਇਹੀ ਕੰਮ ਕਰਦੇ ਨੇ ਇੱਕ ਦੂਜੇ ਨੂੰ ਦਸਦੇ ਰਹਿੰਦੇ ਹੁੰਦੇ ਨੇ। ਇੱਕ ਮਹਾਤਮਾ ਕਹਿੰਦਾ ਮੈਂ ਕਿਹਾ ਕਿ ਜਪੁਜੀ ਸਾਹਿਬ ਤੋਂ ਅਗਲੀ ਬਾਣੀ ਤਾਂ ਪੜ੍ਹਨੀ ਹੈ ਜੇ ਸਾਰੇ ਜਪੁਜੀ ਸਾਹਿਬ ਦੇ ਵਿੱਚ ਫੁਰਨਾ ਨਾ ਆਇਆ। ਕਹਿੰਦਾ ਮੈਨੂੰ ਕਿੰਨੇ ਹੀ ਮਹੀਨੇ ਲੱਗ ਗਏ। ਪਾਠ ਹਰ ਵਕਤ ਕਰਨਾ ਸ਼ੁਰੂ ਕਰ ਦਿੱਤਾ ਕਿ ਇੱਕ ਪਾਠ ਕਰਿਆ ਹੈ ਇਹਦੇ ਵਿੱਚ ਤਾਂ ਫੁਰਨਾ ਆਇਆ ਹੈ। ਫੇਰ ਕਹਿੰਦਾ ਮੈਂ ਇਹ ਕਰਨ ਲੱਗ ਗਿਆ, 'ਮੰਨੈ ਕੀ ਗਤਿ ਕਹੀ ਨ ਜਾਇ॥ ਚਾਰ ਵਾਰੀ, ਚਾਰ ਪਾਠ ਹੋ ਗਏ। ਹਰ ਤੁਕ ਦੇ ਨਾਲ ਮੈਂ ਕਰਨਾ ਸ਼ੁਰੂ ਕਰ ਦਿੱਤਾ। ਸਾਵਧਾਨ ਬਹੁਤ ਹੋਇਆ। ਉਹ ਕਹਿੰਦਾ ਕਿਤੇ ਨਾ ਕਿਤੇ ਨਾ ਕੇ ਫੇਰ ਫੁਰਨਾ ਆ ਜਾਏ, ਫੇਰ ਰਹਿ ਜਾਏ। ਅਖੀਰ ਕਹਿੰਦਾ ਮੈਂ ਜਦੋ-ਜਹਿਦ ਕਰਦੇ-ਕਰਦੇ, ਕਾਮਯਾਬ ਹੋ ਗਿਆ, ਨਿਕਲ ਗਿਆ ਇਹਦੇ ਵਿਚੋਂ। ਹੁਣ ਫੁਰਨੇ ਨਾਲ ਹੀ ਲੜਾਈ ਦੇਖ ਲਓ ਕਿੰਨੀ ਤਕੜੀ ਹੈ। ਹੁਣ ਇਧਰ ਤਾਂ ਅਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਹਾਂ। ਏਧਰ ਮਾਰੀ ਉਡਾਰੀ ਸਰੀਰ 'ਚੋਂ ਚੁੱਕ ਕੇ ਬਾਹਰ ਲੈ ਗਿਆ ਪਤਾ ਹੀ ਨਹੀਂ ਹੈ ਕਿ ਸਰੀਰ ਕਿੱਥੇ ਹੈ, ਵਾਹਿਗੁਰੂ ਕਿੱਥੇ ਹੈ। ਕਰ ਕੀ ਰਿਹਾ ਹੈ, ਇੱਕ ਪ੍ਰੇਮੀ ਕਹਿੰਦਾ ਮੈਂ ਦਰਬਾਰ ਸਾਹਿਬ ਦਾ ਧਿਆਨ ਧਰਦਾ ਹਾਂ, ਮੈਂ ਕਿਹਾ ਤੂੰ ਤਾਂ ਬਹੁਤ ਗਲਤ ਗੱਲ ਕਰਦਾ ਹੈਂ। ਕਹਿੰਦਾ ਕਿਉਂ? ਮੈਂ ਕਿਹਾ ਹੁਣ ਦਰਬਾਰ ਸਾਹਿਬ ਦਾ ਧਿਆਨ ਧਰਦਾ ਹੈਂ ਉਥੇ ਮੱਥਾ ਟੇਕਣ ਵਾਲੇ ਵੀ ਤਾਂ ਆਉਣੇ ਨੇ, ਕਹਿੰਦਾ ਉਹ ਤਾਂ ਆਉਂਦੇ ਨੇ। ਫੇਰ ਮੈਂ ਕਿਹਾ ਉਨ੍ਹਾਂ ਦੇ ਕੱਪੜੇ ਦੇਖਦਾ ਹੋਵੇਂਗਾ? ਕਹਿੰਦਾ, ਹਾਂ। ਮੈਂ ਕਿਹਾ ਫੇਰ ਅੱਗੇ ਜਾ ਕੇ ਉਹ ਬੈਠਦੇ ਨੇ, ਉਹ ਵੀ ਦੇਖਦਾ ਹੈਂ? ਕਹਿੰਦਾ ਹਾਂ ਉਹ ਵੀ ਦੇਖਦਾ ਹੈ। ਕਹਿੰਦਾ, ਫੇਰ ਕਿਸੇ ਦਾ ਗੋਡਾ ਮੇਰੇ

ਨਾਲ ਲੱਗ ਗਿਆ, ਫੇਰ ਮੈਂ ਔਖਾ ਵੀ ਹੁੰਦਾ ਹਾਂ, ਗਾਲ੍ਹਾਂ ਵੀ ਕੱਢਦਾ ਹਾਂ ਕਿ ਅੰਨ੍ਹਾ ਸੀ ਦੇਖ ਕੇ ਨਹੀਂ ਸੀ ਤੁਰ ਸਕਦਾ। ਮੈਂ ਕਿਹਾ ਫੇਰ ਧਿਆਨ ਤਾਂ ਗਲਤ ਹੋ ਗਿਆ, ਇਹਦੇ ਨਾਲ ਤਰੱਕੀ ਨਹੀਂ ਤੇਰੀ ਹੋਣੀ, ਬੜੀ ਸਾਵਧਾਨੀ ਨਾਲ ਚੱਲਣਾ ਪੈਣਾ ਹੈ। ਜੇ ਧਿਆਨ ਧਰਨਾ ਹੈ ਗੁਰੂ ਨਾਨਕ ਸਾਹਿਬ ਦਾ ਸਭ ਤੋਂ simple (ਸੁਖਾਲਾ) ਧਿਆਨ ਹੈ। ਇੱਕ ਕਹਿੰਦਾ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਧਰਦਾ ਹਾਂ। ਮੈਂ ਕਿਹਾ, ਘੋੜਾ ਹੀ ਨਹੀਂ ਬਣਦਾ ਹੋਣਾ ਤੇਰੇ ਤੋਂ, ਉਹਦੀਆਂ ਵਾਗਾਂ ਵਲ ਨੂੰ ਧਿਆਨ ਚਲਿਆ ਗਿਆ, ਉਹ ਸਮੁੱਚਾ ਤਾਂ ਆਉਂਦਾ ਨਹੀਂ, ਤੂੰ ਸੁਖਾਲਾ ਜਿਹਾ ਧਰ ਲੈ, ਗੁਰੂ ਨਾਨਕ ਸਾਹਿਬ ਦਾ। ਗੁਰੂ ਨਾਨਕ ਸਾਹਿਬ ਨੂੰ ਸਮਝ ਲੈ ਕਿ ਇਹ ਵਾਹਿਗੁਰੂ ਹੈ –

> ***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
> ***ਇਕ ਵਸਤੁ ਅਨੂਪ ਦਿਖਾਈ ॥***
> ***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ – 442***

ਜਿਹੜਾ ਗੁਰੂ ਨੂੰ ਵਾਹਿਗੁਰੂ ਸਮਝ ਰਿਹਾ ਹੈ ਨਾ ਉਹ ਸਮਝ ਲਓ ਲੰਘ ਗਿਆ। ਬਹੁਤੇ ਗਿਆਨਾਂ ਦੀ ਲੋੜ ਨਹੀਂ। ਗੁਰੂ ਜੇ ਪ੍ਰਤੱਖ ਹੋ ਗਿਆ ਅੰਦਰ। ਹੁਣ ਇੱਕ ਮੈਂ ਕਿਤਾਬ ਪੜ੍ਹੀ ਉਹਦੇ 'ਚ ਲਿਖਿਆ ਸੀ ਕਿ ਇਹ ਬੁੱਤ ਪ੍ਰਸਤੀ ਹੈ। ਉਹ ਬੁੱਤ ਪ੍ਰਸਤੀ ਨਹੀਂ ਜਿਹੜੇ ਕਰਦੇ ਨੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਹ ਕੀ ਹੁੰਦਾ ਹੈ? ਜਦੋਂ ਧਿਆਨ ਧਰਦਾ ਹੈ, ਧਿਆਨ ਆਉਂਦਾ ਨਹੀਂ ਅੰਦਰ ਤੋਂ। ਹੌਲੀ-ਹੌਲੀ ਆ ਜਾਂਦਾ ਹੈ। ਜਦੋਂ ਧਿਆਨ ਅੰਦਰ ਆ ਗਿਆ, ਤੁਸੀਂ ਹੁਣ ਗੁਰੂ ਦੇ ਸਾਮ੍ਹਣੇ ਬੈਠਣਾ ਹੈ ਗੁਸਤਾਖੀ ਨਾਲ ਤਾਂ ਬੈਠਣਾ ਨਹੀਂ, ਅਤਿ ਨਿਮਰਤਾ ਚਾਹੀਦੀ ਹੈ। ਇਹ ਮੁਹੰਮਦ ਸਾਹਿਬ ਦਾ ਜਿਹੜਾ ਦੁਧੀਆ ਭਾਈ ਸੀ, ਇਹ ਸਾਕਾਰ ਦੀ ਪੂਜਾ ਕਰਦਾ ਸੀ, ਪ੍ਰਮੇਸ਼ਰ ਨੂੰ ਇਹ ਸਮਝਦਾ ਸੀ ਕਿ ਬਿਰਧ ਰੂਪ ਹੈ, ਦਾੜ੍ਹਾ ਹੈ, ਇਹ ਮੰਨਦੇ ਵੀ ਇਸੇ ਤਰ੍ਹਾਂ ਨੇ ਕਿ ਸਫੈਦ ਦਾੜ੍ਹੇ ਵਾਲਾ ਹੈ ਪ੍ਰਮੇਸ਼ਰ। ਮੰਨਣਾ ਹੀ ਹੈ ਕੁਛ ਮੰਨ ਲਓ। ਸਾਰੇ ਰੂਪ ਉਹਦੇ ਹੀ ਨੇ। ਉਹਨੇ ਭਜਨ ਕਰਦੇ ਨੇ ਕੰਬੀ ਜਾਣਾ। ਦੋਵੇਂ ਹੱਥ ਬੰਨ੍ਹੇ ਹੋਏ ਨੇ ਕੰਬੀ ਜਾਂਦਾ ਹੈ। ਉਹਨੂੰ ਪੁੱਛਿਆ ਕਿ ਹਜ਼ਰਤ! ਜਦੋਂ ਤੁਸੀਂ ਮਰ੍ਹਾਕਬੇ 'ਚ ਜਾਂਦੇ ਓਂ, ਲੋਕ still ਹੋ ਜਾਂਦੇ ਨੇ, ਤੁਸੀਂ ਕਿਉਂ ਕੰਬਦੇ ਓਂ? ਕਹਿੰਦੇ, ਮੈਂ ਤਾਂ ਕੰਬਦਾ ਹਾਂ, ਮੈਂ ਜਦੋਂ ਖੁਦਾ ਦੇ ਸਾਮ੍ਹਣੇ ਜਾਂਦਾ ਹਾਂ ਤਾਂ ਮੈਂ ਡਰਦਾ ਹਾਂ ਕਿ ਮੇਰੇ ਤੋਂ ਕੋਈ ਗਲਤੀ ਨਾ ਹੋ ਜਾਵੇ। ਮੈਨੂੰ ਕੱਢ ਨਾ ਦੇਣ ਇਸ ਦਰਬਾਰ ਦੇ ਵਿਚੋਂ। ਇਹ ਹੈ ਹਾਜ਼ਰੀ। ਜੀਉਂਦੀ ਜਾਗਦੀ ਚੀਜ਼ ਮੰਨਣਾ। ਜਦੋਂ ਤੁਸੀਂ ਗੁਰੂ ਨਾਨਕ ਸਾਹਿਬ ਦਾ ਧਿਆਨ ਧਰੋਂਗੇ, ਤੁਹਾਡੇ ਅੰਦਰ ਓਨਾਂ ਹੀ ਭਰੋਸਾ, ਓਨਾ ਹੀ ਅਦਬ, ਓਨਾਂ ਹੀ ਪਿਆਰ ਆ ਜਾਵੇ, ਇਹ ਧਿਆਨ ਫੇਰ ਸਫਲ ਹੋਣਾ ਸ਼ੁਰੂ ਹੋ ਜਾਂਦਾ ਹੈ। ਚਲਦੇ-ਚਲਦੇ ਇਹ ਇੱਥੇ ਖੜ੍ਹਦਾ ਨਹੀਂ ਹੈ, ਇਹ ਕੀ ਕਰਦਾ ਹੈ ਮੈਂ ਨੂੰ ਖਾਣ ਲਗ ਜਾਂਦਾ ਹੈ ਪਿਆਰ। ਇਹ ਧਿਆਤਾ ਧਿਆਨ ਧੇਅ ਇਹਨੂੰ ਤ੍ਰਿਕੁਟੀ ਕਹਿੰਦੇ ਨੇ। ਤ੍ਰਿਕੁਟੀ ਹੁੰਦੀ ਹੈ ਇਹ, ਇਹਦੇ 'ਚ ਇੱਕ ਮੈਂ ਹੈ ਇੱਕ ਧਿਆਨ ਧਰਨਾ ਇੱਕ ਧੇਅ ਹੈ ਮੇਰੇ ਸਾਮ੍ਹਣੇ। ਹੁਣ ਇਹਦੇ 'ਦੋ ਚੀਜ਼ਾਂ ਮਿਟ ਜਾਣ ਇੱਕ ਰਹਿ ਜਾਵੇ। ਭੇਦ

ਹੈ ਇਹਦੇ 'ਚ। ਗੁਰੂ ਨਾਨਕ ਸਾਹਿਬ ਰਹਿ ਗਏ, ਮੈਂ ਮਿਟ ਗਿਆ। ਹੁਣ ਇਹਦੇ ਨਾਲ ਕੀ ਹੋਏਗਾ। ਇਹ ਕੋਈ ਨਿਰਾਰਥਕ ਨਹੀਂ ਹੈ, ਭਾਈ ਗੋਂਦੇ ਨੇ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਤਵੇਂ ਪਾਤਸ਼ਾਹ ਦਾ ਪਰਪੱਕ ਧਿਆਨ ਧਰ ਲਿਆ। ਓਧਰਲੇ ਪਾਸੇ ਗੁਰੂ ਸਾਹਿਬ ਸਮਾਧੀ 'ਚ ਬੈਠੇ ਨੇ ਚਾਰ ਵੱਜ ਗਏ ਦੋ ਵਜੇ ਦੇ ਬੈਠਿਆਂ ਨੂੰ ਦੋ ਵਜੇ ਦੇ। ਸਾਰੀ ਸੰਗਤ ਹੈਰਾਨ ਹੈ ਕਿ ਮਹਾਰਾਜ ਤੁਸੀਂ! ਅੱਜ ਕੀ ਕੌਤਕ ਵਰਤਾਇਆ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਭਾਈ ਗੋਂਦੇ ਨੇ ਸਾਡੇ ਵਿੱਚ ਲੀਨਤਾ ਹਾਸਲ ਕਰ ਲਈ। ਅਸੀਂ ਉਹਦਾ ਧਿਆਨ ਨਹੀਂ ਸੀ ਤੋੜਨਾ ਚਾਹੁੰਦੇ। ਗੁਰੂ ਹਾਜ਼ਰ ਨਾਜ਼ਰ ਹੈ ਗੁਰੂ ਨਾਨਕ ਸਾਹਿਬ ਕਿਤੇ ਨਹੀਂ ਗਿਆ। ਜੇ ਗਿਆ ਹੋਵੇ, ਮੈਂ ਤੁਹਾਨੂੰ ਸਾਰਿਆਂ ਨੂੰ ਕਹਿ ਦੇਵਾਂ ਕਿ ਅਰਦਾਸ ਨਾ ਕਰਿਆ ਕਰੋ, ਗੁਰੂ ਨਾਨਕ ਸਾਹਿਬ ਤਾਂ ਹੈ ਹੀ ਨਹੀਂ। ਉਹ ਜਦ ਹੈਗਾ ਅਧੂਰਾ ਜਿਹਾ ਕਿਉਂ ਮੰਨਦੇ ਓਂ। ਫੇਰ 100% ਮੰਨੋ, ਸਾਡਾ ਗੁਰੂ ਤਾਂ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*** ***ਅੰਗ – 394***

ਜਦੋਂ ਇਸ ਤਰ੍ਹਾਂ ਕਰ ਲਵਾਂਗੇ, ਜੇ ਸਾਕਾਰ ਦੀ ਵੀ ਪੂਜਾ ਹੈ ਨਾ, ਗਿਆਨੀਆਂ ਦਾ ਹੁੰਦਾ ਹੈ ਨਿਰਾਕਾਰ, ਭਗਤਾਂ ਦਾ ਹੁੰਦਾ ਹੈ ਸਾਕਾਰ, ਸਾਡੇ ਗ੍ਰਿਹਸਤੀਆਂ ਨੂੰ ਸਾਕਾਰ ਪੁੱਗਦਾ ਹੈ, ਨਿਰਾਕਾਰ ਨਹੀਂ ਪੁੱਗਦਾ, ਨਿਰਾਕਾਰ 'ਚ ਅਸੀਂ ਨਾਸਤਕ ਹੋ ਜਾਵਾਂਗੇ। ਐਨਾ ਕੁ ਵੀ ਜੇ ਅਸੀਂ ਕਰ ਲੈਂਦੇ ਹਾਂ, ਵਾਹਿਗੁਰੂ-ਵਾਹਿਗੁਰੂ, ਕਰਦੇ-ਕਰਦੇ ਗੁਰੂ ਨਾਨਕ ਦਾ ਧਿਆਨ ਧਰ ਲਿਆ, ਸਾਡਾ ਸਰੀਰ dissolve (ਘੁਲਨਾ) ਹੋ ਜਾਂਦਾ ਹੈ। dissolve (ਘੁਲਨਾ) ਹੋ ਕੇ light (ਪ੍ਰਕਾਸ਼) ਦੀ body (ਸਰੀਰ) ਬਣ ਜਾਂਦੀ ਹੈ ਆਟੋਮੈਟਿਕ। ਉਹ ਅਸੀਂ ਨਹੀਂ ਰਹਿੰਦੇ, ਉਹਦੇ ਵਿੱਚ ਹੀ disolve ਹੋ ਜਾਏਗੀ ਗੁਰੂ ਨਾਨਕ ਸਾਹਿਬ ਹੀ ਰਹਿੰਦੇ ਨੇ। ਜਦੋਂ ਇਸ ਧਿਆਨ ਦੇ ਵਿੱਚ ਤੁਸੀਂ ਆ ਗਏ, ਨਾਮ ਚਲਦਾ ਹੈ, automatic (ਸਵੈਚਲਿਤ) ਵਿਵੇਕ ਮੰਡਲ ਖੁਲ੍ਹ ਜਾਂਦਾ ਹੈ। ਵਿਵੇਕ ਮੰਡਲ ਖੁਲ੍ਹਿਆ ਗਿਆਨ ਅੰਦਰੋਂ ਆਉਣਾ ਸ਼ੁਰੂ ਹੋ ਜਾਏਗਾ। ਅੰਦਰੋਂ ਹੀ ਸਵਾਲ ਅੰਦਰੋਂ ਹੀ ਜਵਾਬ। ਜੇ ਤਾਂ ਕਿਸੇ ਮਹਾਂਪੁਰਸ਼ ਨਾਲ ਸੰਗਤ ਹੋਏਗੀ, ਤਾਂ ਤਾਂ ਬਚ ਜਾਓਂਗੇ। ਨਹੀਂ ਘਬਰਾ ਜਾਓਂਗੇ ਕਿ ਇਹ ਸਵਾਲ ਜਵਾਬ ਕਿੱਥੋਂ ਸ਼ੁਰੂ ਹੋ ਗਏ। ਉਹ ਜਿਹੜੇ ਸਾਡੇ ਅੰਦਰ ਖਿਆਲ ਪਏ ਨੇ ਕਰੋੜਾਂ ਜਨਮਾਂ ਦੇ ਉਹ ਉਥੇ wash (ਧੋ) ਹੁੰਦੇ ਨੇ, ਓਸ ਵੇਲੇ ਮਹਾਤਮਾ ਦਸ ਦਿੰਦਾ ਹੈ ਅਸਲ ਗੱਲ, ਗੁਰੂ ਗ੍ਰੰਥ ਸਾਹਿਬ 'ਚੋਂ, ਉਹਦੇ ਨਾਲ ਪ੍ਰਮੇਸ਼ਰ ਦੇ ਵਿੱਚ ਲੀਨ ਹੋ ਜਾਂਦਾ ਹੈ। ਗੱਲ ਤਾਂ ਹੈਗੀ ਐਨੀ ਕੁ ਹੀ ਬਹੁਤੀ ਲੰਮੀ ਚੌੜੀ ਨਹੀਂ ਹੈ ਪਰ ਅੰਦਰਲੀਆਂ forces (ਸ਼ਕਤੀਆਂ) ਐਨੀਆਂ ਤਕੜੀਆਂ ਨੇ ਕਿ ਕਬੀਰ ਸਾਹਿਬ ਨੂੰ ਕਹਿਣ ਪਿਆ –

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥***

***ਅੰਗ – 1105***

ਨਿਸ਼ਾਨੇ 'ਚ ਘਾਉ ਪੈ ਗਿਆ। ਗੱਲ ਹੋ ਗਈ ਜਿੱਥੇ ਹੋਣੀ ਸੀ, ਹੁਣ ਨਹੀਂ ਪਿੱਛੇ ਹਟਣਾ, ਹੁਣ ਵੱਧ ਕੇ ਸਿੰਘਾਸਨ ਦੇ ਉਤੇ ਕਬਜ਼ਾ ਹੀ ਕਰ ਲਓ। ਇਸ ਤਰ੍ਹਾਂ ਦੇ ਸਾਧਸੰਗਤ ਜੀ ਬਾਣੀ ਦੀ ਗੱਲ ਕਰੀ ਸੀ ਕਿ

ਅਰਥ ਹੋਰ ਹੁੰਦੇ ਨੇ ਅਸੀਂ ਦੂਜੇ ਪਾਸੇ ਨੂੰ ਲੈ ਜਾਂਦੇ ਹਾਂ। ਨਤੀਜਾ ਇਹ ਹੁੰਦਾ ਹੈ ਕਿ ਕੁਛ ਪਤਾ ਨਹੀਂ ਲਗਦਾ ਐਵੇਂ ਹੀ। ਭਾਈ ਗੁਰਦਾਸ ਜੀ ਨੇ ਲਿਖਿਆ ਹੋਇਆ ਹੈ–

***ਅੰਧੀ ਅੰਧੇ ਖੂਹੇ ਠੇਲੇ॥ ਭਾਈ ਗੁਰਦਾਸ ਜੀ, ਵਾਰ 1/26***

ਕਹਿੰਦੇ ਅੰਨੇ ਅੰਨ੍ਹਿਆ ਨੂੰ ਖੂਹ 'ਚ ਸੁੱਟੀ ਜਾਂਦੇ ਨੇ। ਇਸ ਕਰਕੇ ਆਪਾਂ ਇਕੱਠੇ ਹੋਏ ਹਾਂ, ਵਾਹਿਗੁਰੂ ਦੀ ਪ੍ਰਾਪਤੀ। ਵਾਹਿਗੁਰੂ ਨੇ ਕਿਤੋਂ ਬਾਹਰੋਂ ਨਹੀਂ ਆਉਣਾ, ਅੰਦਰੋਂ ਹੀ ਪ੍ਰਗਟ ਹੋ ਜਾਣਾ ਹੈ। ਜਦੋਂ ਪ੍ਰਗਟ ਹੋਣਾ ਹੈ ਤੁਸੀਂ ਹੈਰਾਨ ਹੋਣਾ ਹੈ ਕਿ ਮੈਂ ਕਿੱਥੇ ਚਲਿਆ ਗਿਆ। ਮੇਰਾ ਸੰਸਾਰ ਕਿੱਥੇ ਚਲਿਆ ਗਿਆ। ਮੇਰੀ ਦੁਨੀਆਂ ਕਿੱਥੇ ਚਲੀ ਗਈ, ਉਹ ਰਹਿੰਦਾ ਹੀ ਨਹੀਂ ਕੋਈ।

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥***

***ਅੰਗ- 485***

ਇਹ ਅਵਸਥਾ ਆ ਜਾਇਆ ਕਰਦੀ ਹੈ, ਹੌਲੀ-ਹੌਲੀ ਚਲੇ ਹੋਏ ਓਂ ਤੁਸੀਂ। ਇੱਥੇ ਗਿਆ ਸੀ ਕਿ ਹੁਣ ਦੇਖੋ ਆਪਾਂ ਕਿੱਥੇ ਕੁ ਪਹੁੰਚਦੇ ਹਾਂ। ਪਹੁੰਚ ਤਾਂ ਬੇਅੰਤ ਗਏ, ਐਨਾ ਚਿਰ ਕੌਣ ਬੈਠ ਸਕਦਾ ਹੈ ਰੱਬ ਦੀਆਂ ਗੱਲਾਂ ਸੁਣਨ ਵਾਸਤੇ। ਜੇ ਪਹੁੰਚੇ ਹਾਂ ਕਿਸੇ ਕਿਨਾਰੇ, ਹੁਣ ਮੰਜ਼ਿਲ ਤਾਂ ਬੇਅੰਤ ਹੈ ਇਹਦਾ ਪਤਾ ਹੀ ਨਹੀਂ ਕਿ ਕਰੋੜ ਮੀਲ ਦੀ ਹੈ ਕਿ ਅਰਬ ਮੀਲ ਦੀ ਹੈ। ਘਰਾਂ 'ਚੋਂ ਆਉਂਦੇ ਹਾਂ, ਆ ਕੇ ਬਹਿੰਦੇ ਹਾਂ, ਬਚਨ ਸੁਣਦੇ ਹਾਂ ਸਮਝ ਲਓ ਕਿ ਸਫਰ ਜਾਰੀ ਹੈ। ਹੁਣ ਸਫਰ ਦਾ ਸਾਨੂੰ ਪਤਾ ਹੈ ਮੀਲ ਤਾਂ ਲੱਗੇ ਹੋਏ ਕਿ ਐਨੇ ਮੀਲ 'ਤੇ ਪਹੁੰਚ ਗਏ ਅਸੀਂ। ਪਹੁੰਚੇ ਹੋਂ ਤਾਂ ਹੀ ਬੈਠੇ ਓਂ, ਹੌਂਸਲਾ ਰੱਖੋ, ਦਿਲ ਨਹੀਂ ਤੋੜੀਦਾ ਹੁੰਦਾ। ਚੜ੍ਹਦੀ ਕਲਾ 'ਚ ਰਹੋ ਸਾਧਸੰਗਤ ਜੀ। ਰੱਬ ਕੋਲ ਹੀ ਹੈ ਦੂਰ ਨਹੀਂ ਹੈ, ਅੰਦਰੋਂ ਹੀ ਹੈ

***ਬੁੱਲ੍ਹਿਆ ਰੱਬ ਦਾ ਕੀ ਪਾਉਣਾ, ਏਧਰੇ ਪੁੱਟਣਾ ਓਧਰ ਲਾਣਾ।***

ਮੈਂ ਦਾ ਝਗੜਾ ਹੈ, ਜਦੋਂ ਮੈਂ ਹਟੀ ਪ੍ਰਮੇਸ਼ਰ ਪ੍ਰਗਟ ਹੋ ਜਾਂਦਾ ਹੈ, ਸੋ ਐਨਾ ਕੁ ਬੋਲਣ ਦੀ ਇਜਾਜ਼ਤ ਸਰੀਰ ਨੇ ਦਿੱਤੀ ਹੈ। ਇੱਥੇ ਹੀ ਮੈਂ ਸਮਾਪਤ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

(---o---)

# 9

## ਗੁਰੂ ਨਾਨਕ ਪਾਤਸ਼ਾਹ ਤੇ ਭਾਈ ਬੁੱਢਣਸ਼ਾਹ

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ - 289***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*** ***ਅੰਗ - 1094***

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥*** ***ਅੰਗ - 176***

***ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੇਰੇ ਤੋਂ ਪਾ ਲਿਆ,***
***ਕ੍ਰਿਪਾ ਕਰਕੇ ਮੇਲ ਲੈ ਗੁਰਾਂ।***

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥***
***ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥***
***ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥***
***ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥***
***ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥***
***ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥***
***ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥***
***ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥***
***ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥***
***ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥***
***ਅੰਗ - 133***

ਕਰੋੜਾਂ, ਅਰਬਾਂ ਖਰਬਾਂ ਜਨਮ ਬੀਤ ਗਏ। ਜੀਵ ਆਤਮਾ ਦਾ ਸਫਰ ਖਤਮ ਹੋਣ 'ਚ ਨਹੀਂ ਆਉਂਦਾ। ਮਨੁੱਖ ਬਣ ਜਾਂਦੀ ਹੈ, ਐਸਾ ਭੁਲੇਖਾ ਲਗਦਾ ਹੈ ਮਨੁੱਖ ਬਣਨ 'ਤੇ ਕਿ ਇਹ ਦਿਮਾਗ ਵਿੱਚ ਹੀ ਨਹੀਂ

ਰਹਿੰਦਾ ਕਿ ਮੈਂ ਦੁੱਖਾਂ ਦਾ ਖਾਤਮਾ ਕਰ ਲਵਾਂ ਤੇ ਪ੍ਰਭੂ ਦਾ ਮਿਲਾਪ ਹੋ ਜਾਵੇ। ਪ੍ਰਭੂ ਦੇ ਮਿਲਾਪ ਵਾਸਤੇ ਬਹੁਤ ਵੱਡੇ-ਵੱਡੇ ਯਤਨ ਸੰਸਾਰ ਦੇ ਅੰਦਰ, ਉਹ ਪੁਰਸ਼ ਜਿਨ੍ਹਾਂ ਦੇ ਅੰਦਰ ਲੋਚਾ ਲੱਗੀ ਹੋਈ ਹੈ, ਕਰਦੇ ਤੁਰੇ ਆ ਰਹੇ ਨੇ। ਅਨੇਕਾਂ ਕਿਸਮ ਦੇ ਸਾਧਨ ਕਰਦੇ ਨੇ। ਬਹੁਤ ਕਿਸਮ ਦੀਆਂ ਸਰੀਰ ਦੇ ਉਤੇ ਤਕਲੀਫਾਂ ਸਹਿੰਦੇ ਨੇ। ਬਹੁਤ ਭਾਰਾ ਤਿਆਗ ਕਰਦੇ ਨੇ। ਜਦੋਂ ਮਹਾਂਪੁਰਸ਼ਾਂ ਦਾ ਜੀਵਨ ਦੇਖੀਦਾ ਹੈ, ਹੈਰਾਨ ਹੋ ਜਾਈਦਾ ਹੈ ਕਿ ਐਡੇ-ਐਡੇ ਤਿਆਗ ਤੇ ਐਡੇ-ਐਡੇ ਜਫਰ ਜਾਲੇ, ਤਾਂਹੀ ਪ੍ਰਵਾਨ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਤਿਗੁਰੂ ਸਰੂਪ ਹੋ ਕੇ ਬੈਠੇ ਨੇ। ਅਨੇਕਾਂ ਹੀ ਮਹਾਤਮਾ। ਜਿਨ੍ਹਾਂ ਦੇ ਅੰਦਰ ਸ਼ੌਕ ਹੈ, ਉਹ ਜਦੋਂ ਉਨ੍ਹਾਂ ਦੇ ਬਾਰੇ ਸੁਣਦੇ ਨੇ, ਪੜ੍ਹਦੇ ਨੇ, ਉਸ ਵੇਲੇ ਉਨ੍ਹਾਂ ਦੇ ਮਨ ਵਿੱਚ ਵੀ ਇੱਕ ਲਹਿਰ ਚਲਦੀ ਹੈ ਕਿ ਅਸੀਂ ਵੀ ਕਿਸੇ ਤਰੀਕੇ ਦੇ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਕਰੀਏ ਤੇ ਆਪਣੇ ਲਕਸ਼ ਨੂੰ ਪ੍ਰਾਪਤ ਹੋਈਏ ਤੇ ਜਦੋਂ ਉਨ੍ਹਾਂ ਨੂੰ ਦੇਖਦੇ ਨੇ, ਉਨ੍ਹਾਂ ਨੂੰ ਸੁਣਦੇ ਹਾਂ ਮਨ ਵਿੱਚ ਚਾਓ ਆਉਂਦਾ ਹੈ। ਨਿਰਾਸ਼ਾਵਾਦ 'ਚ ਨਹੀਂ ਬਿਰਤੀ ਜਾਂਦੀ। ਆਸ਼ਾਵਾਦ 'ਚ ਆਉਂਦੀ ਹੈ ਕਿ ਜੇ ਉਨ੍ਹਾਂ ਨੂੰ ਮਿਲ ਗਿਆ, ਸਾਨੂੰ ਵੀ ਮਿਲ ਸਕਦਾ ਹੈ।

***ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥***

***ਅੰਗ - 703***

ਮੈਂ ਕਦ ਮਿਲਾਂਗਾ ਤੇ ਪਰ ਜਦੋਂ ਉਨ੍ਹਾਂ ਨੂੰ ਦੂਜੇ ਪਾਸਿਓਂ ਦੇਖਦਾ ਹੈ -

***ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥***

***ਅੰਗ - 762***

ਮੈਂ ਤਾਂ ਕਿਸੇ ਗਿਣਤੀ 'ਚ ਹੀ ਨਹੀਂ। ਇੱਕ ਤੋਂ ਇੱਕ ਉਪਰ ਪਿਆ ਹੈ। ਇੱਕ ਤੋਂ ਇੱਕ ਸਾਧਨਾ ਵਾਲਾ ਪਿਆ ਹੈ। ਪ੍ਰਮੇਸ਼ਰ ਦੇ ਦਰ 'ਤੇ ਮਨਜ਼ੂਰ-ਏ-ਨਜ਼ਰ ਹੋਣ ਵਾਲਾ। ਅਸੀਂ ਤਾਂ ਕਿਸੇ ਗਿਣਤੀ 'ਚ ਨਹੀਂ ਆਉਂਦੇ।

ਇਨ੍ਹਾਂ ਜਫਰਾਂ ਨੂੰ ਜਾਲਣ ਵਾਲਾ ਇੱਕ ਪ੍ਰੇਮੀ, ਇੱਕ ਨਿਰਜਨ ਬਣ ਵਿੱਚ ਰਹਿੰਦਾ ਹੈ, ਜਿੱਥੇ ਕੋਈ ਆਬਾਦੀ ਨਹੀਂ ਹੈ। ਜੰਗਲ ਹੀ ਜੰਗਲ ਪਏ ਨੇ, ਦਰਿਆ ਦੇ ਨਾਲ ਆ ਕੇ ਜੰਗਲ ਖਤਮ ਹੁੰਦਾ ਹੈ ਤੇ ਸਤਿਲੁਜ ਦਰਿਆ ਚਲਦਾ ਹੈ ਤੇ ਪਹਾੜ ਦੀ ਟੇਕਰੀ ਦੇ ਵਿੱਚ ਇੱਕ ਟਿੱਬੇ ਦੇ ਉਤੇ ਸਾਂਈ ਲੋਕ ਬੈਠਾ ਹੈ। ਜਿਸਨੂੰ ਬੁੱਢਣਸ਼ਾਹ ਕਹਿੰਦੇ ਨੇ, ਉਮਰ ਬੀਤਦੀ ਗਈ, ਪਹਿਲੀ ਸਦੀ ਲੰਘ ਗਈ ਕੁਛ ਨਹੀਂ ਬਣਿਆ। ਬੇਅੰਤ ਜਫਰ ਜਾਲੇ, ਧੂਣੀਆਂ ਵੀ ਤਾਪ-ਤਾਪ ਕੇ ਦੇਖੀਆਂ, ਸਤਿਲੁਜ ਦੇ ਅੰਦਰ, ਪਾਣੀਆਂ ਦੇ ਅੰਦਰ ਬੈਠ-ਬੈਠ ਕੇ ਦੇਖਿਆ, ਗਲ-ਗਲ ਪਾਣੀ 'ਚ ਖੜ੍ਹੇ ਹੋ ਬੇਅੰਤ ਸਾਧਨ ਕੀਤੇ, ਬੇਅੰਤ ਚਿਲ੍ਹੇ ਕੱਟੇ, ਭੁੱਖੇ ਰਹਿ-ਰਹਿ ਦੇਖਿਆ, ਚਾਲੀ-ਚਾਲੀ ਦਿਨ ਦਰਖਤਾਂ ਦੇ ਨਾਲ ਪੁੱਠੇ ਲਟਕ ਕੇ ਦੇਖਿਆ, ਪ੍ਰਾਣਾਯਾਮ ਕਰਕੇ ਦੇਖਿਆ, ਸਵਾਸ ਖਿੱਚੇ, ਅਨੇਕਾਂ ਯਤਨ ਕੀਤੇ ਪਰ ਅਜੇ ਤੱਕ ਉਹਦੀ ਆਸ ਵਰ ਨਹੀਂ ਆਈ। ਤਪ ਕਰਦੇ-ਕਰਦੇ ਅੰਦਰੋਂ ਖੁਸ਼ਕੀ ਆ ਗਈ। ਥੋੜ੍ਹਾ ਕ੍ਰੋਧ ਆ ਗਿਆ, ਵਲੀ ਲੋਕ ਸੀ। ਗੁਜ਼ਾਰੇ ਵਾਸਤੇ ਸਿਰਫ ਬੱਕਰੀਆਂ ਰੱਖੀਆਂ ਹੋਈਆਂ ਸੀ ਤੇ ਬਰਕਤ ਐਨੀ ਸੀ ਸਾਧਨਾ ਦੇ ਅੰਦਰ ਕਿ ਸ਼ੇਰ ਵਰਗਾ ਜਾਨਵਰ, ਜੋ ਨਿਰਾ ਹੀ ਤਮੋ ਗੁਣ ਦਾ ਬਣਿਆ

ਹੁੰਦਾ ਹੈ, ਜਿਹਦੇ ਅੰਦਰ ਵਿਚਾਰ ਬਹੁਤ ਹੀ ਘੱਟ ਹੁੰਦੀ ਹੈ ਤੇ ਉਸ ਨੂੰ ਸਿਧਾ ਕੇ ਬੱਕਰੀਆਂ ਚਾਰਨ ਵਾਸਤੇ ਲਾਇਆ, ਦਿਨੇ ਬੱਕਰੀਆਂ ਚਰੀ ਜਾਂਦੀਆ ਨੇ, ਰਾਖੀ ਕਰਦਾ ਹੈ, ਕੋਈ ਬਘਿਆੜ ਨਾ ਖਾ ਜਾਵੇ, ਕੋਈ ਚੀਤਾ ਨਾ ਖਾ ਜਾਵੇ, ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ, ਨੇੜੇ ਤੇੜੇ ਕਿਸੇ ਨੂੰ ਨਹੀਂ ਆਉਣ ਦਿੰਦਾ। ਗਰਜਾਂ ਮਾਰਦਾ ਹੈ, ਜਦੋਂ ਗਰਜਦਾ ਹੈ ਤਾਂ ਮੀਲਾਂ ਤੱਕ ਛੋਟੇ ਜਾਨਵਰ ਨੱਠ ਕੇ ਪਾਸੇ ਹੋ ਜਾਂਦੇ ਨੇ, ਬੱਕਰੀਆਂ ਦੇ ਨਾਲ ਰਹਿਣ ਕਰਕੇ ਬੱਕਰੀਆਂ ਬੇਫਿਕਰ ਹੋ ਕੇ ਚੁਗਦੀਆਂ ਨੇ ਜੰਗਲ ਦੇ ਅੰਦਰ ਤੇ ਸ਼ਾਮ ਨੂੰ ਆਪਣੇ ਸਾਂਈ ਦੇ ਪਾਸ ਆ ਜਾਂਦੀਆਂ ਨੇ। ਸ਼ੇਰ ਵੀ ਆਪਣੀ ਰੋਜ਼ੀ ਖਾ ਕੇ ਨਾਲ ਬੱਕਰੀਆਂ ਦੇ ਆ ਜਾਂਦਾ ਹੈ ਤੇ ਜਿੱਥੇ ਬੱਕਰੀਆਂ ਬੈਠਦੀਆਂ ਨੇ ਕੋਲ ਬੈਠ ਜਾਂਦਾ ਹੈ, ਬੜੀ ਬਰਕਤ ਸੀ। ਦੇਖਣ ਵਾਲਾ ਤਾਂ ਹੈਰਾਨ ਹੋ ਜਾਂਦਾ ਕਿ ਇਹ ਸਾਂਈ ਨੂੰ ਤਾਂ ਪ੍ਰਮੇਸ਼ਰ ਮਿਲ ਗਿਆ ਹੋਣਾ ਹੈ। ਸ਼ਕਤੀਆਂ ਭਰਪੂਰ ਸੀ ਲੇਕਿਨ ਅਜੇ ਤੱਕ ਅੰਦਰੋਂ ਰਸ ਦੇ ਦੇਸ਼ ਵਿੱਚ ਨਹੀਂ ਸੀ ਪਹੁੰਚਿਆ। ਕੋਈ ਸੋਝੀ ਨਹੀਂ ਸੀ ਪ੍ਰਾਪਤ ਹੋਈ, ਮੁਰਸ਼ਦ ਨੂੰ ਗਿਆਂ ਬੜੀ ਦੇਰ ਹੋ ਗਈ ਸੀ। ਉਹਦੇ ਬਚਨ ਕੁਛ ਯਾਦ ਸੀ, ਬੇਟਾ! ਲੱਗਿਆ ਰਹਿ, ਕਦੇ ਨਾ ਕਦੇ ਤਾਂ ਹੋਏਗਾ ਹੀ, ਲਗਨ ਨਾ ਮਰੇ ਆਦਮੀ ਦੀ। ਜੇ ਲਗਨ ਮਰ ਜਾਵੇ ਸਭ ਕੁਛ ਜਾਂਦਾ ਰਹਿੰਦਾ ਹੈ। ਲਗਨ ਵਿੱਚ ਰਹੇ ਮਹਾਰਾਜ ਕਹਿੰਦੇ, ਜਿਹਦੇ ਮਨ ਦੇ ਅੰਦਰ ਦਰਸ਼ਨਾਂ ਦੇ ਪਿਆਸ ਦੀ ਲਗਨ ਲੱਗੀ ਰਹਿੰਦੀ ਹੈ, ਕਹਿੰਦੇ ਅਸੀਂ ਬਲਿਹਾਰ ਜਾਂਦੇ ਹਾਂ ਕਿਉਂਕਿ ਲਗਨ ਦੇ ਵਿੱਚ ਲੱਗਿਆ ਤਾਂ ਹੋਇਆ ਹੈ ਕਿਉਂਕਿ ਪਹਿਲੀ ਸਦੀ ਖਤਮ ਹੋ ਗਈ। ਦੂਸਰੀ ਸਦੀ, ਦੋ ਸੌ ਸਾਲ ਲੰਘ ਚੁੱਕੇ, ਅਜੇ ਵੀ ਕੁਛ ਨਹੀਂ ਬਣਿਆ। ਇੰਤਜ਼ਾਰ ਕਰਦਾ ਹੈ। ਪਰ ਹਾਲੇ ਕੁਛ ਗੱਲ ਨਹੀਂ ਬਣੀ ਤੇ ਤੀਸਰਾ ਸੈਂਕੜਾ ਉਮਰ ਲੰਘ ਜਾਂਦੀ ਹੈ। ਢਾਈ ਸੌ ਸਾਲ ਤੋਂ ਉਤੇ ਲੰਘ ਜਾਂਦੇ ਨੇ। ਕਦੇ-ਕਦੇ ਮਨ 'ਚ ਉਦਾਸੀ ਆਉਂਦੀ ਹੈ ਮਨਾਂ ਬੜੀ ਦੇਰ ਹੋ ਗਈ ਇਸ ਪਿੰਜਰ ਨੂੰ ਰੱਖੇ ਹੋਏ ਨੂੰ ਤੇ ਅਜੇ ਤੱਕ ਤਾਂ ਮੇਰੀ ਕਾਮਨਾ ਪੂਰੀ ਨਹੀਂ ਹੋਈ। ਕੀ ਹੋਏਗਾ ਜੇ ਇਸ ਤਰ੍ਹਾਂ ਹੀ ਮੈਂ ਖਾਲੀ ਚਲਿਆ ਗਿਆ ਸੰਸਾਰ ਤੋਂ। ਕਦੇ-ਕਦੇ ਚਿੱਤ ਨਿਰਾਸ਼ਾਵਾਦ 'ਚ ਚਲਿਆ ਜਾਂਦਾ ਹੈ ਕੀ ਸੱਚਮੁੱਚ ਅੱਲਾਹ ਤਾਲਾ ਦਰਸ਼ਨ ਦੇ ਦਿੰਦਾ ਹੈ ਕਿ ਨਹੀਂ ਦਿੰਦਾ। ਕਿੰਨੇ ਜਫਰ ਜਾਲੇ ਨੇ ਕਿੰਨੀਆਂ ਦੁੱਖ ਤਕਲੀਫਾਂ ਸਹੀਆਂ ਨੇ ਸਰੀਰ ਦੇ ਉਤੇ, ਲੇਕਿਨ ਅਜੇ ਤੱਕ ਤਾਂ ਕੋਈ ਕਿਰਨ ਨਹੀਂ ਆਈ ਰੋਸ਼ਨੀ ਦੀ। ਸ਼ਕਤੀਆਂ ਜ਼ਰੂਰ ਆ ਗਈਆਂ, ਬੇਅੰਤ ਸ਼ਕਤੀਆਂ ਦਾ ਭੰਡਾਰਾ ਆ ਗਿਆ, ਸ਼ੇਰਾਂ ਨੂੰ ਕਾਬੂ ਕਰ ਲਿਆ, ਜੰਗਲ ਵਿੱਚ ਰਹਿੰਦਾ ਹੈ, ਕੋਈ ਨੇੜੇ ਤੇੜੇ ਨਹੀਂ ਜਾਂਦਾ। ਐਸਾ ਨਿਰਜਨ ਵਣ ਹੈ ਕਿ ਕੋਈ ਕੋਲ ਨਹੀਂ ਜਾਂਦਾ। ਕਿਸੇ ਨਾਲ ਗੱਲਬਾਤ ਨਹੀਂ ਹੁੰਦੀ। ਕਦੇ-ਕਦੇ ਕੋਈ ਪਹਾੜੀ ਲੋਕ ਪਸ਼ੂ ਚਾਰਦੇ ਹੋਏ ਨਿਗ੍ਹਾ 'ਚ ਆਉਂਦੇ ਨੇ ਪਰ ਉਹ ਬੇਸੋਝ ਹੋਣ ਕਰਕੇ ਉਨ੍ਹਾਂ ਨਾਲ ਕੋਈ ਬਚਨ ਨਹੀਂ ਕਰਦਾ। ਕਿਉਂਕਿ ਪ੍ਰਮਾਰਥਕ ਬਚਨ ਉਥੇ ਹੀ ਹੁੰਦੇ ਨੇ ਜਿੱਥੇ ਕੋਈ ਸਮਝਣ ਵਾਲਾ ਹੋਵੇ ਜਾਂ ਦੱਸਣ ਵਾਲਾ ਹੋਵੇ। ਤੇ ਅੱਜ ਅੰਮ੍ਰਿਤ ਵੇਲੇ ਦਾ ਬੈਠਾ ਹੈ, ਬਾਰ-ਬਾਰ ਕਦੇ ਅੱਖਾਂ ਦੇ ਅੰਦਰੋਂ ਜਲ ਜਾਂਦਾ ਹੈ, ਕਦੇ ਹਉਕੇ ਲਗ ਜਾਂਦੇ ਨੇ, ਕਦੇ ਫੇਰ ਢਾਰਸ ਦਿੰਦਾ ਹੈ ਕਿ ਕੋਈ ਨਾ ਅੱਲਾਹ ਤਾਲਾ ਦੇ ਘਰ ਵਿੱਚ ਬੇਇਨਸਾਫੀ ਨਹੀਂ, ਕਦੇ ਨਾ ਕਦੇ ਤਾਂ ਤਰੁੱਠੇਗਾ ਹੀ, ਕਦੇ ਨਾ ਕਦੇ ਤਾਂ ਦਰਸ਼ਨ ਹੋਏਗਾ ਹੀ, ਕਦੇ ਤਾਂ ਦਇਆਲ ਹੋਏਗਾ ਹੀ। ਦਿਨ ਚੜ੍ਹ ਗਿਆ, ਉਠਿਆ, ਉੱਠ ਕੇ ਗਰਮ ਦੁੱਧ ਪੀਤਾ। ਬੱਕਰੀਆਂ ਚਲੀਆਂ ਜਾਂਦੀਆਂ ਨੇ ਸ਼ੇਰ ਚਲਿਆ ਜਾਂਦਾ ਹੈ, ਉਸ ਤੋਂ ਬਾਅਦ ਹੇਠਾਂ ਜੰਗਲ ਦੇ ਵਿੱਚੋਂ ਆਵਾਜ਼ ਆ ਰਹੀ ਹੈ, ਜੰਗਲ

ਦੇ ਕੰਢੇ ਤੋਂ, ਧਿਆਨ ਦੇ ਕੇ ਜਦੋਂ ਆਪ ਨੇ ਕੰਨ ਲਾ ਕੇ ਸੁਣਿਆ ਤਾਂ ਏਸ ਤਰ੍ਹਾਂ ਦੇ ਨਾਲ ਸਮਝ ਵਿੱਚ ਆਈ –

*ਧਾਰਨਾ – ਪੈਣਾ ਅਚਿੰਤਾ ਜਾਲ, ਇੱਕ ਦਿਨ ਪੈ ਜਾਣਾ।*

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ 1 ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥*

*ਅੰਗ – 55*

*ਧਾਰਨਾ – ਪੈਣਾ ਅਚਿੰਤਾ ਜਾਲ, ਇੱਕ ਦਿਨ ਪੈ ਜਾਣਾ।*

*ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥*
*ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥*
*ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ 2 ॥*
*ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥*
*ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥*
*ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥ 3 ॥*
*ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥*
*ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥*
*ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥ 4 ॥*
*ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥*
*ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥*
*ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥*

*ਅੰਗ – 55*

*ਧਾਰਨਾ – ਪੈਣਾ ਅਚਿੰਤਾ ਜਾਲ, ਇੱਕ ਦਿਨ ਪੈ ਜਾਣਾ।*

*ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥*
*ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥*
*ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥ 6 ॥*
*ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥*
*ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥*
*ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥ 7 ॥*
*ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥*
*ਨਾਨਕ ਜੋ ਤਿਸੁ ਭਾਵੈ ਸੋ ਥੀਐ*
*ਇਨਾ ਜੰਤਾ ਵਸਿ ਕਿਛੁ ਨਾਹਿ ॥* *ਅੰਗ – 55*

ਸ਼ਬਦ ਦੀ ਆਵਾਜ਼ ਦੂਰ ਤੋਂ ਸੁਣਦੀ-ਸੁਣਦੀ ਨੇੜੇ ਹੁੰਦੀ-ਹੁੰਦੀ ਐਨੀ ਨੇੜੇ ਆ ਗਈ ਕਿ ਇੱਕ-ਇੱਕ ਤੁਕ ਸਮਝ 'ਚ ਆ ਗਈ। ਕਹਿਣ ਲੱਗੇ, ਹੈਂ! ਇਹ ਗਵਾਰ ਬੀਬੀ, ਡੰਗਰ ਚਾਰਨ ਵਾਲੀ ਐਡਾ ਉੱਚਾ ਕਲਾਮ ਕਿੱਥੋਂ ਇਸਨੂੰ ਪ੍ਰਾਪਤ ਹੋ ਗਿਆ। ਮਨ ਵਿੱਚ ਸ਼ੌਂਕ ਜਾਗਿਆ ਤੇ ਸਾਰਾ ਚੰਗੀ ਤਰ੍ਹਾਂ ਦੇ ਨਾਲ ਮੈਂ ਕੋਲ ਬਿਠਾ ਕੇ ਸੁਣਾਂ। ਪਹਿਲਾਂ ਵੀ ਉਹ ਬੀਬੀ ਕਦੇ-ਕਦੇ

ਆਇਆ ਕਰਦੀ ਸੀ। ਸਾਂਈ ਨੂੰ ਦੁੱਧ ਪਿਲਾ ਜਾਇਆ ਕਰਦੀ ਸੀ, ਬਰਤਨ ਸਾਫ ਕਰ ਜਾਇਆ ਕਰਦੀ ਸੀ। ਹੋਰ ਵੀ ਕੋਈ ਬਚਨ ਬਿਲਾਸ ਕਰ ਜਾਇਆ ਕਰਦੀ ਸੀ। ਅੱਜ ਵੀ ਸਾਂਈ ਦੇ ਨੇੜੇ ਆ ਕੇ ਬੈਠ ਗਈ, ਡੰਗਰ ਚਰ ਰਹੇ ਨੇ ਤੇ ਸਾਂਈ ਕਿਸੇ ਅਜੀਬ ਰੰਗ ਦੇ ਵਿੱਚ ਰੱਤਿਆ ਹੋਇਆ, ਬੋਲਦਾ ਹੈ ਬੇਟਾ! ਇਹ ਕਿਸ ਦਾ ਕਲਾਮ ਤੂੰ ਪੜ੍ਹ ਰਹੀਂ ਹੈਂ? ਇਹਦੇ ਵਿੱਚ ਤਾਂ ਸਭ ਕੁਛ ਦੱਸਿਆ ਹੈ। ਕਾਲ ਦਾ ਵੀ ਦੱਸਿਆ ਹੈ ਤੇ ਨਾਲ ਇਹ ਵੀ ਦੱਸਿਆ ਹੈ ਕਿ ਕਾਲ ਉਥੇ ਨਹੀਂ ਪਹੁੰਚਦਾ ਜਿੱਥੇ ਗੁਰੂ ਦਾ ਸ਼ਬਦ ਹੋਵੇ। ਸਾਰਾ ਸੰਸਾਰ ਹੁਕਮ 'ਚ ਆਉਂਦਾ ਹੈ, ਹੁਕਮ 'ਚ ਜਾਂਦਾ ਹੈ, ਹੁਕਮ 'ਚ ਕਾਰ ਕਰਦਾ ਹੈ। ਹੁਕਮ ਦੇ ਅੰਦਰ ਹੀ ਕਾਲ ਹੈ, ਹੁਕਮ ਦੇ ਅੰਦਰ ਹੀ ਸੱਚ ਵਿੱਚ ਸਮਾਉਂਦਾ ਹੈ ਤੇ ਇੱਥੇ ਵਸ ਕੁਛ ਨਹੀਂ ਚਲਦਾ। ਸਾਰੀ ਗੱਲ ਸਮਝੀ, ਕਹਿਣ ਲੱਗੇ, ਬੀਬਾ! ਐਡੀ ਸੁੱਚੀ ਕਲਾਮ ਤੈਨੂੰ ਕਿੱਥੋਂ ਪ੍ਰਾਪਤ ਹੋਈ ਹੈ। ਇਹ ਤਾਂ ਮੈਂ ਇੱਕੋ ਹੀ ਸੁਣ ਕੇ ਮੇਰੇ ਅੰਦਰ ਬੇਅੰਤ ਪ੍ਰਕਾਸ਼ ਦਾ ਭੰਡਾਰਾ ਜਾਗ ਗਿਆ। ਕਹਿਣ ਲੱਗੀ, ਬਾਬਾ ਜੀ! ਇਹ ਗੁਰੂ ਨਾਨਕ ਪਾਤਸ਼ਾਹ! ਉਨ੍ਹਾਂ ਦਾ ਸ਼ਬਦ ਹੈ, ਉਨ੍ਹਾਂ ਦੀ ਪਵਿੱਤਰ ਕਲਾਮ ਹੈ।

ਤੈਨੂੰ ਕਿੱਥੋਂ ਪ੍ਰਾਪਤ ਹੋ ਗਈ ਬੇਟਾ?

ਕਹਿਣ ਲੱਗੀ, ਅਸੀਂ ਹਰਿਦੁਆਰ ਗਏ ਸੀ। ਉਥੇ ਮੇਰੇ ਸੱਚੇ ਪਾਤਸ਼ਾਹ ਆ ਜਾਂਦੇ ਨੇ ਤੇ ਇੱਕ ਐਸਾ ਕੌਤਕ ਕੀਤਾ ਕਿ ਜਦੋਂ ਸਾਰੇ ਲੋਕ ਪਾਣੀ ਦੇਣ ਲੱਗੇ, ਉਸ ਵੇਲੇ ਖੜ੍ਹੇ ਦੇਖਦੇ ਰਹੇ ਕਿਸੇ ਨੇ ਕਿਹਾ ਕਿ ਤੂੰ ਵੀ ਐਡੀ ਦੂਰ ਆਇਆ ਹੈਂ ਪਾਣੀ ਦੇ ਲੈ। ਤੇ ਉਸੇ ਤਰ੍ਹਾਂ ਵਸਤਰਾਂ ਸਮੇਤ ਗੰਗਾ ਦੇ ਵਿੱਚ ਚਲੇ ਗਏ। ਪਾਣੀ ਦੇਣ ਲੱਗ ਗਏ, ਉਹ ਚੜ੍ਹਦੇ ਸੂਰਜ ਵੱਲ ਨੂੰ ਦੇ ਰਹੇ ਨੇ ਤੇ ਇਹ ਉਤਰ ਵਲ ਨੂੰ ਦੇ ਰਹੇ ਨੇ। ਕਈਆਂ ਨੇ ਕਿਹਾ ਕਿ ਓ ਪ੍ਰੇਮੀਆਂ! ਐਡੀ ਦੂਰ ਆਇਆ ਹੈਂ, ਐਧਰ ਪਾਣੀ ਦੇ ਤੂੰ। ਕਹਿਣ ਲੱਗਿਆ, ਕਿੱਥੇ ਦੇ ਰਹੇ ਓਂ ਪਾਣੀ? ਕਹਿੰਦੇ, ਅਸੀਂ ਪਿੱਤਰਾਂ ਨੂੰ ਪਾਣੀ ਦੇ ਰਹੇ ਹਾਂ। ਸੂਰਜ ਨੂੰ ਜਲ ਅਰਪਣ ਕਰ ਰਹੇ ਹਾਂ। ਜਵਾਬ ਆਇਆ ਕਿ ਸੂਰਜ ਤਾਂ ਅੱਗ ਦਾ ਗੋਲਾ ਹੈ। ਇਹਨੂੰ ਪਾਣੀ ਦੇ ਕੇ ਕੀ ਲਾਭ ਪ੍ਰਾਪਤ ਹੁੰਦਾ ਹੈ ਤੇ ਕਿੱਡੀ ਕੁ ਦੂਰ ਹੈ, ਕਹਿੰਦੇ ਕਰੋੜਾਂ ਮੀਲ ਦੂਰ ਹੈ। ਆਪ ਨੇ ਫੇਰ ਨਹੀਂ ਬਚਨ ਕਰਿਆ, ਛੇਤੀ-ਛੇਤੀ ਪਾਣੀ ਦੇਣਾ ਸ਼ੁਰੂ ਕਰ ਦਿੱਤਾ, ਪੱਛਮ ਵਲ ਨੂੰ। ਉਹ ਫੇਰ ਕਹਿੰਦੇ ਨੇ ਕਿ ਤੂੰ ਏਧਰ ਪਾਣੀ ਦੇ, ਏਧਰੋਂ ਜਾਂਦਾ ਹੈ ਸੂਰਜ ਨੂੰ। ਉਹ ਕਹਿਣ ਲੱਗੇ, ਮੈਨੂੰ ਬੁਲਾਓ ਨਾ ਮੈਨੂੰ ਬਹੁਤ ਕਾਹਲੀ ਹੈ। ਕਹਿੰਦੇ ਕੀ ਗੱਲ? ਕਹਿੰਦਾ ਸੂਰਜ ਤਾਂ ਬਹੁਤ ਦੂਰ ਹੈ।

ਇਹ ਫੇਰ ਤੂੰ ਮੱਕੇ ਨੂੰ ਪਾਣੀ ਦੇ ਰਿਹਾ ਹੈਂ, ਕਾਹਬੇ ਨੂੰ ਦੇ ਰਿਹਾ ਹੈਂ? ਤੂੰ ਇਸਲਾਮ ਵਾਲਾ ਤਾਂ ਨਹੀਂ ਆ ਗਿਆ ਇੱਥੈ?

ਕਹਿੰਦਾ, ਮੱਕਾ ਤਾਂ ਬਹੁਤ ਦੂਰ ਹੈ, ਮਹਾਰਾਜ ਕਹਿਣ ਲੱਗੇ। ਸੂਰਜ ਵੀ ਦੂਰ ਹੈ ਪਰ ਮੈਨੂੰ ਹੌਂਸਲਾ ਹੋ ਗਿਆ ਤੁਹਾਡੀਆਂ ਗੱਲਾਂ ਸੁਣ ਕੇ। ਨੌਂ ਕਰੋੜ ਮੀਲ ਜੇ ਪਾਣੀ ਜਾ ਸਕਦਾ ਹੈ ਮੇਰੇ ਤਾਂ ਖੇਤ ਇੱਥੋਂ ਢਾਈ ਸੌ, ਤਿੰਨ ਸੌ ਮੀਲ 'ਤੇ ਨੇ ਤੇ ਮੇਰਾ ਪਾਣੀ ਤਾਂ ਇੱਥੋਂ ਚਲਿਆ ਹੀ ਜਾਏਗਾ। ਖੇਤੀ ਸੁੱਕ ਰਹੀ ਹੈ, ਮੀਂਹ ਪਿਆ ਨਹੀਂ ਹੈ। ਸੋ ਮੈਨੂੰ ਹੁਣ ਬੁਲਾਓ ਨਾ। ਪਾਣੀ ਦੇਣ ਵਾਲਿਆਂ ਦੇ ਹੱਥ ਰੁਕ ਗਏ। ਪੜ੍ਹੇ ਲਿਖੇ ਸੋਚਣ ਲੱਗ ਗਏ ਕਹਿੰਦੇ ਹੈਂ! ਦੋ ਸੌ ਮੀਲ 'ਤੇ ਪਾਣੀ ਚਲਿਆ ਜਾਏਗਾ? ਦੂਜਾ ਕਹਿੰਦਾ ਜੇ ਕਰੋੜਾ ਮੀਲ 'ਤੇ ਜਾਏਗਾ, ਫੇਰ ਕਹਿੰਦਾ ਨਾ ਇਹ ਤਾਂ ਪਾਣੀ ਵਿੱਚ ਹੀ ਗਿਰ ਰਿਹਾ ਹੈ ਗੰਗਾ

ਦੇ। ਪਾਣੀ ਨੇ ਕਿੱਥੇ ਜਾਣਾ ਹੈ ਕਹਿੰਦੇ ਓ ਕਮਲਿਓ! ਕੋਈ ਗੱਲ ਸਮਝਾ ਰਿਹਾ ਹੈ ਆਪਾਂ ਨੂੰ। ਸੁਣੋ! ਸੁਣੋ! ਕੋਈ ਮਹਾਂਪੁਰਸ਼ ਹੈ। ਇਹ ਤਾਂ ਸਾਡੇ ਕਪਾਟ ਖੋਲ੍ਹ ਦਿੱਤੇ, ਗੱਲ ਸਮਝ 'ਚ ਨਹੀਂ ਆਈ। ਪਾਂਡੇ ਆ ਗਏ ਉਨ੍ਹਾਂ ਨੇ ਕਿਹਾ ਕਿ ਤੂੰ ਪਾਣੀ ਓਧਰ ਨੂੰ ਦੇ। ਪਿਤਾ ਪੁਰਖੀ ਪਾਣੀ ਦਿੰਦੇ ਆਏ ਨੇ। ਮਹਾਰਾਜ ਕਹਿੰਦੇ, ਜਾਂਦਾ ਵੀ ਹੈ। ਮੇਰੇ ਖੇਤਾਂ 'ਚ ਪਹੁੰਚਦਾ ਹੈ ਜੇ ਤੁਹਾਡਾ ਸੂਰਜ ਨੂੰ ਤੁਹਾਡਾ ਪਹੁੰਚਦਾ ਹੈ, ਸੂਰਜ ਕਿੱਡੀ ਦੂਰ ਹੈ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ - 264***

ਉਹ ਤਾਂ ਐਨਾ ਦੂਰ ਹੈ ਕਿ ਉਹਦੇ ਕੋਹ ਵੀ ਨਹੀਂ ਗਿਣੇ ਜਾਂਦੇ ਤੇ ਉਥੇ ਪਾਣੀ ਪਹੁੰਚੇਗਾ ਤਾਂ ਮੇਰੇ ਖੇਤਾਂ 'ਚ ਨਹੀਂ ਪਹੁੰਚੇਗਾ।

ਜਦੋਂ ਐਨੀ ਗੱਲ ਕਹੀ ਤਾਂ ਪਾਂਡਿਆਂ ਨੇ ਵੀ ਮੂੰਹ 'ਚ ਉਂਗਲਾਂ ਲੈ ਲਈਆਂ। ਅਗਾਂਹਾਂ ਗੱਲ ਨਹੀਂ ਆਉਂਦੀ ਨਿਰੁੱਤਰ ਹੋ ਗਏ। ਸਾਧੂ ਆ ਗਏ ਇਕੱਠੇ ਹੋ ਕੇ, ਰੌਲਾ ਪੈ ਗਿਆ ਕਿ ਇੱਕ ਐਹੋ ਜਿਹਾ ਪੁਰਖ ਆਇਆ ਹੈ ਜਿਹੜਾ ਆਹ ਗੱਲ ਕਰ ਰਿਹਾ ਹੈ ਉਥੇ। ਰੌਲਾ-ਰੱਪਾ ਪਿਆ ਹੋਇਆ ਹੈ ਆਲੇ-ਦੁਆਲੇ ਸਿਆਣੇ ਕਹਿੰਦੇ ਬੈਠ ਜਾਓ, ਬੈਠ ਕੇ ਗੱਲ ਕਰੀਏ ਆਪਾਂ। ਗੱਲ ਸਮਝੀਏ ਕਹਿੰਦੇ ਕੀ ਨੇ। ਕਹਿਣ ਲੱਗੇ, ਸਤਿਗੁਰੂ ਬਾਹਰ ਆ ਗਏ। ਗੱਲ ਸਮਝਾਈ, ਸਮਝਾਉਣ ਤੋਂ ਬਾਅਦ ਬਚਨ ਚੱਲੇ। ਐਹੋ ਜਿਹੇ ਖਰੇ-ਖਰੇ ਬਚਨ ਕਾਹਨੂੰ ਸੁਣੇ ਸੀ ਅਸੀਂ ਅੱਜ ਤੋਂ ਪਹਿਲਾਂ ਤੇ ਐਸ ਤਰ੍ਹਾਂ ਲੱਗੇ ਕਿ ਬਚਨ ਕਰਦੇ ਨੇ, ਸੂਰਜ ਚੜ੍ਹਦਾ ਤੁਰਿਆ ਜਾ ਰਿਹਾ ਹੈ, ਹਨ੍ਹੇਰਾ ਮਿਟਦਾ ਤੁਰਿਆ ਜਾ ਰਿਹਾ ਹੈ ਮਨ ਦਾ। ਪ੍ਰਕਾਸ਼ ਹੁੰਦਾ ਤੁਰਿਆ ਜਾ ਰਿਹਾ ਹੈ। ਸਾਂਈ ਲੋਕ ਮੈਂ ਛੋਟੀ ਸੀ ਪਰ ਮੈਨੂੰ ਉਹ ਬਹੁਤ ਪਿਆਰੇ ਲੱਗੇ, ਉਨ੍ਹਾਂ ਦੇ ਬਚਨ ਮੇਰੇ ਦਿਲ ਵਿੱਚ ਘਰ ਕਰ ਗਏ। ਉਹ ਬਾਹਰ ਬੈਠ ਕੇ ਆਦਰ ਸਤਿਕਾਰ ਦੇ ਨਾਲ ਬਿਠਾਏ ਗਏ। ਬੜੇ-ਬੜੇ ਸਾਧੂ ਆਏ, ਬੜੇ-ਬੜੇ ਸੰਨਿਆਸੀ ਆਏ, ਨਾਂਗੇ ਆਏ, ਹੋਰ ਅਨੇਕਾਂ ਭੇਖਾਂ ਦੇ ਆਏ। ਸਾਰੇ ਉਨ੍ਹਾਂ ਨੂੰ ਨਮਸ਼ਕਾਰ ਕਰਕੇ ਜਾਂਦੇ ਰਹੇ। ਮੈਂ ਤੇ ਮੇਰੇ ਪਿਤਾ ਜੀ, ਮੇਰੀ ਮਾਤਾ ਜੀ ਮੇਰਾ ਪਰਿਵਾਰ ਛੋਟਾ ਜਿਹਾ, ਅਸੀਂ ਬੈਠੇ ਰਹੇ। ਜਦੋਂ ਸਾਨੂੰ ਪੁੱਛਿਆ ਤਾਂ ਅਸੀਂ ਕਿਹਾ ਪਾਤਸ਼ਾਹ! ਅਸੀਂ ਬੜੇ ਗਰੀਬ ਹਾਂ, ਪਹਾੜ ਦੀ ਜੜ੍ਹ 'ਚ ਰਹਿੰਦੇ ਹਾਂ ਤੇ ਸਾਡੇ ਕੋਲ ਕੋਈ ਮਨੁੱਖ ਨੇੜੇ ਤੇੜੇ ਨਹੀਂ ਰਹਿੰਦਾ। ਸਾਡਾ ਸਿਰਫ ਦੋ ਘਰਾਂ ਦਾ ਇੱਕ ਡੇਰਾ ਹੈ, ਜਿਹਦੇ 'ਚ ਅਸੀਂ ਰਹਿੰਦੇ ਹਾਂ, ਆਪਣੇ ਘਰਾਂ 'ਚ। ਜੰਗਲ ਦੇ ਅੰਦਰ ਪਸ਼ੂ ਪਾਲਦੇ ਹਾਂ, ਥੋੜ੍ਹੀ ਬਹੁਤ ਖੇਤੀ ਕਰਦੇ ਹਾਂ, ਸਾਡਾ ਸੰਜੋਗ ਇੱਥੇ ਚੁੱਕ ਲਿਆਇਆ, ਤੁਸੀਂ ਕ੍ਰਿਪਾ ਕਰੋ। ਸਾਨੂੰ ਉਹ ਚੀਜ਼ ਬਖਸ਼ੋ, ਜਿਹਦੇ ਨਾਲ ਸਾਡਾ ਜੰਮਣ ਮਰਨਾ ਖਤਮ ਹੋ ਜਾਏ। ਪਤਾ ਨਹੀਂ ਕਿਸ ਤਰ੍ਹਾਂ ਦੇ ਨਾਲ ਸਾਡੇ ਮੂੰਹ ਤੋਂ ਇਹ ਅੱਖਰ ਨਿਕਲੇ ਤੇ ਓਸ ਦਿਆਲੂ ਮੂਰਤੀ ਨੇ ਕ੍ਰਿਪਾ ਕੀਤੀ ਸਾਡੇ ਸੀਸ 'ਤੇ ਹੱਥ ਰੱਖੇ ਤੇ ਐਸ ਤਰ੍ਹਾਂ ਪ੍ਰਤੀਤ ਦਿੱਤਾ ਜਿਵੇਂ ਹਜ਼ਾਰਾਂ ਸੂਰਜ, ਕਰੋੜਾਂ ਸੂਰਜ ਅੰਦਰ ਪ੍ਰਕਾਸ਼ ਦੇ ਰਹੇ ਨੇ। ਭਰਮ ਟੁੱਟ ਗਏ ਤੇ ਕਿਸੇ ਅਜੀਬ ਰੰਗ ਦੇ ਵਿੱਚ ਪਹੁੰਚਾ ਦਿੱਤਾ। ਐਸੇ ਰੰਗ, ਐਸੇ ਪਿਆਰ, ਐਸੇ ਰਸ ਵਿੱਚ ਪਹੁੰਚਾ ਦਿੱਤਾ ਕਿ ਹੁਣ ਤੱਕ ਵੀ ਉਹ ਨਸ਼ਾ ਨਹੀਂ ਉਤਰਦਾ, ਵਧਦਾ ਹੀ ਤੁਰਿਆ ਜਾ ਰਿਹਾ ਹੈ ਘਟਦਾ ਨਹੀਂ ਹੈ ਤੇ ਕੋਈ ਖੁਮਾਰੀ ਚਾੜ੍ਹ ਦਿੱਤੀ ਤੇ ਜਦੋਂ ਉਨ੍ਹਾਂ ਨੇ ਆਪਣੇ ਮੁੱਖ ਤੋਂ ਸ਼ਬਦ ਉਚਾਰਿਆ ਤੇ ਆਪ ਪਹਿਲਾਂ ਕਿਹਾ ਕਿ ਕਹੋ ਵਾਹਿਗੁਰੂ! ਕਹਿੰਦੇ ਵਾਹਿਗੁਰੂ ਕਹਿਣਾ ਕੀ ਸੀ, ਰੋਮ-ਰੋਮ ਦੇ ਵਿੱਚ ਸਮਾਅ ਗਿਆ। ਸਮਾਇਆ ਹੀ ਨਹੀਂ ਸਭ ਥਾਂ 'ਤੇ ਸੁਣਨਾ ਸ਼ੁਰੂ ਕਰ ਦਿੱਤਾ

ਤੇ ਉਹਦੀ ਖੁਮਾਰੀ ਚੜ੍ਹ ਗਈ, ਜਿਸ ਦੇ ਬਾਰੇ ਐਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ, ਨਾਮ ਖੁਮਾਰੀ-ਨਾਮ ਖੁਮਾਰੀ।***
***ਪੋਸਤ ਮਧ ਅਫੀਮ ਭੰਗ ਉਤਰ ਜਾਇ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

ਸਾਂਈ ਜੀ! ਐਸੀ ਖੁਮਾਰੀ ਚੜ੍ਹ ਗਈ, ਐਸਾ ਜੋ ਅੱਖਰ ਬੋਲਿਆ ਰੋਮ-ਰੋਮ ਦੇ ਵਿੱਚ ਰਚ ਗਿਆ। ਹੁਣ ਆਪੇ ਹੀ ਆਵਾਜ਼ ਆਉਂਦੀ ਹੈ ਤੇ ਇੱਕ ਰਸ ਹੈ ਜੋ ਮੈਂ ਦੱਸ ਨਹੀਂ ਸਕਦੀ ਕਿ ਕਿਹੋ ਜਿਹਾ ਹੈ ਕੀਹਦੇ ਵਰਗਾ ਹੈ ਤੇ ਐਸ ਤਰ੍ਹਾਂ ਮੈਨੂੰ ਪਤਾ ਹੈ ਕਿ ਮੈਂ ਹਮੇਸ਼ਾ ਖੁਸ਼ ਰਹਿੰਦੀ ਹਾਂ। ਦਲਗੀਰ ਨਹੀਂ ਕਦੇ ਵੀ ਕੋਈ, ਉਦਾਸ ਨਹੀਂ ਹੋਈ। ਮੇਰੀਆਂ ਅੱਖਾਂ 'ਚੋਂ ਹੁਣ ਹੰਝੂ ਨਹੀਂ ਜਾਂਦੇ। ਮੇਰੇ ਅੰਦਰ ਇੱਕ ਖੇੜਾ ਜਿਹੜਾ ਲਹਿਰਾਂ ਮਾਰਦਾ ਹੈ ਇਹ ਮੇਰੇ ਤੋਂ ਸਹਿ ਨਹੀਂ ਹੁੰਦਾ। ਜਦੋਂ ਬਹੁਤ ਹੋ ਜਾਂਦਾ ਹੈ ਫੇਰ ਮੈਂ ਉੱਚੀ-ਉੱਚੀ ਸ਼ਬਦ ਗਾਉਣ ਲੱਗ ਜਾਂਦੀ ਹਾਂ। ਉਸ ਵੇਲੇ ਮੇਰੇ ਮੂੰਹ ਤੋਂ ਜੋ ਮੈਂ ਬਾਣੀ ਉਥੇ ਰਹਿ ਕੇ ਗੁਰੂ ਮਹਾਰਾਜ ਕੋਲ ਇਕੱਠੀ ਕਰੀ, ਪਿਤਾ ਜੀ ਨੇ ਲਿਖੀ ਤੇ ਉਸ ਤੋਂ ਬਾਅਦ ਅਸੀਂ ਸਾਰਿਆਂ ਨੇ ਜ਼ੁਬਾਨੀ ਯਾਦ ਕਰੀ, ਹੁਣ ਸਾਨੂੰ ਬਹੁਤ ਉਨ੍ਹਾਂ ਦੇ ਸ਼ਬਦ ਯਾਦ ਨੇ। ਜਿਹੜੇ ਅਸੀਂ ਵਾਰੀ-ਵਾਰੀ ਪੜ੍ਹਦੇ ਰਹਿੰਦੇ ਹਾਂ ਤੇ ਰਾਤ ਨੂੰ ਅਸੀਂ ਇਕੱਠੇ ਹੁੰਦੇ ਹਾਂ, ਜਦੋਂ ਪ੍ਰਸ਼ਾਦਾ ਛੱਕ ਲੈਂਦੇ ਹਾਂ, ਉਸ ਵੇਲੇ ਅਸੀਂ ਸੌਣ ਤੋਂ ਪਹਿਲਾਂ ਉਹ ਬਾਣੀ ਨੂੰ ਗਾ ਕੇ ਪੜ੍ਹਦੇ ਹਾਂ ਤੇ ਅਨੰਦ ਆਉਂਦਾ ਹੈ, ਇੱਕ ਰਸ ਵਿੱਚ ਰਹਿੰਦੇ ਹਾਂ, ਇਹ ਬਚਨ ਸਾਰੇ ਹੀ ਸਾਂਈ ਲੋਕ ਵਾਸਤੇ ਅਜੀਬ ਮਾਇਅਨੇ ਰਖਦੇ ਸੀ। ਹੈਂ ਰਸ! ਖੁਮਾਰੀ! ਖੇੜਾ! ਮੈਨੂੰ ਤਾਂ ਆ ਨਹੀਂ ਰਿਹਾ, ਮੈਂ ਤਾਂ ਉਦਾਸੀਆਂ ਵਿੱਚ ਲੰਘ ਰਿਹਾ ਹਾਂ। ਮੈਂ ਤਾਂ ਰੋਣਿਆਂ ਧੋਣਿਆਂ 'ਚ ਲੰਘ ਰਿਹਾ ਹਾਂ। ਮੈਂ ਤਾਂ ਹਾਵਿਆਂ ਵਿੱਚ ਲੰਘ ਰਿਹਾ ਹਾਂ ਤੇ ਝੋਰਿਆਂ ਵਿੱਚ ਕਹਿੰਦਾ ਹਾਂ ਕਿ ਹੇ ਪ੍ਰਭੂ! ਮੈਨੂੰ ਵੀ ਕਦੇ ਦਰਸ਼ਨ ਹੋਣਗੇ। ਉਸ ਵੇਲੇ ਅੰਦਰੋਂ ਆਵਾਜ਼ ਉੱਠੀ, ਕੋਈ ਪਿਆਰਾ ਮੈਨੂੰ ਪ੍ਰਮੇਸ਼ਰ ਦਾ ਰਸਤਾ ਦੱਸੇ -

***ਧਾਰਨਾ - ਮੈਨੂੰ ਦੱਸਿਓ ਪਿਆਰਿਓ!***
***ਰਸਤਾ ਸਾਈਂ ਦੇ ਦੁਆਰੇ ਦਾ।***
***ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ***
***ਦਰਾ ਭੀਤਰਿ ਦਰੁ ਕਵਨੁ ਲਹੈ ॥***
***ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥***
***ਅੰਗ - 877***

ਜਿਸ ਦਰਵਾਜ਼ੇ 'ਤੇ ਪਹੁੰਚਣ ਵਾਸਤੇ, ਦੋ ਸੌ ਢਾਈ ਸੌ ਸਾਲ ਤੋਂ ਨਿਰਜਨ ਬਨ ਵਿੱਚ ਰਹਿੰਦਾ ਹਾਂ। ਕੋਈ ਆ ਕੇ ਮੈਨੂੰ ਰਸਤਾ ਦੱਸੇ। ਬੇਟਾ! ਤੂੰ ਹੀ ਦਸ ਮੈਨੂੰ। ਕਹਿਣ ਲੱਗੀ, ਸਾਂਈ ਲੋਕ! ਜਦੋਂ ਅਸੀਂ ਸਤਿਗੁਰੁ ਜੀ ਦੇ ਪਾਸ ਸੀ ਉਸ ਵੇਲੇ ਉਨ੍ਹਾਂ ਦੇ ਪ੍ਰਵਚਨ ਸੁਣੇ ਸੀ ਅਸੀਂ। ਉਹ ਕਹਿੰਦੇ ਸੀ, ਜਦੋਂ ਤੱਕ ਆਦਮੀ ਜੀਉਂਦਾ ਹੈ ਓਨਾਂ ਚਿਰ ਉਹਨੂੰ ਪ੍ਰਭੂ ਨਹੀਂ ਮਿਲ ਸਕਦਾ। ਜਦੋਂ ਜੀਉਂਦਾ ਮਰ ਜਾਏਗਾ, ਮਰ ਕੇ ਫੇਰ ਜੀਉਂਦਾ ਹੋਏਗਾ, ਫੇਰ ਕਹਿੰਦੇ ਮਿਲਦਾ ਹੈ। ਕਹਿਣ ਲੱਗੇ, ਹੈਂ ਆਹ ਤਾਂ ਬੜੀ ਅਜੀਬ ਬਾਤ ਕਹਿ ਦਿੱਤੀ। ਜੀਉਂਦੇ ਨੂੰ ਮਿਲਦਾ ਨਹੀਂ, ਜੀਉਂ ਕੇ ਜਦੋਂ ਮਰ ਜਾਏਗਾ ਮਰ ਕੇ ਜੀਉਂਦਾ ਹੋ ਜਾਏਗਾ ਫੇਰ ਮਿਲੇਗਾ। ਉਹ ਕਹਿਣ ਲੱਗੇ, ਮਹਾਰਾਜ ਕਹਿੰਦੇ ਨੇ ਕਿ ਸਰੀਰ ਤੋਂ

ਨਹੀਂ, ਸਰੀਰ ਦੇ ਵਿੱਚ ਜੀਉਂਦੀ ਕਿਹੜੀ ਚੀਜ਼ ਹੈ। ਉਹ ਜੀਉਂਦੀਆਂ ਚੀਜ਼ਾਂ ਜਿੰਨੀ ਦੇਰ ਤੱਕ ਨਹੀਂ ਮਰਦੀਆਂ। ਉਹ ਚੀਜ਼ਾਂ ਮੁਰਦੀਆਂ ਨੇ, ਬੁੱਸੀਆਂ ਹੋਈਆਂ ਚੀਜ਼ਾਂ ਨੇ ਸਰੀਰ ਦੇ ਅੰਦਰ। ਬੇਲੋੜੀਆਂ ਚੀਜ਼ਾਂ ਨੇ, ਉਨ੍ਹਾਂ ਦਾ ਕੰਮ ਕੀ ਹੈ ਜੀਵ ਨੂੰ ਫਸਾਉਣਾ, ਜਨਮਾਂ-ਜਨਮਾਂਤਰਾਂ 'ਚ ਘੁੰਮਾਉਣਾ ਤੇ ਇਸ ਨੂੰ ਪ੍ਰਮੇਸ਼ਰ ਦੇ ਨਾਲੋਂ ਵਿਛੋੜ ਕੇ ਰੱਖਣਾ ਤੇ ਸਤਿਗੁਰੂ ਮੇਰੇ ਇਹ ਕਹਿੰਦੇ ਨੇ ਕਿ ਇਨ੍ਹਾਂ ਦੇ ਵਿਚੋਂ ਜਿਹੜੀ ਸਾਰਿਆਂ ਨਾਲੋਂ ਖਤਰਨਾਕ ਚੀਜ਼ ਹੈ ਉਹ ਇੱਕ ਹੰਗਤਾ ਤੇ ਮਮਤਾ ਹੈ। ਜਿਹਨੂੰ ਮੈਂ ਕਹਿੰਦੇ ਨੇ ਮੈਂ ਤੇ ਮੇਰੀ ਹੈ। ਜਦੋਂ ਤੱਕ ਮੈਂ ਤੇ ਮੇਰੀ ਜੀਉਂਦੀ ਹੈ, ਜਿੰਨਾਂ ਚਿਰ ਮੈਂ ਤੇ ਮੇਰੀ ਨਾਲ ਗੱਲ ਕਰਦਾ ਹੈ, ਉਹ ਜੀਉਂਦਾ ਹੈ ਉਹਦੇ ਵਾਸਤੇ ਰੱਬ ਦਾ ਦਰ ਨਹੀਂ ਖੁੱਲ੍ਹਾ। ਇਹ ਮੈਂ ਤੇ ਮੇਰੀ ਜਿਹੜੀ ਹੈ ਇਹ ਅੰਤਸ਼ਕਰਣ 'ਚ ਵਸਦੀ ਹੈ। ਅੰਤਸ਼ਕਰਣ 'ਚ ਬੁੱਧੀ ਵਸਦੀ ਹੈ, ਅੰਤਸ਼ਕਰਣ 'ਚ ਮਨ ਵਸਦਾ ਹੈ ਤੇ ਸਤਿਗੁਰੂ ਇਹ ਕਹਿੰਦੇ ਸੀ ਕਿ ਕੋਈ ਬੰਦਾ, ਪ੍ਰਮੇਸ਼ਰ ਦੇ ਸ਼ੌਂਕ ਵਾਲਾ ਇਹ ਚਾਰੇਂ ਚੀਜ਼ਾਂ ਗੁਰੂ ਨੂੰ ਅਰਪਣ ਕਰ ਦੇਵੇ ਉਸ ਵੇਲੇ ਉਹ ਮਰ ਜਾਇਆ ਕਰਦਾ ਹੈ। ਜੀਉਂਦਾ ਨਹੀਂ ਰਿਹਾ ਕਰਦਾ। ਉਹ ਮਰੇ ਹੋਏ ਨੂੰ ਫੇਰ ਗੁਰੂ ਜੀਵਾਲਦਾ ਹੈ, ਉਨਮਨੀ ਅਵਸਥਾ 'ਚ, ਆਤਮਕ ਮੰਡਲ ਦੇ ਵਿੱਚ ਜੀਉਂਦਾ ਕਰਦਾ ਹੈ ਤੇ ਉਹ ਫੇਰ ਪ੍ਰਮੇਸ਼ਰ ਦੇ ਦਰ 'ਤੇ ਪਹੁੰਚ ਸਕਦਾ ਹੈ-

***ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥***

***ਅੰਗ - 877***

ਕਹਿਣ ਲੱਗਿਆ, ਫੇਰ ਇਹ ਤਾਂ ਬੜੀ ਗੱਲ ਔਖੀ ਹੈ, ਗੱਲ ਤਾਂ ਪਤੇ ਦੀ ਕਰਦੇ ਹਨ ਬੇਟਾ। ਪਰ ਮੁਸ਼ਕਲ ਬਹੁਤ ਹੈ -

***ਧਾਰਨਾ - ਜੀਵਤ ਮਰਿਆ ਨਹੀਂ ਜਾਂਦਾ, ਕਿਵੇਂ ਜੀਵਤ ਮਰੀਦੈ।***

ਕਹਿਣ ਲੱਗੇ, ਬੇਟਾ! ਜੋ ਮਹਾਰਾਜ ਕਹਿੰਦੇ ਨੇ, ਜੋ ਤੇਰੇ ਸਤਿਗੁਰੂ ਜੀ ਕਹਿੰਦੇ ਨੇ, ਗੱਲ ਤਾਂ ਠੀਕ ਹੈ, ਪਰ ਇਹ ਮਰਨਾ ਤਾਂ ਹੱਦ ਤੋਂ ਜ਼ਿਆਦਾ ਔਖਾ ਹੈ। ਕਿਵੇਂ ਮਰੇ? ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਕਹਿਣ ਲੱਗੇ, ਸਾਂਈਂ ਲੋਕ! ਮੈਂ ਦੇਖਦੀ ਰਹੀ ਹਾਂ ਉਥੇ ਬੈਠੀ, ਵੱਡੇ-ਵੱਡੇ ਵਿਦਵਾਨ ਆਏ, ਗਿਆਨੀ ਪੁਰਸ਼ ਆਏ। ਗਿਆਨਨੰਦ ਦੀ ਪ੍ਰਾਪਤੀ ਕਰਨ ਵਾਲੇ ਆਏ ਤੇ ਜਦੋਂ ਮਹਾਰਾਜ ਨੇ ਦੇਖਿਆ ਕਿ ਸ਼ਰਧਾਲੂ ਨੇ ਸੱਚਮੁੱਚ ਦੀ ਇਨ੍ਹਾਂ 'ਚ ਲਗਨ ਹੈ ਤੇ ਇਹ ਕਿੰਨਿਆਂ ਜਨਮਾਂ-ਜਨਮਾਂਤਰਾਂ ਤੋਂ ਭਟਕਦੇ ਫਿਰਦੇ ਨੇ। ਉਸ ਵੇਲੇ ਮੇਰੇ ਸਤਿਗੁਰੂ ਨੇ ਇੱਕ ਗੱਲ ਕਹੀ ਕਿ ਤੁਸੀਂ ਜੋ ਕੁਛ ਮੇਰੇ ਪਾਸ ਹੈ ਉਹ ਮੈਨੂੰ ਦੇ ਦਿਓ। ਸਾਡੇ ਅਰਪਣ ਕਰ ਦਿਓ, ਜੋ ਕੁਛ ਵੀ ਹੈ। ਤੇ ਉਨ੍ਹਾਂ 'ਚ ਬੜੇ ਸਿਆਣੇ ਬੰਦੇ ਸੀ ਉਹ ਕਹਿਣ ਲੱਗੇ, ਮਹਾਰਾਜ! ਜੋ ਜਾਇਦਾਦ, ਜੋ ਪੈਸਾ ਟਕਾ, ਜੋ ਮਾਲ ਮਤਾ, ਅਸੀਂ ਸੰਕਲਪ ਕਰਦੇ ਹਾਂ, ਪਵਿੱਤਰ ਭੂਮੀ 'ਤੇ ਬੈਠ ਕੇ ਕਿ ਅਸੀਂ ਤੁਹਾਨੂੰ ਅਰਪਣ ਕਰ ਦਿੱਤਾ। ਮਹਾਰਾਜ ਕਹਿੰਦੇ, ਹੁਣ ਪੁੱਛੋ। ਫੁਰਨਾ ਕਰਨ ਲੱਗ ਗਏ, ਮਹਾਰਾਜ ਕਹਿੰਦੇ, ਦੇਖੋ ਇਹ ਫੁਰਨਾ ਕਰਨਾ ਜੋ ਹੁੰਦਾ ਹੈ ਇਹ ਮਨ ਦਾ ਸੁਭਾਅ ਹੁੰਦਾ ਹੈ, ਇਹ ਵੀ ਸਾਨੂੰ ਅਰਪਣ ਕਰ ਦਿਓ -

***ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥***

***ਅੰਗ - 286***

ਇਹ ਵੀ ਦੇ ਦਿਓ ਸਾਰੇ। ਉਸ ਤੋਂ ਬਾਅਦ ਕਹਿੰਦੇ ਫੇਰ ਸੋਚਣ ਲੱਗੇ, ਕਹਿੰਦੇ ਹੁਣ ਜਿਹੜਾ ਸੰਸਾ ਤੁਸੀਂ ਸੋਚਦੇ ਓਂ ਇਹ ਬੁੱਧੀ ਦਾ ਧਰਮ ਹੈ, ਇਹ

ਬੁੱਧੀ ਵੀ ਸਾਨੂੰ ਅਰਪਣ ਕਰ ਦਿਓ, ਉਹ ਵੀ ਅਰਪਣ ਕਰ ਦਿੱਤੀ। ਕਹਿੰਦੇ ਹੁਣ ਪੁੱਛੋ? ਜਦੋਂ ਫੇਰ ਪੁੱਛਣ ਲੱਗੇ ਕਿ ਇਹ ਜਿਹੜੀ ਚਿਤਵਨੀ ਕਰਦੇ ਓਂ ਇਹ ਚਿੱਤ ਦਾ ਧਰਮ ਹੈ। ਇਹ ਵੀ ਸਾਨੂੰ ਅਰਪਣ ਕਰ ਦਿਓ। ਉਸ ਤੋਂ ਬਾਅਦ ਕਹਿੰਦੇ ਹੁਣ ਕੀ ਬਚ ਗਿਆ ਤੁਹਾਡੇ ਕੋਲ। ਕਹਿੰਦੇ, ਮਹਾਰਾਜ! ਸਰੀਰ ਵੀ ਤੁਹਾਨੂੰ ਅਰਪਣ ਕਰ ਦਿੱਤਾ, ਮਨ ਵੀ ਕਰ ਦਿੱਤਾ, ਬੁੱਧੀ ਵੀ ਕਰ ਦਿੱਤੀ, ਚਿਤਵਨਾ ਵੀ ਕਰ ਦਿੱਤੀ। ਹੁਣ ਦੇਖੋ ਤੁਹਾਡੇ ਕੋਲ ਕੀ ਬਚਦਾ ਹੈ। ਸਿਆਣੇ ਸੀ, ਸ਼ਾਸਤਰ ਪੜ੍ਹੇ ਹੋਏ ਸੀ। ਕਹਿਣ ਲੱਗੇ, ਮਹਾਰਾਜ! ਹੁਣ ਤਾਂ ਮੈਂ ਭਾਵ ਬਚਦਾ ਹੈ, ਕਹਿੰਦੇ ਇਹ ਵੀ ਦੇ ਦਿਓ ਸਾਨੂੰ। ਕਹਿੰਦੇ ਮੈਂ ਦੇਖਿਆ, ਹੈਰਾਨ ਹੋ ਗਈ ਕਿ ਉਸ ਤੋਂ ਬਾਅਦ ਉਨ੍ਹਾਂ ਨੇ ਨੇਤਰ ਬੰਦ ਕਰ ਲਏ, ਖੋਲ੍ਹਦਾ ਹੀ ਨਹੀਂ। ਫੁਰਨਾ ਬੰਦ ਹੋ ਗਿਆ, ਮੈਂ ਭਾਵ ਗੁਰੂ ਦੇ ਅਰਪਣ ਕਰ ਦਿੱਤਾ। ਹੁਣ ਬਾਕੀ ਕੀ ਰਹਿ ਗਿਆ, ਬਾਕੀ ਆਪਣਾ ਆਪ ਸਾਖੀ ਪਦ ਰਹਿ ਗਿਆ। ਕਹਿਣ ਲੱਗੀ, ਐਸ ਤਰ੍ਹਾਂ ਦੇ ਨਾਲ ਮੈਂ ਦੇਖਿਆ ਹੈ, ਐਸ ਤਰ੍ਹਾਂ ਉਧਾਰ ਕਰਾਉਂਦੇ ਨੇ। ਕਹਿੰਦੇ, ਇਹ ਤਾਂ ਬੜਾ ਔਖਾ ਹੈ। ਮੈਂ ਮੇਰੀ ਨੂੰ ਤਾਂ ਛੱਡਣਾ ਹੈ, ਜ਼ੁਬਾਨੀ ਤਾਂ ਅਸੀਂ ਛੱਡ ਦੇਵਾਂਗੇ, ਲੇਕਿਨ ਸੱਚਮੁੱਚ ਨਹੀਂ ਛੱਡ ਸਕਦੇ। ਬੜਾ ਔਖਾ ਹੈ। ਇਸੇ ਕਰਕੇ ਪਿਆਰ ਦੀ ਖੇਡ ਨੂੰ ਕਿਹਾ ਹੈ -

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***

***ਅੰਗ - 1412***

ਕਿਉਂਕਿ ਸਾਰੀਆਂ ਚੀਜ਼ਾਂ ਦਿਮਾਗ 'ਚ ਰਹਿੰਦੀਆਂ ਨੇ। ਮਨ ਵੀ ਦਿਮਾਗ 'ਚ ਹੈ ਪੰਜਾਂ ਤੱਤਾਂ ਦਾ ਬਣਿਆ ਹੋਇਆ। ਪੰਜਾਂ ਤੱਤਾਂ ਦੀ ਬਣੀ ਹੋਈ ਬੁੱਧੀ ਵੀ ਦਿਮਾਗ ਵਿੱਚ ਹੈ ਤੇ ਚਿੱਤ ਜਿਹੜਾ ਹੈ ਇਹ ਵੀ ਪੰਜਾਂ ਤੱਤਾਂ ਦੇ ਵਿਚੋਂ ਬਣਿਆ ਹੋਇਆ ਹੋਣ ਕਰਕੇ ਇਹ ਵੀ ਦਿਮਾਗ ਵਿੱਚ ਹੈ ਤੇ ਮੈਂ ਭਾਵ ਦੀ ਜੋ ਚਿਤਵਨਾ ਹੈ। ਇਹ ਵੀ ਦਿਮਾਗ ਵਿੱਚ ਹੈ ਇਹ ਵਾਧੂ ਚੀਜ਼ਾਂ ਨੇ। ਜਦੋਂ ਇਹ ਅਰਪਣ ਕਰ ਦਿੰਦੇ ਹਾਂ ਗੁਰੂ ਦੇ। ਫੇਰ ਬਾਕੀ ਕੀ ਰਹਿ ਗਿਆ, ਫੇਰ ਸਾਖੀ ਪਦ ਆਪਣਾ ਸਰੂਪ ਰਹਿ ਜਾਂਦਾ ਹੈ। ਕਹਿਣ ਲੱਗੀ, ਸਾਂਈ ਲੋਕ! ਇਹ ਗੱਲਾਂ ਮੇਰੇ ਚੰਗੀ ਤਰ੍ਹਾਂ ਯਾਦ ਨੇ। ਜੋ ਉਥੇ ਵਰਤੀਆਂ ਤੇ ਮੈਂ ਦੇਖਿਆ ਕਿ ਬੋਲਦਾ ਹੀ ਨਹੀਂ ਕੋਈ। ਸਮਾਧੀਆਂ ਹੀ ਲੱਗ ਗਈਆਂ। ਮੈਂ ਸੋਚਿਆ ਕਿ ਹੁਣ ਇਹ ਮਰ ਗਏ ਸਾਰੇ। ਕਹਿੰਦੀ, ਉਸ ਤੋਂ ਬਾਅਦ ਘੰਟੇ ਲੰਘ ਗਏ, ਪਹਿਰ ਲੰਘ ਗਏ। ਮੇਰੇ ਸਤਿਗੁਰੂ ਨੇ ਸਾਵਧਾਨ ਕਰਿਆ, ਆਤਮਾ ਸਾਖਸ਼ਾਤ ਹੋਇਆ ਤੇ ਨਾਲ ਕਹਿਣ ਲੱਗੇ, ਲਓ ਬਈ ਇਹ ਜਿਹੜੀਆਂ ਚੀਜ਼ਾਂ ਤੁਸੀਂ ਸਾਡੇ ਅਰਪਣ ਕੀਤੀਆਂ, ਘਰ ਬਾਰ, ਜ਼ਮੀਨ ਜਾਇਦਾਦ, ਸਰੀਰ, ਮਨ, ਚਿੱਤ, ਬੁੱਧ, ਅਹੰਭਾਵ; ਇਹ ਹੁਣ ਸਾਡੀਆਂ ਤੁਸੀਂ ਵਾਪਸ ਲੈ ਲਓ। ਇਹ ਤੁਹਾਡਾ ਅਧਿਕਾਰ ਨਹੀਂ ਇਨ੍ਹਾਂ 'ਤੇ। ਇਹਦੇ ਨਾਲ ਜੋ ਤੁਸੀਂ ਹੁਣ ਅਨੁਭਵ ਕਰਿਆ ਹੈ ਇਹ ਅਨੁਭਵ ਕਰਦੇ ਰਹਿਣਾ, ਸਰੀਰ ਦੇ ਨਾਲ ਕਿਰਤ ਕਰੋ। ਕਮਾਈ ਕਰੋ, ਬਾਲ-ਬੱਚਿਆਂ ਨੂੰ ਪਾਲੋ। ਜ਼ਿੰਮੇਵਾਰੀਆਂ ਪੂਰੀਆਂ ਕਰੋ ਸੰਸਾਰ ਦੀਆਂ। ਬੁੱਧੀ ਦੇ ਨਾਲ ਨੇਕ ਕੰਮ ਚਿਤਵਨ ਕਰੋ। ਚਿਤ ਦੇ ਨਾਲ ਦੂਜਿਆਂ ਦਾ ਭਲਾ ਚਿਤਵਨਾ ਕਰੋ -

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬੱਤ ਕਾ ਭਲਾ।***

ਜਿਹੜੀ ਝੂਠੀ ਮੈਂ ਹੈ ਇਸ ਤੋਂ ਸਰੀਰ ਦਾ ਕੰਮ ਲਓ ਲੇਕਿਨ ਰਹੋ

ਅਸਲੀ ਸੱਚੀ ਮੈਂ ਦੇ ਅੰਦਰ। ਕਹਿੰਦੇ, ਸਾਂਈਂ ਲੋਕ! ਐਨਾ ਕੁ ਤਾਂ ਮੈਨੂੰ ਪਤਾ ਹੈ।

ਕਹਿੰਦੀ, ਫੇਰ ਉਨ੍ਹਾਂ ਨੇ ਦਰਵਾਜ਼ਾ ਦੱਸਿਆ -

***ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥***
***ਅੰਗ - 877***

ਦੁੱਖ ਤੇ ਸੁੱਖ ਨੂੰ ਜਿੰਨਾਂ ਚਿਰ ਬਰਾਬਰ ਨਹੀਂ ਜਾਣਦਾ ਆਦਮੀ। ਜਦੋਂ ਤੱਕ ਇਹਦੇ ਚਿੱਤ 'ਚ ਇਹ ਭਾਵਨਾ ਨਹੀਂ ਜਾਗਦੀ।

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥*** ***ਅੰਗ - 5***

ਜਦੋਂ ਤੱਕ ਦੁੱਖ ਨੂੰ ਦਾਤ ਨਹੀਂ ਸਮਝਦਾ। ਦੁੱਖ ਨਾਲ ਸਮਝੌਤਾ ਨਹੀਂ ਹੁੰਦਾ, ਦੁੱਖ ਨਾਲ ਵਿਰੋਧ ਹੈ ਕਿਉਂਕਿ ਸਭ ਲੋਕ ਦੁੱਖ ਨੂੰ ਨਫਰਤ ਕਰਦੇ ਨੇ। ਸੰਸਾਰ ਦੇ ਅੰਦਰ ਕੋਈ ਨਹੀਂ ਜਿਹੜਾ ਦੁੱਖ ਨਾਲ ਸਮਝੌਤਾ ਕਰ ਲਵੇ ਤੇ ਮਹਾਰਾਜ ਕਹਿੰਦੇ ਨੇ ਕਿ ਦੋਹਾਂ ਨੂੰ ਜਦੋਂ ਤੱਕ ਸਮ ਨਹੀਂ ਕਰਦਾ, ਦੁੱਖ ਤੇ ਸੁੱਖ ਨੂੰ ਬਰਾਬਰ ਦੇ ਪੱਧਰ 'ਤੇ ਨਹੀਂ ਲਿਆਉਂਦਾ, ਕਹਿੰਦੇ ਉਹ ਓਨਾਂ ਚਿਰ ਦਰਵਾਜ਼ਾ ਨਹੀਂ ਖੁਲ੍ਹਦਾ। ਜਦੋਂ ਬਰਾਬਰ ਦੀ ਪੱਧਰ ਤੇ ਲੈ ਆਇਆ। ਫੇਰ ਦਰਵਾਜ਼ਾ ਖੁਲ੍ਹ ਗਿਆ ਤੇ ਫੇਰ ਰੋਹ ਹੈ ਇਹਨੂੰ ਦਇਆ 'ਚ ਬਦਲਣਾ ਪੈਂਦਾ ਹੈ ਤੇ ਉਹ ਬਦਲ ਕੇ ਫੇਰ ਇਹ ਰਖਵਾਲਾ ਜਿਹੜਾ ਹੈ ਲੰਘਣ ਦੇ ਦਿੰਦਾ ਹੈ -

*...........ਆਸਾ ਅੰਦੇਸਾ ਦੁਇ ਪਟ ਜੜੇ ॥* *ਅੰਗ - ੮੭੭*

ਆਸਾ ਤੇ ਅੰਦੇਸਾ ਕਿ ਮੈਨੂੰ ਆਹ ਚੀਜ਼ਾਂ ਮਿਲ ਜਾਣ, ਹਾਏ ਕਿਤੇ ਮੇਰੇ ਕੋਲੋਂ ਚਲੀਆਂ ਨਾ ਜਾਣ। ਕਹਿੰਦੇ, ਇਹਦੇ ਉਪਰ ਦੀ ਜਦੋਂ ਲੰਘ ਕੇ ਹੁਕਮ 'ਚ ਆ ਜਾਂਦਾ ਹੈ, ਰਜ਼ਾ 'ਚ ਆ ਜਾਂਦਾ ਹੈ, ਫੇਰ ਇਹ ਦਰਵਾਜ਼ਾ ਵੀ ਲੰਘ ਹੋ ਜਾਂਦਾ ਹੈ -

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥*** ***ਅੰਗ - 877***

ਡੂੰਘੀ ਖਾਹੀ ਹੈ ਮਾਇਆ ਦੀ। ਮਾਇਆ ਦੀ ਸ਼ਕਤੀ ਦੇ ਵਿੱਚ ਘਰ ਬੰਨ੍ਹਿਆ ਹੋਇਆ ਹੈ। ਆਹ ਸਰੀਰ ਦੇ ਵਿੱਚ ਹੀ ਵਾਹਿਗੁਰੂ ਰਹਿੰਦਾ ਹੈ।

***ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰ ਹਰੇ ॥***
***ਊਚਾ ਨਹੀ ਕਹਣਾ ਮਨ ਮਹਿ ਰਹਣਾ***
***ਆਪੇ ਜਾਣੈ ਆਪਿ ਕਰੇ ॥ 3 ॥***
***ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥***
***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥***
***ਅੰਗ - 877***

ਨਾਮਾਂ ਦਾ ਕੋਈ ਅੰਤ ਨਹੀਂ ਹੈ ਪ੍ਰਮੇਸ਼ਰ ਦੇ। ਜਿੰਨਾਂ ਚਿਰ ਆਸਾ ਤੇ ਅੰਦੇਸਾ ਹੈ ਕਹਿੰਦੇ ਓਨਾਂ ਚਿਰ ਇੱਕ-ਇੱਕ ਨਹੀਂ ਕਹਿ ਸਕਦਾ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਗ - 930***

ਮੂੰਹ ਤੋਂ ਤਾਂ ਕਹਿੰਦੇ ਨੇ ਇੱਕੋ ਵਾਹਿਗੁਰੂ ਹੈ ਲੇਕਿਨ ਆਸਾ ਤੇ ਅੰਦੇਸਾ

'ਚ ਪਏ ਹੋਏ ਕਹਿੰਦੇ ਕਿਵੇਂ ਇੱਕ ਕਹਿ ਸਕਦਾ ਹੈ।

***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥***

***ਅੰਗ - 877***

ਆਸਾ ਦੇ ਵਿੱਚ ਨਿਰਾਸਾ ਰਹੀ। ਜੋ ਕੁਛ ਹੋਣਾ ਹੈ ਹੋਈ ਜਾਵੇ। ਵਾਹਿਗੁਰੂ ਦੇ ਹੁਕਮ 'ਚ ਰਹੇ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*** ***ਅੰਗ - 1***

***..........ਤਉ ਨਾਨਕ ਏਕੁ ਮਿਲੈ ॥*** ***ਅੰਗ - 877***

ਮਹਾਰਾਜ ਨੇ ਤਾਂ ਐਸ ਤਰ੍ਹਾਂ ਰਸਤਾ ਦੱਸਿਆ ਹੈ ਪੀਰ ਜੀ ਕਿ ਫੇਰ ਮਿਲਦਾ ਹੈ -

***ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥***

***ਅੰਗ - 877***

ਕਹਿੰਦੇ ਇਹ ਤਰੀਕਾ ਦੱਸਿਆ ਹੈ ਜੀਉਂਦੇ ਮਰਨ ਦਾ। ਸੋ ਇਸ ਤਰ੍ਹਾਂ ਦੇ ਨਾਲ ਬੀਬੀ ਨੇ ਬਚਨ ਕੀਤੇ ਤੇ ਓਸ ਵੇਲੇ ਕਹਿਣ ਲੱਗੇ, ਕਹਿੰਦੇ ਤੂੰ ਬੇਟਾ! ਉਹਨੂੰ ਯਾਦ ਕਿਵੇਂ ਕਰਦੀ ਹੈਂ ਕਹਿੰਦੇ, ਮੈਂ ਤਾਂ ਉਨ੍ਹਾਂ ਦਾ ਨਾਉਂ ਨਹੀਂ ਲਿਆ ਕਦੇ ਵੀ। ਮੈਂ ਤਾਂ ਉਨ੍ਹਾਂ ਨੂੰ ਤੂੰ ਜੀ ਕਹਿੰਦੀ ਹਾਂ ਤੇ ਉਹ ਤੂੰ ਜੀ ਮੇਰੇ ਅੰਦਰ ਐਨੇ ਵਸੇ ਨੇ, ਜਦੋਂ ਤੋਂ ਮੈਂ ਦਰਸ਼ਨ ਕਰੇ ਨੇ ਮੇਰੇ ਅੰਦਰੋਂ ਗਏ ਹੀ ਨਹੀਂ ਹਨ ਤੇ ਮੈਨੂੰ ਤਾਂ ਹੁਣ ਚਾਰੇ ਹੀ ਪਾਸੇ ਉਨ੍ਹਾਂ ਦਾ ਜਿੱਧਰ ਨੂੰ ਮੈਂ ਦੇਖਦੀ ਹਾਂ, ਓਧਰ ਹੀ ਉਨ੍ਹਾਂ ਦਾ ਦਰਸ਼ਨ ਹੁੰਦਾ ਹੈ -

***ਧਾਰਨਾ - ਜਿਧਰ ਵੇਖਾਂ ਤੂੰ ਹੀ ਤੂੰ ਹੈ,***
***ਹੋਰ ਕੋਈ ਨਾ ਦਿਸੇ।***

ਸਾਂਈਂ! ਮੇਰੇ ਤਾਂ ਅੰਦਰ ਉਹ ਇਸ ਤਰ੍ਹਾਂ ਨਾਲ ਬਹਿ ਗਏ ਨੇ, ਮੈਂ ਦਰਖਤਾਂ ਨੂੰ ਦੇਖਾਂ ਤਾਂ ਵੀ ਓਹੀ, ਬੱਦਲਾਂ ਨੂੰ ਦੇਖਾਂ ਤਾਂ ਵੀ ਓਹੀ, ਪਸ਼ੂਆਂ ਨੂੰ ਦੇਖਾਂ ਤਾਂ ਵੀ ਓਹੀ, ਜਿੱਧਰ ਮੇਰੀ ਨਿਗ੍ਹਾ ਜਾਂਦੀ ਹੈ, ਮੇਰੇ ਅੰਦਰ ਤਾਂ ਉਹ ਜਿਹੜਾ ਨਜ਼ਾਰਾ ਸੀ ਹਰਿਦੁਆਰ ਦੇ ਕੰਢੇ ਦਾ ਉਵੇਂ ਜਿਵੇਂ ਬਹਿ ਗਿਆ ਤੇ ਮੇਰੇ ਨਾਲ ਉਹ ਗੱਲਾਂ ਵੀ ਕਰ ਲੈਂਦੇ ਨੇ। ਮੈਨੂੰ ਉਹ ਪਿਆਰ ਵੀ ਦਿੰਦੇ ਨੇ ਤੇ ਮੇਰੇ ਸਿਰ 'ਤੇ ਵੀ ਹੱਥ ਫੇਰਦੇ ਨੇ ਤੇ ਮੈਨੂੰ ਤਾਂ ਓਹੀ ਦਿਸਦੇ ਨੇ ਤੇ ਐਸ ਤਰ੍ਹਾਂ ਲਗਦਾ ਹੈ ਕਿ ਮੈਂ ਉਨ੍ਹਾਂ ਦੇ ਵਿਚ ਹੀ ਰਹਿ ਰਿਹਾ ਹਾਂ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***

***ਅੰਗ - 677***

***ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥***
***ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥***

***ਅੰਗ - 25***

ਮੇਰਾ ਤਾਂ ਜੀਵਨ ਨਹੀਂ ਹੈ ਜੇ ਮੈਂ ਉਨ੍ਹਾਂ ਨੂੰ ਭੁੱਲ ਜਾਵਾਂ। ਮੈਨੂੰ ਸੁੱਤੀ ਨੂੰ ਵੀ ਓਹੀ, ਜਾਗਦੀ ਨੂੰ ਵੀ ਓਹੀ। ਰੋਟੀ ਖਾਂਦੀ ਨੂੰ ਵੀ ਓਹੀ। ਹੈਰਾਨ ਹੋ ਗਿਆ ਮਨ ਦੇ ਅੰਦਰ ਸੋਚਦਾ ਹੈ। ਕਿ ਆਹ ਛੋਟੀ ਜਿਹੀ ਕਾਕੋ! ਨਿੱਕੀ ਜਿਹੀ ਬੀਬੀ, ਇਹ ਤਾਂ ਗੱਲਾਂ ਬਹੁਤ ਵੱਡੀਆਂ ਕਰ ਰਹੀ ਹੈ। ਜਦੋਂ ਮੈਂ ਮੁਰਸ਼ਦ ਦੇ ਪਾਸ ਹੁੰਦਾ, ਜਦ ਮੇਰਾ ਮੁਰਸ਼ਦ ਸਰੀਰ ਵਿੱਚ ਸੀ, ਉਸ ਵੇਲੇ ਉਹ ਦਸਦਾ ਹੁੰਦਾ ਸੀ ਇਸ਼ਕੇ-ਮਜਾਜ਼ੀ ਦੀਆਂ ਗੱਲਾਂ ਸਮਝਾਉਣ ਵਾਸਤੇ,

ਉਨ੍ਹਾਂ ਨੂੰ ਵਰਤਿਆ ਕਰਦਾ ਸੀ ਤੇ ਇੱਕ ਵਾਰੀ ਮਜਨੂੰ ਬਾਰ੍ਹਾਂ ਸਾਲ ਬੈਠਾ ਰਿਹਾ ਖੂਹ ਗੇੜਦਾ ਰਿਹਾ, ਰੋਜ਼ ਗੇੜਦਾ ਰਿਹਾ ਤੇ ਕਿਸੇ ਨੇ ਲੈਲਾ ਨੂੰ ਜਾ ਕੇ ਦੱਸਿਆ ਕਿ ਮਜਨੂੰ ਬਾਰ੍ਹਾਂ ਸਾਲ ਤੋਂ ਖੂਹ ਗੇੜਦਾ ਹੈ। ਜੇ ਕੋਈ ਪੁੱਛਦਾ ਹੈ ਕਿ ਮੀਆਂ ਕਿ ਤੂੰ ਖੂਹ ਚਲਾਈ ਜਾਂਦਾ ਹੈਂ। ਕਹਿਣ ਲੱਗਿਆ, ਲੈਲਾ ਨੇ ਆਉਣਾ ਹੈ ਪਾਣੀ ਪੀਣ। ਲੋਕ ਉਹਨੂੰ ਮਸਤਾਨਾ ਕਹਿੰਦੇ ਨੇ, ਕਮਲਾ ਕਹਿੰਦੇ ਨੇ। ਦਿਮਾਗ ਫਿਰਿਆ ਹੋਇਆ ਕਹਿੰਦੇ ਨੇ। ਕਹਿੰਦੇ, ਮੇਰੇ ਮੁਰਸ਼ਦ ਦਸਦੇ ਸੀ ਕਿ ਜਦੋਂ ਲੈਲਾ ਆਈ ਸਾਮ੍ਹਣੇ ਖੜ੍ਹੀ ਹੈ, ਕਹਿੰਦੀ ਮੀਆਂ ਮਜਨੂੰ! ਮੈਂ ਆ ਗਈ। ਕਹਿਣ ਲੱਗਿਆ, ਕੌਣ? ਕਹਿਣ ਲੱਗੀ, ਮੈਂ ਲੈਲਾ ਆ ਗਈ। ਜਿਹਦੇ ਵਾਸਤੇ ਤੂੰ ਖੂਹ ਗੇੜਦਾ ਹੈਂ। ਕਹਿੰਦਾ, ਹੁਣ ਲੈਲਾ! ਮੈਨੂੰ ਤਾਂ ਦਰਖਤਾਂ 'ਚੋਂ, ਪੱਤਿਆਂ 'ਚੋਂ ਜਿਧਰ ਮੈਂ ਦੇਖਦਾ ਹਾਂ ਮੈਨੂੰ ਤਾਂ ਲੈਲਾ ਹੀ ਨਜ਼ਰ ਆ ਰਹੀ। ਤੂੰ ਕਿਹੜੀ ਲੈਲਾ ਹੈਂ ਤੂੰ ਵੀ ਉਹਦੇ ਵਿਚੋਂ ਹੀ ਹੈਂ। ਮੈਨੂੰ ਤਾਂ ਆਪਣਾ ਸਰੀਰ ਵੀ ਓਹੀ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਦਸਦੇ ਸੀ ਹੀਰ ਦੇ ਬਾਰੇ ਕਿ-

***ਰਾਂਝਾ ਰਾਂਝਾ ਕਰਦੀ ਮੈਂ ਆਪੇ ਰਾਂਝਾ ਹੋਈ।***

ਕਹਿਣ ਲੱਗੇ, ਐਸੀਆਂ ਗੱਲਾਂ ਮੇਰੇ ਮੁਰਸ਼ਦ ਦਸਦੇ ਸੀ, ਜਦੋਂ ਫਿਨਾਹ ਫਿਲਾ ਹਾਲਤ ਆ ਜਾਂਦੀ ਹੈ ਉਸ ਵੇਲੇ ਪ੍ਰੈਕਟੀਕਲੀ ਮੈਂ ਜਿਹੜੀ ਹੈ ਉਹ ਲੀਨ ਹੋ ਜਾਂਦੀ ਹੈ, ਤੂੰ ਦੇ ਅੰਦਰ। ਫੇਰ ਤੂੰ ਹੀ ਤੂੰ ਦਿਸਦਾ ਹੈ। ਕਹਿਣ ਲੱਗੇ, ਕਾਕੋ! ਇਹ ਤਾਂ ਬਹੁਤ ਵੱਡੀ ਤਪਸਿਆ ਕਰਨ ਦੇ ਨਾਲ ਇਹ ਚੀਜ਼ ਪ੍ਰਾਪਤ ਹੁੰਦੀ ਹੈ। ਧੰਨ ਹੈਂ ਕਾਕੋ ਤੂੰ, ਛੋਟੀ ਜਿਹੀ ਉਮਰ ਨਾ ਕੋਈ ਫਲਸਫਾ ਪੜ੍ਹਿਆ ਹੈ, ਨਾ ਕਿਸੇ ਵਿਦਵਾਨਾਂ ਦੀ ਸੰਗਤ 'ਚ ਬੈਠੀਂ ਹੈਂ ਤੇ ਨਾ ਕੋਈ ਗੱਲਾਂ ਜ਼ੁਬਾਨੀ ਬਾਤੀਂ ਕਰੀਆਂ ਨੇ। ਇੱਕ ਪਹਾੜ ਦੇ ਅੰਦਰ ਰਹਿਣ ਵਾਲੀ, ਡੰਗਰ ਚਾਰਨ ਵਾਲੀ। ਐਡਾ ਗਿਆਨ, ਐਡੀ ਵੱਡੀ ਅਵਸਥਾ ਤੈਨੂੰ ਪ੍ਰਾਪਤ ਹੋ ਗਈ ਤੇ ਉਸ ਵੇਲੇ ਬੀਬੀ ਅਚਾਨਕ ਉੱਠ ਕੇ ਖੜ੍ਹੀ ਹੋ ਜਾਂਦੀ ਹੈ ਤੇ ਅਜੀਬ ਅਵਸਥਾ 'ਚ ਆ ਜਾਂਦੀ ਹੈ, ਐਸ ਤਰ੍ਹਾਂ ਕਰਦੀ ਹੈ। ਕਹਿਣ ਲੱਗੇ, ਕਾਕੋ! ਇਹ ਕੀ ਕਰਦੀ ਹੈਂ? ਕਹਿਣ ਲੱਗੀ, ਸਾਂਈ ਲੋਕ! ਔਹ ਦੇਖ ਬੱਦਲਾਂ ਦੇ ਅੰਦਰ ਮੈਨੂੰ ਦਰਸ਼ਨ ਹੋ ਰਹੇ ਨੇ, ਕਿੰਨਾਂ ਪ੍ਰਕਾਸ਼ ਹੋ ਰਿਹਾ ਹੈ, ਆਹ ਦੇਖ ਤਾਂ ਦਰਖਤਾਂ ਦੇ ਉਤੇ ਦੀ ਕਿੰਨਾਂ ਪ੍ਰਕਾਸ਼ ਫੈਲ ਗਿਆ। ਆਹ ਦੇਖ ਮੇਰੇ ਅੰਦਰ ਕਿੰਨੇ ਜ਼ੋਰ ਦੀ ਰਾਗਾਂ ਦੇ ਨਾਦ ਵੱਜਣੇ ਸ਼ੁਰੂ ਹੋ ਗਏ ਨੇ ਤੇ ਮੈਨੂੰ ਜਿਹੜਾ ਸ਼ਬਦ ਦਿੱਤਾ ਸੀ, ਉਹਦੀ ਘਨਘੋਰ ਪੈ ਰਹੀ ਹੈ ਤੇ ਮੈਨੂੰ ਅੰਦਰੋਂ ਸੁਣਾਈ ਦੇ ਰਿਹਾ ਹੈ -

***ਧਾਰਨਾ - ਸ਼ਬਦ ਗੁਰਾਂ ਦਾ ਸੁਣਦੈ,***
***ਅੰਦਰੋਂ ਅਨਹਦ ਨਾਦ ਵਜਦੇ।***
***ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।***
***ਵਾਹਿਗੁਰੂ..................................।***

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਸਾਂਈ! ਸ਼ਬਦ ਜ਼ੋਰ ਜ਼ੋਰ ਨਾਲ ਵੱਜਣਾ ਸ਼ੁਰੂ ਹੋ ਗਿਆ, ਜ਼ੋਰ-ਜ਼ੋਰ ਦੀ ਸੁਣਦਾ ਹੈ ਤੇ ਨਾਲ ਅਨਹਦ ਨਾਦ ਸੁਣਦਾ ਹੈ। ਮੈਨੂੰ ਐਸ ਤਰ੍ਹਾਂ ਲਗਦਾ ਹੈ ਕਿ ਮੇਰੇ ਸਤਿਗੁਰੂ ਮੇਰੇ ਬਹੁਤ ਨੇੜੇ ਆ ਗਏ ਨੇ। ਐਨਾ ਕਹਿ ਕੇ ਬਗੈਰ ਕੋਈ ਗੱਲ ਕਹੇ ਤੇ ਉਸੇ ਤਰ੍ਹਾਂ ਡੰਗਰਾਂ ਨੂੰ ਛੱਡ ਕੇ ਲੜਕੀ ਚਲੀ ਜਾਂਦੀ ਹੈ। ਸਾਂਈਂ! ਇਕੱਲਾ ਰਹਿ ਜਾਂਦਾ ਹੈ, ਨੇਤਰਾਂ ਵਿੱਚ ਜਲ ਆ ਰਿਹਾ ਹੈ। ਮਨਾਂ! ਕਿੰਨੀਆਂ ਸਦੀਆਂ ਲੰਘ ਗਈਆਂ, ਢਾਈ ਸੌ ਸਾਲ ਤੋਂ ਉਤੇ ਸਮਾਂ ਲੰਘ ਗਿਆ, ਅਜੇ ਤੱਕ ਤੈਨੂੰ ਇਹ ਅਵਸਥਾ ਆਈ ਨਹੀਂ ਹੈ, ਇਹ ਛੋਟੀ ਜਿਹੀ ਕਾਕੋ! ਛੋਟੀ ਜਿਹੀ ਬੀਬੀ ਇਹ ਕਿਹੜਾ ਰਸਤਾ ਹੈ ਜਿਹੜਾ ਇਸਨੇ ਅਪਣਾਇਆ ਤੇ ਇਸਨੂੰ ਇਹ ਅਵਸਥਾ ਪ੍ਰਾਪਤ ਹੋ ਗਈਆਂ ਜਿਹੜੀਆਂ ਵੱਡੇ-ਵੱਡੇ ਯੋਗੀ ਰਾਜਿਆਂ ਨੂੰ ਪ੍ਰਾਪਤ ਨਹੀਂ ਹੋਇਆ ਕਰਦੀਆਂ ਤੇ ਜੋ ਚਲੀ ਗਈ ਹੈ ਕਾਹਲੀ ਪਈ ਤੇ ਨਾਲ ਕਹਿੰਦੀ ਹੈ ਕਿ ਮੈਨੂੰ ਵਾਸ਼ਨਾ ਆ ਰਹੀ ਹੈ ਤੇ ਮੈਨੂੰ ਪ੍ਰਕਾਸ਼ ਦਿਸ ਰਿਹਾ ਹੈ, ਮੇਰੇ ਸਤਿਗੁਰੂ ਆ ਗਏ। ਕ੍ਰਿਪਾ ਹੋਵੇ ਮੇਰੇ ਉਤੇ ਤੇ ਕਿਤੇ ਮੈਨੂੰ ਵੀ ਦਰਸ਼ਨ ਹੋ ਜਾਣ। ਕਰ ਮਨਾਂ! ਅਰਦਾਸ ਉਨ੍ਹਾਂ ਦੇ ਚਰਨਾਂ 'ਚ। ਅਣਡਿੱਠੇ ਸੱਜਣ ਦੇ ਚਰਨਾਂ 'ਚ ਅਰਦਾਸ ਕਰ, ਉਨ੍ਹਾਂ ਕੋਲ ਬੇਨਤੀ ਕਰ ਹੋ ਸਕਦਾ ਹੈ ਤੇਰੀ ਝੋਲੀ ਵਿੱਚ ਖੈਰ ਪੈ ਜਾਵੇ-

***ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ - 2***
***ਅੱਖੀਆਂ ਤਰਸਦੀਆਂ ਸਾਹਿਬਾ - 2***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ ਅੰਗ - 1094***

ਅੱਖਾਂ ਦੇ ਵਿੱਚ, ਹੰਝੂਆਂ ਦੀ ਝੜੀ ਲੱਗੀ ਹੋਈ ਹੈ। ਹੱਥ ਬੰਨ੍ਹੇ ਹੋਏ ਨੇ, ਕਈ ਵਾਰ ਸਹਿਜ ਸੁਭਾਅ ਧਰਤੀ ਦੇ ਉਤੇ ਸਿੱਜਦਾ ਕਰ ਦਿੰਦਾ ਹੈ। ਮੱਥਾ ਟੇਕਦਾ ਹੈ, ਲੋਚਾ ਹੈ ਕਿ ਹੇ ਪ੍ਰਭੂ! ਜ਼ਰੂਰ ਦਰਸ਼ਨ ਦੇ। ਮਨ ਵਿੱਚ ਖਿਆਲ ਆਉਂਦਾ ਹੈ ਕਿ ਇਹ ਜੋ ਬੀਬੀ ਆਈ ਸੀ, ਜ਼ਰੂਰ ਉਹ ਨੇੜੇ-ਤੇੜੇ ਨੇ, ਇਹ ਜੋ ਚਲੀ ਗਈ, ਐਨੀ ਖਿੱਚ ਪਈ ਹੈ ਇਸਨੂੰ, ਇਹ ਜ਼ਰੂਰ ਕੋਈ ਰੂਹਾਨੀ ਕ੍ਰਿਸ਼ਮਾ ਹੋ ਰਿਹਾ ਹੈ। ਓ ਮਨਾਂ! ਢਾਈ ਸੌ ਸਾਲ ਤਪਸਿਆ ਵੀ ਕੀਤੀ ਤੇ ਤੇਰੀਆਂ ਅੱਖਾਂ ਨਹੀਂ ਖੁੱਲ੍ਹੀਆਂ, ਜਿਨ੍ਹਾਂ ਦੇ ਨਾਲ ਤੂੰ ਦੇਖ ਲੈਂਦਾ ਸੀ ਉਹ ਸਾਹਿਬ ਪਿਆਰਾ ਨੇੜੇ ਹੈ ਤੇਰੇ ਨਾਲੋਂ ਤਾਂ ਇਹ ਲੜਕੀ ਚੰਗੀ ਹੈ ਜਿਸਨੇ ਨਾ ਤਪ ਕੀਤਾ ਹੈ, ਨਾ ਇਹ ਪੁੱਠੀ ਲਟਕੀ ਹੈ, ਨਾ ਕਦੇ ਭੁੱਖੀ ਰਹੀ ਹੈ। ਘਰ ਦੇ ਕਾਰੋਬਾਰ ਕਰਦੀ ਹੈ ਸਹਿਜ ਸੁਭਾਅ, ਨਾ ਕੋਈ ਸਾਸ਼ਤਰ ਪੜ੍ਹਿਆ ਹੈ, ਨਾ ਕੋਈ ਇਹਨੇ ਵੱਡੇ-ਵੱਡੇ ਵਿਦਵਾਨਾਂ ਦੀ ਸੰਗਤ ਕੀਤੀ ਹੈ। ਕੇਵਲ ਇੱਕ ਵਾਰੀ ਪੂਰੇ ਸਤਿਗੁਰੂ ਦੀ ਛੋਹ ਪ੍ਰਾਪਤ ਕਰਕੇ, ਕਿੱਡੀ ਉੱਚੀ ਅਵਸਥਾ 'ਚ ਚਲੀ ਗਈ ਤੇ ਇਸਦੇ ਜਾਣ ਵਿੱਚ ਜ਼ਰੂਰ ਭੇਤ ਹੈ। ਜਿਹੜੀ ਐਨੀ ਕਾਹਲੀ 'ਚ ਚਲੀ ਗਈ, ਹੋ ਸਕਦਾ ਹੈ ਉਹ ਨੇੜੇ ਆ ਗਏ ਹੋਣ। ਇਨ੍ਹਾਂ ਗੱਲਾਂ ਦੇ ਵਿੱਚ ਪਿਆ ਹੋਇਆ, ਅਰਦਾਸਾਂ ਕਰ ਰਿਹਾ ਹੈ ਤੇ ਅੱਜ ਪਹਿਲੀ ਵਾਰੀ ਦਿਲ ਖੋਲ੍ਹ ਕੇ ਰੋ ਰਿਹਾ ਹੈ। ਖੁਸ਼ਕ ਹੋ ਚੁੱਕਿਆ ਸੀ ਤਪ ਦੇ ਨਾਲ, ਬੈਰਾਗ ਖਤਮ ਹੋ ਗਿਆ ਤੇ ਬਾਬਾ ਫਰੀਦ ਦੇ ਕਹਿਣ ਵਾਂਗਣ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥***
***ਅੰਗ - 1379***

ਮਸਾਣ ਵਰਗਾ ਹਿਰਦਾ ਹੋ ਗਿਆ ਸੀ, ਸੁੱਕੀ ਖਿੱਚ ਸੀ, ਨਿਰਾਸ਼ਾਵਾਦ ਵਿੱਚ ਜ਼ਿੰਦਗੀ ਲੰਘ ਰਹੀ ਸੀ ਤੇ ਅੱਜ ਪਹਿਲਾਂ ਦਿਨ ਸੀ ਕਿ ਅੰਦਰ ਕੋਈ ਖਿੱਚ ਪੈ ਰਹੀ ਹੈ ਕਿਸੇ ਦੀ ਤੇ ਅੰਦਰ ਮਿਲਣ ਦੀ ਲੋਚਾ ਜਾਗ ਰਹੀ ਹੈ। ਕੋਈ ਤਕਰੀਬਨ ਤਿੰਨ ਘੰਟੇ ਇਸੇ ਤਰ੍ਹਾਂ ਦੀ ਅਵਸਥਾ 'ਚੋਂ ਲੰਘਦਾ ਹੈ। ਉਸ ਵੇਲੇ ਨੇਤਰ ਖੋਲ੍ਹਦਾ ਹੈ, ਹੈਰਾਨ ਹੋ ਗਿਆ ਕਿ ਜੋ ਸਾਮ੍ਹਣੇ ਥੜ੍ਹਾ ਹੈ, ਉਹਦੇ ਉਤੇ ਕੋਈ ਦਿੱਬਯ ਮੂਰਤ ਬੈਠੀ ਹੈ ਜਿਹੜੀ ਅੱਜ ਤੱਕ ਨਹੀਂ ਸੀ ਦੇਖੀ। ਨੈਣ ਖੁਲ੍ਹਦੇ ਨੇ, ਝਲਕਾਰਾ ਵਜਦਾ ਹੈ ਤੇਜ ਝੱਲਿਆ ਨਹੀਂ ਜਾਂਦਾ। ਬੇਅੰਤ ਰੋਸ਼ਨੀ ਦਾ ਦਰਸ਼ਨ ਕਰਦਾ ਹੈ ਲੇਕਿਨ ਦੇਖਿਆ ਨਹੀਂ ਜਾਂਦਾ, ਨੇਤਰ ਬੰਦ ਕਰ ਲੈਂਦਾ ਹੈ। ਮਨਾਂ! ਕੀ ਉਹ ਸੱਚਮੁੱਚ ਆ ਗਏ, ਨੇਤਰ ਖੋਲ੍ਹਾਂ, ਜੇ ਸੱਚਮੁੱਚ ਨੇ ਤਾਂ ਮੈਂ ਚਰਨਾਂ 'ਤੇ ਢਹਿ ਪਵਾਂ। ਫੇਰ ਨੇਤਰ ਖੋਲ੍ਹਦਾ ਹੈ, ਚੰਗੀ ਤਰ੍ਹਾਂ ਨਿਰਣਾ ਕਰਦਾ ਹੈ ਕਿ ਆਪ ਉਥੇ ਬੈਠੇ ਨੇ, ਦੋ ਦੂਸਰੇ ਇੱਕ ਦੇ ਹੱਥ ਵਿੱਚ ਰਬਾਬ ਹੈ ਤੇ ਇੱਕ ਸੇਵਾਦਾਰ ਨੇ, ਜੋ ਬੀਬੀ ਨੇ ਦੱਸਿਆ ਸੀ ਇਹ ਤਾਂ ਓਹੀ ਨਕਸ਼ਾ ਮੇਰੇ ਸਾਮ੍ਹਣੇ ਆ ਗਿਆ। ਫੇਰ ਨੇਤਰ ਬੰਦ ਕਰ ਲੈਂਦਾ ਹੈ, ਕਿਤੇ ਐਸਾ ਤਾਂ ਨਹੀਂ ਹੈ ਕਿ ਮੇਰਾ ਅਧਿਆਸ ਪੱਕ ਗਿਆ। ਗੱਲ ਸੁਣ ਕੇ ਮੇਰੇ ਮਨ ਵਿੱਚ ਆ ਗਈ, ਸੱਚਮੁੱਚ ਦੇ ਦਰਸ਼ਨ ਨੇ ਤੇ ਫੇਰ ਨੇਤਰ ਖੋਲ੍ਹਦਾ ਹੈ, ਕੀ ਦੇਖਦਾ ਹੈ ਓਸ ਨੂਰਾਨੀ ਚਿਹਰੇ ਤੋਂ ਮਿੱਠੀ-ਮਿੱਠੀ ਮੁਸਕਾਨ ਆ ਰਹੀ ਹੈ ਤੇ ਇੱਕ ਹੱਥ ਉੱਠ ਰਿਹਾ ਹੈ। ਬਰਕਤ ਦਾ ਹੱਥ ਉੱਠ ਰਿਹਾ ਹੈ ਤੇ ਉਸੇ ਵੇਲੇ ਇਸ ਨੇ ਜਾਣਿਆ ਕਿ ਉਹ ਤਾਂ ਆ ਗਏ ਜਿਸਦਾ ਮੈਂ ਇੰਤਜ਼ਾਰ ਕਰਦਾ ਸੀ ਤੇ ਹਿੰਮਤ ਕਰਦਾ ਹੈ ਤੇ ਉੱਠ ਕੇ ਜਾ ਕੇ ਚਰਨਾਂ ਦੇ ਉਤੇ ਢਹਿ ਜਾਂਦਾ ਹੈ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਚਰਨਾਂ 'ਤੇ ਢਹਿ ਪਿਆ, ਦੇਖ ਕੇ ਦਰਸ ਗੁਰਾਂ ਦਾ।***

ਬੇਨਤੀ ਕਰਦਾ ਹੈ, ਹੇ ਦਇਆ ਦੇ ਖਜ਼ਾਨੇ ਸਤਿਗੁਰੂ ਗੁਰੂ ਨਾਨਕ ਸਾਹਿਬ! ਪਾਤਸ਼ਾਹ ਹੁਣ ਮੈਨੂੰ ਦਰਸ਼ਨ ਦੇ ਦਿਤੇ, ਸਰੀਰ ਬੁੱਢਾ ਹੋ ਚੁਕਿਆ ਹੈ, ਢਾਈ ਸਦੀਆਂ ਲੰਘ ਚੁੱਕੀਆਂ ਨੇ ਤੇ ਅੱਜ ਆਪ ਦੇ ਦਰਸ਼ਨ ਹੋਏ ਨੇ। ਪਾਤਸ਼ਾਹ! ਹੁਣ ਮੈਨੂੰ ਕਿਸੇ ਕਿਨਾਰੇ ਲਾ ਕੇ ਜਾਇਓ, ਬਾਰ-ਬਾਰ ਬੇਨਤੀਆਂ ਕਰਦਾ ਹੈ ਤੇ ਉਸ ਵੇਲੇ ਮਨ 'ਚ ਖਿਆਲ ਆਉਂਦਾ ਹੈ ਕਿ ਮਨਾਂ! ਐਨੀ ਦੇਰ ਤੋਂ ਬਾਅਦ? ਕੀ ਮੇਰੇ ਕਰਮ ਸੁੱਤੇ ਹੋਏ ਸੀ ਕਿ ਮੈਨੂੰ ਦਰਸ਼ਨ ਨਹੀਂ ਹੋਏ? ਸੱਚਮੁੱਚ ਮੇਰੇ ਕਰਮ ਸੁੱਤੇ ਹੋਏ ਸੀ ਤੇ ਅੱਜ ਜਾਗੇ ਨੇ ਤੇ ਅੱਜ ਰੱਬੀ ਨੂਰ ਦਾ ਮੈਨੂੰ ਦਰਸ਼ਨ ਹੋ ਗਿਆ-

***ਧਾਰਨਾ - ਸੁੱਤੇ ਭਾਗ ਜਾਗ ਪਏ ਮੇਰੇ,***
***ਦਰਸ਼ਨ ਹੋ ਗਿਆ ਰੱਬੀ ਨੂਰ ਦਾ।***

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਕ੍ਰਿਤ-ਕ੍ਰਿਤ ਹੋ ਗਿਆ ਦਰਸ਼ਨ ਕਰਕੇ। ਸਾਂਭਿਆ ਨਹੀਂ ਜਾਂਦਾ, ਐਨਾ ਖੇੜਾ, ਐਨਾ ਉਮਾਹ, ਰੋਮ-ਰੋਮ ਦੇ ਅੰਦਰ ਝਰਨ੍ਹਾਟਾਂ ਚੱਲ ਰਹੀਆਂ ਨੇ। ਬੋਲਿਆ ਨਹੀਂ ਜਾਂਦਾ ਤੇ ਸਤਿਗੁਰੂ ਦੇ ਚਰਨ ਫੜੇ ਹੋਏ ਨੇ, ਪਾਤਸ਼ਾਹ! ਹੁਣ ਮਿਹਰ ਕਰਕੇ ਜਾਓ। ਕ੍ਰਿਪਾ ਕਰੋ, ਬੜੀ ਦੇਰ ਹੋ ਗਈ, ਢਾਈ ਸੌ ਸਾਲ ਲੰਘ ਚੁੱਕੇ ਨੇ। ਉਡੀਕਦਿਆਂ ਆਹ ਸਮਾਂ ਆ ਗਿਆ, ਦੇਹ ਬਿਰਧ ਹੋ ਚੁੱਕੀ

ਹੈ, ਆਪ ਕ੍ਰਿਪਾ ਕਰੋ। ਕਹਿਣ ਲੱਗੇ, ਬੁੱਢਣਸ਼ਾਹ! ਸਾਵਧਾਨ ਹੋ, ਅਸੀਂ ਤੇਰੇ ਵਾਸਤੇ ਇੱਥੇ ਪਹੁੰਚੇ ਹਾਂ। ਸਾਵਧਾਨ ਕਰ ਲਿਆ। ਉਸ ਵੇਲੇ ਕ੍ਰਿਪਾ ਦ੍ਰਿਸ਼ਟੀ ਕੀਤੀ। ਸਭ ਕੁਛ ਲੈ ਲਿਆ ਜੋ ਕੁਛ ਉਹਦੇ ਕੋਲ ਸੀ। ਬਿਨਾਂ ਸੌਦਾ ਕੀਤੇ ਹੀ ਸਭ ਕੁਛ ਭੇਟ ਕਰ ਦਿੱਤਾ। ਜੋ ਕੁਛ ਸੀ। ਸੁਣਿਆ ਸੀ ਬੀਬਾ ਤੋਂ ਕਿ ਆਪਣਾ ਆਪ ਦੇ ਦੇਈਦਾ ਹੈ, ਮਨ ਦੇ ਦੇਈਦਾ ਹੈ, ਬੁੱਧੀ ਦੇ ਦੇਈਦੀ ਹੈ, ਚਿੱਤ ਦੇ ਦੇਈਦਾ ਹੈ ਤੇ ਮੈਂ ਭਾਵ ਦੇ ਦੇਈਦਾ ਹੈ। ਫੇਰ ਗੁਰੂ ਨੂੰ ਪ੍ਰਵਾਨ ਹੋ ਜਾਂਦਾ ਹੈ। ਫੇਰ ਉਧਰੋਂ ਮਿਹਰ ਆਉਂਦੀ ਹੈ ਦਾਤਾਂ ਆਉਂਦੀਆਂ ਨੇ। ਉਹ ਦਾਤ ਫੇਰ ਸੰਭਾਲਣ ਜੋਗੇ ਹੋ ਜਾਈਦਾ ਹੈ ਜੇ ਮੈਂ ਕੋਲ ਰੱਖ ਲਓ ਫੇਰ ਉਹ ਦਾਤ ਨਹੀਂ ਸੰਭਾਲੀ ਜਾਂਦੀ ਕਿਉਂਕਿ ਕੱਚਾ ਫਲ ਤੋੜ ਲਿਆ। ਕੱਚਾ ਫਲ ਤੋੜਿਆ ਹੋਇਆ ਕਿਸੇ ਕਿਨਾਰੇ ਨਹੀਂ ਪਹੁੰਚਿਆ ਕਰਦਾ। ਸ਼ਰਧਾਲੂ ਹੋ ਚੁੱਕਿਆ ਸੀ, ਗੁਰਮਤਿ ਦੇ ਬਾਰੇ ਸਭ ਕੁਛ ਸੁਣ ਕੇ ਨਾ ਸ਼ਰਾ ਨੂੰ ਮੂਹਰੇ ਕੰਧ ਬਣਨ ਦਿੱਤਾ, ਨਾ ਕੋਈ ਹੋਰ ਫਲਸਫੇ ਨੂੰ ਬਣਨ ਦਿੱਤਾ। ਖਾਲੀ ਹੋ ਕੇ ਗੁਰੂ ਦੇ ਚਰਨਾਂ 'ਤੇ ਪਿਆ ਹੈ। ਜਦੋਂ ਖਾਲੀ ਹੋਇਆ ਫੇਰ ਉਹਦੇ 'ਚ ਭਰਿਆ ਜਾਂਦਾ ਹੈ।

ਕਹਿੰਦੇ ਬੁੱਢਣਸ਼ਾਹ ਉੱਠ, ਸਾਵਧਾਨ ਹੋ। ਸਿਰ 'ਤੇ ਹੱਥ ਰੱਖ ਦਿੱਤਾ, ਸਿਰ 'ਤੇ ਹੱਥ ਰੱਖਣ ਦੀ ਦੇਰ ਸੀ ਤੇ ਲੂੰ-ਲੂੰ ਦੇ ਅੰਦਰ ਝਰਨਾਟਾਂ ਛਿੜ ਗਈਆਂ। ਰੋਸ਼ਨੀ ਹੀ ਰੋਸ਼ਨੀ ਨਜ਼ਰ ਆਉਂਦੀ ਹੈ, ਮਨ ਦਾ ਅੰਧਕਾਰ ਖਤਮ ਹੁੰਦਾ ਨਜ਼ਰ ਆਉਂਦਾ ਹੈ। ਐਸੀ ਕ੍ਰਿਆ ਹੋਈ ਕਿ ਝੱਲਿਆ ਨਹੀਂ ਜਾਂਦਾ ਤੇਜ। ਕ੍ਰਿਤ ਕ੍ਰਿਤ ਹੋ ਰਿਹਾ ਹੈ।

ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਬੁੱਢਣਸ਼ਾਹ! ਕਹੁ ਵਾਹਿਗੁਰੂ!

ਵਾਹਿਗੁਰੂ ਕਹਿਣ ਦੀ ਦੇਰ ਸੀ, ਬਜਰ ਕਪਾਟ ਖੁੱਲ੍ਹ ਗਏ, ਰੋਸ਼ਨੀ ਹੀ ਰੋਸ਼ਨੀ ਹੋ ਗਈ। ਪ੍ਰਮੇਸ਼ਰ ਦਾ ਹਰ ਘਟ ਦੇ ਵਿੱਚ ਦਰਸ਼ਨ ਹੋਣਾ ਸ਼ੁਰੂ ਹੋ ਗਿਆ ਤੇ ਐਸੀ ਅਵਸਥਾ ਹੋ ਗਈ।

***ਧਾਰਨਾ - ਜਦੋਂ ਨਜ਼ਰ ਗੁਰਾਂ ਨੇ ਧਾਰੀ,***
***ਸੋਨਾ ਹੋ ਗਿਆ ਬਾਰ੍ਹਾਂ ਬੰਨੀਂ ਦਾ।***

ਢਾਈ ਸੌ ਸਾਲ ਤੋਂ ਤਪ ਕਰਦਾ, ਬੇਅੰਤ ਕਸ਼ਟ ਸਹਿ ਕੇ ਮਨੂਰ ਵਰਗਾ ਹੋ ਚੁੱਕਿਆ ਸੀ, ਵਿਚੋਂ ਰਸ ਚਲਿਆ ਗਿਆ, ਪਥਰਾਅ ਗਿਆ ਜੀਵਨ, ਜੀਵਨ ਰੌ ਵਿਚੋਂ ਖਤਮ ਹੋ ਗਈ। ਪਰ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਮੁੱਖ ਤੋਂ ਵਾਹਿਗੁਰੂ ਦਾ ਉਚਾਰਨ ਹੋਇਆ, ਸੀਸ ਦੇ ਉਤੇ ਪਵਿੱਤਰ ਹੱਥ ਆਇਆ।

***ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥***
***ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥***

***ਅੰਗ - 990***

ਅੰਮ੍ਰਿਤ ਨਾਮ ਦੇ ਦਿੱਤਾ, ਰੌ ਰੁਮਕ ਗਈ, ਜਿਉਂਦਿਆਂ 'ਚ ਸ਼ਾਮਲ ਹੋ ਗਿਆ ਕਿਉਂਕਿ ਜੀਉਂਦਾ ਸੰਸਾਰ ਦੇ ਅੰਦਰ ਸਿਰਫ ਓਹੀ ਹੈ ਜਿਹਦੇ ਅੰਦਰ ਨਾਮ ਦੀ ਰੌ ਚਲਦੀ ਹੋਵੇ। ਬਾਕੀ ਜਿਹੜਾ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 253***

ਜੇ ਪਿਆਰ ਨਹੀਂ ਹੈ ਹਿਰਦੇ ਦੇ ਅੰਦਰ ਹਰੀ ਦਾ, ਮਹਾਰਾਜ ਕਹਿੰਦੇ ਜੀਉਂਦਾ ਚਾਹੇ ਕਿੰਨਾ ਹੀ ਅਮੀਰ ਹੈ। ਕੋਠੀਆਂ ਦਾ ਮਾਲਕ ਹੈ, ਵੱਡੇ-ਵੱਡੇ ਅਹੁਦਿਆਂ ਦਾ ਮਾਲਕ ਹੈ। ਬੇਅੰਤ ਧਨ ਹੈ ਸਾਰੀ ਦੁਨੀਆਂ ਤੋਂ ਜ਼ਿਆਦਾ। ਅਤੀ ਵਰਤਿਆ ਹੈ ਸ਼ਬਦ। ਪੰਜ ਸਿਫਤਾਂ ਇੱਕ ਬੰਦੇ 'ਚ ਹੋਣ। ਸੰਸਾਰ ਦੇ ਅੰਦਰ ਸਾਰਾ ਸੰਸਾਰ ਮੁਰਦਾ ਤੇ ਸੁੱਤਾ ਪਿਆ ਹੈ। ਮਰਿਆ ਹੋਇਆ ਵੀ ਹੈ ਤੇ ਨਾਲ ਸੁੱਤਾ ਪਿਆ ਹੈ। ਜਾਗਦਾ ਓਹੀ ਹੈ ਜਿਹਦੇ ਅੰਦਰ ਨਾਮ ਵਸਿਆ ਹੋਇਆ ਹੈ। ਜੀਉਂਦਾ ਓਹੀ ਹੈ ਜਿਹਦੇ ਅੰਦਰ ਨਾਮ ਦਾ ਵਾਸਾ ਹੈ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਓਹੀਓ ਜਗ ਜੀਉਂਦੇ ਨੇ ਨਾਮ ਵਿੱਚ ਰੱਤੇ ਜਿਹੜੇ।***

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥*** ***ਅੰਗ - 142***

ਕਹਿੰਦੇ ਜੀਉਂਦੇ ਓਹੀ ਨੇ -

***ਆਖਾ ਜੀਵਾ ਵਿਸਰੈ ਮਰਿ ਜਾਉ ॥***
***ਆਖਣਿ ਅਉਖਾ ਸਾਚਾ ਨਾਉ ॥*** ***ਅੰਗ - 9***

ਸੋ ਜੀਉਂਦਾ ਹੋ ਗਿਆ, ਇਹ ਜ਼ਿੰਦਗੀ ਪ੍ਰਾਪਤ ਹੋ ਗਈ।

ਸਾਨੂੰ ਹੁੰਦਾ ਹੈ ਕਿ ਅਸੀਂ ਵੀ ਜੀਉਂਦੇ ਹਾਂ, ਨਾ ਸਾਧਸੰਗਤ ਜੀ ਅਸੀਂ ਕੈਮੀਕਲ ਜ਼ਿੰਦਗੀ ਜੀਉਂ ਰਹੇ ਹਾਂ। ਖਾਣ-ਪੀਣ, ਅੰਨ ਦੀ ਤਾਕਤ ਨਾਲ, ਵਿਟਾਮਿਨਾਂ ਦੀ ਤਾਕਤ ਨਾਲ ਜੀਉਂ ਰਹੇ ਹਾਂ। ਰੂਹਾਨੀ ਜੀਵਨ ਹੋਰ ਹੁੰਦਾ ਹੈ, ਇਹ ਤਾਂ ਮੁਰਦਿਆਂ ਦਾ ਜੀਵਨ ਹੈ ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ ਇੱਕ ਉਹ ਜਿਦੇ ਵਿੱਚੋਂ ਚੇਤਨ ਕਲਾ ਨਿਕਲ ਜਾਵੇ, ਇੱਕ ਮੁਰਦਾ ਉਹ ਹੁੰਦਾ ਹੈ ਜਿਹਦੇ ਅੰਦਰ ਨਾਮ ਦੀ ਰੌਂ ਨਾ ਹੋਵੇ। ਆਹ ਬੈਟਰੀ ਹੁੰਦੀ ਹੈ, ਦੁਕਾਨ ਤੋਂ ਜਾ ਕੇ ਖਰੀਦਦੇ ਹਾਂ, ਬਹੁਤ ਸੋਹਣੀ ਬੈਟਰੀ ਹੈ ਉਹਨੂੰ ਲਿਆ ਕੇ ਲਾਓ। ਨਾ ਲਾਊਡ ਸਪੀਕਰ ਚਲਦਾ ਹੈ ਨਾ ਲਾਈਟ ਚਲਦੀ ਹੈ, ਪੁੱਛੋ ਕੀ ਗੱਲ ਹੋ ਗਈ? ਕਹਿੰਦੇ ਜੀ, dead (ਮ੍ਰਿਤ) ਹੈ ਅਜੇ, dead (ਮ੍ਰਿਤ) ਕਿਉਂ ਹੈ? ਕਿਉਂਕਿ ਇਹਦੇ 'ਚ ਕਰੰਟ ਨਹੀਂ ਹੈਗੀ। ਇਵੇਂ ਜਿਵੇਂ ਜਿਹੜਾ ਮਨੁੱਖ ਨਾਮ ਕਰੰਟ ਤੋਂ ਬਗੈਰ ਮਨੁੱਖ ਹੈ ਉਹ ਮੁਰਦਾ ਮਨੁੱਖ ਹੈ, ਜੀਉਂਦਾ ਨਹੀਂ, ਜੀਵਨ ਦਾ ਭੇਤ ਉਨ੍ਹਾਂ ਨੂੰ ਹੀ ਆਉਂਦਾ ਹੈ, ਜਿਨ੍ਹਾਂ ਦੇ ਅੰਦਰ ਨਾਮ ਦੀ ਰੌਂ ਰੁਮਕਦੀ ਹੈ, ਉਨ੍ਹਾਂ ਦੇ ਚਿਹਰੇ 'ਤੇ ਖੇੜਾ ਹੈ। ਉਦਾਸੀਆਂ ਵਿੱਚ ਨਹੀਂ ਜਾਂਦੇ। ਉਹ ਸਦਾ ਖਿੜੇ ਰਹਿੰਦੇ ਨੇ। ਨਿਸ਼ਾਨੀ ਹੈ ਉਨ੍ਹਾਂ ਦੀ ਜੀਉਂਦੇ ਬੰਦਿਆਂ ਦੀ। ਉਹ ਆਪਣੇ ਵਾਸਤੇ ਨਹੀਂ ਜੀਉਂਦੇ, ਸੰਸਾਰ ਵਾਸਤੇ ਜੀਉਂਦੇ ਨੇ, ਆਪਣਾ ਬੇਸ਼ੱਕ ਵਿਗੜ ਜਾਵੇ, ਲੇਕਿਨ ਦੂਸਰੇ ਸੰਵਾਰਦੇ ਨੇ, ਕਿਉਂਕਿ ਦੂਸਰਿਆਂ ਵਾਸਤੇ ਜੀਉਂਦੇ ਨੇ ਉਹ। ਦੂਸਰਿਆਂ ਨੂੰ ਸੁੱਖ ਪਹੁੰਚਾਉਣ ਵਾਸਤੇ ਜੀਉਂਦੇ ਨੇ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***
***ਅੰਗ - 749***

ਕ੍ਰਿਪਾ ਹੋ ਗਈ, ਤਿੰਨ ਘੰਟੇ, ਚਾਰ ਘੰਟੇ ਗੁਰੁ ਮਹਾਰਾਜ ਉਹਦੇ ਪਾਸ ਬੈਠਦੇ ਨੇ ਤੇ ਉਸ ਤੋਂ ਬਾਅਦ ਕਹਿਣ ਲੱਗੇ, ਸਾਂਈ ਲੋਕ! ਹੁਣ ਅਸੀਂ ਚਲਦੇ

ਹਾਂ। ਖਿਆਲ ਸੀ ਉਸਦਾ ਕਿ ਮੇਰੇ ਕੋਲ ਹੁਣ ਬਹੁਤ ਦਿਨ ਠਹਿਰਨਗੇ। ਬੜੀ ਦੇਰ ਰਹਿਣਗੇ ਤੇ ਜੰਗਲ ਦਾ ਅਨੰਦ ਲੈਣਗੇ ਲੇਕਿਨ ਹੈਰਾਨ ਹੋ ਗਿਆ ਕਿ ਚਾਰ ਘੰਟੇ? ਸਿੱਕਦੇ ਨੂੰ ਸਾਰੀ ਉਮਰ ਲੰਘ ਗਈ ਤੇ ਮੇਲ ਕਿੰਨਾ ਹੋਇਆ, ਤਿੰਨ ਚਾਰ ਘੰਟੇ ਦਾ ਹੀ। ਉਸ ਵੇਲੇ ਬਹੁਤ ਬੈਰਾਗ ਵਿੱਚ ਆ ਗਿਆ ਸਾਧਸੰਗਤ ਜੀ! ਬੈਰਾਗ 'ਚ ਆਇਆ ਹੋਇਆ ਬੇਨਤੀ ਕਰਦਾ ਹੈ ਇਸ ਤਰ੍ਹਾਂ ਦੇ ਨਾਲ –

*ਧਾਰਨਾ – ਹੁਣ ਦੇਵੋ ਨਾ ਵਿਛੋੜਾ ਮੇਰੇ ਮਾਲਕਾ,*
*ਝੱਲਿਆ ਨਹੀਂ ਜਾਣਾ ਜਿੰਦ ਤੋਂ।*
*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ – 708*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।*

*ਭਾਈ ਗੁਰਦਾਸ ਜੀ, ਵਾਰ 27/4*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*

*ਅੰਗ – 1368*

ਪਾਤਸ਼ਾਹ! ਇਹ ਨਿਮਾਣੀ ਜਿੰਦ ਤੋਂ ਆਪ ਦਾ ਵਿਛੋੜਾ ਹੁਣ ਸਹਿ ਨਹੀਂ ਹੋਣਾ। ਉਮਰ ਵੱਡੀ ਹੋ ਗਈ, ਕ੍ਰਿਪਾ ਕਰੋ। ਹੁਣ ਵਿਛੋੜੋ ਨਾ, ਹੁਣ ਸਰੀਰ ਦਾ ਅੰਤ ਹੋ ਜਾਵੇਗਾ, ਆਪ ਦੇ ਹੱਥਾਂ ਦੇ ਵਿੱਚ ਤੇ ਮੈਂ ਸੋਹਣੇ ਦਰਸ਼ਨ ਦੇਖਦਾ ਹੋਇਆ ਆਪ ਦੇ ਲੋਕ ਨੂੰ ਜਾਵਾਂ।

ਬੜਾ ਤਰਲਾ ਕਰਦਾ ਹੈ ਕਿਉਂਕਿ ਸਾਧਸੰਗਤ ਜੀ! ਵਿਛੋੜੇ ਦਾ ਦੁੱਖ ਓਹੀ ਜਾਣਦਾ ਹੈ ਜਿਹਨੂੰ ਕਦੇ ਇਹ ਫਲ ਲੱਗਿਆ ਹੋਵੇ, ਸੋ ਅੱਜ ਪਹਿਲਾ ਦਿਨ ਹੈ ਕਿ ਜ਼ਿੰਦਗੀ ਅਨੁਭਵ ਕੀਤੀ ਹੈ, ਪਥਰਾਇਆ ਹੋਇਆ ਸੀ ਮਨ, ਸਾਰਾ ਸਰੀਰ ਤੇ ਹੁਣ ਖਿਆਲ ਆਉਂਦਾ ਹੈ ਕਿ ਜੋ ਕਾਕੀ ਪੜ੍ਹਦੀ ਹੁੰਦੀ ਸੀ –

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*

*ਅੰਗ – 463*

ਆਹ ਗੱਲ ਸੱਚਮੁੱਚ ਮੇਰੇ ਨਾਲ ਬੀਤ ਗਈ। ਇੰਤਜ਼ਾਰ ਕਰਦਾ ਸੀ, ਹੁਣ ਅਨੰਦ ਸਾਂਭਿਆ ਨਹੀਂ ਜਾਂਦਾ। ਸੰਭਾਲ ਨਹੀਂ ਹੁੰਦਾ, ਹੁਣ ਨਿਰਾ ਹੀ

ਮੇਰਾ ਸਾਰਾ ਸਰੀਰ ਅਨੰਦ ਦਾ ਬਣ ਗਿਆ, ਪਿਆਰ ਦਾ ਬਣ ਗਿਆ। ਹੁਣ ਮੈਨੂੰ ਵੀ ਆਪਣੇ ਆਪ ਦੇ ਵਿਚੋਂ ਗੁਰੂ ਨਾਨਕ ਹੀ ਨਜ਼ਰ ਆਉਂਦਾ ਹੈ। ਮੇਰਾ ਆਪਣਾ ਆਪ ਮਿਟ ਗਿਆ ਤੇ ਮੈਨੂੰ ਆਪਣੇ ਵਿਚੋਂ ਵੀ ਤੇ ਬਾਹਰ ਵੀ ਇੱਕੋ ਹੀ ਨਜ਼ਰ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀਆਂ ਕਰਦਾ ਹੈ ਕਿ -

*ਸੁਤੇ ਨੂੰ ਆ ਜਗਾ ਕੇ, ਹਿਰਦੇ ਪ੍ਰੀਤ ਪਾ ਕੇ।*
*ਮੂਏ ਨੂੰ ਜੀਅ ਜਵਾ ਕੇ, ਢੱਠੇ ਨੂੰ ਗਲੇ ਲਗਾ ਕੇ।*
*ਆਪਣਾ ਬਣਾ ਕੇ ਸਾਂਈ, ਸਾਨੂੰ ਛੋੜ ਨਾ ਜਾਈਂ।*
*ਮਿਲਕੇ ਅਸਾਂ ਗੁਸਾਈਂ, ਬਿਰਹੁੰ ਨਾ ਹੁਣ ਦਿਖਾਈਂ।*
*ਚਰਨੀਂ ਜੇ ਆਪ ਲਾਇਆ, ਰਸ ਪ੍ਰੇਮ ਦਾ ਚਖਾਇਆ।*
*ਦਾਸ ਆਪਣਾ ਬਣਾਇਆ, ਵਿਛੜ ਨਾ ਹੁਣ ਗੁਸਾਈਂ।*

ਮੇਰੇ ਤੋਂ ਹੁਣ ਵਿਛੜੀਂ ਨਾ, ਆਪਣਾ ਬਣਾ -

*ਧਾਰਨਾ - ਦੇਵੀਂ ਵਿਛੋੜਾ ਨਾ, ਆਪਣਾ ਬਣਾ ਕੇ ਸਾਂਈਆਂ।*

ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਪ੍ਰਭੂ! ਕਿੰਨਾਂ ਸਿੱਕਾਂ ਸਿੱਕਦੇ ਨੂੰ ਅੱਜ ਆਪ ਦੇ ਦਰਸ਼ਨ ਹੋਏ ਨੇ, ਐਨਾ ਥੋੜ੍ਹਾ ਦਰਸ਼ਨ ਤੇ ਆਪ ਹੁਣ ਕ੍ਰਿਪਾ ਕਰੋ। ਹੁਣ ਵਿਛੋੜਾ ਨਾ ਦੇਵੋ। ਕਿਉਂਕਿ ਵਿਛੋੜਾ ਸਹਿਣਾ ਬਹੁਤ ਔਖਾ ਹੈ -

*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥*
*ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥*
*ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥*
*ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥*
*ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥*
*ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥*

*ਅੰਗ - 243*

ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪਾਤਸ਼ਾਹ! ਅੱਜ ਸਿੱਕਾਂ ਸਿਕਦੇ ਨੂੰ ਜੀਵਨ ਪ੍ਰਾਪਤ ਹੋਇਆ ਹੈ ਜੇ ਤੁਸੀਂ ਐਨੇ ਛੋਟੇ ਜਿਹੇ ਬੱਚੇ ਨੂੰ ਵਿਛੋੜਾ ਦੇ ਗਏ, ਮੈਂ ਤਾਂ ਆਪ ਦੇ ਘਰ ਵਿੱਚ ਨਿੱਕਾ ਜਿਹਾ ਬੱਚਾ ਹਾਂ ਤਿੰਨ ਚਾਰ ਘੰਟਿਆਂ ਦਾ ਤੇ ਫੇਰ ਮੈਂ ਵਿਛੋੜੇ ਦੇ ਕਿਵੇਂ ਜੀਉਂਦਾ ਰਹਾਂਗਾ, ਮੈਂ ਤਾਂ ਮਿਰਤਕ ਹੋ ਜਾਵਾਂਗਾ -

*ਧਾਰਨਾ - ਮਿਰਤਕ ਹੋ ਜਾਵਾਂਗਾ, ਵਿਛੜ ਕੇ ਤੈਥੋਂ ਸਾਹਿਬਾ।*

ਪਾਤਸ਼ਾਹ! ਕੁਛ ਦੇਰ ਮੇਰੇ ਪਾਸ ਠਹਿਰ ਜਾਓ। ਕਿੰਨਾਂ ਸਮਾਂ ਹੋ ਗਿਆ ਇੰਤਜ਼ਾਰ ਕਰਦਿਆਂ ਨੂੰ ਤੇ ਮੈਨੂੰ ਤਾਂ ਜੀਉਣਾ ਔਖਾ ਹੋ ਜਾਣਾ ਹੈ। ਜਿਹਦੇ ਵਿਛੜਨ ਦੇ ਨਾਲ ਮ੍ਰਿਤਕ ਹੋ ਜਾਵੇ, ਘਰ 'ਚ ਨਹੀਂ ਰੱਖਦਾ ਕੋਈ ਮਿਰਤਕ ਨੂੰ, ਇਹ ਮੇਰੀ ਹਾਲਤ ਹੋ ਜਾਏਗੀ। ਇਨ੍ਹਾਂ ਗੱਲਾਂ ਦਾ ਸਿਰਫ ਓਹੀ ਅਨੁਭਵ ਕਰਦਾ ਹੈ, ਜਿਸਨੇ ਕਦੇ ਐਸਾ ਹਾਲ ਦੇਖਿਆ ਹੋਵੇ -

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦੈ।*

*ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥*

*ਅੰਗ - 327*

ਵਿਛੋੜੇ ਦੇ ਦੁੱਖ ਨੂੰ ਕੋਈ ਹੋਰ ਨਹੀਂ ਜਾਣ ਸਕਦਾ। ਸੋ ਬੁੱਢਣਸ਼ਾਹ ਦੀ ਜੋ ਅਵਸਥਾ ਹੈ, ਕੁਝ-ਕੁਝ ਆਪਾਂ ਚਿੱਤਰ ਖਿੱਚਣ ਦੀ ਕੋਸ਼ਿਸ਼ ਕਰੀ ਹੈ। ਪਰ ਉਹਦੀ ਜੋ ਬਿਰਹੁੰ ਦੀ ਪੀੜ ਹੈ ਉਹ ਕਿਸੇ ਤਰ੍ਹਾਂ ਨਾਲ ਪ੍ਰਗਟ ਨਹੀਂ ਕੀਤੀ ਜਾ ਸਕਦੀ। ਕੇਵਲ ਉਸਦੇ ਭਾਵਾਂ ਨੂੰ ਅਸੀਂ ਸਮਝ ਸਕਦੇ ਹਾਂ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਧੀਰਜ ਦਿੰਦੇ ਨੇ, ਕਹਿਣ ਲੱਗੇ, ਬੁੱਢਣਸ਼ਾਹ! ਸੰਸਾਰ ਦੇ ਉਤੇ ਬਹੁਤ ਲੰਮਾ ਚੌੜਾ ਕਾਰਜ ਕਰਨ ਨੂੰ ਪਿਆ ਹੈ। ਅਸੀਂ ਰਹਿ ਨਹੀਂ ਸਕਦੇ, ਹੁਕਮ ਦੇ ਅੰਦਰ ਹਾਂ, ਕੋਈ ਨਾ ਤੂੰ ਫਿਕਰ ਨਾ ਕਰ, ਮੇਲੇ ਹੋਣਗੇ ਕਦੇ ਨਾ ਕਦੇ ਹੋਣਗੇ।

***ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ।***

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਅੰਗ - 439***

ਕਹਿਣ ਲੱਗੇ, ਬੁੱਢਣਸ਼ਾਹ! ਸੰਜੋਗ ਹੋ ਜਾਂਦੇ ਨੇ ਮਿਲ ਜਾਈਦਾ ਹੈ, ਵਿਜੋਗ ਹੋ ਜਾਂਦੇ ਨੇ ਵਿਛੜ ਜਾਈਦਾ ਹੈ -

***ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥***
***ਅੰਗ - 7***

ਇਹ ਤਾਂ ਖੇਲ੍ਹ ਸੰਜੋਗ ਵਿਜੋਗ ਦੀ ਹੈ ਪ੍ਰੇਮੀਆਂ! ਪਰ ਅਸੀਂ ਆਵਾਂਗੇ ਜ਼ਰੂਰ। ਪਾਤਸ਼ਾਹ! ਆਪ ਦੀ ਰਜ਼ਾ 'ਚ ਰਹਿਣਾ ਹੀ ਮੈਨੂੰ ਬਣਦਾ ਹੈ। ਪਰ ਪਾਤਸ਼ਾਹ! ਕਿੰਨਾ ਕੁ ਚਿਰ ਮੈਂ ਉਡੀਕਾਂਗਾ। ਕਿੰਨੀ ਕੁ ਦੇਰ ਮੈਂ ਹੋਰ ਇੰਤਜ਼ਾਰ ਕਰਾਂ, ਐਸ ਤਰ੍ਹਾਂ ਬੇਨਤੀਆਂ ਕਰਦਾ ਹੈ -

***ਧਾਰਨਾ - ਮੈਂ ਤਾਂ ਕਰਾਂਗਾ ਉਡੀਕਾਂ ਤੇਰੀਆਂ,***
***ਕਦੋਂ ਮੇਰੀ ਏਹਨੀਂ ਰਾਹੀਂ ਆਵੇਂਗੇ।***

***ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥***
***ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥***
***ਅੰਗ - 624***

ਪਾਤਸ਼ਾਹ! ਮੈਂ ਉਡੀਕ ਦੇ ਵਿੱਚ ਰਹਾਂਗਾ। ਇਨ੍ਹਾਂ ਰਾਹਾਂ ਨੂੰ ਜਿਨ੍ਹਾਂ ਤੋਂ ਤੂੰ ਆਇਆ ਹੈਂ ਨੀਝ ਲਾ ਕੇ ਤੱਕਦਾ ਰਹਾਂਗਾ। ਕਿਉਂਕਿ ਮਨ ਦੇ ਅੰਦਰ, ਹਿਰਦੇ ਦੇ ਅੰਦਰ ਬਿਰਹਾ ਹੈ, ਵਲੁੰਦਿਆ ਗਿਆ ਵਿਛੋੜਾ ਸੁਣ ਕੇ। ਇਸ ਤਰ੍ਹਾਂ ਦੇ ਨਾਲ ਬਾਰ-ਬਾਰ ਬੇਨਤੀਆਂ ਕਰਦਾ ਹੈ। ਮਹਾਰਾਜ ਕਹਿਣ ਲੱਗੇ, ਚੰਗਾ! ਬੁੱਢਣਸ਼ਾਹ! ਹੁਣ ਫੇਰ ਅਸੀਂ ਜਾਂਦੇ ਹਾਂ, ਉਸ ਵੇਲੇ ਯਾਦ ਆ ਗਿਆ ਕਿ ਮੈਂ ਤਾਂ ਕੋਈ ਸੇਵਾ ਹੀ ਨਹੀਂ ਕਰੀ। ਚਾਰ ਘੰਟੇ ਲੰਘ ਗਏ ਆਪ ਨੂੰ ਬੈਠਿਆਂ ਨੂੰ, ਮੈਂ ਤਾਂ ਆਪਣੀ ਮਸਤੀ 'ਚ ਹੀ ਰਿਹਾ, ਉੱਠ ਕੇ ਅੰਦਰ ਚਲਿਆ ਗਿਆ ਜਾ ਕੇ ਦੁੱਧ ਦਾ ਬਰਤਨ ਲਿਆਇਆ, ਦੁੱਧ ਭਰ ਲਿਆਂਦਾ। ਪਾਤਸ਼ਾਹ! ਗਰੀਬ ਦੇ ਕੋਲ ਦੁੱਧ ਹੈ, ਹੋਰ ਕੋਈ ਚੀਜ਼ ਨਹੀਂ।

ਮਹਾਰਾਜ ਕਹਿਣ ਲੱਗੇ, ਬੁੱਢਣਸ਼ਾਹ! ਸਾਰੀ ਅਮਾਨਤ ਸਾਂਭ ਕੇ ਰੱਖ, ਅਸੀਂ ਆਵਾਂਗੇ ਤੇ ਤੇਰੇ ਤੋਂ ਦੁੱਧ ਮੰਗ ਕੇ ਪੀਵਾਂਗੇ। ਲੇਕਿਨ ਬੁੱਢਣਸ਼ਾਹ! ਸਮੇਂ ਬਦਲੇ ਹੋਣਗੇ, ਸਰੀਰ ਬਦਲੇ ਹੋਣਗੇ, ਆਹ ਸਰੀਰ ਜਿਸਨੂੰ ਤੂੰ ਦੇਖ ਰਿਹਾ ਹੈਂ। ਇਹਦੇ 'ਚ ਤਾਂ ਨਹੀਂ ਦਰਸ਼ਨ ਹੋਣੇ, ਲੇਕਿਨ ਸਰੀਰ ਹੋਰ ਹੋਏਗਾ, ਦੋ ਤਲਵਾਰਾਂ ਪਹਿਨੀਆਂ ਹੋਣਗੀਆਂ। ਸੀਸ ਦੇ ਉਤੇ ਕਲਗੀ ਲੱਗੀ ਹੋਏਗੀ, ਬਾਦਸ਼ਾਹੀ ਠਾਠ ਹੋਏਗਾ, ਹੋਵਾਂਗੇ ਅਸੀਂ ਹੀ, ਦੁੱਧ ਤੇਰਾ ਜ਼ਰੂਰ ਪੀਵਾਂਗੇ, ਓਨੀਂ ਦੇਰ ਜੋ

ਮੰਤਰ ਤੈਨੂੰ ਦਿੱਤਾ ਹੈ ਤੂੰ ਉਹਦਾ ਜਾਪ ਕਰਦਾ ਰਹਿ -

***ਧਾਰਨਾ - ਦੁੱਧ ਪੀਵਾਂਗੇ ਜਾਮਾ ਬਦਲਾਅ ਕੇ,***
***ਸਤਿਨਾਮ ਜਪੀਂ ਪਿਆਰਿਆ।***

ਬੁੱਢਣਸ਼ਾਹ! ਸੰਸਾਰ ਦੀ ਮਰਿਆਦਾ ਹੈ ਸਰੀਰ ਸਦਾ ਨਹੀਂ ਰਿਹਾ ਕਰਦਾ। ਲੇਕਿਨ ਅਸੀਂ ਕਿਤੇ ਨਹੀਂ ਜਾਣਾ। ਜਦ ਸਾਡਾ ਸਰੀਰ ਬਿਲਕੁਲ ਨਹੀਂ ਹੋਏਗਾ, ਫੇਰ ਵੀ ਅਸੀਂ ਕਿਤੇ ਨਹੀਂ ਜਾਣਾ -

***ਪੰਥ ਖਾਲਸਾ ਖੇਤੀ ਮੇਰੀ।***
***ਕਰੌਂ ਸੰਭਾਲਨਿ ਮੈਂ ਤਿਸ ਕੇਰੀ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ 5642***

ਤੇ ਮੈਂ ਹਿਰਦੇ ਦੇ ਅੰਦਰ ਸ਼ਬਦ ਰੂਪ ਹੋ ਵਸਾਂਗਾ। ਤੂੰ ਫਿਕਰ ਨਾ ਕਰ।

ਹੁਣ ਤੇਰੇ ਸਾਰੇ ਕੰਮ ਹੋ ਗਏ। ਢਾਈ ਸੌ ਸਾਲ ਦਾ ਇੰਤਜ਼ਾਰ ਕਰਦਾ ਸੀ। ਹੁਣ ਤੂੰ ਬੈਠ ਪਿਆਰਿਆ! ਸਤਿਨਾਮ ਦਾ ਜਾਪ ਕਰ, ਸ਼ਬਦ ਦਾ ਅਨੰਦ ਲੈ। ਏਸ ਅਨੰਦ ਨੂੰ ਏਸ ਸਰੀਰ ਦੇ ਅੰਦਰ ਮਾਣ।

ਬਾਕੀ ਸਤਿਸੰਗ ਤੋਂ ਬਗੈਰ ਆਦਮੀ ਦੇ ਅੰਦਰ ਮੈਲ ਪੈ ਜਾਂਦੀ ਹੈ। ਆਹ ਜਿਹੜਾ ਪਹਾੜ ਦੇ ਹੇਠਾਂ ਦੋ ਘਰ ਵਸਦੇ ਨੇ, ਪੀਜੂੰ ਦੇ ਅਸੀਂ ਅੱਜ ਰਾਤ ਉਥੇ ਰਹਿਣਾ ਹੈ, ਉਹ ਪਿਆਰ ਵਾਲੇ ਨੇ, ਪਿਆਰ ਵਾਲੇ ਸਾਡਾ ਜੀਵਨ ਹੁੰਦੇ ਨੇ।

***ਦਾਸ ਅਨਿੰਨ ਮੇਰੋ ਨਿਜ ਰੂਪ ॥*** ***ਅੰਗ- 1252***

ਜੋ ਪਿਆਰ ਕਰਦੇ ਨੇ ਉਹ ਆਪਣਾ ਹੀ ਜੀਵਨ ਹੋਇਆ ਕਰਦਾ ਹੈ। ਸੋ ਅਸੀਂ ਉਥੇ ਅੱਜ ਰਾਤ ਰਹਾਂਗੇ। ਪ੍ਰਸ਼ਾਦਾ ਵੀ ਉਥੇ ਹੀ ਛਕਣਾ ਹੈ ਤੇ ਦੁੱਧ ਸਾਡੀ ਅਮਾਨਤ ਤੂੰ ਰੱਖ ਛੱਡ। ਇੰਤਜ਼ਾਰ ਕਰੀਂ, ਰੂਪ ਬਦਲਿਆ ਹੋਏਗਾ ਜਦੋਂ ਅਸੀਂ ਤੇਰੇ ਪਾਸ ਆਵਾਂਗੇ। ਤੂੰ ਹੁਣ ਤੂੰ ਉਨ੍ਹਾਂ ਦੇ ਨਾਲ ਸੰਗਤ ਕਰੀਂ ਏਕਾਂਤ ਜੋ ਹੋਇਆ ਕਰਦੀ ਹੈ ਹਿਰਦੇ ਦੀ ਹੋਇਆ ਕਰਦੀ ਹੈ। ਨਿਰਜਨ ਬਣ ਦੇ ਵਿੱਚ ਬੈਠ ਕੇ ਇਕਾਂਤ ਨੂੰ ਮਾਨਣਾ ਬਹੁਤ ਔਖਾ ਹੁੰਦਾ ਹੈ, ਝੁੰਜਲਾਹਟ ਆ ਜਾਂਦੀ ਹੈ। ਛਿੱਥਾਪਨ ਆ ਜਾਂਦਾ ਹੈ, ਸੰਗਤ ਵਿੱਚ ਜੋ ਬੈਠਦਾ ਹੈ ਉਹ ਵੀ ਇਕਾਂਤ ਹੋਇਆ ਕਰਦਾ ਹੈ -

***ਸੋ ਇਕਾਂਤੀ ਜਿਸੁ ਰਿਦਾ ਥਾਇ ॥*** ***ਅੰਗ - 1180***

ਜਿਹਦਾ ਰਿਦਾ ਥਾਂ ਹੋ ਗਿਆ ਉਹ ਇਕਾਂਤੀ ਹੈ, ਭਾਵੇਂ ਬਾਲ-ਬੱਚਿਆਂ 'ਚ ਰਹਿੰਦਾ ਹੈ, ਪਰ ਵੱਡੀ ਚੀਜ਼ ਕਲਜੁਗ ਦੇ ਅੰਦਰ ਸਤਿਸੰਗ ਹੈ। ਸਤਿਸੰਗ ਤੋਂ ਬਗੈਰ ਮੈਲ ਪੈ ਜਾਂਦੀ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਉਪਦੇਸ਼ ਦੇ ਕੇ ਗੁਰੂ ਮਹਾਰਾਜ ਜੀ ਉਹਦੇ ਪਾਸੋਂ ਵਿਦਾ ਹੁੰਦੇ ਨੇ। ਮਸਤੀ ਹੈ ਉਹਦੇ ਅੰਦਰ ਚਲਿਆ ਜਾਂਦਾ ਹੈ ਆਪ ਉੱਠ ਕੇ, ਪਹਾੜ ਤੋਂ ਹੇਠਾਂ ਉਤਰ ਜਾਂਦਾ ਹੈ ਤੇ ਸੁਭਾਗ ਸਿੱਖਾਂ ਦੇ ਘਰ ਚਲਿਆ ਜਾਂਦਾ ਹੈ। ਬੀਬੀ ਦੇ ਨਾਲ ਐਸ ਤਰ੍ਹਾਂ ਪਿਆਰ ਹੋ ਗਿਆ ਜਿਵੇਂ ਮੇਰੀ ਆਪਣੀ ਹੀ ਜਾਈ ਹੋਇਆ ਕਰਦੀ ਹੈ। ਪਿਆਰ ਹੋ ਗਿਆ ਸਾਰਿਆਂ ਦੇ ਨਾਲ। ਏਸ ਬਜ਼ੁਰਗ ਦਾ ਸਾਰੇ ਸਤਿਕਾਰ ਕਰਦੇ ਨੇ। ਉਹ ਕਦੇ ਆ ਜਾਂਦਾ ਹੈ ਸਾਰਾ ਪਰਿਵਾਰ, ਦੋ ਭਰਾ ਨੇ ਪਰਿਵਾਰ ਹੈ ਸਾਰੇ ਬੱਚੇ ਨੇ। ਸਾਰਿਆਂ ਨੂੰ ਲੈ ਕੇ ਉਤੇ ਆ ਜਾਂਦੇ ਨੇ, ਠੇਰੀ ਦੇ, ਬੜੀ-ਬੜੀ ਦੇਰ ਤੱਕ ਸਾਂਈ ਦੇ ਕੋਲ ਬੈਠ ਕੇ ਗੁਰੂ ਦਾ ਜਸ ਕਰਦੇ ਨੇ, ਸਤਿਸੰਗ

ਕਰਦੇ ਨੇ। ਆਪਣੇ ਪਿਆਰੇ ਦੇ ਬਚਨ ਇੱਕ ਦੂਜੇ ਨੂੰ ਸੁਣਾਉਂਦੇ ਨੇ।

ਸੋ ਇਸ ਤਰ੍ਹਾਂ ਸਮਾਂ ਬੀਤਦਾ ਤੁਰਿਆ ਗਿਆ, ਇਹ ਪਰਿਵਾਰ ਸਾਰਾ ਹੀ ਕਾਲ ਦੀ ਚਾਦਰ ਦੇ ਹੇਠ ਆ ਗਿਆ। ਵਲੇਟ 'ਚ ਆ ਗਿਆ। ਨਵੇਂ ਜੀਵ ਆ ਗਏ, ਨਵੀਆਂ ਬਾਤਾਂ ਆ ਗਈਆਂ, ਸਮਾਂ ਤੁਰਦਾ ਜਾਂਦਾ ਹੈ। ਇਧਰਲੇ ਪਾਸੇ ਇਹਨੂੰ ਪਤਾ ਲਗਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੋਤੀ ਜੋਤ ਸਮਾ ਗਏ। ਉਡਦੀ-ਉਡਦੀ ਖਬਰ ਆਉਂਦੀ ਹੈ ਕਿ ਦੂਸਰੇ ਜਾਮੇ 'ਚ ਪ੍ਰਗਟ ਹੋ ਗਏ। ਫੇਰ ਇੰਤਜ਼ਾਰ ਕਰਦਾ ਹੈ। ਪਤਾ ਲੱਗਿਆ ਕਿ ਦੂਸਰਾ ਜਾਮਾ ਵੀ ਬਦਲਿਆ ਤੇ ਹੁਣ ਤੀਸਰੇ ਜਾਮੇ 'ਚ ਆ ਗਏ। ਪਿਆਰ ਵਿੱਚ ਰਹਿੰਦਾ ਹੈ, ਜੀਵਨ ਬਦਲ ਗਿਆ। ਪੁੱਛਦਾ ਹੈ ਕੋਈ ਸਾਂਈ! ਤੁਸੀਂ ਤਾਂ ਨਮਾਜ਼ਾਂ ਬੜੀਆਂ ਪੜ੍ਹਿਆ ਕਰਦੇ ਸੀ। ਸਿਜਦੇ ਬੜੇ ਕਰਿਆ ਕਰਦੇ ਸੀ, ਹੁਣ ਤੁਸੀਂ ਨਮਾਜ਼ਾਂ ਕਿਉਂ ਨਹੀਂ ਪੜ੍ਹਦੇ? ਉਸ ਵੇਲੇ ਇਸ ਤਰ੍ਹਾਂ ਦੇ ਨਾਲ ਜਵਾਬ ਦਿੰਦਾ ਹੈ -

***ਧਾਰਨਾ - ਹੁਣ ਪੜ੍ਹੇ ਨਮਾਜ਼ਾਂ ਕਿਹੜਾ***
***ਅੰਦਰ ਪਿਆਰਾ ਬਹਿ ਗਿਆ।***

ਆਰਫ ਲੋਕ ਫਿਨਾਅ ਫਿਲਾ ਹਾਲਤ ਦੇ ਜੋ ਹੋਇਆ ਕਰਦੇ ਨੇ, ਹਰ ਵਕਤ ਪ੍ਰਮੇਸ਼ਰ ਦੇ ਨਾਲ ਜੁੜੇ। ਉਨ੍ਹਾਂ ਦਾ ਦ੍ਰਿਸ਼ਟੀਕੋਣ ਹੋਰ ਹੁੰਦਾ ਹੈ।

ਇੱਕ ਮਹਾਤਮਾ ਸੀ, ਨਮਾਜ਼ ਪੜ੍ਹੀ ਜਾ ਰਹੀ ਸੀ, ਉੱਚੀ-ਉੱਚੀ ਬੋਲਦੇ ਜਾਂਦੇ ਨੇ ਕਿ ਨਮਾਜ਼ ਪੜ੍ਹਨ ਵਾਲੇ ਕਾਫਰ, ਨਮਾਜ਼ ਪੜ੍ਹਨ ਵਾਲੇ ਕਾਫਰ। ਨਮਾਜ਼ ਪੜ੍ਹੀ ਗਈ ਉਸ ਤੋਂ ਬਾਅਦ ਮੁੱਲਾਂ ਨੇ, ਕਾਜ਼ੀ ਨੇ ਉਸ ਨੂੰ ਬੁਲਾਇਆ ਕਹਿਣ ਲੱਗੇ, ਦਰਵੇਸ਼ ਸਾਂਈ! ਤੂੰ ਕੁਫਰ ਬੋਲਦਾ ਜਾਂਦਾ ਹੈਂ। ਪੰਜ ਨਮਾਜ਼ਾਂ ਦਾ ਵਿਧਾਨ ਹੈ। ਲੇਕਿਨ ਤੂੰ ਨਮਾਜ਼ ਪੜ੍ਹਨ ਵਾਲਿਆਂ ਨੂੰ ਕਾਫਰ ਕਹਿੰਦਾ ਹੈਂ। ਮੁਕੱਦਮਾ ਹੋਏਗਾ ਤੇ ਨਵਾਬ ਸਾਹਿਬ ਇਹਦਾ ਫੈਸਲਾ ਕਰਕੇ ਤੈਨੂੰ ਸਜ਼ਾ ਦੇਣਗੇ। ਮੁੱਕਦਮਾ ਦਰਜ ਕੀਤਾ ਗਿਆ ਨਵਾਬ ਦੀ ਕੋਰਟ ਦੇ ਅੰਦਰ ਸਾਂਈ ਲੋਕ ਨੂੰ ਬੁਲਾਇਆ ਗਿਆ। ਕਹਿਣ ਲੱਗੇ, ਦਰਵੇਸ਼ ਸਾਂਈ! ਨਮਾਜ਼ਾਂ ਪੜ੍ਹਨ ਵਾਲਿਆਂ ਨੂੰ ਤੂੰ ਕਾਫਰ ਕਹਿੰਦਾ ਹੈਂ। ਬੇਨਮਾਜ਼ਾਂ ਨੂੰ ਤੂੰ ਕਹਿੰਦਾ ਹੈਂ ਕਿ ਇਹ ਪ੍ਰਵਾਨ ਨੇ।

ਕਹਿਣ ਲੱਗਿਆ, ਬਾਦਸ਼ਾਹ! ਕਿਤਨੇ ਲੜਕੇ ਨੇ ਆਪ ਕੇ?

ਕਹਿੰਦਾ, ਦੋ।

ਦੋਵੇਂ ਤੇਰੇ ਕੋਲ ਨੇ?

ਕਹਿੰਦਾ, ਨਹੀਂ ਇੱਕ ਤਾਂ ਬਾਹਰ ਗਿਆ ਹੋਇਆ ਹੈ ਤੇ ਇੱਕ ਮੇਰੇ ਕੋਲ ਰਹਿੰਦਾ ਹੈ।

ਕਹਿਣ ਲੱਗਿਆ ਕਿ ਜਿਹੜਾ ਬਾਹਰ ਗਿਆ ਹੋਇਆ ਹੈ ਉਹਨੂੰ ਕਿੰਨਾ ਕੁ ਪਿਆਰ ਕਰਦਾ ਹੈਂ ਦਿਨ 'ਚ ਕਿੰਨੀ ਵਾਰੀ ਯਾਦ ਆਉਂਦਾ ਹੈ?

ਕਹਿਣ ਲੱਗਿਆ, ਕਦੇ ਇੱਕ ਵਾਰੀ ਆ ਜਾਂਦਾ ਹੈ, ਕਈ ਵਾਰੀ ਆਉਂਦਾ ਹੀ ਨਹੀਂ, ਕਈ ਵਾਰੀ ਦੋ ਤਿੰਨ ਵਾਰੀ ਵੀ ਆ ਜਾਂਦਾ ਹੈ। ਕਈ ਵਾਰੀ ਪੰਦਰਾਂ-ਪੰਦਰਾਂ ਦਿਨ ਲੰਘ ਜਾਂਦੇ ਨੇ ਧਿਆਨ ਹੀ ਨਹੀਂ ਆਉਂਦਾ।

ਛੋਟੇ ਲੜਕੇ ਦਾ ਕਿੰਨਾ ਕੁ ਧਿਆਨ ਰੱਖਦਾ ਹੈਂ?

ਕਹਿੰਦਾ, ਇਹਨੂੰ ਤਾਂ ਮੈਂ ਨਿਗ੍ਹਾ ਥੱਲੇ ਰੱਖਦਾ ਹਾਂ। ਜ਼ਰਾ ਕੁ ਪਰ੍ਹੇ ਹੋ

ਜਾਂਦਾ ਹੈ ਉਸੇ ਵੇਲੇ ਮੈਂ ਦੇਖਦਾ ਹਾਂ ਕਿ ਕਿੱਥੇ ਗਿਆ ਰਾਜਕੁਮਾਰ?

ਕਹਿੰਦੇ, ਬਾਦਸ਼ਾਹ! ਖੁਦਾਵੰਦ ਤਾਲਾ ਨੂੰ ਜਿਹੜੇ ਦਿਨ 'ਚ ਸਿਰਫ ਪੰਜ ਵਾਰੀ ਯਾਦ ਕਰਦੇ ਨੇ, ਉਹ ਕਾਫਰ ਨਾ ਹੋਏ ਤਾਂ ਕੀ ਹੋਏ? ਦਰਵੇਸ਼ ਜਿਹੜੇ ਨੇ ਉਹ ਹਰ ਵਕਤ ਉਹਦੇ ਵਿੱਚ ਰਹਿੰਦੇ ਨੇ? ਹਰ ਵਕਤ ਉਹਨੂੰ ਯਾਦ ਕਰਦੇ ਨੇ। ਹਰ ਵਕਤ ਯਾਦ ਕਰਨ ਵਾਲਾ ਚੰਗਾ ਹੈ ਕਿ ਜਿਹੜਾ ਪੰਜ ਵਾਰੀ ਹੀ ਯਾਦ ਕਰਦਾ ਹੈ?

ਕਬੀਰ ਸਾਹਿਬ ਕਹਿੰਦੇ ਨੇ -

***ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥***
***ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥***

***ਅੰਗ - 1374***

ਤੈਨੂੰ ਪਤਾ ਨਹੀਂ ਉਹ ਤਾਂ ਤੇਰੇ ਅੰਦਰ ਹੀ ਬੈਠਾ ਹੈ? ਅੰਦਰ ਵਾਲੇ ਨੂੰ ਹੀ ਬੁਲਾ ਲੈ, ਉਹਨੂੰ ਹੀ ਮਨ੍ਹਾ ਲੈ। ਉਤੇ ਚੜ੍ਹਦਾ ਹੈਂ ਤੇ ਉੱਚੀ-ਉੱਚੀ ਕੰਨਾਂ 'ਚ ਉਂਗਲੀਆਂ ਦੇ ਕੇ ਤੂੰ ਆਵਾਜ਼ਾਂ ਦਿੰਦਾ ਹੈਂ, ਕਾਹਦੇ ਵਾਸਤੇ ਕਹਿੰਦਾ ਹੈਂ ਅੱਲਾ ਹੂ ਅਕਬਰ। ਲੋਕਾਂ ਨੂੰ ਸੁਣਾਉਣ ਵਾਸਤੇ? ਉਹ ਤਾਂ ਤੇਰੇ ਅੰਦਰ ਬੈਠਾ ਹੈ, ਆਪ ਦਸਦਾ ਹੈ -

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***

***ਅੰਗ - 1375***

ਕਹਿੰਦੇ, ਮੈਂ ਕਾਹਬੇ ਨੂੰ ਚੱਲਿਆ ਹੱਜ ਕਰਨ ਵਾਸਤੇ। ਰੱਬ ਮਿਲ ਗਿਆ ਮੈਨੂੰ ਰਾਹ 'ਚ। ਬੱਧੋਬੱਧੀ ਮੇਰੇ ਨਾਲ ਲੜ ਪਿਆ। ਤੈਨੂੰ ਇਹ ਗੱਲ ਕੀਹਨੇ ਦੱਸ ਦਿੱਤੀ ਕਿ ਮੈਂ ਉਥੇ ਰਹਿੰਦਾ ਹਾਂ। ਮੈਂ ਤਾਂ ਤੇਰੇ ਦਿਲ 'ਚ ਰਹਿੰਦਾ ਹਾਂ, ਹਰ ਵਕਤ ਤੇਰੇ ਨਾਲ ਰਹਿੰਦਾ ਹਾਂ -

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ਅੰਗ - 1367***

ਤੇ ਹੁਣ ਤੇਰਾ ਤੇ ਮੇਰਾ ਤਾਂ ਹੁਣ ਕੋਈ ਫਰਕ ਨਹੀਂ ਹੈ-

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***

***ਅੰਗ - 1375***

ਤੇ ਹੁਣ ਨਮਾਜ਼ ਕੀਹਦੀ ਪੜ੍ਹੀ ਜਾ ਰਹੀ ਹੈ, ਗੁਰੂ ਨਾਨਕ ਦਾ ਧਿਆਨ, ਜਿੱਧਰ ਦੇਖਦਾ ਹੈ ਧਿਆਨ ਪਰਪੱਕ ਹੋ ਗਿਆ। ਅੰਦਰੋਂ ਸ਼ਬਦ ਦੀ ਗੁੰਜਾਰ ਸੁਣਦੀ ਹੈ ਹਰ ਵਕਤ ਵਾਹਿਗੁਰੂ-ਵਾਹਿਗੁਰੂ, ਜੀਭ ਨਾਲ ਨਹੀਂ ਜਪਦਾ, ਸੁਆਸ ਨਾਲ ਨਹੀਂ ਜਪਦਾ-

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ - 1291***

ਹਰ ਥਾਂ ਤੋਂ ਆਵਾਜ਼ ਆਉਂਦੀ ਹੈ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥***

***ਅੰਗ - 1420***

ਜਾਨਵਰ ਸਵੇਰ ਵੇਲੇ, ਪੰਛੀ ਆ ਕੇ ਬੇਅੰਤ ਗੀਤ ਗਾਉਂਦੇ ਨੇ ਲੇਕਿਨ

ਉਹਨੂੰ ਪ੍ਰਮੇਸ਼ਰ ਦਾ ਨਾਮ ਸਰਵਣ ਹੁੰਦਾ ਹੈ। ਐਸੀ ਅਵਸਥਾ ਦੇ ਅੰਦਰ ਦਿਨ ਕੱਟਦਾ ਅਖੀਰ ਪਤਾ ਲੱਗਿਆ ਕਿ ਦੂਸਰਾ ਰੂਪ ਵੀ ਜੋਤੀ ਜੋਤ ਸਮਾ ਗਿਆ। ਹੁਣ ਤੀਸਰੇ ਆ ਗਏ। ਫੇਰ ਚੌਥੇ ਆ ਗਏ। ਸਮਾਂ ਲੰਘ ਕੇ ਚੌਥੇ ਵੀ ਜੋਤੀ ਜੋਤ ਸਮਾ ਗਏ, ਪੰਜਵੇਂ ਆ ਗਏ। ਸੁਣੀ ਜਾਂਦਾ ਹੈ ਸੂੰਹਾਂ ਮੰਗਾਈ ਜਾਂਦਾ ਹੈ। ਨਾਲ ਇੰਤਜ਼ਾਰ ਕਰਦਾ ਹੈ ਕਿ ਕਿਹੜੇ ਵੇਲੇ ਹੁਣ ਆਉਣਗੇ। ਸਾਲ ਲੰਘਦੇ ਚਲੇ ਗਏ, ਬੇਅੰਤ ਸਮਾਂ ਲੰਘ ਗਿਆ ਉਸ ਵੇਲੇ ਦਿਲ ਦੇ ਵਿਚੋਂ ਅਰਦਾਸਾਂ ਉਠਦੀਆਂ ਨੇ। ਹੇ ਪ੍ਰਭੂ! ਕੀ ਪਤਾ ਜਿੰਦ ਨੇ ਕਦੋਂ ਚਲੀ ਜਾਣਾ ਹੈ ਤੁਸੀਂ ਵਾਇਦਾ ਕਰਕੇ ਗਏ ਸੀ ਕਿ ਦਰਸ਼ਨ ਹੋਣਗੇ –

*ਧਾਰਨਾ – ਕਦੋਂ ਹੋਣਗੇ ਦੀਦਾਰੇ ਤੇਰੇ, ਕਦੋਂ ਹੋਣਗੇ।*
*ਕਦੋਂ ਹੋਣਗੇ ਦੀਦਾਰੇ ਤੇਰੇ,*
*ਜਿਸ ਦਿਨ ਦੁੱਧ ਪੀਣਗੇ, ਸਾਹਿਬਾ! ਸਾਹਿਬਾ!*

ਉਡੀਕ ਕਾਇਮ ਹੈ, ਵਿਸ਼ਵਾਸ਼ ਹੈ ਕਿ ਵਾਇਦਾ ਕਰਕੇ ਗਏ ਨੇ ਦੁੱਧ ਵੀ ਪੀਣਗੇ ਆ ਕੇ ਤੇ ਦਰਸ਼ਨ ਵੀ ਦੇਣਗੇ। ਸਰੀਰ ਕਮਜ਼ੋਰ ਹੁੰਦਾ ਚਲਿਆ ਜਾ ਰਿਹਾ ਹੈ। ਛੇਵਾਂ ਜਾਮਾ ਆ ਗਿਆ, ਸੁਣਦਾ ਰਹਿੰਦਾ ਹੈ ਕਿ ਇਸ ਤਰ੍ਹਾਂ ਦੇ ਨਾਲ ਆਪ ਹੁਣ ਜੰਗ ਯੁੱਧ ਕਰ ਰਹੇ ਨੇ। ਹੋ ਸਕਦਾ ਹੈ ਕਿ ਇਸੇ ਜਾਮੇ 'ਚ ਆ ਕੇ ਮੈਨੂੰ ਦਰਸ਼ਨ ਦੇਣ। ਉਡੀਕ ਬਹੁਤ ਪ੍ਰਬਲ ਹੋ ਗਈ ਤੇ ਅੱਜ ਸਮਾਂ ਬਹੁਤ ਨੇੜੇ ਆ ਗਿਆ, ਪਤਾ ਲੱਗ ਗਿਆ ਕਿ ਹੁਣ ਮੈਂ ਸੰਸਾਰ ਤੋਂ ਚਲੇ ਜਾਣਾ ਹੈ। ਹੁਣ ਮੇਰੇ ਦਿਨ ਖਤਮ ਹੋ ਗਏ ਨੇ ਲੇਕਿਨ ਅਫਸੋਸ ਹੈ ਕਿ ਅਜੇ ਤੱਕ ਨਾ ਤਾਂ ਅਮਾਨਤ ਲੈਣ ਵਾਲਾ ਆਇਆ ਹੈ ਤੇ ਨਾ ਆ ਕੇ ਦਰਸ਼ਨ ਦਿੱਤੇ ਨੇ, ਕੀ ਬਣੇਗਾ, ਸਮਾਂ ਉਧਰੋਂ ਆ ਪਹੁੰਚਿਆ ਹੈ ਤੇ ਕਾਲ ਦਾ ਨਗਾਰਾ ਵੱਜ ਚੁੱਕਿਆ ਹੈ, ਕੂਚ ਹੋਣ ਦੀ ਤਰੀਕ ਬੰਨ੍ਹ ਦਿੱਤੀ ਹੈ। ਉਸ ਵੇਲੇ ਮਨ ਦੇ ਅੰਦਰ ਬੜੀ ਤੀਬਰ, ਪ੍ਰਬਲ ਲੋਚਾ ਜਾਗਦੀ ਹੈ ਕਿ ਹੇ ਪ੍ਰਭੂ! ਹੁਣ ਤਾਂ ਆ ਕੇ ਦਰਸ਼ਨ ਦੇਵੋ ਇਸ ਤਰ੍ਹਾਂ ਦੇ ਨਾਲ ਆਪ ਦਾ ਭਾਵ ਪ੍ਰਗਟ ਹੁੰਦਾ ਹੈ –

*ਧਾਰਨਾ – ਉਡ ਜਾ ਉਡ ਜਾ ਕਾਗਾ ਕਾਲੇ,*
*ਲੋਚਾਂ ਗੁਰਾਂ ਦੇ ਦੀਦਾਰੇ।*
*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ 1 ॥*
*ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥*
*ਅੰਗ – 338*

ਬਾਰ-ਬਾਰ ਬੇਨਤੀਆਂ ਕਰਦਾ ਹੈ। ਓਧਰ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕਰਤਾਰਪੁਰ ਦਾ ਯੁੱਧ ਸਮਾਪਤ ਕਰਕੇ ਆਪ ਬਹੁਤ ਤੇਜ਼ੀ ਦੇ ਨਾਲ ਕੀਰਤਪੁਰ ਸਾਹਿਬ ਨੂੰ ਆ ਰਹੇ ਨੇ। ਕੀਰਤਪੁਰ ਸਾਹਿਬ ਪਹੁੰਚ ਜਾਂਦੇ ਨੇ, ਦੀਵਾਨ ਲੱਗ ਜਾਂਦਾ ਹੈ। ਉਸ ਵੇਲੇ ਮਹਾਰਾਜ ਅਚਾਨਕ ਉੱਠ ਕੇ ਖੜ੍ਹੇ ਹੋ ਜਾਂਦੇ ਨੇ। ਘੋੜੇ 'ਤੇ ਸਵਾਰ ਹੋ ਕਿੱਥੇ ਨੂੰ ਆਉਂਦੇ ਨੇ, ਉਸ ਪਹਾੜੀ ਟੇਕਰੀ ਦੇ ਉਤੇ ਜਿੱਥੇ ਬੁੱਢਣਸ਼ਾਹ ਬੈਠਾ ਬਾਰ-ਬਾਰ ਬੇਨਤੀਆਂ ਕਰਦਾ ਹੈ –

*ਧਾਰਨਾ – ਹਰਿ ਜੀ ਸਿੰਘਾਸ਼ਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*
*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*
*ਅੰਗ – 403*

ਧਾਈ ਕਰਕੇ ਆਉਂਦੇ ਨੇ ਉਸ ਵੇਲੇ ਦੀਵਾਨ 'ਚੋਂ ਉੱਠੇ, ਘੋੜੇ 'ਤੇ ਸਵਾਰ ਹੋਏ ਤੇ ਬਾਬੇ ਗੁਰਦਿੱਤੇ ਨੂੰ ਨਾਲ ਲਿਆ। ਹੋਰ ਗੁਰਸਿੱਖ ਬਹੁਤ ਸਾਰੇ ਨਾਲ ਨੇ। ਉਧਰਲੇ ਪਾਸੇ ਦੀਵਾਨ ਲੱਗਿਆ ਹੋਇਆ ਹੈ ਤੇ ਏਧਰ ਬੁੱਢਣਸ਼ਾਹ ਕਾਵਾਂ ਦੇ ਹੱਥ ਸੁਨੇਹੇ ਭੇਜ ਰਿਹਾ ਹੈ।

ਉਹਦੇ ਮਨ ਦੀ ਤਾਰ ਗੁਰੂ ਦੇ ਪਾਸ ਪਹੁੰਚ ਜਾਂਦੀ ਹੈ। ਨਾਲ ਸਿੱਖ ਲੈ ਲਏ ਤੇ ਨਾਲ ਬਾਬਾ ਗੁਰਦਿੱਤਾ ਲੈ ਲਿਆ ਜਾ ਕੇ ਸਾਮ੍ਹਣੇ ਖੜ੍ਹੇ ਹੋ ਗਏ। ਦਰਸ਼ਨ ਦੇ ਦਿੱਤੇ।

ਜਦ ਦੇਖਿਆ ਕਿ ਆਹ ਰੂਪ ਗੁਰੂ ਨਾਨਕ ਪਾਤਸ਼ਾਹ ਦਾ, ਠੀਕ ਮੀਰੀ ਤੇ ਪੀਰੀ ਦੀਆਂ ਦੋ ਸ੍ਰੀ ਸਾਹਿਬ ਗਾਤਰੇ ਪਈਆਂ ਹੋਈਆਂ ਨੇ। ਜਿਗ੍ਹਾ ਕਲਗੀ ਲੱਗੀ ਹੋਈ ਹੈ ਬੇਅੰਤ ਕੀਮਤੀ ਮਾਲਾ ਗਲੇ ਵਿੱਚ ਪਈਆਂ ਹੋਈਆਂ ਨੇ, ਸ਼ਾਹੀ ਠਾਠ ਹੈ, ਸਸ਼ਤਰਧਾਰੀ ਨੇ ਨਾਲ ਦੇ ਸਾਰੇ, ਯਾਦ ਆ ਗਿਆ ਕਿ ਮੈਨੂੰ ਕਿਹਾ ਸੀ ਕਿ ਬੁੱਢਣਸ਼ਾਹ! ਪਛਾਣ ਲਈਂ ਰੂਪ ਬਦਲਿਆ ਹੋਏਗਾ। ਫੇਰ ਵੀ ਮਨ ਵਿੱਚ ਆ ਗਿਆ, ਅੰਦਰ ਹੀ ਅੰਦਰ ਬੇਨਤੀ ਕੀਤੀ ਕਿ ਪਾਤਸ਼ਾਹ ਇੱਕ ਵਾਰੀ ਉਹ ਰੂਪ ਤਾਂ ਦਿਖਾ ਦਿਓ ਜਿਹੜੇ ਰੂਪ 'ਚ ਪਹਿਲਾਂ ਦਰਸ਼ਨ ਦਿੱਤੇ ਸੀ। ਇਹ ਵੀ ਰੂਪ ਤੇਰਾ, ਓਹ ਵੀ ਰੂਪ ਤੇਰਾ। ਉਸ ਵੇਲੇ ਕੀ ਦੇਖਦਾ ਹੈ ਸਾਮ੍ਹਣੇ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ। ਦੂਜੀ ਵਾਰੀ ਦੇਖਦਾ ਹੈ ਗੁਰੂ ਛੇਵੇਂ ਪਾਤਸ਼ਾਹ, ਫੇਰ ਦੇਖਦਾ ਹੈ ਗੁਰੂ ਨਾਨਕ ਸਾਹਿਬ, ਪਤਾ ਨਹੀਂ ਲਗਦਾ। ਉਸ ਵੇਲੇ ਭਰਮ 'ਚੋਂ ਕੱਢਣ ਦੇ ਵਾਸਤੇ ਮਹਾਰਾਜ ਕਹਿਣ ਲੱਗੇ, ਸਾਂਈ! ਸਾਡਾ ਦੁੱਧ ਕਿੱਥੇ ਹੈ ਲਿਆ ਦੁੱਧ ਪੀਈਏ ਅਸੀਂ।

ਸੁੱਧ ਨਹੀਂ ਰਹੀ, ਬੇਸੁੱਧ ਹੋ ਗਿਆ, ਦਰਸ਼ਨ ਦੀ ਤਾਬ ਨਹੀਂ ਲਿਆ ਸਕਿਆ, ਸਹਿ ਨਹੀਂ ਸਕਿਆ –

ਪਿਆ ਰਿਹਾ ਤੇ ਨਾਲਦਿਆਂ ਨੂੰ ਇਸ਼ਾਰਾ ਕੀਤਾ ਕਿ ਦੁੱਧ ਚੋ ਲਓ, ਬੱਕਰੀਆਂ ਦਾ ਦੁੱਧ ਚੋਇਆ। ਲੈ ਸਾਂਈ! ਆਪਣੇ ਹੱਥਾਂ ਨਾਲ ਸਾਨੂੰ ਦੇ। ਤਾਂਕਿ ਤੇਰੀ ਅਮਾਨਤ ਜੋ ਹੈ ਉਹ ਸਾਡੇ ਪਾਸ ਪਹੁੰਚ ਜਾਵੇ। ਸੋ ਦੁੱਧ ਪੀ ਲਿਆ ਗੁਰੂ ਮਹਾਰਾਜ ਨੇ। ਉਸ ਵੇਲੇ ਨਮਸ਼ਕਾਰਾਂ ਕਰਦਾ ਹੈ, ਬਾਰ-ਬਾਰ ਨਮਸ਼ਕਾਰਾਂ ਕਰਦਾ ਹੈ। ਉਸੇ ਵੇਲੇ ਚਰਨਾਂ ਦੇ ਨਾਲ ਲਿਪਟ ਗਿਆ। ਹੇ ਪ੍ਰਭੂ! ਮੇਰੀ ਨਮਸ਼ਕਾਰ, ਮੇਰੀ ਨਮਸ਼ਕਾਰ ਤੁਸੀਂ ਤਾਂ ਅੰਦਰ ਦੀਆਂ ਜਾਨਣਵਾਲੇ ਓਂ, ਤੁਸੀਂ ਤਾਂ ਸਚਿਦਾਨੰਦ, ਪ੍ਰਿਅ ਰੂਪ ਤੁਹਾਡਾ ਵਾਹਿਗੁਰੂ ਦਾ, ਨਿਰਗੁਣ ਰੂਪ ਹੈ ਤੁਸੀਂ ਨਰਾਂ ਦਾ ਉਧਾਰ ਕਰਨ ਵਾਸਤੇ ਆਹ ਤਨ ਧਾਰੇ ਨੇ, ਜਾਮਾ ਬਦਲ ਰਹੇ ਓਂ। ਆਪ ਦੇ ਮਨ ਵਿੱਚ ਆਈ, ਆਪ ਨੇ ਚਾਹਿਆ ਮੇਰੀ ਇੱਛਾ ਪੂਰਨ ਕਰ ਦਿਓ। ਹੁਣ ਮੇਰਾ ਅੰਤ ਸਮਾਂ ਆ ਗਿਆ।

ਹੇ ਪਾਤਸ਼ਾਹ! ਹੁਣ ਮੈਨੂੰ ਹੋਰ ਨਾ ਗੱਲ ਕਹਿਓ। ਹੋਰ ਇੰਤਜ਼ਾਰ ਨਾ ਮੈਨੂੰ ਕਰਨਾ ਪਵੇ, ਦਰਸ਼ਨਾਂ ਵਾਸਤੇ ਤੇ ਹੁਣ ਮੈਂ ਇਹ ਦਰਸ਼ਨ ਲੈ ਕੇ ਆਪ ਦੇ ਧਾਮ ਨੂੰ ਜਾਵਾਂ ਤੇ ਸਰੀਰ ਛੱਡ ਜਾਵਾਂ। ਕ੍ਰਿਪਾ ਕਰਕੇ ਮੇਰੇ ਨੇੜੇ ਬਹਿ ਜਾਓ, ਭਗਤਾਂ ਦੇ ਅਧੀਨ ਰਹਿਣ ਵਾਲੇ –

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***

***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ - 1253***

ਜਿਹੜੇ ਭਗਤਾਂ ਦੇ ਸਦਾ ਹੀ ਪਿਆਰ ਦੇ ਬੰਨ੍ਹੇ ਹੋਏ। ਕੋਲ ਬੈਠ ਗਏ। ਸਿਰ ਦੇ ਉਤੇ ਹੱਥ ਫੇਰਦੇ ਨੇ।

ਉਸੇ ਵੇਲੇ ਕੌਤਕ ਵਰਤਿਆ। ਇਸ ਪੰਜ ਭੂਤਕ ਸਰੀਰ ਦੇ ਵਿਚੋਂ ਬੁੱਢਣਸ਼ਾਹ ਛੱਡ ਕੇ ਬਾਹਰ ਹੋ ਗਿਆ।

ਜਿਵੇਂ ਹਾਥੀ ਦੇ ਗਲ ਵਿੱਚ ਫੁੱਲਾਂ ਦੀ ਮਾਲਾ ਪਾ ਦਿਓ ਤੇ ਸੁੰਡ ਦੇ ਨਾਲ ਉਹ ਬਾਹਰ ਕੱਢ ਲਏਗਾ। ਉਸ ਵੇਲੇ ਸਰੀਰ ਛੱਡ ਦਿੱਤਾ। ਉਸੇ ਵੇਲੇ ਗੁਰੂ ਮਹਾਰਾਜ ਨੇ ਨਾਲ ਦੇ ਸਿੱਖਾਂ ਨੂੰ ਕਿਹਾ ਕਿ ਹੁਣ ਤੁਸੀਂ ਇੱਥੇ ਕਬਰ ਪੁੱਟੋ ਭਾਈ ਤੇ ਉਸ ਨੂੰ ਦਫਨਾ ਦਿੱਤਾ ਤੇ ਬੜੇ ਵਰ ਦਿੱਤੇ। ਕਹਿਣ ਲੱਗੇ, ਪ੍ਰੇਮੀਓ! ਜਦੋਂ ਸਾਡੇ ਗੁਰਸਿੱਖ ਇੱਥੇ ਦਰਸ਼ਨ ਕਰਨ ਆਉਣਗੇ ਏਸ ਸਾਂਈ ਦੇ ਪਿਆਰ ਵਾਲੇ ਦਾ ਜਿਹਨੇ ਸੈਂਕੜੇ ਸਾਲ ਇੰਤਜ਼ਾਰ ਦੇ ਵਿੱਚ ਲੰਘਾਏ ਨੇ। ਉਹਦਾ ਜਦੋਂ ਦਰਸ਼ਨ ਕਰਨਗੇ ਤੇ ਉਨ੍ਹਾਂ ਦੀ ਯਾਤਰਾ ਪੂਰੀ ਹੋਏਗੀ। ਬਹੁਤ ਕਿਸਮ ਦੇ ਵਰ ਦਿੱਤੇ।

ਸੋ ਇਸ ਤਰ੍ਹਾਂ ਇੱਕ ਗੁਰਸਿੱਖ ਦਾ ਜ਼ਿਕਰ ਤਿੰਨ ਘੰਟੇ ਲਗਾਤਾਰ ਜ਼ਿਕਰ ਕਰਦੇ ਹਾਂ। ਕਿੰਨਾ ਪਿਆਰ ਹੈ ਮਨ ਵਿੱਚ। ਗੁਰੂ ਤਾਂ ਸਾਧਸੰਗਤ ਜੀ ਕਿਤੇ ਵੀ ਨਹੀਂ ਗਿਆ। ਅੱਜ ਵੀ ਸਾਡੇ ਨਾਲ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*** ***ਅੰਗ - 394***

ਪਰ ਘਾਟ ਕਾਹਦੀ ਪੈ ਗਈ, ਸਾਡੇ ਵਿੱਚ ਉਹ ਖਿੱਚ ਨਹੀਂ ਹੈ, ਸਾਡੇ ਵਿੱਚ ਗੁਰੂ ਦੀ ਹਾਜ਼ਰੀ ਦੇ ਉਤੇ ਭਰੋਸਾ ਨਹੀਂ ਹੈ। ਜਪੁਜੀ ਸਾਹਿਬ ਪੜ੍ਹਦੇ ਹਾਂ ਗੈਰ ਹਾਜ਼ਰੀ ਦਾ। ਪੰਜ ਬਾਣੀਆਂ ਪੜ੍ਹਦੇ ਹਾਂ ਗੈਰ ਹਾਜ਼ਰੀ ਦੀਆਂ, ਨਾਮ ਜਪਦੇ ਹਾਂ ਗੈਰ ਹਾਜ਼ਰੀ ਦਾ। ਤੁਰੇ ਫਿਰਦੇ ਹਾਂ ਗੈਰ ਹਾਜ਼ਰੀ 'ਚ। ਸਦਾ ਹੀ ਟੁੱਟੇ ਰਹਿੰਦੇ ਹਾਂ, ਕਦੇ-ਕਦੇ ਕੋਈ ਭਾਗਾਂ ਵਾਲਾ ਹੈ ਜਿਹੜੇ ਜੁੜ ਕੇ ਬੈਠਦੇ ਹਨ, ਲੇਕਿਨ ਟੁੱਟਿਆ ਹੋਇਆ ਸੰਸਾਰ ਹੈ, ਫੇਰ ਵੀ ਪ੍ਰਭੂ ਦੀ ਕ੍ਰਿਪਾ ਹੈ ਕਿ ਸਾਡੇ ਉਤੇ ਕ੍ਰਿਪਾ ਕਰਕੇ ਉਸ ਨੇ ਮਹਾਨ ਪਰਉਪਕਾਰ ਕਰਕੇ ਸਾਨੂੰ ਸਤਿਸੰਗ ਦੀ ਦਾਤ ਬਖਸ਼ੀ ਹੈ ਤੇ ਅਸੀਂ ਜੁੜ ਬੈਠਦੇ ਹਾਂ। ਥੋੜ੍ਹੇ ਦਿਨਾਂ ਤੋਂ ਬਾਅਦ ਉਨ੍ਹਾਂ ਦੀ ਯਾਦ ਫੇਰ ਤਾਜ਼ਾ ਹੋ ਜਾਂਦੀ ਹੈ ਤੇ ਇਸੇ ਲੋਚਾ 'ਚ ਲੱਗਿਆਂ ਦਾ ਸਮਾਂ ਲੰਘਦਾ ਜਾਂਦਾ ਹੈ। ਮਹਾਰਾਜ ਕ੍ਰਿਪਾ ਕਰਨ, ਸਾਡੇ ਉਤੇ ਵੀ ਉਨ੍ਹਾਂ ਦੀ ਕ੍ਰਿਪਾ ਹੋਵੇ ਤੇ ਸਾਨੂੰ ਇਹ ਅਵਸਥਾ ਪ੍ਰਾਪਤ ਹੋਵੇ ਤੇ ਸਾਡਾ ਇਹੋ ਜਿਹਾ ਜਨਮ ਸਫਲਾ ਹੋਵੇ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਹੁਣ ਸਾਰੇ ਪ੍ਰੇਮੀ ਭਾਈ ਗੁਰ ਸਤੋਤਰ, ਅਨੰਦ ਸਾਹਿਬ 'ਚ ਬੋਲੋ।

(------0------)

# 9

# ਗੁਰੂ ਮਿਲੇ ਫਲ ਅਨੇਕ ਹੈਂ

ਸ਼ਾਨ..............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਕੋਈ ਨਾਉਂ ਨ ਜਾਣੈ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ 1 ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥ਰਹਾਉ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥ 3 ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥*
*ਅੰਗ - 383*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਦੂਰ-ਦਰਾਜ਼ ਤੋਂ ਆਪ ਗੁਰੂ ਦੇ ਦਰਬਾਰ 'ਚ ਪਹੁੰਚੇ ਓਂ, ਜਿਸਨੂੰ ਸਤਿਸੰਗ ਕਹਿੰਦੇ ਨੇ ਉਹ ਆਪ ਨੂੰ ਪ੍ਰਾਪਤ ਹੋਇਆ ਹੈ। ਸ਼ਰਧਾ ਦੇ ਨਾਲ ਜਦੋਂ ਅਸੀਂ ਇਸ ਥਾਂ 'ਤੇ ਆਉਂਦੇ ਹਾਂ ਤਾਂ ਬੜਾ ਭਾਰਾ ਸਾਨੂੰ ਫਲ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਸੰਸਾਰ ਦੇ ਅੰਦਰ ਬਹੁਤ ਸਾਰੇ ਆਚਾਰੀਆ ਆਏ, ਬਹੁਤ ਰਿਸ਼ੀ-ਮੁਨੀ ਆਏ, ਪੈਗੰਬਰ ਆਏ, ਪੀਰ ਆਏ, ਅਵਤਾਰ ਆਏ, ਬੇਅੰਤ ਫਿਲਾਸਫਰ ਆਏ, ਪ੍ਰਮੇਸ਼ਰ ਦਾ ਜੋ ਰਸਤਾ ਸੀ ਉਨ੍ਹਾਂ ਨੇ ਆਪਣੇ ਤਰੀਕੇ ਦੇ ਨਾਲ ਉਲੀਕਿਆ, ਬਹੁਤ

ਕਠਿਨ ਸੀ, ਤਪ ਕਰਨੇ ਪੈਂਦੇ ਸੀ। ਬਹੁਤ ਸਾਧਨ ਕਰਨੇ ਪੈਂਦੇ ਸੀ। ਕਈ ਕਿਸਮ ਦੇ ਯੋਗ ਸੀਗੇ, ਉਹ ਕਲਜੁਗ ਦੇ ਅੰਦਰ ਬਹੁਤ ਔਖੇ ਹੋ ਗਏ ਸੀ। ਕਿਉਂਕਿ ਪਹਿਲੇ ਜ਼ਮਾਨਿਆਂ ਦੇ ਲੋਕਾਂ ਦੇ ਸਰੀਰ ਤਕੜੇ ਸੀ। ਵਿਚਾਰ ਸੁੱਚੇ ਸੀ, ਆਚਾਰ ਸੁੱਚਾ, ਖੁਰਾਕ ਸਹੀ ਸੀ ਉਹਦੇ ਕਰਕੇ ਵੱਡੇ-ਵੱਡੇ ਸਾਧਨ ਕਰ ਲੈਂਦੇ ਸੀ, ਸਮਾਂ ਬਹੁਤ ਸੀਗਾ ਸਭ ਦੇ ਕੋਲ, ਲੇਕਿਨ ਕਲਜੁਗ ਦਾ ਮਨੁੱਖ ਜੋ ਹੈ ਇਹਦੇ ਵਿਚਾਰ ਵੀ ਬਹੁਤ ਪਤਲੇ ਨੇ, ਆਚਾਰ ਬਹੁਤ ਡਾਵਾਂਡੋਲ ਹੈ, ਸਰੀਰ ਵੀ ਬਹੁਤਾ ਤਕੜਾ ਨਹੀਂ ਹੈ ਤੇ ਉਨ੍ਹਾਂ ਚੀਜ਼ਾਂ ਦੀ ਪ੍ਰਾਣਾਯਾਮ ਵਗੈਰਾ ਦੀ ਝਾਲ ਨਹੀਂ ਝੱਲ ਸਕਦਾ। ਇਨ੍ਹਾਂ ਦੇ ਉਧਾਰ ਵਾਸਤੇ ਗੁਰੂ ਬਾਬਾ ਮਹਾਰਾਜ ਜੀ ਨੇ ਬਹੁਤ ਹੀ ਸੁਖੈਨ ਰਾਹ, ਬਹੁਤ ਹੀ ਸੁਖਾਲਾ ਰਸਤਾ, ਬਾਲ-ਬੱਚਿਆਂ ਨੂੰ ਪਾਲਦਾ ਹੋਇਆ, ਨੌਕਰੀਆਂ ਚਾਕਰੀਆਂ ਕਰਦਾ ਹੋਇਆ ਫੇਰ ਵੀ ਆਪਣਾ ਉਧਾਰ ਕਰ ਸਕਦਾ ਹੈ। ਦੋ ਚੀਜ਼ਾਂ ਮਹਾਰਾਜ ਜੀ ਨੇ ਰੱਖੀਆਂ ਨੇ ਕਿ ਨਾਮ ਜਪਣਾ ਤੇ ਸੇਵਾ ਕਰਨੀ। ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ, ਬੇਅੰਤ ਦੁੱਖ ਆਦਮੀ ਨੂੰ ਘੇਰ ਕੇ ਰੱਖਦੇ ਨੇ ਜਿਨ੍ਹਾਂ ਦੀ ਗਿਣਤੀ ਮਿਣਤੀ ਨਹੀਂ ਹੈ ਕੋਈ ਵੀ। ਕੋਈ ਵੀ ਬੰਦਾ ਐਸਾ ਨਹੀਂ ਕਿ ਜਿਹੜਾ ਇਹ ਕਹੇ ਕਿ ਮੈਂ ਪੂਰੀ ਤਰ੍ਹਾਂ ਸੁਖੀ ਹਾਂ। ਸਿਵਾਏ ਬ੍ਰਹਮਗਿਆਨੀ ਤੋਂ, ਮਹਾਰਾਜ ਕਹਿੰਦੇ ਆਹ ਤਾਂ ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ। ਲੇਕਿਨ ਮਹਾਰਾਜ ਜੀ ਨਿਰਾਸਤਾ 'ਚ ਨਹੀਂ ਸਾਨੂੰ ਲੈ ਕੇ ਗਏ ਕਿ ਇਨ੍ਹਾਂ ਦੁੱਖਾਂ ਦਾ ਕੋਈ ਇਲਾਜ ਨਹੀਂ ਹੈ, ਮਹਾਤਮਾ ਬੁੱਧ ਨੇ ਇਹ ਕਿਹਾ ਕਿ ਸੰਸਾਰ ਦੁੱਖਾਂ ਦਾ ਘਰ ਹੈ, ਇਹਨੂੰ ਤਿਆਗ ਦੇਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਤਿਆਗ ਕੇ ਕਿੱਥੇ ਜਾਓਂਗੇ? ਕੋਈ ਥਾਂ ਹੈ ਜਿੱਥੇ ਤਿਆਗ ਕੇ ਜਾਓਂਗੇ। ਰੋਟੀ ਦੀ ਲੋੜ ਪੈਣੀ ਹੈ, ਕੱਪੜੇ ਦੀ ਪੈਣੀ ਹੈ, ਰਹਿਣ ਨੂੰ ਥਾਂ ਚਾਹੀਦਾ ਹੈ, ਆਹ ਸੰਸਾਰ ਦੇ ਵਿੱਚ ਰਹਿੰਦੇ ਹੋਏ ਜਿਸ ਤਰ੍ਹਾਂ ਇੱਕ ਪਹਿਲਵਾਨ ਘੋਲ ਕਰਦਾ ਹੈ ਇਸ ਤਰ੍ਹਾਂ ਜ਼ਿੰਦਗੀ ਦਾ ਚੈਲੰਜ ਮਨਜ਼ੂਰ ਕਰੋ, ਘੋਲ ਕਰਨਾ ਹੈ। ਉਹਦੇ ਵਿੱਚ ਦੋ ਚੀਜ਼ਾਂ ਰੱਖਣੀਆਂ ਨੇ ਇੱਕ ਨਾਮ ਤੇ ਇੱਕ ਸੇਵਾ। ਦੋਹਾਂ ਦਾ ਬਹੁਤ ਵੱਡਾ ਮਹਾਤਮ ਗੁਰੂ ਘਰ ਦੇ ਅੰਦਰ ਫੁਰਮਾਨ ਕੀਤਾ ਹੈ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਨ ਪਾਈਦੈ।***

***ਗੁਰ ਕੀ ਸੇਵਾ ਪਾਏ ਮਾਨੁ ॥*** ***ਅੰਗ - 864***

ਸਾਰੇ ਦੁੱਖਾਂ ਦਾ ਖਾਤਮਾ ਕਰਨ ਨੂੰ ਪ੍ਰਮੇਸ਼ਰ ਦਾ ਨਾਮ ਸਮਰੱਥ ਹੈ। ਇੱਥੇ ਵੀ ਸੇਵਾ ਮਾਨ ਪ੍ਰਾਪਤ ਹੁੰਦਾ ਹੈ ਤੇ ਦਰਗਾਹ ਵਿੱਚ ਵੀ ਧੰਨ-ਧੰਨ ਹੁੰਦੀ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ - 26***

ਸੇਵਾ ਤੇ ਸਿਮਰਨ ਏਸ ਤਰ੍ਹਾਂ ਨੇ ਜਿਵੇਂ ਕਿਸੇ ਦੇ ਧਾਨ ਸੁੱਕ ਜਾਣ, ਜਿਵੇਂ ਹੁਣ ਸੁੱਕ ਰਹੇ ਨੇ। ਇੱਕ ਟਿਊਬਵੈੱਲ ਦਾ ਪਾਣੀ ਦਿਓ ਤੇ ਉਹ

ਤੇੜਾਂ ਫਟ ਜਾਂਦੀਆਂ ਨੇ। ਉਹ ਤੇੜਾਂ ਦੇ ਵਿਚੀਂ ਨਹੀਂ ਲੰਘਦਾ ਪਰ ਜੇ ਦੋ ਦੇ ਦਿਓ ਨਾਲ, ਨਹਿਰ ਵੀ ਕੱਟ ਦਿਓ ਉਹ ਤੇੜਾਂ ਦੇ ਉਤੇ ਦੀ ਹੋ ਕੇ ਪਾਣੀ ਸਾਰੇ ਖੇਤ ਨੂੰ ਸਿੰਜ ਦਏਗਾ। ਇਸੇ ਤਰ੍ਹਾਂ ਦੇ ਨਾਲ ਸਾਡੀ ਉਮਰ ਬੜੀ ਥੋੜ੍ਹੀ ਹੈ, ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਣਾ ਹੈ। ਦੋ ਹਲਟ ਜਦ ਅਸੀਂ ਜੋੜ ਦੇਵਾਂਗੇ ਤਾਂ ਸਾਡਾ ਜੋ ਮੰਤਵ ਹੈ, ਜਿਸ ਕੰਮ ਨੂੰ ਅਸੀਂ ਸੰਸਾਰ 'ਚ ਆਏ ਹਾਂ, ਉਹਦੀ ਪ੍ਰਾਪਤੀ ਬਹੁਤ ਛੇਤੀ ਹੋ ਜਾਏਗੀ। ਐਸੀਆਂ ਬੇਅੰਤ ਮਿਸਾਲਾਂ ਗੁਰੂ ਘਰ ਦੇ ਅੰਦਰ ਨੇ। ਸੇਵਾ ਕਰਨ ਵਾਲਿਆਂ ਦਾ ਨਾਉਂ ਇਤਿਹਾਸ ਵਿੱਚ ਆਉਂਦਾ ਹੈ, ਸਾਨੂੰ ਪ੍ਰੇਰਨਾ ਦਿੰਦਾ ਹੈ ਉਹ ਕਿ ਅਸੀਂ ਵੀ ਸੇਵਾ ਕਰੀਏ। ਨਾਮ ਜਪਣ ਵਾਲਿਆਂ ਦੀ ਵਡਿਆਈ, ਮਹਿਮਾ ਗੁਰੂ ਘਰ ਦੇ ਅੰਦਰ ਸਾਰੀ ਦੁਨੀਆਂ ਦੇ ਇਤਿਹਾਸਾਂ ਵਿੱਚ ਆਉਂਦੀ ਹੈ, ਧਾਰਮਿਕ ਇਤਿਹਾਸਾਂ 'ਚ।

ਗੁਰੂ ਅਮਰਦਾਸ ਮਹਾਰਾਜ ਜਦੋਂ ਆਪ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਚਰਨ ਸ਼ਰਨ ਨਹੀਂ ਸੀ ਆਏ ਤੇ ਬਾਬਾ ਅਮਰਦਾਸ ਜੀ ਆਪ ਨੂੰ ਆਖਿਆ ਜਾਂਦਾ ਸੀ। ਬੜਾ ਸੋਹਣਾ ਸੁਭਾਅ ਸੀ ਆਪ ਦਾ, ਮਿੱਠਬੋਲੜੇ ਸੀ, ਸਾਰਿਆਂ ਨਾਲ ਮਿਲਵਰਤਣ ਰੱਖਦੇ ਸੀ। ਸਾਰੀਆਂ ਚੰਗਿਆਈਆਂ ਆਪ ਵਿੱਚ ਸਨ, ਨਾ ਕਿਸੇ ਦੀ ਨਿੰਦਿਆ ਕਰਦੇ ਸੀ, ਨਾ ਚੁਗਲੀ ਕਰਦੇ ਸੀ, ਨਾ ਈਰਖਾ ਕਰਦੇ ਸੀ, ਨਾ ਝੂਠ ਬੋਲਦੇ ਸੀ, ਜਿੰਨਾਂ ਕੁ ਸਰਦਾ ਸੀ ਹੱਥੋਂ ਦਾਨ ਦਿੰਦੇ ਸੀ ਤੇ ਇੱਕ ਮਾਲਾ ਰੋਜ਼ ਖੋੜਸ ਮੰਤਰ ਦੀ, ਇੱਕ ਪੱਕੀ ਮਾਲਾ ਰੋਜ਼ ਫੇਰਿਆ ਕਰਦੇ ਸੀ। ਉਹ ਮੰਤਰ ਜਿਸਨੂੰ ਜਪ ਕੇ ਧਰੂੰ ਪ੍ਰਮੇਸ਼ਰ ਨੂੰ ਮਿਲਿਆ ਸੀ।

ਲੇਕਿਨ ਇਹ ਮੰਤਰ ਕਿਤੋਂ ਸੁਣਿਆ ਸੁਣਾਇਆ ਬਾਬਾ ਜੀ ਨੇ ਜਪਣਾ ਸ਼ੁਰੂ ਕਰ ਦਿੱਤਾ ਸੀ। ਕਿਸੇ ਤੋਂ ਲਿਆ ਨਹੀਂ ਸੀ ਮੰਤਰ। ਸੋ ਬੜੇ ਚੰਗੇ ਸੀ, ਦੂਸਰੇ ਦੇ ਉਤੇ ਬੜਾ ਪ੍ਰਭਾਵ ਪੈਂਦਾ ਸੀ ਤੇ ਆਪ ਗੰਗਾ ਦੇ ਇਸ਼ਨਾਨ ਨੂੰ ਜਾਇਆ ਕਰਦੇ ਸੀ। ਉਨ੍ਹਾਂ ਦਿਨਾਂ ਵਿੱਚ ਤੇ ਅੱਜ ਦੇ ਦਿਨਾਂ ਵਿੱਚ ਬਹੁਤ ਫਰਕ ਹੈ, ਸੋਚ ਹੀ ਨਹੀਂ ਸਕਦੇ ਅਸੀਂ। ਕਿਉਂਕਿ ਸਮੇਂ ਬਦਲ ਜਾਂਦੇ ਨੇ ਪਹਿਲੀਆਂ ਚੀਜ਼ਾਂ ਯਾਦ ਰਹਿ ਜਾਂਦੀਆਂ ਨੇ। ਜਿਸ ਤਰ੍ਹਾਂ ਤੁਹਾਡਾ ਸ਼ਹਿਰ ਹੈ ਰਾਜਪੁਰਾ। 1940 'ਚ ਇੱਕ ਨਿੱਕਾ ਜਿਹਾ ਬਜ਼ਾਰ ਸੀ ਛੋਟਾ ਜਿਹਾ ਸਟੇਸ਼ਨ ਹੈ। ਜਿਹਨੇ ਜਦ ਦੇਖਣ ਤੋਂ ਬਾਅਦ ਹੁਣ ਦੇਖਿਆ ਉਹਨੂੰ ਪਤਾ ਲਗਦਾ ਹੈ ਕਿ ਇਹ ਕੀ ਹੋ ਗਿਆ, ਰਾਜਪੁਰਾ ਬਹੁਤ ਫੈਲ ਗਿਆ ਮੀਲਾਂ ਤੱਕ। ਇਸੇ ਤਰ੍ਹਾਂ ਦੇ ਨਾਲ ਉਹ ਸਾਧਨ ਜਿਹੜੇ ਸੀ ਉਸ ਵੇਲੇ ਦੇ ਜੰਗਲ ਖੜ੍ਹੇ ਹੋਇਆ ਕਰਦੇ ਸੀ ਤੇ ਜਦੋਂ ਕੋਈ ਤੀਰਥ ਯਾਤਰਾ ਨੂੰ ਜਾਂਦਾ, ਬੜਾ ਭਾਰਾ ਸੰਗ ਬਣਾ ਕੇ ਜਾਂਦੇ ਸੀ। ਮਹੀਨੇ ਲੱਗ ਜਾਂਦੇ ਸੀ, ਜੰਗਲ ਆਇਆ ਕਰਦੇ ਸੀ, ਪਰਿਵਾਰ ਸਾਰਾ ਇਕੱਠਾ ਹੋ ਕੇ, ਰਿਸ਼ਤੇਦਾਰ ਇਕੱਠੇ ਹੋ ਕੇ ਰੋ ਕੇ ਵਿਛੜਿਆ ਕਰਦੇ ਸੀ ਕਿ ਪਤਾ ਨਹੀਂ ਇਸਦਾ ਮਿਲਾਪ ਸਾਡੇ ਨਾਲ ਹੋਵੇਗਾ ਜਾਂ ਨਾ ਹੋਵੇ। ਸੋ ਐਸਾ ਕਠਨ ਸੀ ਇਹ ਲੇਕਿਨ ਫਲ ਕਿੰਨਾ ਕੁ ਹੁੰਦਾ ਹੈ ਮਹਾਰਾਜ ਕਹਿੰਦੇ ਫਲ ਦੀ ਵਿਚਾਰ ਦੁਨੀਆਂ ਨਹੀਂ ਕਰਦੀ। ਵਿਰਲੇ ਪੁਰਸ਼ ਨੇ ਜੋ ਕੰਮ ਕਰਨ ਤੋਂ ਪਹਿਲਾਂ ਇਹ ਸੋਚਦੇ ਨੇ

ਕਿ ਉਹਦਾ ਫਲ ਕਿੰਨਾ ਕੁ ਹੋਏਗਾ। ਤੀਰਥ ਦਾ ਫਲ ਸਾਡੀ ਨਿਗ੍ਹਾ ਦੇ ਵਿੱਚ ਬਹੁਤ ਜ਼ਿਆਦਾ ਹੈ ਲੇਕਿਨ ਅਨੁਭਵੀ ਮਹਾਂਪੁਰਸ਼ ਫੁਰਮਾਨ ਕਰਦੇ ਨੇ ਕਿ-

***ਤੀਰਥ ਕੀਏ ਏਕ ਫਲ***

ਇੱਕ ਫਲ ਪ੍ਰਾਪਤ ਹੁੰਦਾ ਹੈ ਤੀਰਥ ਕਰਨ ਨਾਲ।

***ਸੰਤ ਮਿਲੇ ਫਲ ਚਾਰ।***

ਜੇ ਸੰਤਾਂ ਦੇ ਨਾਲ ਮਿਲਾਪ ਹੋਵੇ।

***ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥***
***ਅੰਗ - 266***

ਚਾਰ ਫਲ ਮਿਲਦੇ ਨੇ ਧਰਮ, ਅਰਥ, ਕਾਮ, ਮੋਖਸ਼। ਧਰਮ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ। ਅਧਰਮ ਦੇ ਜੀਵਨ ਤੋਂ ਛੁਟਕਾਰਾ ਹੋ ਜਾਂਦਾ ਹੈ। ਕਾਮਨਾ ਸਾਰੀਆਂ ਪੂਰੀਆਂ ਹੋਣ ਲੱਗ ਜਾਂਦੀਆਂ ਨੇ -

***ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਅੰਗ - 263***

ਆਸਾ ਪੂਰੀਆਂ ਹੋ ਜਾਂਦੀਆਂ ਨੇ। ਪੈਸਾ ਟਕਾ, ਬਰਕਤ ਪੈ ਜਾਂਦੀ ਹੈ। ਉਸ ਤੋਂ ਬਾਅਦ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਚਾਰ ਫਲ ਸੰਤਾਂ ਨੂੰ ਮਿਲ ਕੇ ਮਿਲਦੇ ਨੇ -

***ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵਿਚਾਰ।***

ਜੇ ਗੁਰੂ ਮਿਲ ਜਾਵੇ ਤਾਂ ਫਲਾਂ ਦੀ ਕੋਈ ਗਿਣਤੀ ਨਹੀਂ ਰਹਿੰਦੀ। ਸੋ ਤੀਰਥ ਕਰਨ ਜਾਇਆ ਕਰਦੇ ਸੀ। ਆਪ ਇੱਕੀਵੀਂ ਵਾਰੀ ਜਦ ਗਏ, ਵੱਡੀ ਉਮਰ ਆਪ ਦੀ ਹੋਈ-ਹੋਈ ਹੈ, ਸੱਤਰ ਸਾਲ ਦੇ ਕਰੀਬ ਹੈ। ਬੜੀ ਭਾਰੀ ਹਿੰਮਤ ਕਰੀ ਹੈ। ਪੈਦਲ ਚਲਦੇ ਨੇ ਤੇ ਉਸ ਥਾਂ ਦੇ ਉਤੇ ਜਾਂਦੇ-ਜਾਂਦੇ ਇੱਕ ਪ੍ਰੇਮੀ ਦਾ ਆਪ ਨਾਲ ਮਿਲਾਪ ਹੋ ਗਿਆ। ਉਹ ਬ੍ਰਹਮਚਾਰੀ ਸੀ, ਉਸ ਨੇ ਦੇਖਿਆ ਕਿ ਇਹ ਤਾਂ ਬੜੇ ਭਲੇ ਪੁਰਸ਼ ਨੇ, ਵੰਡ ਕੇ ਖਾਂਦੇ ਨੇ ਇਕੱਲੇ ਨਹੀਂ ਖਾਂਦੇ। ਮਿੱਠਬੋਲੜੇ ਨੇ, ਆਪ ਭੁੰਜੇ ਸੌਂ ਜਾਣਗੇ, ਦੂਸਰੇ ਨੂੰ ਕੱਪੜਾ ਆਪਣਾ ਵਿਛਾ ਦੇਣਗੇ ਕਿ ਤੂੰ ਇਸ 'ਤੇ ਪੈ। ਮੈਂ ਹੇਠਾਂ ਪੈ ਜਾਂਦਾ ਹਾਂ। ਉਹ ਮੋਹਿਤ ਹੋ ਗਿਆ ਬਾਬਾ ਅਮਰਦਾਸ ਜੀ ਮਹਾਰਾਜ ਦੇ ਗੁਣਾਂ 'ਤੇ, ਤੇ ਫੇਰ ਦੇਖਣਾ ਕਿ ਅੰਮ੍ਰਿਤ ਵੇਲੇ ਆਪ ਜਾਗਦੇ ਨੇ, ਜਾਗ ਕੇ ਖੋੜਸ ਮੰਤਰ ਦੀ ਇੱਕ ਮਾਲਾ ਰੋਜ਼ ਕਰਦੇ ਨੇ। ਬੜਾ ਪ੍ਰਸੰਨ ਹੋਇਆ, ਇਸ਼ਨਾਨ ਵੀ ਨਾਲ ਕਰਿਆ, ਮੁੜਦਾ ਹੋਇਆ ਵੀ ਨਾਲ ਆ ਗਿਆ ਤੇ ਅੱਜ ਬਾਸਰਪੁਰ ਮਹਾਰਾਜ ਦੇ ਨਗਰ ਆਇਆ ਹੋਇਆ ਹੈ। ਉਥੇ ਅਚਾਨਕ ਇਹ ਗੱਲਾਂ ਚੱਲ ਪਈਆਂ, ਕਹਿਣ ਲੱਗੇ ਬਾਬਾ ਅਮਰਦਾਸ ਜੀ! ਤੁਹਾਡੇ ਵਿੱਚ ਗੁਣਾਂ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਐਨੇ ਗੁਣ। ਤੁਹਾਡਾ ਜੋ ਕੋਈ ਗੁਰੂ ਹੈ ਉਹ ਬਹੁਤ ਪੁੱਜਿਆ ਹੋਇਆ ਪ੍ਰਮੇਸ਼ਰ ਦਾ ਰੂਪ ਹੋਣਾ ਤੇ ਆਪ ਨੇ ਕਦੇ ਜ਼ਿਕਰ ਨਹੀਂ ਕਰਿਆ। ਐਨਾ ਸੁਣਦੇ ਸਾਰ ਬਾਬਾ ਜੀ ਦੇ ਨੇਤਰਾਂ 'ਚ ਜਲ ਆ ਗਿਆ। ਹੈਰਾਨ ਹੋ ਗਿਆ ਕਿ ਸ਼ਾਇਦ ਇਨ੍ਹਾਂ ਦੇ ਗੁਰੂ ਪਰਦਾ ਕਰ ਗਏ। ਜੋਤ ਵਿੱਚ ਸਮਾਅ ਗਏ ਸਰੀਰ ਛੱਡ ਗਏ।

ਕਾਫੀ ਦੇਰ ਤੋਂ ਬਾਅਦ ਬਾਬਾ ਜੀ ਬੋਲੇ ਕਹਿਣ ਲੱਗੇ, ਬ੍ਰਹਮਚਾਰੀ ਜੀ! ਮੈਂ ਕੀ ਦੱਸਾਂ, ਆਹ ਜਿਹੜਾ ਮੇਰਾ ਤੀਰਥ 'ਤੇ ਜਾਣਾ ਹੈ ਉਹ ਏਸ ਕਰਕੇ ਹੀ ਸੀ ਕਿ ਮੈਂ ਕੋਈ ਸਮਰੱਥ ਮਹਾਂਪੁਰਸ਼ ਟੋਲ੍ਹਾਂ ਜਿਹੜਾ ਮੈਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਦੇਵੇ। ਕਿਉਂਕਿ ਗੁਰੂ ਦੇ ਉਤੇ ਜਿੰਨੀ ਦੇਰ ਤੱਕ ਨਿਸ਼ਾ ਨਹੀਂ ਹੁੰਦੀ, ਗੁਰੂ ਕਰਨ ਦਾ ਕੋਈ ਫਾਇਦਾ ਨਹੀਂ ਹੋਇਆ ਕਰਦਾ ਤੇ ਨਿਸ਼ਾ ਤੋਂ ਬਗੈਰ ਕੋਈ ਗੁਰੂ ਕੰਮ ਨਹੀਂ ਹੋਇਆ ਕਰਦਾ, ਖਿੱਚ ਤੋਂ ਬਗੈਰ ਪਤੀ ਕਿਸੇ ਕੰਮ ਦਾ ਨਹੀਂ ਹੋਇਆ ਕਰਦਾ। ਸੋ ਮੈਂ ਗਿਆ ਹਾਂ ਸਾਧੂਆਂ ਸੰਤਾਂ ਮਹਾਂਪੁਰਸ਼ਾਂ ਦੇ ਸਤਿਸੰਗ ਕੀਤੇ ਨੇ ਕਹਿਣ-ਕਹਾਣ ਵਾਲੇ ਤਾਂ ਮੈਨੂੰ ਬਹੁਤ ਮਿਲੇ ਨੇ ਲੇਕਿਨ ਰਹਿਤ ਵਾਲਾ ਨਹੀਂ ਮਿਲਿਆ, ਉਹ ਨਹੀਂ ਮਿਲਿਆ ਜਿਹੜਾ ਮੇਰੇ ਅੰਦਰ ਖਿੱਚ ਪਾ ਦੇਵੇ, ਮੈਨੂੰ ਆਪਣਾ ਬਣਾ ਲਵੇ। ਮੈਂ ਆਪਣਾ ਦਿਲ ਲਈਂ ਫਿਰਦਾ ਹਾਂ, ਆਪਣਾ ਤਨ ਲਈਂ ਫਿਰਦਾ ਹਾਂ, ਮਨ ਲਈਂ ਫਿਰਦਾ ਹਾਂ, ਧਨ ਲਈਂ ਫਿਰਦਾ ਹਾਂ ਮੈਂ ਸਾਰਾ ਅਰਪਣ ਕਰਾਂ ਉਸਦੇ, ਜੇ ਮੈਨੂੰ ਪੂਰਾ ਗੁਰੂ ਮਿਲ ਜਾਵੇ। ਕਿਉਂਕਿ ਅਜੇ ਤੱਕ ਮੈਨੂੰ ਪੂਰੇ ਗੁਰੂ ਦੇ ਦਰਸ਼ਨ ਨਹੀਂ ਹੋਏ। ਪੂਰੇ ਗੁਰੂ ਦੀ ਜੋ ਕਿਰਿਆ ਹੋਇਆ ਕਰਦੀ ਗੰਮਤਾ ਤੋਂ ਬਾਹਰ ਹੋਇਆ ਕਰਦੀ ਹੈ। ਉਹਨੂੰ ਅਸੀਂ ਸਮਝ ਨਹੀਂ ਸਕਿਆ ਕਰਦੇ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*** ***ਭਾਈ ਗੁਰਦਾਸ ਜੀ***

ਜਿਹੋ ਜਿਹੀ ਭਾਵਨਾ ਗੁਰੂ 'ਤੇ ਆਦਮੀ ਕਰਦਾ ਹੈ ਓਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ। ਗੁਰੂ ਅੰਗਦ ਸਾਹਿਬ ਮਹਾਰਾਜ ਬੈਠੇ ਨੇ ਵੱਡੇ-ਵੱਡੇ ਬ੍ਰਹਮਗਿਆਨੀ, ਗੁਰਸਿੱਖ ਬੈਠੇ ਨੇ, ਭਾਈ ਬਾਲਾ ਜੀ ਬੈਠੇ ਨੇ, ਬਾਬਾ ਬੁੱਢਾ ਜੀ ਬੈਠੇ ਨੇ, ਭਾਈ ਮਨਸੁਖ ਬੈਠੇ ਨੇ, ਭਗੀਰਥ ਬੈਠੇ ਨੇ, ਸਧਾਰਣ ਜੀ ਬੈਠੇ ਨੇ ਤੇ ਹੋਰ ਬੇਅੰਤ ਗੁਰਸਿੱਖ ਬੈਠੇ ਨੇ। ਸੁਭਾਵਿਕ ਆਪ ਨੇ ਬਚਨ ਚਲਾ ਦਿੱਤਾ ਕਹਿੰਦੇ ਭਾਈ ਬਾਲਾ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਨੌਆਂ ਖੰਡਾਂ ਤੇ ਸੱਤਾਂ ਦੀਪਾਂ 'ਚ, ਜਿੱਥੇ ਤੱਕ ਧਰਤੀ ਸੀ ਉਥੇ ਤੱਕ ਨਾਲ ਰਹੇ ਓਂ, ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਸਾਰੇ ਕੌਤਕ ਦੇਖੇ ਨੇ ਤੇ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਪੂਰਨ ਮਹਾਤਮਾ ਸੀਗੇ। ਮਹਾਂਪੁਰਸ਼ ਸੀ। ਮਹਾਰਾਜ ਕਹਿੰਦੇ ਚੰਗਾ ਭਾਈ! ਤੂੰ ਮਹਾਂਪੁਰਖ ਹੋਇਆ। ਬਾਬਾ ਬੁੱਢਾ ਜੀ! ਤੁਸੀਂ ਕੀ ਸਮਝਦੇ ਰਹੇ? ਕਹਿਣ ਲੱਗੇ ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ ਤੁਸੀਂ ਬ੍ਰਹਮਗਿਆਨੀ ਹੋਏ। ਸਾਰਿਆਂ ਨੂੰ ਪੁੱਛਿਆ। ਚਾਰ ਤਰੀਕੇ ਹੋਇਆ ਕਰਦੇ ਨੇ ਗੁਰੂ ਦੇ ਉਤੇ ਭਰੋਸੇ ਦੇ।

ਪਹਿਲਾ ਹੁੰਦਾ ਹੈ ਕਿ ਮੇਰਾ ਗੁਰੂ ਬਹੁਤ ਚੰਗਾ ਸੰਤ ਹੈ। ਦੂਸਰਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ। ਤੀਸਰਾ ਹੁੰਦਾ ਹੈ ਕਿ ਮੇਰਾ ਗੁਰੂ ਜੋ ਹੈ ਪ੍ਰਮੇਸ਼ਰ ਵਰਗਾ ਹੈ। ਚੌਥਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਹੈ। ਪੂਰਾ ਨਿਸ਼ਚਾ ਹੋਇਆ

ਕਰਦਾ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

***ਅੰਗ - 442***

ਸੋ ਜਿੰਨਾਂ ਭਰੋਸਾ ਕਰੇਗਾ ਗੁਰੂ ਦੇ ਉਤੇ, ਓਨਾਂ ਹੀ ਫਲ ਪ੍ਰਾਪਤ ਹੁੰਦਾ ਹੈ -

*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

***ਭਾਈ ਗੁਰਦਾਸ ਜੀ, ਵਾਰ 34/1***

ਪਾਤਸ਼ਾਹ! ਤੁਸੀਂ ਕੀ ਸਮਝਦੇ ਰਹੇ ਗੁਰੂ ਨਾਨਕ ਪਾਤਸ਼ਾਹ ਨੂੰ। ਨੇਤਰਾਂ 'ਚ ਜਲ ਆ ਗਿਆ। ਕਾਫੀ ਦੇਰ ਤੋਂ ਬਾਅਦ ਬੋਲੇ, ਗਲਾ ਰੁਕਿਆ ਹੋਇਆ ਹੈ। ਕਹਿਣ ਲੱਗੇ, ਗੁਰਮੁਖੋ! ਗੁਰੂ ਨਾਨਕ ਪਾਤਸ਼ਾਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ, ਮਨੁੱਖ ਦੇ ਜਾਮੇ 'ਚ ਸੰਸਾਰ ਦੇ ਭਲੇ ਵਾਸਤੇ ਪ੍ਰਗਟ ਹੋਏ ਸੀ। ਸਾਰਿਆਂ ਨੇ ਸੀਸ ਨਿਵਾ ਦਿੱਤੇ ਪਾਤਸ਼ਾਹ! ਤੁਸੀਂ ਗੁਰੂ ਨਾਨਕ ਨੂੰ ਪ੍ਰਮੇਸ਼ਰ ਸਮਝਦੇ ਸੀ ਤੇ ਤੁਸੀਂ ਪ੍ਰਮੇਸ਼ਰ ਹੋਏ। ਸੋ ਕਹਿਣ ਲੱਗੇ, ਬ੍ਰਹਮਚਾਰੀ ਜੀ! ਮੈਨੂੰ ਕੋਈ ਐਸਾ ਗੁਰੂ ਨਹੀਂ ਮਿਲਿਆ, ਜਿਹੜਾ ਗੁਰੂ ਮੇਰੀ ਨਿਸ਼ਾ ਕਰਾ ਦੇਵੇ ਕਿ ਗੁਰੂ ਉਹ ਹੁੰਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ - ੧੨੯੧*

ਆਹ ਜਿਹੜਾ ਆਪਣਾ ਸਰੀਰ ਹੈ, ਇਹ ਮੈਂ ਨਹੀਂ ਹੈਗਾ, ਇਹ ਮੇਰਾ ਘਰ ਹੈ। ਦੋ ਖਰਬ ਪੰਦਰਾਂ ਅਰਬ ਸੈਲ ਇਹਦੇ ;ਚ ਲੱਗੇ ਹੋਏ ਨੇ, 72 ਕਰੋੜ, 72 ਲੱਖ, ਦੋ ਸੌ ਬਲੱਡ ਚੈਨਲ ਹੈ, ਖ਼ੂਨ ਚੱਲਣ ਦੀਆਂ ਨਾੜੀਆਂ, ਉਥੇ ਨਿਸ਼ਾਨੀ ਹੈ -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*

***ਅੰਗ- 1291***

ਸ੍ਰੇਸ਼ਟ ਸ਼ਬਦ, ਪੰਜ ਸ਼ਬਦ ਇਹ ਧੁਨਕਾਰ ਹੁੰਦੀ ਹੈ ਤੇ ਇਹ ਨਿਸ਼ਾਨੀ ਹੈ ਏਸ ਥਾਂ ਦੀ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

***ਅੰਗ- 1291***

ਕਹਿੰਦੇ ਰਾਗ ਹੋ ਰਿਹਾ ਹੈ ਲਗਾਤਾਰ, ਅਨਹਦ ਸ਼ਬਦ ਇੱਕ ਥਾਂ 'ਤੇ ਜਾ ਕੇ ਮੁੱਕ ਜਾਂਦੇ ਨੇ। ਇਨ੍ਹਾਂ ਤੋਂ ਬਾਅਦ ਜਿਹੜਾ ਕੁਦਰਤੀ ਰਾਗ

ਹੈ, cosmic music (ਬ੍ਰਹਿਮੰਡੀ ਸੰਗੀਤ) ਜਿਹਨੂੰ ਕਹਿੰਦੇ ਨੇ ਉਹ ਹਰ ਬੰਦੇ ਦੇ ਅੰਦਰ ਹੋ ਰਿਹਾ ਹੈ। ਲੇਕਿਨ ਉਹ ਹੇਠਾਂ ਨੂੰ ਜਿਉਂ-ਜਿਉਂ ਆਉਂਦਾ ਹੈ ਸਰੀਰ ਦੇ ਅੰਦਰ, ਉਹ ਬਦਲਦਾ ਤੁਰਿਆ ਜਾਂਦਾ ਹੈ ਤੇ ਸਿਆਣਿਆਂ ਨੇ ਇਹਨੂੰ ਪੰਜ ਹਿੱਸਿਆਂ 'ਚ ਵੰਡ ਕੇ, ਪੰਜ ਸ਼ਬਦ ਇਹਨੂੰ ਕਿਹਾ ਹੈ। ਸੋ ਉਹ ਰਾਗ ਪ੍ਰਮੇਸ਼ਰ ਦੇ ਦਰ 'ਤੇ ਸਦਾ-ਸਦਾ ਤੋਂ ਹੋ ਰਿਹਾ ਹੈ -

***ਸੋ ਦਰੁ ਕੇਹਾ ਸੋ ਘਰੁ ਕੇਹਾ***
***ਜਿਤੁ ਬਹਿ ਸਰਬ ਸਮਾਲੇ ॥*** ***ਅੰਗ - 6***

ਇਹਦੇ ਵਿੱਚ ਮਹਾਰਾਜ ਜੀ ਨੇ ਓਸ ਦਰ ਦੇ ਉਤੇ ਗਾਉਣ ਵਾਲਿਆਂ ਦੀ ਗਿਣਤੀ ਕੀਤੀ ਹੈ ਮਹਾਰਾਜ ਕਹਿੰਦੇ ਉਹ ਰਾਗ ਸੁਣ ਜਦੋਂ ਗੁਰੂ ਨੇ ਸੁਣਾ ਦਿੱਤਾ ਤੇ ਦਸਵੇਂ ਦੁਆਰ ਦੇ ਵਿੱਚ ਲਿਵ ਲਾ ਕੇ ਸੁਣ। ਇਸ ਤਰ੍ਹਾਂ ਦੇ ਨਾਲ ਜਿਹੜਾ ਦਿਖਾ ਦੇਵੇ ਕਹਿੰਦੇ ਉਹ ਗੁਰੂ ਹੋਇਆ ਕਰਦਾ ਹੈ -

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***
***ਅੰਗ - 1291***

ਜਿਹੜੀ ਕਥਾ ਬੋਲੀ ਨਹੀਂ ਜਾਂਦੀ ਉਹਦੀ ਵਿਚਾਰ ਗੁਰੂ ਕਰਾ ਦਿੰਦਾ ਹੈ ਤੇ ਸਾਰੀਆਂ ਵਾਸ਼ਨਾਵਾਂ ਮਨ 'ਚ ਸਮਾਅ ਜਾਂਦੀਆਂ ਨੇ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਅੰਗ - 1291***

ਬਗੈਰ ਜਾਪ ਕਰਨ ਤੋਂ ਆਪਣੇ ਆਪ ਜਾਪ ਹੋ ਰਿਹਾ ਹੈ। ਸੋ ਕਹਿਣ ਲੱਗੇ, ਬ੍ਰਹਮਚਾਰੀ ਜੀ! ਮੈਂ ਵੀ ਸਤਿਸੰਗ ਦੇ ਅੰਦਰ ਜਾ ਕੇ ਪੂਰੇ ਗੁਰੂ ਦੀਆਂ ਨਿਸ਼ਾਨੀਆਂ ਸੁਣੀਆਂ ਨੇ ਪਰ ਮੈਨੂੰ ਕੋਈ ਐਸਾ ਗੁਰੂ ਨਹੀਂ ਮਿਲਿਆ ਜਿਹੜਾ ਮੈਨੂੰ ਇਸ ਘਰ ਦੇ ਵਿੱਚ ਮੈਨੂੰ ਘਰ ਦਿਖਾ ਦੇਵੇ। ਪ੍ਰਮੇਸ਼ਰ ਦਾ ਦਰ ਦਿਖਾ ਦੇਵੇ। ਸੋ ਇਸ ਕਰਕੇ ਮੈਂ ਐਡੀ ਉਮਰ ਕਰ ਲਈ ਤੇ ਲੇਕਿਨ ਮੈਨੂੰ ਅੱਜ ਤੱਕ ਆਪਣੇ ਮਕਸੱਦ ਦੀ ਪ੍ਰਾਪਤੀ ਨਹੀਂ ਹੋਈ। ਕੱਚੇ ਗੁਰੂ ਤੋਂ ਮੁਕਤੀ ਨਹੀਂ ਹੁੰਦੀ। ਚਾਰ ਕਿਸਮ ਦੇ ਗੁਰੂ ਮਹਾਂਪੁਰਸ਼ਾਂ ਨੇ ਦੱਸੇ ਨੇ। ਪਹਿਲਾ ਹੈ ਕੱਚਾ ਗੁਰੂ, ਉਹ ਤਾਂ ਕੁਛ ਨਹੀਂ ਕਰਿਆ ਕਰਦਾ। ਦੂਸਰਾ ਹੋਇਆ ਕਰਦਾ ਹੈ ਅੰਨ੍ਹਾ ਗੁਰੂ, ਉਹ ਕਰਮਕਾਂਡ 'ਚ ਫਸਾ ਦਿੰਦਾ ਹੈ। ਖੰਡਨ ਮੰਡਨ 'ਚ ਫਸਾ ਦਿੰਦਾ ਹੈ, ਜੀਵ ਦੀ ਬਿਰਤੀ ਨੂੰ ਚੁੱਕ ਕੇ ਰਹਿਤ ਵਿੱਚ ਨਹੀਂ ਲਿਜਾਂਦਾ, ਇੱਕ ਪ੍ਰਮੇਸ਼ਰ ਨਹੀਂ ਸਾਰੇ ਦਿਖਾਉਂਦਾ। ਤੀਸਰਾ ਹੋਇਆ ਕਰਦਾ ਹੈ ਪੰਡਤ ਗੁਰੂ, ਉਹ ਜਾਣਦਾ ਸਭ ਕੁਛ ਹੁੰਦਾ ਹੈ ਲੇਕਿਨ ਉਹਦੇ ਕੋਲ authority (ਅਧਿਕਾਰ) ਨਹੀਂ ਹੋਇਆ ਕਰਦੀ। ਉਹ ਖਾਲੀ ਭੜਾਕਾ ਹੁੰਦਾ ਹੈ, ਰਾਈਫਲ 'ਚ ਗੋਲੀ ਨਹੀਂ ਹੁੰਦੀ। ਭੜਾਕਾ ਓਡਾ ਹੀ ਪਾਉਂਦਾ ਹੈ ਲੇਕਿਨ ਕਿਸੇ ਨੂੰ ਘਾਇਲ ਨਹੀਂ ਕਰ ਸਕਦਾ। ਉਹਦੇ ਬਚਨ ਵਿੱਚ ਸੱਤਿਆ ਨਹੀਂ ਹੁੰਦੀ। ਚੌਥਾ ਹੋਇਆ ਕਰਦਾ ਹੈ ਸਮਰੱਥ ਗੁਰੂ। ਸੋ ਕਹਿਣ ਲੱਗੇ, ਐਸਾ ਮੈਨੂੰ ਗੁਰੂ ਹਾਲੇ ਤੱਕ ਨਹੀਂ ਮਿਲਿਆ। ਸੋ ਮੇਰੇ ਭਾਗ ਬੜੇ ਚੰਗੇ ਨਹੀਂ ਹੈਗੇ, ਐਨਾ ਕਹਿ ਕੇ ਆਪ ਬੈਰਾਗ 'ਚ ਆ ਗਏ, ਨੇਤਰਾਂ 'ਚੋਂ ਜਲ ਸਿੱਟ ਰਹੇ ਨੇ, ਉਸ ਵੇਲੇ ਬ੍ਰਹਮਚਾਰੀ ਕਹਿਣ ਲੱਗਿਆ, ਬਾਬਾ ਅਮਰਦਾਸ! ਬੜਾ ਅਫਸੋਸ ਹੈ ਮੈਨੂੰ

ਆਪਣੇ ਉਤੇ, ਤੇਰੇ 'ਤੇ ਵੀ ਅਫਸੋਸ ਹੈ, 70 ਸਾਲ ਤੋਂ ਉਤੇ ਤੇਰੀ ਉਮਰ ਹੋ ਗਈ, ਹੁਣ ਕਿਹੜਾ ਮੌਕਾ ਹੈ, ਪਤਾ ਨਹੀਂ ਕਾਲ ਨੇ ਕਿਹੜੇ ਵੇਲੇ ਗੁਲੇਲਾ ਮਾਰ ਦੇਣਾ ਤੇ ਸੰਸਾਰ ਤੋਂ ਚਲੇ ਜਾਣਾ ਹੈ। ਬੜਾ ਮਾੜਾ ਕੰਮ ਤੂੰ ਕਰਿਆ ਤੇ ਮੈਂ ਇਹ ਮਾੜਾ ਕੰਮ ਕਰਿਆ ਕਿ ਮੇਰਾ ਪ੍ਰਣ ਸੀ ਕਿ ਮੈਂ ਨਿਗੁਰੇ ਦੇ ਹੱਥੋਂ ਨਹੀਂ ਖਾਣਾ ਤੇ ਮੇਰਾ ਜ਼ਿੰਦਗੀ ਦਾ ਕੀਤਾ ਹੋਇਆ ਪ੍ਰਣ ਟੁੱਟ ਗਿਆ, ਮੇਰੇ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ। ਬਹੁਤ ਅਫਸੋਸ ਉਸਨੇ ਕਰਿਆ, ਕਹਿਣ ਲੱਗਿਆ, ਬਾਬਾ ਅਮਰਦਾਸ ਜੀ! ਵਿਚਾਰ ਕਰੋ, ਤੁਸੀਂ ਖੋੜਸ ਮੰਤਰ ਦੀ ਮਾਲਾ ਫੇਰਦੇ ਓਂ, ਇਹ ਮਾਲਾ ਜੋ ਤੁਸੀਂ ਮੰਤਰ ਜਪਦੇ ਓਂ, ਗੁਰੂ ਤੋਂ ਬਗੈਰ ਇਹਦੇ ਵਿੱਚ ਤਾਕਤ ਨਹੀਂ ਹੈ, ਇਹ ਹਿਰਦੇ 'ਚ ਨਹੀਂ ਜੜ੍ਹ ਫੜ ਸਕਦਾ, ਹਿਰਦੇ 'ਚ ਜੜ੍ਹ ਕੇਵਲ ਗੁਰੂ ਦੁਆਰਾ ਦਿੱਤਾ ਹੋਇਆ ਮੰਤਰ ਫੜਿਆ ਕਰਦਾ ਹੈ। ਤੁਹਾਨੂੰ ਇਸ ਮੰਤਰ ਦੀ ਪ੍ਰਾਪਤੀ ਨਹੀਂ ਹੋਈ।

ਗੁਰੂ ਘਰ ਦੇ ਅੰਦਰ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਇਹ ਮੰਤਰ ਗੁਰੂ ਗ੍ਰੰਥ ਸਾਹਿਬ ਦੇ behalf (ਵੱਲੋਂ) 'ਤੇ ਦਿੰਦੇ ਨੇ। ਅਰਦਾਸ ਕਰਕੇ, ਉਹਦੇ ਨਾਲ ਇੱਕਮਿਕ ਹੋ ਕੇ ਫੇਰ ਇਹ ਕਹਿੰਦੇ ਨੇ ਕਿ ਜੋ ਕੁਛ ਸਾਡੇ ਕੋਲ ਸਉਂਪਿਆ ਹੈ ਗੁਰੂ ਨੇ ਉਹ ਮੰਤਰ ਅਸੀਂ ਤੈਨੂੰ ਦੇਣ ਲੱਗੇ ਹਾਂ। ਗੁਰੂ ਮਹਾਰਾਜ ਨੇ ਪੰਜ ਦਾ ਵਿਧਾਨ ਕਰ ਦਿੱਤਾ। ਲੇਕਿਨ ਨੌਵਾਂ ਪਾਤਸ਼ਾਹਾਂ ਤੱਕ ਜੋ ਮੰਤਰ ਦਿੱਤਾ ਜਾਂਦਾ ਸੀ ਚਰਨਾਮ੍ਰਿਤ ਦੇਣ ਤੋਂ ਬਾਅਦ ਦਿੱਤਾ ਜਾਂਦਾ ਸੀ। ਸੋ ਕਹਿਣ ਲੱਗੇ ਕਿ ਤੁਸੀਂ ਨਾਮ ਜਪਦੇ ਓਂ, ਮਾਲਾ ਫੇਰਦੇ ਓਂ ਇਹਦਾ ਤਾਂ ਫਲ ਕੋਈ ਨਹੀਂ। ਜ਼ੀਰੋ ਫਲ ਹੈ, ਜਿੰਨਾਂ ਚਿਰ ਏਕਾ ਨਹੀਂ ਬਣਦਾ ਰਕਮ ਨਹੀਂ ਬਣਦੀ। ਪੰਜ ਜ਼ੀਰੋ ਲਾ ਲਓ, ਬੈਂਕ 'ਤੇ ਚਲੇ ਜਾਓ, ਚੈੱਕ ਦੇ ਦਿਓ ਉਹਨੂੰ, ਉਹ ਤੁਹਾਨੂੰ ਵਾਪਸ ਕਰ ਦਏਗਾ ਕਿ ਇਹ ਤਾਂ ਕੁਛ ਵੀ ਨਹੀਂ ਹੈਗਾ ਜੇ ਏਕਾ ਲਾ ਦਿਓ, ਲੱਖ ਰੁਪਿਆ ਬਣ ਜਾਂਦਾ ਹੈ। ਕਰਮ ਧਰਮ ਸਾਰੇ ਜ਼ੀਰੋ ਨੇ, ਜਿੰਨਾਂ ਚਿਰ ਗੁਰੂ ਦਾ ਏਕਾ ਨਹੀਂ ਲਗਦਾ, ਓਨਾਂ ਚਿਰ ਉਨ੍ਹਾਂ ਦੀ ਕੀਮਤ ਨਹੀਂ, ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਜਿਹੜੇ ਅਸੀਂ ਪੁੰਨ ਦਾਨ ਕਰਦੇ ਹਾਂ ਨਿਗੁਰੇ ਪੁਰਸ਼, ਇਹ ਪੁੰਨਾਂ ਦਾਨਾਂ ਦਾ ਫਲ ਮਿਲਦਾ ਹੈ? ਮਹਾਰਾਜ ਕਹਿੰਦੇ, ਫਲ ਤਾਂ ਮਿਲਦਾ ਹੈ ਪ੍ਰੇਮੀਓ! ਅਕਾਲ ਪੁਰਖ ਕਿਸੇ ਦਾ ਘਾਲਿਆ ਹੋਇਆ, ਇੱਕ ਤਿਲ ਜਿੰਨੀ ਵੀ ਮਿਹਨਤ ਨਹੀਂ ਜ਼ਾਇਆ ਜਾਣ ਦਿੰਦਾ। ਲੇਕਿਨ ਉਹਨੂੰ ਮਨੁੱਖ ਦਾ ਸਰੀਰ ਨਹੀਂ ਮਿਲਦਾ। ਕਿਉਂਕਿ ਉਹਨੇ ਮਨੁੱਖ ਜਨਮ ਧਾਰਨ ਤੋਂ ਬਾਅਦ ਮੰਤ੍ਰ ਨਹੀਂ ਲਿਆ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ- 1356***

ਕਹਿੰਦੇ ਉਹਨੂੰ ਜੂਨਾਂ ਇਹ ਮਿਲਣਗੀਆਂ, ਕੁੱਤਿਆਂ, ਬਿੱਲਿਆਂ, ਸੂਰਾਂ, ਸੱਪਾਂ ਦੀਆਂ। ਸੋ ਉਹਦਾ ਪੁੰਨ ਦਾਨ ਤਾਂ ਨਹੀਂ ਜਾਂਦਾ ਵਿਅਰਥ। ਪਰ ਉਨ੍ਹਾਂ ਦੇ ਵਿੱਚ ਜਾਂਦਾ ਹੈ, ਕੁੱਤਾ ਬਣ ਗਿਆ ਅਮੀਰ ਦਾ, ਬਿਸਕੁਟ ਖਾਂਦਾ

ਹੈ, ਕੇਕ ਖਾਂਦਾ ਹੈ, ਕਾਰਾਂ ਵਿੱਚ ਚੜ੍ਹਦਾ ਹੈ, ਕੋਈ ਚੰਗਾ ਜਾਨਵਰ ਕਿਸੇ ਚੰਗੇ ਦਾ ਬਣ ਗਿਆ, ਗਊ ਬਣ ਗਈ, ਬੈੱਲ ਬਣ ਗਿਆ, ਉਹਦੀ ਪਾਲਣਾ ਹੁੰਦੀ ਹੈ ਬਹੁਤ ਸੋਹਣੀ। ਸੋ ਸੁੱਖ ਤਾਂ ਉਹਨੂੰ ਮਿਲਦਾ ਹੈ ਪੁੰਨ ਦਾ, ਲੇਕਿਨ ਮਨੁੱਖਾ ਜਨਮ ਨਹੀਂ ਮਿਲਦਾ। ਇਸ ਕਰਕੇ ਕਹਿਣ ਲੱਗੇ, ਬਾਬਾ ਅਮਰਦਾਸ ਜੀ! ਤੁਸੀਂ ਕੀ ਭਾਲਦੇ ਓਂ, ਮੁਕਤੀ ਭਾਲਦੇ ਓਂ, ਮੁਕਤੀ ਤਾਂ ਪ੍ਰਾਪਤ ਨਹੀਂ ਹੁੰਦੀ। ਮੁਕਤੀ ਤਾਂ ਜੇ ਹੋਣੀ ਹੈ ਕੇਵਲ ਗੁਰੂ ਤੋਂ ਹੋਣੀ ਹੈ ਗੁਰੂ ਨੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਚਾਰ ਅਵਸਥਾ 'ਚੋਂ ਲੰਘਾਉਣਾ ਹੈ। ਉਸ ਤੋਂ ਬਾਅਦ ਗਿਆਨ ਦੀ ਪ੍ਰਾਪਤੀ ਹੋਣੀ ਹੈ, ਗਿਆਨ ਦੀ ਪ੍ਰਾਪਤੀ ਹੋ ਅਗਿਆਨ ਦਾ ਨਾਸ਼ ਹੋਣਾ ਹੈ, ਫੇਰ ਮੁਕਤੀ ਹੋਣੀ ਹੈ, ਤੁਸੀਂ ਵੱਡਿਆਂ-ਵੱਡਿਆਂ ਨੂੰ ਪੁੱਛ ਲਓ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,***
***ਪੁਛੋ ਬਰਮੇ ਨਾਰਦੇ ਨੂੰ।***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਅੰਗ - 59***

ਪੁੱਛ ਲਓ ਵੱਡਿਆਂ-ਵੱਡਿਆਂ ਨੂੰ। ਨਾਰਦ ਨੂੰ ਪੁੱਛੋ, ਦੇਵਤਿਆਂ ਦੀ ਸਭਾ ਲੱਗੀ ਹੋਈ ਹੈ। ਨਾਰਦ ਵੀ ਉਹਦੇ ਵਿੱਚ ਬੁਲਾ ਲਿਆ ਜਿਸ ਥਾਂ 'ਤੇ ਨਾਰਦ ਬੈਠਦਾ ਸੀ, ਉਸ ਥਾਂ 'ਤੇ ਸਵਾ ਗਜ਼ ਚੌੜੀ ਸਵਾ ਗਜ਼ ਗਹਿਰੀ ਮਿੱਟੀ ਰੋਜ਼ ਮਜ਼ਦੂਰ ਪੁੱਟ ਕੇ ਨਵੀਂ ਮਿੱਟੀ ਪਾਉਂਦੇ ਸੀ। ਇੱਕ ਦਿਨ ਉਤੇ ਆ ਗਿਆ, ਕਹਿਣ ਲੱਗਿਆ ਭਾਈ! ਤੁਸੀਂ ਇਹ ਕੀ ਕੰਮ ਕਰਦੇ ਓਂ? ਕਹਿੰਦੇ, ਅਸੀਂ ਅੱਜ ਦੇ ਕਰਦੇ ਹਾਂ? ਕਹਿੰਦਾ, ਕਦੋਂ ਦੇ ਕਰਦੇ ਹੋਂ? ਕਹਿੰਦੇ ਜਦ ਦੀ ਇਹ ਸਭਾ ਲੱਗੀ ਹੈ।

ਕਹਿਣ ਲੱਗੇ, ਕੀ ਗੱਲ?

ਉਨ੍ਹਾਂ ਨੇ ਕਿਹਾ ਕਿ ਇੱਥੇ ਇੱਕ ਰਿਸ਼ੀ ਹੈ, ਮੁਨੀ ਨਾਰਦ ਤੇ ਆਪਣੇ ਆਪ ਨੂੰ ਕਹਿੰਦਾ ਹੈ ਕਿ ਮੈਂ ਬ੍ਰਹਮਾ ਦਾ ਪੁੱਤਰ ਹਾਂ, ਉਹ ਨਿਗੁਰਾ ਪੁਰਸ਼ ਬੈਠਦਾ ਹੈ ਤੇ ਜਿੱਥੇ ਨਿਗੁਰਾ ਪੁਰਸ਼ ਬੈਠ ਜਾਵੇ ਉਥੇ ਸਵਾ ਗਜ਼ ਧਰਤੀ ਭ੍ਰਿਸ਼ਟ ਹੋ ਜਾਇਆ ਕਰਦੀ ਹੈ। ਇਹਦੇ ਵਿੱਚ ਆਤਮ ਵਿਚਾਰ ਹੋ ਰਹੀ ਹੈ ਤੇ ਇਸ ਕਰਕੇ ਇਹਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਅਸੀਂ ਰੋਜ਼ ਮਿੱਟੀ ਐਨੀ ਪੁੱਟ ਕੇ ਨਵੀਂ ਮਿੱਟੀ ਪਾ ਦਿੰਦੇ ਹਾਂ। ਬੜਾ ਗੁੱਸਾ ਕਰਿਆ, ਪਿਤਾ ਕੋਲ ਚਲਿਆ ਗਿਆ, ਕਹਿਣ ਲੱਗਿਆ, ਮੇਰੀ ਐਨੀ ਬੇਇਜ਼ਤੀ? ਉਹ ਕਹਿਣ ਲੱਗੇ, ਨਾਰਦ! ਅਕਾਲ ਪੁਰਖ ਦਾ ਅਸੂਲ ਬਣਾਇਆ ਹੋਇਆ ਹੈ, ਨਿਗੁਰਾ ਜੋ ਪੁਰਸ਼ ਹੈ ਉਹਦਾ ਤਾਂ ਨਾਉਂ ਲੈਣਾ ਹੀ ਬੁਰਾ ਹੁੰਦਾ ਹੈ, ਤੈਨੂੰ ਸਭਾ 'ਚ ਬਿਠਾਲਦੇ ਨੇ। ਜਦੋਂ ਤੱਕ ਤੂੰ ਗੁਰੂ ਧਾਰਨ ਨਹੀਂ ਕਰਦਾ ਓਨੀਂ ਦੇਰ ਤੱਕ ਤੇਰਾ ਜੋ ਜਨਮ ਹੈ ਸਫਲਾ ਨਹੀਂ ਹੋਣਾ। ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਵੱਡਿਆਂ-ਵੱਡਿਆਂ ਨੇ ਗੁਰੂ ਧਾਰਨ ਕਰੇ -

***ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ ਅੰਗ - 591***

ਪ੍ਰਹਿਲਾਦ ਨੇ ਗੁਰੂ ਦੇ ਰਾਹੀਂ ਜਪ ਕੇ ਗਤੀ ਪਾਈ -

***ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥ ਅੰਗ - 591***

ਜਨਕ ਨੇ ਗੁਰੂ ਦੇ ਰਾਹੀਂ ਨਾਮ ਜਪਿਆ।

***ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥***

ਗੁਰਮੁਖ ਦੇ ਰਾਹੀਂ ਵਿਸ਼ਿਸ਼ਟ ਨੇ ਕਮਾਈ ਕੀਤੀ -

***ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥***
***ਅੰਗ - 591***

ਕਿਉਂ ਨਹੀਂ ਨਾਮ ਮਿਲਦਾ, ਇਹ ਗੱਲ ਸਮਝਣ ਵਾਲੀ ਹੈ, ਮੰਤਰ ਤਾਂ ਮਿਲ ਜਾਂਦਾ ਹੈ ਨਾਮ ਨਹੀਂ ਮਿਲਦਾ। ਨਾਮ ਤੇ ਮੰਤਰ 'ਚ ਫਰਕ ਹੈ? ਫਰਕ ਤਾਂ ਕੋਈ ਨਹੀਂ, ਇੱਕ ਸਿਰਾ ਮੰਤਰ ਹੈ ਦੂਜਾ ਸਿਰਾ ਨਾਮ ਹੈ। ਮਹਾਰਾਜ ਕਹਿੰਦੇ ਨਾਮ ਤੇਰੇ ਅੰਦਰ ਪਿਆ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - 293***

ਉਹ ਨਾਮ ਸ਼ਕਤੀ ਹੈ ਪਰੀਪੂਰਨ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - 284***

ਜਿਹਨੇ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਧਾਰਿਆ ਹੋਇਆ ਹੈ, ਉਹ ਨਾਮ ਜੋ ਹੈ ਉਹ ਆਦਿ ਸ਼ਬਦ ਹੈ। ਓਸ ਸ਼ਬਦ ਦੀ ਬਹੁਤ ਮਹਿਮਾ ਗਾਈ ਗਈ ਹੈ। ਜਦੋਂ ਤੱਕ ਉਹ ਸ਼ਬਦ ਪ੍ਰਗਟ ਨਹੀਂ ਹੁੰਦਾ ਅੰਦਰੋਂ, ਓਨੀਂ ਦੇਰ ਤੱਕ ਕੁਛ ਗੱਲ ਨਹੀਂ ਬਣਦੀ। ਸੋ ਕਹਿੰਦੇ ਇਨ੍ਹਾਂ ਸਾਰਿਆਂ ਨੇ ਗੁਰੂ ਨੂੰ ਮਿਲ ਕੇ -

***ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥***
***ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥ ਅੰਗ- 591***

ਸੋ ਨਾਮ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਸਾਡੀ ਜੋ ਬਣਤਰ ਹੈ ਨਉ ਦਰਵਾਜ਼ੇ ਸਾਡੇ ਖੁੱਲ੍ਹੇ ਨੇ ਦਸਵਾਂ ਸਾਡਾ ਬੰਦ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਜਿੰਨਾਂ ਚਿਰ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀਂ ਦੇਰ ਤੱਕ ਬਜਰ ਕਪਾਟ ਨਹੀਂ ਖੁਲ੍ਹਿਆ ਕਰਦੇ। ਜਦੋਂ ਖੁਲ੍ਹ ਗਏ ਫੇਰ ਨਿਸ਼ਾਨੀ ਹੈ ਮਹਾਰਾਜ ਕਹਿੰਦੇ, ਹਾਂ ਨਿਸ਼ਾਨੀ ਹੈ ਭਾਈ-

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਅੰਗ- 954***

ਅਨਹਦ ਨਾਦ ਵਜਦੇ ਨੇ ਤੇ ਗੁਰੂ ਦਾ ਸ਼ਬਦ ਸੁਣਦਾ ਹੈ। ਮਹਾਰਾਜ ਹੋਰ ਅਵਸਥਾ? ਕਹਿੰਦੇ –

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ – 954*

ਉਥੇ ਪ੍ਰਕਾਸ਼ ਹੈ ਅੰਦਰ ਕਰੋੜਾਂ ਸੂਰਜਾਂ ਦਾ, ਦਿਸਦਾ ਹੈ ਉਹ ਪ੍ਰਕਾਸ਼ ਦੇ ਅੰਦਰ, ਕਹਿੰਦੇ ਹਾਂ। ਅਸਲੀ ਚੀਜ਼ ਦਿਸਣ ਲੱਗ ਜਾਂਦੀ ਹੈ। ਜਿਹਨੂੰ ਆਖਰੀ ਸਤਿ ਕਹਿੰਦੇ ਨੇ। ਉਹ ਦਿਸਣ ਲੱਗ ਜਾਂਦਾ ਹੈ –

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*

*ਅੰਗ– 954*

ਵਾਹਿਗੁਰੂ ਸਾਰਿਆਂ ਦੇ ਵਿੱਚ ਵਸਦਾ ਹੈ, ਉਹ ਦਿਸਦਾ ਹੈ। ਕਿਉਂਕਿ ਇਹ ਜਿਹੜਾ ਸ਼ਬਦ ਹੈ ਮੰਤਰ ਅਸੀਂ ਲੈਂਦੇ ਹਾਂ ਪੰਜ ਪਿਆਰਿਆਂ ਤੋਂ। ਇਹ ਮੰਤਰ ਹਰੇਕ ਆਪਣਾ-ਆਪਣਾ ਕੰਮ ਕਰਦੇ ਨੇ, ਕੋਈ ਮੰਤਰ ਸੱਪ ਨੂੰ ਕੀਲਣ ਦਾ ਹੁੰਦਾ ਹੈ, ਸੱਪ ਦੀ ਜ਼ਹਿਰ ਉਤਾਰਦਾ ਹੈ। ਕਿਸੇ ਦੀਆਂ ਜਾੜ੍ਹਾਂ ਦੁਖਦੀਆਂ ਨੇ, ਇਹ ਵੀ ਮੈਂ ਦੇਖੇ ਨੇ ਮੰਤਰ ਪੜ੍ਹ ਕੇ, ਨਿਤਾੜ ਹਟਾ ਦਿੰਦੇ ਨੇ। ਬਲਦਾਂ ਨੂੰ ਨਿਤਾੜ ਪੈ ਜਾਂਦਾ ਹੈ, ਮੰਤਰ ਪੜ੍ਹ ਕੇ ਨਿਤਾੜ ਉਤਾਰ ਦਿੰਦੇ ਨੇ। ਇਸੇ ਤਰ੍ਹਾ ਦੇ ਨਾਲ ਜਿਹੜਾ ਗੁਰੂ ਤੋਂ ਮੰਤਰ ਮਿਲਦਾ ਹੈ। ਉਹ ਇਹ ਕੰਮ ਕਰਦਾ ਹੈ ਕਿ ਆਹ ਨੌਂ ਦਰਵਾਜ਼ਿਆਂ ਨੂੰ ਠਾਕ ਦਿੰਦਾ ਹੈ। ਅੱਖਾਂ ਜਿਹੜੀਆਂ ਨੇ ਕਿਸੇ ਨੂੰ ਮੰਦਾ ਨਹੀਂ ਦੇਖਦੀਆਂ–

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥* *ਅੰਗ – 274*

ਕੰਨ ਜਿਹੜੇ ਨੇ ਜਦੋਂ ਉਹ ਠਾਕੇ ਗਏ –

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥* *ਅੰਗ – 274*

ਹੱਥ ਜਦ ਠਾਕੇ ਗਏ, ਮਾੜੇ ਕੰਮ ਨੂੰ ਨਹੀਂ ਛੋਂਹਦੇ, ਜਦੋਂ ਪੈਰ ਠਾਕੇ ਗਏ, ਮਾੜੇ ਥਾਂ ਚੱਲ ਕੇ ਨਹੀਂ ਜਾਂਦੇ। ਠਾਕ ਦਿੱਤੇ ਜਾਂਦੇ ਨੇ, ਇਹ ਮੰਤਰ ਠਾਕਦਾ ਹੈ –

*ਨਉ ਦਰ ਠਾਕੇ ਧਾਵਤੁ ਰਹਾਏ ॥* *ਅੰਗ – 124*

ਜਦੋਂ ਦਰਵਾਜ਼ੇ ਬੰਦ ਕਰ ਲਏ ਬਾਹਰ ਮਨ ਨੂੰ ਜਾਣ ਦੇ –

*ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥*

*ਅੰਗ – 656*

ਓਸ ਵੇਲੇ ਕੀ ਹੋਇਆ –

*ਦਸਵੈ ਨਿਜ ਘਰਿ ਵਾਸਾ ਪਾਏ ॥* *ਅੰਗ – 124*

ਗੁਰੂ ਦੀ ਕ੍ਰਿਪਾ ਦੇ ਨਾਲ ਦਸਵੇਂ ਦੁਆਰ ਦੇ ਵਿੱਚ ਵਾਸਾ ਮਿਲਦਾ ਹੈ। ਉਥੇ ਨਿਸ਼ਾਨੀ ਕੀ ਹੈ –

*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥* *ਅੰਗ – 124*

ਗੁਰੂ ਦੀ ਮੱਤ ਧਾਰਨ ਕਰਕੇ, ਗੁਰੂ ਦੀ ਮੱਤ ਦੇ ਮੁਤਾਬਿਕ ਕਮਾਈ

ਕਰਕੇ ਓਸ ਥਾਂ ਦੇ ਉਤੇ ਬਿਰਤੀ ਪਹੁੰਚ ਜਾਂਦੀ ਹੈ -

***ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥***
***ਅੰਗ- 124***

ਜਿੰਨੀ ਦੇਰ ਤੱਕ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀਂ ਦੇਰ ਤੱਕ ਅੰਦਰ ਹਨ੍ਹੇਰਾ ਰਹਿੰਦਾ ਹੈ। ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ, ਆਤਮ ਮੰਡਲ ਦੇ ਵਿੱਚ ਨਹੀਂ ਪਹੁੰਚ ਸਕਦਾ। ਮਾਇਆ ਦੇ ਮੰਡਲ 'ਚ ਰਹਿੰਦਾ ਹੈ। ਹਨ੍ਹੇਰਾ ਜਿਹੜਾ ਹੈ ਉਹ ਗਰੀਬ ਨੂੰ ਵੀ ਦੁਖੀ ਕਰਦਾ ਹੈ ਤੇ ਅਮੀਰ ਨੂੰ ਵੀ ਦੁਖੀ ਕਰਦਾ ਹੈ।

***ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ਅੰਗ - 325***

ਜੋ ਅਗਿਆਨ ਦਾ ਹਨ੍ਹੇਰਾ ਪਿਆ ਹੋਇਆ ਹੈ ਇਹ ਚਾਹੇ ਵਿਦਵਾਨ ਪੁਰਸ਼ ਹੈ ਉਹਨੂੰ ਵੀ ਤੰਗ ਕਰਦਾ ਹੈ, ਚਾਹੇ ਅਨਪੜ੍ਹ ਹੈ ਉਹਨੂੰ ਵੀ ਤੰਗ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਜਿੰਨੀ ਦੇਰ ਤੱਕ ਤੇਰੇ ਅੰਦਰ ਸ਼ਬਦ ਨਹੀਂ ਆਉਂਦਾ। ਓਨੀਂ ਦੇਰ ਤੱਕ ਹਨ੍ਹੇਰਾ ਨਹੀਂ ਚੁੱਕ ਹੁੰਦਾ -

***ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - 124***

ਕਿਉਂ ਨਹੀਂ ਹੈ, ਹੁਣ ਫੇਰ ਕਰਿਆ ਕੀ ਜਾਵੇ? ਮਹਾਰਾਜ ਕਹਿੰਦੇ ਗੁਰੂ ਕਰ -

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - 124***

ਪੂਰੇ ਭਾਗ ਹੋਣ ਤਾਂ ਗੁਰੂ ਦਾ ਮਿਲਾਪ ਹੁੰਦਾ ਹੈ ਨਹੀਂ ਤਾਂ ਆਦਮੀ ਨਿਗੁਰਾ ਹੀ ਸੰਸਾਰ ਤੋਂ ਚਲਿਆ ਜਾਂਦਾ ਹੈ।

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ***
***ਅਵਰ ਨ ਕੁੰਜੀ ਹਥਿ ॥ ਅੰਗ - 1237***

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***
***ਅੰਗ - 205***

ਜਿੰਨਾਂ ਚਿਰ ਗੁਰੂ ਨਹੀਂ ਧਾਰਨ ਕਰਦਾ, ਸਮਰੱਥ ਗੁਰੂ, ਓਨੀਂ ਦੇਰ ਤੱਕ ਅੰਦਰਲਾ ਖੇਲ੍ਹ ਪਤਾ ਨਹੀਂ ਲਗਦਾ। ਓਨੀਂ ਦੇਰ ਤੱਕ ਆਦਮੀ ਨੂੰ ਕੁਛ ਨਹੀਂ ਪਤਾ ਲਗਦਾ ਤੇ ਇਹਦਾ ਜਨਮ ਬਿਰਥਾ ਚਲਿਆ ਜਾਂਦਾ ਹੈ ਕਿਉਂਕਿ ਇਹ ਜਨਮ ਹੀ ਸਾਨੂੰ ਮਿਲਿਆ ਹੈ-

***ਗੁਰ ਸੇਵਾ ਤੇ ਭਗਤਿ ਕਮਾਈ ॥ ਅੰਗ - 1159***

ਜੇ ਗੁਰੂ ਧਾਰਿਆ ਹੀ ਨਹੀਂ, ਫੇਰ ਸੇਵਾ ਕੀਹਦੀ ਕਰੇਗਾ। ਭਗਤੀ

ਕੀਹਦੀ ਕਰੇਗਾ ਫੇਰ। ਨਿਗੁਰਾ ਤਾਂ ਭਗਤੀ ਕਰ ਹੀ ਨਹੀਂ ਸਕਦਾ। ਸੌ ਸਾਲ ਕਰੀ ਜਾਵੇ, ਵਾਹਿਗੁਰੂ-ਵਾਹਿਗੁਰੂ। ਸੌ ਸਾਲ ਨਿਗੁਰਾ ਕਰੀ ਜਾਵੇ ਅੱਲਾ-ਅੱਲਾ, ਰਾਮ-ਰਾਮ, ਗੁਰੂ ਵਾਲਾ ਇੱਕ ਘੜੀ ਕਰ ਲਵੇ ਉਹਦਾ ਫਲ ਬਹੁਤਾ ਹੋਇਆ ਕਰਦਾ ਹੈ। ਸੋ ਇਹ ਵਿਧਾਨ ਰੱਖ ਦਿੱਤਾ ਜਿਸ ਤਰ੍ਹਾਂ ਦੇ ਨਾਲ ਗੁਲਰ ਦਾ ਬੀਜ ਹੈ, ਬੋਹੜ ਦਾ ਬੀਜ ਹੈ, ਪਿੱਪਲ ਦਾ ਬੀਜ ਹੈ, ਇਹਨੂੰ ਗਰਮੀ ਚਾਹੀਦੀ ਹੈ ਖਾਸ ਡਿਗਰੀ ਦੀ, ਉਹ ਪੰਛੀ ਦੇ ਮਿਹਦੇ 'ਚ ਹੋਇਆ ਕਰਦੀ ਹੈ, ਇਹਨੂੰ ਰੂੜੀ 'ਚ ਦੱਬ ਕੇ ਦੇਖ ਲਓ ਕਦੇ ਨਹੀਂ ਬਰੋਟਾ ਹਰਾ ਹੁੰਦਾ। ਪੰਛੀ ਦੇ ਪੇਟ ਵਿਚੀਂ ਹੋ ਕੇ ਗਿੱਲੇ ਥਾਂ ਗਿਰ ਜਾਵੇ ਉਥੇ ਹੀ ਹਰਾ ਹੋ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਨਾਮ ਜਿੰਨੀ ਦੇਰ ਤੱਕ ਕਮਾਏ ਹੋਏ ਹਿਰਦੇ 'ਚੋਂ ਨਹੀਂ ਆਉਂਦਾ, ਓਨੀਂ ਦੇਰ ਤੱਕ ਜੜ੍ਹ ਨਹੀਂ ਫੜਿਆ ਕਰਦਾ। ਕਈ ਪ੍ਰੇਮੀਆਂ ਦਾ ਖਿਆਲ ਹੋਇਆ ਕਰਦਾ ਹੈ ਕਿ ਕਮਾਏ ਹੋਇਆਂ ਦਾ ਕੀ ਕਹਿ ਗਏ।

ਉਹ ਮੈਂ ਤੁਹਾਨੂੰ ਦਸਦਾ ਹਾਂ ਕਿ ਇੱਕ ਵਾਰੀ ਭਾਈ ਰਣਧੀਰ ਸਿੰਘ ਜੀ ਮਹਾਂਪੁਰਸ਼ ਬਹੁਤ ਵੱਡੇ ਹੋ ਚੁੱਕੇ ਨੇ, ਆਪ ਨੇ ਬਹੁਤ ਸਿਮਰਨ ਕਰਿਆ, ਨਾਮ ਜਪਿਆ, ਅਖੰਡ ਕੀਰਤਨੀ ਜੱਥੇ ਉਨ੍ਹਾਂ ਤੋਂ ਚੱਲੇ ਨੇ ਤੇ ਆਪ ਖਾਲਸਾ ਸਕੂਲ ਲੁਧਿਆਣਾ ਦੱਸਵੀਂ ਜਮਾਤ ਦੇ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਸੀ, ਪੰਜ ਪਿਆਰੇ ਨਹੀਂ ਸੀ ਹੋ ਰਹੇ, ਚਾਰ ਹਾਜ਼ਰ ਹੋ ਗਏ ਪੰਜਵਾਂ ਨਹੀਂ ਆਇਆ। ਭਾਈ ਸਾਹਿਬ ਅੰਦਰ ਅੰਤਰ ਧਿਆਨ ਹੋਏ, ਕਹਿੰਦੇ ਅਰਦਾਸ ਕਰੋ ਪੰਜਵਾਂ ਆ ਰਿਹਾ ਹੈ। ਜਦੋਂ ਅਰਦਾਸ ਕਰੀ ਤਾਂ ਪੰਜ ਪੂਰੇ ਹੋ ਗਏ, ਪੰਜਵਾਂ ਕੌਣ ਸੀ, ਆਹ ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਸੀ। ਕਹਿੰਦੇ, ਆ ਗਏ, ਕਹਿੰਦੇ ਹਾਂ ਆ ਗਏ। ਅੰਮ੍ਰਿਤ ਛਕਾਉਣ ਲੱਗ ਗਏ ਤਿਆਰ ਕਰ ਲਿਆ, ਜਦੋਂ ਬੱਚਿਆਂ ਨੂੰ ਛਕਾਉਣ ਲੱਗੇ, ਬਾਪੂ ਜੀ ਦੇ ਸਾਮ੍ਹਣੇ ਇੱਕ ਬੱਚਾ ਆ ਗਿਆ, ਫਲ੍ਹੇਵਾਲ ਦਾ, ਦਸਵੀਂ ਜਮਾਤ ਦਾ। ਇਨ੍ਹਾਂ ਨੇ ਪੰਜ ਚੂਲੇ ਸੀਸ 'ਚ ਪਾਏ, ਪੰਜ ਪਿਲਾਏ, ਉਸ ਤੋਂ ਬਾਅਦ ਜਦੋਂ ਨੇਤਰਾਂ 'ਚ ਨੇਤਰ ਪਾ ਕੇ ਉਨ੍ਹਾ ਨੇ ਚੂਲਾ ਦਿੱਤਾ ਛਿੱਟਾ ਮਾਰਿਆ ਤੇ ਨਾਲ ਕਿਹਾ ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਉਹ ਕਹਿ ਹੀ ਨਾ ਸਕਿਆ ਵਾਹਿਗੁਰੂ। ਦੇਖਦੇ ਸਾਰ ਸੁਰਤੀ ਲੱਗ ਗਈ। ਭਾਈ ਸਾਹਿਬ ਕਹਿਣ ਲੱਗੇ ਕਿ ਹੁਣ ਕੀ ਹੋਏਗਾ? ਬਾਪੂ ਜੀ ਕਹਿੰਦੇ, ਜ਼ੋਰ ਜ਼ਿਆਦਾ ਲੱਗ ਗਿਆ ਸਾਡੇ ਤੋਂ। ਜਲਾਲ 'ਚ ਆ ਕੇ ਸਾਡੇ ਤੋਂ ਕਹਿ ਹੋ ਗਿਆ, ਵਾਹਿਗੁਰੂ। ਵਾਹਿਗੁਰੂ ਤਾਂ ਸਾਰੇ ਹੀ ਕਹਿੰਦੇ ਨੇ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - 1374***

ਅਸੀਂ ਵੀ ਵਾਹਿਗੁਰੂ-ਵਾਹਿਗੁਰੂ ਕਹਿੰਦੇ ਹਾਂ ਕੁਛ ਨਹੀਂ ਹੁੰਦਾ, ਲੇਕਿਨ ਇੱਕ ਵਾਹਿਗੁਰੂ ਐਸਾ ਹੈ ਜਿਹੜਾ ਇੱਕੋ ਵਾਰੀ 'ਚ ਸਿਰੇ ਪਹੁੰਚਾ ਦਿੰਦਾ ਹੈ।

ਕਹਿੰਦੇ ਹੁਣ ਕੀ ਹੋਊ? ਕਹਿੰਦੇ ਹੁਣ ਇਸ ਬੱਚੇ ਦੀ ਸੁਰਤ 56

ਘੰਟੇ ਬਾਅਦ ਥੱਲੇ ਆਉਣੀ ਹੈ। 56 ਘੰਟੇ ਲੰਘ ਗਏ, ਅਖੰਡਪਾਠ ਸ਼ੁਰੂ ਹੋ ਗਿਆ। 48 ਘੰਟੇ ਬਾਅਦ ਭੋਗ ਪੈ ਗਿਆ, ਕੀਰਤਨ ਸ਼ੁਰੂ ਹੋ ਗਿਆ। ਉਹ ਬੱਚਾ ਧਰਤੀ ਤੋਂ ਹਿੱਲਿਆ, Balance (ਸੰਤੁਲਨ) ਟੁੱਟ ਗਿਆ, ਉੱਚਾ ਹੋ ਗਿਆ। ਲੱਤਾਂ ਖੋਲ੍ਹ ਲਈਆਂ ਤੇ ਸੰਗਤ ਦੇ ਉਤੇ ਐਸ ਤਰ੍ਹਾਂ ਠਹਿਰਦਾ ਹੈ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੁੰਦੀ ਹੈ। ਭਾਈ ਸਾਹਿਬ ਕਹਿੰਦੇ ਕਿ ਸਾਡੇ ਉਤੇ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਗਿਆ ਤੇ ਬਾਪੂ ਜੀ ਉੱਠ ਕੇ ਆਏ ਕਹਿੰਦੇ ਭਾਈ ਸਾਹਿਬ! ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਇਹਦੀ ਜੋ ਰੂਹ ਹੈ ਐਸ ਵੇਲੇ ਅਕਾਲ ਪੁਰਖ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ। ਇਹ ਵੀ ਪਤਾ ਸੀ ਕਿ ਰੂਹ ਹੁਣ ਕਿੱਥੇ ਖੜ੍ਹੀ ਹੈ। ਲਾਵਾਂ ਦਾ ਕੀਰਤਨ ਕੀਤਾ ਗਿਆ, ਉਸ ਤੋਂ ਬਾਅਦ ਉਹ ਬੱਚਾ ਬਹੁਤ ਦੇਰ ਤੋਂ ਬਾਅਦ ਸੁਰਤ 'ਚ ਆਇਆ। ਧਰਤੀ 'ਤੇ ਪੈਰ ਨਾ ਉਹਦੇ ਲੱਗਣ, ਸੋ ਇਸ ਤਰ੍ਹਾਂ ਦੇ ਨਾਲ ਇੱਕ ਮਿਸਾਲ ਨਹੀਂ, ਬੇਅੰਤ ਮਿਸਾਲਾਂ ਨੇ। ਜਿੱਥੇ ਕਮਾਇਆ ਹੋਇਆ ਨਾਮ ਜਦੋਂ ਹਿਰਦੇ 'ਚ ਗਿਆ ਉਹਨੇ ਜੜ੍ਹ ਫੜ੍ਹ ਲਈ, ਗੁਰੂ ਮਹਾਰਾਜ ਨੇ ਪੰਜ ਦੇ ਉਤੇ ਜ਼ਿੰਮੇਵਾਰੀ ਸੁੱਟ ਦਿੱਤੀ। ਪੰਜ ਕੌਣ ਨੇ, ਜਿਹੜੇ ਪਿਆਰੇ ਨੇ ਗੁਰੂ ਦੇ, ਇੱਕ ਮਾਇਆ ਦੇ ਪਿਆਰੇ ਨੇ ਇੱਕ ਗੁਰੂ ਦੇ ਪਿਆਰੇ ਨੇ। ਇੱਕ ਅਗਿਆਨ ਨੂੰ ਪਿਆਰ ਕਰਦੇ ਨੇ, ਇਕਨਾ ਦੇ ਅੰਦਰ ਪ੍ਰਕਾਸ਼ ਹੋਇਆ ਹੋਇਆ ਹੈ। ਉਹ ਪ੍ਰਕਾਸ਼ ਵਾਲੇ ਜਦੋਂ ਪੰਜ ਇਕੱਠੇ ਹੋ ਜਾਂਦੇ ਨੇ, ਫੇਰ ਉਨ੍ਹਾਂ ਦਾ ਦਿੱਤਾ ਹੋਇਆ ਨਾਮ ਕੰਮ ਕਰਦਾ ਹੈ। ਫੇਰ ਉਹ ਅੰਦਰਲੇ ਜਿਹੜੇ ਦਰਵਾਜ਼ੇ ਨੇ ਉਨ੍ਹਾਂ ਨੂੰ ਤੋੜ ਦਿੰਦਾ ਹੈ। ਤੋੜ ਕੇ ਫੇਰ ਸ਼ਬਦ ਸੁਣਨਾ ਸ਼ੁਰੂ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਜਿੰਨੀ ਦੇਰ ਤੱਕ ਪੂਰਾ ਨਹੀਂ ਮਿਲਦਾ। ਆਦਮੀ ਦੀ ਕਲਿਆਣ ਨਹੀਂ ਹੁੰਦੀ।

ਬਾਬਾ ਅਮਰਦਾਸ ਜੀ ਨੇ ਸਾਰੇ ਬਚਨ ਸੁਣ ਲਏ, ਬੜੇ ਅਫਸੋਸ 'ਚ ਆ ਗਏ ਤੇ ਉਹ ਆਪਣੇ ਆਪ ਨੂੰ ਕੋਸਦਾ ਹੈ, ਬਾਬਾ ਅਮਰਦਾਸ! ਮੇਰਾ ਤਾਂ ਜਨਮ ਭ੍ਰਿਸ਼ਟਿਆ ਗਿਆ। ਬੜਾ ਮਾੜਾ ਕੰਮ ਹੋਇਆ, ਮੈਂ ਤੇਰੇ ਹੱਥੋਂ ਖਾ ਲਿਆ ਤੇ ਮੇਰੇ ਸਾਰੀ ਜ਼ਿੰਦਗੀ ਦੇ ਪ੍ਰਣ ਟੁੱਟ ਗਏ। ਆਦਮੀ ਦਾ ਪ੍ਰਣ ਹੁੰਦਾ ਹੈ। ਬਹੁਤ ਆਦਮੀ ਪ੍ਰਣ 'ਤੇ ਜੀਉਂਦੇ ਨੇ, ਸੋ ਐਨਾ ਕਹਿੰਦਾ ਉਹ ਬ੍ਰਹਮਚਾਰੀ ਰੋਂਦਾ ਹੋਇਆ, ਬਾਵਜੂਦ ਇਸ ਦੇ ਕਿ ਬਾਬਾ ਜੀ ਰੋਕਦੇ ਨੇ ਕਿ ਬ੍ਰਹਮਚਾਰੀ ਜੀ! ਤੁਸੀਂ ਐਸ ਤਰ੍ਹਾਂ ਕਿਉਂ ਨੱਠਦੇ ਓਂ, ਕਹਿੰਦਾ ਮੈਨੂੰ ਤਾਂ ਪਤਾ ਨਹੀਂ ਸੀ ਹੁਣ ਮੈਨੂੰ ਪਤਾ ਲੱਗ ਗਿਆ, ਤੂੰ ਨਿਗੁਰਾ ਹੈਂ। ਹੁਣ ਤੇਰੀ ਮੇਰੀ ਕੋਈ ਸਾਂਝ ਨਹੀਂ, ਉਹ ਕੋਸਦਾ ਚਲਿਆ ਗਿਆ ਤੇ ਬਾਬਾ ਜੀ ਦੇ ਮਨ ਦੇ ਅੰਦਰ ਬੜੀ ਭਾਰੀ ਉਦਾਸੀ ਆਈ ਆਪ ਘਰ ਨੂੰ ਆ ਗਏ, ਕਿਸੇ ਨਾਲ ਬੋਲਦੇ ਨਹੀਂ ਹਨ, ਉਦਾਸ ਨੇ, ਪ੍ਰਸ਼ਾਦੇ ਦੀ ਭੁੱਖ ਜਾਂਦੀ ਰਹੀ, ਨੀਂਦ ਖਤਮ ਹੋ ਗਈ। ਇੱਕ ਦਿਨ ਲੰਘ ਗਿਆ, ਦੂਸਰਾ ਲੰਘ ਗਿਆ, ਅੱਜ ਤੀਸਰਾ ਹੈ, ਸਾਰੇ ਹੈਰਾਨ ਨੇ ਕਿ ਬਾਬਾ ਜੀ ਨੂੰ ਕੀ ਹੋ ਗਿਆ। ਕਿਸੇ ਨੂੰ ਸਮਝ 'ਚ ਨਹੀਂ ਆਉਂਦੀ ਕਿਸੇ ਨਾਲ ਬਚਨ ਨਹੀਂ ਕਰਦੇ ਤੇ ਨੇਤਰਾਂ ਦੇ ਵਿਚੋਂ ਜਲ ਜਾਈ ਜਾਂਦਾ ਹੈ ਹਉਕੇ ਆਉਂਦੇ ਨੇ। ਬੜੀ ਭਾਰੀ ਸੱਟ ਲੱਗੀ ਗਹਿਰੀ। ਏਸ ਗਹਿਰੀ ਸੱਟ ਨੂੰ ਅਸੀਂ ਨਹੀਂ ਸਮਝ ਸਕਦੇ,

ਓਹੀ ਜਾਣਦਾ ਹੈ ਜਿਹਨੇ ਕਦੇ ਐਹੋ ਜਿਹੀ ਸੱਟ ਖਾਧੀ ਹੋਵੇ –

*ਧਾਰਨਾ – ਜਿਸ ਤਨ ਲੱਗੀਆ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦੈ।*

*ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥*
*ਅੰਗ – 327*

ਜਿਹੜੇ ਨੂੰ ਲੱਗ ਜਾਂਦੀ ਹੈ ਓਸਨੂੰ ਪੀੜ ਦਾ ਪਤਾ ਹੁੰਦਾ ਹੈ, ਦੂਸਰੇ ਨੂੰ ਕੀ ਪਤਾ ਹੈ, ਕੋਈ ਪਤਾ ਨਹੀਂ ਲਗਦਾ, ਅਨੁਮਾਨ ਲਗਾ ਰਹੇ ਨੇ ਆਪਣੇ ਆਪ –

*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥*
*ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥*
*ਅੰਗ – 795*

ਕੌਣ ਜਾਣਦਾ ਹੈ, ਜਿਹਦਾ ਮਨ ਵਿੰਨਿਆ ਗਿਆ ਪ੍ਰਮੇਸ਼ਰ ਦੇ ਨਾਲ, ਵਿੰਨਣਾ ਔਖਾ ਹੈ। ਜਿਹਦਾ ਵਿੰਨਿਆ ਗਿਆ ਉਹਦੀ ਅਵਸਥਾ ਬੜੀ ਹੋਰ ਹੋ ਜਾਇਆ ਕਰਦੀ ਹੈ। ਸਾਡਾ ਤਾਂ ਵਿੰਨਿਆ ਹੀ ਨਹੀਂ ਹੈ, ਸਾਡੇ ਤਾਂ ਇਹ ਸ਼ਿਕਾਇਤ ਰਹਿੰਦੀ ਹੈ, ਬਈ ਜੀ ਨਾਮ ਜਪਦੇ ਹਾਂ, ਪਹਿਲਾਂ ਤਾਂ ਕੋਈ ਜਪਦਾ ਹੀ ਨਹੀਂ ਕੋਈ, ਕੋਈ ਵਿਰਲਾ ਹੀ ਜਪਦਾ ਹੈ। ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਨਾਮ ਜਪਦਾ ਹੈ। ਨਿਤਨੇਮ ਵੀ ਵਿਰਲੇ ਕਰਦੇ ਨੇ। ਮਨ ਨਹੀਂ ਵਿੰਨ੍ਹ ਹੁੰਦਾ, ਮਨ ਨਾ ਵਿੰਨ੍ਹਣ ਕਰਕੇ ਸ਼ਿਕਾਇਤ ਹੁੰਦੀ ਹੈ ਕਿ ਜੀ ਮੇਰਾ ਮਨ ਨਹੀਂ ਟਿਕਦਾ, ਜਦੋਂ ਮੈਂ ਭਜਨ ਕਰਦਾ ਹਾਂ ਮਨ ਲਗਦਾ ਨਹੀਂ, ਕਿਉਂਕਿ ਮਨ ਵਿੰਨ੍ਹ ਨਹੀਂ ਹੋਇਆ। ਜੇ ਵਿੰਨ੍ਹਿਆ ਜਾਵੇ ਉਹਦੇ ਬਾਰੇ ਕਬੀਰ ਸਾਹਿਬ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਗੁਰਾਂ ਨੇ ਮੇਰੇ ਓ ਬਾਣ ਮਾਰਿਆ,*
*ਮੇਰੇ ਪੈ ਗਿਆ ਕਲੇਜੇ ਛੇਕ।*

*ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥*
*ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥*
*ਅੰਗ – 1372*

ਇੱਕੋ ਬਾਣ ਮਾਰਿਆ ਸੀ, ਕਹਿੰਦੇ ਉਹ ਰਾਮ ਕਹਿਣ ਦੇ ਨਾਲ ਛੇਕ ਪੈ ਗਿਆ। ਸਾਡੇ ਹਿਰਦੇ 'ਚ ਛੇਕ ਨਹੀਂ ਪੈਂਦਾ, ਏਸ ਕਰਕੇ ਸਾਡੀ ਸ਼ਿਕਾਇਤ ਹੈ ਕਿ ਜੀ ਮੇਰਾ ਮਨ ਨਹੀਂ ਟਿਕਦਾ। ਦੌੜਦਾ ਹੈ ਜੀ, ਚਿੱਤ ਨਹੀਂ ਕਰਦਾ ਭਜਨ ਕਰਨ ਨੂੰ। ਸੋ ਇਸ ਤਰ੍ਹਾਂ ਦੇ ਨਾਲ ਜੇ ਦ੍ਰਿੜ੍ਹ ਗੱਲ ਹਿਰਦੇ 'ਚ ਬੈਠ ਜਾਵੇ, ਫੇਰ ਛੇਕ ਪੈ ਜਾਇਆ ਕਰਦਾ ਹੈ। ਬਾਬਾ ਅਮਰਦਾਸ ਅੱਜ ਤੀਸਰੇ ਦਿਨ ਸਾਝਰੇ ਹੀ ਆਪਣੇ ਪੰਘੂੜੀ ਚੁੱਕ ਕੇ ਕੋਠੇ 'ਤੇ ਲੈ ਗਏ, ਉਥੇ ਜਾ ਕੇ ਉਦਾਸ ਬੈਠੇ ਨੇ, ਕਦੇ ਤਾਰਿਆਂ ਵਲ ਦੇਖਦੇ ਨੇ, ਨੇਤਰਾਂ 'ਚੋਂ ਜਲ ਜਾਣ ਲਗ ਜਾਂਦਾ ਹੈ, ਹਉਕੇ ਆਉਂਦੇ ਨੇ, ਓ ਮਨਾਂ! ਉਮਰ ਤਾਂ ਐਨੀ ਬੀਤ ਗਈ ਹੁਣ ਕੀ ਹੋਏਗਾ? ਕਾਲ ਦਾ ਕੀ ਭਰੋਸਾ ਹੈ –

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*

*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

***ਅੰਗ - 254***

ਖਬਰੇ ਕਿਹੜੇ ਵੇਲੇ ਕਾਲ ਗੁਲੇਲਾ ਮਾਰ ਦੇਵੇ। ਕੋਈ ਭਰੋਸਾ ਨਹੀਂ ਸਾਧਸੰਗਤ ਜੀ ਕਾਲ ਦਾ।

ਅਸੀਂ ਆਹ ਤੁਰੇ ਆਉਂਦੇ ਸੀ, ਸਾਮ੍ਹਣੇ ਕੀ ਦੇਖਦੇ ਹਾਂ ਇੱਕ ਸਕੂਟਰ ਵਾਲਾ ਤੇ ਮਰੂਤੀ ਦਾ ਆਪਸ ਵਿੱਚ ਟਕਰਾਅ ਹੋ ਗਿਆ, ਉਹ ਪਿਆ ਸੀ, ਪਤਾ ਨਹੀਂ ਜੀਉਂਦਾ ਸੀ ਜਾਂ ਚੜ੍ਹਾਈ ਕਰ ਗਿਆ। ਇੱਕ ਸਕਿੰਟ ਪਹਿਲਾਂ ਉਹਨੂੰ ਪਤਾ ਨਹੀਂ ਸੀ ਕਿ ਮੇਰੇ ਨਾਲ ਐਸ ਤਰ੍ਹਾਂ ਹੋਣਾ ਹੈ। ਗੁਲੇਲਾ ਪੈਂਦਾ ਹੈ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*

***ਅੰਗ- 631***

ਪਤਾ ਨਹੀਂ ਕਿਹੜੇ ਵੇਲੇ ਝਪਟਾ ਮਾਰ ਜਾਏ। ਬਾਬਾ ਜੀ ਕਹਿਣ ਲੱਗੇ ਕਿ ਜੇ ਕਾਲ ਆ ਗਿਆ, ਮੈਂ ਤਾਂ ਗਿਆ ਫੇਰ ਨਿਗੁਰਾ ਹੀ। ਇਸ ਤਰ੍ਹਾਂ ਪਹਿਲਾਂ ਪਹਿਰ ਰਾਤ ਦਾ ਬੀਤ ਗਿਆ। ਨੀਂਦ ਨਹੀਂ ਆ ਰਹੀ, ਹਉਕੇ ਹੀ ਆ ਰਹੇ ਨੇ। ਗਹਿਰਾ ਜ਼ਖਮ ਹੋ ਗਿਆ, ਹਿਰਦੇ ਦੇ ਅੰਦਰ। ਦੂਸਰਾ ਪਹਿਰ ਬੀਤ ਗਿਆ, ਅੱਧੀ ਰਾਤ ਹੋ ਆਈ। ਅਜੇ ਵੀ ਨੀਂਦ ਨਹੀਂ ਆ ਰਹੀ, ਡੇਢ ਘੰਟਾ ਹੋਰ ਬੀਤ ਗਿਆ। ਫੇਰ ਵੀ ਨੀਂਦ ਨਹੀਂ ਆਈ। ਉਸ ਤੋਂ ਥੋੜ੍ਹੀ ਦੇਰ ਬਾਅਦ ਆਪ ਦੇ ਕੰਨਾਂ ਨੇ ਕੀ ਸੁਣਿਆ ਕਿ ਇੱਕ ਦਰਵਾਜ਼ਾ ਖੁਲ੍ਹਿਆ ਤੇ ਮੇਰੇ ਭਰਾ ਦਾ ਦਰਵਾਜ਼ਾ ਖੁਲ੍ਹਿਆ ਹੈ, ਨਾਲ ਸੀ ਉਹਦਾ ਘਰ, ਕੰਧ ਸਾਂਝੀ ਸੀ, ਉਸ ਤੋਂ ਬਾਅਦ ਡੋਲ੍ਹ ਫਿਰਾਇਆ ਹੈ ਖੂਹੀ ਦੇ ਅੰਦਰ ਤੇ ਪਾਣੀ ਭਰਿਆ ਹੈ ਤੇ ਉਸ ਤੋਂ ਬਾਅਦ ਇਸ਼ਨਾਨ ਕਰਿਆ ਹੈ। ਇਸ਼ਨਾਨ ਵੇਲੇ ਥੋੜ੍ਹੀ ਗੁਣਗਣਾਉਣ ਦੀ ਆਵਾਜ਼ ਆ ਰਹੀ ਹੈ। ਲੇਕਿਨ ਸਮਝ 'ਚ ਨਹੀਂ ਪੈਂਦੀ ਕਿ ਕੀ ਹੈ। ਉਸ ਤੋਂ ਬਾਅਦ ਚੁੱਪ ਹੋ ਗਈ, ਕਿਉਂਕਿ ਅੰਮ੍ਰਿਤ ਵੇਲਾ ਜਿਹੜਾ ਹੈ ਸਾਧਸੰਗਤ ਜੀ! ਇਹਨੂੰ ਸਾਰੇ ਨਹੀਂ ਸੰਭਾਲਦੇ। ਦੁਨੀਆਂ ਨਹੀਂ ਸੰਭਾਲਦੀ, ਮਰਦਾਨਾ ਬੈਠਾ ਹੈ ਤੇ ਇੱਕ ਬਹੁਤ ਵੱਡੀ ਪੰਡ ਚੁੱਕੀ ਹੋਈ ਕੋਈ ਕਰੂਪ ਬੰਦਾ ਜਾ ਰਿਹਾ ਹੈ। ਮਰਦਾਨਾ ਕਹਿਣ ਲੱਗਿਆ ਕਿ ਮਹਾਰਾਜ! ਆਹ ਬੰਦਾ ਕੌਣ ਹੈ? ਕਹਿੰਦੇ ਮਰਦਾਨਿਆਂ! ਆਪਣਾ ਜਾਣਿਆ ਪਛਾਣਿਆ ਹੈ ਤੂੰ ਬੁਲਾ ਲੈ ਇਹਨੂੰ। ਜਦੋਂ ਬੁਲਾਇਆ ਕਹਿੰਦੇ, ਭਾਈ ਤੂੰ ਕੌਣ ਹੈਂ? ਕਹਿੰਦੇ ਮਰਦਾਨਿਆਂ ਤੂੰ ਭੁੱਲ ਗਿਆ ਮੈਂ ਕਲਜੁਗ ਹਾਂ। ਮੈਂ ਓਹੀ ਹਾਂ ਜਿਹਨੇ ਹਨ੍ਹੇਰੀ ਲਿਆਂਦੀ ਸੀ, ਗੜ੍ਹੇ ਪਾਏ ਸੀ, ਅੱਗ ਲਾਈ ਸੀ। ਕਹਿੰਦੇ ਆਹ ਕੀ ਚੁੱਕਿਆ ਹੈ? ਕਹਿੰਦੇ, ਮੈਂ ਜੁਲੜ ਚੁੱਕਿਆ ਹੋਇਆ ਹੈ ਆਲਸ ਦਾ। ਕਹਿੰਦੇ ਕੀ ਕਰਦਾ ਹੁੰਦਾ ਹੈਂ? ਆਹ ਛੁਰੀਆਂ ਤੇਰੇ ਹੱਥ 'ਚ ਕਾਹਦੀਆਂ ਨੇ? ਕਹਿੰਦਾ, ਭਾਈ ਮਰਦਾਨਾ ਆਹ ਛੁਰੀਆਂ ਦੇ ਨਾਲ ਮੈਂ ਜਿਹੜੇ ਵਿਸ਼ੇ ਵਿਕਾਰਾਂ 'ਚ ਪਏ ਹੋਏ ਬੰਦੇ ਨੇ ਉਨ੍ਹਾਂ ਨੂੰ ਸੌਣ ਨਹੀਂ ਦਿੰਦਾ ਅੱਧੀ ਰਾਤ ਤੱਕ। ਉਹ ਸ਼ਰਾਬਾਂ ਪੀਈ ਜਾਂਦੇ ਨੇ ਗੱਪਾਂ ਮਾਰੀ ਜਾਂਦੇ ਨੇ ਤੇ ਜਦੋਂ ਉਹ ਪੈ ਜਾਂਦੇ ਨੇ ਮੈਂ

ਜੁਲੜ ਪਾ ਦਿੰਦਾ ਹਾਂ ਸਾਰੀ ਦੁਨੀਆਂ 'ਤੇ। ਕਹਿੰਦੇ ਇਹਦੇ ਵਿੱਚ ਤਾਂ ਗਲ੍ਹੀਆਂ ਹੋਈਆਂ ਨੇ? ਕਹਿੰਦਾ, ਮੈਂ ਕੀ ਕਰਾਂ, ਗੁਰੂ ਨਾਨਕ ਦੇ ਜਿਹੜੇ ਸਿੱਖ ਨੇ, ਉਹ ਅੰਮ੍ਰਿਤ ਵੇਲੇ ਜਾਗਦੇ ਨੇ ਤੇ ਉਨ੍ਹਾਂ ਨੇ ਆਹ ਗਲ੍ਹੀਆਂ ਕਰ ਦਿੱਤੀਆਂ।

ਮਹਾਰਾਜ ਬਾਣੀ ਦੇ ਅੰਦਰ ਸਾਨੂੰ ਦਸਦੇ ਨੇ ਕਿ ਅੰਮ੍ਰਿਤ ਵੇਲੇ ਕਿਹੜਾ ਆਦਮੀ ਜਾਗਦਾ ਕਿਹੜਾ ਨਹੀਂ ਜਾਗਦਾ। ਕਿਉਂਕਿ ਕਈਆਂ ਨੂੰ ਜਾਗ ਨਹੀਂ ਆਇਆ ਕਰਦੀ। ਇੱਕ ਤਾਂ ਜਿਹਦੇ ਸਿਰ ਕਰਜ਼ਾ ਹੋਵੇ ਉਹਨੂੰ ਨੀਂਦ ਨਹੀ ਆਉਂਦੀ, ਬੀਮਾਰ ਹੋਵੇ ਉਹਨੂੰ ਨੀਂਦ ਨਹੀਂ ਆਉਂਦੀ। ਸਿਰ ਦੇ ਉਤੇ ਦੁਸ਼ਮਣ ਹੋਵੇ ਨੀਂਦ ਨਹੀਂ ਆਇਆ ਕਰਦੀ। ਲੜਕੀ ਵਰ ਪ੍ਰਾਪਤ ਹੋਵੇ, ਨੀਂਦ ਨਹੀਂ ਆਇਆ ਕਰਦੀ, ਬੜੇ ਕਾਰਨ ਨੇ। ਲੇਕਿਨ ਜੋ ਜਗਿਆਸੂ ਹੈ ਪ੍ਰਮੇਸ਼ਰ ਦੀ ਲਗਨ ਵਾਲਾ, ਉਹਨੂੰ ਵੀ ਐਸ ਤਰ੍ਹਾਂ ਬੇਹੋਸ਼ੀ ਦੀ ਨੀਂਦ ਨਹੀਂ ਆਇਆ ਕਰਦੀ। ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੁੰਦਾ ਹੈ, ਉਸ ਵੇਲੇ ਉੱਠ ਕੇ ਬੈਠ ਜਾਂਦਾ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਦੇ ਨਾਲ ਦਸਦੇ ਨੇ।

***ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ,***
***ਕੋਈ ਜਾਗਦੇ ਨੇ ਰਾਮ ਪਿਆਰੇ।***

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਅੰਗ – 459***

ਉਸ ਵੇਲੇ ਕੌਣ ਜਾਗਦਾ ਹੈ? ਮਹਾਰਾਜ ਕਹਿੰਦੇ ਰੱਬ ਦੇ ਪਿਆਰੇ ਜਾਗਦੇ ਨੇ।

***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥***
***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥***
***ਅੰਗ – 459***

ਉਥੇ ਕੀ ਕਰਦੇ ਨੇ? ਜਾਗਣ ਤੋਂ ਬਾਅਦ ਕੀ ਕਰਦੇ ਨੇ –

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥***
***ਅੰਗ – 611***

ਮਨ ਦੇ ਬੇਅੰਤ ਰੋਗ ਨੇ ਜੇ ਮਨ ਰੋਗੀ ਹੋਵੇ, ਸਰੀਰ ਰੋਗੀ ਹੋ ਜਾਂਦਾ ਹੈ। ਮਨ 'ਚ ਕਿਸੇ ਦੇ ਕ੍ਰੋਧ ਹੋਵੇ, ਉਹਨੂੰ ਰੋਟੀ ਹਜ਼ਮ ਨਹੀਂ ਹੋਇਆ ਕਰਦੀ। ਮਨ ਵਿੱਚ ਚਿੰਤਾ ਹੋਵੇ ਰੋਟੀ ਦੀ ਭੁੱਖ ਨਹੀਂ ਲਗਦੀ, ਬੀਮਾਰੀ ਸ਼ੁਰੂ ਹੋ ਜਾਂਦੀ ਹੈ। ਮਨ ਵਿੱਚ ਈਰਖਾ ਹੋਵੇ ਬੀਮਾਰ ਹੋ ਜਾਂਦਾ ਹੈ ਬੰਦਾ, ਖ਼ੂਨ ਦਾ ਸੰਤੁਲਨ ਵਿਗੜ ਜਾਂਦਾ ਹੈ ਕਿਉਂਕਿ ਮਨ ਰੋਗੀ। ਮਨ ਦੇ ਰੋਗ ਸਰੀਰ ਦੇ ਰੋਗਾਂ ਨਾਲੋਂ ਭਿਆਨਕ ਹੋਇਆ ਕਰਦੇ ਨੇ। ਮਹਾਰਾਜ ਕਹਿੰਦੇ, ਦੋਵੇਂ ਰੋਗ ਮਨ ਵੀ ਤੇ ਤਨ ਵੀ ਸਿਮਰਨ ਕਰਨ ਦੇ ਨਾਲ ਰਾਜ਼ੀ ਹੋ ਜਾਇਆ ਕਰਦਾ ਹੈ –

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥***
***ਅੰਗ – 611***

***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥***

***ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥***
***ਅੰਗ- 459***

ਆਪਣੇ ਗੁਰੁ ਦੇ ਚਰਨਾਂ ਦਾ, ਅਕਾਲ ਪੁਰਖ ਦੇ ਚਰਨਾਂ ਦਾ ਧਿਆਨ ਹਿਰਦੇ 'ਚ ਰੱਖ ਕੇ ਤੇ ਇਹ ਲੋਚਦੇ ਨੇ - ...ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥' ਅੱਖ ਦੇ ਝਮਕਣ ਜਿੰਨਾਂ ਚਿਰ ਵੀ ਮੈਨੂੰ ਕਿਤੇ ਨਾਮ ਨਾ ਭੁੱਲ ਜਾਵੇ। ਨਾਮ ਦਾ ਧਨ ਇਕੱਠਾ ਕਰਦੇ ਨੇ -

***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥***
***ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥***
***ਅੰਗ- 459***

ਪ੍ਰਮੇਸ਼ਰ ਦੇ ਪਿਆਰੇ ਜਾਗਿਆ ਕਰਦੇ ਨੇ, ਗੁਰਮੁਖ ਜਾਗਦੇ ਨੇ। ਮਨਮੁਖ ਸੁੱਤੇ ਪਏ ਨੇ ਧਿਆਨ ਦਿੱਤਾ ਕਿ ਏਸ ਵੇਲੇ ਸਾਡੇ ਘਰ 'ਚ ਕੌਣ ਹੈ ਜਾਗਣ ਵਾਲਾ। ਅਨੁਮਾਨ ਲਾਉਂਦੇ ਨੇ ਕਿ ਕੌਣ ਹੋਇਆ ਜਿਹਨੇ ਜਾਗ ਕੇ ਐਸ ਵੇਲੇ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕੀਤਾ ਹੈ। ਉਸ ਤੋਂ ਬਾਅਦ ਇਸ਼ਨਾਨ ਕੀਤਾ, ਥੋੜ੍ਹੇ ਜਿਹੇ ਗੁਣਗਣਾਉਣ ਦੀ ਆਵਾਜ਼ ਆਈ, ਉਸ ਤੋਂ ਬਾਅਦ ਚੁੱਪ ਚਾਂਦ ਹੋ ਗਈ। ਕਿਉਂਕਿ ਇਸ਼ਨਾਨ ਤੋਂ ਬਾਅਦ ਸਿਮਰਨ 'ਚ ਬੈਠਦਾ ਹੈ, ਜਿਹਨੂੰ ਸਿਮਰਨ ਦੀ ਦਾਤ ਪ੍ਰਾਪਤ ਹੋਈ। ਸਿਮਰਨ ਦੇ ਬੇਅੰਤ ਤਰੀਕੇ ਨੇ, ਪਹਿਲਾਂ ਸਿਮਰਨ ਮਾਇਆ ਦੀ ਮਦਦ ਨਾਲ ਹੋਇਆ ਕਰਦਾ ਹੈ। ਸ਼ੁਰੂ-ਸ਼ੁਰੂ ਦੇ ਅੰਦਰ ਕਿਉਂਕਿ ਸੁਭਾਅ ਪਿਆ ਨਹੀਂ ਹੁੰਦਾ। ਗਿਣਤੀ ਮਿਣਤੀ ਦੇ ਨਾਲ ਅਸੀਂ ਸਿਮਰਨ ਕਰਦੇ ਹਾਂ। ਮਹਾਂਪੁਰਸ਼ ਦਸ ਦਿੰਦੇ ਨੇ ਕਿ ਤੂੰ ਢਾਈ ਮਾਲਾ ਰੋਜ਼ ਫੇਰਿਆ ਕਰ। ਸ਼ੌਕ ਵਾਲੇ ਨੂੰ ਕਹਿੰਦੇ ਨੇ ਕਿ ਤੂੰ ਪੰਜ ਫੇਰਿਆ ਕਰ, ਉਸ ਤੋਂ ਵੀ ਜ਼ਿਆਦਾ ਸ਼ੌਕ ਵਾਲਾ ਹੋਵੇ ਉਹਨੂੰ ਕਹਿੰਦੇ ਨੇ ਕਿ ਸੱਤ ਪੱਕੀਆਂ ਮਾਲਾ ਕਰਿਆ ਕਰ। 75000 ਵਾਰੀ ਗੁਰਮੰਤ੍ਰ ਦਾ ਪਾਠ ਕਰਿਆ। ਉਹਦੇ ਨਾਲ ਕੀ ਹੁੰਦਾ ਹੈ, ਰਸਨਾ ਦੇ ਨਾਲ ਜਪਦੇ-ਜਪਦੇ ਮਾਲਾ ਦੇ ਨਾਲ ਨਾਮ ਰਸਨਾ 'ਤੇ ਆ ਜਾਂਦਾ ਹੈ। ਆਪਣੇ ਆਪ ਜਪਣਾ ਸ਼ੁਰੂ ਹੋ ਜਾਂਦਾ ਹੈ, ਰਸਨਾ ਹਿੱਲਦੀ ਰਹਿੰਦੀ ਹੈ ਤੇ ਰਸਨਾ ਦੇ ਵਿੱਚ ਰਸ ਆ ਜਾਂਦਾ ਹੈ ਉਸ ਵੇਲੇ ਫਿੱਕੀ ਨਹੀਂ ਰਹਿੰਦੀ, ਫਿੱਕੀ ਹੋਵੇ ਸੁੱਕ ਜਾਵੇ। ਉਬਾਸੀਆਂ ਆਉਣ ਲਗ ਜਾਣ, ਰਸ ਆਉਣ ਲਗ ਜਾਂਦਾ ਹੈ ਉਸ ਵੇਲੇ। ਰਸ ਆਉਣ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਵਾਹਿਗੁਰੂ ਦੇ ਦਰ 'ਤੇ ਤੇਰਾ ਸਿਮਰਨ ਪ੍ਰਵਾਨ ਹੋ ਗਿਆ। ਤੇ ਉਹਨੇ ਆਪਣੇ ਵਲੋਂ ਜਿਵੇਂ ਭੇਜਿਆ ਜਾਂਦਾ ਹੈ ਜਿਵੇਂ ਟੈਲੀਫੋਨ ਜਾਂ ਕੋਈ ਕਾਸਦ ਭੇਜਿਆ ਜਾਂਦਾ ਹੈ, ਉਹਦੇ ਕੋਲ ਨਿਸ਼ਾਨੀ ਹੈ ਰਸ ਦੀ। ਉਹ ਰਸ ਦੀ ਨਿਸ਼ਾਨੀ ਭੇਜਦਾ ਹੈ ਕਿ ਮੈਂ ਤੈਨੂੰ ਰਸ ਭੇਜ ਰਿਹਾ ਹਾਂ। ਉਹ ਫੇਰ ਰਸਨਾ ਰਸ ਨਾਲ ਗੀਧੀ ਹੋ ਜਾਂਦੀ ਹੈ, ਭਰ ਜਾਂਦੀ ਹੈ, ਨਾਮ ਜਪ ਕੇ। ਉਸ ਤੋਂ ਬਾਅਦ ਰਸਨਾ ਬੰਦ ਹੋ ਜਾਂਦੀ ਹੈ ਸਵਾਸ 'ਤੇ ਨਾਮ ਚਲਿਆ ਜਾਂਦਾ ਹੈ ਤੇ ਪਦਵੀ ਐਨੀ ਹੋ ਜਾਂਦੀ ਹੈ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - 319***

ਫਲ ਵਧ ਜਾਂਦਾ ਹੈ। ਬੈਖਰੀ ਬਾਣੀ ਦੇ ਵਿੱਚ ਨਾਮ ਜਪਿਆ ਹੋਇਆ, ਦਸ ਵਾਰੀ ਵਾਹਿਗੁਰੂ-ਵਾਹਿਗੁਰੂ ਕਹੋ, ਰਸਨਾ ਬੰਦ ਕਰਕੇ ਮੂੰਹੋਂ ਇੱਕ ਵਾਰੀ ਕਹਿ ਦਿਓ ਕੰਠ ਦੇ ਵਿੱਚ, ਦਸ ਗੁਣਾਂ ਫਲ ਹੁੰਦਾ ਹੈ। ਰਸਨਾ ਬੋਲ ਕੇ ਸੌ ਵਾਰੀ ਵਾਹਿਗੁਰੂ-ਵਾਹਿਗੁਰੂ ਕਹੀਏ, ਇੱਕ ਵਾਰੀ ਹਿਰਦੇ 'ਚ ਕਹਿ ਦਿਓ, ਪਸੰਤੀ ਬਾਣੀ ਦੇ ਅੰਦਰ ਫਲ ਬਰਾਬਰ ਹੋ ਜਾਂਦਾ ਹੈ। ਹਜ਼ਾਰ ਵਾਰੀ ਬੋਲ ਕੇ ਕਹਿ ਦਿਓ, ਇੱਕ ਵਾਰੀ ਪਰਾ ਬਾਣੀ 'ਚ, ਨਾਭੀ ਦੀ ਬਾਣੀ 'ਚ ਕਹਿ ਦਿਓ, ਓਨਾਂ ਫਲ ਹੋ ਜਾਇਆ ਕਰਦਾ ਹੈ ਸੋ ਇਸ ਤਰ੍ਹਾਂ ਸਿਮਰਨ ਆਹਿਸਤਾ-ਆਹਿਸਤਾ ਆਪਣੇ ਆਪ ਵਧਦਾ ਹੈ, ਉਸ ਤੋਂ ਬਾਅਦ ਵਧਦਾ-ਵਧਦਾ ਜਦੋਂ ਨਾਭੀ 'ਚ ਚਲਿਆ ਜਾਂਦਾ ਹੈ, ਫੇਰ ਇਹ ਉਪਰ ਨੂੰ ਚੜ੍ਹਦਾ ਹੈ ਦਸਵੇਂ ਦੁਆਰ ਵਲ ਨੂੰ, ਤੇ ਪਹਿਲਾਂ ਆਗਿਆ ਚੱਕਰ 'ਚ ਆਉਂਦਾ ਹੈ। ਆਗਿਆ ਚੱਕਰ ਦੇ ਉਤੇ ਸਾਡੀ ਇਕਾਗਰਤਾ, ਸਾਡਾ ਜਿਹੜਾ ਜਾਗਰਤਪੁਣਾ ਹੈ, ਮਨ ਵੀ ਏਥੇ ਨਿਵਾਸ ਰੱਖਦਾ ਹੈ, ਬੁੱਧੀ ਵੀ ਇੱਥੇ ਨਿਵਾਸ ਰੱਖਦੀ ਹੈ, ਚਿੱਤ ਵੀ ਇੱਥੇ ਨਿਵਾਸ ਰੱਖਦਾ ਹੈ। ਇੱਥੇ ਹੀ ਸਾਡੀ ਜੀਵ ਆਤਮਾ ਦਾ ਨਿਵਾਸ ਹੈ। ਇੱਥੋਂ ਹੀ ਪ੍ਰਮੇਸ਼ਰ ਦਾ ਦਰਵਾਜ਼ਾ, ਚੜ੍ਹਾਈ ਸ਼ੁਰੂ ਹੁੰਦੀ ਹੈ ਇਹਨੂੰ ਆਗਿਆ ਚੱਕਰ ਕਹਿੰਦੇ ਨੇ ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ। ਇੱਥੇ ਆ ਕੇ ਨਾਮ ਜਿਹੜਾ ਹੈ ਸ਼ੌਂਕ ਵਾਲੇ ਬੰਦੇ ਮਹਾਂਪੁਰਸ਼ਾਂ ਤੋਂ ਪੁੱਛ ਕੇ ਜਪਦੇ ਨੇ, ਮਹਾਂਪੁਰਸ਼ ਕਹਿੰਦੇ ਨੇ ਦੇਖ ਭਾਈ! ਹੁਣ ਤੇਰਾ ਜਿਹੜਾ ਨਾਮ ਹੈ ਇਹ ਜਾਪ ਤੋਂ ਬਦਲ ਕੇ ਉਪਾਸ਼ਨਾ 'ਚ ਆ ਗਿਆ। ਕਰਮ 'ਚੋਂ ਬਦਲ ਗਿਆ, ਉਪਾਸ਼ਨਾ 'ਚ ਆ ਗਿਆ। ਹੁਣ ਤੂੰ ਗੁਰੂ ਦਾ ਜਿਹੜਾ ਧਿਆਨ ਹੈ, ਉਹਨੂੰ ਹਿਰਦੇ 'ਚ ਵਸਾ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*** ***ਅੰਗ - 864***

ਏਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਧਰੀਏ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।***

ਇੱਥੇ ਉਪਾਸ਼ਨਾ ਚੱਲ ਪੈਂਦੀ ਹੈ। ਪਹਿਲਾ ਜਿਹੜਾ ਨਾਮ ਸੀ ਸਾਡੇ ਉਤੇ ਪੰਜ ਪੜਦੇ ਨੇ, ਧਿਆਨ ਨਾਲ ਜਿਹੜੇ ਸ਼ੌਂਕ ਵਾਲੇ ਬੰਦੇ ਸੁਣ ਲਓ। ਪਹਿਲਾਂ ਸਾਡੇ ਉਤੇ ਪੜਦਾ ਪੈਂਦਾ ਹੈ, ਅਗਿਆਨ ਦਾ, ਜਿਹਨੂੰ ਅਨੰਦਮਯ ਕੋਸ਼ ਕਹਿੰਦੇ ਨੇ। ਦੂਸਰਾ ਪੜਦਾ ਪੈਂਦਾ ਹੈ ਬੁੱਧੀ ਦਾ ਜਿਹਨੂੰ ਵਿਗਿਆਨਮਯ ਕੋਸ਼ ਕਹਿੰਦੇ ਨੇ। ਤੀਸਰਾ ਪੈਂਦਾ ਹੈ ਮਨ ਦਾ ਜਿਹਨੂੰ ਮਨੋਮਯ ਕੋਸ਼ ਕਹਿੰਦੇ ਨੇ, ਚੌਥਾ ਪੈਂਦਾ ਹੈ ਪ੍ਰਾਣਾਂ ਦਾ, ਉਹਨੂੰ ਪ੍ਰਾਣਮਯ ਕੋਸ਼ ਕਹਿੰਦੇ ਨੇ। ਪੰਜਵਾਂ ਪੈਂਦਾ ਹੈ ਅੰਨ ਦਾ। ਆਹ ਸਰੀਰ ਜਿਹੜਾ ਦਿਸਦਾ ਹੈ ਪੰਜਾਂ ਤੱਤਾਂ ਦਾ, ਇਹਨੂੰ ਅੰਨਮਯ ਕੋਸ਼ ਕਹਿੰਦੇ ਨੇ ਇਹ ਸਰੀਰ ਦੇ ਵਿਚੋਂ ਲੰਘਣ ਵਾਸਤੇ ਸਾਨੂੰ ਨਾਮ ਰਸਨਾ ਨਾਲ ਜਪਣਾ ਪੈਂਦਾ ਹੈ, ਸਵਾਸ ਨਾਲ, ਬਾਣੀ ਪੜ੍ਹਨੀ ਪੈਂਦੀ ਹੈ, ਕੀਰਤਨ ਕਰਨਾ ਪੈਂਦਾ ਹੈ। ਇਹਦੇ ਨਾਲ ਅਸੀਂ ਸਰੀਰ 'ਚੋਂ ਲੰਘ ਜਾਂਦੇ ਹਾਂ। ਸਮਾਂ ਬੜਾ ਲਗਦਾ ਹੈ ਇਸ ਕੋਸ਼ ਨੂੰ ਪਾਰ ਕਰਨ ਵਾਸਤੇ। ਦੂਸਰਾ ਇਸ ਤੋਂ ਬਾਅਦ ਫੇਰ ਪ੍ਰਾਣ ਆ ਜਾਂਦੇ ਨੇ। ਪ੍ਰਾਣਾਂ ਦੇ ਵਿੱਚ ਨਾਮ ਸੁਆਸ ਦਾ ਲਖਾਉਂਦਾ ਹੈ, ਪ੍ਰਾਣਮਯ ਕੋਸ਼, ਸੁਆਸ ਦੇ ਨਾਲ

ਅੰਦਰ ਨੂੰ ਜਾਂਦੇ 'ਵਾਹਿ' ਬਾਹਰ ਨੂੰ ਆਉਂਦੇ 'ਗੁਰੂ'। ਸ਼ੌਂਕ ਵਾਲੇ ਬੰਦੇ ਨਾਮ ਜਪਦੇ ਨੇ। ਇਸ ਤੋਂ ਬਾਅਦ ਨਾਮ ਦੀਆਂ ਅਵਸਥਾਵਾਂ ਬਦਲਦੀਆਂ ਤੁਰੀਆਂ ਜਾਂਦੀਆਂ ਨੇ, ਜਦੋਂ ਅਸੀਂ ਆਗਿਆ ਚੱਕਰ 'ਚ ਆ ਜਾਂਦੇ ਹਾਂ ਇੱਥੇ ਮਨ ਦਾ, mental ਨਾਮ ਕਹਿੰਦੇ ਨੇ ਇਹਨੂੰ। ਮਾਨਸਕ ਨਾਮ। ਇੱਥੇ ਜੀਭ ਨਹੀਂ ਹਿਲਦੀ, ਆਪਣੇ ਆਪ ਨਾਮ ਜਪ ਹੁੰਦਾ ਹੈ। ਏਸ ਥਾਂ ਦੇ ਉਤੇ ਅਸੀਂ ਇਕਾਗਰਤਾ ਵਾਸਤੇ, ਗੁਰੂ ਦੀ ਮੂਰਤ ਦਾ ਧਿਆਨ ਧਰਦੇ ਹਾਂ। ਕਈ ਪ੍ਰੇਮੀਆਂ ਦੇ ਮਨ ਵਿੱਚ ਇਹ ਸ਼ੰਕਾ ਹੋ ਜਾਂਦਾ ਹੈ ਕਿ ਗੁਰੂ ਦੀ ਮੂਰਤ? ਗੁਰੂ ਦੀ ਮੂਰਤ ਤਾਂ ਕਹਿਆ ਹੈ ਗੁਰ ਮੂਰਤ ਗੁਰ ਸ਼ਬਦ ਹੈ। ਗੁਰੂ ਦੀ ਮੂਰਤ ਤਾਂ ਸ਼ਬਦ ਹੋਇਆ ਕਰਦਾ ਹੈ। ਉਹ ਸ਼ਬਦ ਨੂੰ ਸਮਝਣ ਦਾ ਯਤਨ ਕਰੋ, ਸ਼ਬਦ ਕੀ ਹੈ। ਉਹ ਅੱਖਰ ਨਹੀਂ ਹੈਗੇ। ਉਹ ਸ਼ਬਦ ਇੱਕ ਧੁਨ ਹੈ ਜਿਹੜੀ ਤੁਹਾਡੇ ਅੰਦਰ ਚਲਦੀ ਹੈ ਜੇ ਤਾਂ ਧੁਨ ਤੱਕ ਤੁਹਾਡੀ ਬਿਰਤੀ ਪਹੁੰਚ ਗਈ ਫੇਰ ਤਾਂ ਮੁਬਾਰਕ ਹੈ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥*** ***ਅੰਗ - 879***

ਜੇ ਅਜੇ ਮਨ ਨਹੀਂ ਟਿਕਦਾ ਤਾਂ ਫੇਰ ਜਿਸ ਤਰ੍ਹਾਂ ਦਾ ਗੁਰੂ ਤੁਸੀਂ ਦੇਖਿਆ ਹੈ ਉਹਦਾ ਧਿਆਨ ਧਰਨਾ ਪੈਂਦਾ ਹੈ। ਉਹਦੇ ਨਾਲ ਕੀ ਹੁੰਦਾ ਹੈ, ਗੁਰੂ ਨਾਲ ਸੰਪਰਕ ਹੋ ਜਾਂਦਾ ਹੈ ਸਿੱਧਾ ਹੀ। ਭਾਈ ਗੋਂਦਾ, ਪਿਸ਼ਾਵਰ ਦੇ ਅੰਦਰ ਅੱਜ ਅੰਮ੍ਰਿਤ ਵੇਲੇ ਉੱਠ ਕੇ ਨਦੀ 'ਚ ਇਸ਼ਨਾਨ ਕਰਕੇ ਉਹਦੇ ਕੰਢੇ ਬੈਠ ਗਿਆ ਤੇ ਗੁਰੂ ਸਤਵੇਂ ਪਾਤਸ਼ਾਹ ਦਾ ਧਿਆਨ ਧਰ ਲਿਆ ਤੇ ਧਿਆਨ ਵਿੱਚ ਹੀ ਗੁਰੂ ਸਤਵੇਂ ਪਾਤਸ਼ਾਹ ਦੇ ਚਰਨਾਂ ਨੂੰ ਜੱਫਾ ਮਾਰ ਲਿਆ। ਐਸਾ ਧਿਆਨ ਟਿਕਿਆ ਕਿ ਘੰਟੇ ਲੰਘਦੇ ਚਲੇ ਗਏ। ਪਹਿਲਾ ਪਹਿਰ ਲੰਘ ਗਿਆ, ਦੂਸਰਾ ਲੰਘ ਗਿਆ, ਤੀਸਰਾ ਆ ਗਿਆ। ਏਧਰ ਗੁਰੂ ਮਹਾਰਾਜ ਗੁਰੂ ਸਤਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਬੈਠੇ ਨੇ ਦੀਵਾਨ ਦੀ ਸਮਾਪਤੀ ਹੋ ਗਈ, ਅਰਜ਼ ਹੋਈ ਮਹਾਰਾਜ! ਜਲ ਪਾਣੀ ਛਕਣ ਵਾਸਤੇ ਹੁਕਮ ਦਿਓ। ਮਹਾਰਾਜ ਬੋਲੇ ਹੀ ਨਹੀਂ। ਦੁਪਹਿਰਾ ਹੋ ਗਿਆ, ਫੇਰ ਅਰਦਾਸ ਹੋਈ ਕਿ ਮਹਾਰਾਜ! ਲੰਗਰ ਤਿਆਰ ਹੈ, ਜਦੋਂ ਤੱਕ ਆਪ ਨਹੀਂ ਛਕਦੇ, ਉਦੋਂ ਤੱਕ ਕਿਸੇ ਨੇ ਅੰਨ੍ਹ ਮੂੰਹ 'ਚ ਨਹੀਂ ਪਾਉਣਾ। ਆਪ ਫੇਰ ਖਾਮੋਸ਼ ਨੇ, ਚਾਰ ਵੱਜ ਗਏ, ਓਸ ਵੇਲੇ ਮਹਾਰਾਜ ਜੀ ਨੇਤਰ ਖੋਲ੍ਹੇ। ਨਾਲ ਕਿਹਾ, ਧੰਨ ਸਿੱਖੀ-ਧੰਨ ਸਿੱਖੀ। ਬੜੀ ਵੱਡੀ ਅਵਸਥਾ ਸੀ। ਇਹਨੂੰ ਕਹਿੰਦੇ ਨੇ ਡੋਰੀਆਂ ਪਾ ਕੇ ਰੱਬ ਵੱਸ ਕਰ ਲਿਆ ਭਗਤਾਂ ਨੇ। ਆਹ ਪਿਆਰ ਦੀਆਂ ਡੋਰੀਆਂ ਹੁੰਦੀਆਂ ਨੇ। ਉਸ ਵੇਲੇ ਪੁੱਛਿਆ ਕਿ ਸੱਚੇ ਪਾਤਸ਼ਾਹ! ਅੱਜ ਆਪ ਐਨਾ ਚਿਰ ਬੈਠੇ ਕਿਹੜੇ ਪ੍ਰੇਮੀ ਦੇ ਪ੍ਰੇਮੀ ਦੇ ਪ੍ਰੇਮ ਵਿੱਚ ਬੈਠੇ ਰਹੇ। ਕਹਿਣ ਲੱਗੇ, ਭਾਈ! ਕਾਬਲ ਦੇ ਵਿੱਚ ਭਾਈ ਗੋਂਦਾ ਹੈ ਉਹਨੇ ਆਹ ਸਾਡੇ ਚਰਨਾਂ ਨੂੰ ਜੱਫਾ ਮਾਰ ਲਿਆ। ਤਿੰਨ ਪਹਿਰ ਨੌਂ ਘੰਟੇ ਉਹਦੀ ਸੁਰਤੀ ਨਹੀਂ ਹਿੱਲੀ ਕਿਸੇ ਪਾਸੇ ਤੇ ਚਰਨਾਂ ਨੂੰ ਛਾਤੀ ਨਾਲ ਲਾਇਆ ਹੋਇਆ ਹੈ, ਉਤੋਂ ਦੀ ਜੱਫਾ ਮਾਰਿਆ ਹੋਇਆ ਹੈ। ਕਹਿੰਦੇ ਫੇਰ ਜੇ ਅਸੀਂ ਚਰਨ ਛੁਡਾਉਂਦੇ ਹਾਂ ਉਹਨੂੰ ਖੇਚਲ ਹੁੰਦੀ ਸੀ। ਏਸ ਕਰਕੇ

ਅਸੀਂ ਉਹਦੇ ਪਿਆਰ ਵਿੱਚ ਬੈਠੇ ਰਹੇ।

ਏਸੇ ਤਰ੍ਹਾਂ ਭਾਈ ਬਿਧੀ ਚੰਦ ਜਦੋਂ ਲੈਣ ਗਏ ਨੇ ਦੁਸ਼ਾਲੇ ਤਾਂ ਆਪ ਨੇ ਭੱਠ ਵਿੱਚ ਛਾਲ ਮਾਰ ਕੇ, ਗੁਰੂ ਛੇਵੇਂ ਪਾਤਸ਼ਾਹ ਦਾ ਧਿਆਨ ਧਰ ਲਿਆ। ਏਧਰ ਮਹਾਰਾਜ ਲਹਿਰੇ ਗਾਗੇ ਬੈਠੇ ਨੇ, ਕਹਿੰਦੇ ਭਾਈ! ਜਲਦੀ ਮਸ਼ਕਾਂ ਲਿਆਓ ਪਾਣੀ ਦੀਆਂ, ਸਾਡੇ ਉਤੇ ਪਾਓ। ਉਹ ਭੱਠ ਵਿੱਚ ਬੈਠਾ ਹੈ, ਭੱਠ ਠੰਡਾ ਹੋ ਗਿਆ ਤੇ ਏਧਰਲੇ ਪਾਸੇ ਸੇਕ ਆ ਰਿਹਾ ਹੈ। ਸੋ ਇਹਨੂੰ mental (ਮਾਨਸਿਕ) ਨਾਮ ਕਹਿੰਦੇ ਨੇ ਇਹ ਚਾਰ ਤਰ੍ਹਾਂ ਦਾ ਧਿਆਨ ਹੋਇਆ ਕਰਦਾ ਹੈ। ਪਹਿਲਾ ਹੋਇਆ ਕਰਦਾ ਹੈ ਸਾਕਾਰ ਦਾ, ਜਿਹਦੀ ਬਿਰਤੀ ਸੂਖਸ਼ਮ ਹੈ, ਉਹਨੂੰ ਹੋਇਆ ਕਰਦਾ ਹੈ ਸ਼ਬਦ ਦਾ ਧਿਆਨ, ਸ਼ਬਦ ਧੁਨ ਨੂੰ ਕਹਿੰਦੇ ਨੇ। ਉਹ ਅੰਦਰ ਸਹਿਜ ਸੁਭਾਅ ਚਲਦੀ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਕਿਸ ਤਰ੍ਹਾਂ ਚਲਦੀ ਹੈ, ਬੇਅੰਤ ਤਰੀਕਿਆਂ ਨਾਲ ਚਲਦੀ ਹੈ, ਆਪਣੇ ਆਪ ਹੀ ਚਲਦੀ ਹੈ, ਕੁਛ ਕਰਨ ਦੀ ਲੋੜ ਨਹੀਂ ਆਪਣੇ ਆਪ ਹੀ ਅੱਖਾਂ ਬੰਦ ਹੁੰਦੀਆਂ ਤੁਰੀਆਂ ਜਾਂਦੀਆਂ ਨੇ ਕਿਉਂਕਿ ਧੁਨ ਐਸੀ ਮਿੱਠੀ ਹੈ ਉਹ ਤੇ ਉਹਦੇ ਨਾਲ ਜਿਹੜਾ ਮੰਤਰ ਹੈ, ਨਾਲ ਰਲ ਕੇ ਮਿਊਜ਼ੀਕਲ ਹੋ ਜਾਂਦਾ ਹੈ, ਉਹ ਸੁਣਦਾ ਹੈ। ਉਸ ਤੋਂ ਬਾਅਦ ਨਾਮ ਤਰੱਕੀ ਕਰਦਾ ਹੈ। ਰੋਮ-ਰੋਮ ਦੇ ਵਿੱਚ ਤਰੱਕੀ ਕਰਦਾ ਹੈ ਤੇ ਉਹਦੇ ਬਾਰੇ ਮਹਾਰਾਜ ਦਾ ਐਸਾ ਫੁਰਮਾਨ ਹੈ -

***ਧਾਰਨਾ - ਰੋਮ ਰੋਮ ਹਰਿ ਧਿਆਵੇ, ਗੁਰਮੁਖ ਪਿਆਰੇ ਦਾ।***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥***
***ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ - 941***

ਸਾਰੇ ਇਕੱਲੇ-ਇਕੱਲੇ, ਸਾਢੇ ਤਿੰਨ ਕਰੋੜ ਰੋਮ ਦੇ ਵਿਚੋਂ ਆਵਾਜ਼ ਆਉਂਦੀ ਹੈ।

ਇੱਕ ਵਾਰੀ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਆਪ ਨੂੰ ਦੇਖਣ ਵਾਸਤੇ ਇੱਕ ਡਾਕਟਰ ਦੀਵਾਨ ਸਿੰਘ ਆ ਗਿਆ ਉਹਨੇ ਟੂਟੀਆਂ ਲਾ ਕੇ ਦੇਖਣਾ ਸ਼ੁਰੂ ਕਰਿਆ ਕਿ ਕੀ ਬੀਮਾਰੀ ਹੈ। ਉਹ ਪਹਿਲਾਂ ਛਾਤੀ 'ਤੇ ਲਾਈਆਂ, ਪੇਟ 'ਤੇ ਲਾਈਆਂ ਫੇਰ ਲੱਤਾਂ 'ਤੇ ਲਾਈਆਂ, ਚਰਨਾਂ 'ਤੇ ਲਾਈਆਂ, ਮੱਥੇ 'ਤੇ ਲਾਈਆਂ। ਮਹਾਂਪੁਰਸ਼ ਕਹਿਣ ਲੱਗੇ, ਡਾਕਟਰ ਇਹ ਕੀ ਕਰਨ ਲੱਗ ਗਿਆ ਤੂੰ? ਕਹਿੰਦਾ, ਮਹਾਰਾਜ! ਮੈਂ ਬੀਮਾਰੀ ਕਿੱਥੋਂ ਟੋਲ੍ਹਾਂ, ਕਹਿੰਦੇ ਕੀ ਗੱਲ? ਕਹਿੰਦੇ, ਤੁਹਾਡੇ ਤਾਂ ਜਿੱਥੋਂ ਮੈਂ ਟੂਟੀਆਂ ਲਾਉਂਦਾ ਹਾਂ, ਇੱਕੋ ਆਵਾਜ਼ ਆ ਰਹੀ ਹੈ ਵਾਹਿਗੁਰੂ-ਵਾਹਿਗੁਰੂ। ਸਾਰੇ ਸਰੀਰ ਦੇ ਵਿੱਚ ਨਾਮ ਰਚ ਜਾਇਆ ਕਰਦਾ ਹੈ। ਇਹਦੇ ਬਾਅਦ ਅਵਸਥਾ ਆ ਜਾਂਦੀ ਹੈ ਕਿ ਬਾਹਰਲੀ ਆਵਾਜ਼ ਚਾਹੇ ਟਰੈਕਟਰ ਕੂਕ-ਕੂਕ ਕਰਦਾ ਹੈ, ਪਰ ਉਹਨੂੰ ਵਾਹਿਗੁਰੂ-ਵਾਹਿਗੁਰੂ ਸੁਣਦਾ ਹੈ। ਮੋਟਰ-ਸਾਈਕਲ 'ਤੇ ਜਾਂਦਾ ਹੈ, ਆਵਾਜ਼ ਉਹਨੂੰ ਵਾਹਿਗੁਰੂ-ਵਾਹਿਗੁਰੂ ਸੁਣਦੀ ਹੈ। ਕੋਈ ਜਾਨਵਰ ਬੋਲਦੇ ਨੇ ਸਾਰੇ ਵਾਹਿਗੁਰੂ-ਵਾਹਿਗੁਰੂ ਸੁਣਦੇ ਨੇ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥ ਅੰਗ - 1420***

ਤੇ ਸਾਰੇ ਪੰਛੀ ਉਹਨੂੰ ਐਸ ਤਰ੍ਹਾਂ ਪਰਤੀਤ ਦਿੰਦੇ ਨੇ ਕਿ ਇਹ ਤਾਂ ਪ੍ਰਮੇਸ਼ਰ ਦਾ ਨਾਮ ਜਪਦੇ ਨੇ -

***ਧਾਰਨਾ - ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ।***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265***

ਸਾਰੇ ਆਕਾਸ਼ ਦੇ ਵਿੱਚੋਂ ਨਾਮ ਦੀ ਧੁਨੀ ਸੁਣਾਈ ਦੇਣ ਲੱਗ ਗਈ। ਇਹਦੇ ਨਾਲ ਕੀ ਹੁੰਦਾ ਹੈ, ਜੋ ਧਿਆਨ ਅਸੀਂ ਧਰਦੇ ਸੀ ਗੁਰੂ ਦਾ ਜਾਂ ਸ਼ਬਦ ਦੀ ਧੁਨੀ ਸੁਣਦੇ ਸੀ ਅਸੀਂ ਆਪ ਵਿਚੋਂ ਗਾਇਬ ਹੋ ਜਾਂਦੇ ਹਾਂ ਕੇਵਲ ਧੁਨ ਰਹਿ ਜਾਂਦੀ ਹੈ। ਇਹਦੇ ਨਾਲ ਸਾਡੀ ਤ੍ਰਿਕੁਟੀ ਟੁੱਟ ਜਾਂਦੀ ਹੈ, ਧਿਆਤਾ ਧਿਆਨ ਧੇਅ। ਇਸ ਤੋਂ ਬਾਅਦ ਅਸੀਂ ਗਿਆਨ ਮੰਡਲ 'ਚ ਦਾਖਲ ਹੋ ਜਾਂਦੇ ਹਾਂ ਜਿਹਨੂੰ ਵਿਵੇਕ ਮੰਡਲ ਕਹਿੰਦੇ ਨੇ। ਦਸਵੇਂ ਦੁਆਰ ਦੇ ਨੇੜੇ ਬਿਰਤੀ ਪਹੁੰਚ ਜਾਂਦੀ ਹੈ ਤੇ ਉਥੇ ਫੇਰ ਮੈਂ ਕੌਣ ਹਾਂ ਦਾ ਸਵਾਲ ਆਉਂਦਾ ਹੈ ਕਿ ਮੈਂ ਕੌਣ ਹੋਇਆ? ਜਿਉਂ-ਜਿਉਂ ਹਉਮੈ ਦਾ ਨਾਸ਼ ਹੁੰਦਾ ਹੈ, ਮੈਂ ਦਾ ਗਿਆਨ ਹੁੰਦਾ ਹੈ ਇਹ ਆਤਮ ਮੰਡਲ 'ਚ ਦਾਖਲ ਹੁੰਦਾ ਤੁਰਿਆ ਜਾਂਦਾ ਹੈ। ਸੋ ਇਸ ਤਰ੍ਹਾਂ ਨਾਮ ਦੀਆਂ ਬੇਅੰਤ ਅਵਸਥਾਵਾਂ ਕਮਾਈ ਕਰਨ ਵਾਲੇ ਮਹਾਂਪੁਰਸ਼ਾਂ ਦੀ guidance (ਮਾਰਗ ਦਰਸ਼ਨ) ਦੀ ਇਸੇ ਵਾਸਤੇ ਲੋੜ ਹੈ। ਗੁਰੂ ਘਰ ਦੇ ਅੰਦਰ ਵਿਧਾਨ ਹੈ ਕਿ ਗੁਰਮੁਖ ਦੀ ਮਦਦ ਦੇ ਨਾਲ ਨਾਮ ਜਪੋ, ਇਕੱਲਿਆਂ ਤੋਂ ਨਾਮ ਨਹੀਂ ਜਪ ਹੁੰਦਾ। ਖੁਸ਼ਕੀ ਪੈ ਜਾਂਦੀ ਹੈ। ਇਸ ਤਰ੍ਹਾਂ ਦੇ ਨਾਲ ਬੀਬੀ ਬੈਠੀ ਕਿਸ ਅਵਸਥਾ 'ਚ ਨਾਮ ਜਪਦੀ ਸੀ ਇਹਨੂੰ ਕੋਈ ਕਹਿ ਨਹੀਂ ਸਕਦਾ। ਕਾਫੀ ਦੇਰ ਤੋਂ ਬਾਅਦ ਇਨ੍ਹਾਂ ਨੇ ਦੇਖਿਆ ਕਿ ਫੇਰ ਹਿੱਲਜੁਲ ਹੋਈ ਹੈ। ਦੁੱਧ ਪਾਇਆ ਹੈ ਕਾੜਨੀ ਦੇ ਵਿੱਚ ਮਧਾਣੀ ਪਾਈ ਹੈ, ਕੁੜ ਬੰਨ੍ਹਿਆ ਹੈ, ਉਸ ਤੋਂ ਬਾਅਦ ਰੱਸੀਆਂ ਹੱਥ 'ਚ ਫੜੀਆਂ ਨੇ ਈਟੀਆਂ, ਮਧਾਣੀ ਦੇ ਨਾਲ ਜਦੋਂ ਰਿੜਕਣਾ ਸ਼ੁਰੂ ਕਰਿਆ, ਉਸ ਵੇਲੇ ਆਪ ਦੇ ਕੰਨਾਂ ਨੇ ਇੱਕ ਆਵਾਜ਼ ਸੁਣੀ, ਇਸ ਤਰ੍ਹਾਂ ਦੀ।

***ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ।***

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥***
***ਅੰਗ - 463***

ਆਵਾਜ਼ ਸੁਣੀ, ਸੁਣੀ ਬੁੱਧੀ ਦੇ ਨਾਲ ਕਿ ਹੈਂ! ਗੁਰੂ ਦੀ ਬਾਤ ਕਰ ਰਿਹਾ ਹੈ ਕੋਈ ਤੇ ਨਾਲ ਇਹ ਕਹਿੰਦੇ ਨੇ ਕਿ ਸੌ ਵਾਰੀ ਦਿਹਾੜੀ ਦੇ ਵਿੱਚ ਮੈਂ ਬਲਿਹਾਰ ਜਾਵਾਂ। ਕਿਹੜੇ ਗੁਰੂ ਤੋਂ?

***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥***
***ਅੰਗ- 463***

ਮਨੁੱਖਾਂ ਦੇ ਵਿੱਚ ਤਿੰਨ ਕਿਸਮ ਦੇ ਬੰਦੇ ਹੁੰਦੇ ਨੇ, ਇੱਕ ਪਸ਼ੂ ਬੰਦੇ ਹੁੰਦੇ ਨੇ, ਇੱਕ ਭੂਤ ਬੰਦੇ ਹੁੰਦੇ ਨੇ, ਇੱਕ ਬੰਦੇ ਹੁੰਦੇ ਨੇ। ਪਸ਼ੂ ਬੰਦੇ ਉਨ੍ਹਾਂ

ਨੂੰ ਕਿਹਾ ਹੈ ਮਹਾਰਾਜ ਜੀ ਨੇ ਕਿ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*

*ਅੰਗ - 251*

ਜਿਨ੍ਹਾਂ ਨੇ ਏਸ ਸੰਸਾਰ 'ਚ ਆ ਕੇ ਇਹ ਗੱਲ ਬੁੱਝੀ ਨਹੀਂ ਕਿ ਮੈਂ ਕਾਹਦੇ ਵਾਸਤੇ ਆਇਆ ਹਾਂ, ਜਿਨ੍ਹਾਂ ਦੇ ਮਨ ਨੇ ਅਜੇ ਤੱਕ ਮੰਨਿਆ ਨਹੀਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1* *ਅੰਗ - 12*

ਉਹ ਪਸ਼ੂ ਬਿਰਤੀ 'ਚ ਰਹਿੰਦੇ ਨੇ ਤੇ ਪਸ਼ੂਆਂ ਵਾਂਗਣ ਖਾਂਦੇ ਨੇ, ਮਾੜੀਆਂ ਚੀਜ਼ਾਂ ਖਾਂਦੇ ਨੇ, ਨਿੰਦਿਆ, ਚੁਗਲੀ, ਈਰਖਾ ਕਰਦੇ ਨੇ। ਦੂਸਰੇ ਹੋਇਆ ਕਰਦੇ ਨੇ ਭੂਤ ਬਿਰਤੀ ਦੇ ਜਿਹਨੂੰ ਪ੍ਰੇਤ ਕਹਿੰਦੇ ਨੇ, ਉਹ ਛਲ ਵਲ ਕਰਦੇ ਨੇ, ਧੋਖੇ ਦਿੰਦੇ ਨੇ। ਤੀਸਰੇ ਹੋਇਆ ਕਰਦੇ ਨੇ ਮਨੁੱਖ, ਇਨ੍ਹਾਂ ਦੋਹਾਂ ਨਾਲੋਂ ਤਾਂ ਉੱਚੇ ਹੁੰਦੇ ਨੇ, ਜਾਨਵਰ ਨੂੰ ਕੋਈ ਨਹੀਂ ਕਹਿੰਦਾ, ਗਧੇ ਨੂੰ ਕਿ ਤੂੰ ਗਧਾ ਬਣ ਜਾ। ਸਿਰਫ ਮਨੁੱਖ ਹੈ ਜਿਹਨੂੰ ਕਿਹਾ ਜਾਂਦਾ ਹੈ ਕਿ ਤੂੰ ਮਨੁੱਖ ਬਣ ਜਾ ਭਾਈ, ਮਨੁੱਖਾਂ ਵਾਲੇ ਕੰਮ ਕਰ। ਜੇ ਮਨੁੱਖ ਹੋਵੇ ਤਾਂ ਕਹੀਏ ਕਿਉਂ? ਕਿਉਂਕਿ ਉਹ ਪ੍ਰੇਤਾਂ ਵਾਲੇ ਕੰਮ ਕਰ ਰਿਹਾ ਹੈ। ਪ੍ਰੇਤਾਂ ਦੀ ਨਿਸ਼ਾਨੀ ਕੀ ਹੈ ਮਹਾਰਾਜ ਕਹਿੰਦੇ, ਕਲਜੁਗ ਦੇ ਅੰਦਰ-

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*

*ਅੰਗ - 556*

ਕਹਿੰਦੇ ਟੱਬਰ ਹੀ ਸਾਰਾ ਭੂਤਾਂ ਦਾ ਹੋਇਆ-ਹੋਇਆ ਹੈ। ਕਈ ਵਾਰੀ ਹੈਰਾਨ ਹੋ ਜਾਈਦਾ ਹੈ ਕਿ ਭੂਤ ਕਿਉਂ ਕਲਜੁਗ 'ਚ ਆ ਰਹੇ ਨੇ। ਇਹ ਰਾਜੇ ਜਨਕ ਨੇ ਤ੍ਰੇਤੇ ਯੁੱਗ ਦੇ ਅੰਦਰ ਨਰਕ ਖਾਲੀ ਕਰ ਦਿੱਤੇ।

*ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁੰ ਸਲਕ ਜਮ ਫਾਸੀ।*

*ਭਾਈ ਗੁਰਦਾਸ ਜੀ, ਵਾਰ 10/5*

ਸਾਰੇ ਕਰੋੜਾਂ ਸਾਲਾਂ ਦੇ ਨਰਕ ਭਰੇ ਹੋਏ ਖਾਲੀ ਕਰ ਦਿੱਤੇ। ਇੱਕ ਵਾਰੀ ਰਾਜਾ ਜਨਕ ਫੇਰ ਮਿਲ ਗਏ ਉਨ੍ਹਾਂ ਨੂੰ, ਉਨ੍ਹਾਂ ਨੇ ਪੁਕਾਰ ਕਰੀ ਕਿ ਰਾਜਨ! ਸਾਨੂੰ ਕੱਢ ਤਾਂ ਦਿੱਤਾ। ਸਾਨੂੰ ਕੋਈ ਥਾਉ ਟਿਕਾਣਾ ਤਾਂ ਦੱਸ ਕਿ ਕਿੱਥੇ ਟਿਕੀਏ। ਧਰਮਰਾਜ ਨੂੰ ਕਿਹਾ, ਧਰਮਰਾਜ ਕਹਿੰਦਾ, ਮਹਾਰਾਜ! ਮੈਂ ਤਾਂ ਹੁਕਮੀ ਬੰਦਾ ਹਾਂ। ਮੇਰੇ ਅਖਤਿਆਰ ਕੁਛ ਨਹੀਂ। ਮੈਨੂੰ ਤਾਂ ਹੁਕਮ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ - 38*

ਮੇਰੇ ਕੋਲ ਗੁਰੂ ਵਾਲੇ ਨਹੀਂ ਆਉਂਦੇ, ਬੰਦਗੀ ਕਰਨ ਵਾਲੇ ਨਹੀਂ ਆਉਂਦੇ। ਮੇਰੇ ਕੋਲ ਤਾਂ ਮਨਮੁੱਖ ਆਉਂਦੇ ਨੇ, ਬੇਮੁਖ ਆਉਂਦੇ ਨੇ। ਵਿਸ਼ੇ ਵਿਕਾਰਾਂ, ਸ਼ਰਾਬਾਂ ਕਬਾਬਾਂ ਦੇ ਵਿੱਚ ਪਏ ਹੋਏ ਬੰਦੇ ਆਉਂਦੇ ਨੇ। ਮੈਂ ਉਨ੍ਹਾਂ ਨੂੰ ਯਥਾਸ਼ਕਤ ਦੰਡ ਦਿੰਦਾ ਹਾਂ। ਮੈਨੂੰ ਤਾਂ ਇਸ ਤੋਂ ਵੱਧ ਅਖਤਿਆਰ ਹੀ ਨਹੀਂ ਹੈ। ਜੇ ਸਵਰਗ ਦਿੰਦਾ ਹਾਂ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ - 1414***

ਉਨ੍ਹਾਂ ਦਾ ਦਾਨ ਬੀਜਿਆ ਹੋਇਆ ਜਿਹੜਾ ਬਚ ਜਾਂਦਾ ਹੈ, ਉਨ੍ਹਾਂ ਵਾਸਤੇ ਮੈਂ ਸਵਰਗਾਂ 'ਚ ਭੇਜ ਦਿੰਦਾ ਹਾਂ। ਇਨ੍ਹਾਂ ਜੀਵਾਂ ਨੇ ਤਾਂ ਕੋਈ ਪੁੰਨ ਨਹੀਂ ਕਰਿਆ ਇਹ ਤਾਂ ਨਰਕੀ ਜੀਵ ਨੇ। ਅਕਾਲ ਪੁਰਖ ਜੀ ਦੇ ਕੋਲ ਬੇਨਤੀ ਕਰੀ ਰਾਜੇ ਜਨਕ ਨੇ। ਉਹ ਕਹਿੰਦੇ, ਦੇਖ ਰਾਜਨ! ਮਰਿਆਦਾ ਹੈ ਮੇਰੀ ਜੋ ਬੰਨ੍ਹੀ ਹੋਈ ਹੈ ਤੇ ਇਹ ਕਰ ਲੈ ਤੂੰ, ਥਾਉਂ ਤਾਂ ਨਹੀਂ ਕੋਈ ਨਵਾਂ ਬਣਾਇਆ ਜਾ ਸਕਦਾ। ਤੂੰ ਇਹਨੂੰ ਪੁੱਛ ਲੈ ਤ੍ਰੇਤੇ ਜੁਗ ਨੂੰ ਕਿ ਜੇ ਇਹਦੇ ਵਿੱਚ ਜਨਮ ਦੇ ਦੇਵੇ ਇਨ੍ਹਾਂ ਰੂਹਾਂ ਨੂੰ। ਤ੍ਰੇਤੇ ਨੂੰ ਪੁੱਛਿਆ ਉਹ ਕਹਿਣ ਲੱਗਿਆ, ਮਹਾਰਾਜ! ਮੇਰੇ ਯੁੱਗ ਦੇ ਅੰਦਰ ਲੋਕ ਅਜੇ ਸਤਿਵਾਦੀ ਨੇ, ਧਰਮ ਦੇ ਉਤੇ ਚਲਦੇ ਨੇ, ਤਿੰਨ ਪੈਰ ਧਰਮ ਦੇ ਕਾਇਮ ਨੇ ਤੇ ਮਾੜੇ ਲੋਕ ਜੇ ਆ ਗਏ ਤਾਂ ਇੱਥੇ ਤਾਂ ਮਰਿਆਦਾ ਭ੍ਰਿਸ਼ਟ ਕਰ ਦੇਣਗੇ। ਦੁਆਪਰ ਯੁੱਗ ਨੂੰ ਪੁੱਛਿਆ। ਦੁਆਪਰ ਕਹਿਣ ਲੱਗਿਆ ਮੇਰੇ ਯੁੱਗ ਦੇ ਅੰਦਰ ਦੋ ਪੈਰ ਅਜੇ ਧਰਮ ਦੇ ਕਾਇਮ ਨੇ। ਇਹ ਲੋਕ ਆ ਗਏ, ਧਰਮ ਇੱਥੇ ਹੁਣੇ ਹੀ ਖਤਮ ਹੋ ਜਾਣਾ ਹੈ। ਕਲਜੁਗ ਨੂੰ ਪੁਛਿਆ। ਕਲਜੁਗ ਕਹਿੰਦਾ, ਕੋਈ ਨਹੀਂ ਰਾਜਨ ਥੋੜ੍ਹੀ ਦੇਰ ਸਬਰ ਕਰ, ਮੈਂ ਉਡੀਕਦਾ ਹਾਂ, ਸਮਾਂ ਇਹੋ ਜਿਹੇ ਮੇਰੇ ਸਭ ਭੇਜ ਦੇ ਜਿੰਨੇ ਹੈਗੇ। ਕਿਉਂਕਿ ਮੈਂ ਕਰਮ ਧਰਮ ਕਿਸੇ ਦਾ ਰਹਿਣ ਨਹੀਂ ਦੇਣਾ -

***ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥***
***ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥***

***ਅੰਗ - 902***

ਮੈਂ ਤਾਂ ਕਿਸੇ ਨੂੰ ਨਾਮ ਨਹੀਂ ਜਪਣ ਦੇਣਾ, ਕਿਸੇ ਦਾ ਤਪ ਨਹੀਂ ਪੂਰਾ ਹੋਣ ਦੇਣਾ। ਕਿਸੇ ਦਾ ਜਪ ਨਹੀਂ ਪੂਰਾ ਹੋਣ ਦੇਣਾ। ਵਿਘਨ ਪਾਉਣਾ ਹੈ, ਮੈਨੂੰ ਤਾਂ ਉਹ ਬੰਦੇ ਚਾਹੀਦੇ ਨੇ, ਜਿਹੜੇ ਕੋਈ ਮਰਿਆਦਾ ਨਾ ਰੱਖਣ, ਭੂਤ ਹੀ ਹੋਣ।

ਸੋ ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਨੇ -

***ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥***
***ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥***

***ਅੰਗ- 556***

ਕਹਿੰਦੇ ਨਿਸ਼ਾਨੀ ਕੀ ਹੈ ਹੁਣ ਭੂਤਾਂ ਦੀ। ਕਹਿੰਦੇ, ਨਿਸ਼ਾਨੀ ਭਾਈ ਇਹ ਹੈ ਕਿ -

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥***

***ਅੰਗ - 1374***

ਉਹ ਭੂਤ ਲੋਕ ਵਸਦੇ ਨੇ ਜਿਹੜੇ ਬੰਦਗੀ ਨਹੀਂ ਕਰਦੇ, ਨਾਮ ਨਹੀਂ ਜਪਦੇ, ਨਿਗੁਰਾਪਣ ਦਾ ਜੀਵਨ ਬਤੀਤ ਕਰ ਰਹੇ ਨੇ। ਸੋ ਇਹ ਜਿਹੜੇ ਭੂਤ ਨੇ ਪਸ਼ੂ ਨੇ, ਮਨੁੱਖ ਨੇ, ਮਹਾਰਾਜ ਕਹਿੰਦੇ ਉਹ ਜਿਹੜਾ ਬੀਬੀ ਨੇ ਪੜ੍ਹਿਆ -

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥***

***ਅੰਗ - 463***

ਤੇ ਜਿਹਨੇ ਦੇਵਤੇ ਬਣਾ ਦਿੱਤੇ ਤੇ ਬਣਾਉਂਦੇ ਨੂੰ ਇੱਕ ਸਕਿੰਟ ਨਹੀਂ ਲੱਗਿਆ, ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ। ਉਸ ਤੋਂ ਬਾਅਦ ਸਮਝਿਆ, ਸਮਝ ਕੇ ਹਿਰਦੇ 'ਚ ਧਾਰਨ ਕਰਿਆ ਕਿ ਐਸਾ ਗੁਰੂ? ਕੀ ਮਿਲ ਜਾਏਗਾ? ਗੁਰੂ ਦੀ ਗੱਲ ਸਾਡੇ ਘਰ 'ਚ ਚੱਲ ਰਹੀ ਹੈ। ਉਸ ਤੋਂ ਬਾਅਦ ਦੂਸਰੇ ਸ਼ਬਦ ਦਾ ਫੇਰ ਉਚਾਰਨ ਹੋਇਆ -

***ਧਾਰਨਾ - ਪਿਆਰੇ ਗੁਰ ਬਿਨ ਘੋਰ ਅੰਧੇਰਾ,***
***ਚੰਨ ਭਾਵੇਂ ਸੌ ਚੜ੍ਹ ਜਾਏ।***

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ 2 ॥ ਮਃ 1 ॥***
***ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥***
***ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥***
***ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥***
***ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥***

***ਅੰਗ - 463***

ਧਿਆਨ ਨਾਲ ਸੁਣਿਆ ਕਿ ਹਜ਼ਾਰਾਂ ਸੂਰਜਾਂ ਦੀ ਰੋਸ਼ਨੀ ਹੋ ਜਾਵੇ, ਸੈਂਕੜੇ ਲੱਖਾਂ ਚੰਦਰਮਾ ਚੜ੍ਹ ਜਾਣ, ਇਹ ਰੋਸ਼ਨੀ ਮਨ ਦੇ ਹਨ੍ਹੇਰੇ ਨੂੰ ਦੂਰ ਕਰਨ ਦੇ ਸਮਰੱਥ ਨਹੀਂ ਹੈ। ਅਗਿਆਨ ਦੂਰ ਨਹੀਂ ਕਰ ਸਕਦੀ। ਸੋ ਗੁਰੂ ਤੋਂ ਬਗੈਰ ਆਦਮੀ ਸੁਚੇਤ ਬਣਿਆ ਫਿਰਦਾ ਹੈ, ਬਹੁਤ ਹੁਸ਼ਿਆਰ ਬਣਿਆ ਫਿਰਦਾ ਹੈ। ਮਹਾਰਾਜ ਕਹਿੰਦੇ ਉਹਦਾ ਹਾਲ ਕੀ ਹੈ, ਜਿਵੇਂ ਛੁਟੜ ਤਿਲ ਹੁੰਦਾ ਹੈ, ਉਹਦੇ ਵਿੱਚ ਕਾਲਖ ਹੁੰਦੀ ਹੈ ਤੇ ਕਿਸਾਨ ਉਹਨੂੰ ਕੱਟਦਾ ਨਹੀਂ ਹੈ। ਡੰਗਰ ਚਾਰਨ ਵਾਲੇ ਮੁੰਡੇ ਡੰਡੇ ਮਾਰ-ਮਾਰ ਕੇ ਉਹਨੂੰ ਤੋੜਦੇ ਨੇ।

ਕਹਿਣ ਲੱਗੇ, ਹੈਂ! ਗੁਰੂ ਤੋਂ ਬਗੈਰ ਐਸੀ ਅਵਸਥਾ। ਧਿਆਨ ਨਾਲ ਸੁਣਦੇ ਨੇ ਹੌਲੀ-ਹੌਲੀ ਆਸਾ ਜੀ ਦੀ ਵਾਰ ਬੀਬੀ ਗਾਈ ਜਾਂਦੀ, ਗਾ-ਗਾ ਕੇ ਜਿੱਥੇ ਧਾਰਨਾ ਲਾਉਣੀਆਂ ਨੇ, ਧਾਰਨਾ ਲਾਉਂਦੀ ਹੈ ਤੇ ਪੜ੍ਹਦੇ-ਪੜ੍ਹਦੇ ਅਖੀਰ ਆਪ ਨੇ ਫੇਰ ਇਸ ਤਰ੍ਹਾਂ ਸਰਵਣ ਕੀਤਾ -

***ਧਾਰਨਾ - ਗੁਰ ਬਿਨ ਗਿਆਨ ਨਾ ਹੋਏ,***

***ਪਿਆਰੇ ਗੁਰ ਬਿਨ ਗਿਆਨ ਨਾ ਹੋਏ।***

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥***
***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥***

***ਅੰਗ - 469***

ਜਿੰਨੀ ਦੇਰ ਤੱਕ ਗਿਆਨ ਨਹੀਂ ਹੁੰਦਾ, ਓਨੀਂ ਦੇਰ ਤੱਕ ਮੁਕਤੀ ਨਹੀਂ ਹੁੰਦੀ। ਸੋ ਇਸ ਤਰ੍ਹਾਂ ਹੌਲੀ-ਹੌਲੀ ਉਹ ਆਸਾ ਜੀ ਦੀ ਵਾਰ ਪੜ੍ਹਦੀ ਜਾਂਦੀ ਹੈ। ਐਨੇ ਨੂੰ ਪਹੁ-ਫੁਟਾਲਾ ਹੋ ਗਿਆ-

***ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥***

***ਅੰਗ - 319***

ਥੋੜ੍ਹਾ ਰੌਲਾ-ਗੌਲਾ ਹੋ ਗਿਆ, ਕੰਮ ਵਾਲੇ ਬਾਹਰ ਜਾਣ ਲੱਗ ਗਏ, ਬਲਦ ਬਾਹਰ ਜਾਂਦੇ ਨੇ, ਟੱਲੀਆਂ ਖੜਕਣ ਲੱਗ ਗਈਆਂ। ਥੋੜ੍ਹੀ-ਥੋੜ੍ਹੀ ਆਵਾਜ਼ ਆਉਣ ਲੱਗ ਗਈ। ਉਸ ਵੇਲੇ ਆਪ ਨੇ ਇਸ ਖਿਆਲ ਨਾਲ ਕਿ ਮਤਾ ਕੋਈ ਹੋਰ ਉਪਦੇਸ਼ ਲੰਘ ਜਾਵੇ ਤੇ ਆਪ ਕੋਠੇ ਤੋਂ ਉਤਰ ਕੇ ਜਿੱਥੇ ਬੀਬੀ ਦੁੱਧ ਰਿੜਕਦੀ ਸੀ ਓਟੇ ਦੇ ਓਹਲੇ ਹੋ ਕੇ ਖੜ੍ਹ ਗਏ। ਜਿੱਥੋਂ ਉਹ ਤਾਂ ਨਾ ਦੇਖ ਸਕੇ। ਜਦੋਂ ਉਸ ਨੇ ਦੁੱਧ ਰਿੜਕ ਲਿਆ, ਮੱਖਣ ਕੱਢ ਕੇ ਬਰਤਨ 'ਚ ਪਾ ਲਿਆ। ਉਸ ਵੇਲੇ ਆਪ ਨੇ ਖੰਗੂਰਾ ਮਾਰ ਦਿੱਤਾ। ਬੀਬੀ ਨੇ ਦੇਖਿਆ ਕਿ ਮੇਰੇ ਪਿਤਾ ਜੀ ਖੜ੍ਹੇ ਨੇ, ਚਾਚਾ ਜੀ। ਉਸ ਵੇਲੇ ਇਨ੍ਹਾਂ ਨੇ ਬੇਨਤੀ ਕਰੀ ਕਹਿੰਦੇ ਬੇਟਾ! ਕੀ ਤੂੰ ਕ੍ਰਿਪਾ ਕਰਕੇ ਇਹ ਦੱਸ ਸਕਦੀ ਹੈਂ ਕਿ ਇਹ ਕੀਹਦਾ ਕਲਾਮ ਸੀ। ਕੀਹਦੇ ਬਿਸਨਪਦੇ ਸੀ। ਕਹਿਣ ਲੱਗੀ, ਪਿਤਾ ਜੀ! ਇਹ ਗੁਰੂ ਨਾਨਕ ਪਾਤਸ਼ਾਹ ਜੋ ਆਪ ਨਿਰੰਕਾਰ ਮਨੁੱਖ ਦੇ ਜਾਮੇ ਅੰਦਰ ਗੁਰੂ ਜੋਤ ਹੋ ਕੇ ਪ੍ਰਗਟੇ ਨੇ, ਉਹ ਉਨ੍ਹਾਂ ਦੀ ਬਾਣੀ ਸੀ, ਕੁਛ ਮੇਰੇ ਪਿਤਾ ਜੀ ਦੀ ਹੈ। ਕਹਿਣ ਲੱਗੇ, ਕਿੱਥੇ ਨੇ ਗੁਰੂ ਨਾਨਕ ਸਾਹਿਬ? ਕਹਿਣ ਲੱਗੀ, ਪਿਤਾ ਜੀ! ਉਹ ਤਾਂ ਭਾਣਾ ਵਰਤਾਅ ਗਏ ਨੇ, ਜੋਤੀ ਜੋਤ ਸਮਾ ਗਏ ਤੇ ਆਪਣੀ ਜੋਤ ਮੇਰੇ ਪਿਤਾ ਜੀ ਵਿੱਚ ਪ੍ਰਵੇਸ਼ ਕਰਕੇ ਤੇ ਹੁਣ ਗੁਰੂ ਅੰਗਦ ਦੇ ਰੂਪ ਵਿੱਚ ਪ੍ਰਗਟ ਹੋ ਕੇ ਸੰਗਤਾਂ ਦਾ ਉਧਾਰ ਕਰ ਰਹੇ ਨੇ।

ਕਹਿੰਦੇ, ਹੈਂ! ਘਰ ਵਿੱਚ? ਬੇਟਾ! ਮੈਨੂੰ ਜਲਦੀ ਤੋਂ ਜਲਦੀ ਲੈ ਚੱਲ। ਪਿਆਸਾ ਹਾਂ ਮੈਂ। ਮੈਨੂੰ ਇੱਕ-ਇੱਕ ਛਿਨ ਲੰਘਾਉਣਾ ਔਖਾ ਹੋਇਆ ਹੋਇਆ ਹੈ। ਤਿੰਨ ਦਿਨ ਹੋ ਗਏ ਨਾ ਮੈਂ ਕੁਛ ਖਾਧਾ ਹੈ, ਨਾ ਕੁਛ ਪੀਤਾ ਹੈ, ਬੜਾ ਭਾਰਾ ਮੇਰੇ ਮਨ ਦੇ ਅੰਦਰ ਜ਼ਖਮ ਹੋਇਆ ਹੋਇਆ ਹੈ। ਕ੍ਰਿਪਾ ਕਰ। ਇਸ ਜ਼ਖਮ ਦੇ ਉਤੇ ਮਲ੍ਹਮ ਪੱਟੀ ਲਾ। ਕਹਿਣ ਲੱਗੀ, ਪਿਤਾ ਜੀ! ਮੈਂ ਜਿੱਥੇ ਆਪਣੇ ਪਿਤਾ ਜੀ ਨੂੰ ਪਿਤਾ ਸਮਝਦੀ ਹਾਂ ਉਥੇ ਨਾਲ ਮੈਂ ਪ੍ਰਮੇਸ਼ਰ ਰੂਪ ਗੁਰੂ ਵੀ ਸਮਝਦੀ ਹਾਂ ਤੇ ਜਦੋਂ ਮੇਰੀ ਡੋਲੀ ਤੁਰੀ ਸੀ, ਮੇਰੇ ਪਿਤਾ ਜੀ ਨੇ ਕਿਹਾ ਸੀ ਕਿ ਦੇਖ ਬੇਟਾ! ਇਸ ਘਰ 'ਚ ਤੂੰ ਖੁਸ਼ੀਆਂ ਮਨਾਈਆਂ, ਚਾਓ ਮਲ੍ਹਾਰ ਦੇ ਵਿੱਚ ਰਹੀ ਤੇ ਅੱਜ ਜਿਹੜਾ ਤੇਰਾ ਘਰ ਹੈ, ਉਹ ਉਥੇ ਹੋ ਗਿਆ ਜਿੱਥੇ ਅਸੀਂ ਤੈਨੂੰ ਭੇਜ ਰਹੇ ਹਾਂ। ਉਹ ਤੇਰੇ ਪਿਤਾ ਨੇ ਉਹ ਤੇਰੇ ਮਾਤਾ ਨੇ। ਹੁਣ ਜਦੋਂ ਤੱਕ ਅਸੀਂ ਬੁਲਾਈਏ

ਨਾ, ਆਪਣੇ ਆਪ ਨਹੀਂ ਆਉਣਾ। ਸੋ ਪਿਤਾ ਜੀ ਮੈਂ ਉਨ੍ਹਾਂ ਦੇ ਬਚਨ ਦੀ ਉਲੰਘਣਾ ਨਹੀਂ ਕਰ ਸਕਦੀ। ਕਿਉਂਕਿ ਉਨ੍ਹਾਂ ਦੇ ਬਚਨ ਦੀ ਉਲੰਘਣਾ ਕਰਕੇ ਮੇਰਾ ਦੀਨ ਵੀ ਵਿਗੜ ਜਾਏਗਾ, ਦੁਨੀਆਂ ਵੀ ਵਿਗੜ ਜਾਏਗੀ। ਕਹਿਣ ਲੱਗੇ ਕਿ ਬੇਟਾ! ਮੈਂ ਵੀ ਤੇਰਾ ਪਿਤਾ ਲਗਦਾ ਹਾਂ, ਧਰਮ ਦਾ ਪਿਤਾ ਤੇ ਮੈਂ ਇਸ ਗੱਲ ਦੀ ਮਾਫੀ ਮੰਗ ਲਵਾਂਗਾ, ਤੂੰ ਕ੍ਰਿਪਾ ਕਰ।

ਐਨੇ ਨੂੰ ਬੀਬੀ ਦੀ ਸੱਸ ਵੀ ਬਾਹਰ ਆ ਗਈ, ਸਾਰੀ ਗੱਲ ਸਮਝੀ। ਕਹਿਣ ਲੱਗੀ, ਬੀਬਾ! ਇਹ ਅਮਰਦਾਸ ਜੀ ਬੜੇ ਦੁਖੀ ਨੇ, ਤਿੰਨ ਦਿਨ ਤੋਂ ਪਤਾ ਨਹੀਂ ਸੀ ਲਗਦਾ ਕਿ ਕੀ ਦੁੱਖ ਹੈ। ਹੁਣ ਪਤਾ ਲੱਗਿਆ ਹੈ ਤੂੰ ਐਸ ਤਰ੍ਹਾਂ ਲੈ ਜਾ ਇਨ੍ਹਾਂ ਨੂੰ। ਸਾਡੇ ਵਲੋਂ ਵੀ ਕਹਿ ਦੇਈਂ ਉਨ੍ਹਾਂ ਨੂੰ ਕਿ ਮੈਂ ਆਗਿਆ ਲੈ ਕੇ ਆਇਆ ਹਾਂ, ਉਸ ਵੇਲੇ ਆਪ ਬੀਬੀ ਦੇ ਨਾਲ ਜਾਂਦੇ ਨੇ। ਜਦੋਂ ਨੇੜੇ ਪਹੁੰਚ ਗਏ ਉਥੇ ਫੇਰ ਸ਼ੰਕਾ ਪੈਦਾ ਹੋ ਗਿਆ ਕਿ ਮੈਂ ਤਾਂ ਇਹ ਕਰਿਆ ਹੋਇਆ ਸੀ ਕਿ ਗੁਰੂ ਉਹ ਕਰਨਾ ਹੈ ਜਿਹੜਾ ਨਿਸ਼ਾ ਕਰਾ ਦੇਵੇ ਤੇ ਮੇਰੀ ਨਿਸ਼ਾ ਹੋਣੀ ਚਾਹੀਦੀ ਹੈ। ਬਾਹਰ ਰੁਕ ਗਏ, ਕਹਿੰਦੇ ਮੈਨੂੰ ਆਵਾਜ਼ ਮਾਰ ਕੇ ਅੰਦਰ ਬੁਲਾਓ। ਬੀਬੀ ਅੰਦਰ ਚਲੀ ਤੇ ਇਹ ਬਾਹਰ ਕੰਧ ਦੇ ਓਹਲੇ ਲੁਕ ਗਏ।

ਮਹਾਰਾਜ ਜੀ ਨੂੰ ਜਿਸ ਵਕਤ ਬੀਬੀ ਨੇ ਅੰਦਰ ਜਾ ਕੇ ਨਮਸ਼ਕਾਰ ਕਰਨੀ ਚਾਹੀ, ਕਹਿੰਦੇ ਬੇਟੀ! ਜਿਨ੍ਹਾਂ ਨੂੰ ਨਾਲ ਲਿਆਈਦਾ ਹੈ, ਉਨ੍ਹਾਂ ਨੂੰ ਬਾਹਰ ਛੱਡ ਕੇ ਨਹੀਂ ਆਈਦਾ। ਜਾਹ, ਲੈ ਕੇ ਆ ਉਨ੍ਹਾਂ ਨੂੰ। ਕੰਨਾਂ ਦੇ ਨਾਲ ਸੁਣ ਲਿਆ। ਕਹਿਣ ਲੱਗੇ, ਹੈਂ! ਇਹ ਤਾਂ ਸਮਰੱਥ ਗੁਰੂ ਨੇ। ਉਸ ਵੇਲੇ ਅੰਦਰ ਆ ਗਏ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਉੱਠ ਕੇ ਸਵਾਗਤ ਵਾਸਤੇ ਖੜ੍ਹੇ ਹੁੰਦੇ ਨੇ ਕਿਉਂਕਿ ਦੁਨੀਆਂ ਦੇ ਰਿਸ਼ਤੇ ਵਿੱਚ ਕੁੜਮ ਲਗਦੇ ਸੀ। ਇਨ੍ਹਾਂ ਦੇ ਧਾਅ ਕਰਕੇ ਚਰਨਾਂ ਦੇ ਉਤੇ ਆਪਣਾ ਸੀਸ ਲਗਾ ਦਿੱਤਾ। ਕਹਿੰਦੇ, ਪਾਤਸ਼ਾਹ! ਮੈਂ ਕੁੜਮ ਹੋ ਕੇ ਨਹੀਂ ਆਇਆ ਮੈਂ ਤਾਂ ਇੱਕ ਮੰਗਤਾ ਹੋ ਗਿਆ ਤੇਰੇ ਦਰ 'ਤੇ ਪਹੁੰਚਿਆ ਹਾਂ, ਕ੍ਰਿਪਾ ਕਰ, ਐਸ ਵੇਲੇ ਮੈਂ ਸਾਕ ਹੋ ਕੇ ਨਹੀਂ ਆਇਆ। ਮੈਂ ਤਾਂ ਗੁਲਾਮ ਬਣ ਕੇ ਆਇਆ ਹਾਂ, ਕ੍ਰਿਪਾ ਕਰ ਮੈਨੂੰ ਤੂੰ ਦਾਤ ਦੇ। ਉਸ ਵੇਲੇ ਇਸ ਤਰ੍ਹਾਂ ਬੇਨਤੀ ਕਰਦੇ ਨੇ –

*ਧਾਰਨਾ – ਇਹੋ ਮੇਰੀ ਓ ਬੇਨਤੀ ਗੁਰਾਂ,*
*ਮੈਨੂੰ ਮਿਲ ਜਾਏ ਨਾਮ ਅਧਾਰਾ।*
*ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥*
*ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥ ਅੰਗ – 746*

ਪਾਤਸ਼ਾਹ! ਜਨਮਾਂ-ਜਨਮਾਂਤਰਾਂ ਦਾ ਮੈਂ ਵਿਛੜਿਆ ਹੋਇਆ ਹਾਂ, ਕ੍ਰਿਪਾ ਕਰ, ਮੈਨੂੰ ਆਪਣੇ ਨਾਮ ਦੀ ਦਾਤ ਦੇ।

ਮਹਾਰਾਜ ਜੀ ਨੇ ਨਿਗ੍ਹਾ ਕੀਤੀ, ਦੇਖਿਆ ਕਿ ਪੂਰੀ ਤਰ੍ਹਾਂ ਦੇ ਨਾਲ ਜਗਿਆਸੂ, ਇਹ ਅਧਿਕਾਰ ਰੱਖਦੇ ਨੇ ਨਾਮ ਦਾ। ਨਾਮ ਜਿਹੜਾ ਹੈ ਸਾਧਸੰਗਤ ਜੀ, ਜਿੰਨੀ ਦੇਰ ਤੱਕ ਅਧਿਕਾਰੀ ਨਾ ਹੋਵੇ, ਓਨੀਂ ਦੇਰ ਤੱਕ

ਕੋਈ ਉਹਦਾ ਮਾਇਅਨਾ ਨਹੀਂ ਹੁੰਦਾ, ਇਹ ਚੀਜ਼ ਹੈ ਬਹੁਤੀ ਮਹਿੰਗੀ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥***

***ਅੰਗ - 81***

ਇਹ ਲਾਲ ਦੇ ਦਿਓ, ਮੋਤੀ ਹੀਰੇ ਹੋਣ। ਸਾਨੂੰ ਤਾਂ ਪਤਾ ਹੀ ਨਹੀਂ, ਅਸੀਂ ਉਹਨੂੰ ਕੱਚ ਦੇ ਟੁਕੜੇ ਹੀ ਸਮਝਾਂਗੇ। ਲੇਕਿਨ ਜਿਹੜਾ ਜੌਹਰੀ ਹੈ ਉਹ ਪਛਾਣਦਾ ਹੈ ਕਿ ਇਹ ਤਾਂ ਲੱਖ-ਲੱਖ ਰੁਪਈਏ ਦਾ ਇੱਕ ਹੀਰਾ ਹੈ। ਕਦਰਦਾਨ ਦੇ ਪਾਸ ਚੀਜ਼ ਜਾਵੇ ਉਹਦੀ ਕਦਰ ਹੁੰਦੀ ਹੈ। ਜੇ ਕਦਰ ਤੋਂ ਬਗੈਰ ਦੇਵੋ -

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥***

***ਅੰਗ - 1086***

ਤਾਂ ਉਹਦਾ ਮੁੱਲ ਕੋਈ ਨਹੀਂ ਹੋਇਆ ਕਰਦਾ, ਜੇ ਗਾਹਕ ਮਿਲ ਜਾਵੇ ਤੇ ਵੱਡੇ ਤੋਂ ਵੱਡੀ ਕੀਮਤ ਦੇਣ ਨੂੰ ਤਿਆਰ ਹੁੰਦਾ ਹੈ। ਉਹ ਅਧਿਕਾਰੀ ਦੇ ਗੁਣ ਕੀ ਹੁੰਦੇ ਨੇ ਸਾਧਸੰਗਤ ਜੀ। ਪਹਿਲਾਂ ਤਾਂ ਉਹਨੂੰ ਗੁਰੂ ਦੇ ਉਤੇ 100% ਭਰੋਸਾ ਹੋਣਾ ਚਾਹੀਦਾ ਹੈ ਕਿ ਮੇਰਾ ਜਿਹੜਾ ਗੁਰੂ ਹੈ ਇਹ ਵਾਹਿਗੁਰੂ ਤੇ ਇਹਦੇ ਵਿੱਚ ਫਰਕ ਨਹੀਂ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਫੇਰ ਉਹਨੂੰ ਨਾਮ ਦੀ ਮਹਿਮਾ 'ਤੇ ਪੂਰਾ ਵਿਸ਼ਵਸ਼ ਹੋਵੇ, ਮਾਤਾ ਲੋਈ ਨੇ ਕੋਹੜੀ ਨੂੰ ਤਿੰਨ ਵਾਰੀ ਰਾਮ ਕਹਾ ਦਿੱਤਾ ਸੀ ਤੇ ਕੋਹੜੀ ਦਾ ਦੁੱਖ ਦੂਰ ਹੋ ਗਿਆ। ਕਬੀਰ ਸਾਹਿਬ ਨਰਾਜ਼ ਹੋ ਗਏ, ਬੋਲਦੇ ਨਹੀਂ ਲੋਈ ਨਾਲ ਜਦੋਂ ਬਾਹਰੋਂ ਆਏ। ਬਥੇਰੀਆਂ ਮਿੰਨਤਾਂ ਕਰੀਆਂ ਕਿ ਦੱਸੋ ਤਾਂ ਸਹੀ ਰੌਲਾ ਕੀ ਪੈ ਗਿਆ -

***ਹਮ ਤੁਮ ਬੀਚੁ ਭਇਓ ਨਹੀ ਕੋਈ ॥***
***ਤੁਮਹਿ ਸੁ ਕੰਤ ਨਾਰਿ ਹਮ ਸੋਈ ॥*** ***ਅੰਗ - 484***

ਜਵਾਬ ਦਿੱਤਾ -

***ਕਹਤੁ ਕਬੀਰੁ ਸੁਨਹੁ ਰੇ ਲੋਈ ॥***
***ਅਬ ਤੁਮਰੀ ਪਰਤੀਤਿ ਨ ਹੋਈ ॥*** ***ਅੰਗ - 484***

ਮੈਨੂੰ ਤੇਰੀ ਪਰਤੀਤ ਨਹੀਂ ਰਹੀ, ਪਹਿਲਾਂ ਤੇਰੀ ਪਰਤੀਤ ਸੀ ਕਿ ਤੂੰ ਸਤਿਸੰਗ ਸੁਣਦੀ ਹੈਂ, ਸਾਧੂਆਂ ਦੇ ਦਰਸ਼ਨ ਕਰਦੀ ਹੈਂ, ਪ੍ਰਵਚਨ ਸੁਣਦੀ ਹੈਂ ਤੇ ਤੈਨੂੰ ਨਾਮ ਦੀ ਮਹਿਮਾ ਦਾ ਪਤਾ ਲੱਗ ਗਿਆ ਹੋਵੇਗਾ। ਲੇਕਿਨ ਅਫਸੋਸ! ਤੈਨੂੰ ਤਾਂ ਨਾਮ ਦੀ ਮਹਿਮਾ ਦਾ ਹੀ ਨਹੀਂ ਪਤਾ।

***ਧਾਰਨਾ - ਲੋਈਏ ਰਾਮ ਪਿਆਰੀਏ,***
***ਤੈਂ ਰਾਮ ਸਵੱਲੜਾ ਲਾਇਆ।***

*ਤਿੰਨ ਵਾਰੀ ਰਾਮ ਕਹਾ ਕੇ,*
*ਰੋਗੀ ਦਾ ਰੋਗ ਹਟਾਇਆ।*

ਕਹਿਣ ਲੱਗੀ, ਮਹਾਰਾਜ! ਆਪ ਨਰਾਜ਼ ਕਿਉਂ ਹੋ ਗਏ?

ਕਹਿਣ ਲੱਗੇ, ਲੋਈ! ਮੈਨੂੰ ਤੇਰੀ ਪਰਤੀਤ ਨਾ ਰਹੀ, ਤਾਂ ਨਰਾਜ਼ ਹਾਂ। ਐਨਾ ਸਸਤਾ? ਤੂੰ ਇੱਕ ਵਾਰੀ ਰਾਮ ਕਹਾਉਂਦੀ, ਤੈਨੂੰ ਨਾਮ ਦੀ ਮਹਿਮਾ ਦਾ ਨਹੀਂ ਸੀ ਪਤਾ?

ਕਹਿੰਦੀ, ਮਹਾਰਾਜ! ਮੇਰੀ ਬੇਨਤੀ ਸੁਣੋ। ਪਹਿਲੀ ਵਾਰੀ ਮੈਂ ਰਾਮ ਕਹਾਇਆ, ਇਹਦੇ ਜਿੰਨੇ ਪਾਪ ਸੀ ਜਨਮਾਂ-ਜਨਮਾਤਰਾਂ ਦੇ ਉਹ ਕੱਟ ਦਿਤੇ। ਕਰੋੜਾਂ ਕਰਮਾਂ ਦਾ ਨਾਸ਼ ਪ੍ਰਮੇਸ਼ਰ ਦਾ ਨਾਮ ਕਰਦਾ ਹੈ। ਦੂਸਰਾ ਰਾਮ ਮੈਂ ਕਹਾਇਆ ਇਹਦੇ ਰੋਗ ਕੱਟੇ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - 274*

ਉਹ ਮੈਂ ਦਵਾਈ ਦੇ ਤੌਰ 'ਤੇ ਕਹਾਇਆ, ਤੀਸਰਾ ਰਾਮ ਜਿਹੜਾ ਮੈਂ ਕਹਾਇਆ ਉਹ ਮੈਂ ਨਾਮ ਦਿੱਤਾ ਹੈ ਤਾਂ ਕਿ ਮੁੜ ਕੇ ਪਾਪਾਂ 'ਚ ਪ੍ਰਵਿਰਤ ਨਾ ਹੋ ਜਾਏ। ਖੁਸ਼ ਹੋ ਗਏ, ਕਹਿੰਦੇ ਠੀਕ ਹੈ।

ਸੋ ਇਸ ਤਰ੍ਹਾਂ ਨਾਮ ਦੀ ਮਹਿਮਾ 'ਤੇ ਵਿਸ਼ਵਾਸ਼ ਨਾ ਹੋਵੇ, ਕਬੀਰ ਸਾਹਿਬ ਕਹਿੰਦੇ ਨੇ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੁ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ - 1365*

ਮੁੱਲ ਦੇਣ ਵਾਲਾ ਕੋਈ ਨਹੀਂ ਹੈ। ਸੋ ਤੀਸਰਾ ਹੁੰਦਾ ਹੈ ਨਾਮ ਦੀ ਮਹਿਮਾ 'ਤੇ ਵਿਸ਼ਵਾਸ਼ ਹੋਣਾ। ਚੌਥਾ ਹੁੰਦਾ ਹੈ ਆਪਣੇ ਗੁਰਮੰਤ੍ਰ 'ਤੇ ਭਰੋਸਾ। ਗੁਰਮੰਤ੍ਰ ਸਾਰੇ ਹੀ ਤਾਰਨ ਦੀ ਸਮਰੱਥਾ ਰੱਖਦੇ ਨੇ। ਬੇੜੀਆਂ ਸਭ ਤਾਰ ਦਿੰਦੀਆ ਨੇ ਪਰ ਮਲਾਹ ਦੇ ਹੱਥ ਟੂੰਡੇ ਨਾ ਹੋਣ, ਨੇਤਰ ਉਹਦੇ ਸਹੀ ਹੋਣ, ਅਨੁਭਵ ਦਾ ਪੂਰਾ ਹੋਵੇ, ਜੇ ਮਲਾਹ ਦੇ ਹੱਥ ਨਹੀਂ ਚੱਪੂ ਕਿਵੇਂ ਚਲਾਏਗਾ। ਨੇਤਰ ਨਹੀਂ ਹੈ ਤਾਂ ਕੰਢੇ ਨਹੀਂ ਲਾ ਸਕਦਾ। ਜੇ ਅਨੁਭਵ ਨਹੀਂ ਹੈ ਤਾਂ ਘੁੰਮਣ-ਘੇਰੀਆਂ 'ਚ ਡੁਬੋ ਦਏਗਾ ਕਿਸ਼ਤੀ। ਨਾਮ ਸਾਰੇ ਹੀ ਤਾਰਨ ਨੂੰ ਸਮਰੱਥ ਹੈ। ਹੇ ਵਾਹਿਗੁਰੂ! ਤੇਰੇ ਜਿੰਨੇ ਨਾਮ ਨੇ ਅਸੀਂ ਬਲਿਹਾਰ ਜਾਂਦੇ ਹਾਂ। ਸੋ ਆਪਣੇ ਨਾਮ 'ਤੇ ਜੋ ਮੰਤਰ ਮਿਲਿਆ ਹੈ ਉਹਦੇ ਉਤੇ ਭਰੋਸਾ ਰੱਖਣਾ। ਫੇਰ ਸੇਵਾ ਲਈ ਚਾਓ ਹੋਵੇ ਅੰਦਰ, ਕਹਿਣਾ ਨਾ ਪਵੇ ਕਿ ਆ ਭਾਈ! ਸੇਵਾ ਕਰ ਦਰੀਆਂ ਝਾੜ, ਨੱਠ ਨੱਠ ਕੇ ਸੇਵਾ ਕਰੇ। ਦੌੜ-ਦੌੜ ਕੇ ਲੰਗਰ ਵਰਤਾਵੇ, ਦੌੜ-ਦੌੜ ਕੇ ਬਰਤਨ ਚੁੱਕੇ। ਚਾਓ ਹੋਵੇ ਹਿਰਦੇ ਦੇ ਅੰਦਰ, ਕਮਾਈ ਲਈ ਉਦਮ ਹੋਵੇ। ਇਹ ਨਹੀਂ ਰਜਾਈ ਲੈ ਕੇ ਪਿਆ, ਖੇਸ ਲੈ ਕੇ ਪੈ ਗਿਆ, ਹਵਾ ਪੁਰੇ ਦੀ ਚੱਲਣ ਲੱਗ ਗਈ ਕਹਿੰਦਾ ਅੱਜ ਦਿਨ ਚੜ੍ਹੇ ਹੀ ਨਾਮ ਫੇਰ ਜਪ ਲਵਾਂਗੇ। ਉੱਦਮ ਹੋਣਾ ਚਾਹੀਦਾ ਹੈ ਅੰਦਰ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*

*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ - 305*

ਉਦਮ ਕਰਕੇ ਇਸ਼ਨਾਨ ਕਰੇ, ਸੋ ਉਹਦੇ ਵਿੱਚ ਉੱਦਮ ਹੋਣਾ ਚਾਹੀਦਾ ਹੈ। ਵਾਹਿਗੁਰੂ 'ਤੇ ਭਰੋਸਾ ਹੋਣਾ ਚਾਹੀਦਾ ਹੈ ਕਿ ਵਾਹਿਗੁਰੂ ਮੇਰੇ ਅੰਗ ਸੰਗ ਹੈ ਮੇਰੇ ਨਾਲ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ਅੰਗ - 677*

ਮੈਂ ਹੁਣ ਨਾਮ ਜਪਣ ਲੱਗ ਗਿਆ, ਉਹ ਮੈਨੂੰ ਦੇਖਦਾ ਹੈ। ਜੇ ਮੇਰਾ ਮਨ ਨੱਠਿਆ ਬੇਅਦਬੀ ਹੋ ਜਾਏਗੀ। ਸੋ ਭੈ ਦੀਆਂ ਸਲਾਈਆਂ ਦੇਣੀਆਂ ਨੇ -

*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥*
*ਅੰਗ - 722*

ਪਿਆਰ ਦਾ ਸ਼ਿੰਗਾਰ ਕਰਕੇ ਬੈਠਣਾ ਹੈ ਪ੍ਰਮੇਸ਼ਰ ਮੂਹਰੇ। ਅਦਬ ਦੀਆਂ ਸਲਾਈਆਂ ਦੇਣੀਆਂ ਨੇ। ਜੇ ਮਨ ਦੌੜਦਾ ਹੈ ਫੇਰ ਅਦਬ ਤਾਂ ਨਾ ਰਿਹਾ ਨਾ ਉਹਦਾ, ਜਾਣਦਾ ਹੈ ਕਿ ਮਨ ਦੌੜਿਆ ਫਿਰਦਾ ਹੈ। ਫੇਰ ਹਿੰਸਾ ਦੂਸਰੇ ਦਾ ਨੁਕਸਾਨ ਮਨ ਨਾਲ, ਸਰੀਰ ਨਾਲ, ਬਚਨ ਨਾਲ, ਬੁੱਧੀ ਨਾਲ, ਆਤਮ ਸ਼ਕਤੀ ਦੇ ਨਾਲ ਨੁਕਸਾਨ ਕਰਨਾ। ਝੂਠ, ਚੋਰੀ, ਨਿੰਦਾ ਚੁਗਲੀ, ਈਰਖਾ ਇਨ੍ਹਾਂ ਦਾ ਤਿਆਗ ਪੂਰੀ ਤਰ੍ਹਾਂ ਚਾਹੀਦਾ ਹੈ ਤੇ ਧਾਰਨ ਕਰਨੀਆਂ ਚਾਹੀਦੀਆਂ ਨੇ, ਧੀਰਜ, ਖਿਮਾ, ਦਇਆ, ਹਿਰਦਾ ਕੋਮਲ ਹੋਣਾ ਚਾਹੀਦਾ ਹੈ। ਆਹਾਰ ਦੀ ਮਰਿਆਦਾ ਹੋਵੇ -

*ਅਲਪ ਆਹਾਰ ਸੁਲਪ ਸੀ ਨਿੰਦ੍ਰਾ।*

ਗੁਰੂ ਨਾਨਕ ਸਾਹਿਬ ਮਹਾਰਾਜ ਨੂੰ ਪੁੱਛਿਆ ਕਿ ਅਹਾਰ ਕਿੰਨਾ ਖਾਣਾ ਚਾਹੀਦਾ ਹੈ?

ਕਹਿੰਦੇ, ਕਿੰਨੀ ਭੁੱਖ ਹੈ?

ਕਹਿੰਦੇ, ਚਾਰ ਰੋਟੀ ਦੀ।

ਕਹਿੰਦੇ, ਤਿੰਨ ਖਾਇਆ ਕਰ।

ਹਮੇਸ਼ਾ ਭੁੱਖ ਰੱਖ ਕੇ ਖਾਓ, ਸਾਦਾ ਖਾਣਾ ਖਾਓ।

*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*
*ਅੰਗ - 16*

ਤਨ ਪੀੜਨ ਲੱਗ ਜਾਵੇ, ਪੇਟ ਭਰ ਲਵੇ ਉਪਰ ਤੱਕ ਤੇ ਫੇਰ ਮਨ ਦੇ ਅੰਦਰ ਵਿਕਾਰ ਚੱਲ ਪੈਣ। ਰਜੋ ਗੁਣੀ ਤੇ ਤਮੋ ਗੁਣੀ ਖਾਣਾ ਖਾ ਲਵੇ ਤੇ ਉਹਦਾ ਅਸਰ ਰਹਿੰਦਾ ਹੈ। ਜਿਹੜਾ ਖਾਣਾ ਅਸੀਂ ਅੱਜ ਖਾਂਦੇ ਹਾਂ, ਇਹਦਾ ਬਾਰ੍ਹਾਂ ਸਾਲ ਸਾਡੇ ਸੈਲਾਂ 'ਚ ਅਸਰ ਰਹੇਗਾ। ਕਿੰਨੀ ਮਾੜੀ ਚੀਜ਼

ਹੈ। ਪਹਿਲਾਂ ਹੀ ਸੋਚ ਕੇ ਖਾਓ। ਮਰਿਆਦਾ ਦੇ ਵਿੱਚ ਆਹਾਰ ਹੋਵੇ, ਆਹਾਰ ਦੀ ਮਰਿਆਦਾ ਹੋਵੇ, ਫੇਰ ਪਵਿੱਤਰਤਾ ਹੋਵੇ, ਸਰੀਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬੋਲ ਦੀ ਪਵਿੱਤਰਤਾ, ਫਿੱਕਾ ਨਾ ਬੋਲੇ, ਮਨ ਦੀ ਪਵਿੱਤਰਤਾ, ਮਨ ਨੂੰ ਕਦੇ ਗੰਦਾ ਨਾ ਕਰੇ, ਹਮੇਸ਼ਾ ਇਹ ਕੇ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਜੇ ਮਨ ਪਵਿੱਤਰ ਹੋਏਗਾ ਤਾਂ ਕਹੇਗਾ। ਜੇ ਮਨ ਪਵਿੱਤਰ ਨਹੀਂ ਹੈ, ਤਾਂ ਦਿਲੋਂ ਨਹੀਂ ਕਹਿ ਸਕਦਾ ਕਿਉਂਕਿ ਦੁਸ਼ਮਣਾਂ ਦੀ ਲਾਈਨ ਮੂਹਰੇ ਲੱਗ ਜਾਣੀ ਹੈ ਕਿ ਇਨ੍ਹਾਂ ਦਾ ਵੀ ਭਲਾ। ਫੇਰ ਗੁਰੂ ਦੀ ਬਾਣੀ ਉਤੇ ਭਰੋਸਾ, ਸੰਤੋਖ ਧਾਰਨ ਕਰੇ। ਅੱਖਾਂ ਦਾ ਸੰਤੋਖ, ਕੰਨਾਂ ਦਾ ਸੰਤੋਖ। ਰਸਨਾ ਦਾ ਸੰਤੋਖ, ਯਥਾ ਲਾਭ ਸੰਤੁਸ਼ਟੇ। ਕਮਾਈ ਦਾ ਸੰਤੋਖ, ਦਾਨ ਹੋਵੇ, ਸਾਂਤਕੀ ਬਿਰਤੀ ਰੱਖੇ, ਨਿਤਨੇਮ ਦਾ ਪੱਕਾ ਹੋਵੇ। ਇਸ ਤਰ੍ਹਾਂ ਦੇ ਤਨ ਹੰਗਤਾ ਦਾ ਤਿਆਗ ਕਰੇ, ਇਹ ਨਾ ਕਰੇ ਕਿ ਮੇਰੀ ਜਾਤ ਉੱਚੀ ਹੈ, ਮੈਂ ਫਲਾਣਾ, ਮੈਂ ਉੱਚਾ ਮੈਂ ਫਲਾਣੇ ਖਾਨਦਾਨ ਨਾਲ ਸਬੰਧ ਰੱਖਦਾ ਹਾਂ। ਤੂੰ ਤਾਂ ਨਹੀਂ ਰੱਖਦਾ, ਤੇਰਾ ਤਨ ਰੱਖਦਾ ਹੈ। ਤਨ ਦੀ ਹੰਗਤਾ ਤੋੜ। ਫੇਰ ਪਾਖੰਡ ਦਾ, ਪ੍ਰਭਤਾ ਦਾ, ਮਾਣ ਦਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਨ੍ਹਾਂ ਦਾ ਤਿਆਗ। ਇਸ ਤੋਂ ਬਾਅਦ ਪ੍ਰਮੇਸ਼ਰ ਦੇ ਨਾਮ ਨੂੰ ਰੋਟੀ ਖਾਣ ਵਾਸਤੇ ਨਾ ਵਰਤੇ। ਮੁੱਲ ਨਾ ਵੇਚੇ ਕਿਸੇ ਨੂੰ ਵੀ, ਕਿਸੇ ਕੀਮਤ ਤੇ ਵੀ। ਇਹਦੇ ਨਾਲ ਆਪਣੀ ਮਹਿਮਾ ਨਾ ਕਰਾਵੇ। ਸੋ ਐਨੇ ਗੁਣ ਹੋਣ ਤਾਂ ਕਹਿੰਦੇ ਗਾਹਕ ਹੋਇਆ ਕਰਦਾ ਹੈ। ਜੇ ਗਾਹਕ ਤੋਂ ਬਗੈਰ ਵੇਚ ਦਿਓ –

*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥*
*ਅੰਗ – 1086*

ਸੋ ਮਹਾਰਾਜ ਨੇ ਦੇਖਿਆ ਕਿ ਜਗਿਆਸੂ ਪੂਰਾ ਹੋਵੇ, ਬੱਤੀ ਹੋਵੇ, ਤੇਲ ਦਾ ਭਰਿਆ ਹੋਇਆ ਦੀਵਾ ਹੋਵੇ, ਜਗਦੇ ਦੀਵੇ ਦੇ ਨਾਲ ਲਾ ਦਿਓ, ਉਸੇ ਵੇਲੇ ਜਗ ਜਾਂਦਾ ਹੈ।

ਉਸ ਵੇਲੇ ਬਾਬਾ ਅਮਰਦਾਸ ਜੀ ਦੇ ਉਤੇ ਦਇਆ ਦ੍ਰਿਸ਼ਟੀ ਕੀਤੀ। ਨਦਰ ਕਰ ਦਿੱਤੀ। ਸੀਸ 'ਤੇ ਹੱਥ ਰੱਖ ਦਿੱਤਾ। ਸੀਸ ਤੇ ਹੱਥ ਰੱਖਣ ਦੀ ਦੇਰ ਸੀ, ਉਸੇ ਵੇਲੇ ਸਰੀਰ ਜਿਹੜਾ ਸੀ ਉਹ wash (ਸਾਫ) ਹੋ ਗਿਆ –

*ਧਾਰਨਾ – ਵਿਚੋਂ ਮਾਰ ਕੱਢੀਆਂ ਬੁਰਿਆਈਆਂ,*
*ਗੁਰਾਂ ਨੇ ਸਿਰ 'ਤੇ ਹੱਥ ਰੱਖ ਕੇ।*
*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥* *ਅੰਗ – 473*

ਕਿੰਨੀਆਂ ਬੁਰਿਆਈਆਂ ਨੇ ਸਾਡੇ ਸਿਰ ਦੇ ਵਿੱਚ, ਭਰੇ ਪਏ ਹਾਂ

ਬੁਰਿਆਈਆਂ ਦੇ ਨਾਲ, ਸ਼ਰਾਬਾਂ, ਕਬਾਬਾਂ ਜੂਏ, ਕਿੱਡੇ-ਕਿੱਡੇ, ਮਾੜੇ-ਮਾੜੇ ਕੰਮ ਨੇ। ਸ਼ਰਾਬ ਪੀ ਕੇ ਯਾਦਵਾਂ ਨੇ ਸਾਰੀ ਕੁਲ ਦਾ ਨਾਸ਼ ਕਰਾ ਲਿਆ। ਕਿੱਡੀ ਬੁਰਿਆਈ ਹੈ, ਜੂਆ ਖੇਡ ਕੇ ਪਾਂਡਵਾਂ ਨੇ 45 ਲੱਖ ਬੰਦਾ ਸੀ ਲੜਾਈ 'ਚ, 18 ਕੂਹਣੀਆਂ, 18 ਦਿਨਾਂ ਦੇ ਅੰਦਰ 45 ਲੱਖ ਜੁਆਨ ਮਰਵਾ ਦਿੱਤਾ, ਕਾਹਦਾ ਨਤੀਜਾ ਸੀ, ਜੂਆ ਖੇਲ੍ਹਣ ਦਾ। ਜੂਆ ਖੇਲ੍ਹੇ ਦਰੋਪਤੀ ਹਾਰੀ, ਉਥੋਂ ਵੈਰ ਚੱਲ ਪਿਆ। ਬਨਵਾਸ ਕੱਟੇ ਦੁੱਖ ਪਾਏ, ਬੁਰਿਆਈਆਂ ਨੇ। ਨਿੰਦਿਆ ਕਰਨੀ, ਨਿੰਦਿਆ ਕਰਨੀ ਕਿੰਨੀ ਬੁਰਿਆਈ ਹੈ ਮਹਾਰਾਜ ਕਹਿੰਦੇ-

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਕੁੰਭੀ ਨਰਕ 'ਚ ਲੈ ਜਾਂਦੀ ਹੈ। ਕਿੱਡੀ ਵੱਡੀ ਬੁਰਿਆਈ ਹੈ, ਈਰਖਾ ਕਿੱਡੀ ਵੱਡੀ ਬੁਰਿਆਈ ਹੈ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - 308***

ਦਾਨ ਕਰ ਲਏ, ਪੁੰਨ ਕਰ ਲਏ, ਜੇ ਈਰਖਾ ਉਹਦੇ ਮਨ 'ਚ ਵਸਦੀ ਹੈ ਉਹਦਾ ਭਲਾ ਨਹੀਂ ਹੋ ਸਕਦਾ। ਸੋ ਮਹਾਰਾਜ ਨੇ ਸੀਸ 'ਤੇ ਹੱਥ ਰੱਖ ਕੇ ਸਾਰਾ purify (ਸ਼ੁਧ) ਕਰ ਦਿੱਤਾ, ਸਾਫ ਕਰ ਦਿੱਤਾ, ਕੋਈ ਬੁਰਿਆਈ ਨਾ ਰਹਿਣ ਦਿੱਤੀ।

ਉਸ ਵੇਲੇ ਕਹਿਣ ਲੱਗੇ, ਬਾਬਾ ਅਮਰਦਾਸ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ!

ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਐਸੀ ਝਰਨਾਹਟ ਚੱਲੀ ਜਿਵੇਂ ਬਿਜਲੀ ਦੀ ਕਰੰਟ ਲਗਦੀ ਹੈ। ਸੰਭਲੀ ਨਹੀਂ ਜਾਂਦੀ, ਸਰੀਰ ਝੁਣਝੁਣੀਆਂ ਲੈਂਦਾ ਹੈ। ਇੱਕ ਪ੍ਰਕਾਸ਼ ਹੋਇਆ ਅੰਦਰ ਝਟਕਾ ਵੱਜਿਆ ਤੇ ਉਹ ਦੁਆਰਾ ਜਿਹੜਾ ਖੁਲ੍ਹਦਾ ਨਹੀਂ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਅੰਗ - 954***

ਉਹ ਦੁਆਰ ਖੁਲ੍ਹ ਗਿਆ ਤੇ ਦੁਆਰ ਖੁਲ੍ਹਦੇ ਸਾਰ ਜਿਹੜਾ ਨਾਮ ਮੁੱਖ ਤੋਂ ਹੋਇਆ, ਹੈਰਾਨ ਹੋ ਗਏ ਕਿ ਉਹ ਤਾਂ ਇੱਕ ਲਗਾਤਾਰ ਧੁਨ ਦੇ ਨਾਲ ਅੰਦਰ ਵੱਜ ਰਿਹਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਖੁਲ੍ਹਿਆ ਦਸਮ ਦੁਆਰਾ,***
***ਲੱਗੀ ਸਹਿਜ ਸਮਾਧੀ ਐ।***

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***

***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥***
***ਅੰਗ - 1414***
***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***
***ਅੰਗ - 106***

ਸਮਾਧੀ ਲੱਗ ਗਈ। ਇੱਕ ਪਾਸੇ ਹੋ ਕੇ ਬੈਠ ਗਏ, ਦਿਨ ਲੰਘ ਗਿਆ, ਰਾਤ ਲੰਘ ਗਈ, ਅੰਮ੍ਰਿਤ ਵੇਲਾ ਹੋ ਆਇਆ। ਸਾਵਧਾਨ ਹੋਏ, ਇਸ਼ਨਾਨ ਕਰਿਆ, ਫੇਰ ਬੈਠ ਗਏ। ਉਹ ਨਾਮ ਹੀ ਸੁਣਨ ਤੋਂ ਨਹੀਂ ਹੱਟਦਾ। ਐਸਾ ਅਨੰਦ ਆਇਆ ਕਿ ਨੇਤਰ ਨਹੀਂ ਖੋਲ੍ਹਦੇ। ਫੇਰ ਆਪ ਦੇ ਮਨ ਵਿੱਚ ਖਿਆਲ ਆਇਆ ਕਿ ਇੱਥੇ ਤਪ ਕਿਵੇਂ ਕਰਦੇ ਨੇ। ਜਾ ਕੇ ਸ੍ਰੀ ਮਾਨ ਨੂੰ ਪੁੱਛਿਆ ਉਹ ਕਹਿਣ ਲੱਗੇ, ਬਾਬਾ ਅਮਰਦਾਸ! ਗੁਰੂ ਘਰ ਦੇ ਵਿੱਚ ਧੂਣੀਆਂ ਨਹੀਂ ਤਾਪਦੇ, ਜਲ ਧਾਰੇ ਨਹੀਂ ਕਰਦੇ, ਪੁੱਠੇ ਨਹੀਂ ਲਟਕਦੇ, ਇੱਥੇ ਚਿਲ੍ਹੇ ਨਹੀਂ ਕਟਾਏ ਜਾਂਦੇ ਕਿਉਂਕਿ ਹੋਰ ਧਰਮਾਂ ਦੇ ਅੰਦਰ ਪੁੱਠੇ ਲਟਕਦੇ ਸੀ।

ਬਾਬਾ ਫਰੀਦ ਬੜੀ ਦੇਰ ਖੂਹ 'ਚ ਲਟਕਦਾ ਰਿਹਾ, ਇਹਨੂੰ ਚਿੱਲ੍ਹਾ-ਏ-ਮਾਕੂਸ ਕਹਿੰਦੇ ਨੇ। ਚਾਲੀ ਦਿਨ ਵਾਸਤੇ ਲਟਕਾ ਦੇਣਾ, ਲਾਹ ਲੈਣਾ, ਅੱਠਾਂ ਪਹਿਰਾਂ 'ਚ ਜਿੰਨਾਂ ਖੂਨ ਸਿਰ 'ਚ ਚੜ੍ਹਿਆ ਉਹਨੂੰ ਦੱਬ-ਦੱਬ ਕੇ, ਖਿੱਚ-ਖਿੱਚ ਕੇ ਫੇਰ ਸਰੀਰ 'ਚ ਲਿਆਉਣਾ। ਜੇ ਚਾਲੀ ਦਿਨ ਕੱਟ ਲਏ ਉਹਨੂੰ ਕੁਤਬ ਦਾ ਦਰਜਾ ਮਿਲਦਾ ਸੀ।

ਕਹਿਣ ਲੱਗੇ, ਐਸੀ ਕਿਰਿਆ ਗੁਰੂ ਘਰ 'ਚ ਨਹੀਂ। ਗੁਰੂ ਘਰ 'ਚ ਤਾਂ ਸਿਮਰਨ ਤੇ ਨਾਲ ਸੇਵਾ। ਉਸੇ ਵੇਲੇ ਸੇਵਾ ਵਾਸਤੇ ਆਪ ਨੇ ਲੱਕ ਬੰਨ੍ਹ ਲਿਆ। ਜਲ ਲਿਆਉਂਦੇ ਨੇ, ਬਰਤਨ ਮਾਂਜਦੇ ਨੇ, ਝਾੜੂ ਦਿੰਦੇ ਨੇ, ਵਸਤਰ ਧੋਂਦੇ ਨੇ, ਬੇਅੰਤ ਸੇਵਾ ਕਰਨ ਲੱਗ ਗਏ। ਹਰ ਵਕਤ ਸੇਵਾ ਕਰਦੇ ਨੇ। ਇੱਕ ਸਕਿੰਟ ਵਾਸਤੇ ਟਿੱਕ ਕੇ ਨਹੀਂ ਬੈਠਦੇ। ਉਸ ਤੋਂ ਇਲਾਵਾ ਗੁਰੂ ਮਹਾਰਾਜ ਦੇ ਇਸ਼ਨਾਨ ਵਾਸਤੇ ਆਪ ਬਿਆਸਾ ਨਦੀ ਦੇ ਕੰਢੇ ਜਾਂਦੇ, ਨੌਂ ਕਿਲੋਮੀਟਰ ਸੀ। ਉਸ ਤੋਂ ਅੱਧ ਤੱਕ ਚਾਰ ਕਿਲੋਮੀਟਰ ਪਿਛਲ ਖੋੜੀ ਜਾਂਦੇ ਨੇ। ਉਥੇ ਜਾ ਕੇ ਕਟੀ ਫਟੀ ਜ਼ਮੀਨ, ਉਥੇ ਅਰਦਾਸ ਕਰਦੇ ਨੇ, ਹੇ ਗੁਰੂ ਪਾਤਸ਼ਾਹ! ਮੇਰੀ ਪਿੱਠ ਹੋਣ ਲੱਗੀ ਹੈ ਤੇਰੇ ਵਲ, ਭੁੱਲ ਦੀ ਖਿਮਾ ਕਰੀਂ, ਕ੍ਰਿਪਾ ਕਰੀਂ। ਸੱਤਰ ਸਾਲ ਤੋਂ ਉਤੇ ਉਮਰ ਹੈ ਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਬਹੁਤ ਕਰੜੀ ਘਾਲ ਲੈ ਲਈ, ਸੌਣਾ ਤਿਆਗ ਦਿੱਤਾ। ਨੇਤਰ ਭਰ ਕੇ ਮੋਟੇ-ਮੋਟੇ ਹੋ ਗਏ। ਪੈਰ ਫਟ ਗਏ ਸਾਰੇ, ਬਿਆਈਆਂ ਫਟੀਆਂ ਹੋਈਆਂ ਨੇ, ਕੋਈ ਪਰਵਾਹ ਨਹੀਂ ਹੈ, ਖੂਨ ਨਿਕਲ ਰਿਹਾ ਹੈ ਪੈਰਾਂ 'ਚੋਂ, ਹੱਥਾਂ 'ਚੋਂ ਖੂਨ ਨਿਕਲ ਰਿਹਾ ਹੈ, ਪਾਣੀ ਲੱਗ ਗਿਆ। ਲੇਕਿਨ ਕੋਈ ਵੀ ਧਿਆਨ ਨਹੀਂ ਦਿੰਦੇ। ਹਰ ਵਕਤ ਰਹਿੰਦਾ ਹੈ ਕਿ ਮੈਂ ਛੇਤੀ ਤੋਂ ਛੇਤੀ ਸੇਵਾ ਕਰਕੇ ਗੁਰੂ ਨੂੰ ਰਿਝਾ ਲਵਾਂ, ਕਿਉਂਕਿ ਗੁਰੂ ਨੂੰ ਰਿਝਾਉਣ ਵਾਸਤੇ ਸਭ ਕੁਛ ਦੇਣਾ ਪੈਂਦਾ ਹੈ। ਫੇਰ ਗੁਰੂ ਰੀਝਦਾ ਹੈ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਗੁਰਾਂ ਨੂੰ ਮਨਾਂ ਲਈਏ,***

***ਤਨ ਮਨ ਧਨ ਦੇ ਕੇ।***

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥***
***ਅੰਗ - 918***

ਹੁਕਮ ਦੀ ਮੰਨਣ ਲੱਗ ਜਾਓ, ਮਹਾਰਾਜ ਕਹਿੰਦੇ ਫੇਰ ਵਾਹਿਗੁਰੂ ਮਿਲ ਜਾਏਗਾ।

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***
***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***
***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ - 286***

ਸੋ ਆਪ ਦਿਨ ਰਾਤ ਸੇਵਾ ਕਰ ਰਹੇ ਨੇ ਏਧਰਲੇ ਪਾਸੇ ਲੋਕਾਂ ਨੇ ਬੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਾਰੇ ਪ੍ਰੇਮੀ ਨਹੀਂ ਹੁੰਦੇ, ਸਾਰੇ ਗੁਰੂਆਂ ਦੀ ਕਦਰ ਨਹੀਂ ਸੀ ਜਾਣਦੇ। ਜਿੱਥੇ ਗੁਰੂ ਅੰਗਦ ਸਾਹਿਬ ਰਹਿੰਦੇ ਸੀ ਉਥੇ ਵੀ ਇੱਕ ਤਪਾ ਰਹਿੰਦਾ ਸੀ, ਜਿਹੜਾ ਗੁਰੂ ਮਹਾਰਾਜ ਨਾਲ ਬਹੁਤ ਲਗਦਾ ਸੀ। ਉਥੇ ਹੀ ਚੌਧਰੀ ਮਲੂਕਾ ਰਹਿੰਦਾ ਸੀ, ਨਹੀਂ ਉਹ ਮੰਨਦੇ ਸੀ, ਮਾੜੇ ਭਾਗ ਸੀ ਉਨ੍ਹਾਂ ਦੇ। ਉਸ ਵੇਲੇ ਤਾਅਨੇ ਦਿੰਦੇ ਸੀ ਕਿ ਦੇਖੋ ਜੀ, ਆਹ ਇਹਨੇ ਕੁਚਾਲਾ ਫੜਿਆ ਹੈ, ਬੁੜ੍ਹਾ ਹੋ ਕੇ ਕੀ ਕਰਨ ਲੱਗਿਆ ਹੈ, ਆਹ ਦੇਖੋ ਕਿਹੋ ਜਿਹੀ ਸ਼ਕਲ ਬਣਾਈ ਹੈ, ਕਿਹੋ ਜਿਹਾ ਬੰਦਾ ਹੈ, ਕੁੜਮ ਲਗਦਾ ਹੈ ਤੇ ਆ ਕੇ ਕੁੜੀ ਵਾਲਿਆਂ ਦੇ ਘਰ ਰੋਟੀ ਖਾਂਦਾ ਹੈ। ਬੜੇ ਮਿਹਣੇ ਮਾਰੇ। ਆਪ ਇੱਕ ਗੱਲ ਨਹੀਂ ਸੁਣਦੇ। ਕੰਨਾਂ ਤੋਂ ਬੋਲੋ ਹੋਏ-ਹੋਏ ਨੇ, ਨਹੀਂ ਸੁਣਨੀ ਦੁਨੀਆਂ ਦੀ ਗੱਲ। ਨੇਤਰਾਂ ਨਾਲ ਕੋਈ ਚੀਜ਼ ਨਹੀਂ ਦੇਖਦੇ, ਜੇ ਦੇਖਦੇ ਨੇ ਤਾਂ ਕੇਵਲ ਗੁਰੂ ਦਾ ਧਿਆਨ ਰਹਿੰਦਾ ਹੈ। ਇਸ ਤਰ੍ਹਾਂ ਆਪ ਨੂੰ ਛੇ ਮਹੀਨੇ ਬਾਅਦ ਇੱਕ ਪਟਕਾ ਮਿਲ ਜਾਂਦਾ ਹੈ, ਉਹ ਸਿਰ 'ਤੇ ਹੀ ਬੰਨ੍ਹ ਲੈਂਦੇ ਨੇ, ਪਹਿਲੇ ਦੇ ਉਤੇ ਹੀ, ਉਹ ਬੰਨ੍ਹਦੇ-ਬੰਨ੍ਹਦੇ ਐਨਾ ਭਾਰਾ ਹੋ ਗਿਆ, ਇਤਿਹਾਸ 'ਚ ਲਿਖਿਆ ਹੈ ਕਿ ਜਦੋਂ ਲਾਹਿਆ ਤਾਂ ਛੇ ਸੇਰ ਦਾ ਸੀ, ਰੱਸੀਆਂ ਨਾਲ ਬੰਨ੍ਹਿਆਂ ਹੋਇਆ ਸੀ, ਗੁਰੂ ਦੀ ਦਾਤ ਸਮਝ ਕੇ ਬੰਨ੍ਹ ਕੇ ਰੱਖਦੇ ਸੀ। ਦਿਨ ਰਾਤ ਸੇਵਾ ਕਰਦੇ ਸੀ। ਸਮਾਂ ਬੀਤਦਾ ਗਿਆ, ਗੁਰੂ ਅੰਗਦ ਸਾਹਿਬ ਨੇ ਇੱਕ ਦਿਨ ਬੁਲਾਏ ਨੇ, ਮੁੜ ਕੇ ਬੁਲਾਏ ਹੀ ਨਹੀਂ ਹਨ। ਸਾਡੇ ਤਾਂ ਜੇ ਮਾੜਾ ਜਿਹਾ ਨਾ ਬੋਲੋ, ਚਾਪਲੂਸੀ ਨਾ ਕਰੋ ਤਾਂ ਅਸੀਂ ਤਾਂ ਕਹਿੰਦੇ ਹਾਂ ਕਿ ਮੈਂ ਏਥੇ ਤਾਂ ਆਇਆ ਸੀ ਨਾਮ ਜਪਣ ਵਾਸਤੇ, ਮੈਨੂੰ ਤਾਂ ਬੁਲਾਉਂਦਾ ਹੀ ਨਹੀਂ ਕੋਈ। ਕਿਉਂਕਿ ਸਾਡਾ ਪ੍ਰੇਮ ਨਹੀਂ ਹੈ ਪੂਰਾ, ਬੈਰਾਗ ਨਹੀਂ ਹੈ, ਅੰਦਰ ਲਗਨ ਪੂਰੀ ਨਹੀਂ ਹੈ। ਅਸੀਂ ਮਾਣ ਲੈ ਕੇ ਆਉਂਦੇ ਹਾਂ ਜੀਉਂਦੇ ਆਉਂਦੇ ਹਾਂ। ਗੁਰੂ ਕਹਿੰਦਾ ਹੈ ਕਿ ਜੇ ਤੂੰ ਮੇਰੇ ਕੋਲ ਆਉਣਾ ਹੈ ਤਾਂ ਮਰ ਕੇ ਆ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***

*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - 1102*

ਮੇਰੇ ਕੋਲ ਆਉਣਾ ਹੈ ਤਾਂ ਨਿਮਰਤਾ ਦੇ ਨਾਲ ਆ, ਸਾਰਿਆਂ ਦੇ ਚਰਨਾਂ ਦੀ ਧੂੜ ਬਣ ਕੇ ਆ। ਜੀਉਂਦੇ ਨੂੰ ਤਾਂ ਮੈਂ ਮਾਰਨਾ ਹੈ ਪਹਿਲਾਂ ਕਬੂਲ ਕਰ। ਤੇਰੇ ਸਰੀਰ ਨੂੰ ਨਹੀਂ ਮਾਰਨਾ। ਮੈਂ ਤੈਨੂੰ ਮਾਰਨਾ ਹੈ, ਜਿਹੜਾ ਹਉਮੈ ਦਾ ਬਣਿਆ ਫਿਰਦਾ ਹੈ ਨਾ ਵਾਧੂ ਉਹਨੂੰ ਮਾਰਨਾ ਹੈ। ਉਹਨੂੰ ਮਾਰਨ ਨਾਲ ਕੀ ਹੋਏਗਾ, ਉਹ ਰੱਬ ਦਿੱਸਣ ਲੱਗ ਜਾਏਗਾ ਕਿਉਂਕਿ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ - 624*

ਇਹ ਮੈਂ ਦੀ ਕੰਧ ਹੈ ਰੱਬ ਦੇ ਵਿਚਾਲੇ। ਜੇ ਮੈਂ ਨੂੰ ਲਾਹ ਦਿਓ, ਰੱਬ ਹੀ ਰਹਿ ਜਾਂਦਾ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*

*ਅੰਗ - 1375*

ਇਸ ਤਰ੍ਹਾਂ ਸੇਵਾ ਕਰਦੇ ਨੇ ਲਗਾਤਾਰ, ਨਾ ਖਾਣ ਪੀਣ ਦੀ ਸੁੱਧ ਹੈ, ਨਾ ਆਰਾਮ ਦੀ ਸੁੱਧ ਹੈ। ਸੁੱਧ ਕੀ ਹੈ ਕਿ ਸੇਵਾ ਕਰੀ ਜਾਣੀ ਹੈ। ਇੱਥੇ ਤੱਕ ਲਿਖਿਆ ਹੈ ਕਿ ਆਪ ਨੇ ਸੌਣਾ ਵੀ ਛੱਡ ਦਿੱਤਾ। ਨੀਂਦ ਛੱਡ ਦਿੱਤੀ, ਉਸ ਵੇਲੇ ਦਿਨ ਰਾਤ ਸੇਵਾ ਕਰਦੇ ਨੇ ਤੇ ਹੁਣ ਕਸਵੱਟੀ ਲੱਗਦੀ ਹੈ ਕਿਉਂਕਿ ਇਮਤਿਹਾਨ ਹੁੰਦਾ ਹੈ ਬੱਚਿਆਂ ਦਾ, ਪੀ.ਐਚ ਡੀ ਦੀ ਪੜ੍ਹਾਈ ਹੈ ਤੇ ਪੇਪਰ ਪੈਂਦਾ ਹੈ। ਅੱਜ ਬਹੁਤ ਜ਼ਿਆਦਾ ਛਾਛੜੇ ਦਾ ਮੀਂਹ ਪੈ ਰਿਹਾ ਹੈ। ਹੱਥ ਮਾਰਿਆ ਨਜ਼ਰ ਨਹੀਂ ਆਉਂਦਾ, ਹਨ੍ਹੇਰ ਘੁੱਪ ਹੋਇਆ ਪਿਆ ਹੈ। ਸਮਾਂ ਹੋ ਗਿਆ, ਆਪ ਗਾਗਰ ਮੋਢੇ 'ਤੇ ਚੁੱਕਦੇ ਨੇ। ਉਸ ਵੇਲੇ ਕਾਂਪ ਨਹੀਂ ਖਾਂਦੇ ਕਿ ਮੈਂ ਕਿਵੇਂ ਜਾਵਾਂਗਾ। ਹਨ੍ਹੇਰੀ ਨੇ ਕੰਡੇ ਚੁੱਕ-ਚੁੱਕ ਕੇ ਬਾੜਾਂ ਦੇ ਰਸਤੇ ਵਿੱਚ ਸੁੱਟ ਦਿੱਤੇ। ਪੈਰ-ਪੈਰ ਦੇ ਉਤੇ ਕੰਡੇ ਲਗਦੇ ਨੇ। ਸੋ ਇਮਤਿਹਾਨ ਹੁੰਦਾ ਹੈ ਸਾਧਸੰਗਤ ਜੀ। ਸਾਰਿਆਂ ਦੇ ਉਤੇ ਇਮਤਿਹਾਨ ਪੈਂਦਾ ਹੈ ਜਿਹੜਾ ਪਾਸ ਹੋ ਜਾਵੇ ਉਹ ਪਹੁੰਚ ਜਾਂਦਾ ਹੈ -

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ - 948*

ਜਿਹੜੇ ਮਰਜੀਵੜੇ ਹੁੰਦੇ ਨੇ ਉਹ ਤਾਂ ਪਾਸ ਕਰ ਜਾਂਦੇ ਨੇ ਇਮਤਿਹਾਨ, ਜਿਹੜੇ ਵੈਸੇ ਹੁੰਦੇ ਨੇ ਉਹ ਰਹਿ ਜਾਂਦੇ ਨੇ।

ਗੁਰੂ ਨਾਨਕ ਸਾਹਿਬ ਨੇ ਜਦੋਂ ਕਸਉਟੀ ਲਾਈ, ਉਸ ਵੇਲੇ ਵੀਹ ਹਜ਼ਾਰ ਸਿੱਖ ਕਰਤਾਰਪੁਰ ਰਹਿੰਦਾ ਸੀ। ਗੁਰੂ ਮਹਾਰਾਜ ਕਹਿੰਦੇ ਲੰਗਰ ਬੰਦ ਕਰ ਦਿਓ ਇੱਕ ਦਿਨ। ਹੁਕਮ ਹੋ ਗਿਆ, ਲੰਗਰ ਬੰਦ ਹੋਣ ਲਗਿਆ। ਤੀਜੇ ਦਿਨ ਪ੍ਰਸ਼ਾਦਾ ਮਿਲਣ ਲੱਗਿਆ, ਫੇਰ ਕਹਿੰਦੇ ਤੀਜੇ ਦਿਨ ਇੱਕ

ਟਾਈਮ ਦਾ ਪਕਾਓ, ਕਣਕ ਬੀਜੋ, ਪੰਜ ਸੌ ਹਲ ਨਾਲ ਕਣਕ ਬੀਜੀ। ਆਪੇ ਹੀ ਹਿਸਾਬ ਲਾ ਲਓ ਕਿ ਪੰਜ ਹਲ ਦੀ ਬੀਜੀ ਹੋਈ ਕਿੰਨੀ ਕੁ ਹੋਣੀ ਹੈ। ਕਿੰਨੇ ਕੁ ਸੌ ਏਕੜ ਬੀਜੀ। ਕਣਕ ਬਹੁਤ ਪਿਆਰ ਨਾਲ ਪਾਲੀ, ਗੁਡਾਈਆਂ ਕਰੀਆਂ, ਵੱਡੇ-ਵੱਡੇ ਛਿੱਟੇ ਆਏ, ਕੱਟ ਲਏ, ਕੱਟ ਕੇ ਮਹਾਰਾਜ ਕਹਿੰਦੇ ਢੇਰ ਲਾ ਦਿਓ। ਜਦੋਂ ਢੇਰ ਲੱਗ ਗਏ, ਕਹਿੰਦੇ ਇਹਨੂੰ ਅੱਗ ਲਾ ਦਿਓ। ਕੰਬ ਗਏ ਹੱਥ, ਬਈ ਅੱਗ ਲਾ ਦੇਈਏ, ਬੜੀ ਮੁਸ਼ਕਲ ਦੇ ਨਾਲ ਅਸੀਂ ਇਹ ਪੈਦਾ ਕਰੀ ਹੈ। ਐਨੀ ਸੰਗਤ ਹੈ ਲੰਗਰ ਦੀ ਤੋਟ ਆਈ ਹੋਈ ਹੈ, ਤੀਜੇ ਦਿਨ ਬਣਨ ਲੱਗ ਗਿਆ। ਹੁਣ ਉਮੀਦ ਸੀ ਕਿ ਹੁਣ ਫੇਰ ਰੋਜ਼ ਲੰਗਰ ਬਣੇਗਾ ਤੇ ਜਿਹੜੇ ਕੱਚੇ ਨੇ ਉਹ ਝੜਦੇ ਜਾਂਦੇ ਨੇ। ਉਸ ਵੇਲੇ ਸਾਰਾ ਹੀ ਪੰਜ ਸੌ ਬੰਦਾ ਰਹਿ ਗਿਆ। ਜਦੋਂ ਅੱਗ ਲਵਾਈ। ਉਸ ਤੋਂ ਬਾਅਦ ਮਹਾਰਾਜ ਨੇ ਹੋਰ ਸਖਤੀ ਕਰ ਦਿੱਤੀ। ਬੋਲਣਾ ਚਲਣਾ ਬੰਦ ਕਰ ਦਿੱਤਾ, ਬਾਹਰ ਰਹਿਣ ਲੱਗ ਗਏ। ਜੇ ਆਉਂਦੇ ਨੇ, ਜੇ ਕੋਈ ਪੈਰੀਂ ਹੱਥ ਲਾਉਂਦਾ ਹੈ ਉਹਦੇ ਮੁੱਕਾ ਮਾਰਦੇ ਨੇ ਜ਼ੋਰ ਨਾਲ। ਉਸ ਤੋਂ ਬਾਅਦ ਹੋਰ ਝੜ ਗਏ। ਉਸ ਤੋਂ ਬਾਅਦ ਮਹਾਰਾਜ ਨੇ ਇੱਕ ਵੱਡਾ ਕੁਤਕਾ ਲੈ ਲਿਆ ਹੱਥ 'ਚ ਜਿਹੜਾ ਨੇੜੇ ਆਉਂਦਾ ਹੈ ਉਹਦੇ ਮੌਰਾਂ 'ਚ ਮਾਰਦੇ ਨੇ। ਫੇਰ ਹੋਰ ਝੜ ਗਏ, ਵੀਹ-ਪੱਚੀ ਰਹਿ ਗਏ। ਕਹਿੰਦੇ ਤੁਸੀਂ ਕਿਉਂ ਨਹੀਂ ਜਾਂਦੇ, ਮਹਾਰਾਜ ਬਾਹਰ ਨੂੰ ਚੱਲ ਪਏ, ਉਹ ਵੀ ਚੱਲ ਪਏ। ਮਹਾਰਾਜ ਨੇ ਰੁਪਈਆਂ ਦੀ ਬਾਰਿਸ਼ ਕਰ ਦਿੱਤੀ। ਸੁੱਟ ਦਿੱਤੇ ਰੁਪਈਏ, ਮੁੱਠਾਂ ਭਰ-ਭਰ ਕੇ, ਉਹ ਚੁਗੀ ਜਾਂਦੇ ਨੇ ਢੇਰ ਲਾ ਲਏ। ਭੰਡਾਂ ਬੰਨ੍ਹ ਲਈਆਂ, ਉਹ ਵੀ ਚਲੇ ਗਏ, ਫੇਰ ਥੋੜ੍ਹੇ ਰਹਿ ਗਏ, ਮਹਾਰਾਜ ਨੇ ਮੋਹਰਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਕੁਛ ਫੇਰ ਚਲੇ ਗਏ ਥੋੜ੍ਹੇ ਜਿਹੇ ਰਹਿ ਗਏ। ਉਨ੍ਹਾਂ ਦੀ ਕੁਟਾਈ ਹੋਣੀ ਸ਼ੁਰੂ ਹੋ ਗਈ ਉਹ ਵੀ ਤੁਰ ਗਏ। ਦੋ ਰਹਿ ਗਏ, ਬਾਬਾ ਬੁੱਢਾ ਜੀ ਤੇ ਗੁਰੂ ਅੰਗਦ ਸਾਹਿਬ ਜੀ।

ਕਹਿੰਦੇ, ਜਿਵੇਂ ਕਰਨਾ ਹੈ ਕਰੋ -

***ਜੇ ਗੁਰੁ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤ ਗੁਰ ਵਡਿਆਈ ॥*** ***ਅੰਗ - 758***

ਕਹਿੰਦੇ ਤੁਸੀਂ ਜਾਂਦੇ ਨਹੀਂ ਮੇਰੇ ਕੋਲੋਂ। ਕਹਿੰਦੇ ਜਿਨ੍ਹਾਂ ਦਾ ਥਾਉਂ ਸੀ ਉਹ ਸਭ ਚਲੇ ਗਏ। ਸਾਡਾ ਤਾਂ ਥਾਉਂ ਹੀ ਨਹੀਂ ਦੁਨੀਆਂ 'ਚ ਤੇਰੇ ਚਰਨਾਂ ਤੋਂ ਬਗੈਰ ਅਸੀਂ ਜਾਈਏ ਕਿੱਥੇ? ਕਹਿੰਦੇ ਚਲੋ ਫੇਰ ਉਹ ਮੁਰਦਾ ਪਿਆ ਹੈ ਸਾਮ੍ਹਣੇ ਉਹ ਖਾਓ। ਅੱਗੇ ਵਧ ਕੇ ਜਾਂਦੇ ਨੇ, ਅੱਗੇ ਗੁਰੂ ਅੰਗਦ ਸਾਹਿਬ ਨੇ ਭਾਈ ਲਹਿਣਾ ਤੇ ਪਿੱਛੇ ਬਾਬਾ ਬੁੱਢਾ ਜੀ ਨੇ। ਥੋੜ੍ਹਾ ਜਿਹਾ ਫਰਕ ਹੈ ਅੱਧੀ ਕੁ ਕਦਮ ਦਾ। ਉਥੇ ਜਾ ਕੇ ਖੜ੍ਹੇ ਹੋ ਗਏ। ਮਹਾਰਾਜ ਕਹਿੰਦੇ, ਖਾਂਦੇ ਕਿਉਂ ਨਹੀਂ? ਕਹਿੰਦੇ, ਮਹਾਰਾਜ! ਹੁਕਮ ਕਰੋ, ਕਿੱਧਰੋਂ ਖਾਈਏ? ਉਸ ਵੇਲੇ ਮਹਾਰਾਜ ਕਹਿੰਦੇ ਸਿਰ ਵਲੋਂ ਖਾਓ। ਉਥੇ ਕੀ ਹੋਇਆ, ਬਾਬਾ ਬੁੱਢਾ ਜੀ ਤਾਂ ਖੜ੍ਹੇ ਹੀ ਰਹਿ ਗਏ, ਗੁਰੂ ਅੰਗਦ ਸਾਹਿਬ ਇੱਕ ਦਮ ਚਲੇ ਗਏ ਸਿਰ ਵੱਲ। ਜਦੋਂ ਕੱਪੜਾ ਚੁੱਕਿਆ ਹੈਰਾਨ ਹੋ ਗਏ ਕਿ ਇੱਥੇ ਨਾ ਕੋਈ ਮੁਰਦਾ ਹੈ, ਨਾ ਕੋਈ ਚੀਜ਼ ਹੈ, ਇਹ ਤਾਂ

ਪ੍ਰਸ਼ਾਦ ਬਣਿਆ ਹੋਇਆ ਹੈ। ਮਹਾਰਾਜ ਨੇ ਉਸ ਵੇਲੇ ਬੁੱਕਲ 'ਚ ਲੈ ਲਿਆ। ਕਹਿੰਦੇ ਲੈ ਭਾਈ ਲਹਿਣਾ! ਤੂੰ ਸਾਡੇ ਅੰਗ ਤੋਂ ਪੈਦਾ ਹੋ ਕੇ ਅੱਜ ਤੋਂ ਅੰਗਦ ਹੋਇਆ ਤੇ ਮੇਰੀ ਜੋਤ ਤੇਰੇ ਅੰਦਰ ਪ੍ਰਵੇਸ਼ ਕਰੇਗੀ। ਭਾਈ ਬਾਬਾ ਬੁੱਢਾ! ਤੂੰ ਸਾਢੇ 99 ਨੰਬਰ ਲੈ ਲਏ, ਅੱਧਾ ਨੰਬਰ ਫਰਕ ਰਹਿ ਗਿਆ, ਹੁਣ ਤੂੰ ਟਿੱਕਾ ਲਾਇਆ ਕਰੇਂਗਾ। ਤਿਲਕ ਦਿਆ ਕਰੇਂਗਾ ਤਾਂ ਗੱਦੀ 'ਤੇ ਗੁਰੂ ਬੈਠਿਆ ਕਰੇਗਾ। ਦੋਹਾਂ ਨੂੰ ਪਾਸ ਕਰ ਦਿੱਤਾ। ਸੋ ਇਹਨੂੰ ਕਸਵੱਟੀ ਕਹਿੰਦੇ ਨੇ।

ਕਸਵੱਟੀ ਲੱਗ ਗਈ, ਵੱਡਿਆਂ-ਵੱਡਿਆਂ 'ਤੇ ਕਸਵੱਟੀ ਲਗਦੀ ਹੈ। ਬਾਬਾ ਫਰੀਦ, ਆਪ ਨੇ ਬਾਰ੍ਹਾਂ ਸਾਲ ਪਹਿਲਾਂ ਤਪ ਕਰਿਆ, ਉਸ ਤੋਂ ਬਾਅਦ ਮਾਂ ਨੇ ਵਾਪਸ ਕਰ ਦਿੱਤਾ ਕਿ ਅਜੇ ਨਹੀਂ ਕੁਛ ਬਣਿਆ, ਬਾਰ੍ਹਾਂ ਸਾਲ ਫੇਰ ਕਰਿਆ। ਤਪ ਕਿੰਨਾ ਕਰਿਆ, ਸੁੱਕ ਕੇ ਪਿੰਜਰ ਬਣ ਗਿਆ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***

***ਅੰਗ - 1382***

ਕਾਵਾਂ ਨੇ ਮਾਸ ਖਾਣਾ ਸ਼ੁਰੂ ਕਰ ਦਿੱਤਾ -

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***

***ਅੰਗ - 1382***

ਉਸ ਵੇਲੇ ਆਵਾਜ਼ ਆਈ ਫਰੀਦਾ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ - 1378***

ਜਾਹ, ਮੁਰਸ਼ਦ-ਏ-ਕਾਮਲ ਦੀ ਸ਼ਰਨ 'ਚ। ਉਹ ਮਿਲਾ ਸਕੇਗਾ, ਐਸ ਤਰ੍ਹਾਂ ਨਹੀਂ ਰੱਬ ਮਿਲਦਾ ਹੁੰਦਾ। ਰੱਬ ਤੇਰੇ ਅੰਦਰ ਹੈ, ਉਹ ਪ੍ਰਗਟ ਕਰੇਗਾ। ਸੋ ਮੁਰਸ਼ਦ ਦੇ ਪਾਸ ਪਹੁੰਚ ਜਾਂਦਾ ਹੈ ਬੜੀ ਕਰੜੀ ਸੇਵਾ, ਚੌਦਾਂ ਸਾਲ ਲੰਘ ਗਏ ਸੇਵਾ ਕਰਦੇ ਨੇ, ਅੱਜ ਮੁਰਸ਼ਦ ਨੇ ਪਰਚਾ ਪਾ ਦਿੱਤਾ। ਛਾਛੜੇ ਦਾ ਮੀਂਹ ਪੈ ਰਿਹਾ ਹੈ, ਇਹ ਇਸ਼ਨਾਨ ਕਰਾਇਆ ਕਰਦਾ ਸੀ, ਅੰਮ੍ਰਿਤ ਵੇਲੇ ਪਾਣੀ ਗਰਮ ਕਰਕੇ। ਜਦੋਂ ਫਰੀਦ ਉਠਿਆ, ਕੀ ਦੇਖਦਾ ਹੈ ਕਿ ਜਿਹੜੇ ਟੋਏ ਦੇ ਵਿੱਚ ਅੱਗ ਦੱਬੀ ਹੁੰਦੀ ਹੈ ਉਹ ਤਾਂ ਪਾਣੀ ਨਾਲ ਭਰ ਗਿਆ। ਧਰਤੀ ਨਿਕਲ ਪੈਰਾਂ ਥੱਲੋਂ ਚੱਕਰ ਆ ਗਿਆ। ਹੁਣ ਕੀ ਹੋਏਗਾ, ਚੌਦਾਂ ਸਾਲ ਦੀ ਕੀਤੀ ਮਿਹਨਤ, ਸੇਵਾ ਸਭ ਅੱਜ ਜ਼ਾਇਆ ਚਲੀ ਜਾਣੀ ਹੈ ਜੇ ਮੁਰਸ਼ਦ ਮੇਰੇ ਨਾਲ ਨਰਾਜ਼ ਹੋ ਗਿਆ ਤਾਂ ਮੇਰਾ ਤਾਂ ਕੁਛ ਵੀ ਨਹੀਂ ਬਚਣਾ। ਹਿੰਮਤ ਕਰੀ, ਅਜਮੇਰ ਸ਼ਰੀਫ ਸ਼ਹਿਰ ਵਲ ਨੂੰ ਚੱਲ ਪਿਆ, ਜਾਂਦੇ-ਜਾਂਦੇ ਇੱਕ ਥਾਂ ਦੇ ਉਤੇ, ਕੀ ਦੇਖਦਾ ਹੈ ਦੀਵਾ ਜਲ ਰਿਹਾ ਹੈ ਤੇ ਨਾਲ ਇਹ ਵੀ ਜਾਣਦਾ ਹੈ ਕਿ ਜਿੱਥੇ ਮੈਂ ਆਇਆ ਹਾਂ ਇਹ ਪਾਪ ਦਾ ਬਜ਼ਾਰ ਹੈ। ਆਵਾਜ਼ ਦਿੱਤੀ ਬੀਬਾ! ਦਰਵਾਜ਼ਾ ਖੋਲ੍ਹ, ਦਰਵਾਜ਼ਾਂ

ਖੋਲ੍ਹ।

ਕਹਿਣ ਲੱਗੀ, ਕੌਣ ਹੈ?

ਕਹਿਣ ਲੱਗਿਆ, ਮੈਂ ਫਰੀਦ ਹਾਂ।

ਕੌਣ ਫਰੀਦ?

ਕਹਿੰਦੇ, ਮੈਂ ਪੀਰ ਜੀ ਦਾ ਮੁਰੀਦ ਹਾਂ।

ਕਹਿੰਦੀ, ਫਰੀਦਾ! ਇੱਥੇ ਪੀਰਾਂ ਤੇ ਮੁਰੀਦਾਂ ਦਾ ਥਾਂ ਨਹੀਂ, ਇਹ ਤਾਂ ਉਹ ਤਾਂ ਇਹ ਥਾਂ ਹੈ ਜਿੱਥੇ ਘੋਰ ਨਰਕਾਂ ਦਾ ਟਿਕਟ ਮਿਲਦਾ ਹੈ। ਵੇਸਵਾ ਦਾ ਦੁਆਰਾ ਹੈ –

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥***

***ਅੰਗ – 642***

ਇਹ ਤਾਂ ਨਰਕ ਘੋਰ ਦੇ ਦੁਆਰੇ ਆ ਖੜ੍ਹਿਆ ਤੂੰ। ਕੀ ਚਾਹੁੰਦਾ ਹੈਂ?

ਕਹਿਣ ਲੱਗਿਆ, ਬੀਬਾ! ਮੈਨੂੰ ਤੇਰੇ ਤੱਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ।

ਸਖਤ ਹੋ ਗਈ, ਬੜੇ ਗੁੱਸੇ 'ਚ ਆ ਗਈ, ਕਹਿੰਦੀ, ਫਰੀਦਾ! ਅੱਗ ਮੁਫਤ ਭਾਲਦਾ ਹੈਂ?

ਕਹਿਣ ਲੱਗਿਆ, ਬੀਬਾ! ਜੋ ਕੁਛ ਕਹੇਂ ਮੈਂ ਦੇਣ ਨੂੰ ਤਿਆਰ ਹਾਂ।

ਕਹਿੰਦੀ, ਸਰੀਰ ਦਾ ਅੰਗ ਦੇਣਾ ਪੈਣਾ ਹੈ।

ਕਹਿੰਦਾ ਜੇ ਸੀਸ ਦੇ ਕੇ ਵੀ ਮੈਨੂੰ ਅੱਗ ਮਿਲ ਜਾਏ, ਮੇਰਾ ਮੁਰਸ਼ਦ ਰਾਜ਼ੀ ਹੋ ਜਾਏ ਇਹ ਤਾਂ ਸਰੀਰ ਛੱਡਣਾ ਹੀ ਛੱਡਣਾ ਹੈ, ਸੀਸ ਦੇਣਾ ਹੀ ਦੇਣਾ ਹੈ। ਜੇ ਸਿਰ ਦਿੱਤਿਆਂ ਤੇ ਵੀ ਮੁਰਸ਼ਦ ਮੰਨ ਜਾਵੇ, ਇਸ ਤੋਂ ਸੁਖਾਲਾ ਸੌਦਾ ਕੋਈ ਨਹੀਂ।

ਹੇਠਾਂ ਉਤਰ ਆਈ। ਕਹਿਣ ਲੱਗੀ, ਮੈਨੂੰ ਆਪਣੀ ਅੱਖ ਦਾ ਡੇਲਾ ਕੱਢ ਕੇ ਦੇ ਦੇ।

ਬੜੀ ਔਖੀ ਗੱਲ ਹੈ, ਪਾਸ ਹੋਣਾ ਬਹੁਤ ਔਖਾ ਹੈ ਇਹਦੇ ਵਿੱਚੋਂ –

***ਧਾਰਨਾ – ਜਦੋਂ ਲਗਦੀ ਹੈ ਰਾਮ ਕਸੌਟੀ***
***ਪਾਸ ਹੁੰਦੇ ਮਰਜੀਵੜੇ।***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ – 948***

ਜਿਹੜਾ ਮਰਨ ਤੋਂ ਪਹਿਲਾਂ ਮਰ ਗਿਆ, ਜਿਹੜਾ ਮਰ ਕੇ ਜੀਉਂਦਾ ਹੋ ਗਿਆ, ਉਹ ਕਸਵੱਟੀ ਪਾਰ ਹੋ ਸਕਦਾ ਹੈ, ਦੂਸਰੇ ਤੋਂ ਨਹੀਂ ਹੋਣੀ

ਕਿਉਂਕਿ ਪਿਆਰ ਦੀ ਜਿਹੜੀ ਕੀਮਤ ਹੈ ਸਾਧਸੰਗਤ ਜੀ ਉਹ ਬਹੁਤ ਵੱਡੀ ਚੁਕਾਉਣੀ ਪੈਂਦੀ ਹੈ -

*ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*
*ਅੰਗ - 1412*

ਪਿਆਰ ਦੀ ਕੀਮਤ ਸਿਰ ਵੀ ਕੋਈ ਦੇਵੇ ਤਾਂ ਵੀ ਕੋਈ ਪਰਵਾਹ ਨਹੀਂ। ਕਹਿਣ ਲੱਗੇ, ਬੀਬਾ! ਲੈ ਮੇਰੀ ਅੱਖ ਦਾ ਡੇਲ੍ਹਾ ਕੱਢ ਲੈ। ਕਹਿੰਦੀ, ਫਰੀਦਾ! ਮੈਂ ਕਿਉਂ ਕੱਢਾਂ? ਤੂੰ ਆਪ ਕੱਢ ਕੇ ਦੇ। ਮੁਰਸ਼ਦ ਦਾ ਧਿਆਨ ਧਰਿਆ, ਅੱਖ ਦੇ ਡੇਲ੍ਹੇ ਵਿੱਚ ਉਂਗਲੀਆਂ ਪਾਈਆਂ ਕੱਢ ਕੇ ਰੱਖ ਦਿੱਤਾ। ਅੱਖ ਬੰਨ੍ਹ ਲਈ ਤੇ ਇੱਕ ਕੋਲਾ ਲੈ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਆ ਕੇ ਪਾਣੀ ਗਰਮ ਕਰਿਆ, ਮੁਰਸ਼ਦ ਦਾ ਇਸ਼ਨਾਨ ਕਰਾਇਆ। ਅੱਖ ਬੰਨ੍ਹੀ ਹੋਈ ਹੈ ਕੋਈ ਨਹੀਂ ਉਹਨੇ ਗੱਲ ਕਰੀ ਕਿ ਮਹਾਰਾਜ! ਅੱਜ ਤਾਂ ਅੱਗ ਬਹੁਤ ਔਖੀ ਮਿਲੀ ਹੈ, ਮੈਂ ਤਾਂ ਅੱਖ ਦੇ ਕੇ ਲਿਆਇਆ ਹਾਂ। ਨਾ ਆਪੇ ਹੀ ਜਾਣਦਾ ਹੈ ਸਭ ਕੁਛ। ਵਿਸ਼ਵਾਸ਼ ਹੈ ਕਿ ਇਹਦੇ 'ਚ ਤੇ ਪ੍ਰਮੇਸ਼ਰ 'ਚ ਕੋਈ ਫਰਕ ਨਹੀਂ ਹੈ। ਦਿਨ ਚੜ੍ਹ ਗਿਆ, ਉਸ ਵੇਲੇ ਮੁਰਸ਼ਦ ਕਹਿਣ ਲੱਗਿਆ, ਬੁਖਤਿਆਰਕਾਕੀ, ਕਹਿਣ ਲੱਗੇ, ਫਰੀਦ ਨਹੀਂ ਨਜ਼ਰ ਆਉਂਦਾ? ਕਹਿੰਦੇ ਜੀ, ਉਹ ਗੋਸ਼ੇ 'ਚ ਬੈਠਾ ਹੈ। ਬੁਲਾਇਆ ਉਸਨੂੰ, ਕਹਿੰਦੇ, ਫਰੀਦਾ! ਅੱਖ ਬੰਨ੍ਹੀ ਹੋਈ ਹੈ?

ਕਹਿੰਦਾ, ਮਹਾਰਾਜ ਆਈ ਹੋਈ ਹੈ।

ਪੰਜਾਬੀ 'ਚ ਦੁਖਦੀ ਅੱਖ ਨੂੰ ਕਹਿੰਦੇ ਨੇ ਆਈ ਹੋਈ।

ਕਹਿੰਦੇ ਫਰੀਦਾ! ਗਈਆਂ ਹੋਈਆਂ ਅੱਖਾਂ ਬੰਨ੍ਹੀਦੀਆਂ ਨੇ, ਆਈਆਂ ਹੋਈਆਂ ਨਹੀਂ ਬੰਨ੍ਹੀਦੀਆਂ। ਅੱਖ ਖੋਲ੍ਹ।

ਅੱਖ ਖੋਲ੍ਹੀ ਤਾਂ ਡੇਲਾ ਸਵਾਇਆ। ਮੁਰਸ਼ਦ ਦਾ ਡੇਲਾ ਕੁਦਰਤ ਦੇ ਡੇਲੇ ਨਾਲੋਂ ਵੱਡਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਕਸਵੱਟੀ ਹੁੰਦੀ ਹੈ, ਅੱਜ ਬਾਬਾ ਅਮਰਦਾਸ ਜੀ 'ਤੇ ਕਸਵੱਟੀ ਲੱਗ ਗਈ। ਛਾਛੜੇ ਦਾ ਮੀਂਹ ਪੈਂਦਾ ਹੈ, ਸਿਆਲ ਦਾ ਮਹੀਨਾ ਹੈ। ਕੰਡੇ ਖਿੰਡੇ ਪਏ ਨੇ ਤੇ ਉਸੇ ਤਰ੍ਹਾਂ ਪਿਛਲੇ ਪੈਰੀਂ ਜਾ ਰਹੇ ਨੇ, ਸਰੀਰ ਕਮਜ਼ੋਰ ਹੋ ਚੁੱਕਿਆ ਹੈ, ਹੁਣ ਗਾਗਰ ਬਾਹਾਂ ਨਾਲ ਨਹੀਂ ਚੁੱਕ ਹੁੰਦੀ। ਸਰਦੀ ਹੋਵੇ, ਗਰਮੀ ਹੋਵੇ ਆਪ ਦਰਿਆ 'ਚ ਟੁੱਭੀ ਮਾਰ ਕੇ ਗਾਗਰ ਭਰ ਕੇ, ਹੇਠਾਂ ਸਿਰ ਦੇ ਕੇ ਪਾਣੀ ਵਿਚੋਂ ਚੁੱਕਦੇ ਨੇ। ਗਿੱਲੇ ਕੱਪੜਿਆਂ ਨਾਲ ਆਪ ਤੁਰੇ ਆਉਂਦੇ ਨੇ। ਸੋ ਅੱਜ ਇਸੇ ਤਰ੍ਹਾਂ ਨਾਲ ਆਉਂਦੇ ਨੇ, ਜਿਸ ਵਕਤ ਖਡੂਰ ਸਾਹਿਬ ਦੇ ਨੇੜੇ ਪਹੁੰਚੇ ਉਥੇ ਇੱਕ ਕੁੰਭਲ ਸੀ ਜੁਲਾਹੇ ਦੀ, ਪਾਣੀ ਨਾਲ ਭਰੀ ਹੋਈ ਸੀ, ਕੋਲ ਕੀਲਾ ਸੀ,

ਜਿਹਦੇ ਵਿੱਚ ਉਹ ਤਾਣਾ ਬੰਨ੍ਹਦਾ ਹੁੰਦਾ ਸੀ। ਸੋ ਅਚਾਨਕ ਆ ਕੇ ਪੈਰ ਦਾ ਠੇਡਾ ਜਦੋਂ ਲੱਗਿਆ ਤਾਂ ਦੜੰਮ ਕਰਕੇ ਕੁੰਭਲ 'ਚ ਗਿਰ ਗਏ। ਆਪਣਾ ਨਹੀਂ ਬਚਾਅ ਕਰਿਆ, ਉਸੇ ਵੇਲੇ ਗਾਗਰ ਨੂੰ ਸੰਭਾਲਿਆ। ਜਦੋਂ ਖੜਕਾ ਹੋਇਆ, ਮੀਂਹ ਪੈਂਦੇ ਨੂੰ ਦੋ ਤਿੰਨ ਦਿਨ ਹੋ ਗਏ ਸੀ, ਘਰ ਚੋਂਦੇ ਸੀ ਸਾਰਿਆਂ ਦੇ, ਤੇ ਜਿਹੜਾ ਨੇੜੇ ਘਰ ਸੀ ਉਨ੍ਹਾਂ ਦਾ, ਜੁਲਾਹਿਆਂ ਦਾ, ਜੁਲਾਹਾ ਕਹਿਣ ਲੱਗਿਆ, ਚੋਰ! ਚੋਰ! ਉਹ ਕਹਿੰਦੀ ਕਮਲਿਆ ਤੇਰੀ ਮੱਤ ਟਿਕਾਣੇ ਹੈ। ਚੋਰ ਕਿੱਥੋਂ ਆ ਗਿਆ, ਘਰ ਚੋਂਦੇ ਨੇ ਕੋਈ ਵੀ ਸੁੱਤਾ ਨਹੀਂ ਪਿਆ। ਨਾਲੇ ਸਾਡੇ ਘਰ 'ਚੋਂ ਚੋਰ ਕੀ ਲੈ ਜਾਏਗਾ। ਕਹਿੰਦਾ, ਹੋਰ ਕੀ ਹੈ? ਕਹਿੰਦੀ, ਅਮਰੂ ਨਿਥਾਵਾਂ ਹੈ, ਟੁੱਕੜ ਖਾਂਦਾ ਫਿਰਦਾ ਹੈ ਕੁੜਮਾ ਦੇ, ਇਹ ਨਿਥਾਵੇਂ ਨੂੰ ਕੋਈ ਥਾਂ ਨਹੀਂ ਹੈ, ਨਿਮਾਣਾ ਹੈ ਇਹ, ਨਿਓਟਾ ਹੈ, ਨਿਆਸਰਾ ਹੈ। ਚਾਰ ਪੰਜ ਗੱਲਾਂ ਇੱਕੋ ਸਾਹ ਕਹਿ ਦਿੱਤੀਆਂ। ਉਸ ਵੇਲੇ ਬਾਬਾ ਅਮਰਦਾਸ ਜੀ ਨਾਲੇ ਤਾਂ ਗਾਗਰ ਚੁੱਕ ਰਹੇ ਨੇ, ਨਾਲੇ ਆਪ ਦੀ ਜ਼ੁਬਾਨ ਤੋਂ ਅਮੋਘ ਬਾਣ ਨਿਕਲ ਰਹੇ ਨੇ। ਕਹਿੰਦੇ ਭੋਲੀਏ! ਜਿਹਦੇ ਸਿਰ ਦੇ ਉਤੇ ਗੁਰੂ ਅੰਗਦ ਹੋਵੇ, ਉਹ ਨਿਥਾਵਾਂ ਕਿਵੇਂ, ਜਿਹਦੀ ਓਟ ਗੁਰੂ ਅੰਗਦ ਹੋਵੇ ਉਹ ਨਿਓਟਾ ਕਿਵੇਂ, ਜਿਹਦਾ ਆਸਰਾ ਗੁਰੂ ਅੰਗਦ ਹੋਵੇ ਉਹ ਨਿਆਸਰਾ ਕਿਵੇਂ? ਇਸ ਤਰ੍ਹਾਂ ਕਹਿੰਦੇ ਗਏ ਤੇ ਮੂੰਹ 'ਚੋਂ ਨਿਕਲ ਗਿਆ, ਕਮਲੀਏ। ਹੁਣ ਬਾਣ ਜਿਵੇਂ ਲਗਦਾ ਹੈ, ਬਾਕੀ ਗੱਲਾਂ ਤਾਂ ਟਲ ਜਾਣ, ਲੇਕਿਨ 'ਸਾਧ ਬਚਨ ਅਟਲਾਧਾ' ਹੁੰਦਾ ਹੈ, ਕਿਉਂ ਹੁੰਦਾ ਹੈ, ਕਿਉਂਕਿ ਸੰਤਾਂ ਦੀ ਰਸਨਾ ਦੇ ਉਤੇ ਵਾਹਿਗੁਰੂ ਦਾ ਵਾਸਾ ਹੁੰਦਾ ਹੈ।

***ਧਾਰਨਾ - ਪ੍ਰਭ ਜੀ ਦਾ ਵਾਸਾ ਹੈ ਸੰਤਾਂ ਦੀ ਰਸਨਾ ਉਤੇ।***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਅੰਗ - 263***

ਬਚਨ ਨਿਕਲ ਗਿਆ, ਉਸੇ ਵੇਲੇ ਕਮਲੀ ਹੋ ਗਈ, ਕੱਪੜੇ ਪਾੜਨ ਲੱਗ ਗਈ।

ਬਾਬਾ ਜੀ ਆਏ, ਆ ਕੇ ਇਸ਼ਨਾਨ ਕਰਾਇਆ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦਾ, ਉਸ ਤੋਂ ਬਾਅਦ ਖੁਦ ਇਸ਼ਨਾਨ ਕਰਿਆ ਤੇ ਫੇਰ ਇੱਕ ਥਾਂ ਜਾ ਕੇ, ਆਪਣੇ ਸਵੈ ਸਰੂਪ ਦੇ ਵਿੱਚ ਲੀਨ ਹੋ ਕੇ, ਸਮਾਧੀ ਸਥਿਤ ਹੋ ਕੇ ਬੈਠ ਗਏ, ਦਿਨ ਚੜ੍ਹ ਆਇਆ, ਉਸ ਵੇਲੇ ਉਹ ਜੁਲਾਹਾ ਤੇ ਨਾਲ ਬਹੁਤ ਸਾਰੇ ਲੋਕ ਸ਼ਹਿਰ ਖਡੂਰ ਸਾਹਿਬ ਦੇ ਆ ਗਏ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਸੇਵਾ 'ਚ ਹੋ ਗਏ ਤੇ ਉਹ ਬੀਬੀ ਫੜੀ ਹੋਈ ਹੈ, ਬੰਨ੍ਹੀ ਹੋਈ ਹੈ ਰੱਸੇ ਦੇ ਨਾਲ, ਮਹਾਰਾਜ ਕਹਿੰਦੇ ਕੀ ਗੱਲ? ਕਹਿੰਦੇ, ਸੱਚੇ ਪਾਤਸ਼ਾਹ! ਕੀ ਦੱਸੀਏ। ਬੜੀ ਭਾਰੀ ਭੁੱਲ ਹੋ ਗਈ। ਬਾਬਾ ਅਮਰਦਾਸ ਜੀ ਨੂੰ ਪੁੱਛੋ ਕੀ ਹੋਇਆ ਹੈ। ਜਦੋਂ ਮਹਾਰਾਜ ਜੀ ਨੂੰ ਪੁੱਛਿਆ, ਪਹਿਲੇ ਦਿਨ ਗੁਰੂ ਅੰਗਦ ਸਾਹਿਬ ਬਾਰ੍ਹਾਂ ਸਾਲ ਬਾਅਦ ਬਾਬਾ ਅਮਰਦਾਸ ਜੀ ਨਾਲ ਬੋਲੇ ਅੱਜ। ਬਾਰ੍ਹਾਂ ਸਾਲ ਨਹੀਂ ਬੋਲੇ। ਕਹਿੰਦੇ ਬਾਬਾ ਜੀ! ਕੀ ਹੋਇਆ? ਕਹਿੰਦੇ, ਸੱਚੇ ਪਾਤਸ਼ਾਹ! ਤੁਸੀਂ 'ਘਟ ਘਟ ਕੇ ਅੰਤਰ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ' ਪਤਾ ਨਹੀਂ ਕੋਈ ਅੱਖਰ ਘੱਟ

ਕਹਿ ਦੇਵਾਂ, ਕੋਈ ਵੱਧ ਕਹਿ ਦੇਵਾਂ। ਤੁਸੀਂ ਸਭ ਜਾਣਦੇ ਓਂ। ਅਖੀਰ ਉਸਨੂੰ ਪੁੱਛਿਆ, ਕਹਿੰਦੇ ਪ੍ਰੇਮੀਆਂ! ਤੂੰ ਦੱਸ ਕੀ ਹੋਇਆ। ਕਹਿੰਦਾ, ਸੱਚੇ ਪਾਤਸ਼ਾਹ! ਇਹ ਲਈਂ ਆਉਂਦਾ ਸੀ ਗਾਗਰ, ਸਾਡੀ ਕੁੰਭਲ 'ਚ ਗਿਰ ਗਿਆ, ਉਹਦਾ ਖੜਕਾ ਹੋਇਆ ਮੈਂ ਕਿਹਾ ਚੋਰ ਹੈ। ਇਹ ਕਹਿੰਦੀ, ਚੋਰ ਨਹੀਂ ਇਹ ਤਾਂ ਅਮਰੂ ਨਿਥਾਵਾਂ ਹੈ, ਨਿਮਾਣਾ, ਨਿਓਟਾ ਹੈ, ਇਹਨੂੰ ਕੋਈ ਪੁੱਛਦਾ ਨਹੀਂ, ਕੁੜਮਾਂ ਦੀਆਂ ਰੋਟੀਆਂ ਖਾਂਦਾ ਫਿਰਦਾ ਹੈ।

ਉਸ ਵੇਲੇ ਮਹਾਰਾਜ ਪੂਰੇ ਜਲਾਲ 'ਚ ਆ ਗਏ, ਗੁਰੂ ਅੰਗਦ ਸਾਹਿਬ। ਉੱਠ ਕੇ ਖੜ੍ਹੇ ਹੋ ਗਏ। ਦ੍ਰਿਸ਼ਟੀ ਕਰ ਦਿੱਤੀ, ਕਪਾਟ ਖੋਲ੍ਹ ਦਿੱਤੇ, ਭੂਤ ਭਵਿੱਖਤ, ਵਰਤਮਾਨ ਸਾਰਿਆਂ ਦੀ ਸੋਝੀ ਦੇ ਦਿੱਤੀ। ਰਿੱਧੀਆਂ-ਸਿੱਧੀਆਂ ਸਾਰੀਆਂ ਸ਼ਕਤੀਆਂ ਤਾਬੇ ਕਰਕੇ ਆਪ ਕਹਿਣ ਲੱਗੇ, ਭੋਲਿਓ! ਇਹ ਬਾਬਾ ਅਮਰਦਾਸ ਨਿਥਾਵਾਂ ਹੈ, ਇਹ ਤਾਂ ਨਿਥਾਵਿਆਂ ਦਾ ਥਾਂ ਹੈ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਹੈ, ਨਿਧਰਿਆਂ ਦੀ ਧਿਰ ਹੈ, ਨਿਗਤਿਆਂ ਦੀ ਗਤ ਹੈ, ਪੁਰਖਾ! ਕਾਲ ਤੇਰੇ ਹੱਥ ਵਿੱਚ ਹੋਏਗਾ।

ਕਾਲ ਕਿਵੇਂ ਹੱਥ ਹੋਇਆ, ਵੀਹ ਸਾਲ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ 'ਚ ਵੜਨ ਨਹੀਂ ਸੀ ਦਿੱਤਾ, ਕੋਈ ਨਹੀਂ ਸੀ ਮਰਿਆ। ਕਾਲ ਨੂੰ ਕਹਿ ਦਿੱਤਾ ਸੀ ਕਿ ਸਾਡੇ ਹੁੰਦੇ ਨਹੀਂ ਤੂੰ ਆਉਣਾ। ਕਹਿੰਦੇ, ਰਿਜ਼ਕ ਦੀ ਕੁੰਜੀ ਤੇਰੇ ਹੱਥ ਵਿੱਚ ਹੈ, ਜਿਹੜਾ ਤੇਰਾ ਧਿਆਨ ਧਰੇਗਾ, ਤੇਰੇ ਤੋਂ ਅਰਦਾਸ ਕਰੇਗਾ, ਰਿਜ਼ਕ ਨਾਲ ਕਬੂਲ ਹੋ ਜਾਏਗਾ। ਜਿਹੜਾ ਤੇਰਾ ਧਿਆਨ ਧਰੇਗਾ, ਜਮ ਉਹਦੇ ਨੇੜੇ ਨਹੀਂ ਆਉਣਗੇ। ਭੋਲੀਏ! ਇਹਨੂੰ ਕਹਿੰਦੀ ਹੈਂ ਨਿਥਾਵਾਂ? ਬਖਸ਼ਿਸ਼ਾਂ ਹੀ ਕਰ ਦਿੱਤੀਆਂ।

ਉਸ ਵਕਤ ਜਦੋਂ ਬਖਸ਼ਿਸ਼ ਹੋਈ ਗੁਰੂ ਅਮਰਦਾਸ ਮਹਾਰਾਜ ਜੀ 'ਤੇ, ਉਨ੍ਹਾਂ ਤੋਂ ਸਾਂਭਿਆ ਨਹੀਂ ਜਾਂਦਾ, ਜਰਿਆ ਨਹੀਂ ਜਾਂਦਾ। ਉਸ ਵੇਲੇ ਆਪਣੀ-ਆਪਣੀ ਅਵਸਥਾ ਨੂੰ ਇਨ੍ਹਾਂ ਅੱਖਰਾਂ ਦੇ ਵਿੱਚ ਵਰਣਨ ਕੀਤਾ, ਅੱਧੋ-ਅੱਧ ਬੋਲਿਓ -

*ਧਾਰਨਾ - ਜਦੋਂ ਨਦਰ ਗੁਰਾਂ ਨੇ ਧਾਰੀ,*
*ਲੋਹੇ ਤੋਂ ਮੈਂ ਲਾਲ ਹੋ ਗਿਆ।*

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥*
*ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥*
*ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥*
*ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥*
*ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ*
*ਦੁਖ ਦਰਿਦ੍ਰ ਤਿਨ ਕੇ ਗਇਅ ॥*
*ਸਤਿਗੁਰੂ ਚਰਨ ਜਿਨ੍ ਪਰਸਿਆ*
*ਸੇ ਪਸੁ ਪਰੇਤ ਸੁਰਿ ਨਰ ਭਇਅ ॥* *ਅੰਗ - 1399*

ਕੀ ਦੇਖਦੇ ਨੇ ਹਰ ਪਾਸਿਓਂ ਵਾਹਿਗੁਰੂ ਦਾ ਜਲਵਾ ਨਜ਼ਰ ਆ

ਰਿਹਾ ਹੈ। ਜਿੱਧਰ ਦੇਖਦੇ ਨੇ, ਆਪ ਨੇ ਫੁਰਮਾਇਆ ਕਿ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ - 922*

ਉਸ ਵੇਲੇ ਆਪ ਨੇ ਇਸ ਤਰ੍ਹਾਂ ਦਾ ਭਾਵ ਪ੍ਰਗਟ ਕੀਤਾ।

*ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ।*
*ਮੈਨੂੰ ਸਾਰੀਆਂ ਘਟਾਂ ਦੇ ਵਿੱਚ ਦਿਸਿਆ।*

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥*
*ਅੰਗ - 407*

ਹਰ ਥਾਂ ਦੇ ਉਤੇ ਨਜ਼ਰ ਆ ਰਿਹਾ ਹੈ।

*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ ॥*
*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - 87*

ਪਦਵੀ ਦੇ ਦਿੱਤੀ, ਮਹਾਨ ਉੱਚੇ ਕਰ ਦਿੱਤੇ, ਆਪਣੇ ਨਾਲ ਮਿਲਾ ਲਏ ਸਾਧਸੰਗਤ ਜੀ -

*ਧਾਰਨਾ - ਪਿਆਰੇ ਜੀ, ਸੇਵਾ ਕਰਕੇ ਸਤਿਗੁਰ ਦੀ,*
*ਹਰਿ ਜਨ ਰੂਪ ਹਰੀ ਦਾ ਹੋ ਗਏ।*

ਸੋ ਆਪ ਨੇ ਸੇਵਾ ਕੀਤੀ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਤੇ ਕਿੱਡੀ ਵੱਡੀ ਪਦਵੀ ਪ੍ਰਾਪਤ ਕੀਤੀ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - 1076*

ਗੁਰੂ ਦਾ ਰੂਪ ਹੀ ਬਣ ਗਏ, ਪ੍ਰਮੇਸ਼ਰ ਦਾ ਰੂਪ ਬਣ ਗਏ। ਸੋ ਇਸ ਕਰਕੇ ਜੋ ਬੇਨਤੀ ਕੀਤੀ ਗਈ ਸੀ ਕਿ ਗੁਰੂ ਘਰ ਦੇ ਅੰਦਰ

ਸਿਮਰਨ ਤੇ ਸੇਵਾ ਦੋ ਚੀਜ਼ਾਂ ਪ੍ਰਧਾਨ ਨੇ, ਸਿਮਰਨ ਪ੍ਰਮੇਸ਼ਰ ਨੂੰ ਯਾਦ ਰੱਖਣ ਨੂੰ ਕਹਿੰਦੇ ਨੇ, ਹਰ ਵਕਤ ਯਾਦ ਰੱਖਣਾ, ਕੰਮ ਕਰਦੇ, ਖੇਤੀਬਾੜੀ ਕਰਦੇ, ਨਹਾਉਂਦੇ, ਰੋਟੀ ਖਾਂਦੇ ਧਿਆਨ ਰੱਖਣਾ ਹੈ ਕਿ ਵਾਹਿਗੁਰੂ ਪਰੀਪੂਰਨ ਮੇਰੇ ਚਾਰੇ ਪਾਸੇ ਹੈ। ਮੈਂ ਵਾਹਿਗੁਰੂ 'ਚ ਰਹਿੰਦਾ ਹਾਂ, ਜਿਵੇਂ ਮੱਛੀ ਸਮੁੰਦਰ 'ਚ ਰਹਿੰਦੀ ਹੈ। ਇਸ ਧਿਆਨ ਨੂੰ ਸਿਮਰਨ ਕਹਿੰਦੇ ਨੇ। ਉਹ ਸਿਮਰਨ ਪੱਕਦਾ ਹੈ ਵਾਹਿਗੁਰੂ-ਵਾਹਿਗੁਰੂ, ਨਾਮ ਜੋ ਗੁਰੂ ਤੋਂ ਮਿਲਿਆ ਹੈ ਮੰਤਰ, ਉਹ ਜਪਣਾ। ਉਹਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ, ਸਭ ਤੋਂ ਵੱਡਾ ਦੁੱਖ ਹੈ ਜਿਹੜਾ ਜੰਮਣਾ ਮਰਨਾ ਬਹੁਤ ਭਾਰਾ ਦੁਖ ਹੈ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥* *ਅੰਗ - 1256*

ਸਾਰੇ ਦੁੱਖਾਂ ਦਾ ਖਾਤਮਾ ਹਉਮੈ ਦਾ ਨਾਸ਼ ਹੋ ਜਾਂਦਾ ਹੈ ਤੇ ਆਪਣੇ ਸਰੂਪ ਦਾ ਗਿਆਨ ਹੋ ਕੇ ਪ੍ਰਮੇਸ਼ਰ ਵਿੱਚ ਲੀਨ ਹੋ ਕੇ ਸਦਾ-ਸਦਾ ਵਾਸਤੇ ਸਤਿ, ਚਿਤ, ਅਨੰਦ ਦੀ ਅਵਸਥਾ ਪ੍ਰਾਪਤ ਕਰਕੇ ਨਿਜ ਘਰ 'ਚ ਵਾਸਾ ਹੋ ਜਾਂਦਾ ਹੈ, ਪ੍ਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਇਹ ਬੜਾ ਹੀ ਸੁਖਾਲਾ ਰਸਤਾ ਹੈ ਸਾਡੇ ਵਾਸਤੇ, ਨਾ ਧੂਣੀਆਂ ਤਾਪਣੀਆਂ, ਨਾ ਜਲ ਧਾਰੇ ਕਰਨੇ, ਨਾ ਪੁੱਠੇ ਲਟਕਣਾ, ਬੱਚਿਆ 'ਚ ਰਹਿੰਦੇ ਹੋਏ ਗੁਰੂ ਦੀ ਜੁਗਤ ਵਰਤੋ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ ॥* *ਅੰਗ - 522*

ਗ੍ਰਿਹਸਤ 'ਚ ਰਹੋ, ਬਾਲ ਬੱਚਿਆਂ ਨੂੰ ਪਾਲੋ, ਨੌਕਰੀਆਂ ਚਾਕਰੀਆਂ ਕਰੋ, ਸਮਾਂ ਕੱਢੋ ਪ੍ਰਮੇਸ਼ਰ ਦੇ ਨਾਮ ਦਾ। ਜੀਭ ਹਿਲਾਈ ਜਾਣੀ ਹੈ, ਜਦੋਂ ਕਿਸੇ ਦਫਤਰ ਦਾ ਕੰਮ ਕਰਦੇ ਓਂ, ਜਦ ਜੀਭ ਹਿੱਲਦੀ ਹੈ। ਨਾਮ ਇੱਕ ਵਾਰੀ ਜਪ ਕੇ ਅੰਦਰ ਲੈ ਜਾਓ, ਫੇਰ ਨਾਮ ਆਪਣੇ ਆਪ ਹੀ ਜਪ ਹੁੰਦਾ ਹੈ ਕਿਉਂਕਿ ਅੰਦਰ ਹੈ ਨਾਮ, ਉਹ ਅਵਸਥਾ ਸਾਨੂੰ ਪ੍ਰਾਪਤ ਹੋ ਜਾਏ ਫੇਰ ਦੁੱਖਾਂ ਦਾ ਖਾਤਮਾ ਹੀ ਹੋ ਜਾਇਆ ਕਰਦਾ ਹੈ, ਕਲਾ ਕਲੇਸ਼ ਦਾ ਖਾਤਮਾ ਹੋ ਜਾਂਦਾ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ - 262*

ਸੋ ਆਪਾਂ ਵਿਚਾਰ ਕਰੀ ਹੈ, ਦੋਹਾਂ ਚੀਜ਼ਾਂ ਦੀ। ਗੁਰੂ ਘਰ ਦੇ ਅੰਦਰ ਸੁਖਾਲੇ -

*ਗੁਰਮੁਖ ਨਾਮ ਦਾਨ ਇਸਨਾਨ।*

ਨਾਮ ਜਪਣਾ, ਕਿਰਤ ਕਮਾਈ ਦੇ ਵਿਚੋਂ ਦਾਨ ਦੇਣਾ, ਸ਼ੁਭ ਬਚਨਾਂ ਦਾ ਦਾਨ ਦੇਣਾ, ਸ਼ੁਭ ਯਾਚਨਾ ਦਾ ਦਾਨ -

***ਨਾਨਕ ਨਾਮ ਚੜ੍ਹਦੀ ਕਲਾ,***

***ਤੇਰੇ ਭਾਣੇ ਸਰਬੱਤ ਕਾ ਭਲਾ।***

ਇਹ ਮਾਮੂਲੀ ਗੱਲ ਨਹੀਂ ਹੈ, ਅਸੀਂ ਆਪਣੇ ਹਿਰਦੇ 'ਚੋਂ ਦਾਨ ਦਿੰਦੇ ਹਾਂ, ਦੂਸਰੇ ਦਾ ਭਲਾ ਕਰਾਉਣ ਵਾਸਤੇ। ਬੁੱਧੀ ਦੇ ਨਾਲ ਦਾਨ ਦੇਣਾ, ਸਹੀ ਰਸਤੇ ਦੇ ਉਤੇ ਪਾਉਣਾ, ਯਤਨ ਕਰਨਾ। ਉਹਦੀ ਪਦਵੀ ਕਿੱਡੀ ਹੈ ਮਹਾਰਾਜ ਕਹਿੰਦੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***

***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਕਿੱਡਾ ਵੱਡਾ ਦਾਨ ਹੈ, ਜੇ ਇਹਦੇ ਨਾਲ ਸ਼ਕਤੀ ਦੇ ਦੇਵੇ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***

***ਅੰਗ - 749***

ਸੋ ਇਹ ਦਾਨ ਦੇਣਾ, ਇਸ਼ਨਾਨ, ਸਰੀਰ ਦਾ ਇਸ਼ਨਾਨ ਪਾਣੀ ਨਾਲ ਕਰਾਉਣਾ, ਬਚਨ ਦਾ ਇਸ਼ਨਾਨ ਵਿਚਾਰ ਨਾਲ ਹੁੰਦਾ ਹੈ। ਫਿੱਕਾ ਨਹੀਂ ਬੋਲਣਾ, ਮਨ ਦਾ ਇਸ਼ਨਾਨ ਬਾਣੀ ਦੀ ਵਿਚਾਰ ਨਾਲ ਹੁੰਦਾ ਹੈ। ਸਿਮਰਨ ਨਾਲ ਹੁੰਦਾ ਹੈ, ਬੁੱਧੀ ਦਾ ਇਸ਼ਨਾਨ ਬਾਣੀ ਦੀ ਵਿਚਾਰ ਨਾਲ ਹੁੰਦਾ, ਆਤਮ ਇਸ਼ਨਾਨ ਨਾਮ ਜਪ ਕੇ ਹੁੰਦਾ ਹੈ, ਸੋ ਇਹ ਇਸ਼ਨਾਨ ਕਰਨਾ -

***ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਅੰਗ - 942***

ਇਹਦੇ ਨਾਲ ਸਾਡੀ ਕਲਿਆਣ ਹੋ ਜਾਂਦੀ ਹੈ, ਕੋਈ ਔਖਾ ਰਸਤਾ ਨਹੀਂ, ਕੋਈ ਝੰਬੇਲਾ ਨਹੀਂ ਹੈ, ਸਿੱਧਾ-ਸਿੱਧਾ ਰਾਹ ਹੈ, ਇਸ 'ਤੇ ਆਵੇ, ਇਸ 'ਤੇ ਆਉਣ ਤੋਂ ਪਹਿਲਾਂ ਆਪ ਸਾਰਿਆਂ ਨੂੰ ਗੁਰੂ ਤੋਂ ਦੀਖਸ਼ਾ ਲੈਣੀ ਪਵੇਗੀ। ਤਿੰਨ ਤਰ੍ਹਾਂ ਦਾ ਅੰਮ੍ਰਿਤ ਹੁੰਦਾ ਹੈ। ਪਹਿਲਾ ਅੰਮ੍ਰਿਤ ਹੁੰਦਾ ਹੈ ਜਿਹਨੂੰ ਜਨਮ ਸੰਸਕਾਰ ਅੰਮ੍ਰਿਤ ਕਹਿੰਦੇ ਨੇ। ਦੂਸਰਾ ਅੰਮ੍ਰਿਤ ਨਾਮ ਅੰਮ੍ਰਿਤ, ਮੰਤ੍ਰ ਲੈਣ ਦਾ ਅੰਮ੍ਰਿਤ। ਤੀਸਰਾ ਅੰਮ੍ਰਿਤ ਗੁਰੂ ਦਿੰਦਾ ਹੈ ਆਪ, ਉਹਨੂੰ ਕਹਿੰਦੇ ਨੇ ਬ੍ਰਹਮਗਿਆਨ ਅੰਮ੍ਰਿਤ। ਉਹ ਜਦੋਂ ਪੁੱਗ ਜਾਂਦੀ ਹੈ ਰੂਹ ਉਸ ਵੇਲੇ ਇਹੀ ਬਾਣੀ ਪ੍ਰਗਟ ਹੋ ਕੇ, ਕਰਨੀ ਵਾਲੇ ਮਹਾਂਪੁਰਖਾਂ ਦੀ ਰਸਨਾ 'ਤੇ ਚੜ੍ਹ ਕੇ ਬੋਲਦੀ ਹੈ ਤੇ ਫੇਰ ਉਹ ਬ੍ਰਹਮਗਿਆਨ ਦਾ ਅੰਮ੍ਰਿਤ ਮਿਲ ਜਾਂਦਾ ਹੈ ਫੇਰ ਉਹ ਜੰਮਣ ਮਰਨ ਤੋਂ ਛੁਟ ਜਾਂਦਾ ਹੈ। ਸੋ ਇਸ ਕਰਕੇ ਸਾਨੂੰ ਨਾਮ ਅੰਮ੍ਰਿਤ ਲੈਣਾ ਪਵੇਗਾ। ਪੰਜ ਪਿਆਰਿਆਂ ਕੋਲ ਆ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੋ ਫੇਰ ਨਾਮ ਲਓ। ਮੰਤਰ ਲਓ, ਉਸ ਮੰਤਰ ਨੂੰ ਰੱਖਣਾ ਨਹੀਂ ਹੈ, ਸੰਭਾਲ ਕੇ ਕਿ ਘਰ ਲਿਜਾ ਕੇ ਰੱਖ ਦਿੱਤਾ। ਮੈਂ ਕਈਆਂ ਨੂੰ

ਪੁੱਛਦਾ ਹਾਂ ਕਿ ਪੰਜ ਪਿਆਰਿਆਂ ਨੇ ਤੁਹਾਨੂੰ ਕਿਹੜਾ ਮੰਤਰ ਦਿੱਤਾ ਹੈ ਕਹਿੰਦੇ ਯਾਦ ਨਹੀਂ ਹੈ ਜੀ। ਮੈਂ ਕਿਹਾ ਤੁਹਾਨੂੰ ਦੱਸਿਆ ਨਹੀਂ ਹੈ ਅੰਮ੍ਰਿਤ ਵਾਲਿਆਂ ਨੇ ਕਿ ਅਸੀਂ ਤੈਨੂੰ ਮੰਤਰ ਦੇ ਰਹੇ ਹਾਂ। ਇਹ ਮੰਤਰ ਜਪ ਜਪ ਕੇ ਨਾਮ ਦੀ ਪ੍ਰਾਪਤੀ ਹੋਣੀ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪਣਾ ਜੀਵਨ ਸਫਲ ਕਰੋ, ਕਾਰੋਬਾਰ ਵੀ ਕਰੋ, ਸਤਿਸੰਗ ਕਰੋ, ਸਤਿਸੰਗ ਸਭ ਤੋਂ ਵੱਡੀ ਚੀਜ਼ ਹੁੰਦੀ ਹੈ। ਗੁਰਮੁਖ ਦਾ ਮਿਲਾਪ ਬਹੁਤ ਵੱਡੀ ਚੀਜ਼ ਹੈ, ਗੁਰਮੁਖ ਦੀ ਸੰਗਤ ਕਰਕੇ ਨਾਮ ਚਲਦਾ ਹੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ – 520***

ਸੋ ਇਸ ਕਰਕੇ ਜੋ ਗੁਰੂ ਦਾ ਸੁਖਾਲਾ ਰਸਤਾ ਹੈ, ਉਸਨੂੰ ਆਪਣੇ ਹਿਰਦੇ 'ਚ ਵਸਾਓ, ਅੱਧੋ-ਅੱਧ ਪੜ੍ਹੋ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***

***ਸੇਵਾ ਕਰਕੇ ਮਾਣ ਪਾਈਦੈ।***

ਸੇਵਾ ਤੇ ਸਿਮਰਨ ਦੇ ਨਾਲ ਇਹਦੇ ਨਾਲ ਸਾਡਾ ਉਧਾਰ ਹੋ ਜਾਏਗਾ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਸੋ ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ।

ਅਨੰਦ ਸਾਹਿਬ, ਹੁਕਮਨਾਮਾ, ਅਰਦਾਸ। (ਫਿਲਮ ਨੰ. 216)

(--------0-------)

# 11

# ਨਾਮ ਜੁਗਤਿ

*ਸ਼ਾਨ......................................................... ।*
*ਸਤਿਨਾਮੁ ਸ੍ਰੀ ਵਾਹਿਗੁਰੂ,*

*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

*ਨਹੀਂ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥*
*ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥*
*ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥ ਅਕਾਲ ਉਸਤਤਿ*

*ਧਾਰਨਾ - ਚੱਕਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨਾ ਜਾਵੇ ਵਾਹਿਗੁਰੂ।*

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰਿ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੇ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥ ਜਾਪੁ ਸਾਹਿਬ*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਤੇ ਬੜੀ ਦੇਰ ਤੋਂ ਬਾਅਦ ਉਡੀਕਦਿਆਂ ਨੂੰ ਬੱਦਲਾਂ ਦੇ ਦਰਸ਼ਨ ਹੋਏ ਨੇ ਤੇ ਕੁਛ ਥੋੜ੍ਹੀ ਠੰਢ ਹੋਈ ਹੈ, ਇਹ ਵੀ ਉਹਦੀ ਕ੍ਰਿਪਾ ਹੈ। ਇਸੇ ਤਰ੍ਹਾਂ ਦੇ ਨਾਲ ਜੋ ਜਗਿਆਸੂ ਹਿਰਦਾ ਹੁੰਦਾ ਹੈ ਉਸ ਦੀ ਜੋ ਅੰਤਰੀਵ ਖੇਤੀ ਹੁੰਦੀ ਹੈ ਸ਼ੁਭ ਕਰਮਾਂ ਦੀ, ਜੇ ਸਤਿਸੰਗ ਨਾ ਮਿਲੇ ਤੇ ਪ੍ਰਮੇਸ਼ਰ ਦਾ ਪਿਆਰ ਹਾਸਲ ਨਾ ਹੋਵੇ, ਗੁਰੂ ਦਾ ਪਿਆਰ ਨਾ ਮਿਲੇ ਤਾਂ ਹੌਲੀ-ਹੌਲੀ ਉਹ ਵੀ ਸੁੱਕ ਜਾਇਆ ਕਰਦੀ ਹੈ। ਜੋ ਲੋਚਾ ਵਾਲਾ ਜਗਿਆਸੂ ਹੈ ਉਹ ਦਿਨ ਰਾਤ ਪਿਆ ਇਸ ਤਰ੍ਹਾਂ ਦੇ ਨਾਲ ਇੰਤਜ਼ਾਰ ਕਰਦਾ ਹੈ ਵਾਹਿਗੁਰੂ ਜੀ ਦਾ ਜਿਸ ਤਰ੍ਹਾਂ ਦੇ ਨਾਲ ਇੱਕ ਪਿਆਸਾ ਪਪੀਹਾ ਪ੍ਰਿਹੁ-ਪ੍ਰਿਹੁ ਬੋਲਦਾ ਹੈ, ਮੀਂਹ ਪੈ ਰਿਹਾ ਹੈ। ਨਦੀਆਂ ਨਾਲੇ ਉੱਛਲ ਰਹੇ ਨੇ। ਲੇਕਿਨ ਉਹਦੀ ਆਵਾਜ਼ ਖਤਮ ਨਹੀਂ ਹੁੰਦੀ। ਕਿਉਂ ਨਹੀਂ ਹੁੰਦੀ ਕਿਉਂਕਿ ਉਹਨੂੰ ਅਜੇ ਤੱਕ ਉਸ ਨੂੰ ਉਸ ਬੂੰਦ ਦੀ ਪ੍ਰਾਪਤੀ ਨਹੀਂ ਹੋਈ ਜਿਸ ਬੂੰਦ ਨੂੰ ਸਵਾਂਤੀ ਬੂੰਦ ਕਹਿੰਦੇ ਨੇ। ਉਸ ਸਵਾਂਤੀ ਬੂੰਦ ਦੀ ਜਦੋਂ ਪ੍ਰਾਪਤੀ ਹੁੰਦੀ ਹੈ ਫੇਰ ਇੱਕ ਸਾਲ ਦੀ ਪਿਆਸ ਉਸ ਦੀ ਬੁੱਝ ਜਾਇਆ ਕਰਦੀ ਹੈ। rain bird ਕਹਿੰਦੇ ਨੇ ਉਹਨੂੰ, ਪਪੀਹਾ। ਫੇਰ ਇਹ ਚੁੱਪ ਕਰ ਜਾਂਦਾ ਹੈ, ਹੋਰ ਬੇਅੰਤ ਮੀਂਹ ਪੈਂਦਾ ਹੈ ਇਸੇ ਤਰ੍ਹਾਂ ਜੋ ਪ੍ਰਮ ਜਗਿਆਸੂ ਹੈ, ਹੋਰ ਬੇਅੰਤ ਚੀਜ਼ਾਂ ਉਹਦੇ ਆਲੇ-ਦੁਆਲੇ ਫਿਰਦੀਆਂ ਨੇ, ਪਰ ਜਦੋਂ ਤੱਕ ਪ੍ਰਮੇਸ਼ਰ ਦਾ ਮਿਲਾਪ ਨਾ ਹੋਵੇ ਤੇ ਨਾਮ ਰੂਪੀ ਸਵਾਂਤੀ ਬੂੰਦ ਉਸਨੂੰ ਪ੍ਰਾਪਤ ਨਾ ਹੋਵੇ, ਉਸਦੀ ਪਿਆਸ ਨਹੀਂ ਬੁੱਝਦੀ ਤੇ ਉਹਦੇ ਅੰਦਰ, ਜਗਿਆਸਾ ਦੇ ਅੰਦਰ ਤੜਪ ਰਹਿੰਦੀ ਹੈ, ਅੱਜ ਦੂਰ-ਦਰਾਜ਼ ਹਿੰਦੋਸਤਾਨ ਦੇ ਚੜ੍ਹਦੇ ਵਾਲੇ ਕੋਨੇ 'ਤੇ ਜਿੱਥੇ ਪਹੁੰਚਣਾ ਵੀ ਮੁਸ਼ਕਲ ਹੈ ਗੁਰੂ ਨਾਨਕ ਪਾਤਸ਼ਾਹ ਵਾਹੋ-ਦਾਹੀ ਤੁਰੇ ਜਾ ਰਹੇ ਨੇ। ਮਰਦਾਨਾ ਬਹੁਤ ਵਾਰੀ ਸ਼ਿਕਵਾ ਕਰਦਾ ਹੈ, ਕੁਛ ਮਿੱਠਾ protest (ਵਿਰੋਧ) ਕਰਦਾ ਹੈ ਕਿ ਪਾਤਸ਼ਾਹ! ਕਿੰਨੀ ਦੇਰ ਹੋ ਗਈ ਚਲਦਿਆਂ ਨੂੰ ਜੰਗਲ ਹੀ ਜੰਗਲ, ਕੋਈ ਬਸਤੀ ਨਹੀਂ ਆਉਂਦੀ, ਜੇ ਬਸਤੀ ਆਉਂਦੀ ਹੈ ਕਿਤੇ ਠੱਗਾਂ ਨਾਲ ਵਾਹ ਪੈਂਦਾ ਹੈ, ਕਿਤੇ ਚੋਰਾਂ ਨਾਲ ਪੈਂਦਾ ਹੈ, ਕਿਤੇ ਜਾਦੂਗਰਾਂ ਨਾਲ ਵਾਹ ਪੈਂਦਾ ਹੈ ਇਹ ਕਿਹੜੇ ਦੇਸ਼ 'ਚ ਆਪ ਆ ਗਏ। ਕਹਿੰਦੇ, ਮਰਦਾਨਿਆਂ! ਦੇਖ ਕਰਤਾਰ ਦੀ ਰਜ਼ਾ ਜਿੱਧਰ ਲਿਜਾ ਰਿਹਾ ਹੈ, ਆਪਾਂ ਚੱਲ ਰਹੇ ਹਾਂ। ਪਾਤਸ਼ਾਹ! ਤੂੰ ਤਾਂ ਜਾਣਦਾ ਹੈਂ ਕੀ ਕਰਨ ਵਾਸਤੇ ਜਾ ਰਿਹਾ ਹੈਂ, ਮੈਨੂੰ ਤਾਂ ਭਲਾ ਉਹ ਅੱਖਾਂ ਨਹੀਂ ਮਿਲੀਆਂ ਜਿਹਦੇ ਨਾਲ ਮੈਂ ਦੇਖ ਲਵਾਂ। ਮਹਾਰਾਜ ਕਹਿਣ ਲੱਗੇ ਮਰਦਾਨਿਆਂ! ਦੋ ਪਿਆਸੀਆਂ ਰੂਹਾਂ ਵਿਲਕ ਰਹੀਆਂ ਨੇ ਪ੍ਰਮੇਸ਼ਰ ਦੇ ਦਰਸ਼ਨ ਵਾਸਤੇ ਉਥੇ ਨਿਰੰਕਾਰ ਆਪਾਂ ਨੂੰ ਲਿਜਾ ਰਹੇ ਨੇ ਤੇ ਓਧਰਲੇ ਪਾਸੇ ਅੰਮ੍ਰਿਤ ਵੇਲਾ ਹੋ ਆਇਆ, ਗੁਰਸਿੱਖਾਂ ਦੇ, ਤੜਪ ਵਾਲਿਆਂ ਦੇ ਉੱਠਣ ਦਾ ਮੌਕਾ –

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*** ***ਅੰਗ – 459***

ਜਿਨ੍ਹਾਂ ਦੇ ਅੰਦਰ ਖਿੱਚ ਪਈ ਹੋਈ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*

ਨੇਹੁੰ ਵਾਲੇ ਨੈਣ ਸੌਂਇਆਂ ਨਹੀਂ ਕਰਦੇ -

*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਮਿਲਾਪ ਤੋਂ ਉਰਲੇ ਪਾਸੇ ਉਨ੍ਹਾਂ ਨੂੰ ਕੋਈ ਧੀਰਜ ਨਹੀਂ ਹੁੰਦੀ ਤੇ ਨਾ ਠਹਿਰਨ ਦਾ ਥਾਉਂ ਹੁੰਦਾ। ਉਹ ਦੋ ਜਗਿਆਸੂ ਉਸ ਦੇਸ਼ ਦਾ ਜੋ ਰਾਜਾ ਸੀ ਉਸ ਦਾ ਇੱਕ ਭਾਣਜਾ ਤੇ ਇੱਕ ਗਰੀਬ ਕਿਰਤੀ ਸਿੰਘ, ਜੋ ਹੱਡ ਭੰਨਵੀਂ ਮਿਹਨਤ ਕਰਕੇ ਰੋਟੀ ਖਾਂਦਾ ਹੈ, ਦੱਸਾਂ ਨੌਹਾਂ ਦੀ ਕਿਰਤ ਕਰਦਾ ਹੈ। ਉਨ੍ਹਾਂ ਦੋਹਾਂ ਦੇ ਮਨ ਵਿੱਚ ਲੋਚਾ ਲੱਗੀ ਹੋਈ ਹੈ, ਬੜੀ ਵਾਰੀ ਇਕੱਠੇ ਹੁੰਦੇ, ਸਤਿਸੰਗ ਕਰਦੇ ਨੇ ਤੇ ਪ੍ਰਭੂ ਦੇ ਮਿਲਾਪ ਦੀਆਂ ਗੱਲਾਂ ਕਰਦੇ ਨੇ ਪਰ ਹਾਲਾਂ ਤੱਕ ਉਨ੍ਹਾਂ ਦੀ ਲੋਚਾ ਪੂਰੀ ਨਹੀਂ ਹੋਈ। ਨਾ ਲੋਚਾ ਪੂਰੀ ਹੋਣ ਕਰਕੇ ਉਨ੍ਹਾਂ ਦੇ ਅੰਦਰ ਇਸ ਭਾਵ ਦਾ ਪ੍ਰਗਟਾਵਾ ਹੁੰਦਾ ਹੈ -

*ਧਾਰਨਾ - ਮੈਂ ਆਸਾਂ ਕਰਦਾ ਜੀ,*
*ਕਦੋਂ ਗਲ ਲਾਵੋਂਗੇ।*

*ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥*
*ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥*
*ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੂ ਮਿਲਿ ਹਰਿ ਮਨੁ ਮੰਨੇ ॥*
*ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥ ਅੰਗ - 449*

*ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥*
*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ 1 ॥ ਰਹਾਉ ॥*
*ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥*
*ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥*
*ਅੰਗ - 1321*

ਬੈਰਾਗ ਕਰ ਰਹੇ ਨੇ ਦੋਵੇਂ ਕਿ ਪਤਾ ਇਸ ਜੀਵਨ ਦੇ ਅੰਦਰ ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ ਜਾਂ ਨਾ ਹੋਵੇ। ਕੋਈ ਐਸਾ ਪਿਆਰਾ ਆਵੇ ਕਿ ਨਾ ਆਵੇ ਜਿਹੜਾ ਸਾਨੂੰ ਦਸ ਦੇਵੇ ਤੇ ਹਰੀ ਦੇ ਨਾਲ ਸਾਡਾ ਮਿਲਾਪ ਹੋ ਜਾਵੇ, ਨਾਲ ਸਾਡਾ ਮਨ ਮੰਨ ਜਾਵੇ। ਬੜਾ ਘਾਟਾ ਪੈ ਗਿਆ, ਸਾਧੂ ਬੇਅੰਤ ਫਿਰਦੇ ਨੇ ਪਰ ਪ੍ਰਮੇਸ਼ਰ ਤੋਂ ਭੁੱਲ ਗਏ, ਕੋਈ ਤੰਤਰ ਮੰਤਰ ਕਰ ਰਿਹਾ ਹੈ। ਕੋਈ ਜੰਤ੍ਰ ਮੰਤ੍ਰ ਕਰ ਰਿਹਾ ਹੈ ਸਿੱਧੀਆਂ ਦੇ ਵਿੱਚ ਭੁੱਲੇ ਹੋਏ ਨੇ ਫਰੇਬ ਰਚੇ ਹੋਏ ਨੇ, ਜਾਲ ਵਿਛਾਏ ਹੋਏ ਨੇ ਜਿਵੇਂ ਪੰਛੀਆਂ ਨੂੰ ਫੜਦਾ ਹੈ ਜਾਲ ਵਿਛਾ ਕੇ ਬੱਧਕ, ਉਸੇ ਤਰ੍ਹਾਂ ਦੇ ਨਾਲ ਗੱਲ ਹੋ ਰਹੀ ਹੈ ਤੇ ਉਤੋਂ ਧਾਰਮਕ ਬਣੇ ਹੋਏ ਨੇ। ਵਸਤਰ ਪਹਿਨੇ ਹੋਏ ਨੇ ਦੂਰੋਂ ਦੇਖ ਕੇ ਲਗਦਾ ਹੈ ਸਾਧੂ ਹੈ, ਪਰ ਅੰਦਰੋਂ ਅਸਾਧੂ ਹੈ, ਸਾਧੂਪੁਣੇ ਦਾ ਤਾਂ ਨਾਮ ਨਿਸ਼ਾਨ ਵੀ ਨੇੜੇ ਨਹੀਂ, ਆਪਣੀਆਂ ਗਰਜ਼ਾਂ ਦੇ ਵਾਸਤੇ, ਆਪਣੀ ਪ੍ਰਭਤਾ ਦੇ ਵਾਸਤੇ ਤੇ ਆਪਣੀ ਰੋਟੀ ਪਾਣੀ ਦੇ ਵਾਸਤੇ ਅਨੇਕਾਂ ਕਿਸਮ ਦੇ ਭੇਖ

ਧਾਰ ਕੇ ਲੋਕਾਂ ਨੂੰ ਗਲਤ ਰਸਤੇ ਪਾਉਂਦੇ ਫਿਰਦੇ ਨੇ। ਮਿਲ ਨਹੀਂ ਰਿਹਾ ਤੇ ਉਸ ਵੇਲੇ ਝੰਡਾ ਪੁੱਛਦਾ ਹੈ ਕਹਿਣ ਲੱਗਿਆ, ਇੰਦ੍ਰਸੈਣ! ਕੋਈ ਸਾਧੂ ਮਿਲੇਗਾ ਕਿ ਨਹੀਂ। ਉਮਰਾ ਬੀਤ ਗਈ ਹੈ ਤੇ ਕਾਲ ਦਾ ਕੋਈ ਭਰੋਸਾ ਨਹੀਂ। ਕਹਿਣ ਲੱਗਿਆ, ਭਾਈ ਝੰਡੇ! ਕਦੇ ਕਦੇ ਮੈਨੂੰ ਜਦ ਬਚਨ ਕਰਦੇ ਨੂੰ ਇਹ ਭਾਸਦਾ ਹੈ ਜਿਸ ਤਰ੍ਹਾਂ ਹੁੱਸੜ ਪੈਣ ਤੋਂ ਬਾਅਦ, ਵੱਟ ਪੈਣ ਤੋਂ ਬਾਅਦ ਮੀਂਹ ਆ ਜਾਇਆ ਕਰਦਾ ਹੈ, ਐਸ ਤਰ੍ਹਾਂ ਦੀ ਆਪਣੀ ਹਾਲਤ ਹੋ ਗਈ ਹੈ ਹੁਣ ਕੋਈ ਨਾ ਕੋਈ ਪ੍ਰਮੇਸ਼ਰ ਦੀ ਮਿਹਰ ਹੋਵੇਗੀ ਤੇ ਕਿਸੇ ਪੂਰਨ ਸਾਧੂ ਦੇ ਦਰਸ਼ਨ ਹੋਣਗੇ। ਕਹਿਣ ਲੱਗੇ, ਜੋ ਰਾਜ ਮਹਿਲਾਂ 'ਚ ਆਇਆ ਹੋਇਆ ਹੈ ਉਹ ਕਿਹੋ ਜਿਹਾ ਹੈ? ਕਹਿਣ ਲੱਗੇ, ਉਹ ਤਾਂਤਰੀ ਹੈ। ਚਿਲ੍ਹੇ ਕੱਟੇ ਹੋਏ ਨੇ ਉਸਨੇ, ਉਹਨੂੰ ਰੂਹਾਨੀਅਤ ਦਾ ੳ ਅ ਵੀ ਨਹੀਂ ਆਉਂਦਾ। ਬਿਰਤੀ ਵਿਸ਼ੇ ਵਿਕਾਰਾਂ ਤੋਂ ਉੱਚੀ ਨਹੀਂ ਹੋਈ। ਮਾਇਆਵੀ ਖੇਡਾਂ ਦੇ ਵਿੱਚ ਲੱਗਿਆ ਹੋਇਆ ਹੈ, ਨਾਟਕਾਂ ਚੇਟਕਾਂ 'ਚ। ਮੰਤਰੀ ਦੇ ਓਲਾਦ ਨਹੀਂ ਸੀ ਹੁੰਦੀ ਤੇ ਏਸਨੇ ਇੱਕ ਸੁਆਹ ਦੀ ਚੁਟਕੀ ਦੇ ਦਿੱਤੀ, ਚੇਟਕੀ ਸੀ ਤੇ ਉਹਦੇ ਓਲਾਦ ਹੋ ਗਈ। ਉਹ ਰਾਜਾ ਜੀ ਭਲੋ ਰਿਹਾ ਹੈ ਕਿ ਬਹੁਤ ਵੱਡੇ ਮਹਾਂਪੁਰਸ਼ ਨੇ ਤੁਸੀਂ ਇਨ੍ਹਾਂ ਨੂੰ ਗੁਰੂ ਧਾਰਨ ਕਰ ਲਓ ਤੇ ਇਨ੍ਹਾਂ ਦਾ ਜੋ ਮੱਤ ਹੈ ਉਹ ਰਾਜ ਦਾ ਮੱਤ ਹੋ ਜਾਣਾ ਚਾਹੀਦਾ ਹੈ। ਕਹਿਣ ਲੱਗਿਆ, ਮੈਂ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਾਧੂ ਨਹੀਂ ਹੈ, ਉਹ ਤਾਂਤਰੀ ਹੈ, ਚੇਟਕੀ ਹੈ, ਨਾਟਕੀ ਹੈ, ਸਾਧੂ ਦੇ ਕੋਲ ਹੋਰ ਚੀਜ਼ ਹੁੰਦੀ ਹੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ – 520***

ਉਨ੍ਹਾਂ ਕੋਲ ਜੀਅ ਦਾਨ ਹੋਇਆ ਕਰਦਾ ਹੈ, ਇਹ ਜੀਅ ਦਾਨ ਤੋਂ ਖਾਲੀ ਹੈ।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***

***ਅੰਗ – 749***

ਇਹ ਹਰੀ ਦੀ ਬਾਤ ਨਹੀਂ ਕਰਦਾ, ਬਿਭੂਤੀਆਂ ਦੀ ਬਾਤ ਕਰਦਾ ਹੈ, ਇਹਦੇ ਕੋਲ ਜਾ ਕੇ ਸ਼ਾਂਤੀ ਨਹੀਂ ਆਉਂਦੀ, ਮਨ ਟਿਕਦਾ ਨਹੀਂ ਹੈ, ਮਨ ਦੇ ਅੰਦਰ ਵਿਕਾਰ ਪੈਦਾ ਹੁੰਦੇ ਨੇ। ਮਾਇਆ ਦੀਆਂ ਖੇਡਾਂ ਦੇਖਣ ਨੂੰ ਜੀਅ ਕਰਦਾ ਹੈ। ਇਸ ਕਰਕੇ ਭਾਈ ਝੰਡਾ ਇਸੇ ਕਰਕੇ ਮੈਂ ਬੇਨਤੀ ਕਰਦਾ ਹਾਂ ਕੋਈ ਸੱਚਾ ਨਹੀਂ ਆ ਰਿਹਾ। ਬੜਾ ਮੁਸ਼ਕਲ ਹੋ ਰਿਹਾ ਹੈ ਤੇ ਮੈਨੂੰ ਤਾਂ ਐਸ ਤਰ੍ਹਾਂ ਲਗਦਾ ਹੈ ਕਿ ਸਾਰੇ ਸੰਸਾਰ ਦੇ ਉਤੇ ਕੀ ਰਾਜਸੀ ਖੇਤਰ, ਕੀ ਧਾਰਮਕ ਹੈ, ਕੀ ਵਪਾਰਕ ਹੈ, ਕੀ ਭਾਈਚਾਰਕ ਹੈ, ਕੀ ਪਰਿਵਾਰਕ ਹੈ, ਸੱਚ ਦਾ ਨਾਮ ਨਿਸ਼ਾਨ ਹੀ ਖਤਮ ਹੁੰਦਾ ਤੁਰਿਆ ਜਾ ਰਿਹਾ ਹੈ ਤੇ ਕੂੜ ਦੀ ਮੱਸਿਆ ਦਾ ਪਰਮ ਅਧਿਕਾਰ ਸੰਸਾਰ ਦੇ ਉਤੇ ਛਾ ਰਿਹਾ ਹੈ, ਬੜਾ ਮੁਸ਼ਕਲ ਹੋ ਗਿਆ ਹੈ। ਕੋਈ ਤਾਰਨ ਦਾ ਸਵਾਲ ਨਹੀਂ ਹੁੰਦਾ, ਕੋਈ ਗੁਰੂ ਨੇ ਉਹ ਚੇਲਿਆਂ ਦੇ ਕੋਲ ਜਾ ਕੇ ਨਾਚਦੇ ਨੇ, ਰਾਸਾਂ ਪਾਉਂਦੇ ਨੇ, ਰੂਪ ਧਾਰਦੇ ਨੇ ਮਹਾਂਪੁਰਸ਼ਾਂ ਦਾ, ਉੱਚੀ-ਉੱਚੀ ਗਾਉਂਦੇ ਨੇ,

ਕੋਈ ਯੋਧਿਆਂ ਦੀ ਵਾਰਾਂ ਗਾ ਰਹੇ ਨੇ, ਕੋਈ ਮਾਇਆ ਇਕੱਠੀ ਕਰ ਰਹੇ ਨੇ। ਸੱਚ ਤਾਂ ਅਲੋਪ ਹੁੰਦਾ ਜਾ ਰਿਹਾ ਹੈ ਤੇ ਕੀਹਦੇ ਉਤੇ ਵਿਸ਼ਵਾਸ਼ ਕਰਿਆ ਜਾਵੇ, ਇਸ ਤਰ੍ਹਾਂ ਦੇ ਨਾਲ ਭਾਵ ਪ੍ਰਗਟ ਕਰਦੇ ਨੇ-

*ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥*
*ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥*
*ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ 1 ॥ ਮਃ 1 ॥*
*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*

*ਅੰਗ - 469*

ਕਹਿਣ ਲੱਗੇ, ਭਾਈ ਝੰਡਾ! ਕਿਤੇ ਵੀ ਸੱਚ ਦਾ ਕਿਨਾਰਾ ਨਜ਼ਰ ਨਹੀਂ ਆ ਰਿਹਾ। ਹਰ ਥਾਂ ਦੇ ਉਤੇ ਝੂਠ ਹੀ ਝੂਠ ਹੈ, ਭਗਤੀ ਦੇ ਵਿੱਚ ਕੋਈ ਪਿਆ ਨਹੀਂ ਹੋਇਆ, ਦਿਖਾਵਾ ਹੱਦ ਤੋਂ ਜ਼ਿਆਦਾ ਹੈ ਕਿੱਥੋਂ ਆਸ ਕਰੀਏ, ਪਤਾ ਨਹੀਂ ਆਪਣਾ ਜਨਮ ਇਸੇ ਤਰ੍ਹਾਂ ਲੰਘ ਜਾਣਾ ਹੈ ਤੇ ਫੇਰ ਕਹਿਣ ਲੱਗਿਆ, ਇੰਦ੍ਰਸੈਣ, ਭਾਈ ਝੰਡਾ! ਪਰ ਆਸ ਮਨ 'ਚੋਂ ਨਹੀਂ ਜਾਂਦੀ ਤੇ ਸੁਣਿਆ ਸੀ ਉਡਦੀ-ਉਡਦੀ ਗੱਲ ਕਿ ਇੱਕ ਸਾਧੂ ਉਤਰ ਪੱਛਮ ਤੋਂ ਸੰਸਾਰ ਦੇ ਅੰਦਰ ਭਾਲ-ਭਾਲ ਕੇ ਟੁੱਟੀਆਂ ਹੋਈਆਂ ਰੂਹਾਂ ਨੂੰ ਕਿਨਾਰੇ ਲਾ ਰਿਹਾ ਹੈ ਤੇ ਉਸਨੇ ਨੂਰਸ਼ਾਹ ਦਾ ਕੁਫਰਗੜ੍ਹ ਤੋੜਿਆ। ਵਾਹਿਗੁਰੂ ਸੁਣ ਲਵੇ, ਪ੍ਰਭੂ ਸੁਣ ਲਵੇ, ਸਾਡੀ ਪੁਕਾਰ ਪ੍ਰਵਾਨ ਪੈ ਜਾਵੇ, ਬਾਬੀਹੇ ਵਾਲੀ ਕੂਕ ਉਹਦੇ ਦਰ 'ਤੇ ਮਨਜ਼ੂਰ ਹੋ ਜਾਵੇ ਤੇ ਭੇਜ ਦੇਵੇ ਕੋਈ ਆਪਣਾ, ਸਾਡੇ ਕੋਲ ਤਰਲਾ ਹੀ ਤਰਲਾ ਹੈ -

*ਧਾਰਨਾ - ਪ੍ਰੀਤਮ ਮੇਰਾ ਪਿਆਰਾ ਕੋਈ ਆਣ ਕੇ ਮਿਲਾਵੇ।*

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ 1 ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*

*ਹਰਿ ਹਰਿ ਨਾਮੁ ਧਿਆਈ ॥ 1 ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥ 2 ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ 3 ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ 4 ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ 5 ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥* **ਅੰਗ - 757**

ਦਿਲ 'ਚੋਂ ਆਵਾਜ਼ ਉੱਠ ਰਹੀ ਹੈ, ਜਿਸਨੂੰ ਲੋਚਾ ਲੱਗੀ ਹੁੰਦੀ ਹੈ ਪ੍ਰਭੂ ਦੇ ਮਿਲਣ ਦੀ, ਉਹ ਨਾ ਸੁੱਖ ਦੀ ਪਰਵਾਹ ਕਰਦਾ ਹੈ ਨਾ ਦੁੱਖ ਦੀ ਪਰਵਾਹ ਕਰਦਾ ਹੈ, ਨਾ ਭੁੱਖ ਤੋਂ ਡਰਦਾ ਹੈ, ਨਾ ਕਿਸੇ ਰਿਆਇਤ 'ਚ ਆਉਂਦਾ ਹੈ, ਜਿਸ ਤਰ੍ਹਾਂ ਵੀ *' ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥'* ਰੁੱਖੀਆਂ ਦੇ ਦੇ ਤਾਂ ਵੀ ਪ੍ਰਸੰਨ ਹਾਂ, ਨਾ ਦੇ ਤਾਂ ਵੀ ਪ੍ਰਸੰਨ ਹਾਂ। ਭੁੱਖ ਦੇ ਵਿੱਚ ਵੀ ਪ੍ਰਸੰਨ ਤੇ ਦੁੱਖ ਦੇ ਵਿੱਚ ਵੀ ਪ੍ਰਸੰਨ ਪਰ ਮੈਨੂੰ ਮੇਰਾ ਪਿਆਰਾ ਮਿਲਾ ਦੇ। ਸੱਚੇ ਜਗਿਆਸੂ ਦੇ ਮਨ ਦੀ ਇਹ ਲੋਚਾ ਹੋਇਆ ਕਰਦੀ ਹੈ, ਜੇ ਇਹ ਨਿਭ ਜਾਵੇ, ਕਿਸੇ ਦੇ ਹਿਰਦੇ ਵਿੱਚ ਐਸੀ ਲੋਚਾ ਪੈਦਾ ਹੋ ਜਾਵੇ, ਫੇਰ ਪ੍ਰਮੇਸ਼ਰ ਵਲੋਂ ਇੰਤਜ਼ਾਮ ਹੈ ਸਾਧਸੰਗਤ ਜੀ। ਉਨ੍ਹਾਂ ਨੇ ਸੰਸਾਰ ਦੇ ਉਧਾਰ ਦਾ ਇੰਤਜ਼ਾਮ ਕਰਿਆ ਹੋਇਆ ਹੈ, ਉਹ ਆਪਣੇ ਮਹਾਂਪੁਰਖ ਭੇਜਦੇ ਨੇ, ਗੁਰਮੁਖ ਪਿਆਰੇ ਭੇਜਦੇ ਨੇ, ਜਿਨ੍ਹਾਂ ਦਾ ਕੰਮ ਹੀ ਇਹੀ ਹੁੰਦਾ ਹੈ ਕਿ ਟੁੱਟਿਆਂ ਹੋਇਆ ਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣਾ -

*ਧਾਰਨਾ - ਟੁੱਟੀਆਂ ਰੂਹਾਂ ਨੂੰ ਜੋੜਨ ਸਾਈਂ ਪਿਆਰੇ,*
*ਜੀਅ ਦਾਨ ਦਿੰਦੇ ਆਣ ਕੇ।*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
**ਅੰਗ - 749**

ਪ੍ਰਮੇਸ਼ਰ ਵਲੋਂ ਆਪਣਾ ਸਰੂਪ, ਮੁਕਤ ਆਤਮਾ ਉਨ੍ਹਾਂ ਨੂੰ ਭੇਜਿਆ ਜਾਂਦਾ ਹੈ ਕਿ ਸੰਸਾਰ ਵਿੱਚ ਜਾਓ ਤੇ ਜੋ ਟੁੱਟੀਆਂ ਹੋਈਆਂ ਰੂਹਾਂ ਵਿਲਕਦੀਆਂ ਨੇ ਮੇਰੇ ਦਰਸ਼ਨਾਂ ਵਾਸਤੇ, ਮੇਰੇ ਮਿਲਾਪ ਵਾਸਤੇ, ਜਾਓ ਉਨ੍ਹਾਂ ਨੂੰ ਸਹੀ ਰਸਤਾ ਦੱਸੋ। ਕਹਿੰਦੇ ਭਾਈ ਝੰਡਾ! ਜ਼ਰੂਰ ਕੋਈ ਆਏਗਾ ਪੂਰਾ ਤੇ ਦਿਖਾ ਦਏਗਾ।

ਪੂਰੇ ਦੀ ਕੀ ਨਿਸ਼ਾਨੀ ਹੁੰਦੀ ਹੈ? ਕੋਈ ਨਿਸ਼ਾਨੀ ਵੀ ਹੁੰਦੀ ਹੈ? ਮਹਾਰਾਜ ਕਹਿੰਦੇ ਹਾਂ, ਭਾਈ। ਅੰਦਰੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਾ ਦਿੰਦਾ ਹੈ ਜਿਹੜਾ ਪੂਰਾ ਹੁੰਦਾ ਹੈ। ਜਿਹੜਾ ਅਧੂਰਾ ਹੁੰਦਾ ਹੈ ਉਸ ਤੋਂ ਨਹੀਂ ਹੁੰਦਾ ਤੇ ਉਹਦੀ ਨਿਸ਼ਾਨੀ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ - 1291***

ਜਿਹੜਾ ਸਰੀਰ ਦੇ ਵਿੱਚ ਪ੍ਰਮੇਸ਼ਰ ਜਿਸ ਥਾਂ ਦੇ ਉਤੇ ਰਹਿੰਦਾ ਹੈ, ਰਹਿੰਦਾ ਤਾਂ ਸਾਰੇ ਹੀ ਹੈ, ਪਰ ਇੱਕ ਥਾਂ ਦੇ ਉਤੇ ਉਹਦੇ ਦਰਸ਼ਨ ਹੁੰਦੇ ਨੇ। ਜਿਸਨੂੰ ਗਗਨਮੰਡਲ ਕਹਿੰਦੇ ਨੇ, ਸੁੰਨ ਮੰਡਲ ਕਹਿੰਦੇ ਨੇ, ਦਸਮ ਦੁਆਰ ਕਹਿੰਦੇ ਨੇ। ਉਥੇ ਜਿਹੜਾ ਪਹੁੰਚਾ ਦੇਵੇ ਸੁਰਤ ਨੂੰ ਤੇ ਦਰਸ਼ਨ ਕਰਾ ਦੇਵੇ ਕਹਿੰਦੇ ਉਹ ਸਤਿਗੁਰੂ ਹੋਇਆ ਕਰਦਾ ਹੈ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਅੰਗ - 1291***

ਉਹ ਧੁਨ ਹੋ ਰਹੀ ਹੈ, ਧੁਨਕਾਰ, ਪੰਜਾਂ ਸ਼ਬਦਾਂ ਦੀ ਤੇ ਉਥੇ ਨਿਸ਼ਾਨੀ ਸ਼ਬਦ ਦੀ ਹੈ -

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ - 1291***

ਸੱਚਾ ਤਖਤ ਜੋ ਹੈ ਅੰਦਰ ਹੀ ਬੰਦੇ ਦੇ, ਉਸ ਥਾਂ ਦੇ ਉਤੇ ਉਸ ਪ੍ਰਭੂ ਦੇ ਦਰਸ਼ਨ ਕਰਾ ਦਿੰਦੇ ਨੇ -

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***
***ਅੰਗ - 1291***

ਸਾਰੀਆਂ ਵਾਸ਼ਨਾਵਾਂ ਮਨ ਵਿੱਚ ਸਮਾਅ ਜਾਣਗੀਆਂ, ਖਤਮ ਹੋ ਜਾਣਗੀਆਂ, ਅਫੁਰ ਅਵਸਥਾ ਪ੍ਰਾਪਤ ਹੋ ਜਾਏਗੀ, ਜਦੋਂ ਮਨੋ ਨਾਸ਼ ਹੋ ਜਾਏ। ਵਾਸ਼ਨਾ ਖ੍ਹੈ ਹੋ ਜਾਵੇ ਤੇ ਤਤ੍ਵ ਦਾ ਗਿਆਨ ਹੋ ਜਾਵੇ ਉਸ ਵੇਲੇ ਮਿਲਾਪ ਹੋ ਜਾਇਆ ਕਰਦਾ ਹੈ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਅੰਗ - 1291***

ਫੇਰ ਅਵਸਥਾ ਇਹ ਹੁੰਦੀ ਹੈ ਕਿ ਆਪਣੇ ਆਪ ਅੱਖਾਂ ਵੀ ਨਾਮ ਜਪਦੀਆਂ ਨੇ, ਕੰਨ ਵੀ ਨਾਮ ਜਪਦੇ ਨੇ, ਸਾਰਾ ਸਰੀਰ ਨਾਮ ਜਪਦਾ ਹੈ, ਰੋਮ-ਰੋਮ ਨਾਮ ਜਪਦਾ ਹੈ, ਰਸਨਾ ਵੀ ਜਪਦੀ ਹੈ, ਹਰ ਥਾਂ 'ਤੇ ਨਾਮ ਹੀ ਜਪਿਆ ਜਾਂਦਾ ਹੈ ਕਿਉਂਕਿ ਨਾਮ ਇਹਦੇ ਵਿੱਚ ਪਰੀਪੂਰਨ ਹੈ। ਉਹ ਅੱਖ ਖੁੱਲ੍ਹ ਜਾਂਦੀ ਹੈ ਉਹ ਦਿੱਬਯ ਕੰਨ ਖੁਲ੍ਹ ਜਾਂਦੇ ਨੇ ਜਿਹੜੇ ਨਾਮ ਨੂੰ ਸਰਵਣ ਕਰਦੇ ਨੇ। ਪੰਛੀ ਬੋਲਦੇ ਨੇ ਲੇਕਿਨ ਦਿੱਬਯ ਕੰਨ ਜਿਹਦੇ ਖੁਲ੍ਹ ਗਏ ਉਹਨੂੰ ਪੰਛੀਆਂ ਦੇ ਬੋਲਣ ਵਿੱਚ ਵੀ ਪ੍ਰਮੇਸ਼ਰ ਦਾ ਨਾਮ ਸੁਣਦਾ ਹੈ। ਕੋਈ ਚੀਜ਼ ਬੋਲਦੀ ਹੈ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***
***ਅੰਗ- 1420***

ਤੇ ਹਰ ਥਾਂ ਦੇ ਉਤੇ ਬਗੈਰ ਜਾਪ ਕਰਨ 'ਤੇ ਜਾਪ ਹੋ ਰਿਹਾ ਹੈ

ਪ੍ਰਮੇਸ਼ਰ ਦਾ। ਉਹਦਾ ਫਲ ਕੀ ਹੁੰਦਾ ਹੈ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ - 1291***

ਜਿਸ ਥਾਂ ਤੋਂ ਆਇਆ ਹੈ ਉਹਦੇ ਵਿੱਚ ਸਮਾਅ ਜਾਂਦਾ ਹੈ -

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***

***ਅੰਗ - 1291***

ਆਪਣੇ ਘਰ ਦੇ ਅੰਦਰ ਵਾਸਾ ਹੋ ਜਾਂਦਾ ਹੈ ਗੁਰੂ ਦੇ ਰਾਹੀਂ, ਗੁਰਮੁਖ ਦੇ ਰਾਹੀਂ -

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ - 1291***

ਸ਼ਬਦ ਦੀ ਖੋਜ ਕਰਕੇ ਇਸ ਘਰ ਦੀ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ, ਜਿਹਨੂੰ ਇਹ ਪ੍ਰਾਪਤੀ ਹੋ ਗਈ, ਮੈਂ ਉਹਦਾ ਦਾਸ ਹਾਂ। ਮਹਾਰਾਜ ਤਾਂ ਇਸ ਤੋਂ ਵੀ ਥੱਲੇ ਬਹੁਤਿਆਂ ਨੂੰ ਕਹਿੰਦੇ ਨੇ ਕਿ ਅਸੀਂ ਉਹਦੇ ਦਾਸ ਹਾਂ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*** ***ਅੰਗ - 306***

ਸੋ ਕਹਿਣ ਲੱਗੇ, ਭਾਈ ਝੰਡਾ! ਜ਼ਰੂਰ ਆਪਣੀ ਅਰਜ਼ੋਈ ਨੂੰ ਸੁਣਿਆ ਜਾਵੇਗਾ ਤੇ ਆਪਣੀ ਆਸ ਨੂੰ ਫਲ ਲੱਗੇਗਾ ਤੇ ਮੈਨੂੰ ਐਸ ਤਰ੍ਹਾਂ ਪਰਤੀਤ ਹੁੰਦਾ ਹੈ ਜੋ ਐਡੇ ਦੂਰ-ਦਰਾਜ਼ ਤੋਂ ਸਫਰ ਕੱਟ ਕੇ ਪਹੁੰਚਿਆ ਹੈ ਜ਼ਰੂਰ ਸਾਡੇ ਕੋਲ ਪਹੁੰਚੇਗਾ।

ਏਧਰ ਗੁਰੂ ਨਾਨਕ ਪਾਤਸ਼ਾਹ ਬਿਸ਼ੀਅਰ ਦੇਸ਼ ਦੇ ਵਿੱਚ ਪਹੁੰਚ ਜਾਂਦੇ ਨੇ, ਦੋ ਖਿਆਲ ਨੇ ਕਿ ਇੱਕ ਤਾਂ ਲੰਕਾ ਦੇ ਨੇੜੇ ਹੈ, ਇਕਨਾ ਦਾ ਹੈ ਕਿ ਆਸਾਮ ਦੇ ਨੇੜੇ ਹੈ। ਕਿਤੇ ਵੀ ਹੋਵੇ, ਮਹਾਰਾਜ ਉਸ ਥਾਂ ਪਹੁੰਚਦੇ ਨੇ ਤੇ ਉਥੇ ਪਹੁੰਚ ਕੇ ਮਰਦਾਨਾ ਕਹਿਣ ਲੱਗਿਆ ਸੱਚੇ ਪਾਤਸ਼ਾਹ! ਤਿੰਨ ਦਿਨ ਹੋ ਗਏ ਭੁੱਖਿਆਂ ਨੂੰ ਕਿਸੇ ਨੇ ਜਲ ਨਹੀਂ ਪੁੱਛਿਆ, ਪਾਣੀ ਨਹੀਂ ਪੁੱਛਿਆ। ਇਹ ਅਜੀਬ ਦੇਸ਼ ਦੇ ਵਿੱਚ ਲੈ ਆਏ, ਆਪਣੇ ਤਾਂ ਕੋਈ ਨੇੜੇ ਨਹੀਂ ਆਉਂਦਾ। ਜਿੱਥੇ ਆਪਾਂ ਖੜ੍ਹ ਜਾਂਦੇ ਹਾਂ ਮੈਂ ਦੇਖਿਆ ਹੈ ਕਿ ਉਥੇ ਲੋਕ ਆਪਣੇ ਤੁਰਨ ਤੋਂ ਬਾਅਦ ਪੋਚਾ ਦਿੰਦੇ ਨੇ ਕਿਉਂਕਿ ਸਮਝ ਨਹੀਂ ਰਹੇ ਬੜੇ ਮੂੜ੍ਹ ਦੇਸ਼ ਵਿੱਚ ਆ ਗਏ। ਮੈਨੂੰ ਭੁੱਖ ਲੱਗੀ ਹੋਈ ਹੈ, ਕ੍ਰਿਪਾ ਕਰੋ ਮੈਂ ਸ਼ਹਿਰ ਵਿੱਚ ਜਾਵਾਂ। ਕਹਿੰਦੇ ਮਰਦਾਨਿਆਂ! ਸ਼ਹਿਰ ਦਾ ਹਾਲ ਤਾਂ ਤੂੰ ਜਾਣਦਾ ਹੀ ਹੈਂ ਉਹ ਤਾਂ ਕਿਸੇ ਨੇ ਨਹੀਂ ਤੈਨੂੰ ਪ੍ਰਸ਼ਾਦਾ ਦੇਣਾ। ਇਹ ਜਿਹੜਾ ਦੇਸ਼ ਹੈ ਬਹੁਤ ਕੱਟੜ ਦੇਸ਼ ਦੇ ਵਿੱਚ ਆਪਾਂ ਆ ਗਏ ਹਾਂ। ਤੂੰ ਜਾਹ ਜੇ ਪ੍ਰਸ਼ਾਦ ਪਾਣੀ ਛੱਕਣਾ ਹੈ ਇੱਥੇ ਬਖਸ਼ੀ ਹੋਈ ਰੂਹ ਹੈ ਪ੍ਰਮੇਸ਼ਰ ਦੀ। ਕਹਿੰਦਾ ਮਹਾਰਾਜ ਉਹਦਾ ਨਾਉਂ?

ਕਹਿੰਦੇ, ਉਹਦਾ ਨਾਉਂ ਝੰਡਾ ਹੈ। ਉਹਦੇ ਪਿਤਾ ਦਾ ਨਾਉਂ ਪਾਖਰ

ਹੈ। ਪੁੱਛ ਕੇ ਚਲਿਆ ਜਾਈਂ ਤੇ ਉਹ ਪ੍ਰਸ਼ਾਦ ਪਾਣੀ ਦਾ ਬੰਦੋਬਸਤ ਕਰ ਦਏਗਾ। ਉਸ ਵੇਲੇ ਪੁੱਛਦਾ ਪੁਛਾਉਂਦਾ ਜਦੋਂ ਜਾਂਦਾ ਹੈ ਤਾਂ ਉਸ ਵੇਲੇ ਮੱਥੇ ਪੜ੍ਹਦੇ ਜਾਂਦਾ ਹੈ। ਇਨ੍ਹਾਂ ਨੂੰ ਦੇਖਦੇ ਨੇ ਨੱਕ ਚਾੜ੍ਹ ਲੈਂਦੇ ਨੇ। ਮਰਦਾਨੇ ਨੂੰ ਦੇਖ ਕੇ ਕਿ ਇਹ ਕਿਹੜਾ ਭੇਖ ਹੈ, ਐਹੋ ਜਿਹਾ ਤਾਂ ਅਸੀਂ ਦੇਖਿਆ ਹੀ ਨਹੀਂ ਕੋਈ ਭੇਖ ਵਾਲਾ, ਪਤਾ ਨਹੀਂ ਹਿੰਦੂ ਨੇ, ਪਤਾ ਨਹੀਂ ਮੁਸਲਮਾਨ ਨੇ, ਪਤਾ ਨਹੀਂ ਇਹ ਹਿੰਦੂ ਮੁਸਲਮਾਨ ਰਲਵੇਂ ਨੇ। ਕੋਈ ਗੱਲ ਕਰਨ ਨੂੰ ਤਿਆਰ ਨਹੀਂ ਦੇਖ ਕੇ ਹੀ ਨੱਕ ਵੱਟਦਾ ਹੈ, ਮਰਦਾਨਾ ਕਿਸੇ ਨੂੰ ਨਹੀਂ ਪੁੱਛਦਾ। ਚਲਦੇ-ਚਲਦੇ ਇੱਕ ਖਿੜੇ ਮੱਥੇ ਵਾਲਾ, ਬੁੱਲ੍ਹਾਂ 'ਤੇ ਮੁਸਕਰਾਹਟ ਵਾਲਾ ਜਿਹਦੇ ਨੈਣਾਂ ਦੇ ਵਿੱਚ ਤੇਜ਼ ਸੀ, ਕੋਈ ਖੁਸ਼ੀ ਸੀ, ਉਹ ਪਛਾਣ ਲਿਆ ਇਸਨੇ ਤੇ ਉਹਦੇ ਨਾਲ ਤਿੰਨ ਚਾਰ ਸਾਥੀ ਨੇ ਤੇ ਦੋ ਤਿੰਨ ਦਾਸ ਨੇ, ਚਾਕਰ ਨੇ। ਉਸ ਵੇਲੇ ਅੱਗੇ ਹੋਇਆ ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰੋ, ਮੈਨੂੰ ਭਾਈ ਝੰਡੇ ਦਾ ਘਰ ਦੱਸੋ, ਜੋ ਪਾਖਰ ਦਾ ਲੜਕਾ ਹੈ। ਨਿਰੰਕਾਰ ਦੇ ਨਾਮ 'ਤੇ। ਕਹਿਣ ਲੱਗੇ, ਪਿਆਰਿਆ! ਤੂੰ ਨਿਰੰਕਾਰ ਦਾ ਨਾਮ ਲਿਆ ਹੈ, ਇੱਥੇ ਤਾਂ ਕੋਈ ਲੈਂਦਾ ਨਹੀਂ, ਚੱਲ ਮੈਂ ਨਿਰੰਕਾਰ ਦੇ ਨਾਮ ਵਾਲੇ ਨੂੰ ਝੰਡੇ ਪਾਸ ਲੈ ਚੱਲਾਂ। ਚਾਕਰ ਕਹਿਣ ਲੱਗੇ ਕਿ ਅਸੀਂ ਲੈ ਜਾਂਦੇ ਹਾਂ। ਉਹ ਕਹਿੰਦੇ ਨਹੀਂ ਮੈਂ ਆਪ ਜਾਵਾਂਗਾ, ਇਹਨੇ ਨਿਰੰਕਾਰ ਦਾ ਨਾਮ ਲਿਆ ਹੈ ਮੇਰਾ ਹਿਰਦਾ ਖਿੜ ਗਿਆ। ਕਿਉਂਕਿ ਜਦੋਂ ਹਿਰਦਾ ਖਿੜ ਜਾਵੇ ਨਾਮ ਲੈਣ 'ਤੇ ਚਾਹੇ ਕੋਈ ਅੱਲਾਹ ਦਾ ਨਾਮ ਲੈਂਦਾ, ਚਾਹੇ ਰਾਮ ਦਾ ਲੈਂਣਾ ਹੈ ਚਾਹੇ ਨਿਰੰਕਾਰ ਕਹਿੰਦਾ ਹੈ, ਚਾਹੇ ਵਾਹਿਗੁਰੂ ਕਹਿੰਦਾ ਹੈ; ਮਹਾਰਾਜ ਕਹਿੰਦੇ -

***ਨਾਉ ਸੁਣਿ ਮਨੁ ਰਹਸੀਐ .....................॥ ਅੰਗ - 468***

ਜਿਹਦਾ ਨਾਉਂ ਸੁਣਦੇ ਸਾਰ ਪ੍ਰਮੇਸ਼ਰ ਦਾ ਮਨ ਵਿੱਚ ਖੇੜਾ ਆ ਜਾਵੇ, ਕਹਿੰਦੇ ਉਹ ਸੱਚੇ ਦੇ ਨੇੜੇ ਹੋਇਆ ਕਰਦਾ ਹੈ, ਸੱਚ ਨੂੰ ਜਾਣ ਲੈਂਦਾ ਹੈ। ਨਾਉਂ ਲੈਣ 'ਤੇ ਹੀ ਖਿੜ ਜਾਣਾ ਕਿ ਮੇਰੇ ਪਿਆਰੇ ਦਾ ਨਾਉਂ ਲਿਆ ਹੈ ਇਹਨੇ। ਕੁਦਰਤੀ ਬਾਤ ਹੁੰਦੀ ਹੈ ਜਿਹਦੇ ਨਾਲ ਪਿਆਰ ਹੋ ਜਾਏ, ਉਹਦਾ ਨਾਉਂ ਲੈ ਲਏ ਜੇ ਕੋਈ ਆ ਕੇ, ਬਹੁਤ ਚੰਗਾ ਲਗਦਾ ਹੈ, ਫੇਰ ਉਸ ਤੋਂ ਉਹਦੀਆਂ ਗੱਲਾਂ ਪੁੱਛਦੇ ਹਾਂ ਕਿ ਕੀ ਹਾਲ ਹੈ ਉਹਦਾ। ਜੇ ਉਹ ਇੱਕ ਵਾਰੀ ਗੱਲ ਮੁਕਾ ਦਏਗਾ ਫੇਰ ਅਸੀਂ ਦੂਜੀ ਵਾਰੀ ਪੁੱਛਦੇ ਹਾਂ, ਜੇ ਰਾਤ ਰਹਿ ਪਿਆ ਸਾਡੇ ਕੋਲ ਸਾਰੀ ਰਾਤ ਕਰ ਦੇਵਾਂਗੇ, ਓਹੀ ਗੱਲ ਮੁੜ-ਮੁੜ ਪੁੱਛੀ ਜਾਵਾਂਗੇ। ਫੇਰ ਉਹਨੇ ਕੀ ਕਿਹਾ।

ਉਹ ਗੱਲ ਬਾਰ-ਬਾਰ ਪਿਆਰੀ ਲਗਦੀ ਹੈ। ਮਹਾਰਾਜ ਕਹਿੰਦੇ, ਉਹਦੀ ਭੇਟਾ ਕੀ ਹੁੰਦੀ ਹੈ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***
***ਅੰਗ - 558***

ਸੋ ਭਾਈ ਝੰਡੇ ਦੇ ਕੋਲ ਆ ਗਿਆ, ਕਹਿਣ ਲੱਗੇ, ਭਾਈ ਝੰਡਾ

ਇਹ ਨਿਰੰਕਾਰ ਦਾ ਪਿਆਰਾ ਕੋਈ ਆਇਆ ਹੈ। ਧੰਨਭਾਗ ਇਸ ਸ਼ਹਿਰ ਵਿੱਚ ਕਿਸੇ ਨੇ ਨਿਰੰਕਾਰ ਦਾ ਨਾਮ ਲਿਆ ਹੈ ਤੇ ਤੈਨੂੰ ਮਿਲਣਾ ਚਾਹੁੰਦਾ ਹੈ। ਆਦਰ ਦੇ ਕੇ ਉਸ ਨੇ ਬਿਠਾਲਿਆ ਕਹਿੰਦੇ ਦੱਸੋ ਕਿਵੇਂ ਆਏ? ਤੁਸੀਂ ਮੈਨੂੰ ਜਾਣਦੇ ਓਂ? ਕਹਿੰਦੇ ਮੈਂ ਤਾਂ ਨਹੀਂ ਜਾਣਦਾ ਲੇਕਿਨ ਮੇਰਾ ਮਾਲਕ ਜਾਣਦਾ ਹੈ।

ਕਹਿੰਦੇ ਹੈਂ! ਮੈਨੂੰ ਗਰੀਬ ਨੂੰ ਕੋਈ ਬਾਹਰ ਜਾਣਦਾ ਹੈ? ਕਿਸ ਦੇਸ਼ ਤੋਂ ਆਏ ਓਂ?

ਕਹਿੰਦੇ, ਅਸੀਂ ਉਸ ਦੇਸ਼ ਤੋਂ ਆਏ ਹਾਂ ਜਿੱਥੇ ਸੱਤ ਦਰਿਆ ਵਹਿੰਦੇ ਨੇ ਤੇ ਜਿਹਨੂੰ ਸਪਤਸਿੰਧੂ ਕਹਿੰਦੇ ਨੇ ਪਰ ਗਲਤੀ ਨਾਲ ਉਸਨੂੰ ਪੰਜਾਬ ਕਹਿਣ ਲੱਗ ਗਏ। ਪੰਜ ਆਬ ਨਹੀਂ ਹੈ ਉਹ ਸੱਤ ਆਬ ਹੈ। ਸਿੰਧ ਤੋਂ ਲੈ ਕੇ ਜਮਨਾ ਤੱਕ। ਉਹਨੂੰ ਸਪਤਸਿੰਧੂ ਕਹਿੰਦੇ ਸੀ, ਯੂਨਾਨੀ ਉਹਨੂੰ ਹਫਤ ਹਿੰਦੂ ਕਹਿੰਦੇ ਸੀ, ਜਿੱਥੋਂ ਏਸ ਦੇਸ਼ ਦੇ ਵਾਸੀਆਂ ਦਾ ਨਾਮ ਹਿੰਦੂ ਪਿਆ ਹੈ ਕਿਉਂਕਿ ਸਿੰਧ ਪਾਣੀ ਨੂੰ ਕਹਿੰਦੇ ਨੇ, ਸਪਤਸਿੰਧੂ ਇਹ ਕਹਿੰਦੇ ਸੀ, ਸੱਤ ਦਰਿਆਵਾਂ ਵਾਲਾ, ਸੱਤ ਪਾਣੀਆਂ ਵਾਲਾ ਦੇਸ਼, ਬੜਾ ਸੁੰਦਰ ਦੇਸ਼ ਏਸ ਥਾਂ 'ਤੇ ਆ ਕੇ ਰਿਸ਼ੀਆਂ ਮੁਨੀਆਂ ਨੇ ਚਾਰੇ ਵੇਦਾਂ ਦਾ ਉਚਾਰਨ ਕੀਤਾ, ਸਿਮ੍ਰਤੀਆਂ ਬਣੀਆਂ, ਉਪਨਿਸ਼ਦਾਂ ਬਣੀਆਂ ਤੇ ਬੜਾ ਪਿਆਰਾ ਦੇਸ਼, ਏਸੇ ਦੇਸ਼ ਦੇ ਅੰਦਰ ਕ੍ਰਿਸ਼ਨ ਮਹਾਰਾਜ ਨੇ ਗੀਤਾ ਉਚਾਰਨ ਕਰੀ, ਸੋ ਕਹਿਣ ਲੱਗੇ, ਮੈਂ ਉਸ ਦੇਸ਼ ਤੋਂ ਆਇਆ ਹਾਂ।

ਕਹਿੰਦਾ, ਨਾਮ?

ਕਹਿੰਦੇ, ਮੇਰਾ ਨਾਂ ਤਾਂ ਮਰਦਾਨਾ ਹੈ।

ਭਾਈ ਮਰਦਾਨਾ! ਮੈਂ ਤਾਂ ਉਥੇ ਕਿਸੇ ਨੂੰ ਨਹੀਂ ਜਾਣਦਾ।

ਕਹਿੰਦੇ, ਮੈਂ ਵੀ ਨਹੀਂ ਜਾਣਦਾ ਤੈਨੂੰ। ਲੇਕਿਨ ਮੇਰਾ ਮਾਲਕ ਜਾਣਦਾ ਹੈ।

ਕਹਿਣ ਲੱਗੇ, ਉਹ ਕੌਣ ਨੇ?

ਕਹਿਣ ਲੱਗਿਆਂ, ਉਨ੍ਹਾਂ ਦਾ ਨਾਉਂ ਨਾਨਕ ਨਿਰੰਕਾਰੀ ਹੈ, ਲੇਕਿਨ ਗਲਤੀ ਨਾਲ ਲੋਕ ਨਾਨਕ ਤਪਾ ਵੀ ਕਹਿ ਦਿੰਦੇ ਨੇ, ਮੂਰਖ ਲੋਕ। ਉਹ ਨਿਰੰਕਾਰ ਦੀ ਜੋਤ ਪ੍ਰਗਟ ਹੋਈ ਹੈ, ਮਨੁੱਖ ਸਰੀਰ ਦੇ ਅੰਦਰ। ਤੇ ਰੁਕੀਆਂ ਹੋਈਆਂ ਰੂਹਾਂ, ਜਿਹੜੇ ਥੱਕ ਗਏ ਨੇ, ਜਿਨ੍ਹਾਂ ਨੂੰ ਕੋਈ ਕਿਨਾਰਾ ਨਹੀਂ ਲੱਭ ਰਿਹਾ, ਕਹਿੰਦੇ ਉਨ੍ਹਾਂ ਨੂੰ ਜੋੜਨ ਵਾਸਤੇ ਉਹ ਆਏ ਨੇ। ਕਹਿਣ ਲੱਗੇ, ਭਾਈ ਮਰਦਾਨਾ! ਇੱਕ ਕੋਈ ਸਾਧੂ ਇਸ ਦੇਸ਼ ਵਿੱਚ ਆਇਆ ਸੀ ਤੇ ਉਹਨੇ ਨੂਰਸ਼ਾਹ ਦਾ ਕੁਫਰ ਗੜ੍ਹ ਤੋੜਿਆ ਹੈ। ਕਹਿਣ ਲੱਗਿਆ, ਹਾਂ, ਓਹੀ ਨੇ ਉਹ। ਕਹਿੰਦਾ, ਧੰਨ ਭਾਗ ਮੈਨੂੰ ਦਰਸ਼ਨ ਹੋਏ ਤੇ ਸੇਵਾ ਦੱਸੋ।

ਕਹਿਣ ਲੱਗੇ, ਦੇਖੋ! ਮੈਨੂੰ ਤਾਂ ਭੁੱਖ ਲਗਦੀ ਹੈ ਤੇ ਮੇਰੇ ਮਾਲਕ ਨੂੰ

ਭੁੱਖ ਨਹੀਂ ਲਗਦੀ। ਮੈਂ ਇਸ ਰਾਜ਼ ਨੂੰ ਨਹੀਂ ਸਮਝ ਸਕਦਾ ਕਿ ਉਹਨੂੰ ਭੁੱਖ ਕਿਉਂ ਨਹੀਂ ਲਗਦੀ ਪਤਾ ਨਹੀਂ ਤਾਂ ਉਹ ਨਾਮ ਦੇ ਆਧਾਰ 'ਤੇ ਰਹਿੰਦੇ ਨੇ, ਪਤਾ ਨਹੀਂ ਕੀਰਤਨ ਦੇ ਆਧਾਰ 'ਤੇ ਰਹਿੰਦੇ ਨੇ, ਇਹ ਵੀ ਨਹੀਂ ਮੈਨੂੰ ਪਤਾ ਉਨ੍ਹਾਂ ਦੇ ਬਹੁਤ ਸਾਰੇ ਪ੍ਰੇਮੀ ਨੇ ਜਿਹੜੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਅਰਦਾਸ ਕਰਦੇ ਨੇ ਤੇ ਭੋਗ ਲਵਾਉਂਦੇ ਨੇ।

ਗੁਰੂ ਤੀਸਰੇ ਪਾਤਸ਼ਾਹ, ਇੱਕ ਵਾਰੀ ਲੰਗਰ ਦੇ ਅੰਦਰ ਛੱਤੀ ਪ੍ਰਕਾਰ ਦੇ ਭੋਜਨ ਬਣੇ। ਗੁਰਸਿੱਖਾਂ ਦੇ ਮਨ ਵਿੱਚ ਆਇਆ ਕਿ ਅੱਜ ਇੱਕ ਥਾਲ ਗੁਰੂ ਤੀਸਰੇ ਪਾਤਸ਼ਾਹ ਦੇ ਕੋਲ ਲੈ ਚੱਲੀਏ ਤੇ ਉਨ੍ਹਾਂ ਨੂੰ ਬੇਨਤੀ ਕਰੀਏ ਕਿ ਪਾਤਸ਼ਾਹ! ਤੁਸੀਂ ਕਦੇ ਤਾਂ ਲੰਗਰ ਦਾ ਪ੍ਰਸ਼ਾਦਾ ਛਕ ਲਿਆ ਕਰੋ ਤੇ ਓਗਰਾ ਖਾਂਦੇ ਓਂ, ਉਹ ਵੀ ਲੂਣ ਤੋਂ ਬਗੈਰ।

ਮਹਾਰਾਜ ਕਹਿੰਦੇ, ਪ੍ਰੇਮੀਓ! ਪ੍ਰਸ਼ਾਦਾ ਤਾਂ ਅਸੀਂ ਛਕਦੇ ਹਾਂ ਸਾਨੂੰ ਸੂਖਸ਼ਮ ਤੌਰ 'ਤੇ ਪਹੁੰਚ ਜਾਂਦਾ ਹੈ ਸਾਰਾ, ਆਧਾਰ ਉਸੇ ਦਾ ਰਹਿੰਦਾ ਹੈ ਸਾਨੂੰ। ਅਸੀਂ ਤਾਂ ਕੇਵਲ ਮੂੰਹ ਦਾ ਸਵਾਦ ਬਦਲਣ ਵਾਸਤੇ ਨਮਕ ਰਹਿਤ ਓਗਰਾ ਖਾਂਦੇ ਹਾਂ।

ਕਹਿਣ ਲੱਗੇ, ਮਹਾਰਾਜ! ਇਹ ਗੱਲ ਸਾਡੇ ਸਮਝ ਵਿੱਚ ਨਹੀਂ ਆਈ।

ਕਹਿੰਦੇ, ਹੁਣੇ ਅਸੀਂ ਪ੍ਰਸ਼ਾਦਾ ਛਕ ਕੇ ਹਟੇ ਹਾਂ ਲੰਗਰ ਦਾ, ਤੁਸੀਂ ਅਰਦਾਸ ਨਹੀਂ ਸੀ ਕਰੀ ਕਹਿੰਦੇ ਕਰੀ ਸੀ। ਮਹਾਰਾਜ ਕਹਿੰਦੇ ਜਲ ਲਿਆਓ, ਅਜੇ ਤਾਂ ਅਸੀਂ ਹੱਥ ਵੀ ਨਹੀਂ ਧੋਤੇ, ਪ੍ਰਸ਼ਾਦਾ ਛਕ ਕੇ। ਉਸ ਵੇਲੇ ਜਦੋਂ ਆਪ ਨੇ ਕੁਰਲਾ ਕਰਿਆ, ਕੀ ਦੇਖਦੇ ਨੇ ਜੋ ਲੰਗਰ 'ਚ ਪਦਾਰਥ ਬਣੇ ਸੀ ਉਹ ਸਾਰੇ ਅੰਸ ਪਾਣੀ 'ਚ ਆ ਗਏ। ਕਹਿਣ ਲੱਗੇ, ਆਹ ਆਧਾਰ ਹੈ। ਜਦੋਂ ਕੋਈ ਪਿਆਰ ਦੇ ਨਾਲ ਸ਼ੁੱਧ ਬਣਾ ਕੇ ਅਰਦਾਸ ਕਰਦਾ ਹੈ, ਉਹ ਪ੍ਰਸ਼ਾਦ ਸਾਨੂੰ ਪਹੁੰਚਦਾ ਹੈ ਉਹਦੀ ਅੰਸ। ਏਸੇ ਕਰਕੇ ਬੇਨਤੀ ਕਰੀ ਜਾਂਦੀ ਹੈ ਕਿ ਭਾਈ! ਡਾਲਡੇ ਦਾ ਕੜਾਹ ਪ੍ਰਸ਼ਾਦ ਨਾ ਕਦੇ ਬਣਾਇਓ, ਭੁੱਲ ਕੇ ਵੀ। ਚਾਹ ਦੀ ਨਾ ਅਰਦਾਸ ਕਰਿਓ, ਚਾਹ ਦੇ ਵਿੱਚ ਪਤਾ ਨਹੀਂ ਕਿਹੜੇ ਕੈਮੀਕਲ ਪੈਂਦੇ ਨੇ, ਗੁਰੂ ਨੂੰ ਨਾ ਪਿਲਾਇਓ ਚਾਹ, ਕੋਈ ਨਹੀਂ ਸੀ ਚਾਹ ਪੀਂਦਾ ਹੁੰਦਾ। ਜਾਣਦੇ ਹੀ ਨਹੀਂ ਸੀ ਕਿ ਚਾਹ ਕੀ ਹੁੰਦੀ ਹੈ। ਇਹ ਤਾਂ ਬਿਮਾਰੀ ਹੁਣੇ ਹੀ ਚੱਲੀ ਹੈ ਥੋੜ੍ਹੇ ਜਿਹੇ ਸਾਲਾਂ 'ਚ, ਸਾਡੇ ਦੇਖਦੇ-ਦੇਖਦੇ। ਪਰ ਇਹਨੇ ਐਨਾ ਨੁਕਸਾਨ ਕਰ ਦਿੱਤਾ ਸਿਹਤ ਦਾ ਕਿ ਬਿਮਾਰੀਆਂ ਹੀ ਬਿਮਾਰੀਆਂ ਪੈਦਾ ਕਰ ਦਿੱਤੀਆਂ। ਜਿਹੜੀ ਸਿਹਤ ਸਾਡੀ ਬਚਪਨ ਵੇਲੇ ਹੁੰਦੀ ਸੀ, ਸਾਰੇ ਹੀ ਬੰਦੇ ਠੀਕ ਸੀ, ਕੋਈ ਬੀਮਾਰ ਹੀ ਨਹੀਂ ਸੀ ਹੁੰਦਾ, ਹਸਪਤਾਲ ਤਾਂ ਹੁੰਦੇ ਹੀ ਨਹੀਂ ਸੀਗੇ। ਪਟਿਆਲੇ ਦੇ ਰਾਜ ਵਿੱਚ ਤਿੰਨ ਜਾਂ ਚਾਰ ਹਸਪਤਾਲ ਸੀ ਸਾਰੇ ਵਿੱਚ। ਕੋਈ ਬਿਮਾਰ ਨਹੀਂ ਸੀ ਹੁੰਦਾ, ਵੱਧ ਤੋਂ ਵੱਧ ਬਿਮਾਰੀ ਕੀ ਹੁੰਦੀ ਬੁਖਾਰ ਚੜ੍ਹਦਾ ਹੁੰਦਾ ਤੇ ਜਾਂ ਪਲੇਗ ਪੈ ਗਈ, ਜਾਂ ਕੋਈ ਹੋਰ ਚੀਜ਼ ਇਹੋ ਜਿਹੀ ਆ ਗਈ ਉਨ੍ਹਾਂ 'ਚ ਲੋਕ ਬੀਮਾਰ ਹੁੰਦੇ ਸੀ, ਓਸ ਤਰ੍ਹਾਂ ਨਹੀਂ ਸੀ ਬੀਮਾਰ ਹੁੰਦੇ। ਸਰੀਰ ਬਿਲਕੁਲ ਤੰਦਰੁਸਤ ਸੀਗੇ। ਇਹਦਾ ਵੀ ਸਿੱਧਾ ਇਲਾਜ ਸੀ, ਬੁਖਾਰ

ਚੜ੍ਹ ਗਿਆ, ਤੇਈਆ ਚੜ੍ਹ ਗਿਆ ਤਾਂ ਉਹਨੂੰ ਕਹਿ ਦਿੰਦੇ ਸੀ ਕਿ ਸਣ ਦੇ ਖੇਤ 'ਚ ਜਾ ਕੇ ਪੈ ਜਾ। ਉਥੇ ਪੈ ਜਾ ਕੱਪੜਾ ਲੈ ਕੇ। ਆਪੇ ਹੀ ਜਿਹੜੀ ਜ਼ਹਿਰ ਹੈ ਤੇਰੇ ਅੰਦਰ ਉਹ ਗਰਮੀ ਨਾਲ, ਮੁੜ੍ਹਕੇ ਨਾਲ ਨਿਕਲ ਜਾਏਗੀ। ਵੱਧ ਤੋਂ ਵੱਧ ਹੁੰਦਾ ਹੈ ਕਿ ਇੱਕ ਪਿੰਡ 'ਚ ਪਾਧਾ ਹੁੰਦਾ ਹੈ, ਇੱਕ ਪੁੜੀ ਦੇ ਦਿੰਦਾ ਸੀ ਉਹਦੇ ਨਾਲ ਰਾਜ਼ੀ ਹੋ ਜਾਂਦੇ ਸੀ। ਬਿਮਾਰ ਨਹੀਂ ਸੀ ਹੋਇਆ ਕਰਦੇ, ਇਹ ਜਦੋਂ ਦਾ ਚਾਹ ਤੇ ਡਾਲਡਾ ਆਇਆ ਹੈ ਇਹਨੇ ਬਿਮਾਰੀਆਂ ਨਾਲ ਲੈ ਆਂਦੀਆਂ। ਜਿੰਨੇ ਜੀਅ ਕਰਦਾ ਹੈ, ਪੀ.ਜੀ.ਆਈ ਵਰਗੇ ਹਸਪਤਾਲ ਬਣਾ ਲਓ, ਮਨੁੱਖ ਰਾਜ਼ੀ ਨਹੀਂ ਹੋਏਗਾ, ਜਦੋਂ ਤੱਕ ਇਹਦੀ ਖੁਰਾਕ ਨਹੀਂ ਸਹੀ ਹੁੰਦੀ। ਜਦੋਂ ਤੱਕ ਇਹਦੇ ਵਿਚਾਰ ਸਹੀ ਨਹੀਂ ਹੁੰਦੇ, ਜਦੋਂ ਤੱਕ ਇਹਦੇ ਆਚਾਰ ਸਹੀ ਨਹੀਂ ਹੁੰਦੇ, ਜਦੋਂ ਤੱਕ ਇਹਦੀ ਪੁਸ਼ਾਕ ਸਹੀ ਨਹੀਂ ਹੁੰਦੀ। ਐਸੇ ਕੱਪੜੇ ਪਾਉਣ ਨੂੰ ਮਿਲਦੇ ਨੇ ਕਿ ਚਮੜੀ ਹੀ ਗਲ ਜਾਂਦੀ ਹੈ। ਹਵਾ ਪਾਰ ਨਹੀਂ ਹੁੰਦੀ, ਗਰਮੀ ਪਾਰ ਨਹੀਂ ਹੁੰਦੀ ਇਹ ਕੁਦਰਤ ਦਾ ਨਿਯਮ ਸੀ, ਉਹਨੂੰ ਸਾਰੇ ਨੂੰ ਬਦਲ ਕੇ ਰੱਖ ਦਿੱਤਾ ਕੱਪੜਿਆਂ ਨੇ, ਐਨੀ ਤਪਸ਼ ਪੈ ਜਾਂਦੀ ਹੈ ਇਨ੍ਹਾਂ ਦੇ ਉਤੇ, ਗਰਮ ਹੋ ਜਾਂਦੇ ਨੇ। ਜਿਹੜੇ ਚਮੜੀ ਨੂੰ ਖਰਾਬ ਕਰ ਦਿੰਦੇ ਨੇ, ਪਸੀਨਾ ਬਾਹਰ ਨੂੰ ਆਉਂਦਾ ਹੈ, ਬਾਹਰ ਨੂੰ ਨਹੀਂ ਕੱਢਦੇ ਆਪੇ ਭਿੱਜ ਜਾਂਦੇ ਨੇ। ਬਾਹਰ ਆਉਂਦਾ ਹੀ ਨਹੀਂ। ਇਸ ਤਰ੍ਹਾਂ ਦੇ ਜਦੋਂ ਅਸੀਂ ਗਲਤ ਕੰਮ ਕਰਨ ਲਗ ਜਾਂਦੇ ਹਾਂ। ਦੁਕਾਨਾਂ ਤੋਂ ਲੈ ਆਉਂਦੇ ਹਾਂ, ਉਥੇ ਕੋਈ ਬਣਾਏ ਹੋਏ ਨੇ ਖਾਣ ਵਾਸਤੇ ਨਮਕੀਨ ਜਿਹੀਆਂ ਚੀਜ਼ਾਂ, ਦੇਖਦੇ ਤਾਂ ਨਹੀਂ ਕਿ ਬਣਾਉਣ ਵਾਲਾ ਕੌਣ ਹੈ। ਜਾ ਕੇ ਦੇਖਿਓ ਕਦੇ ਕਿ ਜਿੱਥੇ ਬਣਦਾ ਹੈ ਕਿ ਉਹ ਥਾਂ ਤਾਂ ਸਾਨੂੰ ਦਿਖਾਓ ਕਿ ਸੋਧ ਨਾਲ ਬਣਾਉਂਦੇ ਕਿ ਐਵੇਂ ਹੀ ਬਣਾਉਂਦੇ ਓਂ। ਸਿਗਰਟਾਂ ਪੀਂਦੇ ਨੇ ਧੂੰਆਂ ਵਿੱਚ ਹੀ ਸੁੱਟੀ ਜਾਂਦੇ ਨੇ, ਉਤੋਂ ਸੁਆਹ ਦੀ ਚੁਟਕੀ ਮਾਰਦੇ ਨੇ ਉਹ ਵਿੱਚ ਗਿਰ ਜਾਂਦੀ ਹੈ, ਹੁਣ ਕਿਵੇਂ ਖਾ ਲਓਂਗੇ ਤੁਸੀਂ? ਭੋਗ ਲਵਾ ਲਓਂਗੇ ਉਹਨੂੰ। ਨਾ ਇਹੋ ਜਿਹੀ ਗੱਲ ਨਾ ਕਰਿਆ ਕਰੋ, ਡਾਲਡੇ ਦੀ ਬਣੀ ਚੀਜ਼ ਨੂੰ ਨਾ ਭੋਗ ਲਵਾਇਆ ਕਰੋ, ਮਠਿਆਈਆਂ ਬਣੀਆਂ ਹੋਈਆਂ ਨੂੰ, ਸਿੱਧਾ ਹੀ ਕਹਿ ਦਿਆ ਕਰੋ ਕਿ ਪ੍ਰਵਾਨ ਕਰ ਲਓ। ਸਾਡਾ ਵੀ ਧਰਵਾਸ ਜਿਹਾ ਸਾਨੂੰ ਹੋ ਜਾਏਗਾ, ਭੋਗ ਜੇ ਲਵਾਉਣਾ ਹੈ ਤਾਂ ਸਿਰਫ ਸ਼ੁੱਧ ਪ੍ਰਸ਼ਾਦੇ ਨੂੰ ਜਿਹੜਾ ਸੋਧ ਨਾਲ ਬਣਾਇਆ ਹੈ ਤੇ ਕੜਾਹ ਪ੍ਰਸ਼ਾਦ। ਮਰਦਾਨਾ ਕਹਿਣ ਲੱਗਿਆ, ਭਾਈ ਝੰਡਾ! ਪਤਾ ਨਹੀਂ ਉਹ ਅਰਦਾਸਾ ਦੇ ਵਿੱਚ ਜਿਹੜੇ ਭੋਗ ਲਵਾਉਂਦੇ ਨੇ ਉਹਦਾ ਆਧਾਰ ਹੈ ਲੇਕਿਨ ਮੈਂ ਐਸਾ ਵੀ ਸੁਣਿਆ ਹੈ ਕਿ ਜਦੋਂ ਬੰਦਗੀ ਕਰਦੇ-ਕਰਦੇ ਇੱਕ ਥਾਂ ਐਸਾ ਹੈ ਜਿੱਥੇ ਨਾ ਨੀਂਦ ਹੈ ਨਾ ਭੁੱਖ ਹੈ, ਨਾ ਦੁੱਖ ਹੈ। ਕੋਈ ਚੀਜ਼ ਨਹੀਂ ਹੈ। ਉਹ ਨਾਮ ਦਾ ਆਧਾਰ ਕਹਿੰਦੇ ਨੇ, ਹਰੀ ਦੇ ਜਸ ਦਾ ਆਧਾਰ ਕਹਿੰਦੇ ਨੇ, ਮਹਾਰਾਜ ਦਾ ਫੁਰਮਾਨ ਹੈ ਕਿ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥*

*ਅੰਗ - 1414*

ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਪ੍ਰਸ਼ਾਦਾ ਬਣਾਉਂਦਾ ਹਾਂ, ਤੂੰ ਬੈਠ ਤੂੰ ਛਕ ਲੈ। ਕਹਿਣ ਲੱਗਿਆ, ਮੈਂ ਤਾਂ ਨਹੀਂ ਛਕਦਾ ਕਿਉਂਕਿ ਮੇਰਾ ਮਾਲਕ ਪਹਿਲਾਂ ਛਕੇ ਫੇਰ ਮੈਂ ਛੱਕਾਂਗਾ। ਕਹਿੰਦਾ, ਧੰਨ ਹੈ ਭਾਈ ਤੇਰੇ ਨਿਹਚੇ ਨੂੰ। ਪ੍ਰਸ਼ਾਦਾ ਤਿਆਰ ਹੋ ਜਾਂਦਾ ਹੈ ਲੈ ਕੇ ਜਾਂਦੇ ਨੇ ਤੇ ਜਦੋਂ ਜਾ ਕੇ ਮਹਾਰਾਜ ਦੇ ਅੱਗੇ ਪ੍ਰਸ਼ਾਦਾ ਰੱਖ ਦਿੱਤਾ ਤਾਂ ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਝੰਡਾ! ਇਹ ਪ੍ਰਸ਼ਾਦਾ ਕਿਸ ਤੋਂ ਲੈ ਕੇ ਆਇਆ ਹੈਂ ਤੂੰ। ਸੋਝੀ ਵਾਲਾ ਸੀ, ਮੂਰਖ ਹੁੰਦਾ, ਅਗਿਆਨੀ ਹੁੰਦਾ, ਉਹਨੇ ਕਹਿਣਾ ਸੀ ਘਰੋਂ ਹੀ ਲਿਆਇਆ ਹਾਂ ਮੈਂ ਆਪਣੇ। ਸੋਝੀ ਵਾਲਾ ਸੀ, ਮੂਰਖ ਹੁੰਦਾ, ਅਗਿਆਨੀ ਹੁੰਦਾ ਉਹਨੇ ਕਹਿਣਾ ਸੀ ਕਿ ਮੈਂ ਘਰੋਂ ਹੀ ਲਿਆਇਆ ਹਾਂ ਮਹਾਰਾਜ, ਆਪਣੇ ਘਰੋਂ ਹੀ।

ਸੋਝੀ ਵਾਲਾ ਸੀ ਕਹਿਣ ਲੱਗਿਆ ਮਹਾਰਾਜ! ਪ੍ਰਸ਼ਾਦਾ ਮੈਂ ਪ੍ਰਮੇਸ਼ਰ ਦਾ ਦਿੱਤਾ ਹੋਇਆ ਲੈ ਕੇ ਆਇਆ ਹਾਂ।

ਮਹਾਰਾਜ ਕਹਿੰਦੇ, ਭਾਈ ਝੰਡਾ! ਤੂੰ ਪ੍ਰਮੇਸ਼ਰ ਨੂੰ ਜਾਣਦਾ ਹੈਂ?

ਕਹਿੰਦਾ, ਜੀ ਇਹ ਜਾਣਦਾ ਹਾਂ ਕਿ ਸਾਰੇ ਪਰੀਪੂਰਨ ਹੈ ਉਹ।

ਕਹਿੰਦੇ, ਫੇਰ ਘਬਰਾਅ ਕਿਹੜੀ ਗੱਲ ਦਾ ਪੈਂਦਾ ਹੈ ਤੈਨੂੰ। ਘਬਰਾਉਂਦੇ ਕਿਹੜੀ ਗੱਲ ਤੋਂ ਹੋਂ ਤੁਸੀਂ? ਖੇੜਾ ਕਿਉਂ ਨਹੀਂ ਹੈ?

ਸੋਚਣ ਲੱਗ ਗਿਆ ਕਿ ਅਸੀਂ ਘਬਰਾਅ ਜਾਂਦੇ ਹਾਂ, ਸਾਨੂੰ ਮਹਿਸੂਸ ਨਹੀਂ ਹੁੰਦਾ, ਅਸੀਂ ਤਾਂ ਉਹਦੇ ਮਿਲਣ ਵਾਸਤੇ ਤਾਂਘਦੇ ਹਾਂ, ਜੇ ਜਾਣਦੇ ਹੋਈਏ, ਜਾਣਦੇ ਉਹਨੂੰ ਹਾਂ ਜਿਹੜਾ ਮਿਲਿਆ ਹੋਵੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸੁਣਿਆ ਹੈ ਪਰਮੇਸ਼ਰ ਬਾਰੇ, ਲੇਕਿਨ ਜਾਣਿਆ ਨਹੀਂ ਹੈ। ਪਰ ਇੱਕ ਗੱਲ ਹੈਗੀ ਕਿ ਮਨ ਦੇ ਅੰਦਰ ਲੋਚਾ ਲੱਗੀ ਰਹਿੰਦੀ ਹੈ ਹਰ ਵਕਤ। ਮਿਲਣ ਦੀ ਲੋਚਾ ਰਹਿੰਦੀ ਹੈ। ਮਹਾਰਾਜ ਕਹਿਣ ਲੱਗੇ ਕਿ ਭਾਈ ਧੰਨ ਹੋਂ ਤੁਸੀਂ। ਜਿਹਦੇ ਮਨ ਦੇ ਅੰਦਰ ਲੋਚਾ ਵੀ ਲੱਗੀ ਰਹੇ, ਤਰਲਾ ਵੀ ਲੈਂਦਾ ਰਹੇ, ਮਿਲਿਆ ਨਹੀਂ ਪ੍ਰਮੇਸ਼ਰ, ਉਹ ਵੀ ਕਹਿੰਦੇ ਬੰਦਾ ਚੰਗਾ ਹੈ ਕਿਉਂਕਿ ਗੁਆਚਿਆ ਨਹੀਂ ਹੈ ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਦਰਸ ਪਿਆਸਾ ਜਿਸ ਜਨ ਕੌ ਪ੍ਰਭ।***
***ਨਾਨਕ ਤਾ ਕੈ ਬਲਿ ਬਲਿ ਜਾਸਾ।***

ਭਾਈ ਝੰਡਾ ਧੰਨ ਹੋ ਤੁਸੀਂ। ਤੁਹਾਨੂੰ ਜੇ ਨਹੀਂ ਮਿਲਿਆ, ਨਹੀਂ ਪਛਾਣ ਹੋਈ ਤਾਂ ਲੋਚਾ ਤਾਂ ਲੱਗੀ ਰਹਿੰਦੀ ਹੈ ਨਾ, ਕਹਿੰਦਾ ਹਾਂ ਪਾਤਸ਼ਾਹ! ਲੋਚਾ ਲੱਗੀ ਰਹਿੰਦੀ ਹੈ ਉਹਦੇ ਆਸਰੇ ਦਿਨ ਕੱਟ ਰਹੇ ਹਾਂ। ਮਹਾਰਾਜ ਕਹਿੰਦੇ, ਜਿਹਦੇ ਅੰਦਰ ਲੋਚਾ ਨਹੀਂ ਨਾ ਲੱਗੀ ਹੋਈ, ਜਿਹਦੇ ਅੰਦਰ ਖਿੱਚ ਨਹੀਂ ਹੈ, ਜਿਹਦੇ ਅੰਦਰ ਪ੍ਰਭੂ ਦਾ ਪਿਆਰ ਨਹੀਂ ਹੈ, ਕਹਿੰਦੇ ਉਹ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ–

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***

***ਅੰਗ – 253***

ਇੱਕ ਬੰਦੇ ਦੇ ਵਿੱਚ ਪੰਜ ਸਿਫਤਾਂ ਇਕੱਠੀਆਂ ਹੋਣ। ਹੋਣ ਵੀ ਆਖਰੀ ਹੱਦ ਤੱਕ, ਧਨੀ ਵੀ ਬਹੁਤ ਹੋਵੇ, ਸੁੰਦਰ ਹੋਵੇ, ਸ਼ਕਤੀ ਹੋਵੇ, ਰਾਜਸੀ ਸ਼ਕਤੀ ਹੋਵੇ ਤੇ ਗੱਲਾਂਬਾਤਾਂ ਕਰਨ ਵਾਲਾ ਗਿਆਨੀ ਹੋਵੇ ਲੇਕਿਨ ਜੇ ਉਹਦੇ ਅੰਦਰ ਖਿੱਚ ਨਹੀਂ ਹੈ ਤਾਂ ਮਹਾਰਾਜ ਕਹਿੰਦੇ ਉਹ –

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*

*ਅੰਗ – 253*

*ਧਾਰਨਾ – ਮੁਰਦੇ ਸਮਾਨ ਹੈ ਬਿਰਹਾ ਨਾ ਜਿਸ ਤਨ ਹੋਵੇ।*

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥*

*ਅੰਗ – 1379*

ਜਿਹਦੇ ਅੰਦਰ ਖਿੱਚ ਨਹੀਂ ਪੈਦਾ ਹੁੰਦੀ ਦਰਸ਼ਨਾਂ ਦੀ, ਪ੍ਰਮੇਸ਼ਰ ਨੂੰ ਮਿਲਣ ਦੀ ਕਹਿੰਦੇ ਉਹ ਬੰਦਾ ਨਹੀਂ ਹੈ, ਉਹ ਮੁਰਦਾ ਤੁਰਿਆ ਫਿਰਦਾ ਹੈ। ਬਲਿਹਾਰ ਜਾਂਦੇ ਹਾਂ ਭਾਈ ਝੰਡਾ, ਤੁਹਾਡੇ ਹਿਰਦੇ ਦੇ ਅੰਦਰ ਖਿੱਚ ਤਾਂ ਕਾਇਮ ਹੈ ਨਾ। ਦਰਸ਼ਨ ਦੀ ਪਿਆਸ ਦੀ ਲੋਚਾ ਤਾਂ ਲੱਗੀ ਹੋਈ ਹੈ ਨਾ। ਪਿਆਸ ਲੱਗੀ ਹੋਈ ਹੈ ਦਰਸ਼ਨਾਂ ਦੀ। ਬਲਿਹਾਰ ਜਾਂਦੇ ਹਾਂ ਤੁਹਾਡੇ ਤੋਂ। ਜਾਣਿਆਂ ਨਹੀਂ ਫੇਰ ਪ੍ਰਮੇਸ਼ਰ, ਕਹਿੰਦੇ ਨਾ ਪਾਤਸ਼ਾਹ! ਜਿਵੇਂ ਅੱਜ ਤੁਸੀਂ ਜੋ ਆਪ ਫੁਰਮਾਨ ਕੀਤਾ ਸਾਡੀ ਤਾਂ ਅੱਜ ਜਾਗ ਖੁਲ੍ਹ ਗਈ, ਅਸੀਂ ਪ੍ਰਮੇਸ਼ਰ ਜਾਣਿਆ ਨਹੀਂ ਸੱਚਮੁੱਚ ਨਹੀਂ ਜਾਣਿਆ। ਸੁਣਿਆ ਹੋਇਆ ਹੈ ਸਤਿਸੰਗ ਦੇ ਵਿੱਚ ਗੱਲਾਂਬਾਤਾਂ ਕਰਦਿਆਂ ਦੇ, ਲੇਕਿਨ ਜਾਣ ਨਹੀਂ ਸਕੇ ਉਹ। ਮਹਾਰਾਜ ਕਹਿੰਦੇ ਭਾਈ ਝੰਡਾ ਜਿਹੜਾ ਜਾਣ ਜਾਂਦਾ ਹੈ, ਉਹਨੂੰ ਘਬਰਾਹਟ ਨਹੀਂ ਹੁੰਦੀ ਕਿਉਂਕਿ ਉਹ ਤਾਂ ਨਾਲ ਹੈ ਹਰ ਵਕਤ, ਅੰਦਰ ਰਹਿੰਦਾ ਹੈ ਕੋਲ ਰਹਿੰਦਾ ਹੈ ਤੇ ਉਹਦੇ ਸਰੂਪ ਨੂੰ ਸਮਝੋ ਪਹਿਲਾਂ। ਨਿਹਚਾ ਕਰੋ, ਨਿਹਚੇ ਵਿੱਚ ਆਓ। ਬਿਨਾਂ ਜਾਣਨ ਤੋਂ ਜੇ ਭਜਨ ਕਰਦਾ ਹੈ ਆਦਮੀ ਤਾਂ ਆਦਮੀ ਦੇ ਅੰਦਰ ਇੱਕ ਨਿਰਜਿੰਦ ਸੁੰਨ ਹੁੰਦੀ ਹੈ। ਉਹਦੇ 'ਚ ਖਿੱਚ ਨਹੀਂ ਹੁੰਦੀ ਉਸ ਸੁੰਨ ਦੇ ਅੰਦਰ, ਕਸ਼ਿਸ਼ ਨਹੀਂ ਹੋਇਆ ਕਰਦੀ। ਉਹਦੇ 'ਚ ਐਵੇਂ ਜਾ ਕੇ ਸੁਰਤ ਟਿਕ ਜਾਂਦੀ ਹੈ। ਬਹੁਤ ਲੋਕ, ਬਹੁਤ ਜਗਿਆਸੂ ਇੱਥੇ ਧੋਖਾ ਖਾਂਦੇ ਨੇ। ਕਹਿੰਦੇ ਜੀ ਮੇਰੀ ਸੁਰਤੀ ਇੱਥੇ ਇਕਾਗਰ ਹੋ ਗਈ, ਤੁੰਦਰਾ ਨੀਂਦ ਪੈ ਜਾਂਦੀ ਹੈ ਉਥੇ ਜਾਂ ਫੇਰ ਜੇ ਜਾਗ੍ਰਤ ਵੀ ਹੈ ਤਾਂ ਪ੍ਰਮੇਸ਼ਰ ਸਨਮੁੱਖ ਨਹੀਂ ਹੁੰਦਾ। ਇੱਕ ਸੁੰਨ ਹੋ ਜਾਂਦੀ ਹੈ ਸਨਮੁੱਖ, ਬਹੁਤਿਆਂ ਨੇ ਇੱਥੇ ਹੀ ਆ ਕੇ ਆਪਣਾ ਸਫਰ ਬੰਦ ਕਰ ਦਿੱਤਾ, ਗੁਰੂ ਨਾਨਕ ਜਦੋਂ ਜੋਗੀਆਂ ਨੂੰ ਮਿਲਦੇ ਨੇ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਗੋਰਖਨਾਥ ਜੀ! ਜਿਸ ਸੁੰਨ ਨੂੰ ਤੁਸੀਂ ਕਹਿੰਦੇ ਓਂ, ਸਾਡੀ ਸੁੰਨ ਦਾ ਉਹ ਮਤਲਬ ਨਹੀਂ ਹੈ. ਸਾਡੀ ਸੁੰਨ ਹੈ ਅਨਹਤ ਸੁੰਨ –

*ਅਨਹਤ ਸੁੰਨਿ ਰਤੇ ਸੇ ਕੈਸੇ ॥*
*ਜਿਸ ਤੇ ਉਪਜੇ ਤਿਸ ਹੀ ਜੈਸੇ ॥* *ਅੰਗ – 943*

ਉਹ ਤਾਂ ਜਾਗਰਤ ਹੈ, ਉਹ ਤਾਂ ਹਸਤੀ ਹੈ ਤੇ ਉਸ ਵੇਲੇ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਭਾਈ ਝੰਡਾ! ਉਹਦੇ ਸਰੂਪ ਨੂੰ ਪਛਾਣ।

ਉਹਦਾ ਸਰੂਪ ਸਤਿ ਹੈ, ਉਹਦਾ ਨਾਮ ਜੋ ਹੈ ਸਤਿਨਾਮ। ਸਤਿ ਜਿਹੜਾ ਹੈ ਉਹ ਹਰ ਵਕਤ ਹਾਜ਼ਰ ਨਾਜ਼ਰ ਹੈ, ਕਦੇ ਵੀ ਨਹੀਂ ਗਾਇਬ ਹੁੰਦਾ। ਜੇ ਓਹਲੇ ਹੁੰਦਾ ਹੈ ਤਾਂ ਅਸੀਂ ਉਹਨੂੰ ਜਾਣਿਆ ਨਹੀਂ ਹੈ। ਸੂਰਜ ਦੀ ਧੁੱਪ ਵਿੱਚ ਖੜ੍ਹੇ ਹੋਈਏ, ਤੇ ਸੂਰਜ ਨੂੰ ਅਸੀਂ ਜਾਣ ਗਏ ਨਾ ਕਿ ਸਾਡੇ ਉਤੇ ਉਹਦੀ ਕਿਰਨਾਂ ਦੀ ਗਰਮੀ ਪੈ ਰਹੀ ਹੈ ਤੇ ਅਸੀਂ ਧੁੱਪੇ ਖੜ੍ਹੇ ਹਾਂ। ਅੰਦਰ ਬੈਠੇ ਅਸੀਂ ਸੂਰਜ ਨੂੰ ਜਾਨਣ ਦਾ ਯਤਨ ਕਰੀਏ, ਹਨ੍ਹੇਰ ਗਵਾਰ ਦੇ ਅੰਦਰ, ਉਥੇ ਨਹੀਂ ਹੁੰਦਾ, ਕਿਉਂਕਿ ਸੂਰਜ ਦੇ ਸਾਮ੍ਹਣੇ ਨਹੀਂ ਆਏ। ਮਨ ਨੂੰ ਹਰ ਵਕਤ ਸਾਮ੍ਹਣੇ ਰੱਖੋ। ਨਿਹਚੇ ਵਿੱਚ ਆਓ, ਜਦੋਂ ਨਿਹਚੇ ਵਿੱਚ ਆਓ, ਜਦੋਂ ਨਿਹਚੇ ਵਿੱਚ ਆਓਂਗੇ, ਉਸ ਵੇਲੇ ਅਸੀਂ ਉਹਨੂੰ ਜਾਣਾਂਗੇ। ਸੋ ਨਿਹਚਾ ਉਸਦਾ ਇਹ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਹਾਜ਼ਰਾ ਹਜ਼ੂਰ ਹੈ ਨੇੜੇ ਤੋਂ ਨੇੜੇ ਪ੍ਰਭ ਜੀ।*

ਭਾਈ ਝੰਡਾ! ਉਹ ਜੋ ਸਤਿ ਰੂਪ ਵਾਹਿਗੁਰੂ ਹੈ, ਜਿਹੜਾ ਕਦੇ ਵੀ ਅਸਤਿ ਨਹੀਂ ਹੁੰਦਾ, ਦੂਰ ਨਹੀਂ ਹੁੰਦਾ ਕਹਿੰਦੇ ਉਹ ਨੇੜੇ ਤੋਂ ਨੇੜੇ ਹੈ ਕਿ –

*ਕਿ ਜਾਹਰ ਜਹੂਰ ਹੈਂ॥ ਕਿ ਹਾਜਰ ਹਜੂਰ ਹੈਂ॥*
*ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥* *ਜਾਪੁ ਸਾਹਿਬ*

ਤੇ ਇਸ 'ਹੈ' ਭਾਵ ਵਿੱਚ ਆ ਕਿ ਮੇਰੇ ਨਾਲ ਹੈ ਵਾਹਿਗੁਰੂ ਫੇਰ ਉਹਦਾ ਜੋ ਸਰੂਪ ਹੈ ਉਸਨੂੰ ਧਿਆਨ 'ਚ ਵਸਾ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਕਿਸੇ ਨਾਲ ਵੈਰ ਨਹੀਂ, ਕਿਸੇ ਤੋਂ ਡਰ ਨਹੀਂ, ਫੇਰ ਉਹ ਸਾਰਿਆਂ ਦੇ ਵਿੱਚ ਰਹਿੰਦਾ ਹੈ ਤੇ ਕਰਤਾ ਹੈ। ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਆਪ ਹੀ ਹੈ, ਕਿਸੇ ਬ੍ਰਹਮਾ, ਵਿਸ਼ਨੂੰ, ਮਹੇਸ਼ ਨੇ ਸ੍ਰਿਸ਼ਟੀ ਬਣਾਈ, ਕਿਸੇ ਆਦਿ ਸ਼ਕਤੀ ਨੇ ਨਹੀਂ ਬਣਾਈ, ਆਦਿ ਸ਼ਕਤੀ ਉਸੇ ਵਾਹਿਗੁਰੂ ਨੂੰ ਕਹਿੰਦੇ ਨੇ। ਨਾਉਂ ਰੱਖ ਲਏ, ਕਿਸੇ ਨੇ ਭਵਾਨੀ ਰੱਖ ਲਿਆ, ਕਿਸੇ ਨੇ ਕਾਲੀ ਰੱਖ ਲਿਆ, ਲੇਕਿਨ ਸਾਰੀ ਆਦਿ ਸ਼ਕਤੀ ਵਾਹਿਗੁਰੂ ਆਪ ਹੀ ਹੈ ਵਾਹਿਗੁਰੂ, ਉਹ ਕਰਨ ਕਾਰਨ ਸਮਰੱਥ ਹੈ। ਉਹਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ। ਇਸ ਕਰਕੇ ਉਹ ਕਰਤਾ ਹੈ, ਉਹ ਨਾਮ ਰੂਪ ਹੈ, ਸ਼ਕਤੀ ਰੂਪ ਹੋ ਕੇ ਸਾਰਿਆਂ ਦੇ ਅੰਦਰ ਪਰੀਪੂਰਨ ਹੈ ਸ਼ਬਦ ਰੂਪ ਹੋ ਕੇ –

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਤੇਰੇ ਅੰਦਰ ਧੁਨ ਰੂਪ ਕੇ ਤੇਰੇ ਸਾਰੇ ਸਰੀਰ ਦੀ ਕ੍ਰਿਆ ਨੂੰ ਕਰਾ ਰਿਹਾ ਹੈ ਸ਼ਬਦ ਰੂਪ ਹੋ ਕੇ, ਉਹ ਫੇਰ ੧ਓ ਹੈ, ਇੱਕੋ ਹੀ ਹੈ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਉਹ ਇੱਕੋ ਰੂਪ ਅਨੇਕਾਂ ਰੂਪਾਂ 'ਚ ਪਸਰਿਆ ਹੋਇਆ ਹੈ–

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥* **ਅੰਗ - 275**
*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
**ਅੰਗ - 463**

ਆਪਣੇ ਆਪ ਹੀ ਓਸਨੇ, ਆਪਣੇ ਆਪ 'ਚੋਂ ਸਾਜਿਆ ਤੇ ਆਪੇ ਹੀ ਓਅੰਕਾਰ ਦਾ ਪਸਾਰਾ ਕੀਤਾ। ਜਿਸ ਤੋਂ ਕੁਦਰਤ, ਦੂਸਰੀ ਚੀਜ਼ ਸਾਮ੍ਹਣੇ ਆ ਗਈ। ਕਹਿਣ ਲੱਗੇ, ਉਹ ਕਿਸੇ ਤੋਂ ਡਰਦਾ ਨਹੀਂ ਹੈ, ਕਿਸੇ ਨਾਲ ਵੈਰ ਨਹੀਂ ਹੈ। ਕਾਲ ਦਾ ਉਹਦੇ ਉਤੇ ਅਸਰ ਨਹੀਂ ਹੁੰਦਾ, ਅਕਾਲ ਮੂਰਤਿ ਉਹ ਹਸਤੀ ਹੈ। 'ਅਜੂਨੀ' ਜੂਨ 'ਚ ਨਹੀਂ ਆਉਂਦਾ, ਸੁਤੇ ਪ੍ਰਕਾਸ਼ ਹੈ 'ਸੈਭੰ'। 'ਗੁਰਪ੍ਰਸਾਦਿ' ਗੁਰੂ ਪੂਰਾ ਹੋਵੇ ਉਹਦੀ ਕ੍ਰਿਪਾ ਹੋ ਜਾਵੇ, ਉਹਦੇ ਕਰਕੇ ਉਹ ਪ੍ਰਗਟ ਹੁੰਦਾ ਹੈ। ਗੁਰੂ ਦੇ ਹੱਥ ਚਾਬੀ ਦੇ ਦਿੱਤੀ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
**ਅੰਗ - 205**
*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* **ਅੰਗ - 124**

ਕਹਿਣ ਲੱਗੇ, ਭਾਈ ਝੰਡਾ! ਐਸਾ ਜੋ ਵਾਹਿਗੁਰੂ ਹੈ, ਉਹਦਾ ਧਿਆਨ ਹਿਰਦੇ 'ਚ ਪਰਪੱਕ ਹੋਣਾ ਚਾਹੀਦਾ ਹੈ ਤੇ ਇਸ ਮੂਰਤ ਦਾ ਧਿਆਨ ਹਿਰਦੇ ਦੇ ਵਿੱਚ ਪਰਪੱਕ ਰੂਪ ਦੇ ਵਿੱਚ ਕਰਨਾ ਚਾਹੀਦਾ ਹੈ -

*ਧਾਰਨਾ - ਧਰੀਏ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।*

ਐਸਾ ਜੋ ਹਰੀ ਹੈ ਉਸ ਦੀ ਮੂਰਤ ਦਾ ਧਿਆਨ ਧਰ ਭਾਈ ਝੰਡੇ। ਉਹਦੀ ਮੂਰਤ ਹੈ, ਉਹਦੇ ਬਾਰੇ ਜੋ ਹੁਣ ਤੈਨੂੰ ਦੱਸਿਆ ਉਹ ਹਾਜ਼ਰਾ ਹਜ਼ੂਰ ਹੈ, ਹਰ ਥਾਂ ਦੇ ਉਤੇ, ਸਭ ਥਾਂ ਦੇ ਉਤੇ ਪਰੀਪੂਰਨ ਹੈ। ਏਕੰਕਾਰ ਹੈ ਤੇ ਓਅੰਕਾਰ ਹੋ ਕੇ ਉਸ ਤੋਂ ਸ੍ਰਿਸ਼ਟੀ ਪ੍ਰਗਟ ਹੋਈ ਹੈ, ਉਹ ਸਤਿ ਹੈ, ਨਾਮ ਰੂਪ ਹੈ, ਕਰਤਾ ਪੁਰਖ ਹੈ, ਨਿਰਭਉ, ਨਿਰਵੈਰ ਹੈ, ਅਕਾਲ ਮੂਰਤਿ ਅਜੂਨੀ ਸੈਭੰ ਹੈ, ਐਸਾ ਜੋ ਪ੍ਰਮੇਸ਼ਰ ਹੈ ਉਹ ਹਰੀ ਦੀ ਮੂਰਤ ਦਾ ਜਦੋਂ ਤੂੰ ਧਿਆਨ ਧਰੇਂਗਾ ਇਹ ਧਿਆਨ ਤੇਰੇ ਹਿਰਦੇ ਵਿੱਚ ਪੱਕ ਜਾਏਗਾ -

*ਜੀਵਨ ਮੈ ਜਲ ਮੈ ਥਲ ਮੈ, ਸਭ ਰੂਪਨ ਮੈ ਸਭ ਭੂਪਨ ਮਾਹੀਂ॥*
*ਸੂਰਜ ਮੈ ਸਸਿ ਮੈ ਨਭ ਮੈ,ਜੱਹ ਹੇਰੌ ਤਹਾਂ ਚਿਤ ਲਾਇ ਤਹਾ*
*ਹੀ॥ਪਾਵਕ ਮੈ ਅਰੁ ਪੌਨ ਹੂੰ ਮੈ,ਪ੍ਰਿਥਵੀ ਤਲ ਮੈਂ ਸੁ ਕਹਾਂ ਨਹਿ*
*ਜਾਂਹੀ॥ਬਯਾਪਕ ਹੈ ਸਭ ਹੀ ਕੇ ਬਿਖੈ,*
*ਕਛੁ ਪਾਹਨ ਮੇ ਪਰਮੇਸ੍ਰਰ ਨਾਹੀ॥ ਤ੍ਰਿਆ ਚਰਿਤ*
*ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥ ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ*
*ਭੂਲੇ॥ ਕਹੂੰ ਪਵਨ ਹ੍ਵੈ ਕੈ ਭਲੀ ਭਾਂਤਿ ਐਸੇ॥*
*ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥ ਕਹੂੰ ਨਾਦ ਹ੍ਵੈ ਕੈ ਭਲੀ ਭਾਂਤਿ*

***ਬਾਜੇ॥ ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥ ਕਹੂੰ ਮ੍ਰਿਗ ਹ੍ਵੈ ਕੈ ਭਲੀ ਭਾਂਤਿ ਮੋਹੇ॥ ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੇ॥***

***ਭੁਜੰਗ ਪ੍ਰਯਾਤ ਛੰਦ***

ਗੁਰੂ ਦਸਵੇਂ ਪਾਤਸ਼ਾਹ ਨੇ ਏਸ ਏਕੰਕਾਰ ਦੀ ਵਿਆਖਿਆ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ -

***ਜੀਵਨ ਮੈ ਜਲ ਮੈ ਥਲ ਮੈ, ਸਭ ਰੂਪਨ ਮੈ ਸਭ ਭੂਪਨ ਮਾਹੀਂ॥***

ਦੋ ਤਰ੍ਹਾਂ ਦਾ ਗਿਆਨ ਹੁੰਦਾ ਹੈ, ਇੱਕ ਗਿਆਨ ਹੁੰਦਾ ਹੈ ਮਨ ਦਾ ਕਿ ਜਾਣ ਲਿਆ ਕਿ ਪ੍ਰਮੇਸ਼ਰ ਹੈ, ਮੇਰੇ ਅੰਦਰ ਹੈ, ਓਸ ਤੋਂ ਸ੍ਰੇਸ਼ਟ ਗਿਆਨ ਹੁੰਦਾ ਹੈ ਕਿ ਅੰਦਰ ਪ੍ਰਮੇਸ਼ਰ ਦਾ ਰੂਪ ਦੇਖ ਲਿਆ। ਲੇਕਿਨ ਜੋ ਆਖਰੀ ਗਿਆਨ ਹੈ ਉਹ ਇਹ ਹੈ ਕਿ ਸਾਰੇ ਹੀ ਪਾਸੇ ਜਿਧਰ ਨੂੰ ਵੀ ਨਿਗ੍ਹਾ ਜਾਂਦੀ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***

***ਅੰਗ - 922***

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥*** ***ਅੰਗ - 407***

ਇੱਕ ਤੋਂ ਬਗੈਰ ਦੂਜਾ ਨਜ਼ਰ ਹੀ ਨਹੀਂ ਆਉਂਦਾ -

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ।***

***(ਸ਼ਬਦ ਹਜ਼ਾਰੇ ਪਾਤਸ਼ਾਹੀ 10)***

ਕਹਿੰਦੇ ਉਹ ਸਾਰੇ ਹੀ ਹੈ ਭਾਈ। ਸੂਰਜ, ਧਰਤੀ, ਜਿਧਰ ਵੀ ਮੈਂ ਚਿੱਤ ਲਾ ਕੇ ਦੇਖਦਾ ਹਾਂ ਉਥੇ ਹੀ ਵਾਹਿਗੁਰੂ ਹੈ। ਅੱਗ ਵਿੱਚ ਵੀ ਹੈ। ਕਬੀਰ ਸਾਹਿਬ ਨੇ ਦੇਖਿਆ ਜਦ ਜਲ ਰਿਹਾ ਸੀ ਘਰ ਸਾਰਾ। ਕਬੀਰ ਸਾਹਿਬ ਨੂੰ ਅੱਗ 'ਚ ਬਿਠਾਲ ਦਿੱਤਾ, ਉਸ ਵੇਲੇ ਕਹਿੰਦੇ ਕੀ ਨੇ ਕਿ ਹੇ ਪ੍ਰਭੂ! ਤੂੰਹੀਂ ਅੱਗ ਰੂਪ ਹੋਇਆ ਹੋਇਆ ਹੈਂ। ਤੂੰ ਹੀਂ ਪਾਣੀ ਰੂਪ ਹੋਇਆ ਹੋਇਆ ਹੈਂ ਤੇ ਅੱਗ ਨੇ ਜਾਲਿਆ ਤਾਂ ਨਾ -

***ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।***

***ਭਾਈ ਗੁਰਦਾਸ ਜੀ 10/2***

ਇਸੇ ਤਰ੍ਹਾਂ ਪ੍ਰਹਿਲਾਦ ਨੇ ਜਾਣ ਲਿਆ ਸੀ। ਜਿਹਨੇ ਜਾਣ ਲਿਆ ਜਿਹਦਾ ਨਿਹਚਾ ਪਰਪੱਕ ਹੋ ਗਿਆ, ਉਹ ਪ੍ਰਮੇਸ਼ਰ ਹੀ ਹੈ ਸਾਰੇ। ਸਾਰੀ ਪ੍ਰਕ੍ਰਿਤੀ ਪ੍ਰਮੇਸ਼ਰ ਰੂਪ ਹੋ ਕੇ ਉਹਨੂੰ ਨਜ਼ਰ ਆਉਂਦੀ ਹੈ। ਪ੍ਰਿਥਵੀ ਦੇ ਥੱਲੇ ਜਿੱਥੇ ਉਬਲਦਾ ਹੈ ਲਾਵਾ, ਕਿਤੇ ਫੁੱਲ ਹੋ ਫੁੱਲਿਆ ਹੋਇਆ ਹੈ, ਕਿਤੇ ਭਵਰਾ ਹੋ ਕੇ ਫੁੱਲ ਦੇ ਨਸ਼ੇ ਵਿੱਚ ਹੈ, ਕਿਤੇ ਹਵਾ ਹੋ ਕੇ ਐਨਾ ਤੇਜ ਵਗ ਰਿਹਾ ਹੈ, ਮੈਂ ਉਸਨੂੰ ਕਹਿੰਦੇ ਕਿਵੇਂ ਕਹਾਂ। ਕਿਤੇ ਵਾਜੇ ਦਾ ਰੂਪ

ਬਣਿਆ, ਕਿਤੇ ਢੋਲਕ ਦਾ ਰੂਪ ਬਣ ਕੇ ਆਵਾਜ਼ ਦੇ ਰਿਹਾ ਹੈ। ਕਿਸੇ ਥਾਂ ਦੇ ਉਤੇ ਤੀਰ ਕਮਾਨ ਰਾਇਫਲਾਂ ਲੈ ਕੇ ਗੋਲੀਆਂ ਚਲਾ ਰਿਹਾ ਹੈ। ਕਿਤੇ ਸੁੰਦਰ ਮਿਰਗ ਹੋ ਕੇ ਅੱਖਾਂ ਨੂੰ ਮੋਹ ਰਿਹਾ ਹੈ, ਕਿਤੇ ਇਸਤ੍ਰੀ ਹੋ ਕੇ ਸੋਹਣਾ ਰੂਪ ਦਿਖਾ ਕੇ ਮੋਹ ਰਿਹਾ ਹੈ।

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਂਸ ਤਾ ਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥***
***ਕਹਾ ਮੈਂ ਬਖਾਨੋ ਕਹੇ ਮੋ ਨ ਆਵੈ॥ ਭੁਜੰਗ ਪ੍ਰਯਾਤ ਛੰਦ***

ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪ੍ਰਮੇਸ਼ਰ ਨੂੰ ਜਾਨਣ ਵਾਲਾ ਉਹਦੀ 'ਹੈ' ਨੂੰ ਜਦੋਂ ਧਾਰਨ ਕਰਦਾ ਹੈ ਤਾਂ ਭਾਈ ਝੰਡੇ ਉਹ ਹਰ ਥਾਂ ਦੇ ਉਤੇ ਹੈ। ਇਹਦਾ 'ਹੈ' ਦਾ ਧਿਆਨ, 'ਸਤਿ' ਦਾ ਧਿਆਨ ਜਦੋਂ ਪਰਿਪੱਕ ਹੋ ਜਾਂਦਾ ਹੈ, ਉਸ ਵੇਲੇ ਮਨ ਦੀ ਭੁੱਲ ਦੂਰ ਹੋ ਜਾਇਆ ਕਰਦੀ ਹੈ। ਹੌਲੀ-ਹੌਲੀ ਹੁੰਦੀ ਹੈ ਇਹ, ਜਦੋਂ ਲਿਵ ਲਗ ਜਾਂਦੀ ਹੈ, ਫੇਰ ਉਹਦਾ ਸਰੂਪ ਹਰ ਵਕਤ ਰਹਿੰਦਾ ਹੈ।

ਨਾਮਦੇਵ ਚੰਦੇ ਛਾਪ ਰਿਹਾ ਹੈ, ਉਸ ਵੇਲੇ ਤ੍ਰਿਲੋਚਨ ਭਗਤ ਦੇ ਮਨ ਵਿੱਚ ਆਈ ਕਿ ਨਾਮਦੇਵ ਜੀ ਨੂੰ ਪ੍ਰਮੇਸ਼ਰ ਛੇਤੀ-ਛੇਤੀ ਦਰਸ਼ਨ ਦਿੰਦੇ ਨੇ ਤੇ ਮੈਂ ਵੀ ਦੇਖਾਂ ਕਿ ਉਹਦੀ ਭਗਤੀ ਕਰਨ ਦਾ ਤਰੀਕਾ ਕਿਹੜਾ ਹੈ। ਸੋ ਨਾਮਦੇਵ ਜੀ ਕੋਲ ਆਇਆ ਤੇ ਅੱਗੇ ਉਹ ਚੰਦੇ ਛਾਪ ਰਹੇ ਸੀ। ਬੇਅੰਤ ਗਾਹਕ ਖੜ੍ਹੇ ਸੀ, ਸਾਝਰੇ ਤੋਂ ਲੱਗੇ ਹੋਏ ਸੀ ਰਾਤ ਤੱਕ ਦਾ ਪ੍ਰੋਗਰਾਮ ਉਨ੍ਹਾਂ ਨੇ ਦੇ ਦਿੱਤਾ ਕਿ ਭਾਈ! ਤੂੰ ਐਨੇ ਵਜੇ ਲੈ ਜਾਈਂ, ਐਨੇ ਵਜੇ ਲੈ ਜਾਂਈਂ। ਸਿਆਲ ਦਾ ਪਾਲਾ ਪੈਂਦਾ ਸੀ, ਕੋਈ ਕਹਿੰਦਾ ਸੀ ਕਿ ਭਗਤ ਜੀ! ਮੈਂ ਛੇਤੀ ਰਜਾਈ ਭਰਾਉਣੀ ਹੈ। ਕੋਈ ਕਹਿੰਦਾ ਸੀ ਕਿ ਮੈਂ ਚੰਦਾ ਸਿਉਂਣਾ ਹੈ, ਸਾਰਿਆ ਨਾਲ ਗੱਲਾਂ ਕਰੀ ਜਾਂਦਾ ਸੀ। ਉਸ ਵੇਲੇ ਭੁਲੇਖਾ ਪਿਆ ਤ੍ਰਿਲੋਚਨ ਨੂੰ, ਉਹਨੇ ਇੱਕ ਤਾਅਨਾ ਮਾਰਿਆ -

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ਅੰਗ - 1375***

ਇਹ ਕਹਿੰਦਾ ਚੰਦੇ ਠਾਪੀ ਜਾਂਦਾ ਹੈਂ ਤੇ ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਪਦਾ। ਨਾਮਦੇਵ ਦੀ ਅਵਸਥਾ ਦਾ ਨਹੀਂ ਸੀ ਪਤਾ ਕਿ ਨਾਮਦੇਵ ਤਾਂ ਅੱਖਾਂ ਨਾਲ ਵੀ ਨਾਮ ਜਪਦਾ ਹੈ, ਹੱਥਾਂ ਨਾਲ ਵੀ ਨਾਮ ਜਪਦਾ ਹੈ, ਕੰਨਾਂ ਨਾਲ ਵੀ ਨਾਮ ਜਪਦਾ ਹੈ, ਰਸਨਾ ਨਾਲ ਵੀ ਨਾਮ ਜਪਦਾ ਹੈ। ਸਵਾਸ ਨਾਲ ਵੀ ਨਾਮ ਜਪਦਾ ਹੈ ਜਿਹਦੇ ਅੰਦਰ ਨਾਮ ਚਲ ਪਵੇ, ਉਹ ਕਦੇ ਵੀ ਨਾਮ ਦੀ ਧੁਨ ਬੰਦ ਨਹੀਂ ਹੋਇਆ ਕਰਦੀ। ਹਰ ਵਕਤ ਚਲਦਾ ਹੈ। ਮਿਹਨਤ ਕਰਕੇ ਦੇਖ ਲਓ ਲਗਾਤਾਰ ਜਪ ਤੇ ਅੰਦਰਲੇ ਸੰਸਕਾਰ ਹੋ ਜਾਣ ਸ਼ੁੱਧ। ਫੇਰ ਨਾਮ ਦੀ ਧੁਨ ਅੰਦਰ ਰੋਮ-ਰੋਮ 'ਚ ਟਿਕ ਜਾਂਦੀ ਹੈ। ਕੋਈ ਕੰਮ ਕਰੀ ਜਾਓ ਨਾਮ ਆਪਣੇ ਆਪ ਹੀ ਜਪ ਹੁੰਦਾ ਹੈ। ਉਸ ਵੇਲੇ ਨਾਮਦੇਵ ਜੀ ਨੇ ਉਸਨੂੰ ਸਮਝਾਉਣ ਵਾਸਤੇ ਇਸ ਤਰ੍ਹਾਂ ਉਚਾਰਨ ਕਰਿਆ -

*ਧਾਰਨਾ - ਚਿਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥*

*ਅੰਗ - 1375*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

*ਅੰਗ - 1375*

ਤਿਲੋਚਨ ਜੀ! ਚਿੱਤ ਨੇ ਲੱਗਣਾ ਹੈ, ਹੱਥਾਂ ਪੈਰਾਂ ਨੇ ਕੰਮ ਕਰਨਾ ਹੈ। ਸੋ ਚਿੱਤ ਦਾ ਕੰਮ ਹੈ ਸਾਰਾ, ਜੇ ਚਿੱਤ ਨਹੀਂ ਕੰਮ ਕਰਦਾ, ਚਿੱਤ ਨਾਮ ਦਾ ਸਾਥ ਨਹੀਂ ਦੇ ਰਿਹਾ, ਕਹਿੰਦੇ ਫੇਰ ਐਸੇ ਹੀ ਬੈਠ-ਬੈਠ ਕੇ ਨਾਮ ਜਪਣਾ ਉਹਦਾ ਕੋਈ ਬਹੁਤਾ ਫਲ ਨਹੀਂ ਹੋਇਆ ਕਰਦਾ। ਸਾਰੀ ਗੱਲ ਚਿੱਤ ਦੀ ਹੈ। ਚਿੱਤ ਮੇਰਾ ਜੋ ਹੈ ਪ੍ਰਮੇਸ਼ਰ ਨਾਲ ਲੱਗਿਆ ਹੋਇਆ ਹੈ ਤੇ ਹੱਥਾਂ ਪੈਰਾਂ ਨਾਲ ਮੈਂ ਕੰਮ ਕਰਦਾ ਹਾਂ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਭਾਈ ਝੰਡਾ! ਉਹਦੀ ਯਾਦ ਹਿਰਦੇ ਵਿੱਚ ਵਸਾਉਣੀ ਚਾਹੀਦੀ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਯਾਦ ਵਸਾਉਣ ਵਾਸਤੇ ਤਾਂ ਅਸੀਂ ਅੰਮ੍ਰਿਤ ਵੇਲੇ ਉੱਠ ਕੇ ਬੈਠਦੇ ਹਾਂ। ਮਹਾਰਾਜ ਕਹਿੰਦੇ, ਇਹ ਬੈਠਣ ਵਿੱਚ ਫਰਕ ਹੈ। ਪਹਿਲਾਂ ਤਾਂ ਤੁਹਾਡਾ ਸਮਾਂ ਮਨ ਨੂੰ ਰੋਕਣ 'ਚ ਲਗ ਜਾਂਦਾ ਹੈ, ਕਾਫੀ ਸਮਾਂ, ਮਨ ਨੂੰ ਰੋਕਦੇ ਹਾਂ, ਮਨ ਸੰਸਕਾਰਾਂ ਵਲ ਨੂੰ ਦੌੜਦਾ ਹੈ ਕਿਉਂਕਿ ਅੰਦਰ ਸੰਸਕਾਰ ਭਰੇ ਪਏ ਨੇ ਤੇ ਮੁੜ-ਮੁੜ ਖਿਆਲ ਪੈਦਾ ਹੁੰਦੇ ਨੇ, ਤਰਲੇ ਲੈਂਦਿਆਂ ਸਮਾਂ ਲੰਘ ਜਾਂਦਾ ਹੈ ਤੇ ਕੁਛ ਕਾਰੋਬਾਰ 'ਚ ਲੰਘ ਜਾਂਦਾ ਹੈ। ਕੁਛ ਗੱਲਾਂਬਾਤਾਂ ਕਰਦਿਆਂ ਦਾ ਲੰਘ ਜਾਂਦਾ ਹੈ। ਭਾਈ ਝੰਡਾ! ਨਾਮ ਤਾਂ ਕੋਈ ਵਿਰਲਾ-ਵਿਰਲਾ ਪੁਰਸ਼ ਜਪਦਾ ਹੈ। ਹਿਰਦੇ ਵਿੱਚ ਤਾਂ ਯਾਦ 'ਹੈ' ਭਾਵ ਹੋਏਗਾ ਜੇ ਪ੍ਰਮੇਸ਼ਰ ਦਾ ਨਾਮ ਜਪਿਆ ਜਾਵੇ। ਕਹਿਣ ਲੱਗਿਆ, ਮਹਾਰਾਜ! ਤਰਲਾ ਤਾਂ ਬਹੁਤ ਲੈਂਦੇ ਹਾਂ, ਪਤਾ ਨਹੀਂ ਕੀ ਗੱਲ ਹੈ ਫੇਰ ਭੁੱਲ ਪੈ ਜਾਂਦੀ ਹੈ, ਓਨਾਂ ਚਿਰ ਯਾਦ ਰਹਿੰਦਾ ਹੈ ਜਦੋਂ ਚੌਂਕੜਾ ਮਾਰ ਕੇ ਬੈਠੇ ਹਾਂ ਫੇਰ ਨਹੀਂ ਯਾਦ ਰਹਿੰਦਾ, ਫੇਰ ਭੁੱਲੇ ਰਹਿੰਦੇ ਹਾਂ, ਕਾਰੋਬਾਰ ਯਾਦ ਰਹਿੰਦਾ ਹੈ। ਪ੍ਰਮੇਸ਼ਰ ਕਦੇ-ਕਦੇ ਜਿਵੇਂ ਬਿਜਲੀ ਲਸ਼ਕਦੀ ਹੈ ਐਸ ਤਰ੍ਹਾਂ ਯਾਦ ਆ ਜਾਂਦਾ ਹੈ। ਧਿਆਨ ਕਦੇ-ਕਦੇ ਚਲਿਆ ਜਾਂਦਾ ਹੈ ਫੇਰ ਉਹਦਾ ਅਸੀਂ ਥੋੜ੍ਹਾ ਜਿਹਾ ਨਾਮ ਜਪ ਲੈਂਦੇ ਹਾਂ। ਐਨੇ ਨੂੰ ਫੇਰ ਕੋਈ ਕੰਮ ਮਨ ਨੂੰ ਆ ਕੇ ਘੇਰ ਲੈਂਦਾ ਹੈ।

ਪਾਤਸ਼ਾਹ! ਇਹ ਵਿਸ਼ਲੇਸ਼ਣ ਮਨ ਦਾ ਤੁਸੀਂ ਸਹੀ ਕੀਤਾ ਹੈ, ਪਰ ਹੁਣ ਕਰਿਆ ਕੀ ਜਾਵੇ ਇਹਦੇ ਵਾਸਤੇ, ਆਪ ਕ੍ਰਿਪਾ ਕਰਕੇ ਸਾਨੂੰ ਕੋਈ ਰਾਹ ਦੱਸੋ। ਮਹਾਰਾਜ ਕਹਿਣ ਲੱਗੇ ਕਿ ਦੇਖੋ ਜਿੰਨੇ ਵੀ ਵੱਡੇ-ਵੱਡੇ ਬੰਦੇ ਸੰਸਾਰ 'ਤੇ ਹੋਏ ਨੇ ਉਨ੍ਹਾਂ ਨੇ ਕੁਛ ਯਾਦ ਕੀਤਾ ਹੈ, ਬਾਰ-ਬਾਰ ਰੱਟ ਕੇ

ਯਾਦ ਕੀਤਾ ਹੈ, ਬੱਚੇ ਦੇਖੋ ਪੜ੍ਹਦੇ ਨੇ, ਬੱਚੇ ਨੂੰ ਨਹੀਂ ਪਤਾ ਕਿ 81 ਕਿੰਨੇ ਹੁੰਦੇ ਨੇ, 96 ਕਿੰਨੇ ਹੁੰਦੇ ਨੇ, 108 ਕਿੰਨੇ ਹੁੰਦੇ ਨੇ। ਲੇਕਿਨ ਮਾਸਟਰ ਉਹਦੇ ਯਾਦ ਕਰਵਾ ਦਿੰਦਾ ਹੈ, ਨੌਂ ਨਾਏਂ 81, ਬਾਰ੍ਹਾਂ ਅੱਠ 96, ਕਹਿੰਦੇ ਬਾਰ੍ਹਾਂ ਅੱਠ 96-96 ਕਰਦੇ ਉਹਦੀ ਯਾਦ ਵਿੱਚ 96 ਬਹਿ ਜਾਂਦੇ ਨੇ। ਕਹਿੰਦੇ ਸਾਇਕੋਲੋਜੀ ਹੈ, ਇਸੇ ਤਰ੍ਹਾਂ ਦੇ ਨਾਲ ਜਦ ਅਸੀਂ ਨਾਮ ਜਪਦੇ ਹਾਂ, ਬਾਰ-ਬਾਰ ਉਸ ਵੇਲੇ ਸਾਡੇ ਅੰਦਰ ਬਹਿ ਜਾਂਦਾ ਹੈ ਪ੍ਰਮੇਸ਼ਰ ਦਾ ਨਾਮ। ਸਾਡੇ ਮਹਾਰਾਜ ਨੇ ਮਨ ਦੀ ਜਿਹੜੀ ਹੇਠਲੀ ਪੜਤ ਹੈ, psychologist (ਮਨੋਵਿਗਿਆਨੀ) ਤਾਂ ਕਹਿੰਦੇ ਨੇ ਕਿ ਇੱਕ ਤਾਂ ਜਾਗਰਤ ਮਨ ਹੈ ਇੱਕ ਅਰਧ ਚੇਤਨ ਮਨ (Semi-conscious mind) ਹੈ, ਇੱਕ unconscious (ਬੇਹੋਸ਼) ਮਨ ਹੈ, ਮਹਾਰਾਜ ਕਹਿੰਦੇ ਮਨ ਸਾਰਾ ਨਹੀਂ ਹੈ, ਜਿੰਨਾਂ ਤੁਹਾਨੂੰ ਵਾਹ ਪੈਂਦਾ ਹੈ, ਮਨ ਨੂੰ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਮੈਂ ਕੀ ਹਾਂ। ਮਨ ਅੰਦਰ ਨੂੰ ਜਾ ਕੇ ਨਹੀਂ ਆਪਣੇ ਆਪ ਨੂੰ ਪਛਾਨਣ ਦਾ ਯਤਨ ਕਰਦਾ। ਬਾਹਰ ਨੂੰ ਦੇਖਦਾ ਹੈ, ਬਾਹਰਲੇ ਸਰੀਰ ਨੂੰ ਕਹਿੰਦਾ ਹੈ ਮੈਂ ਹਾਂ, ਅੰਦਰ ਤਾਂ ਜਾਂਦਾ ਨਹੀਂ। ਇਹਦੇ ਅੰਦਰਲੇ ਪਾਸੇ ਜਿਹਨੂੰ ਮਹਾਰਾਜ ਤਲਹੀਅਲ ਕਹਿੰਦੇ ਨੇ, ਮਨ ਦਾ ਹੀ ਹਿੱਸਾ ਹੈ ਉਹ। ਉਹਦੇ 'ਚ ਭੰਡਾਰਾ ਪਿਆ ਹੈ, ਪੂਰਾ ਭਰਿਆ ਪਿਆ ਹੈ ਉਹ, ਸੰਸਕਾਰਾਂ ਨਾਲ ਭਰਿਆ ਹੋਇਆ ਹੈ, ਉਹ ਸੰਸਕਾਰਾਂ ਨੂੰ ਕੱਢਣ ਵਾਸਤੇ ਸਾਨੂੰ ਮਨ ਨੂੰ ਨਾਮ ਦੀ ਧਾਰ ਦੇ ਅੱਗੇ ਕਰਨਾ ਪੈਣਾ ਹੈ। ਬਾਣੀ ਪੜ੍ਹਨੀ ਪੈਣੀ ਹੈ ਲਗਾਤਾਰ, ਨਾਮ ਜਪਣਾ ਪੈਣਾ ਹੈ, ਉਹਦੇ ਨਾਲ ਸਾਨੂੰ ਅਧਿਆਸ ਹੋਣਾ ਹੈ ਪੱਕਣਾ ਹੈ ਇਹ, ਪਹਿਲਾਂ ਪ੍ਰਮੇਸ਼ਰ ਦਾ ਨਾਮ ਪੱਕੇਗਾ, ਫੇਰ ਉਹਦਾ ਹੈ ਭਾਵ ਪੱਕਦਾ ਜਾਏਗਾ, ਜਿਉਂ-ਜਿਉਂ ਸੰਸਕਾਰ ਸਭ ਦੇ ਸ਼ੁੱਧ ਹੋ ਜਾਣ, ਇਸੇ ਕਰਕੇ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਬਾਰੰ ਬਾਰ, ਬਾਰ ਪ੍ਰਭ ਜਪੀਐ।***

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ - 286***

***ਰਸਨਾ ਜਪੀਐ ਏਕੁ ਨਾਮ ॥***
***ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥ ਰਹਾਉ ॥***
***ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥***
***ਅੰਗ - 211***

ਰਸਨਾ ਦਾ ਨਾਮ, ਮਹਾਰਾਜ ਕਹਿੰਦੇ ਬਾਰ-ਬਾਰ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਦੇ ਹੀ ਚਲੇ ਚੱਲੋ। ਨਤੀਜਾ ਕੀ ਹੋਏਗਾ ਕਿ ਜਦੋਂ ਅਸੀਂ ਨਾਮ ਜਪਦੇ ਰਹਾਂਗੇ, ਥੋੜ੍ਹਾ ਜਿਹਾ ਜਪਣ ਤੋਂ ਨਹੀਂ ਹੁੰਦਾ ਸਾਧਸੰਗਤ ਜੀ। ਕਿਉਂਕਿ ਅੰਦਰ ਸਾਡਾ ਸੰਸਕਾਰਾਂ ਜਿਹੜਾ ਹੈ ਨਾ ਤਲਹੀਅਲ ਜਿਹਨੂੰ ਮਹਾਰਾਜ ਕਹਿੰਦੇ ਨੇ, ਅੰਦਰਲਾ ਖਜ਼ਾਨਾ ਹੈ ਸੰਸਕਾਰਾਂ ਦਾ ਉਹ ਭਰਿਆ ਪਿਆ ਹੈ ਲਬਾ-ਲਬ, ਨੱਕੋ-ਨੱਕ, ਕਰੋੜਾਂ ਜਨਮਾਂ ਦੇ ਸੰਸਕਾਰ ਉਹਦੇ ਵਿੱਚ ਪਏ ਨੇ ਤੇ ਅਸੀਂ ਜਦੋਂ ਬਾਰ-ਬਾਰ ਜਪਾਂਗੇ, ਮਹਾਰਾਜ ਕਹਿੰਦੇ ਫੇਰ ਅੰਮ੍ਰਿਤ ਤੇਰੇ ਅੰਦਰ ਪ੍ਰਗਟ ਹੋ ਜਾਏਗਾ -

*ਰਸਨਾ ਨਾਮੁ ਸਭੁ ਕੋਈ ਕਹੈ ॥*
*ਸਤਿਗੁਰੁ ਸੇਵੇ ਤਾ ਨਾਮੁ ਲਹੈ ॥* *ਅੰਗ – 1262*

ਗੁਰੂ ਤੋਂ ਬਗੈਰ ਜਪਿਆ ਹੋਇਆ ਨਾਮ ਫਲੀਭੂਤ ਨਹੀਂ ਹੋਇਆ ਕਰਦਾ, ਕਿਉਂਕਿ ਗੁਰੂ ਜੁਗਤ ਨਾਲ ਨਾਮ ਜਪਾਉਂਦਾ ਹੈ। ਫੇਰ ਫਲ ਪ੍ਰਾਪਤ ਹੁੰਦਾ ਹੈ –

*ਬੰਧਨ ਤੋੜੇ ਮੁਕਤਿ ਘਰਿ ਰਹੈ ॥*
*ਗੁਰ ਸਬਦੀ ਅਸਥਿਰੁ ਘਰਿ ਬਹੈ ॥* *ਅੰਗ – 1262*

ਬੰਧਨ ਤੋੜ ਦਿੰਦਾ ਹੈ, ਮੁਕਤੀ ਦੇ ਘਰ 'ਚ ਵਾਸਾ ਹੋ ਜਾਂਦਾ ਹੈ। ਸੋ ਐਸਾ ਜੋ ਪ੍ਰਮੇਸ਼ਰ ਹੈ –

*ਰਸਨਾ ਜਪਤੀ ਤੂਹੀ ਤੂਹੀ ॥*
*ਮਾਤ ਗਰਭ ਤੁਮ ਹੀ ਪ੍ਰਤਿਪਾਲਕ*
*ਮ੍ਰਿਤ ਮੰਡਲ ਇਕ ਤੁਹੀ ॥ 1 ॥ ਰਹਾਉ ॥*
*ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ ॥*
*ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨਦਾਤਾ ॥ 1 ॥*
*ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ ॥*
*ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ ॥*
*ਅੰਗ – 1215*

ਸੋ ਕਹਿਣ ਲੱਗੇ, ਇਸ ਤੋਂ ਬਾਅਦ ਰਸਨਾ ਨਾਲ ਜਪਦੇ-ਜਪਦੇ ਜਦੋਂ ਰਸਨਾ ਦਾ ਨਾਮ ਸਿੱਧ ਹੋ ਜਾਏਗਾ। ਉਸ ਵੇਲੇ ਆਪਣੇ ਆਪ ਨਾਮ ਨੇ ਅੱਗੇ ਚੱਲ ਪੈਣਾ ਹੈ। ਅੱਗੇ ਕਿੱਥੇ ਜਾਏਗਾ, ਮਹਾਰਾਜ ਕਹਿੰਦੇ ਉਹ ਸਵਾਸ 'ਤੇ ਸਵਾਰ ਹੋ ਜਾਂਦਾ ਹੈ, ਸਵਾਸ 'ਤੇ ਜਦੋਂ ਸਵਾਰ ਹੋ ਗਿਆ ਮਨ ਰੁਕ ਜਾਏਗਾ ਕਿਉਂਕਿ ਮਨ ਵੀ ਸਵਾਸ 'ਤੇ ਹੀ ਸਵਾਰ ਹੋ ਕੇ ਨੱਠਦਾ ਹੈ, ਸਾਹ ਰੋਕ ਲਓ, ਕੋਈ ਕੰਮ ਕਰਨਾ ਹੋਵੇ ਬੀਬੀ ਨੇ ਸੂਈ 'ਚ ਧਾਗਾ ਪਾਉਣਾ ਹੋਵੇ ਸਾਹ ਰੋਕ ਲਵੇ, ਉਸੇ ਵੇਲੇ ਪੈ ਜਾਏਗਾ, ਨਿਸ਼ਾਨਾ ਮਾਰਨਾ ਹੈ ਗੁਲਜ਼ਰੀ 'ਚ, ਸਾਹ ਰੋਕ ਕੇ ਘੋੜਾ ਦੱਬ ਦੇਵੇ ਤਾਂ, ਤਾਂ ਨਿਸ਼ਾਨਾ ਲਗਦਾ ਹੈ ਥਾਂ, ਜੇ ਸਾਹ ਲਵੇ ਫੇਰ ਨਹੀਂ ਲਗਦਾ। ਕਿਉਂਕਿ ਮਨ ਨਾਲ ਦੀ ਨਾਲ ਨੱਠਦਾ ਹੈ, ਦੌੜਿਆ ਹੀ ਫਿਰਦਾ ਹੈ। ਇੱਕ ਸਕਿੰਟ ਵਾਸਤੇ ਵੀ ਇਹ ਨਹੀਂ ਟਿਕਦਾ। ਸੋ ਮਹਾਰਾਜ ਕਹਿੰਦੇ ਸਵਾਸ ਦੇ ਉਤੇ ਨਾਮ ਲੈ ਲਓ, ਜਦੋਂ ਸਵਾਸ ਦੇ ਉਤੇ ਨਾਮ ਚੜ੍ਹ ਗਿਆ ਤੇ ਫੇਰ ਮਨ ਨੂੰ ਵਿਹਲ ਨਹੀਂ ਮਿਲਦੀ। ਮਨ ਤਾਂ ਦੌੜਦਾ ਹੈ ਜੇ ਵਿਚਾਲੇ ਵਿੱਥ ਪਵੇ ਨਾਮ ਦੇ। ਜਦੋਂ ਅਸੀਂ ਪਹਿਲਾਂ ਜਪਦੇ ਹਾਂ, ਰਸਨਾ ਦੇ ਨਾਲ ਉਹਦੇ 'ਚ ਵੀ ਵਿੱਥ ਨਾ ਪੈਣ ਦਿਓ। ਨਾਲ ਦੀ ਨਾਲ ਜਪੀ ਜਾਓ, ਇੱਕ ਵਾਰੀ ਵਾਹਿਗੁਰੂ ਕਿਹਾ ਨਾਲ ਹੀ ਦੂਜੀ ਵਾਰੀ ਕਹਿ ਦਿੱਤਾ, ਵਿਚਾਲੇ ਵਿੱਥ ਨਾ ਪੈਣ ਦਿਓ, ਜਦੋਂ ਵਿਚਾਲੇ ਵਿੱਥ ਪਏਗੀ, ਉਥੇ ਮਨ ਨੇ ਦੌੜਨਾ ਹੈ। ਉਹ ਫੇਰ ਜਿਹੜਾ ਦੂਸਰਾ ਹੈ, ਮਹਾਰਾਜ ਕਹਿੰਦੇ ਫੇਰ ਸਵਾਸ ਦੇ ਨਾਲ ਸਿਮਰਨ ਕਰੋ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਸਾਸ-ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।*

ਜਿਨ੍ਹਾਂ ਪ੍ਰੇਮੀਆਂ ਨੂੰ ਸ਼ੌਂਕ ਹੈ, ਸਵਾਸ ਅੰਦਰ ਨੂੰ ਜਾਂਦਾ ਹੈ, ਸਵਾਸ ਬਾਹਰ ਨੂੰ ਜਾਂਦਾ ਹੈ, ਭਰਿਆ ਹੋਇਆ ਜਾਂਦਾ ਹੈ ਨਾਮ ਦੇ ਨਾਲ। ਜੈਸੀ ਅਵਸਥਾ ਹੁੰਦੀ ਹੈ ਐਸੀ ਹੀ ਜੁਗਤੀ ਮਹਾਂਪੁਰਸ਼ ਉਹਦੀ ਪ੍ਰਾਕ੍ਰਿਤੀ ਤੇ ਉਹਦੀ ਲਗਨ ਦੇਖ ਕੇ ਮਦਦ ਕਰ ਦਿੰਦੇ ਨੇ ਉਹਦੀ ਕਿ ਤੂੰ ਐਸ ਤਰ੍ਹਾਂ ਜਪ। ਕਿਸੇ ਨੂੰ ਕਿਸੇ ਤਰੀਕੇ ਨਾਲ, ਕਿਸੇ ਨੂੰ ਕਿਸੇ ਤਰੀਕੇ ਨਾਲ, ਸਾਰਿਆਂ ਦਾ ਇੱਕ ਤਰੀਕਾ ਨਹੀਂ ਹੋਇਆ ਕਰਦਾ। ਕਿਸੇ ਦਾ ਮਨ ਛੇਤੀ ਟਿਕ ਜਾਂਦਾ ਹੈ, ਬਹੁਤ ਦੇਰ ਟਿਕਿਆ ਰਹਿੰਦਾ ਹੈ, ਉਹਨੂੰ ਹੋਰ ਜੁਗਤ ਦਸਦੇ ਨੇ, ਇੱਕ ਦਾ ਮਨ ਛਾਲਾਂ ਮਾਰਦਾ ਹੈ ਉਹਨੂੰ ਹੋਰ ਤਰ੍ਹਾਂ ਦਸਦੇ ਨੇ ਕਿ ਤੂੰ ਐਸ ਤਰ੍ਹਾਂ ਜਪ, ਆਹ ਮਦਦ ਕਰ ਇਹਦੇ ਨਾਲ ਤੇਰਾ ਮਨ ਟਿਕ ਜਾਏਗਾ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ – 295*

*ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥*
*ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥* *ਅੰਗ – 270*

ਕੋਈ ਸਵਾਸ ਬਿਰਥਾ ਨਾ ਜਾਣ ਦਿਓ –

*ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥*
*ਅੰਗ – 980*

ਜਿਹੜਾ ਗੁਰੂ ਤੋਂ ਪ੍ਰਾਪਤ ਹੋਇਆ ਨਾਮ ਹੈ, ਕਹਿੰਦੇ ਜਿੰਨੇ ਸਵਾਸ ਨੇ ਚੌਵੀ ਹਜ਼ਾਰ ਸਵਾਸ, ਉਨ੍ਹਾਂ ਦੇ ਵਿੱਚ ਮੈਂ ਹਰ ਸਵਾਸ ਦੇ ਵਿੱਚ ਨਾਮ ਦੀ ਸੰਭਾਲ ਕਰਦਾ ਹਾਂ।

*ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥*
*ਅੰਗ – 980*

ਦੇਖੋ ਕਿਹੋ ਜਿਹੀ ਗੱਲ ਮਹਾਰਾਜ ਨੇ ਕਹਿ ਦਿੱਤੀ, ਫਿਕਰ ਕਰੋ ਇੱਥੇ, ਬੜੀ ਫਿਕਰ ਦੀ ਬਾਤ ਹੈ ਸਾਧਸੰਗਤ ਜੀ! ਆਪਾਂ ਸਾਰਿਆਂ ਲਈ। ਚੌਵੀ ਹਜ਼ਾਰ ਸਵਾਸ ਰੋਜ਼ ਆਉਂਦਾ ਹੈ। ਪਝੱਤਰ ਸਾਲ ਦੀ ਉਮਰ ਵਾਲੇ ਨੂੰ 66 ਕਰੋੜ 44 ਲੱਖ ਸਵਾਸ ਆਇਆ ਕਰਦੇ ਨੇ। ਮਹਾਰਾਜ ਕਹਿੰਦੇ, ਸਾਰਿਆਂ ਨਾਲ ਨਾਮ ਜਪੋ। ਪਹਿਲੇ ਜਿਹੜੇ ਸਾਡੇ ਬਚਪਨ ਦੇ ਲੰਘ ਗਏ ਉਹ ਤਾਂ ਸਾਡੇ ਹੱਥ ਨਹੀਂ ਆਉਂਦੇ, ਲੇਕਿਨ ਕੋਈ ਭਾਗਾਂ ਵਾਲੇ ਧਰੂੰ ਵਰਗੇ ਵੀ ਹੈਗੇ, ਜਿਨ੍ਹਾਂ ਨੂੰ ਬਚਪਨ ਵਿੱਚ ਲਗਨ ਲੱਗ ਗਈ ਤੇ ਸੋਝੀ ਆ ਗਈ। ਉਹ ਸਵਾਸ ਬਿਰਥਾ ਨਹੀਂ ਜਾਣ ਦਿੰਦੇ। ਮਹਾਰਾਜ ਕਹਿੰਦੇ – 'ਸਾਸ ਸਾਸ ਸਾਸ ਹੈ ਜੇਤੇ.......।' ਧਿਆਨ ਦੇਵੋ ਇਸ ਚੀਜ਼ ਵਲ, ਸ਼ਰਧਾ 'ਚ ਆਓ ਏਸ ਗੱਲ ਨੂੰ ਮੰਨ ਲਓ। ਮਦਦ ਲਓ ਗੁਰੂ ਮਹਾਰਾਜ ਦੀ ਕਿ ਸੱਚੇ ਪਾਤਸ਼ਾਹ! ਤੁਸੀਂ ਕੀ ਕਿਹਾ ਹੈ। ਅਸੀਂ ਤਾਂ ਨਹੀਂ ਤੇਰੀ ਇਹ ਗੱਲ ਮੰਨਦੇ। ਅਸੀਂ ਤੇਰੀ ਗੱਲ ਨਹੀਂ ਮੰਨਦੇ, ਤਾਂ ਤੇਰਾ ਤੇ ਸਾਡਾ ਸਬੰਧ ਟੁੱਟ ਗਿਆ ਕਿਉਂਕਿ ਅਸੀਂ ਤਾਂ ਆਪਣੇ ਮਨ ਦੀ ਗੱਲ ਮੰਨਦੇ ਹਾਂ। ਤੇਰੀ ਥੋੜ੍ਹੀ ਜਿਹੀ ਮੰਨਦੇ ਹਾਂ। ਸੌ ਦੇ ਵਿਚੋਂ ਦੋ ਕੁ % ਤਾਂ ਮੰਨ ਲੈਂਦੇ ਹਾਂ। ਜੇ ਤਾਂ ਐਨੀ ਕੁ ਸਿੱਖੀ ਪ੍ਰਵਾਨ ਹੈ, ਤਾਂ ਤਾਂ ਅਸੀਂ ਤੇਰੇ

ਸਿੱਖ ਹਾਂ, ਮਹਾਰਾਜ ਕਹਿੰਦੇ ਦੇਖ, ਗੁਰੂ ਦੀ ਮੱਤ ਤੂੰ ਦੇਖ –

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਅੰਗ – 288***

ਇਆਨਿਆਂ ਗੁਰੂ ਦੀ ਮੱਤ ਧਾਰਨ ਕਰ। ਆਪਣੀ ਮਤ ਨਾ ਵਿੱਚ ਲਿਆ ਕਿ ਮੈਂ ਘੰਟਾ ਨਾਮ ਜਪ ਲੈਂਦਾ ਹਾਂ, ਅੱਧਾ ਘੰਟਾ ਨਾਮ ਜਪ ਲੈਂਦਾ ਹਾਂ। ਬਾਕੀ ਦੇ ਕਿੱਧਰ ਗਏ ਤੇਰੇ ਸਵਾਸ? ਕਹਿੰਦੇ ਜੀ, ਹਰ ਵਕਤ ਵੀ ਨਾਮ ਜਪਿਆ ਜਾ ਸਕਦਾ ਹੈ?

ਹਾਂ, ਹਰ ਵਕਤ ਨਾਮ ਜਪ ਹੋ ਸਕਦਾ ਹੈ, ਮਿਹਨਤ ਕਰ ਲਓ, ਕੋਈ ਸਵਾਸ ਬਿਰਥਾ ਨਹੀਂ ਜਾਂਦਾ। ਫੇਰ ਆਪਣੇ ਆਪ ਨਾਮ ਜਪ ਹੁੰਦਾ ਹੈ। ਆਟੋਮੈਟਿਕ ਹੋ ਜਾਂਦਾ ਹੈ, ਜਦੋਂ ਆਟੋਮੈਟਿਕ ਹੋ ਗਿਆ ਫੇਰ ਸਾਨੂੰ ਕਾਹਦਾ ਫਿਕਰ ਹੈ, ਨਾਮ ਤਾਂ ਉੱਭਲ ਵਾਂਗੂੰ ਅੰਦਰੋਂ ਨਿਕਲਣ ਲੱਗ ਜਾਂਦਾ ਹੈ ਆਪੇ ਹੀ। ਗੱਲ ਕਰਨ ਲੱਗ ਗਏ, ਸੁਰਤ 'ਚ ਨਾਮ ਚਲਿਆ ਗਿਆ। ਚੁੱਪ ਕਰ ਗਏ, ਕੰਠ ਵਿੱਚ ਨਾਮ ਆਪਣੇ ਆਪ ਚੱਲ ਪੈਂਦਾ ਹੈ। ਪੜ੍ਹਨ ਲੱਗ ਗਏ, ਹਿਰਦੇ 'ਚ ਨਾਮ ਆਪਣੇ ਆਪ ਹੀ ਉੱਭਲ ਵਾਂਗੂੰ ਉੱਠੀ ਜਾਂਦਾ ਹੈ, ਨਾਭੀ 'ਚ ਉੱਠੀ ਜਾਂਦਾ ਹੈ, ਸੋ ਨਾਮ ਤਾਂ ਹਰ ਵਕਤ ਆਦਮੀ ਦੇ ਅੰਦਰ ਚਲਦਾ ਹੈ, ਸਿਰਫ ਮਿਹਨਤ ਕਰਨ ਦੀ ਲੋੜ ਹੈ। ਮਹਾਰਾਜ ਕਹਿੰਦੇ –

***ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮੑਾਰੇ ॥***
***ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥***
***ਅੰਗ – 980***

ਉਹ ਕਹਿੰਦੇ ਬਿਰਥਾ ਚਲਿਆ ਗਿਆ ਸਵਾਸ, ਬੇਕਾਰ ਹੋ ਗਿਆ ਕਿਸੇ ਲੇਖੇ 'ਚ ਨਾ ਆਇਆ ਉਹ ਸਵਾਸ। ਸੋ ਇਸ ਕਰਕੇ ਨਾਮ ਵਲ ਜਦੋਂ ਅਸੀਂ ਧਿਆਨ ਦੇਵਾਂਗੇ, ਫੇਰ ਸਾਡਾ ਜੀਵਨ ਮੰਤਰ ਸਾਨੂੰ ਪ੍ਰਾਪਤ ਹੁੰਦਾ ਹੈ। ਮਹਾਰਾਜ ਕਹਿੰਦੇ, ਜਦੋਂ ਐਨੀ ਤੀਬਰਤਾ ਦੇ ਨਾਲ, ਐਨੀ ਦ੍ਰਿੜ੍ਹਤਾ ਦੇ ਨਾਲ ਭਾਈ ਝੰਡਿਆ ਨਾਮ ਜਪੇਂਗਾ, ਫੇਰ ਇਹ ਨਾਮ ਅੰਦਰ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਸਾਰੇ ਸਰੀਰ ਦੇ ਵਿੱਚ ਰਮ ਜਾਂਦਾ ਹੈ। ਰੋਮ-ਰੋਮ 'ਚ ਰਮ ਜਾਂਦਾ ਹੈ –

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ – 941***

ਜਿੰਨੀਆਂ ਆਵਾਜ਼ਾਂ ਆਉਂਦੀਆਂ ਨੇ ਸਾਰੀਆਂ ਦੇ ਵਿਚੋਂ ਨਾਮ ਸੁਣਨ ਲਗ ਜਾਂਦਾ ਹੈ –

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ – 1265***

ਮਿਹਨਤ ਕਰਕੇ ਦੇਖ ਲਓ ਇਹ ਬਾਣੀ ਐਵੇਂ ਨਹੀਂ ਬਣਾਈ ਹੋਈ, ਕੋਈ ਕਵਿਤਾ ਨਹੀਂ ਹੈ ਕਿ ਤੁਕ ਨਾਲ ਤੁਕ ਜੋੜਨੀ ਹੈ। ਇਹ ਪਰਖ ਕੇ ਅਕਾਲ ਪੁਰਖ ਦੀ ਬਾਣੀ ਹੈ। ਅਕਾਲ ਪੁਰਖ ਨੇ, ਗੁਰੂਆਂ ਨੇ ਆਪਣੇ ਉਪਰ ਪਰਖ ਕੇ ਇਹ ਬਚਨ ਕਹੇ ਨੇ। ਗੁਰੂ ਮਹਾਰਾਜ ਕਹਿੰਦੇ ਜਿੰਨੀ ਕੁਦਰਤ ਹੈ, ਜਿੰਨੇ ਵਣ ਨੇ, ਜਿੰਨੇ ਤ੍ਰਿਣ ਨੇ, ਜਿੰਨੀ ਧਰਤੀ ਹੈ, ਜਿੰਨੇ

ਦਰਿਆ ਨੇ, ਜਿੰਨੀਆਂ ਹਵਾਵਾਂ ਨੇ, ਸੂਰਜ, ਚੰਦ, ਤਾਰੇ ਜੋ ਕੁਛ ਵੀ ਤੁਹਾਨੂੰ ਨਜ਼ਰ ਆਉਂਦਾ ਹੈ ਇਹ ਸਾਰੇ ਨਾਮ ਜਪਦੇ ਨੇ।

ਇੱਕ ਵਾਰੀ ਸੰਤ ਬਾਬਾ ਗੁਰਬਚਨ ਸਿੰਘ ਜੀ, ਭਿੰਡਰਾਂਵਾਲੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਸੁੰਦਰ ਸਿੰਘ ਜੀ ਨੂੰ ਕਹਿਣ ਲੱਗੇ, ਮਹਾਰਾਜ! ਇਸ ਤੁਕ ਦਾ ਅਨੁਭਵ ਨਹੀਂ ਹੁੰਦਾ ਜਿਹੜੀ ਮਹਾਰਾਜ ਨੇ ਕਹਿ ਦਿੱਤੀ ਕਿ ਵਣ ਤ੍ਰਿਣ ਸਾਰੇ ਨਾਮ ਜਪਦੇ ਨੇ ਤੇ ਆਪ ਕ੍ਰਿਪਾ ਕਰੋ। ਕਹਿਣ ਲੱਗੇ, ਗੁਰਬਚਨ ਸਿੰਘ! ਕੰਧ ਨੂੰ ਲਾ ਕੰਨ। ਕੰਧ ਨੂੰ ਲਾਇਆ, ਕੰਧ ਦੇ ਵਿਚੋਂ ਆਵਾਜ਼ ਆ ਰਹੀ ਹੈ। ਕਹਿੰਦੇ, ਦਰਵਾਜ਼ੇ ਨੂੰ ਲਾ, ਦਰਵਾਜ਼ੇ ਨੂੰ ਲਾਇਆ ਦਰਵਾਜ਼ੇ 'ਚੋਂ ਆਉਂਦੀ ਹੈ, ਦਰਖਤ ਨੂੰ ਲਾਇਆ ਦਰਖਤ 'ਚੋਂ ਨਾਮ ਦੀ ਆਵਾਜ਼ ਆ ਰਹੀ ਹੈ। ਕਹਿੰਦੇ, ਨਾਮ ਇਹੀ ਹੈ ਜਿਹਦੇ ਆਸਰੇ ਸਭ ਚੀਜ਼ਾਂ ਖੜ੍ਹੀਆਂ ਨੇ –

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥*** ***ਅੰਗ – 284***

ਲੇਕਿਨ ਸੁਣਨ ਦੀ ਸਥਿਤੀ 'ਚ ਹੋਣਾ ਚਾਹੀਦਾ ਹੈ ਆਦਮੀ। ਜਦੋਂ ਸੁਣਨ ਦੀ ਸਥਿਤੀ 'ਚ ਆ ਜਾਂਦਾ ਹੈ ਨਾਮ ਦੀ 'ਚ। ਉਸ ਵੇਲੇ ਜਿਹੜਾ ਮਨ ਹੈ ਇਹ ਬਹੁਤ ਉੱਚਾ ਗਿਆ ਹੁੰਦਾ ਹੈ, ਫੇਰ ਉਹ ਮੰਨ ਜਾਇਆ ਕਰਦਾ ਹੈ। ਪਹਿਲਾਂ ਸਰਵਣ ਹੁੰਦਾ ਹੈ ਫੇਰ ਮੰਨਨ ਹੁੰਦਾ ਹੈ। ਸੋ ਮਹਾਰਾਜ ਕਹਿੰਦੇ, ਇਹ ਨਾਮ ਦੇ ਵਿਚ ਧਿਆਨ ਦੇਵੋ ਭਾਈ। ਉਠਦੇ ਬੈਠਦੇ, ਸੌਂਵਦੇ, ਜਾਗਦੇ ਪ੍ਰਮੇਸ਼ਰ ਦਾ ਨਾਮ ਉਚਾਰਨ ਕਰੋ –

***ਧਾਰਨਾ – ਊਠਤ, ਬੈਠਤ, ਸੋਵਤ, ਜਾਗਤ,***
***ਜਪ ਲੈ ਨਾਮ ਵਾਹਿਗੁਰੂ।***

ਉਠਦੇ, ਬੈਠਦੇ, ਸੌਂਦੇ, ਜਾਗਦੇ –

***ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥***
***ਪ੍ਰਭੂ ਦਇਆ ਤੇ ਮੰਗਲੁ ਗਾਵਉ ॥***
***ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ***
***ਸਗਲ ਅਵਰਦਾ ਜੀਉ ॥*** ***ਅੰਗ – 101***

ਨਾਮ ਧਿਆਵੋ –

***ਜਿਨਿ ਤੇਰੀ ਮਨ ਬਨਤ ਬਨਾਈ ॥***
***ਊਠਤ ਬੈਠਤ ਸਦ ਤਿਸਹਿ ਧਿਆਈ ॥*** ***ਅੰਗ – 270***
***ਊਠਤ ਬੈਠਤ ਸੋਵਤ ਨਾਮ ॥***
***ਕਹੁ ਨਾਨਕ ਜਨ ਕੈ ਸਦ ਕਾਮ ॥*** ***ਅੰਗ – 286***

ਬੜਾ ਔਖਾ ਕਹਿ ਦਿੱਤਾ ਮਹਾਰਾਜ ਜੀ ਨੇ। ਮਿਹਨਤ ਕਰਕੇ ਅਸੀਂ ਉੱਠਦੇ ਵੀ ਧਿਆ ਲਵਾਂਗੇ, ਬੈਠਦੇ ਵੀ ਧਿਆ ਲਵਾਂਗੇ, ਹੁਣ ਸੌਂਦੇ ਹੋਏ ਮਹਾਰਾਜ ਕਹਿੰਦੇ, ਹੁਣ ਸੌਂਦੇ ਵੀ ਨਾਮ ਜਪੋ। ਹੁਣ ਇਹ ਗੱਲ ਸਮਝ 'ਚ ਨਹੀਂ ਆ ਸਕਦੀ। ਬੜੀ ਔਖੀ ਹੈ ਇਹ ਗੱਲ ਸਮਝ 'ਚ ਆਉਣੀ। ਲੇਕਿਨ ਸਾਧਸੰਗਤ ਜੀ! ਇੱਕ ਅਵਸਥਾ ਐਸੀ ਹੈ ਜੋ ਮੈਂ ਪਿੱਛੇ ਜ਼ਿਕਰ

ਕਰਿਆ ਸੀ -

***ਤਿਥੈ ਊਂਘ ਨ ਭੁਖ ਹੈ .........॥*** ***ਅੰਗ - 1414***

ਉਥੇ ਨੀਂਦ ਨਹੀਂ ਹੈਗੀ, ਇਹ ਕਿਸੇ-ਕਿਸੇ ਵਿਰਲੇ-ਵਿਰਲੇ ਗੁਰਮੁਖ ਨੂੰ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਇੱਕ ਮੈਂ ਟੇਪ ਸੁਣ ਰਿਹਾ ਸੀ ਉਹਦੇ ਵਿੱਚ ਮਹਾਤਮਾ ਕਹਿ ਰਹੇ ਸੀ ਕਿ ਬੰਦਾ ਐਸ ਤਰ੍ਹਾਂ ਨਾਮ ਜਪਦਾ ਹੈ ਜਿਵੇਂ ਬੱਚਾ ਸੁੱਤਾ ਪਿਆ ਦੁੱਧ ਚੁੰਘ ਰਿਹਾ ਹੁੰਦਾ ਹੈ। ਨਾ ਇਹ ਨਹੀਂ ਗੱਲ। ਉਹਦੇ ਵਿੱਚ ਪੂਰਨ ਜਾਗ੍ਰਤ ਹੁੰਦੀ ਹੈ, ਕੋਈ ਅਧੂਰੀ ਜਿਹੀ ਨਹੀਂ ਹੁੰਦੀ। ਬੱਚੇ ਨੂੰ ਨਹੀਂ ਪਤਾ ਕਿ ਮੈਂ ਦੁੱਧ ਚੁੰਘਦਾ ਹਾਂ। ਉਹ ਅੱਧ ਜਾਗਦਾ ਜਿਹਾ ਹੋ ਕੇ ਦੁੱਧ ਚੁੰਘ ਲੈਂਦਾ ਹੈ ਮਾਂ ਦਾ। ਨੀਂਦ ਤਾਂ ਹੋਈ ਹੀ, ਜਦੋਂ ਘੂਕ ਨੀਂਦ ਸੁੱਤਾ ਪਿਆ ਸੀ ਕੀ ਜਦ ਦੁੱਧ ਚੁੰਘ ਲੈਂਦਾ ਹੈ ਉਹ? ਨਹੀਂ ਜਦ ਨਹੀਂ, ਥੋੜ੍ਹਾ ਜਿਹਾ ਜਗਾਉਣਾ ਪੈਂਦਾ ਹੈ ਉਹਨੂੰ। ਲੇਕਿਨ ਇਹ ਅਵਸਥਾ ਐਸੀ ਹੈ ਇਸ ਦਾ ਬੜਾ ਭਾਰਾ ਭੁਲੇਖਾ ਪੈਂਦਾ ਹੈ। ਬੜੇ ਮਹਾਂਪੁਰਸ਼ਾਂ ਨੇ ਮਿਹਨਤਾਂ ਹਾਸਲ ਕਰੀਆਂ ਨੇ ਇਸ ਗੱਲ ਨੂੰ ਹਾਂਸਲ ਕਰਨ ਵਾਸਤੇ ਕਿ ਮਹਾਰਾਜ ਦਾ ਹੁਕਮ ਹੈ ਕਿ ਸੁੱਤੇ ਪਏ ਵੀ ਨਾਮ ਜਪੋ। ਜਿੰਨਾਂ ਚਿਰ ਸੁੱਤੇ ਪਏ ਨਾਮ ਨਹੀਂ ਜਪਦੇ, ਓਨਾਂ ਚਿਰ ਜਾਪ ਅਧੂਰਾ ਹੈ। ਲੇਕਿਨ ਇੱਕ ਅਵਸਥਾ ਆਉਂਦੀ ਹੈ ਐਸੀ, ਜਿਸ ਵਕਤ ਆਦਮੀ ਸਰੀਰ ਤਾਂ ਸੌਂ ਜਾਂਦਾ ਹੈ ਲੇਕਿਨ ਸੁਰਤ ਨਹੀਂ ਸੌਂਦੀ। ਸੁਰਤ ਜਾਗਦੀ ਰਹਿੰਦੀ ਹੈ ਅੰਦਰ। ਕਿਉਂਕਿ ਸੁਰਤ ਤਾਂ ਥੱਕਦੀ ਨਹੀਂ, ਸੁਰਤ ਨੇ ਕੀ ਸੌਣਾ ਹੈ। ਸਰੀਰ ਥੱਕਦਾ ਹੈ, ਦਿਮਾਗ ਥੱਕਦਾ ਹੈ ਸੌਂ ਜਾਂਦਾ ਹੈ। ਇਸ ਤੋਂ ਉਤੇ ਇੱਕ ਅਵਸਥਾ ਹੈ ਜਿੱਥੇ ਨੀਂਦ ਹੈ ਹੀ ਨਹੀਂ ਬਿਲਕੁਲ ਵੀ, ਗੁਰਮੁਖ ਜਾਗਦੇ ਨੇ ਮਹਾਰਾਜ ਕਹਿੰਦੇ, ਮਨਮੁਖ ਸੌਂਦੇ ਨੇ। ਮਿਹਨਤ ਕਰਦੇ-ਕਰਦੇ, ਕਰਦੇ-ਕਰਦੇ ਉਹ ਅਵਸਥਾ ਆ ਜਾਂਦੀ ਹੈ ਜਿੱਥੇ ਏਸ ਗੱਲ ਦੀ ਸੋਝੀ ਪੈਂਦੀ ਹੈ। ਬਹੁਤ ਸਾਰੇ ਮਹਾਂਪੁਰਸ਼ ਜਦੋਂ ਸੌਂ ਜਾਂਦੇ ਨੇ ਪੂਰਾ ਨਿਤਨੇਮ ਕਰ ਲੈਂਦੇ ਨੇ, ਸਾਰੀਆਂ ਹੀ ਬਾਣੀਆਂ ਅਰ ਉਹ ਜਦੋਂ ਸੌਂਦੇ ਹੋਏ ਕੀਰਤਨ ਕਰਦਾ ਹੈ ਕੋਈ। ਕੀਰਤਨ ਵੀ ਕਰ ਲੈਂਦਾ ਹੈ ਅਰ ਇਸ ਤੋਂ ਵਧੀਆ ਕਰੇਗਾ, ਜਿਹੜਾ ਜਾਗਦੇ ਹੋਏ ਕਰਦਾ ਹੈ, ਰਸ ਵੀ ਉਹਦੇ 'ਚ ਬਹੁਤਾ ਹੋਏਗਾ ਤੇ ਸੁਰ ਵੀ ਉਹਦੇ ਵਿੱਚ ਬਿਲਕੁਲ ਸੁੱਧ ਹੋਏਗੀ। ਕੀਰਤਨ ਵੀ ਕਰ ਸਕਦਾ ਹੈ, ਪੂਰੀ ਬਾਣੀ ਵੀ ਪੜ੍ਹ ਸਕਦਾ ਹੈ ਅਰ ਬਾਣੀ ਸੁੱਧ ਪੜ੍ਹੇਗਾ ਇਹ ਨਹੀਂ ਕਿਤੇ ਗਲਤੀ ਕਰ ਦੇਵੇ। ਭੋਰਾ ਜਿੰਨੀ ਵੀ ਗਲਤੀ ਨਹੀਂ ਹੁੰਦੀ, ਯਾਦਦਾਸ਼ਤ ਸਾਡੀ ਹੁਣ ਹੈ ਇਹਨੂੰ ਮਹਾਰਾਜ ਹਉਮੈ ਦੀ ਸੁਰਤ ਕਹਿੰਦੇ ਨੇ। ਇਹਦੇ ਵਿੱਚ ਰਲੀ ਹੋਈ ਹੈ ਭੁੱਲ, ਅਸੀਂ ਭੁੱਲ ਜਾਂਦੇ ਹਾਂ। ਉਹਦੇ ਵਿੱਚ ਨਹੀਂ ਭੁੱਲਦੇ। ਸੋ ਜਦੋਂ ਉਹ ਅਵਸਥਾ ਆ ਜਾਂਦੀ ਹੈ, ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਇਹ ਕੋਈ ਮਨ ਕਥੀ ਬਾਤ ਨਹੀਂ ਹੈ, ਇਹ ਪ੍ਰਤੱਖ ਬਾਤ ਹੈ ਕਿ ਓਸ ਵੇਲੇ ਆਦਮੀ ਨਾਮ ਜਪਦਾ ਹੈ ਸਰੀਰ ਸੌਂ ਜਾਂਦਾ ਹੈ, ਸੌਂ ਲਏ ਜਿੰਨਾਂ ਸੌਣਾ ਹੈ, ਘੰਟਾ ਸੌਂ ਲਏ, ਦੋ ਘੰਟੇ ਸੌਂ ਲਏ, ਕਿਉਂਕਿ ਇਹ ਕਾਰਖਾਨਾ ਹੈ, ਕਾਰਖਾਨੇ ਨੂੰ ਥੋੜ੍ਹਾ ਬਹੁਤਾ ਆਰਾਮ ਚਾਹੀਦਾ ਹੈ। ਲੇਕਿਨ ਜਦੋਂ ਸੁਰਤ ਜਾਗ ਪੈਂਦੀ ਹੈ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***

***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਜਨਮਾਂ-ਜਨਮਾਂਤਰਾਂ ਦੀ ਸੁੱਤੀ ਹੋਈ ਸੁਰਤ ਜਦੋਂ ਜਾਗਦੀ ਹੈ, ਉਸ ਵੇਲੇ ਫੇਰ ਇਹਨੂੰ ਨੀਂਦ ਨਹੀਂ ਆਉਂਦੀ, ਨੀਂਦ ਪੈਂਦੀ ਨਹੀਂ ਇਹਦੇ ਉਤੇ। ਜੇ ਨੀਂਦ ਪਵੇ ਇੱਥੇ ਫਰਕ ਪੈ ਜਾਂਦਾ ਹੈ ਗੱਲ ਦਾ। ਇਹ ਪੈਂਦਾ ਹੈ ਕਿ ਜਿਹੜਾ ਬ੍ਰਹਮਗਿਆਨ ਹੈ ਜਿਹਨੂੰ ਸੁਪਨਾ ਆ ਜਾਵੇ, ਸੁਪਨੇ 'ਚ ਦੌੜਿਆ ਫਿਰਦਾ ਹੈ, ਕੋਈ ਮਗਰ ਪੈ ਜਾਵੇ, ਉਹ ਗਿਆਨ ਪਰਪੱਕ ਨਹੀਂ ਹੈ ਅਧੂਰਾ ਗਿਆਨ ਹੈ, ਗਿਆਨ ਪਰਪੱਕ ਉਹ ਹੁੰਦਾ ਹੈ ਜੋ ਸੁਪਨੇ ਵਿੱਚ ਵੀ ਉਹਨੂੰ ਪਤਾ ਹੈ ਕਿ ਵਾਹਿਗੁਰੂ ਦੀ ਹਾਜ਼ਰੀ 'ਚ ਆਪਣੇ ਸਰੂਪ ਨੂੰ ਪਛਾਣਦਾ ਹੈ। ਸੁੱਤਾ ਹੋਇਆ ਵੀ। ਓਸ ਵੇਲੇ ਪਰਪੱਕ ਗਿਆਨ ਹੋਇਆ ਕਰਦਾ ਹੈ। ਉਹ ਜਿਹੜਾ ਨਾਮ ਹੈ ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ। ਜੇ ਨਾਮ ਜਪਦੇ ਹੋਣ, ਕਦੇ ਵੀ ਨਾ ਕਹਿੰਦੇ -

***ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ......॥***
***ਅੰਗ - 101***

ਕਦੇ ਸੌਂਦਾ ਬੰਦਾ ਨਹੀਂ ਧਿਆ ਸਕਦਾ ਫੇਰ ਅਸੀਂ ਤਾਂ ਗਲਤ ਹੋ ਗਏ। ਸੋ ਇਹ ਅਵਸਥਾ ਆ ਜਾਂਦੀ ਹੈ, ਮਹਾਰਾਜ ਕਹਿੰਦੇ ਇਹ ਅਵਸਥਾ ਓਸ ਵੇਲੇ ਆਉਂਦੀ ਹੈ ਭਾਈ ਝੰਡਿਆ! ਇਹ ਨਾਮ ਜਪਦੇ-ਜਪਦੇ, ਜਦੋਂ ਨਾਮ ਸੰਸਕਾਰਾਂ ਦੇ ਮੰਡਲ ਵਿੱਚ ਜਾਂਦਾ ਹੈ, ਓਸ ਵੇਲੇ ਇਹ ਨਾਮ ਸੁਰਤ ਨੂੰ ਉੱਚੀ ਚੁੱਕੀਂ ਜਾਂਦਾ ਹੈ। ਇਹਦੇ ਵਿਚੋਂ ਵਿਕਾਰਾਂ ਦਾ ਖਾਤਮਾ ਹੋਣ ਲਗ ਜਾਂਦਾ ਹੈ। ਵਿਕਾਰਾਂ ਦਾ ਖਾਤਮਾ ਹੋ ਕੇ ਮੈਲ ਜਨਮਾਂ-ਜਨਮਾਂਤਰਾਂ ਦੀ ਨਿਕਲਣੀ ਸ਼ੁਰੂ ਹੋ ਜਾਂਦੀ ਹੈ, ਇਸ ਤਰ੍ਹਾਂ ਨਿਕਲਦੀ ਹੈ ਜਿਵੇਂ ਕੋਈ ਟਿਊਬਵੈੱਲ ਹੈ ਉਹਦਾ ਚੁਬੱਚਾ ਕੱਪੜੇ ਧੋ ਕੇ, ਸਾਬਣ ਵਾਲਾ ਪਾਣੀ ਕਰ ਦਿੱਤਾ, ਉਹ ਸਾਰਾ ਪਾਣੀ ਕੱਢੋ ਤਾਂ ਸਾਫ ਹੁੰਦਾ ਹੈ, ਉਸ ਤੋਂ ਸੁਖਾਲਾ ਤਰੀਕਾ ਇਹ ਹੈ ਕਿ ਬਟਨ ਦੱਬ ਦਿਓ, ਟਿਊਬਵੈੱਲ ਚੱਲ ਪਵੇ, ਆਪੇ ਹੀ ਗੰਦੇ ਪਾਣੀ ਨੂੰ ਬਾਹਰ ਕੱਢ ਦਏਗਾ, ਸ਼ੁੱਧ ਪਾਣੀ ਵਿੱਚ ਰਹਿ ਜਾਏਗਾ। ਇਸੇ ਤਰ੍ਹਾਂ ਨਾਮ ਦੀ ਧਾਰ ਜਦੋਂ ਲਗਾਤਾਰੀ ਅੰਤਸ਼ਕਰਣ 'ਚ ਪੈਂਦੀ ਹੈ, ਉਸ ਵੇਲੇ ਮੈਲ ਦੂਰ ਹੋ ਜਾਂਦੀ ਹੈ ਜਦੋਂ ਸਾਰੇ ਸੰਸਕਾਰ ਮੁੱਕ ਗਏ, ਉਸ ਵੇਲੇ ਨਾਮ ਨਾਲ ਭਰ ਜਾਂਦਾ ਹੈ, ਫੇਰ ਨਾਮ ਭੁੱਲਦਾ ਨਹੀਂ ਹੈ, ਸੌਂਦਾ ਵੀ ਨਾਮ ਜਪਦਾ ਹੈ ਤੇ ਉਨਮਨੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਸਦਾ ਹੀ ਖੇੜਾ ਰਹਿੰਦਾ ਹੈ, ਖਿੜਿਆ ਰਹਿੰਦਾ ਹੈ ਮਨ -

***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥*** ***ਅੰਗ - 2***

ਉਹਨੂੰ ਉਨਮਨੀ ਅਵਸਥਾ ਕਹਿੰਦੇ ਨੇ, ਉਨਮਨੀ ਅਵਸਥਾ ਜਦੋਂ ਆਉਂਦੀ ਹੈ ਦੁਨੀਆਂ ਦੇ ਲੋਕਾਂ ਦੀ ਪਰਵਾਹ ਖਤਮ ਹੋ ਜਾਂਦੀ ਹੈ। ਫੇਰ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ - 186***

ਮੂਰਖ ਉਹ ਹੁੰਦਾ ਹੈ, ਸਾਧੂ ਵੀ ਬਣ ਜਾਵੇ ਤੇ ਦੁਨੀਆਂ ਦੀਆਂ

ਆਸਾਂ ਰੱਖੀਂ ਬੈਠਾ ਹੋਵੇ। ਆਹ ਗੱਲ ਨਹੀਂ, ਇਹਨੂੰ ਜੇ ਰਾਜਨੀਤੀ ਵਾਲਾ ਕਹੇ ਕਿ ਨਹੀਂ ਜੀ, ਰਾਜਨੀਤੀ ਵਰਤ ਲਓ। ਨਾ ਇਹ ਗੱਲ ਫਰਕ ਹੈ, ਪ੍ਰਮੇਸ਼ਰ ਨਾਲ ਨਹੀਂ ਜੁੜਿਆ ਉਹ ਬੰਦਾ। ਗਰਜ ਨਾਲ ਜੁੜਿਆ ਹੋਇਆ ਹੈ, ਆਪਣੀ ਚਲਾਕੀ ਨਾਲ ਜੀਉਣਾ ਚਾਹੁੰਦਾ ਹੈ, ਵਾਹਿਗੁਰੂ ਦੇ ਦਰ 'ਤੇ ਪਰਵਾਨ ਨਹੀਂ ਉਹ ਰੂਹ, ਜਿਹੜੀ ਚਲਾਕੀ ਨਾਲ ਜੀਉਣਾ ਚਾਹੁੰਦੀ ਹੈ, ਉਹ ਤਾਂ ਉਨਮਨੀ ਅਵਸਥਾ 'ਚ ਪਹੁੰਚਦਾ ਹੈ, ਵਾਹਿਗੁਰੂ ਜਦ ਇੱਕ ਸਕਿੰਟ ਵੀ ਨਹੀਂ ਹਟਦਾ ਜਿਹਦੀ ਵਾਹਿਗੁਰੂ ਨਾਲ ਪ੍ਰੀਤ ਪੈ ਗਈ ਉਹ ਦੁਨੀਆਂ ਨੂੰ ਨਿਗ੍ਹਾ ਥੱਲੇ ਲਿਆਉਂਦਾ ਹੈ? ਉਹ ਤਾਂ ਮਹਾਰਾਜ ਇਹ ਅਵਸਥਾ ਦਸਦੇ ਨੇ –

***ਧਾਰਨਾ – ਬੇਪਰਵਾਹ ਸਦਾ ਰੰਗ ਹਰਿ ਕੇ,***
***ਜਾ ਕੋ ਪਾਖੁ ਸੁਆਮੀ ਜੀ।***

***ਸੰਤਨ ਅਵਰ ਨ ਕਾਹੂ ਜਾਨੀ ॥***
***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥***

***ਅੰਗ – 711***

ਜਿਹਦਾ ਪੱਖ ਵਾਹਿਗੁਰੂ ਕਰੇ ਉਹਨੂੰ ਕੀਹਦੀ ਪਰਵਾਹ ਹੈ, ਪ੍ਰਹਿਲਾਦ ਨੇ ਪਰਵਾਹ ਕਰੀ ਸਾਰੀ state (ਰਾਜ) ਦੀ ਨਹੀਂ ਕਰੀ। ਬੇਅੰਤ ਮਹਾਂਪੁਰਖਾਂ ਦੀਆਂ ਐਸੀਆਂ ਮਿਸਾਲਾਂ ਨੇ, ਉਨ੍ਹਾਂ ਨੇ ਨਹੀਂ ਪਰਵਾਹ ਕਰੀ ਕਿਉਂਕਿ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਹੋ ਗਈ –

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥***

***ਅੰਗ – 275***

ਉਹ ਬੇਪਰਵਾਹ ਹੋਇਆ ਕਰਦੇ ਨੇ, ਵਾਹਿਗੁਰੂ ਨਾਲ ਜੁੜੀ ਹੁੰਦੀ ਹੈ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਅੰਗ – 473***

ਪਿਆਰ ਵਿੱਚ ਹੱਸਦੇ ਨੇ, ਪਿਆਰ ਵਿੱਚ ਰੋਂਦੇ ਨੇ, ਬੇਪਰਵਾਹ ਵੀ ਰਹਿੰਦੇ ਨੇ –

ਇਸ ਕਰਕੇ ਹੀ –

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਅੰਗ - 145***

ਫੇਰ ਜੋੜ ਨਹੀਂ ਆਇਆ, ਉਹ ਤਾਂ ਬੇਪਰਵਾਹ ਜ਼ਿੰਦਗੀ 'ਚ ਰਹਿੰਦਾ ਹੈ। ਮੇਰੇ ਨਾਲ ਹੀ ਆ ਜਾਂਦੇ ਨੇ, ਦੋਸਤ ਮਿੱਤਰ ਆ ਜਾਂਦੇ ਨੇ, ਰਿਸ਼ਤੇਦਾਰ ਆ ਜਾਂਦੇ ਨੇ, ਉਹ ਕਹਿੰਦੇ ਨੇ ਸਾਡੀ ਪਰਵਾਹ ਕਰੇ, ਉਹਨੂੰ ਪਰਵਾਹ ਕਿਸੇ ਦੀ ਵੀ ਨਹੀਂ ਹੁੰਦੀ ਸਿਵਾਏ ਵਾਹਿਗੁਰੂ ਤੋਂ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186***

ਉਹ ਕਿਸੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ, ਜਿਹਦਾ ਕਹਿਆ ਹੋਇਆ ਦਰਗਾਹ 'ਚ ਵੀ ਮੰਨਿਆ ਜਾਂਦਾ ਹੈ, ਧਰਮਰਾਜਾ ਵੀ ਮੰਨਦਾ ਹੈ, ਬਿਹੁ ਮਾਤਾ ਵੀ ਮੰਨਦੀ ਹੈ, ਦੇਵਤੇ ਵੀ ਸਾਰੇ ਮੰਨਦੇ ਨੇ।

ਬਾਬੇ ਫਰੀਦ ਨੂੰ ਇੱਕ ਵਾਰੀ ਦਰਸ਼ਨ ਕਰਨ ਆਇਆ ਬਾਦਸ਼ਾਹ। ਜਦੋਂ ਦੇਖਿਆ ਇਹ ਤਾਂ ਡੇਲ੍ਹੇ ਖਾ ਕੇ ਗੁਜ਼ਾਰਾ ਕਰਦੇ ਨੇ, ਬਾਬੇ ਫਰੀਦ ਨੇ ਮਾਇਆ ਨੇੜੇ ਨਹੀਂ ਸੀ ਲੱਗਣ ਦਿੱਤੀ। ਇੱਕ ਚਾਦਰ ਦੇ ਵਿੱਚ ਰਹਿੰਦਾ ਹੁੰਦਾ ਉਹ ਵੀ ਪਾਟੀ ਹੋਈ ਚਾਦਰ ਸੀ, ਜੇ ਕਿਸੇ ਨੇ ਕਹਿਣਾ ਕਿ ਬਾਬਾ ਜੀ! ਚਾਦਰ ਲੈ ਲਓ, ਕਹਿੰਦੇ ਹਾਲੇ ਗੁਜ਼ਾਰਾ ਚੱਲੀ ਜਾਂਦਾ ਹੈ ਇਹਦੇ ਨਾਲ। ਉਹ ਜਗੀਰ ਦੇਣ ਲੱਗਿਆ ਮੁਲਤਾਨ ਦੀ ਕਿ ਆਹ ਮੈਂ ਦੇ ਦਿੰਦਾ ਹਾਂ, ਇਹਦਾ ਮਾਮਲਾ ਤੁਹਾਡੇ ਕੋਲ ਆਇਆ ਕਰੇਗਾ, ਇਹਦੇ ਨਾਲ ਲੰਗਰ ਚਲਾਓ। ਉਹ ਕਹਿੰਦੇ, ਪਾਤਸ਼ਾਹ! ਇਹ ਲੰਗਰ ਅੱਲਾਹ ਤਾਲਾ ਦਾ ਹੈ ਉਹਦੇ ਵਲੋਂ ਚੱਲ ਰਿਹਾ ਹੈ। ਉਹ ਸਾਰੀ ਸ੍ਰਿਸ਼ਟੀ ਦਾ ਲੰਗਰ ਉਹਦੇ ਵਲੋਂ ਚੱਲ ਰਿਹਾ ਹੈ, ਤੂੰ ਤਾਂ ਨਹੀਂ ਨਾ ਕਿਸੇ ਦਾ ਚਲਾ ਰਿਹਾ। ਨਾ ਐਵੇਂ ਸਾਨੂੰ ਅਲਸੇਟਿਆਂ 'ਚ ਪਾਵੇਂਗਾ, ਸਾਨੂੰ ਨਹੀਂ ਲੋੜ। ਪਰਵਾਹ ਨਹੀਂ ਕਰਦੇ। ਨਿਜ਼ਾਮੂਦੀਨ ਅਉਲੀਆ ਸੀ ਦਿੱਲੀ ਦੇ ਬਾਦਸ਼ਾਹ ਜ਼ੋਰ ਲਾ ਰਹੇ ਕਿ ਅਸੀਂ ਦਰਸ਼ਨ ਕਰਨੇ ਨੇ, ਉਹ ਕਹਿੰਦੇ ਮੇਰੀ ਦਰਗਾਹ ਦੇ ਵਿੱਚ ਬਾਦਸ਼ਾਹ ਨਹੀਂ ਆ ਸਕਦਾ। ਗਰੀਬ ਭੁੱਖਾ, ਨੰਗਾ ਆ ਸਕਦਾ ਹੈ, ਨਹੀਂ ਬਾਦਸ਼ਾਹ ਵੜਨ ਦਿੱਤੇ। ਗਿਆਸੂਦੀਨ ਬਲਬਨ ਨੇ ਜ਼ੋਰ ਲਾਇਆ ਕਿ ਇਸਨੂੰ ਮੈਂ ਆਪਣੇ ਪਰਿਵਾਰ 'ਚ ਹਾਜ਼ਰ ਕਰਨਾ ਹੈ, ਬਥੇਰਾ ਜ਼ੋਰ ਲਾਇਆ ਜਿਸ ਵਕਤ ਇਹਨੇ ਹੁਕਮ ਦੇ ਦਿੱਤਾ ਕਿ ਫੜ ਕੇ ਲਿਆਓ। ਜੇ ਨਾ ਆਇਆ ਇਹਨੂੰ ਕਤਲ ਕਰ ਦੇਣਾ ਹੈ। ਇਨ੍ਹਾਂ ਨੂੰ ਆ ਕੇ ਦੱਸਿਆ, ਕਹਿੰਦੇ ਇਹਦੀ ਕੀ ਤਾਕਤ ਹੈ ਕੁਛ ਨਹੀਂ। ਐਨੇ ਨੂੰ ਖਬਰ ਆ ਗਈ, ਬੰਗਾਲ 'ਚ ਗੜਬੜ ਹੋ ਗਈ, ਫੌਜਾਂ ਲੈ ਕੇ ਚਲਿਆ ਗਿਆ। ਲੜਾਈ ਸਾਲ ਭਰ ਤੋਂ ਬਾਅਦ ਜਿੱਤ ਕੇ ਆਇਆ, ਮਨੋ ਨਾ ਗੱਲ ਕੱਢੀ। ਕਹਿਣ ਲੱਗਿਆ, ਮੈਂ ਕੱਲ੍ਹ ਨੂੰ ਦਿੱਲੀ ਪਹੁੰਚ ਜਾਣਾ ਹੈ ਜਸ਼ਨ ਮਨਾ ਰਹੇ ਸੀ ਬਾਹਰ ਕਿ ਉਹ ਸਾਰਿਆਂ ਨਾਲੋਂ ਪਹਿਲਾਂ ਲਾਈਨ 'ਚ ਖੜ੍ਹਾ ਹੋ ਗਿਆ। ਉਹਨੂੰ ਆ ਕੇ ਦੱਸਿਆ ਕਿ ਮਹਾਰਾਜ! ਕੱਲ੍ਹ ਨੂੰ ਪੂਰਨਮਾਸ਼ੀ ਹੈ ਤੇ ਸਾਰੇ ਜਿੰਨੇ ਵੀ ਸੰਤ ਨੇ ਸਾਧੂ ਨੇ ਸਾਰਿਆਂ ਉਹਦਾ ਸਵਾਗਤ ਕਰਨਾ ਹੈ ਤੇ ਤੁਹਾਡੇ ਵਾਸਤੇ ਸਖਤ ਹੁਕਮ ਹੋਇਆ ਕਿ ਤੁਸੀਂ ਵੀ ਉਥੇ ਹੋਣੇ ਚਾਹੀਦੇ ਓਂ। ਉਸ ਵੇਲੇ ਆਪ ਨੇ ਕਿਹਾ ਕਿ ਅਜੇ ਤਾਂ ਬੜੀ ਦੂਰ ਹੈ, ਕਹਿੰਦੇ ਮਹਾਰਾਜ ਉਹਨੇ ਤਾਂ ਹੁਣ function (ਸਮਾਰੋਹ) ਕਰਨਾ ਹੈ ਸਵੇਰੇ ਹੀ ਆ ਜਾਣਾ ਹੈ। ਉਹ ਕਹਿਣ

ਲੱਗੇ, ਹਨੂਜ਼ ਦਿੱਲੀ ਦੂਰ ਅਸਤ' ਜਦ ਦਾ ਚੱਲਿਆ ਹੋਇਆ ਹੈ ਅਜੇ ਦਿੱਲੀ ਦੂਰ ਹੈ। ਉਹ ਕੀ ਹੋਇਆ ਜਦੋਂ 10-11 ਵੱਜੇ, ਅੱਗ ਲੱਗ ਗਈ ਅਚਾਨਕ ਮੰਡਪ ਨੂੰ। ਮੰਡਪ ਸਾਰਿਆਂ ਦੇ ਉਤੇ ਹੀ ਗਿਰ ਗਿਆ, ਕਿੰਨੇ ਹੀ ਮਰ ਗਏ ਵਿੱਚ, ਵਿੱਚ ਹੀ ਇਹ ਬਾਦਸ਼ਾਹ ਮਰ ਗਿਆ। ਸੋ ਪਰਵਾਹ ਨਹੀਂ ਹੋਇਆ ਕਰਦੀ –

*ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥*
*ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥*
*ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥*
*ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥*
*ਅੰਗ – 711*

ਇਹ ਹੰਕਾਰ ਨਹੀਂ ਹੋਇਆ ਕਰਦਾ, ਇਹ ਬੇਪਰਵਾਹੀ ਸਵੈ-ਮਾਨ ਹੋਇਆ ਕਰਦਾ ਹੈ ਸਾਧੂਆਂ ਦਾ। ਸਾਧੂ ਨਿਮਰਤਾ ਦੇ ਨਾਲ ਚਾਹੇ ਕਿੱਤੇ ਬੈਠੇ ਰਹਿਣ ਲੇਕਿਨ ਅੰਦਰੋਂ ਨਹੀਂ ਉਹ ਕਿਸੇ ਦੇ ਦਬਾਅ ਨੂੰ ਝੱਲਿਆ ਕਰਦੇ। ਅੰਦਰੋਂ ਬੇਪਰਵਾਹ ਹੁੰਦੇ ਨੇ। ਕੋਈ ਪਰਵਾਹ ਨਹੀਂ ਹੋਇਆ ਕਰਦੀ ਉਨ੍ਹਾਂ, ਮੌਜ ਦੇ ਮਾਲਕ ਹੋਇਆ ਕਰਦੇ ਨੇ।

ਮਹਾਰਾਜ ਕਹਿਣ ਲੱਗੇ, ਭਾਈ ਝੰਡਾ! ਐਸੀ ਅਵਸਥਾ ਆ ਜਾਂਦੀ ਹੈ ਫੇਰ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਹ ਅਵਸਥਾ ਆ ਗਈ ਬੇਪਰਵਾਹੀ ਦੀ, ਫੇਰ ਰੱਬ ਦੇ ਦਰਵਾਜ਼ੇ 'ਤੇ ਆਸਾ ਤੇ ਅੰਦੇਸਾ ਦੇ ਦਰਵਾਜ਼ੇ ਜਿਹੜੇ ਜੜ੍ਹੇ ਹੋਏ ਨੇ, ਉਹ ਟੁੱਟ ਜਾਇਆ ਕਰਦੇ ਨੇ –

*ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥* *ਅੰਗ – 877*

ਕਹਿੰਦੇ ਮਾਇਆ ਐਨੀ ਡੂੰਘੀ ਹੈ ਉਥੇ, ਜਲ ਤੱਕ ਪਾਣੀ ਹਾਂਡੇ ਮਾਇਆ ਦੀ ਖਾਹੀ ਹੈ। ਕਹਿੰਦੇ ਇਹ ਖਾਹੀ ਜਿਹੜੀ ਹੈ ਇਹ ਵਿੱਥ ਦੀ ਖਾਈ ਹੈ, ਕਾਲ ਦੀ ਖਾਹੀ ਹੈ, ਇਹ ਵਿੱਥ ਦੀ ਖਾਹੀ ਜਦੋਂ ਵਾਹਿਗੁਰੂ ਦਾ ਨਾਮ ਜਿਉਂ-ਜਿਉਂ ਜਪਾਂਗੇ, ਇੱਕ ਘੰਟਾ ਜਪਿਆ ਫੇਰ ਦੋ ਘੰਟੇ ਜਪਿਆ ਫੇਰ ਤਿੰਨ ਜਪਿਆ, ਹੌਲੀ-ਹੌਲੀ ਜਦੋਂ ਚੌਵੀ ਘੰਟੇ ਹੋ ਜਾਏਗਾ। ਇਹ ਪੁਲ ਜਿਹਾ ਬਣ ਜਾਏਗਾ ਵਾਹਿਗੁਰੂ ਦੇ ਕੋਲ ਜਾਣ ਦਾ। ਇਹ ਜਹਾਜ਼ ਫੇਰ ਪੂਰਾਂ ਦੇ ਪੂਰ, ਆਪ ਵੀ ਲੰਘੇਗਾ ਤੇ ਪੂਰਾਂ ਦੇ ਪੂਰ ਨੂੰ ਲੰਘਾਉਂਦਾ ਚਲਿਆ ਜਾਂਦਾ ਹੈ। ਡੂੰਘੀ ਮਾਇਆ ਦੀ ਖਾਈ ਨੂੰ ਪਾਰ ਕਰਨ ਵਾਸਤੇ ਨਾਮ ਦਾ ਜਹਾਜ਼ ਹੈ –

*ਧਾਰਨਾ – ਸਾਡੇ ਗੁਰਾਂ ਨੇ ਜਹਾਜ਼ ਬਣਾਇਆ,*
*ਆਵਹੁ ਸਿੰਘੋ ਪਾਰ ਲੰਘੀਏ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*

*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*

ਨਾਮ ਦਾ ਜਹਾਜ਼ ਜਦੋਂ ਅਸੀਂ ਇਹਦੇ ਚੜ੍ਹ ਜਾਵਾਂਗੇ, ਫੇਰ ਮਾਇਆ ਦੀ ਜਿਹੜੀ ਖਾਈ ਹੈ, ਉਹ ਪਾਰ ਹੋ ਕੇ -

*..........ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - 877*

ਉਥੇ ਅਸੀਂ ਪਹੁੰਚ ਜਾਵਾਂਗੇ।

*ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - 877*

ਸੋ ਭਾਈ ਝੰਡਾ! ਜਦੋਂ ਯਾਦ ਲਗਾਤਾਰੀ ਹੋ ਜਾਏਗੀ, ਨਾਮ ਦੀ ਰੌ ਅੰਦਰ ਲਗਾਤਾਰੀ ਚੱਲ ਜਾਏਗੀ, ਉਸ ਵੇਲੇ ਅੰਤਸ਼ਕਰਣ ਨਿਰਮਲ ਹੋ ਜਾਏਗਾ ਤੇ ਉਹਦੇ ਵਿੱਚ ਵਾਹਿਗੁਰੂ ਹੈ ਗੁਣਾਂ ਦਾ ਭਰਿਆ ਹੋਇਆ। ਫੇਰ ਉਸ ਅੰਤਸ਼ਕਰਣ ਦੇ ਵਿੱਚ ਗੁਣ ਆ ਜਾਣਗੇ। ਗੁਣਾਂ ਨਾਲ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ - 4*

ਜਿੰਨਾਂ ਚਿਰ ਗੁਣਾਂ ਦਾ ਪ੍ਰਵੇਸ਼ ਅੰਤਸ਼ਕਰਣ 'ਚ ਨਹੀਂ ਹੁੰਦਾ ਤੇ ਅਉਗਣ ਨਹੀਂ ਨਿਕਲਦੇ ਓਨੀਂ ਦੇਰ ਤੱਕ ਨਾਮ ਨਹੀਂ ਚੱਲਿਆ ਕਰਦਾ। ਸੋ ਵਿਕਾਰ ਨਿਕਲ ਜਾਣਗੇ, ਗੁਣ ਆ ਜਾਣਗੇ ਤੇ ਜਦੋਂ ਗੁਣ ਆ ਗਏ ਤੇ ਗੁਣੀ ਵੀ ਨਾਲ ਆ ਜਾਂਦਾ ਹੈ। ਗੁਣਾਂ ਦੇ ਵਿੱਚ ਇਹ ਗੁਣੀ ਸਮਾਇਆ ਹੋਇਆ ਹੈ, ਗੁਣ ਆ ਜਾਣਗੇ, ਅਹਿੰਸਾ ਆ ਜਾਏਗੀ, ਸਤਿ ਆ ਜਾਏਗਾ, ਚੋਰੀ ਛੁਟ ਜਾਏਗੀ, ਬ੍ਰਹਮਚਰੀਆ ਆ ਜਾਏਗਾ, ਧੀਰਜ ਆ ਜਾਏਗੀ, ਖਿਮਾ ਆ ਜਾਏਗੀ, ਹਿਰਦਾ ਕੋਮਲ ਹੋ ਜਾਏਗਾ, ਪਵਿੱਤਰਤਾ ਆ ਜਾਏਗੀ, ਸੰਤੋਖ ਆ ਜਾਏਗਾ, ਆਸਤਕ ਬੁੱਧੀ ਆ ਜਾਏਗੀ, ਦਾਨ ਦੀ ਰੁਚੀ ਆ ਜਾਏਗੀ, ਗੁਰੂ ਸਿਧਾਂਤ ਦੇ ਉਤੇ ਵਿਸ਼ਵਾਸ਼ ਆ ਜਾਏਗਾ। ਗੁਰੂ ਸ਼ਬਦ ਅਨੁਸਾਰ ਜੀਵਨ ਚੱਲ ਪਏਗਾ, ਸਾਂਤਕੀ ਬਿਰਤੀ ਹੋ ਜਾਏਗੀ, ਨਿਤਨੇਮ ਦੇ ਵਿੱਚ ਪੱਕਾ ਹੋ ਜਾਏਗਾ ਤੇ ਭੁੱਖੇ ਵਾਸਤੇ ਹੋਮ ਕਰੇਗਾ, ਲੰਗਰ ਬਣਾਏਗਾ। ਤਨ ਹੰਗਤਾ ਖਤਮ ਹੋ ਜਾਏਗੀ, ਜਦੋਂ ਗੁਣਾਂ ਦਾ ਨਿਵਾਸ ਹੋ ਗਿਆ, ਗੁਣ ਵਾਹਿਗੁਰੂ ਵਿੱਚ ਨੇ ਸਮਝ ਲਓ ਵਾਹਿਗੁਰੂ ਵਿੱਚ ਉਹਦਾ ਨਿਵਾਸ ਹੋ ਗਿਆ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਹਿਲਾਂ ਸੁਣੋ। ਫੇਰ ਇਹਨੂੰ ਮੰਨੋ, ਫੇਰ ਮੰਨ ਕੇ ਮਨ ਦੇ ਵਿੱਚ ਇਸ ਦਾ ਪਿਆਰ ਪੈਦਾ ਕਰੋ-

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥ ਅੰਗ - 4*

ਏਸ ਅੰਤਸ਼ਕਰਣ ਦੇ ਵਿੱਚ ਫੇਰ ਇਸ਼ਨਾਨ ਕਰੋ। ਇਹ ਫੇਰ ਨਾਮ ਹੈ ਜਿਹੜਾ ਜਦੋਂ ਹਿਰਦੇ 'ਚ ਵਸ ਜਾਏਗਾ, ਫੇਰ ਕੀ ਹੋਏਗਾ, ਜਦੋਂ ਨੇਤਰ ਬੰਦ ਕਰੋਂਗੇ ਉਸ ਸੁੰਦਰਤਾ ਦੇ ਦਰਸ਼ਨ ਹੋਣਗੇ, ਜਿਹਦੇ ਵਾਸਤੇ ਅਸੀਂ ਕਦੇ ਸੋਚ ਨਹੀਂ ਸਕਦੇ ਤੇ ਵਾਹਿਗੁਰੂ ਨੂੰ ਸੁੰਦਰ ਕਿਹਾ ਹੈ -

*ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥ ਅੰਗ - 527*

ਕਿਹੜੀਆਂ ਗੱਲਾਂ ਨੇ ਜਿਨ੍ਹਾਂ ਦੇ ਨਾਲ ਮੇਰਾ ਸੁੰਦਰ ਮਿਲ ਜਾਵੇ। ਕਿਉਂਕਿ ਵਾਹਿਗੁਰੂ ਦੀ ਸੁੰਦਰਤਾ ਆਦਮੀ ਦੇ ਅੰਦਰ ਆ ਜਾਂਦੀ ਹੈ, ਫੇਰ ਉਹ ਹੁਲਾਰੇ ਮਾਰਦਾ ਹੈ ਫੇਰ ਉਹ ਸਹੀ ਨਹੀਂ ਜਾਂਦੀ, ਸੁੰਦਰਤਾ ਐਸੀ ਹੈ। ਬਹੁਤ ਸੁੰਦਰ ਚੀਜ਼ ਹੈ, ਆਦਮੀ ਦਾ ਰੋਮ-ਰੋਮ ਖਿੜ ਜਾਂਦਾ ਹੈ। ਇੱਕ ਵਾਰੀ ਦੇਖ ਲਵੇ, ਮਹੀਨਿਆਂ ਬੱਧੀ ਉਸ ਸੁੰਦਰਤਾ ਦਾ ਨਸ਼ਾ ਨਹੀਂ ਉਤਰਦਾ। ਸੋ ਕਹਿੰਦੇ, ਫੇਰ ਉਹਦਾ ਮਨ ਤਨ ਸਾਰਾ ਸੁੰਦਰ ਹੋ ਜਾਂਦਾ ਹੈ। ਖਿੱਚ ਉਹਦੇ 'ਚ ਪੈਦਾ ਹੋ ਜਾਂਦੀ ਹੈ ਤੇ ਮਨ ਦੇ ਅੰਦਰ ਹਰ ਵਕਤ ਚਾਓ ਭਰਿਆ ਰਹਿੰਦਾ ਹੈ, ਟਿਕਦਾ ਨਹੀਂ ਮਨ -

***ਸਤਿ ਸੁਹਾਣੁ ਸਦਾ ਮਨਿ ਚਾਉ ॥*** ***ਅੰਗ - 4***

ਸੋ ਇਹ ਜਿਹੜਾ ਸਾਰਾ ਹੀ ਯਤਨ ਹੈ ਫੇਰ ਉਹਨੂੰ ਪ੍ਰਮੇਸ਼ਰ ਹਰ ਥਾਂ ਦੇ ਉਤੇ ਜਦੋਂ ਉਹਦਾ ਭਾਵ ਪੱਕ ਗਿਆ ਕਿ ਮੇਰੇ ਨਾਲ ਹੈ ਹਾਜ਼ਰਾ ਹਜ਼ੂਰ ਹੈ, ਜਾਹਰਾ ਜ਼ਹੂਰ ਹੈ, ਮੇਰੇ ਨਾਲ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***
***ਅੰਗ - 677***

ਫੇਰ ਉਹਦੇ ਅੰਦਰ ਇੱਕ ਚਾਓ ਪੈਦਾ ਹੋ ਜਾਏਗਾ। ਜੇ ਤਾਂ ਸੁੰਨ ਨੂੰ ਰੱਬ ਮੰਨ ਲਿਆ, ਖਾਲੀ ਥਾਉਂ ਨੂੰ ਤਾਂ, ਤਾਂ ਨਹੀਂ ਆਏਗਾ, ਇਹ ਤਾਂ ਸੁੰਨ ਹੈ। ਜੇ ਸੁੰਨ ਦੇ ਹੇਠਾਂ ਜਿਹੜੀ ਹਸਤੀ ਕੰਮ ਕਰ ਰਹੀ ਹੈ ਉਹਦੇ ਨਾਲ ਜੇ ਸੰਪਰਕ ਨਾਮ ਜਪ ਕੇ ਜੁੜ ਗਿਆ, ਫੇਰ ਖੇੜਾ ਆ ਜਾਏਗਾ -

***ਸਤਿ ਸੁਹਾਣੁ ਸਦਾ ਮਨਿ ਚਾਉ ॥*** ***ਅੰਗ - 4***

ਮਹਾਰਾਜ ਕਹਿੰਦੇ, ਸਦਾ ਮਨ ਵਿੱਚ ਚਾਓ ਰਹਿੰਦਾ ਹੈ, ਸੋ ਇਹ ਜਿੰਨਾਂ ਵੀ ਸਾਰੀ ਗੱਲਬਾਤ ਕਰੀ ਹੈ ਝੰਡਿਆ! ਇਹਨੂੰ ਨਾਮ ਕਹਿੰਦੇ ਹਾਂ, ਮੰਤਰ ਦੇ ਜਾਪ ਤੋਂ ਲੈ ਕੇ ਇੱਥੇ ਦੀ ਪਰਤੀਤੀ ਤੱਕ ਵਣਾਂ, ਤ੍ਰਿਣਾਂ 'ਚ ਹਰ ਥਾਂ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥*** ***ਅੰਗ - 294***

ਇਹ ਥਾਂ ਦੇ ਉਤੇ, ਵਣਾਂ 'ਚ, ਜੰਗਲਾਂ 'ਚ, ਪੌਣ 'ਚ, ਪਾਣੀ 'ਚ, ਪਹਾੜਾਂ 'ਚ, ਪਰਬਤਾਂ 'ਚ, ਜਿੱਧਰ ਵੀ ਦੇਖਦਾ ਹੈ ਜਦੋਂ ਪ੍ਰਮੇਸ਼ਰ ਦੇ ਦਰਸ਼ਨ ਹੋਣ ਲੱਗ ਜਾਣ, ਦਿਖੇ ਕਹਿੰਦੇ ਇਹਨੂੰ ਨਾਮ ਕਹਿੰਦੇ ਹਾਂ ਅਸੀਂ। ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਹਾਂ। ਇਹ ਨਾਮ ਦੀ ਸੋਝੀ ਆਦਮੀ ਦੇ ਅੰਦਰ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਐਨਾ ਜਦ ਹੋ ਗਿਆ, ਝੰਡਾ ਕਿਸੇ ਰੰਗ ਵਿੱਚ ਬੈਠ ਗਿਆ। ਲੇਕਿਨ ਉਹਦੇ ਅੰਦਰ ਫੁਰਨਾ ਆ ਗਿਆ ਕਿ ਮਹਾਰਾਜ ਨੂੰ ਮੈਂ ਤਾਂ ਪ੍ਰਸ਼ਾਦਾ ਹੀ ਨਹੀਂ ਪੁੱਛਿਆ। ਮਰਦਾਨੇ ਨੂੰ ਮਹਾਰਾਜ ਨੇ ਦੇ ਦਿੱਤਾ। ਮਰਦਾਨਿਆਂ! ਤੈਨੂੰ ਭੁੱਖ ਲਗਦੀ ਹੈ ਤੂੰ ਛਕ ਲੈ।

ਮਹਾਰਾਜ! ਆਪ ਪ੍ਰਸ਼ਾਦਾ ਛੱਕੋ।

ਕਹਿੰਦੇ, ਝੰਡਿਆ! ਤੂੰ ਛਕ ਲੈ। ਤੂੰ ਸਾਡਾ ਮਹਿਮਾਨ ਹੈਂ ਤੈਨੂੰ ਪਹਿਲਾਂ ਛਕਾਉਣਾ ਹੈ। ਲੇਕਿਨ ਅਜੇ ਇੱਕ ਹੋਰ ਨੂੰ ਛਕਾਉਣਾ ਹੈ ਪ੍ਰਸ਼ਾਦਾ ਛਕ ਲੈ।

ਕਹਿੰਦਾ, ਮਹਾਰਾਜ! ਜਿਹਨੂੰ ਹੋਰ ਨੂੰ ਛਕਾਉਣਾ ਹੈ ਉਹ ਕੌਣ ਹੈ?

ਕਹਿੰਦੇ, ਜਾਹ, ਬੁਲਾ ਕੇ ਲਿਆ ਇੰਦਰਸੈਣ ਨੂੰ।

ਕਹਿੰਦਾ, ਸੱਚੇ ਪਾਤਸ਼ਾਹ! ਇਹ ਵਣ ਹੈ, ਜੰਗਲ ਹੈ, ਆਪ ਕ੍ਰਿਪਾ ਕਰੋ, ਦਾਸ ਦੇ ਗ੍ਰਿਹ ਨੂੰ ਪਵਿੱਤਰ ਕਰੋ।

ਮਹਾਰਾਜ ਜੀ ਬਚਨ ਮੰਨ ਲੈਂਦੇ ਨੇ ਤੇ ਝੰਡੇ ਦੇ ਘਰ ਆ ਗਏ। ਜਾਹ ਕਹਿੰਦੇ, ਲੈ ਕੇ ਆ। ਉਸ ਵੇਲੇ ਗਿਆ, ਜਾ ਕੇ ਉਹਨੇ ਇੰਦਰਸੈਣ ਨੂੰ ਦੱਸਿਆ। ਕਹਿੰਦਾ, ਇੰਦਰਸੈਣ! ਵਾਹਿਗੁਰੂ ਆ ਗਿਆ, ਵਾਹਿਗੁਰੂ, ਪ੍ਰਭੂ ਆ ਗਿਆ। ਮੈਂ ਤਾਂ ਨਿਹਾਲ ਹੋ ਗਿਆ, ਦਸ ਨਹੀਂ ਸਕਦਾ। ਸਾਰੇ ਭਰਮ ਭੁਲੇਖੇ ਮੇਰੇ ਦੂਰ ਹੋ ਗਏ। ਨਾਲੇ ਤੁਰਿਆ ਆਉਂਦਾ ਹੈ, ਜਿੰਨੇ ਬਚਨ ਗੁਰੂ ਨਾਨਕ ਪਾਤਸ਼ਾਹ ਨੇ ਕਰੇ ਸੀ, ਸਾਂਭ-ਸਾਂਭ ਕੇ ਹਿਰਦੇ 'ਚ ਰੱਖੇ ਹੋਏ ਸੀ। ਇੱਕ-ਇੱਕ ਬਚਨ ਕਰਦਾ ਆਉਂਦਾ ਹੈ। ਇੰਦਰਸੈਣ ਝੂੰਮਣ ਲੱਗ ਗਿਆ, ਕਹਿੰਦੇ ਝੰਡਿਆ! ਤੂੰ ਤਾਂ ਭਾਗਾਂ ਵਾਲਾ ਹੋ ਗਿਆ, ਤੈਨੂੰ ਤਾਂ ਹੋ ਗਏ ਦਰਸ਼ਨ। ਕਹਿਣ ਲੱਗੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

ਰਸਕ ਬੈਰਾਗੀ ਦਾ ਮੇਲ ਤਾਂ ਹੁੰਦਾ ਹੈ ਜੇ ਕਰਮ ਜਾਗ ਪੈਣ ਸੁੱਤੇ ਹੋਏ। ਉਸ ਵੇਲੇ ਬਚਨ ਕਰਦੇ-ਕਰਦੇ ਮਹਾਰਾਜ ਦੀ ਹਜ਼ੂਰੀ 'ਚ ਆ ਗਏ। ਇੰਦਰਸੈਣ ਨੇ ਵੀ ਨਮਸ਼ਕਾਰ ਕਰੀ, ਝੰਡੇ ਨੇ ਡੰਡਉਤ ਬੰਦਨ ਕਰੀ।

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਇੰਦਰਸੈਣ! ਦੱਸ ਕੀ ਤੇਰੇ ਮਨ ਦੇ ਅੰਦਰ ਪੁੱਛ ਹੈ? ਜੋ ਪੁੱਛਣਾ ਹੈ ਪੁੱਛ ਕਿਉਂਕਿ ਤੂੰ ਵੀ ਝੰਡੇ ਦਾ ਸਾਥੀ ਹੈਂ, ਜਿਸ ਜਹਾਜ਼ 'ਤੇ ਝੰਡਾ ਬਿਠਾਇਆ ਹੈ ਉਸੇ ਵਿੱਚ ਤੂੰ ਵੀ ਬੈਠਣਾ ਹੈ। ਦੱਸ ਕੀ ਚਾਹੁੰਦਾ ਹੈਂ। ਝੰਡੇ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਪਾਤਸ਼ਾਹ ਨੇ ਕਿਹੜਾ ਪ੍ਰਸ਼ਾਦਾ ਛਕਾਉਣਾ ਹੈ। ਉਸ ਵੇਲੇ ਗੁਰੂ ਇੰਦਰਸੈਣ ਕਹਿਣ ਲੱਗਿਆ, ਮਹਾਰਾਜ! ਸਰੂਪ ਦਾ ਗਿਆਨ ਨਹੀਂ ਹੁੰਦਾ। ਸਤਿ ਚਿੱਤ ਅਨੰਦ ਦਾ ਗਿਆਨ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਝੰਡੇ ਨੇ

ਤੈਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਨੇ, ਸਾਨੂੰ ਦੁਬਾਰਾ ਦੱਸਣ ਦੀ ਲੋੜ ਨਹੀਂ ਹੈ ਤੇ ਹੁਣ ਬਚਨ ਇਹ ਹੈ ਕਿ ਉਹ ਜਿਹੜਾ ਪ੍ਰਮੇਸ਼ਰ ਹੈ ਉਹਦੇ ਵਿੱਚ ਮੈਂ ਦਾ ਪੜਦਾ ਹੈ, ਉਹ ਸਾਰੇ ਵਸਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - 624***

ਆਹ ਹਉਮੈ ਦਾ ਪੜਦਾ ਹੈ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਹਰਿ ਜੀ ਸਾਰੀਆਂ ਘਟਾਂ ਵਿੱਚ ਵਸਦਾ,***
***ਪੜਦਾ ਪੈ ਗਿਆ ਹਉਮੈ ਦਾ।***

ਵਾਹਿਗੁਰੂ ਸਾਰਿਆਂ ਦੇ ਅੰਦਰ ਵਸਦਾ ਹੈ ਕੋਈ ਥਾਂ ਐਸਾ ਨਹੀਂ ਜਿਸ ਥਾਂ ਦੇ ਉਤੇ ਪ੍ਰਮੇਸ਼ਰ ਨਹੀਂ ਲੇਕਿਨ ਆਦਮੀ ਦਾ ਅੰਦਰ ਜਿਹੜਾ ਮੈਂ ਭਾਵ ਹੋ ਗਿਆ ਇਹਦਾ ਪੜਦਾ ਪੈ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇੱਕ ਗਿਆਨ ਤਾਂ ਹੁੰਦਾ ਹੈ ਮਨ ਦਾ, ਉਹ ਕਹਿੰਦਾ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ -

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥***

***ਅੰਗ - 930***

ਜਿਹੜਾ ਪਛਾਣ ਲੈਂਦਾ ਹੈ ਉਹ ਤਾਂ ਗਿਆਨਵਾਨ ਹੈ ਜਿਹੜਾ ਕਹਿੰਦਾ ਹੀ ਕਹਿੰਦਾ ਹੈ ਹਉਮੈ ਵਿੱਚ ਉਹ ਕਹਿੰਦੇ ਮਨ ਦਾ ਗਿਆਨ ਹੋਇਆ ਕਰਦਾ ਹੈ -

***ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥***

***ਅੰਗ - 930***

ਇੰਦਰਸੈਣ ਕਹਿਣ ਲੱਗਿਆ ਕਿ ਮਹਾਰਾਜ! ਬੜੇ ਦਿਨਾਂ ਦੀ ਸਾਡੇ ਮਨ ਵਿੱਚ ਚਾਹ ਹੈ ਕਿ ਆਹ ਜਿਹੜੀ ਦਵੈਸ਼ ਪੈ ਗਈ, ਹਉਮੈ ਪੈ ਗਈ, ਇਹਨੂੰ ਹਿਰਦੇ 'ਚੋਂ ਜਾਲ ਦਿਓ ਮਹਾਰਾਜ। ਸਾਨੂੰ ਗਿਆਨ ਦਾ ਦਾਨ ਦਿਓ। ਕਰੋੜਾਂ ਹੀ ਜਨਮ ਬੀਤ ਗਏ ਭੁੱਲਿਆਂ ਹੋਇਆਂ ਨੂੰ। ਨਿਜ ਸਰੂਪ ਨੂੰ ਭੁੱਲ ਕੇ ਜਨਮ ਬੀਤ ਗਏ। ਮਹਾਰਾਜ ਕਹਿਣ ਲੱਗੇ ਇੰਦਰਸੈਨ! ਸਾਨੂੰ ਦੱਛਣਾ ਦਿਓ। ਜੋ ਕੁਛ ਤੁਹਾਡੇ ਕੋਲ ਹੈ ਉਹ ਸਾਨੂੰ ਦੱਛਣਾ ਕਰ ਦਿਓ। ਉਸ ਵੇਲੇ ਝੰਡਾ ਵੀ ਤੇ ਭਾਈ ਇੰਦਰਸੈਨ ਨੇ ਵੀ, ਦੋਹਾਂ ਨੇ ਪ੍ਰਤੱਗਿਆ ਕਰ ਲਈ ਹੇ ਸੱਚੇ ਪਾਤਸ਼ਾਹ! ਸਾਡੀ ਜਾਇਦਾਦ, ਘਰ ਪੈਸਾ, ਟਕਾ, ਵਸਤਰ ਜੋ ਚੀਜ਼ ਸਾਡੇ ਕੋਲ ਹੈ ਅਸੀਂ ਤੁਹਾਡੇ ਚਰਨਾਂ 'ਚ ਭੇਟਾ ਕਰ ਦਿੰਦੇ ਹਾਂ।

ਮਹਾਰਾਜ ਕਹਿਣ ਲੱਗੇ, ਹੁਣ ਤੁਹਾਡੇ ਕੋਲ ਕੀ ਰਹਿ ਗਿਆ ਪ੍ਰੇਮੀਓ?

ਕਹਿਣ ਲੱਗੇ, ਮਹਾਰਾਜ! ਹੁਣ ਤਾਂ ਕੁਛ ਨਹੀਂ ਰਿਹਾ। ਹੁਣ ਤਾਂ

ਸਰੀਰ ਰਹਿ ਗਿਆ ਕਹਿੰਦੇ ਚੰਗਾ ਫੇਰ ਇਹ ਵੀ ਸਾਨੂੰ ਭੇਟਾ ਕਰ ਦਿਓ। ਉਸ ਵੇਲੇ ਸਾਰਿਆਂ ਨੇ ਸਰੀਰ ਭੇਟਾ ਕਰ ਦਿੱਤਾ। ਕਹਿੰਦੇ ਹੁਣ ਕੀ ਰਹਿ ਗਿਆ? ਕਹਿੰਦੇ, ਮਹਾਰਾਜ! ਪ੍ਰਾਣ, ਸੂਖਸ਼ਮ ਸਰੀਰ ਰਹਿ ਗਿਆ। ਕਹਿੰਦੇ, ਉਹਦੇ 'ਚ ਪ੍ਰਾਣ ਹੁੰਦੇ ਨੇ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਤੇ ਮਨ, ਚਿੱਤ, ਬੁੱਧ ਹੁੰਦਾ ਹੈ ਤੇ ਮੈਂ ਭਾਵ ਹੁੰਦਾ ਹੈ। ਇਹ ਸਰੀਰ ਵੀ ਸਾਨੂੰ ਭੇਟਾ ਕਰ ਦਿਓ।

ਕਹਿੰਦੇ, ਸੱਚੇ ਪਾਤਸ਼ਾਹ! ਉਹ ਵੀ ਭੇਟਾ ਕਰ ਦਿੱਤਾ। ਹੁਣ ਪੁੱਛੋ ਕੀ ਪੁੱਛਦੇ ਓਂ।

ਪੁੱਛਣ ਲੱਗੇ, ਮਹਾਰਾਜ! ਕਹਿੰਦੇ, ਕੀ ਫੁਰਨਾ ਕਰ ਰਹੇ ਓਂ।

ਕਹਿੰਦੇ, ਮਹਾਰਾਜ! ਪੁੱਛਣ ਵਾਸਤੇ ਆਪ ਨੇ ਹੁਕਮ ਕਰਿਆ ਹੈ, ਕਹਿੰਦੇ ਮਨ ਦਾ ਸੁਭਾਅ ਹੁੰਦਾ ਹੈ ਫੁਰਨਾ ਕਰਨਾ। ਮਨ ਜਦੋਂ ਸਾਨੂੰ ਦੇ ਦਿੱਤਾ, ਹੁਣ ਫੁਰਨਾ ਕਿਹੜੀ ਗੱਲ ਦਾ ਕਰਦੇ ਓਂ। ਗੱਲ ਨਿਬੇੜ ਦਿੱਤੀ ਮਹਾਰਾਜ ਜੀ ਨੇ। ਮਨ ਦੇ ਦਿੱਤਾ।

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥*** ***ਅੰਗ - 286***

ਮਹਾਰਾਜ ਕਹਿਣ ਲੱਗੇ, ਹੁਣ ਪੁੱਛੋ ਕੀ ਪੁੱਛਦੇ ਓਂ। ਉਸ ਵੇਲੇ ਵਿਚਾਰ ਕਰਨ ਲੱਗ ਗਏ ਕਿ ਕੀ ਪੁੱਛੀਏ ਮਨ ਤਾਂ ਅਸੀਂ ਦੇ ਦਿੱਤਾ? ਮਹਾਰਾਜ ਕਹਿੰਦੇ ਕੀ ਕਰਦੇ ਓਂ, ਨਿਰਣਾ ਕਰਦੇ ਓਂ?

ਕਹਿੰਦੇ, ਇਹ ਬੁੱਧੀ ਦਾ ਧਰਮ ਹੋਇਆ ਕਰਦਾ, ਬੁੱਧੀ ਸਾਨੂੰ ਤੁਸੀਂ ਦੇ ਚੁੱਕੇ ਓਂ ਤੇ ਅੰਤਸ਼ਕਰਣ ਵੀ ਤੁਸੀਂ ਦੇ ਚੁੱਕੇ ਓਂ? ਹੁਣ ਦੇਖੋ ਕੀ ਬਚਦਾ ਹੈ ਤੁਹਾਡੇ ਕੋਲ?

ਉਸ ਵੇਲੇ ਕਹਿਣ ਲੱਗੇ, ਮਹਾਰਾਜ! ਸਾਡੇ ਕੋਲ ਹੋਰ ਤਾਂ ਕੁਛ ਨਹੀਂ ਬਚਦਾ ਇਕ ਮੈਂ ਭਾਵ ਬਚਿਆ ਹੋਇਆ ਹੈ, ਮੈਂ ਇੰਦਰਸੈਣ, ਮੈਂ ਝੰਡਾ। ਇਹ ਭਾਵ ਹੈ ਸਰੀਰ ਦੇ ਦਿੱਤਾ ਤੁਹਾਨੂੰ, ਸਭ ਕੁਛ ਦੇ ਦਿੱਤਾ ਲੇਕਿਨ ਮੈਂ ਬਚੀ ਹੋਈ ਹੈ। ਮਹਾਰਾਜ ਕਹਿੰਦੇ, ਇਹ ਜਿਹੜੀ 'ਮੈਂ' ਹੈ ਇਹੀ ਸਾਰੀ ਪੁਆੜੇ ਦੀ ਜੜ੍ਹ ਹੈ। ਆਹ ਮੈਂ ਨੇ ਸੰਸਾਰ ਮਾਰ ਲਿਆ, ਇਹਨੂੰ ਵੀ ਦੇ ਦਿਓ ਇਹ ਵਾਧੂ ਚੀਜ਼ ਹੈ। ਦੋ ਮੈਂ ਨੇ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ - 550***

ਇਹ ਵੀ ਮੈਂ ਸਾਨੂੰ ਦੇ ਦਿਓ ਜਿਹੜੀ ਝੂਠੀ ਹੈ। ਇਸ ਤੋਂ ਪਰ੍ਹੇ ਹੁਣ ਦੇਖੋ ਕੀ ਹੈ?

ਉਸ ਵੇਲੇ ਮਹਾਰਾਜ ਜੀ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਹਉਂ-ਹਉਂ ਮੈਂ ਮੈਂ ਜੀ,***
***ਵਿਚਹੁ ਖੋਵੈ, ਵਿਚਹੁ ਖੋਵੈ।***
***ਦੂਜਾ ਮੇਟੈ ਏਕੋ ਹੋਵੈ।***

***ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥***
***ਅੰਗ - 943***

***ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ ਅੰਗ - 1140***

ਮਹਾਰਾਜ ਕਹਿੰਦੇ, ਇਹ ਵੀ ਦੇ ਦਿਓ, ਜਿਹੜੀ ਮੰਨੀਂ ਬੈਠੇ ਓਂ ਮੈਂ, ਜਦੋਂ ਮੈਂ ਦੇ ਦਿੱਤੀ, ਬਾਕੀ ਕੀ ਰਹਿ ਗਿਆ ਸਾਧਸੰਗਤ ਜੀ! ਆਪੇ ਹੀ ਸੋਚੋ। ਜਿਹੜੇ ਨਾਲ-ਨਾਲ ਗਏ ਨੇ ਵਿਚਾਰ ਦੇ, ਦੇਖ ਲਓ ਬਾਕੀ ਕੀ ਰਹਿੰਦਾ ਹੈ, ਸੋਚ ਕੇ ਦੇਖ ਲਓ। ਕੁਛ ਵੀ ਬਾਕੀ ਨਹੀਂ ਰਹਿੰਦਾ ਇੱਕ ਸਾਖੀ ਪਦ ਰਹਿ ਜਾਂਦਾ ਹੈ, ਕੁਛ ਗਿਆਨ ਜਿਹਾ ਬਾਕੀ ਬਚ ਜਾਂਦਾ ਹੈ ਕੁਛ ਸਾਖੀ ਪਦ। ਅਨੰਦ 'ਚ ਹੋ ਗਏ ਹੁਣ ਬੋਲਦੇ ਨਹੀਂ ਹਨ। ਨੇਤਰ ਬੰਦ ਹੋ ਗਏ, ਸਤਿ ਚਿੱਤ ਅਨੰਦ ਦੇ ਵਿੱਚ ਵਾਸਾ ਹੋ ਗਿਆ। ਪਹਿਰ ਲੰਘ ਗਿਆ, ਦੋ ਪਹਿਰ ਲੰਘ ਗਏ। ਮਹਾਰਾਜ ਨੇ ਸਾਵਧਾਨ ਕਰੇ ਦ੍ਰਿਸ਼ਟੀ ਕਰ ਦਿੱਤੀ, ਹੁਣ ਬੋਲੇ ਕੌਣ, ਉਹ ਤਾਂ ਦੇ ਚੁੱਕੇ ਮੈਂ ਗੁਰੂ ਸਾਹਿਬ ਨੂੰ। ਮਨ ਦੇ ਚੁੱਕੇ, ਬੁੱਧੀ ਦੇ ਚੁੱਕੇ ਜਿਹਨੇ ਵਿਚਾਰ ਕਰਨਾ ਸੀ ਕਿ ਉਠੀਏ ਰੋਟੀ ਖਾਈਏ। ਮਨ ਨੇ ਫੁਰਨਾ ਕਰਨਾ ਸੀ, ਉਨ੍ਹਾਂ ਨੇ ਕਹਿਣਾ ਸੀ ਦਿਨ ਚੜ੍ਹ ਗਿਆ ਤੇ ਅੰਤਸ਼ਕਰਣ ਨੇ ਮਹਿਸੂਸ ਕਰਨਾ ਸੀ, ਉਹਨੇ ਇਹ ਸਾਰੀਆਂ ਚੀਜ਼ਾਂ ਤਾਂ ਗੁਰੂ ਮਹਾਰਾਜ ਨੂੰ ਦੇ ਦਿੱਤੀਆਂ, ਈਮਾਨਦਾਰੀ ਨਾਲ ਤੇ ਹੁਣ ਬਾਕੀ ਕੀ ਰਹਿ ਗਿਆ। ਬਾਕੀ ਕੀ ਰਹਿਣਾ ਸੀ, ਕਹਿੰਦੇ ਦੇ ਦੇਵੇ ਨਾ ਸਭ ਕੁਛ, ਫੇਰ ਉਹ ਪ੍ਰਮੇਸ਼ਰ ਦਾ ਹੀ ਰੂਪ ਹੋ ਜਾਇਆ ਕਰਦਾ ਹੈ। ਦੂਸਰਾ ਮਿਟ ਜਾਇਆ ਕਰਦਾ ਹੈ ਸੋ ਸਾਖੀ ਪਦ 'ਚ ਆ ਗਏ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਤੁਹਾਡਾ ਸਰੂਪ ਹੈ ਜਿਹਨੂੰ ਤੁਹਾਡਾ ਸਰੂਪ ਕਹਿੰਦੇ ਨੇ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - 441***

ਬੋਲਦੇ ਨਹੀਂ ਹਨ। ਮਹਾਰਾਜ ਕਹਿੰਦੇ ਲਓ, ਨਾ ਤੁਹਾਡੀ ਜਾਇਦਾਦ ਦੀ ਸਾਨੂੰ ਲੋੜ ਹੈ, ਨਾ ਤੁਹਾਡੇ ਮਨ ਦੀ ਲੋੜ ਹੈ, ਨਾ ਬੁੱਧੀ ਦੀ ਲੋੜ ਹੈ, ਨਾ ਸੂਖਸ਼ਮ ਸਰੀਰ ਦੀ ਲੋੜ ਹੈ, ਲਓ ਤੁਹਾਨੂੰ ਅਸੀਂ ਵਾਪਸ ਦਿੰਦੇ ਹਾਂ। ਹੁਣ ਜਿਹੜਾ ਬਚਨ ਕਰਿਆ ਹੈ ਕਿਉਂਕਿ ਤੁਸੀਂ ਸਾਨੂੰ ਚੀਜ਼ਾਂ ਦੇ ਚੁੱਕੇ ਓਂ, ਵਾਧੂ ਚੀਜ਼ਾਂ ਤੁਹਾਡੀਆਂ ਚੁੱਕੀਂ ਨਹੀਂ ਫਿਰਨੀਆਂ ਤੁਹਾਨੂੰ ਵਾਪਸ ਕਰਦੇ ਹਾਂ ਦੁਨੀਆਂ ਵਿੱਚ ਗੁਜ਼ਾਰਾ ਕਰਨ ਵਾਸਤੇ, ਸੰਸਾਰ ਦੀ ਯਾਤਰਾ ਵੀ ਕਰੋ ਲੇਕਿਨ ਮਨ ਚਿੱਤ ਇਹ ਸਭ ਗੁਰੂ ਦੇ ਜਾਣਾ ਹੈ ਤੇ ਗੁਰੂ ਦਾ ਨਾਮ ਜਪੋ। ਇਸ ਭਾਵ 'ਚ ਜਿਹੜਾ ਤੁਸੀਂ ਹੁਣ ਦੇਖਿਆ ਹੈ ਇਹਦੇ ਵਿੱਚ ਰਹੋ, ਨਮਸ਼ਕਾਰਾਂ ਕਰ ਦਿੱਤੀਆਂ ਦੋਹਾਂ ਨੇ, ਪਾਤਸ਼ਾਹ! ਜਨਮਾਂ-ਜਨਮਾਂਤਰਾਂ ਦੇ ਭੁੱਲੇ ਹੋਏ, ਆਪ ਨੇ ਰਸਤੇ ਪਾ ਦਿੱਤਾ, ਆਪ ਦੀ ਮਹਾਨ ਕ੍ਰਿਪਾ ਹੈ। ਕਹਿੰਦੇ, ਕੀ ਨਜ਼ਰ ਆਉਂਦਾ ਹੈ। ਪਾਤਸ਼ਾਹ! ਜੋ ਕੁਛ ਤੁਸੀਂ ਦਿਖਾਇਆ ਹੈ ਉਹ ਸਾਨੂੰ ਨਜ਼ਰ ਆਉਂਦਾ ਹੈ।

***ਧਾਰਨਾ - ਅੱਖਾਂ ਨਾਲ ਓ ਵੇਖ ਲਿਆ,***
***ਜਿਹੜਾ ਰੱਬ ਨਾ ਕਿਸੇ ਨੂੰ ਦਿਸਿਆ ਪਿਆਰਿਓ।***

***ਹਰਿ ਕੇ ਸੰਤ ਸੁਣਹੁ ਜਨ ਭਾਈ***
***ਹਰਿ ਸਤਿਗੁਰ ਕੀ ਇਕ ਸਾਖੀ ॥***

*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - 87*

ਨਮਸ਼ਕਾਰਾਂ ਕਰੀ ਜਾਂਦੇ ਨੇ ਹੇ ਪ੍ਰਭੂ! ਆਪ ਨੇ ਉਸ ਪ੍ਰਭੂ ਨੂੰ ਜਿਹੜਾ ਵੱਡੇ-ਵੱਡੇ ਤਪ ਕਰਨ ਤੋਂ ਬਾਅਦ, ਤਪਸਵੀਆਂ ਨੂੰ ਜਪ ਕਰਨ ਤੋਂ ਬਾਅਦ ਜਪੀਆਂ ਨੂੰ ਨਹੀਂ ਦਿਸਦਾ, ਉਹਦੇ ਆਪ ਨੇ ਦਰਸ਼ਨ ਕਰਾ ਦਿੱਤੇ। ਮਹਾਰਾਜ ਕਹਿੰਦੇ, ਦੇਖੋ ਇਸ ਤੋਂ ਅੱਗੇ ਇੱਕ ਮੰਜ਼ਿਲ ਹੋਰ ਹੈ। ਦਰਸ਼ਨ ਤਾਂ ਤੁਹਾਨੂੰ ਹੋ ਗਏ ਪ੍ਰਮੇਸ਼ਰ ਨੇ ਤੁਹਾਨੂੰ ਅਜੇ ਆਪਣੇ ਨਾਲ ਨਹੀਂ ਮਿਲਾਇਆ। ਉਹ ਨਦਰ ਦਾ ਕ੍ਰਿਸ਼ਮਾ ਹੋਏਗਾ, ਉਹਦੀ ਨਦਰਿ ਹੋਏਗੀ।

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - 8*

ਸੋ ਇਸ ਤਰ੍ਹਾਂ ਕ੍ਰਿਤਾਰਥ ਕੀਤੇ। ਕਹਿੰਦੇ ਦੇਖੋ ਜੋ ਆਪਾਂ ਬਾਤਚੀਤ ਕਰੀ ਹੈ, ਇਹ ਤੁਸੀਂ ਭੁੱਲ ਜਾਓਂਗੇ ਜੇ ਤੁਸੀਂ ਸਾਧਨ ਨਾ ਕਰਿਆ। ਇਕੱਠੇ ਹੋ ਕੇ ਨਾਮ ਜਪਣਾ, ਬੰਦਗੀ ਹਰ ਵਕਤ ਕਰਦੇ ਰਹਿਣਾ, ਸਤਿਸੰਗ ਕਰਦੇ ਰਹਿਣਾ ਤੇ ਇਹਹੋ ਅਨੰਦ ਤੁਹਾਨੂੰ ਪ੍ਰਾਪਤ ਹੋਇਆ ਹੈ ਹੁਣ ਆਪ ਦੇ ਕੋਲ ਨਾ ਰੱਖੋ, ਆਹ ਮੰਜੀ 'ਤੇ ਬੈਠ ਭਾਈ ਤੂੰ ਇੰਦਰਸੈਣ! ਸੱਚੇ ਪਾਤਸ਼ਾਹ! ਇਹ ਜ਼ਿੰਮੇਵਾਰੀ ਮੇਰੇ ਤੋਂ ਨਹੀਂ ਹੋ ਸਕਦੀ ਕਿਉਂਕਿ ਮੈਂ ਬੇਪਰਵਾਹ ਜਿਹਾ ਬੰਦਾ ਹਾਂ, ਕ੍ਰਿਪਾ ਕਰੋ ਤੁਸੀਂ ਇਹਨੂੰ ਝੰਡੇ ਨੂੰ ਬਖਸ਼ੋ। ਮਹਾਰਾਜ ਨੇ ਝੰਡੇ ਨੂੰ ਗੱਦੀ ਦਿੱਤੀ, ਭਾਈ ਝੰਡਾ! ਆਹ ਇਲਾਕੇ 'ਚ ਲੋਕਾਂ ਦੇ ਬੰਦ ਨੇਤਰ ਤੂੰ ਖੋਲ੍ਹਣੇ ਨੇ। ਤੂੰ ਪ੍ਰਭੂ ਦਾ ਮਿਲਾਪ ਕਰਾਉਣਾ ਹੈ, ਦੁਨੀਆਂ ਅੰਧਕਾਰ 'ਚ ਫਸਦੀ ਹੈ ਇਸ ਤਰ੍ਹਾਂ ਮਹਾਰਾਜ ਜੀ ਨੇ ਇਨ੍ਹਾਂ ਦੋ ਸਿੱਕਦੀਆਂ ਰੂਹਾਂ ਨੂੰ ਜੋ ਪਪੀਹੇ ਵਾਂਗੂੰ ਪ੍ਰਿਹੁ-ਪ੍ਰਿਹੁ ਕਰਦੇ ਸੀ ਉਨ੍ਹਾਂ ਦਾ ਉਧਾਰ ਕੀਤਾ।

ਸੋ ਆਪਾਂ ਵੀ ਸੁਣਿਆ ਹੈ, ਜਿੰਨਾਂ ਕੁ ਸੁਣਿਆ ਹੈ ਇਹਨੂੰ ਯਾਦ ਰੱਖਣ ਦੀ ਕੋਸ਼ਿਸ਼ ਕਰੋ, ਰਸਤਾ ਹੈ ਇਹ, ਗਾਡੀ ਰਾਹ ਇਹਦੇ 'ਚ ਰੌਲਾ-ਗੌਲਾ ਨਹੀਂ ਕੋਈ ਵੀ। ਇਸ ਰਸਤੇ 'ਤੇ ਚੱਲੋ ਜਿਨ੍ਹਾਂ ਨੂੰ ਸ਼ੌਂਕ ਹੈ। ਨਾਮ ਜਪੋ, ਜਪਦੇ-ਜਪਦੇ ਆਪੇ ਹੀ ਰਸਤਾ ਲੱਭਦਾ ਹੈ। ਜੇ ਅਸੀਂ ਕਹੀਏ ਕਿ ਇਸ ਤੋਂ ਅਗਾਂਹਾਂ ਮੈਨੂੰ ਦੱਸੋ, ਅਗਾਂਹਾਂ ਕੀ ਦੱਸਣਾ ਹੈ, ਅਗਾਹਾਂ ਤੈਨੂੰ ਰਸਤਾ ਆਪੇ ਹੀ ਲੱਭਣਾ ਹੈ, ਸਤਿਸੰਗ 'ਚ ਆ, ਸਤਿਸੰਗ 'ਚ ਸਭ ਬਚਨ ਆਪੇ ਹੀ ਹੋ ਜਾਇਆ ਕਰਦੇ ਨੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ, ਉਹਦੇ ਵਿੱਚ ਸਾਰੇ ਹੀ ਬਚਨ ਨੇ ਜਿੱਥੇ ਭੁਲੇਖਾ ਪਵੇ, ਸ਼ੰਕਾ ਪਵੇ, ਉਥੇ ਜਿਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਨੂੰ ਪੁੱਛ ਲਈਂ ਕਿ ਤੂੰ ਇਹ ਤਾਂ ਲੰਘ ਚੁੱਕਿਆ ਹੈ। ਉਹ ਅਵਸਥਾ ਇੱਕੋ ਹੀ ਹੈ ਇਹ, ਦੋ ਨਹੀਂ ਹੈ, ਜਾਪ ਤੋਂ ਲੈ ਕੇ ਰਸਨਾ ਤੋਂ, realization (ਪ੍ਰਾਪਤੀ) ਤੱਕ ਇੱਕੋ ਹੀ ਯੂਨਿਟ ਹੈ ਦੋ ਨਹੀਂ ਹੈਗੇ, ਫਰਕ ਨਹੀਂ ਪੈਂਦਾ ਕਿ ਇੱਥੋਂ ਬਦਲ ਗਈ। ਆਪਣੀ ਚਾਲ

ਹੀ ਚਲਦੀ ਹੈ ਇਹ ਚੀਜ਼। ਜਿਵੇਂ ਇੱਕ ਫਿਲਮ ਹੈ ਇਹ, ਪੂਰੀ ਫਿਲਮ ਹੈ ਇਹਨੇ ਚੱਲੀ ਜਾਣਾ ਹੈ ਇਸ ਤਰ੍ਹਾਂ ਹੀ ਨਾਮ ਦੀ ਫਿਲਮ ਹੈ, ਨਾਮ ਦੀ ਕਮਾਈ ਹੈ। ਜਦੋਂ ਨਾਮ ਦੀ ਕਮਾਈ ਕਰਾਂਗੇ, ਪਹਿਲਾਂ ਆਪਣੇ 'ਚ ਸ਼ੁਭ ਗੁਣ ਪੈਦਾ ਕਰੋ, ਮਾੜੀਆਂ ਚੀਜ਼ਾਂ ਨੂੰ ਛੱਡੋ, ਮਾੜੀਆਂ ਤਾਂ ਛੱਡ ਹੋਣਗੀਆਂ, ਜਦੋਂ ਚੰਗੀਆਂ ਸਾਡੇ ਹਿਰਦੇ 'ਚ ਭਰਨੀਆਂ ਸ਼ੁਰੂ ਹੋ ਜਾਣਗੀਆਂ, ਨਾਮ ਦੀ ਰੌਂ ਚੱਲੇਗੀ, ਉਸ ਵੇਲੇ ਸਾਡਾ ਜੀਵਨ ਸੁਧਰ ਕੇ ਜਿਸ ਕੰਮ ਨੂੰ ਆਏ ਹਾਂ ਉਸਦਾ ਸਾਨੂੰ ਲਾਹਾ ਪ੍ਰਾਪਤ ਹੋ ਜਾਏਗਾ। ਉਹ ਵਾਹਿਗੁਰੂ ਜਿਹਦਾ ਚੱਕ੍ਰ ਨਹੀਂ, ਚਿਹਨ ਨਹੀਂ, ਬਰਨ ਨਹੀਂ, ਜਾਤ ਨਹੀਂ, ਪਾਤ ਨਹੀਂ, ਉਹ ਪ੍ਰਤੱਖ ਅੱਖਾਂ ਦੇ ਸਾਮ੍ਹਣੇ ਆ ਜਾਏਗਾ। ਉਹ ਅੱਖ ਖੁਲ੍ਹ ਜਾਏਗੀ –

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*

*ਅੰਗ – 407*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ। **ਫਿਲਮ ਨੰ. 217**

# 12

## ਅਉਖਦ ਆਏ ਰਾਸਿ
## ਵਿਚਿ ਆਪਿ ਖਲੋਇਆ ॥

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥* *ਅੰਗ - 827*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

*ਗੁਰ ਕੀ ਸੇਵਾ ਪਾਏ ਮਾਨੁ ॥*
*ਗੁਰ ਊਪਰਿ ਸਦਾ ਕੁਰਬਾਨੁ ॥*
*ਗੁਰ ਕਾ ਦਰਸਨੁ ਦੇਖਿ ਨਿਹਾਲ ॥*
*ਗੁਰ ਕੇ ਸੇਵਕ ਕੀ ਪੂਰਨ ਘਾਲ ॥*
*ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥*
*ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥* *ਅੰਗ - 864*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਏਸ ਮੈਦਾਨ ਦੇ ਅੰਦਰ ਸੰਗਤ ਜੁੜ ਕੇ ਬੈਠੀ ਹੈ। ਕਲਜੁਗ ਦਾ ਸਮਾਂ ਸਤਿਸੰਗ ਬੜਾ ਦੁਰਲੱਭ ਹੋਇਆ ਕਰਦਾ ਹੈ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ - 642***

ਪਿਛਲੇ ਲੇਖ ਲਿਖੇ ਹੋਏ ਮੱਥੇ ਦੇ ਜਦੋਂ ਕਿਸੇ ਦੇ ਉਘੜ ਆਉਣ ਤਾਂ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ -

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***
***ਅੰਗ - 72***

ਕੁਛ ਥੋੜ੍ਹੀ ਆਪਾਂ ਵਿਚਾਰ ਕਰਨੀ ਹੈ ਰਲ-ਮਿਲ ਕੇ, ਮੇਰੇ ਨਾਲ-ਨਾਲ ਚੱਲਿਓ, ਗੱਲ ਹਿਰਦੇ 'ਚ ਬੈਠ ਜਾਏਗੀ। ਮਨ ਨੂੰ ਏਧਰ ਓਧਰ ਦੌੜਨ ਤੋਂ ਰੋਕਿਓ। ਸੁਖਾਲਾ ਤਰੀਕਾ ਹੁੰਦਾ ਹੈ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ, ਹਿਰਦੇ 'ਚ ਧਾਰਨ ਕਰੋ ਤੇ ਆਪਣਾ ਜਨਮ ਸਫਲਾ ਕਰੋ। ਸੋ ਇਹਦਾ ਫਲ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - 546***

ਕਈ ਕਰੋੜ ਜਗਾਂ ਦਾ ਫਲ ਮਿਲਦਾ ਹੈ, ਜੋ ਸੁਣਦੇ ਨੇ ਤੇ ਵੇਦ ਗਾਉਂਦੇ ਨੇ। ਸੋ ਬੇਨਤੀ ਕੀਤੀ ਹੈ ਕਿ ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ, ਸੇਵਾ ਕਰਨ ਦੇ ਨਾਲ ਇੱਥੇ ਵੀ ਮਾਣ ਮਿਲਦਾ ਹੈ ਤੇ ਦਰਗਾਹ ਵਿੱਚ ਵੀ ਮਾਣ ਮਿਲਦਾ ਹੈ ਦੋ ਚੀਜ਼ਾਂ ਨੇ ਜਿਹਦੇ ਉਤੇ ਆਪਾਂ ਬੇਨਤੀ ਕਰਨੀ ਹੈ ਧਿਆਨ ਦੇ ਨਾਲ ਸਰਵਣ ਕਰਿਓ, ਨਾਮ ਤੇ ਸੇਵਾ। ਮਹਾਰਾਜ ਕਹਿੰਦੇ, ਨਾਮ ਦੇ ਨਾਲ ਜੋ ਸੇਵਾ ਕਰਦਾ ਹੈ - 'ਗੁਰ ਕੀ ਸੇਵਾ ਪਾਏ ਮਾਨੁ।'-

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ - 26***

ਇੱਥੇ ਦੁਨੀਆਂ 'ਚ ਜਿਹੜਾ ਸੇਵਾ ਕਰ ਜਾਂਦਾ ਹੈ, ਦਰਗਾਹ ਵਿੱਚ ਜਾ ਕੇ ਉਹਨੂੰ -

***ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥***
***ਅੰਗ - 252***

ਸਭ ਕਹਿੰਦੇ ਨੇ ਆਓ ਜੀ, ਆਓ ਜੀ। ਕਿਉਂਕਿ ਸੇਵਾ ਕਰਕੇ ਆਇਆ ਹੈ, ਦੁਨੀਆਂ ਵਾਹਿਗੁਰੂ ਦੀ ਹੈ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਅੰਗ- 463***

ਜਦੋਂ ਪ੍ਰਮੇਸ਼ਰ ਦੀ ਦੁਨੀਆਂ ਦੀ ਸੇਵਾ ਕਰਦਾ ਹੈ, ਗੁਰੂ ਦੀ ਸੇਵਾ ਕਰਦਾ ਹੈ, ਉਸ ਵੇਲੇ ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ ਤੇ ਦਰਗਾਹ ਦੇ ਵਿੱਚ ਓਸਨੂੰ ਮਾਣ ਮਿਲਦਾ ਹੈ, ਜੈ-ਜੈ ਕਾਰ ਹੁੰਦੀ ਹੈ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ - 283*

ਸੋ ਇਸ ਤਰ੍ਹਾਂ ਦੇ ਨਾਲ -

*ਗੁਰ ਕੇ ਸੇਵਕ ਕਉ ਦੂਖੁ ਨ ਬਿਆਪੈ ॥* *ਅੰਗ - 864*

ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ -

*ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥* *ਅੰਗ - 864*

ਦੱਸਾਂ ਦਿਸ਼ਾਂ ਦੇ ਅੰਦਰ ਉਹਦੀ ਮਹਿਮਾ ਹੋ ਜਾਇਆ ਕਰਦੀ ਹੈ -

*ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥*
*ਅੰਗ - 552*

ਜਿਹੜਾ ਚਿੱਤ ਲਾ ਕੇ ਕਰਦਾ ਹੈ, ਬੱਧਾ ਰੁੱਧੀ ਨਹੀਂ ਕਰਦਾ, ਉਹਦੀ ਸੇਵਾ ਸਫਲ ਹੋ ਜਾਇਆ ਕਰਦੀ ਹੈ -

*ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥*
*ਅੰਗ - 644*

ਜਿਸ ਫਲ ਦੀ ਵੀ ਉਹਦੇ ਮਨ ਵਿੱਚ ਆਸਾ ਹੁੰਦੀ ਹੈ, ਉਹ ਪ੍ਰਾਪਤ ਹੋ ਜਾਂਦਾ ਹੈ, ਹਉਮੈ ਵੱਡਾ ਰੋਗ ਜੋ ਹੈ ਉਹਦਾ ਵੀ ਇਹ ਖਾਤਮਾ ਕਰ ਦਿੰਦੀ ਹੈ। ਦੁੱਖ ਨੇ ਆਦਮੀ ਦੇ ਅੰਦਰ। ਕੋਈ ਬੰਦਾ ਸੰਸਾਰ 'ਚ ਨਹੀਂ ਹੈ ਜਿਹਨੂੰ ਕੋਈ ਨਾ ਕੋਈ ਦੁੱਖ ਨਾ ਚਿੰਬੜਿਆ ਹੋਵੇ। ਗੁਰੂ ਨਾਨਕ ਪਾਤਸ਼ਾਹ ਤਾਂ ਇੱਥੇ ਤੱਕ ਫੁਰਮਾਉਂਦੇ ਨੇ ਕਿ ਸੰਸਾਰ ਦੇ ਵੱਡੇ-ਵੱਡੇ ਜੋ ਹੋਏ ਨੇ ਜਿਨ੍ਹਾਂ ਨੂੰ ਸੰਸਾਰ ਕਹਿੰਦਾ ਹੈ ਕਿ ਇਹ ਸੁੱਖੀ ਹੋਣਗੇ, ਉਹ ਵੀ ਦੁਖ ਦੇ ਨਾਲ ਰੋਂਦੇ ਸੰਸਾਰ ਤੋਂ ਗਏ ਨੇ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥* *ਅੰਗ - 954*

ਸੋ ਇਸ ਤਰ੍ਹਾਂ ਦੇ ਨਾਲ ਰਾਵਣ ਰੋਂਦਾ ਹੈ, ਪਾਂਡਵ ਰੋਂਦੇ ਨੇ, ਬੇਅੰਤ ਜਿਹੜੇ ਵੱਡੇ-ਵੱਡੇ ਹੋਏ ਨੇ, ਜਨਮੇਜਾ ਰੋਂਦਾ ਹੈ, ਕਹਿੰਦੇ ਰੋਂਦੇ ਗਏ ਨੇ ਸੰਸਾਰ ਤੋਂ, ਸਿਰਫ ਕੁਛ ਬੰਦੇ ਨੇ ਜਿਨ੍ਹਾਂ ਦੇ ਮਨ ਵਿੱਚ ਨਾਮ ਦਾ ਵਿਸ਼ਵਾਸ਼ ਹੋ ਗਿਆ, ਆਹ ਸਮਝਣ ਵਾਲੀ ਹੈ ਭਾਈ ਕਿ ਨਾਮ ਦਾ ਵਿਸ਼ਵਾਸ਼ ਕੀ ਹੁੰਦਾ ਹੈ? ਆਹ ਸਾਰਾ ਸੰਸਾਰ ਜਿੰਨਾਂ ਤੁਹਾਨੂੰ ਨਜ਼ਰੀ ਆਉਂਦਾ ਹੈ ਇਹ ਨਾਮ ਨੇ ਧਾਰਨ ਕਰਿਆ ਹੋਇਆ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*

***ਨਾਮ ਕੇ ਧਾਰੇ ਖੰਡ ਬ੍ਰਹਮੰਡ ॥*** ***ਅੰਗ - 284***

ਨਾਮ ਤੋਂ ਹੀ ਇਸ ਸੰਸਾਰ ਦੀ ਉਤਪਤੀ ਹੋਈ ਹੈ -

***ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥***
***ਅੰਗ - 929***

ਸਾਰੇ ਜਿੰਨੇ ਸੰਸਾਰ 'ਚ ਨੇ, ਚਾਹੇ ਉਹ matter ਹੈ, ਚਾਹੇ anti-matter ਹੈ, ਚਾਹੇ suprer matter ਹੈ, ਉਹ ਸਾਰੇ ਦੀ ਉਤਪਤੀ ਸ਼ਬਦ 'ਚੋਂ ਹੋਈ ਹੈ ਤੇ ਉਹਦੀ ਮਹਿਮਾ ਨੂੰ ਜਿਹੜਾ ਜਾਣ ਜਾਵੇ, ਵਿਸ਼ਵਾਸ਼ ਕਰ ਲਵੇ, ਪਰੀਪੂਰਨ ਸ਼ਕਤੀ ਦੇ ਉਤੇ। ਮਹਾਰਾਜ ਕਹਿੰਦੇ, ਉਹਦੀ ਮਹਿਮਾ ਕਹੀ ਨਹੀਂ ਜਾਂਦੀ -

***ਮੰਨੇ ਕੀ ਗਤਿ ਕਹੀ ਨ ਜਾਇ ॥*** ***ਅੰਗ - 3***

ਸੋ ਨਾਮ ਦੀ ਮਹਿਮਾ ਨੂੰ ਮੰਨ ਲੈਣਾ, ਨਾਮ ਪਰੀਪੂਰਨ ਨੂੰ ਮੰਨ ਲੈਣਾ, ਹਰ ਥਾਂ ਦੇ ਉਤੇ ਕਹਿੰਦੇ ਇਹਦੇ ਨਾਲ ਕੀ ਹੁੰਦਾ ਹੈ ਕੋਈ ਵੀ ਦੁੱਖ ਨਹੀਂ ਰਿਹਾ ਕਰਦਾ -

***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥***
***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥*** ***ਅੰਗ - 954***

ਬਾਕੀ ਕਰਮ ਨਹੀਂ ਲੇਖੇ 'ਚ ਲਗਦੇ। ਸੋ ਦੁੱਖ ਆਦਮੀ ਨੂੰ ਚਿੰਬੜਿਆ ਹੋਇਆ ਹੈ। ਦੁੱਖ ਦਾ ਖਾਤਮਾ ਨਾਮ ਨਾਲ ਹੁੰਦਾ ਹੈ, ਦੁੱਖ ਇੱਕ ਨਹੀਂ ਹੈ, ਬੇਅੰਤ ਕਿਸਮ ਦੇ ਦੁੱਖ ਨੇ। ਸਰੀਰਕ ਦੁੱਖ ਨੇ, ਭਾਈਚਾਰਕ ਦੁੱਖ ਨੇ, ਰਾਜਸੀ ਦੁੱਖ ਨੇ, ਆਰਥਕ ਦੁੱਖ ਨੇ - ਪੈਸਾ ਘਟ ਜਾਣਾ, ਪੈਸੇ ਦੇ ਉਤੇ ਕੋਈ ਡੰਨ ਪੈ ਜਾਣਾ। ਸਭ ਨਾਲੋਂ ਵੱਡਾ ਦੁੱਖ ਹੋਇਆ ਕਰਦਾ ਹੈ ਮਾਨਸਿਕ ਦੁੱਖ, ਮਨ ਦੇ ਜਿਹੜੇ ਦੁੱਖ ਨੇ। ਜੇ ਮਨ ਰੋਗੀ ਹੋਵੇ ਤਾਂ ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਕਿਸੇ ਬੰਦੇ ਨੂੰ ਗੁੱਸਾ ਚੜ੍ਹਿਆ ਹੋਵੇ ਜਾਂ ਚਿੰਤਾ ਹੋਵੇ ਮਨ ਦੇ ਅੰਦਰ, ਉਹਨੂੰ ਕਹੋ ਕਿ ਤੂੰ ਪ੍ਰਸ਼ਾਦਾ ਛਕ ਲੈ ਕਹਿੰਦਾ ਮੈਨੂੰ ਤਾਂ ਭੁੱਖ ਨਹੀਂ। ਪਹਿਲਾਂ ਹੀ ਪ੍ਰਸ਼ਾਦਾ ਛਕਿਆ ਹਜ਼ਮ ਨਹੀਂ ਹੋਇਆ। ਕਿਉਂ ਨਹੀਂ ਹੋਇਆ? ਕਿਉਂਕਿ ਇੱਕ ਖਿਆਲ ਚਿੰਤਾ ਦਾ ਉਹਦੇ ਸਾਰੇ ਸਰੀਰ ਦੇ ਅੰਦਰ ਘੁੰਮ ਰਿਹਾ। ਉਸ ਖਿਆਲ ਨੇ ਕੀ ਕਰਿਆ ਉਹਦਾ ਸੰਤੁਲਨ ਵਿਗਾੜ ਦਿੱਤਾ, ਮਿਹਦੇ ਦਾ ਵੀ, ਹੋਰ ਚੀਜ਼ਾਂ ਦਾ ਵੀ। ਇੱਥੇ ਤੱਕ ਖਿਆਲ ਅਸਰ ਕਰ ਜਾਂਦਾ ਹੈ ਕਿ ਆਦਮੀ ਨੂੰ heart trouble (ਦਿਲ ਦਾ ਰੋਗ) ਹੋ ਜਾਂਦੀ ਹੈ। ਖਿਆਲ ਕੀ ਹੈ, ਨਾ ਤਾਂ ਕਿਸੇ ਨੂੰ ਡੰਡਾ ਮਾਰਿਆ ਹੈ, ਨਾ ਕੋਈ ਹੋਰ ਗੱਲ ਹੈ, ਇੱਕ ਖਿਆਲ ਮਨ ਵਿੱਚੋਂ ਉਠ ਖੜ੍ਹਿਆ, ਮਨ ਰੋਗੀ ਹੋ ਗਿਆ। ਮਹਾਰਾਜ ਕਹਿੰਦੇ, ਜੇ ਮਨ ਰੋਗੀ ਹੈ ਫੇਰ ਸਰੀਰ ਰੋਗੀ ਹੋ ਜਾਂਦਾ ਹੈ -

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥*** ***ਅੰਗ - 1256***

ਮਨ ਦੇ ਵੱਡੇ-ਵੱਡੇ ਰੋਗ ਨੇ, ਹਉਮੈ ਸਭ ਤੋਂ ਵੱਡਾ ਰੋਗ ਹੈ। ਹਉਮੈ ਹੋਣ ਦੇ ਨਾਲ ਆਦਮੀ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - 466***

ਜੰਮਣਾ ਮਰਨਾ ਓਨੀਂ ਦੇਰ ਤੱਕ ਆਦਮੀ ਦੇ ਗਲ 'ਚੋਂ ਨਹੀਂ ਲਹਿੰਦਾ, ਜਦੋਂ ਤੱਕ ego (ਹਉਮੈ) 'ਚ ਜਾਂਦਾ ਹੈ। ਜੇ ਇਹਦੇ ਨਾਲ ਨਿੰਦਿਆ ਕਰ ਲਓ ਕਹਿੰਦੇ ਕੁੰਭੀ ਨਰਕ ਦੇ ਵਿੱਚ ਜਾ ਕੇ ਵਾਸਾ ਲੈਣਾ ਪੈਂਦਾ ਹੈ। ਇਸੇ ਤਰ੍ਹਾਂ ਈਰਖਾ ਦੀ ਬੀਮਾਰੀ ਹੈ। ਈਰਖਾ ਕਰਨ ਵਾਲੇ ਨੂੰ ਮਹਾਰਾਜ ਕਹਿੰਦੇ ਨੇ ਕਿ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - 308***

ਉਹਦਾ ਕਦੇ ਭਲਾ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਦੇ ਨਾਲ ਆਦਮੀ ਦੁੱਖਾਂ ਦੇ ਵਿੱਚ ਪਿਆ ਹੋਇਆ ਹੈ, ਦੁੱਖਾਂ ਦਾ ਖਾਤਮਾ ਕਰਨ ਵਾਸਤੇ ਮਹਾਰਾਜ ਜੀ ਨੇ ਇੱਕ ਇਲਾਜ ਦੱਸਿਆ ਹੈ, ਸਾਰੇ ਪਿਆਰ ਨਾਲ ਪੜ੍ਹੋ -

***ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,***
***ਇੱਕੋ ਨਾਮ ਵਾਹਿਗੁਰੂ ਦਾ।***

ਜਿੰਨੇ ਵੀ ਸੰਸਾਰ 'ਚ ਦੁੱਖ ਨੇ, ਜਿੰਨੇ ਰੋਗ ਨੇ, ਇਨ੍ਹਾਂ ਸਾਰਿਆਂ ਦੀ ਇੱਕ ਦਾਰੂ ਪ੍ਰਮੇਸ਼ਰ ਦਾ ਨਾਮ ਹੈ। ਕਈ ਪ੍ਰੇਮੀਆਂ ਦੇ ਮਨ 'ਚ ਇਹ ਖਿਆਲ ਹੁੰਦਾ ਹੈ ਕਿ ਇਸ ਗੱਲ ਨੂੰ ਡਾਕਟਰ ਤਾਂ ਨਹੀਂ ਮੰਨਦੇ ਕਿ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਨਾਮ ਹੋ ਸਕਦਾ ਹੈ। ਮਹਾਰਾਜ ਕਹਿੰਦੇ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - 274***

ਜਿੰਨੀਆਂ ਵੀ ਬਿਮਾਰੀਆਂ ਨੇ ਸਾਰੀਆਂ ਦਾ ਜੋ ਦਾਰੂ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਜੇ ਤਾਂ ਅੰਦਾਜ਼ਾ ਲਾ ਕੇ ਗੱਲ ਕਰੀ ਜਾਵੇ ਫੇਰ ਤਾਂ ਇਹ ਕਿਹਾ ਜਾ ਸਕਦਾ ਸੀ ਕਿ ਇਹ ਸ਼ੱਕ ਵਿੱਚ ਪੈ ਜਾਈਏ ਕਿ ਠੀਕ ਹੈ। ਖਬਰੇ ਨਾ ਹੋਵੇ ਦਾਰੂ, ਕਿਹੜਾ ਪਰਤਿਆ ਕੇ ਦੇਖੀਏ। ਇੱਕ ਮੈਂ ਬੇਨਤੀ ਕਰਦਾ ਹਾਂ ਕਿ ਪਿਛਲੇ ਦੋ ਸਾਲ ਹੋਏ, ਇੱਕ ਬੀਬੀ ਆਈ ਸਾਡੇ ਕੋਲ, ਦੋਵੇਂ ਅੱਖਾਂ ਬੰਦ ਹੋ ਗਈਆਂ, ਡਾਕਟਰਾਂ ਨੇ ਕਿਹਾ ਕਿ ਤੇਰੀਆਂ ਨਾੜੀਆਂ ਪਿਚਕ ਗਈਆਂ। ਬਲੱਡ ਪਰੈਸ਼ਰ 240, ਬਲੱਡ ਸ਼ੂਗਰ 240, ਜੇ ਅਪਰੇਸ਼ਨ ਹੋ ਜਾਵੇ ਤਾਂ ਉਹਦਾ ਜ਼ਖਮ ਰਾਜ਼ੀ ਨਹੀਂ ਹੋ ਸਕਦਾ, ਥੋੜ੍ਹੀ ਜਿਹੀ ਵੱਧ ਜਾਵੇ ਸਰੀਰ ਗਲ ਜਾਇਆ ਕਰਦਾ ਹੈ। ਕਿਡਨੀ ਦੇ ਵਿੱਚ ਪੱਥਰ, ਉਹਦਾ ਜਦੋਂ ਅਪਰੇਸ਼ਨ ਕਰਨ ਲੱਗਣ ਤਾਂ ਬਲੱਡ ਪਰੈਸ਼ਰ ਹਾਈ ਹੋ ਜਾਵੇ। ਕੁਛ ਨਾ ਬਣੇ। ਉਹ ਕਹਿੰਦੇ ਬੀਬੀ! ਤੇਰਾ ਤਾਂ ਕੋਈ ਇਲਾਜ ਹੀ ਨਹੀਂ ਹੈ। ਮੈਡੀਕਲ ਸਾਇੰਸ ਤੇਰਾ ਇਲਾਜ ਨਹੀਂ ਕਰ ਸਕਦੀ, ਨਾ ਤਾਂ ਤੇਰਾ ਬਲੱਡ ਪਰੈਸ਼ਰ ਘਟਦਾ ਹੈ, ਨਾ ਸ਼ੂਗਰ ਘਟਦੀ ਹੈ, ਨਾ ਤੇਰਾ ਆਪਰੇਸ਼ਨ ਹੋ ਸਕਦਾ ਹੈ। ਇੱਕ ਰਸੌਲੀ ਉਹਦੇ, ਇੱਕ ਰੀੜ੍ਹ ਦੀ

ਹੱਡੀ 'ਚ ਕਰੈਕ। ਸਾਡੇ ਕੋਲ ਆਈ, ਮੈਂ ਕਿਹਾ ਬੀਬੀ! ਦੇਖ ਤਪ ਕਰਨਾ ਪੈਣਾ ਹੈ, ਭਜਨ ਕਰਨਾ ਪੈਣਾ ਹੈ, ਕਰ ਲਏਂਗੀ। ਕਿਉਂਕਿ ਸਾਨੂੰ ਤਾਂ ਮਹਾਰਾਜ ਦਾ ਜੋ ਸਿਧਾਂਤ ਹੈ, ਸਾਰੇ ਦੁੱਖ ਚਾਹੇ ਮਾਨਸਿਕ ਹੋਣ, ਚਾਹੇ ਸਰੀਰਕ ਹੋਣ, ਦਵਾਈ ਖਾਂਦਾ ਹੈ ਜਾਂ ਨਹੀਂ ਖਾਂਦਾ, ਦਵਾਈ ਖਾਂਦਾ ਹੈ ਦਵਾਈ ਲੱਗਣ ਲੱਗ ਜਾਂਦੀ ਹੈ।

***ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥***

***ਅੰਗ - 1363***

ਤੂੰ ਪ੍ਰਮੇਸ਼ਰ ਦਾ ਨਾਮ ਜਪ, ਇੱਕ ਸਾਲ ਬੈਠ ਕੇ ਤਪ ਕਰ। ਪਹਿਲੇ ਮਹੀਨੇ ਉਸ ਦਾ ਬਲੱਡ ਪਰੈਸ਼ਰ normal (ਆਮ) ਹੋ ਗਿਆ, ਬਲੱਡ ਸ਼ੂਗਰ normal (ਆਮ) ਹੋ ਗਈ। ਪੀ.ਜੀ.ਆਈ ਦਿਖਾਇਆ, ਕਾਰਡ ਬਣਿਆ ਹੋਇਆ ਸੀ, ਕਹਿੰਦੇ ਕਿਹੜੀ ਦਵਾਈ ਖਾਧੀ ਹੈ ਜਿਹੜਾ ਐਨੀ ਛੇਤੀ ਰਾਜ਼ੀ ਹੋ ਗਈ।

ਕਹਿਣ ਲੱਗੀ ਦਵਾਈ ਤਾਂ ਕੋਈ ਨਹੀਂ ਖਾਧੀ, ਗੁਰਦੁਆਰਾ ਰਤਵਾੜਾ ਸਾਹਿਬ ਲੰਗਰ ਦੇ ਪ੍ਰਸ਼ਾਦੇ, ਕੜਾਹ ਪ੍ਰਸ਼ਾਦ ਮਿਲਦਾ ਹੈ ਰੋਜ਼, ਰੋਜ਼ ਭੋਗ ਪੈਂਦੇ ਨੇ, ਗੁੜ ਖਾਂਦੇ ਹਾਂ, ਮਠਿਆਈ ਆ ਜਾਂਦੀ ਹੈ। ਡਾਕਟਰ ਕਹਿਣ ਲੱਗਿਆ, ਸੱਚ? ਕਹਿੰਦੀ, ਹਾਂ। 20 ਦਿਨ ਤੋਂ ਬਾਅਦ ਇੱਕ ਅੱਖ ਖੁਲ੍ਹ ਗਈ। ਕਹਿੰਦੀ ਮੇਰੀ ਅੱਖ ਖੁਲ੍ਹ ਗਈ, ਮੈਨੂੰ ਦਿੱਸਣ ਲੱਗ ਗਿਆ। ਬੜੀ ਖੁਸ਼ ਹੋਈ। ਨੌਂ ਮਹੀਨੇ ਤੋਂ ਬਾਅਦ ਪੱਥਰ ਤਿੰਨ ਹੋ ਕੇ ਨਿਕਲ ਗਿਆ, 13 ਮਹੀਂਨੇ ਬਾਅਦ ਉਹਦੀ ਦੂਸਰੀ ਅੱਖ ਖੁੱਲ੍ਹ ਗਈ, ਮੈਂ ਕਿਹਾ ਸੀ ਕਿ 16 ਮਹੀਨੇ ਰਹਿ, ਚੌਦਵੇਂ ਮਹੀਨੇ ਉਹ ਚਲੀ ਗਈ, ਹੁਣ ਦਸਦੇ ਨੇ ਮੈਨੂੰ ਕਿ ਉਹਦੇ ਸਾਢੇ ਤਿੰਨ ਨੰਬਰ ਲੱਗਿਆ ਹੋਇਆ ਸੀ, ਜਦੋਂ ਅੱਖਾਂ ਬੰਦ ਹੋਈ ਹੈ ਤੇ ਹੁਣ ਐਨਕ ਹੀ ਨਹੀਂ ਲਗਦੀ, ਪ੍ਰਮੇਸ਼ਰ ਨੇ ਵਧੀਆ ਅੱਖਾਂ ਦੇ ਦਿੱਤੀਆਂ। ਇਹਨੂੰ ਕੋਈ ਡਾਕਟਰ ਮੰਨ ਲਏਗਾ? ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਇੱਕ ਨਹੀਂ ਸੈਂਕੜਿਆਂ ਦੀ ਤਦਾਦ 'ਚ ਇਹ ਅਸੀਂ ਅਜਮਾਅ ਕੇ ਦੇਖਿਆ ਹੈ, ਇੱਕ ਬੀਬੀ ਹੋਰ ਆਈ, ਡਾਕਟਰ ਕਹਿੰਦੇ ਮੋਢੇ ਕੋਲੋਂ ਬਾਂਹ ਕੱਟ ਦੇਣੀ ਹੈ ਕਿਉਂਕਿ ਸ਼ੂਗਰ ਤੈਨੂੰ ਐਨੀ ਹੈ ਕਿ ਬਾਂਹ ਗਲ ਗਈ, ਹੱਥ ਦਾ ਮਾਸ ਝੜ ਗਿਆ, ਨੌਂਹ ਗਿਰ ਗਏ, ਅਗਾਂਹਾਂ ਪੰਜੇ ਤੋਂ ਹੇਠਾਂ ਬਾਂਹ ਗਲੀ ਹੋਈ ਸੀ, ਉਤੇ ਨੂੰ ਜਾ ਰਹੇ ਸੀ, ਬਾਂਹ ਹਿਲਦੀ ਨਹੀਂ ਸੀ। ਵੀਹ ਦਿਨ ਤੋਂ ਬਾਅਦ ਮੈਨੂੰ ਉਸ ਨੇ ਪਹਿਲੇ ਦਿਨ ਵੀ ਦਿਖਾਲਿਆ, ਮੈਂ ਤਾਂ ਦੇਖ ਨਾ ਸਕਿਆ, ਬਹੁਤ ਬੁਰਾ ਹਾਲ। ਵੀਹ ਦਿਨ ਤੋਂ ਬਾਅਦ ਜਦੋਂ ਉਸ ਨੇ ਦਿਖਾਲਿਆ, ਤਾਂ ਦੇਖਿਆ ਕਿ ਇਹਦਾ ਤਾਂ ਹੱਥ ਮਾਸ ਨਾਲ ਭਰ ਰਿਹਾ ਹੈ, ਇੱਕ ਮਹੀਨੇ ਦਿਖਾਲਿਆ ਖੋਲ੍ਹ ਕੇ, ਨੌਂਹ ਵੀ ਆ ਗਏ, ਨੌਂ ਮਹੀਨੇ ਬਾਅਦ ਬਿਲਕੁਲ ਰਾਜ਼ੀ ਹੋ ਕੇ, ਪਹਿਲੀ ਬਾਂਹ ਨਾਲੋਂ ਦੂਜੀ ਬਾਂਹ ਗੋਰੀ ਤੇ ਸੋਹਣੀ। ਕੋਈ ਡਾਕਟਰ ਨਹੀਂ ਇਸ ਗੱਲ ਨੂੰ ਮੰਨ ਸਕਦਾ। ਮਹਾਰਾਜ ਕਹਿੰਦੇ, ਮੰਨੋ ਨਾ ਮੰਨੋ, ਸਾਰੇ ਦੁੱਖਾਂ ਦਾ ਇੱਕੋ ਹੀ ਇਲਾਜ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਨਾਮ ਐਡੀ ਵੱਡੀ ਪਰੀਪੂਰਨ ਸ਼ਕਤੀ ਹੈ ਇਹ ਐਵੇਂ ਹੀ ਗੱਲਾਂ

ਨਹੀਂ, ਆਦਿ ਸ਼ਕਤੀ ਹੈ ਉਹ, ਤੁਹਾਡੇ ਅੰਦਰ ਰਹਿੰਦੀ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ – 293***

ਸੋ ਮਹਾਰਾਜ ਜੀ ਸਾਨੂੰ ਨਾਮ ਵਲ ਲਾਉਂਦੇ ਨੇ ਕਿ ਨਾਮ ਵੱਲ ਲੱਗੋ ਤਾਂ ਕਿ ਤੁਹਾਡੇ ਦੁੱਖਾਂ ਦਾ ਖਾਤਮਾ ਹੋ ਜਾਏ। ਸੋ ਦੂਸਰਾ ਹੁੰਦਾ ਹੈ ਸੇਵਾ, ਸੇਵਾ ਗੁਰੂ ਘਰ 'ਚ ਏਸ ਕਰਕੇ ਹੋਈ ਹੈ ਕਿ ਕਲਜੁਗ ਦਾ ਜ਼ਮਾਨਾ ਹੈ ਅਸੀਂ ਵੱਡੇ-ਵੱਡੇ ਸਾਧਨ ਨਹੀਂ ਕਰ ਸਕਦੇ, ਪ੍ਰਾਣਾਯਾਮ ਨਹੀਂ ਕਰ ਸਕਦੇ। ਖੂਹਾਂ 'ਚ ਨਹੀਂ ਲਟਕ ਸਕਦੇ, ਮਹੀਨਿਆਂ ਬੱਧੀ, ਧੂਣੀਆਂ ਨਹੀਂ ਤਾਪ ਸਕਦੇ, ਗ੍ਰਹਿਸਤੀ ਹਾਂ, ਬਾਲ ਬੱਚੇ ਪਾਲਣੇ ਨੇ, ਜ਼ਿੰਮੇਵਾਰੀਆਂ ਨੇ ਸਾਡੇ ਸਿਰ ਦੇ ਉਤੇ, ਸਾਰਿਆਂ ਨਾਲੋਂ ਸੁਖਾਲਾ ਰਾਹ ਮਹਾਰਾਜ ਜੀ ਨੇ ਸੇਵਾ ਦਾ, ਫੁਰਮਾਨ ਕੀਤਾ ਹੈ ਤੇ ਸੇਵਾ ਦਾ ਫਲ ਕਿੰਨਾ ਹੈ? ਇੱਕ ਸਾਧੂ ਤਿੰਨ ਮਹੀਨੇ ਬੈਠ ਕੇ ਧੂਣੀਆਂ ਤਾਪੀ ਜਾਵੇ, ਸਾਰੀ ਗਰਮੀ ਧੂਣੀਆਂ ਲਾ ਰੱਖੇ, ਵਾਹਵਾ ਉਹਦੀ ਹੋਈ ਜਾਏਗੀ, ਲੇਕਿਨ ਇੱਕ ਬੀਬੀ ਜੇਠ ਦੇ ਦੁਪਹਿਰੇ ਪ੍ਰਸ਼ਾਦੇ ਲਾਹ ਦੇਵੇ, ਸੰਗਤਾਂ ਨੂੰ ਆਈਆਂ ਨੂੰ, ਓਸ ਤੋਂ ਵੀ ਵੱਧ ਫਲ ਪ੍ਰਾਪਤ ਹੋ ਜਾਏਗਾ, ਉਹਦੇ 'ਚ ਤਾਂ ਕ੍ਰੋਧ ਆਏਗਾ, ਇਹਦੇ ਵਿੱਚ ਬਰਕਤ ਆਏਗੀ। ਸੋ ਸੇਵਾ ਕਰਨ ਵਾਲਿਆਂ ਦਾ ਹਮੇਸ਼ਾ ਹੀ ਮਾਣ ਹੁੰਦਾ ਹੈ, ਇੱਥੇ ਵੀ ਤੇ ਦਰਗਾਹ ਵਿੱਚ ਜਾ ਕੇ।

ਗੁਰੂ ਮਹਾਰਾਜ ਦੇ ਪਾਸ ਇੱਕ ਐਸੇ ਗੁਰਸਿੱਖ ਦਾ ਸੰਪਰਕ ਹੋਇਆ ਜਿਸਦਾ ਜਿਹੜਾ ਪਹਿਲਾ ਜੀਵਨ ਸੀ ਉਹ ਜ਼ੀਰੋ ਤੋਂ ਵੀ ਹੇਠਾਂ ਸੀ। ਸਿਫਰ ਤੇ ਸੀ, ਨਾ ਤਾਂ ਓਸ ਨੂੰ ਕੋਈ ਗਿਆਨ ਸੀ, ਨਾ ਉਸਨੂੰ ਪ੍ਰਮੇਸ਼ਰ ਦੇ ਉਤੇ ਵਿਸ਼ਵਾਸ਼ ਸੀ। ਵਿਸ਼ਵਾਸ਼ ਕਿਸ ਤੇ ਸੀ, ਇੱਕ ਕਬਰ ਦੇ ਉਤੇ, ਲਾਲਾਂ ਵਾਲੇ ਦੀ ਕਬਰ। ਬਹੁਤ ਦੁਨੀਆਂ ਕਬਰਾਂ ਨੂੰ ਮੰਨਦੀ ਹੈ, ਜਿਉਂਦਾ ਜਦੋਂ ਕੁਛ ਨਹੀਂ ਕਰ ਸਕਦਾ, ਮਰੇ ਹੋਏ ਨੇ ਕੀ ਕਰਨਾ ਹੈ। ਜੇ ਕਬਰ ਦੇ ਵਿੱਚ ਵੀ ਤਾਕਤ ਹੈ ਤਾਂ ਗੁਰੂ ਨਾਨਕ ਸਾਹਿਬ ਕਿੱਥੇ ਚਲੇ ਗਏ ਭਾਈ। ਗੁਰੂ ਕਿੱਥੇ ਚਲੇ ਗਏ, ਸਾਡੇ ਸਿੰਘ ਕਿੱਥੇ ਚਲੇ ਗਏ, ਸ਼ਹੀਦ ਸਿੰਘ ਕਿੱਥੇ ਚਲੇ ਗਏ ਫੇਰ ਤਾਂ ਉਨ੍ਹਾਂ ਨਾਲੋਂ ਬਹੁਤੀ ਤਾਕਤ ਹੈ ਕਿਉਂਕਿ-

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥***
***ਅੰਗ – 750***

ਗਲਤ ਵਿਸ਼ਵਾਸ਼ ਸੀ, ਨਾ ਪਤਾ ਹੋਣ ਕਰਕੇ, ਖੇਡ ਵੀ ਪਾਉਂਦਾ ਸੀ, ਸੰਗ ਲੈ ਕੇ ਜਾਇਆ ਕਰਦਾ ਸੀ। ਲੇਕਿਨ ਚਿੱਤ ਦੇ ਅੰਦਰ ਕੁਛ ਐਸੇ ਸੰਸਕਾਰ ਪੈਦਾ ਹੁੰਦੇ ਸੀ, ਮਨਾਂ! ਸ਼ਾਂਤੀ ਤਾਂ ਕੋਈ ਆਈ ਨਾ। ਐਵੇਂ ਮੈਂ ਪਿੱਠ ਕੁੱਟੀ ਜਾਂਦਾ ਹਾਂ, ਲੋਹੇ ਦੇ ਨਾਲ। ਵਾਹਵਾ-ਵਾਹਵਾ ਲੋਕ ਕਰੀ ਜਾਂਦੇ ਨੇ, ਗੱਲ ਤਾਂ ਕੋਈ ਬਣਦੀ ਨਜ਼ਰ ਨਹੀਂ ਆਉਂਦੀ। ਪੁਰਾਣੇ ਸੰਸਕਾਰ ਉਹਦੇ ਹਿਰਦੇ 'ਚੋਂ ਬਾਹਰ ਆਉਣ ਦਾ ਯਤਨ ਕਰਦੇ ਸੀ, ਜਿਵੇਂ ਆਪਾਂ ਬੀਜ ਪਾਇਆ ਹੋਵੇ ਖੇਤ ਦੇ ਅੰਦਰ। ਜਦੋਂ ਗਿੱਲ ਮਿਲ ਜਾਵੇ ਸਹੀ,

ਵੱਤਰ ਮਿਲ ਜਾਵੇ ਸਹੀ, ਉਸ ਵੇਲੇ ਬੀਜ ਹੇਠੋਂ ਹੀ ਲਾਉਂਦਾ ਹੈ ਜ਼ੋਰ ਕਿ ਮੈਂ ਧਰਤੀ ਦੇ ਵਿੱਚੋਂ ਬਾਹਰ ਨਿਕਲ ਜਾਵਾਂ। ਇਸੇ ਤਰ੍ਹਾਂ ਜਿਹੜੇ ਸਾਡੇ ਪਿਛਲੇ ਕਰਮ ਕਰੇ ਹੋਏ ਨੇ, ਚੰਗੇ ਕਰਮ, ਉਹ ਆਪਣਾ ਫਲ ਦੇਣ ਵਾਸਤੇ ਅੰਦਰੋਂ-ਅੰਦਰ ਜ਼ੋਰ ਲਾਉਂਦੇ ਨੇ, ਖਿਆਲ ਆਉਣੇ ਸ਼ੁਰੂ ਹੋ ਜਾਂਦੇ, ਅਸ਼ੁਭ ਖਿਆਲ। ਦੋ ਕਿਸਮ ਦੇ ਖਿਆਲ ਹੁੰਦੇ ਨੇ ਇੱਕ ਮਾੜੇ ਖਿਆਲ, ਪਾਪਾਂ ਦੇ ਬਲ ਕਰਕੇ ਮਾੜੇ ਖਿਆਲ ਆਉਂਦੇ ਨੇ, ਬਹੁਤ ਪਾਪ ਬੀਜੇ ਹੋਣ ਮਾੜੇ ਖਿਆਲ ਆਉਣੇ ਸ਼ੁਰੂ ਹੋ ਜਾਣਗੇ। ਪੁੰਨ ਬੀਜੇ ਹੋਣ, ਸ਼ੁੱਭ ਖਿਆਲ ਆਉਣੇ ਸ਼ੁਰੂ ਹੋ ਜਾਂਦੇ ਨੇ, ਲੇਕਿਨ ਆਦਮੀ ਆਪਣੇ ਆਪ ਨਹੀਂ ਉੱਠ ਸਕਦਾ। ਸੰਜੋਗ ਬਣ ਗਿਆ ਅੱਜ, ਸੰਗ ਲਈਂ ਜਾਂਦਾ, ਦਰਬਾਰ ਸਾਹਿਬ ਠਹਿਰ ਗਿਆ। ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦਾ ਦਰਬਾਰ ਲੱਗਿਆ ਹੋਇਆ ਹੈ, ਉਸ ਦਰਬਾਰ 'ਚ ਚਲਿਆ ਗਿਆ, ਇਹ ਇਸ ਤਰ੍ਹਾਂ ਨਹੀਂ ਗਿਆ ਕਿ ਐਵੇਂ ਹੀ ਚਲਿਆ ਗਿਆ ਦੇਖਣ ਵਾਸਤੇ, ਅੰਦਰ ਸ਼ੌਂਕ ਸੀ ਲਗਨ ਸੀ ਕਿ ਦੇਖੀਏ ਤਾਂ ਸਹੀ ਕਿ ਗੁਰੂ ਮਹਾਰਾਜ ਕੀ ਕਹਿੰਦੇ ਨੇ। ਐਨੀ ਦੁਨੀਆਂ ਕਿਉਂ ਆਉਂਦੀ ਹੈ ਇਨ੍ਹਾਂ ਦੇ ਕੋਲ, ਕੀ ਮੈਨੂੰ ਵੀ ਕੁਛ ਲੱਭ ਸਕਦਾ ਹੈ ਇਹਦੇ ਨਾਲੋਂ ਚੰਗਾ। ਜਿਸ ਵਕਤ ਦਰਬਾਰ ਵਿੱਚ ਜਾਂਦਾ ਹੈ ਉਸ ਵੇਲੇ ਬਚਨ ਹੋ ਰਹੇ ਸੀ ਜੋ ਬਚਨ ਉਸ ਦੇ ਕੰਨ ਵਿੱਚ ਪਿਆ ਉਹ ਏਸ ਤਰ੍ਹਾਂ ਦੇ ਨਾਲ ਉਸ ਨੇ ਸਮਝਿਆ-

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ***
***ਉਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।***

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ 1 ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥*** ***ਅੰਗ - 1159***

ਵਿਸਥਾਰ ਦੇ ਨਾਲ ਸਮਝਣ ਦਾ ਯਤਨ ਕੀਤਾ, ਉਹ ਦੇਹੀ ਜਿਸਨੂੰ ਸਵਰਗਾਂ ਦੇ ਵਿੱਚ ਬੈਠੇ ਹੋਏ ਦੇਵਤੇ ਵੀ ਯਾਦ ਕਰਦੇ ਨੇ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਕਦੋਂ ਅਸੀਂ ਮਨੁੱਖ ਬਣੀਏ, ਮਨੁੱਖ ਬਣ ਕੇ ਗੁਰੂ ਧਾਰਨ ਕਰਕੇ ਨਾਮ ਜਪੀਏ, ਕਰਮ ਉਪਾਸ਼ਨਾ, ਗਿਆਨ, ਵਿਗਿਆਨ ਚਾਰ ਅਵਸਥਾ 'ਚੋਂ ਲੰਘ ਕੇ, ਪ੍ਰੇਮ ਸੁੱਖ ਨੂੰ ਪ੍ਰਾਪਤ ਕਰੀਏ। ਗੁਰੂ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਸੰਗਤ ਨੂੰ ਸਮਝਾਉਣਾ ਕੀਤਾ, ਇਹ ਬੈਠਾ ਸੀ। ਸੋਚਣ ਲੱਗ ਗਿਆ ਕਿ ਇਹ ਦੇਹੀ ਏਸ ਵਾਸਤੇ ਮਿਲੀ ਹੈ, ਇਹ ਤਾਂ ਫੁਰਮਾਨ ਕਰਦੇ ਨੇ ਕਿ -

***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥*** ***ਅੰਗ - 1159***

ਗੋਬਿੰਦ ਨੂੰ ਯਾਦ ਕਰੋ, ਹਰੀ ਦਾ ਜਸ ਕਰੋ, ਦੇਖਿਓ ਕਿਤੇ ਭੁੱਲ ਜਾਓ ਉਹਨੂੰ, ਆਹੀ ਮਾਨਸ ਜਨਮ ਦਾ ਲਾਹਾ ਹੈ, ਬਾਕੀ ਜਿਹੜੇ ਤੁਸੀਂ

ਪੈਸੇ ਇਕੱਠੇ ਕਰਦੇ ਓਂ, ਦੁਨੀਆਂਦਾਰੀ ਦੇ ਵਿੱਚ ਆਪਣੇ ਆਪ ਨੂੰ ਉੱਚਾ ਲਿਜਾਣ ਦਾ ਯਤਨ ਕਰਦੇ ਓਂ। ਇਹ ਕਿਸੇ ਕੰਮ ਨਹੀਂ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ – 12*

ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਬਾਕੀ ਕੰਮ ਤੇਰੇ ਕਿਤੇ ਵੀ ਕੰਮ ਨਹੀਂ ਆਉਣੇ, ਸੰਤਾਂ ਦੀ ਸੰਗਤ ਕਰਕੇ ਕੇਵਲ ਨਾਮ ਜਪ।

*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥* *ਅੰਗ – 12*

ਮਾਇਆ ਦੇ ਪਿਆਰ ਵਿੱਚ ਤੇਰਾ ਜਨਮ ਬਿਰਥਾ ਜਾ ਰਿਹਾ ਹੈ, ਇਹਨੇ ਤੇਰੇ ਨਾਲ ਨਹੀਂ ਜਾਣਾ, ਨਾ ਬੱਚਿਆਂ ਨੇ ਨਾਲ ਜਾਣਾ ਹੈ, ਨਾ ਜ਼ਮੀਨ ਨੇ ਨਾਲ ਜਾਣਾ ਹੈ, ਨਾ ਕੋਠੀਆਂ ਨੇ ਨਾਲ ਜਾਣਾ ਹੈ, ਨਾ ਕਾਰਾਂ ਨੇ ਨਾਲ ਜਾਣਾ ਹੈ ਇਹ ਤਾਂ ਤੇਰੀ ਪਰਾਲਬਧ ਵਰਤਣੀ ਹੀ ਵਰਤਣੀ ਹੈ। ਤੈਨੂੰ ਪ੍ਰਮੇਸ਼ਰ ਨੇ ਪਰਾਲਬਧ ਲਿਖ ਕੇ ਭੇਜਿਆ ਹੈ –

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥* *ਅੰਗ – 653*

ਇਹਦੇ ਵਾਸਤੇ ਤੂੰ ਸਾਰਾ ਹੀ ਸਮਾਂ ਲਾ ਦਿੱਤਾ, ਤੇਰਾ ਕੰਮ ਸੀ ਪ੍ਰਮੇਸ਼ਰ ਦਾ ਭਜਨ ਕਰਨਾ ਤੇ ਜੇ ਇੱਕ ਵਾਰੀ ਤੇਰੇ ਤੋਂ ਇਹ ਸਮਾਂ ਨਿਕਲ ਗਿਆ –

*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ – 1075*

ਮੁੜ ਕੇ ਚੌਰਾਸੀ ਦੇ ਚੱਕਰ 'ਚ ਫੇਰ ਪੈ ਜਾਏਂਗਾ। ਬੜੇ ਧਿਆਨ ਦੇ ਨਾਲ ਸਰਵਣ ਕੀਤਾ –

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥* *ਅੰਗ – 1159*

ਜੇ ਹੁਣ ਨਹੀਂ ਨਾਮ ਜਪੇਂਗਾ, ਫੇਰ ਦਸ ਕਦੋਂ ਕਰੇਂਗਾ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਜੀ, ਮੁੰਡੇ ਦਾ ਵਿਆਹ ਕਰ ਲਈਏ ਫੇਰ ਨਾਮ ਜਪਾਂਗੇ। ਕੋਈ ਕਹਿੰਦਾ ਹੈ ਕਿ ਜੀ ਨੌਕਰੀ ਚਾਕਰੀ ਕਰ ਲਈਏ, ਫੇਰ ਜਪਾਂਗੇ। ਕੋਈ ਕਹਿੰਦਾ ਹੈ ਕਿ ਸਾਰੇ ਕਬੀਲਦਾਰੀ ਨਜਿੱਠ ਲਈਏ ਫੇਰ ਜਪਾਂਗੇ। ਕੀ ਪਤਾ ਹੈ ਸਮੇਂ ਦਾ, ਕਾਲ ਨੇ ਗੁਲੇਲਾ ਮਾਰ ਦਿੱਤਾ –

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*
*ਅੰਗ – 631*

ਖਬਰੇ ਕਿਹੜੇ ਵੇਲੇ ਮਾਰ ਦੇਵੇ ਇਹ ਤਾਂ ਜਦੇ ਹੀ ਜਪ ਲੈਣਾ ਚਾਹੀਦਾ ਹੈ। ਉੱਤਮ ਜਗਿਆਸੂ ਸੀ। ਚਾਰ ਕਿਸਮ ਦੇ ਬੰਦੇ ਸੰਗਤ 'ਚ ਆਇਆ ਕਰਦੇ ਨੇ ਇੱਕ ਉਹ ਹੁੰਦੇ ਨੇ ਜਿਹੜੇ smell ਕਰਦੇ ਨੇ, ਦੇਖਦੇ ਨੇ ਕਿ ਆਹ ਕੀ ਬੋਲਦਾ ਹੈ, ਫਲਾਣਾ ਕਿਵੇਂ ਬੋਲਦਾ ਹੈ, ਉਹ ਕਿਹੋ ਜਿਹੀਆਂ ਮਿਸਾਲਾਂ ਦਿੰਦਾ ਹੈ, ਉਹ ਜੱਜ ਹੋਇਆ ਕਰਦੇ ਨੇ। ਦੂਸਰੇ ਆਇਆ ਕਰਦੇ ਨੇ, ਸੰਗਤ ਵਿੱਚ ਬੈਠ ਜਾਂਦੇ ਨੇ, ਮਨ ਦੌੜ ਜਾਂਦਾ ਹੈ, ਥੋੜ੍ਹਾ ਸੁੱਖ ਪ੍ਰਾਪਤ ਹੁੰਦਾ ਹੈ, ਉਹ ਊਂਘਣਾ ਸ਼ੁਰੂ ਕਰ ਦਿੰਦੇ ਨੇ, ਨੀਂਦ ਆ ਜਾਂਦੀ ਹੈ ਉਨ੍ਹਾਂ ਨੂੰ ਉਨ੍ਹਾਂ ਦੇ ਪੱਲੇ ਕੁਛ ਪੈਂਦਾ ਨਹੀਂ। ਤੀਸਰੇ ਆਇਆ ਕਰਦੇ ਨੇ ਕਿ ਜਿਹੜੇ ਥੋੜ੍ਹੀ ਜਿਹੀ ਦੇਰ ਬਾਅਦ ਘੜੀ ਦੇਖ ਲਈ, ਕਦੇ ਮੱਥਾ ਟੇਕਣ ਵਾਲਿਆਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਆਪ ਵੀ disturb (ਪਰੇਸ਼ਾਨ) ਹੁੰਦੇ ਨੇ ਤੇ ਦੂਸਰਿਆਂ ਦੀ ਬਿਰਤੀ ਵੀ ਖਰਾਬ ਕਰਦੇ ਨੇ। ਚੌਥੇ ਉਹ ਹੁੰਦੇ ਨੇ ਜਿਨ੍ਹਾਂ ਦੇ ਮਨ ਵਿੱਚ ਸ਼ੌਂਕ ਹੁੰਦਾ ਹੈ ਕਿ ਏਸ ਜਨਮ ਦੇ ਅੰਦਰ-ਅੰਦਰ ਪ੍ਰਮੇਸ਼ਰ ਨੂੰ ਮਿਲਣਾ ਹੈ, ਕੀ ਜਿਹੜੇ ਸਤਿਸੰਗ 'ਚ ਮੈਂ ਆਇਆ ਹਾਂ ਇੱਥੇ ਕੋਈ ਰਾਹ ਵੀ ਲੱਭਦਾ ਹੈ? ਕਿਸੇ ਕਿਨਾਰੇ ਵੀ ਮੈਨੂੰ ਲਾ ਰਹੇ ਨੇ ਕਿ ਐਵੇਂ ਹੀ ਵਿਚਾਲੇ-ਵਿਚਾਲੇ ਗੱਲਾਂ ਹੀ ਨੇ। ਉਹ ਉੱਤਮ ਜਗਿਆਸੂ ਹੋਇਆ ਕਰਦੇ ਨੇ, ਭਾਗਾਂ ਵਾਲੇ ਹੁੰਦੇ ਨੇ ਜਿਨ੍ਹਾਂ ਦੇ ਕਰਮ ਸ਼ੁੱਭ ਕਰੇ ਹੁੰਦੇ ਨੇ, ਉਨ੍ਹਾਂ ਨੂੰ ਇਹ ਸੰਗਤ ਪ੍ਰਾਪਤ ਹੁੰਦੀ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਮਹਾਰਾਜ ਜੀ ਨੇ ਦੀਵਾਨ ਦੀ ਸਮਾਪਤੀ ਕੀਤੀ, ਸੰਗਤ ਦੀਆਂ ਅਰਜ਼ਾਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ। ਇਹ ਬਹੁਤ ਗਹਿਰੇ ਖਿਆਲਾਂ 'ਚ ਚਲਿਆ ਗਿਆ। ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬਾਣ ਲੱਗਿਆ ਪੂਰੇ ਜ਼ੋਰ ਦਾ ਕਿਉਂਕਿ ਭਰੀ ਹੋਈ ਰਾਈਫਲ ਸੀ, ਖਾਲੀ ਨਹੀਂ ਗੋਲੀਆਂ ਅਸਰ ਕਰਿਆ ਕਰਦੀਆਂ, ਭੜਾਕਾ ਤਾਂ ਓਡਾ ਹੀ ਹੁੰਦਾ ਹੈ, ਲੇਕਿਨ ਅਸਰ ਘੱਟ ਹੋਇਆ ਕਰਦਾ ਹੈ। ਜਿਹਦੇ ਅੰਦਰ ਪ੍ਰਮੇਸ਼ਰ ਦਾ ਵਾਸਾ ਹੈ ਉਹਦੀ ਬਾਤ ਸੁਣਦੇ ਸਾਰ ਅੰਦਰ ਚਲੀ ਜਾਂਦੀ ਹੈ, ਹੁਣ ਗੁਰੂ ਮਹਾਰਾਜ ਦੇ ਬਚਨ ਘਾਵ ਕਰਕੇ ਇਹਦੇ ਅੰਦਰ। ਸੋਚੀ ਜਾਂਦਾ ਹੈ ਮਨਾਂ ਜਨਮ ਬਰਬਾਦ ਕਰ ਦਿੱਤਾ, ਕਬਰ ਦੇ ਉਤੇ ਜਾ-ਜਾ ਮੱਥੇ ਟੇਕੀ ਜਾਂਦਾ ਹੈਂ ਤੇ ਲੱਭਿਆ ਕੁਛ ਨਹੀਂ ਹਾਲੇ ਤੱਕ ਤੇ ਸੱਚੇ ਪਾਤਸ਼ਾਹ ਨਾਮ ਦੀ ਗੱਲ ਕਰਦੇ ਨੇ। ਇਹ ਕਿੱਥੋਂ ਮਿਲਦਾ ਹੈ ਨਾਮ। ਮਨ 'ਚ ਸੋਚੀ ਜਾਂਦਾ ਹੈ ਕਿ ਨਾਮ ਕਿੱਥੋਂ ਮਿਲਦਾ ਹੈ। ਕੋਲ ਗੁਰਸਿੱਖ ਬੈਠਾ ਸੀ ਕਹਿਣ ਲੱਗਿਆ, ਪ੍ਰੇਮੀਆਂ! ਮੈਂ ਅੱਜ ਪਹਿਲੇ ਦਿਨ ਹੀ ਸੰਗਤ 'ਚ ਆਇਆ ਹਾਂ, ਮੈਨੂੰ ਦੱਸ ਤਾਂ ਸਹੀ ਜੋ ਨਾਮ ਦੀ ਬਾਤ ਕਰੀ ਹੈ ਇਹ ਮੇਰੇ ਸਮਝ ਤਾਂ ਆ ਗਈ ਪੂਰੀ ਤਰ੍ਹਾਂ ਨਾਲ, ਲੇਕਿਨ ਇਹ ਮਿਲਦਾ ਕਿੱਥੋਂ ਹੈ? ਉਹ ਕਹਿਣ ਲੱਗਿਆ, ਪ੍ਰੇਮੀਆਂ! ਨਵਾਂ ਆਇਆ ਹੈਂ, ਤੈਨੂੰ ਮੈਂ ਦਸਦਾ ਹਾਂ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* *ਅੰਗ - 283*

ਤੇ ਮੁੱਲ ਕੀ ਦੇਣਾ ਪੈਂਦਾ ਹੈ, ਕਹਿੰਦੇ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ - 283*

ਕਹਿਣ ਲੱਗੇ, ਪ੍ਰੇਮੀਆਂ! ਜਿੱਥੇ ਤੂੰ ਬੈਠਾ ਹੈਂ, ਇੱਥੇ ਤਾਂ ਕੇਵਲ ਨਾਮ ਹੀ ਨਾਮ ਹੈ। ਕਰ ਲੈ ਬੇਨਤੀ ਸਤਿਗੁਰੂ ਦੇ ਪਾਸ, ਗਲ 'ਚ ਪੱਲਾ ਪਾ ਲਿਆ, ਨੇਤਰਾਂ 'ਚ ਜਲ ਜਾ ਰਿਹਾ ਹੈ। ਗੁਰੂ ਮਹਾਰਾਜ ਕੋਲ ਆ ਕੇ ਬੇਨਤੀ ਵਾਸਤੇ ਖੜ੍ਹਾ ਹੋ ਗਿਆ, ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਕਿੱਥੋਂ ਆਇਆ ਹੈਂ ਭਾਈ ਤੂੰ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰੇ ਕੋਈ ਕਰਮ ਜਾਗ ਪਏ। ਮੇਰੀ ਕੋਈ ਕਿਸਮਤ ਚੰਗੀ ਹੋ ਗਈ, ਮੈਨੂੰ ਪਰੇਰ ਕੇ ਲੈ ਆਈ, ਮੈਂ ਤਾਂ ਸਰਵਰੀਆ ਹਾਂ, ਸੰਗ ਲੈ ਕੇ ਜਾ ਰਿਹਾ ਹਾਂ, ਚੌਧਰੀ ਹਾਂ ਮੈਂ ਮੰਜਕੀ ਦਾ ਤੇ ਜਾਂਦੇ-ਜਾਂਦੇ ਮੈਨੂੰ ਆਪ ਜੀ ਦੇ ਦਰਸ਼ਨ ਹੋ ਗਏ ਤੇ ਅੱਜ ਤੱਕ ਮੈਂ ਗੱਲ ਨਹੀਂ ਸੀ ਸੁਣੀ ਜਿਹੜੀ ਆਪ ਦੇ ਮੁਖਾਰਬਿੰਦ ਤੋਂ ਸਰਵਣ ਕਰੀ ਤੇ ਮੇਰਾ ਤਾਂ ਜਨਮ ਸਾਰਾ ਹੀ ਬਿਰਥਾ ਚਲਿਆ ਗਿਆ। ਪਾਤਸ਼ਾਹ! ਮੈਂ ਨਾਮ ਦਾ ਗਾਹਕ ਹਾਂ, ਮੈਨੂੰ ਨਾਮ ਦੇ ਦਿਓ। ਮਹਾਰਾਜ ਕਹਿੰਦੇ, ਬਲਿਹਾਰ, ਬਲਿਹਾਰ। ਨਾਮ ਦਾ ਗਾਹਕ। ਇਹ ਠੀਕ ਹੈ, ਅਸੂਲ ਵੀ ਇਹ ਹੈ ਕਿ ਜੇ ਗਾਹਕ ਹੋਵੇ -

*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥*
*ਅੰਗ - 1086*

ਕਹਿੰਦੇ ਠੀਕ ਹੈ ਨਾਮ ਤਾਂ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ - 81*

ਜਿਹੜੀ ਅਮੁੱਲ ਵਸਤੂ ਹੈ ਜਿਹਦੀ ਕੀਮਤ ਕੋਈ ਨਹੀਂ ਜਾਣਦਾ, ਉਹ ਤਾਂ ਭਾਈ ਪ੍ਰੇਮੀਆਂ! ਫੇਰ ਜਿੱਥੇ ਪੂਰਾ ਮਿਲੇ ਗਾਹਕ ਉਥੇ ਹੀ ਗੱਠੜੀ ਖੋਲ੍ਹੀ ਜਾਂਦੀ ਹੈ ਏਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ।*
*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੁ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ - 1365*

ਰਾਮ ਦਾ ਪਦਾਰਥ ਬੇਕਦਰਿਆਂ ਨੂੰ ਦੇਣ ਵਾਲੀ ਚੀਜ਼ ਨਹੀਂ ਹੈ, ਬੇਕਦਰੇ ਲੈ ਕੇ ਰੱਖ ਦਿੰਦੇ ਨੇ ਉਸ ਤੋਂ ਕੋਈ ਫਾਇਦਾ ਨਹੀਂ ਉਠਾਉਂਦੇ।

ਪਰਸੋਂ ਮੇਰੇ ਕੋਲ ਇੱਕ ਬੰਦਾ ਆਇਆ, ਕਹਿੰਦੇ ਬਾਬਾ ਜੀ! ਅਸੀਂ ਬਹੁਤ ਦੁਖੀ ਹਾਂ। ਬੀਬੀ ਵੀ ਕਹਿਣ ਲੱਗੀ, ਸਾਡੇ ਵਰਗਾ ਸੰਸਾਰ 'ਤੇ ਦੁੱਖੀ ਕੋਈ ਨਹੀਂ। ਪਤਾ ਨਹੀਂ ਕਿੰਨੀਆਂ ਗੈਰ ਰੂਹਾਂ ਸਾਡੇ ਉਤੇ ਹੱਲਾ ਕਰ ਰਹੀਆਂ ਨੇ। ਜਿਹੜੇ ਕੰਮ ਨੂੰ ਹੱਥ ਪਾਉਂਦੇ ਹਾਂ ਕੰਮ ਵਿਗੜ ਜਾਂਦਾ ਹੈ। ਮੈਂ ਕਿਹਾ ਭਾਈ! ਗੁਰੂ ਵਾਲੇ ਬਣੇ ਓਂ ਕਿ ਨਹੀਂ ਅਜੇ ਤੱਕ? ਕਹਿੰਦੇ, ਜੀ ਕੀ ਗੱਲ ਅਸੀਂ ਸਮਝ ਨਹੀਂ ਸਕੇ। ਮੈਂ ਕਿਹਾ, ਤੁਸੀਂ ਅੰਮ੍ਰਿਤ ਛਕਿਆ ਹੈ ਕਿ ਨਹੀਂ। ਕਹਿੰਦੇ ਅੰਮ੍ਰਿਤ ਤਾਂ ਅਸੀਂ ਛਕਿਆ ਸੀ। ਫੇਰ ਮੈਂ ਕਿਹਾ ਪੰਜ ਪਿਆਰਿਆਂ ਨੇ ਕੋਈ ਗੱਲ ਕਹੀ ਹੋਣੀ ਹੈ ਤੁਹਾਨੂੰ। ਨਾਮ ਦਿੱਤਾ ਹੋਣਾ ਹੈ। ਕਹਿੰਦੇ ਉਹਦਾ ਤਾਂ ਸਾਨੂੰ ਪਤਾ ਨਹੀਂ, ਕਿਹੜਾ ਨਾਮ ਦਿੱਤਾ ਹੈ। ਮੈਂ ਕਿਹਾ, ਮੂਲਮੰਤਰ ਦੱਸਿਆ ਹੋਣਾ ਹੈ, ਕਹਿੰਦੇ ਸਾਡੇ ਤਾਂ ਯਾਦ ਨਹੀਂ। ਮੈਂ ਕਿਹਾ, ਕਮਾਲ ਦੀ ਗੱਲ ਹੈ, ਅੰਮ੍ਰਿਤ ਤੁਸੀਂ ਛਕ ਲਿਆ ਤੇ ਅਸਲੀ ਚੀਜ਼ ਜਿਹਦੇ ਵਾਸਤੇ ਅੰਮ੍ਰਿਤ ਛਕਾਇਆ ਜਾਂਦਾ ਹੈ ਉਹ ਤੁਸੀਂ ਸਾਂਭ ਕੇ ਨਹੀਂ ਰੱਖੀ, ਅੰਮ੍ਰਿਤ ਐਵੇਂ ਤਾਂ ਨਹੀਂ ਹੈ ਭੇਡਾਂ ਦੇ ਉਤੇ ਰੰਗ ਪਾਉਣ ਵਾਲੀ ਚੀਜ਼। ਇਹ ਤਾਂ ਗੁਰੂ ਵਾਲੇ ਬਣਾਉਣ ਦੀ ਇੱਕ ਕਿਰਿਆ ਹੈ। ਕਿਉਂਕਿ ਮੰਤ੍ਰ ਦੇਣਾ ਹੈ, ਪਹਿਲਾਂ ਭਾਂਡਾ ਸਾਫ ਕਰਨਾ ਹੈ। ਉਹਦੇ ਵਾਸਤੇ ਮੰਤਰਿਆ ਹੋਇਆ ਜਲ ਪੰਜ ਪਿਆਰੇ ਜਦੋਂ ਦਿੰਦੇ ਨੇ ਤਾਂ ਉਹ ਅੰਦਰੋਂ ਸ਼ੁੱਧ ਹੋ ਜਾਂਦਾ ਹੈ, ਉਸ ਤੋਂ ਬਾਅਦ ਉਹਦੇ 'ਚ ਗੁਰ-ਮੰਤਰ ਦੀ ਦਾਤ ਦਿੰਦੇ ਨੇ, ਇਕੱਠੇ ਹੋ ਕੇ ਕਹਿੰਦੇ ਨੇ ਕਿ ਬੋਲ ਵਾਹਿਗੁਰੂ, ਬੋਲ ਵਾਹਿਗੁਰੂ। ਮੈਂ ਕਿਹਾ, ਭਾਈ ਤੁਸੀਂ ਤਾਂ ਬਿਲਕੁਲ ਹੀ ਰਹਿ ਗਏ। ਅਸਲੀ ਚੀਜ਼ ਤਾਂ ਨਾਮ ਹੈ, ਜਿਹੜਾ ਅੰਮ੍ਰਿਤ ਛਕਣ ਤੋਂ ਬਾਅਦ ਫੇਰ ਉਹਦੀ ਕਮਾਈ ਕਰੀਦੀ ਹੈ। ਦਰਅਸਲ ਇਹ ਹੈ ਬੇਕਦਰਿਆਂ ਦੇ ਹੱਥ ਵਿੱਚ ਇਹ ਚੀਜ਼ ਆ ਜਾਣ ਕਰਕੇ, ਇਹਦਾ ਪੂਰਾ ਫਾਇਦਾ ਨਹੀਂ ਉਠਾਇਆ ਜਾਂਦਾ। ਪਹਿਲੇ ਸਮਿਆਂ 'ਚ ਨਹੀਂ ਇਸ ਤਰ੍ਹਾਂ ਹੁੰਦਾ ਸੀ। ਪਹਿਲੇ ਸਮਿਆਂ 'ਚ ਜਦੋਂ ਪੰਜ ਪਿਆਰੇ ਗੁਰ ਮੰਤਰ ਮੂਲ-ਮੰਤਰ ਦਿੰਦੇ ਸੀ, ਜਗਿਆਸੂ ਵੀ ਪੂਰਾ ਹੋਵੇ। ਉਹਦੇ ਉਤੇ ਫੇਰ ਉਸੇ ਵੇਲੇ ਅਸਰ ਹੋ ਜਾਂਦਾ ਹੈ, ਫੇਰ ਉਹਦੀ ਜ਼ੁਬਾਨ ਬੰਦ ਨਹੀਂ ਹੁੰਦੀ ਵਾਹਿਗੁਰੂ-ਵਾਹਿਗੁਰੂ ਉਸੇ ਵੇਲੇ ਹੋਣ ਲਗ ਜਾਂਦਾ ਹੈ, ਐਸੀਆਂ ਬਹੁਤ ਸਾਰੀਆਂ ਮਿਸਾਲਾਂ ਨੇ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਏ ਨੇ, ਨਾਰੰਗਵਾਲ ਦੇ, ਲੁਧਿਆਣੇ ਖਾਲਸਾ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਾਉਣਾ ਸੀ ਤੇ ਉਸ ਵੇਲੇ ਜਦੋਂ ਅੰਮ੍ਰਿਤ ਤਿਆਰ ਕਰਿਆ, ਬੀਬੀ ਜੀ ਦੇ ਪਿਤਾ ਜੀ ਵੀ ਪੰਜ ਪਿਆਰਿਆਂ 'ਚ ਸੀ। ਜਿਸ ਵਕਤ ਅੰਮ੍ਰਿਤ ਪਹਿਲੇ ਬੱਚੇ ਨੂੰ ਛਕਾਉਣ ਲੱਗੇ, ਬਾਪੂ ਜੀ ਨੇ ਪੰਜ ਚੂਲੇ ਸੀਸ 'ਚ ਪਾਏ, ਪੰਜ ਪਿਲਾਏ ਤੇ ਜਦੋਂ ਨੇਤਰਾਂ ਦੇ ਵਿੱਚ ਨੇਤਰ ਪਾ ਕੇ ਚੂਲਾ ਦਿੱਤਾ, ਛਿੱਟਾ ਮਾਰਿਆ ਤੇ ਨਾਲ ਕਿਹਾ, ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਉਹ ਅੱਧਾ ਤਾਂ ਉਹਨੇ ਕਹਿ ਦਿੱਤਾ, ਵਾਹਿਗੁਰੂ ਜੀ ਕਾ

ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਨਾ ਕਹਿ ਸਕਿਆ, ਉਸੇ ਵੇਲੇ ਸਮਾਧੀ 'ਚ ਚਲਿਆ ਗਿਆ। ਭਾਈ ਸਾਹਿਬ ਕਹਿਣ ਲੱਗੇ ਕਿ ਹੁਣ ਕੀ ਹੋਏਗਾ, ਕਹਿੰਦੇ ਇਹ ਤਾਂ ਸਾਡੇ ਤੋਂ ਥੋੜ੍ਹਾ ਜਿਹਾ ਜ਼ੋਰ ਜ਼ਿਆਦਾ ਲੱਗ ਗਿਆ। ਕਹਿੰਦੇ, ਹੁਣ ਕੀ ਹੋਏਗਾ, 56 ਘੰਟੇ ਇਸੇ ਤਰ੍ਹਾਂ ਬੈਠੇਗਾ ਇੱਥੇ। 56 ਘੰਟੇ ਬਾਅਦ ਇਹਨੂੰ ਸੁਰਤ ਆਉਣੀ ਹੈ। ਸਾਰੇ ਬੱਚਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡਪਾਠ ਰੱਖ ਦਿੱਤੇ। 48 ਘੰਟੇ ਬਾਅਦ ਭੋਗ ਪਿਆ, ਉਸ ਤੋਂ ਬਾਅਦ ਜਦੋਂ ਕੀਰਤਨ ਕਰਨ ਲੱਗੇ, ਜਦੋਂ 56 ਘੰਟੇ ਹੋਏ। ਉਸ ਵੇਲੇ ਉਹ ਬੱਚਾ Balanceless (ਸੰਤੁਲਨ ਰਹਿਤ) ਹੋ ਗਿਆ, ਧਰਤੀ ਤੋਂ ਉਹਦਾ ਤੁਅੱਲਕ ਟੁੱਟ ਗਿਆ। ਉਪਰ ਨੂੰ ਉੱਠਣਾ ਸ਼ੁਰੂ ਕਰ ਦਿੱਤਾ ਉਹਨੇ। ਉਹ ਸੰਗਤ ਦੇ ਉਤੇ ਐਸ ਤਰ੍ਹਾਂ ਤੁਰਨ ਲੱਗ ਗਿਆ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੁੰਦੀ ਹੈ। ਭਾਈ ਸਾਹਿਬ ਕਹਿੰਦੇ ਸਾਡੇ ਸੀਸ ਤੇ ਵਾਜਿਆਂ ਦੇ ਉਤੋਂ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਆ ਕੇ ਜਦੋਂ ਲੰਮਾ ਪਿਆ ਤਾਂ ਫੇਰ ਬਾਪੂ ਜੀ ਉੱਠੇ, ਕਹਿਣ ਲੱਗੇ, ਭਾਈ ਸਾਹਿਬ! ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਇਹਦੀ ਜੋ ਰੂਹ ਹੈ ਐਸ ਵੇਲੇ ਸੱਚਖੰਡ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ। ਉਸੇ ਵੇਲੇ ਭਾਈ ਸਾਹਿਬ ਨੇ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿੱਤਾ। ਕਿੱਥੇ ਪਹੁੰਚਾ ਦਿੱਤਾ ਜਗਿਆਸੂ ਨੂੰ, ਕਿਉਂਕਿ ਨਾਮ ਦੀ ਕਮਾਈ ਕੀਤੀ ਹੋਈ ਸੀ।

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਨਹੀਂ ਪਤਾ ਲਗਦਾ, ਅਸੀਂ ਅੰਮ੍ਰਿਤ ਛੱਕ ਲੈਂਦੇ ਹਾਂ, ਨਾਮ ਲੈ ਲੈਂਦੇ ਹਾਂ ਲੇਕਿਨ ਇਹਦਾ ਅਸੂਲ ਇਹ ਹੈ ਕਿ ਜਿੰਨੀ ਦੇਰ ਤੱਕ ਪੂਰਾ ਗਾਹਕ ਨਾ ਹੋਵੇ –

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ਅੰਗ – 1372***

ਕੌਡੀਆਂ ਦੇ ਭਾਅ ਵੀ ਕਦੇ ਹੀਰੇ ਜਾਂਦੇ ਨੇ ਕਿਉਂਕਿ ਉਹ ਵਣਜਾਰਾ ਨਹੀਂ ਸੀ, ਗਾਹਕ ਨਹੀਂ ਸੀ। ਜੇ ਗਾਹਕ ਹੋਵੇ, ਪਹਿਲੀ ਸ਼ਰਤ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***
***ਅੰਗ – 1102***

ਚਰਨਾਂ ਦੀ ਧੂੜ ਬਣ ਜਾ ਸਾਰਿਆਂ ਦੀ, ਆਪਣੇ ਆਪ ਨੂੰ ਕਹਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ – 1364***

ਤਾਂ ਹੀ ਰੇਣ ਬਣ ਹੋਏਗੀ। ਜੇ ਕਹੇਗਾ ਮੈਂ ਚੰਗਾ ਹਾਂ, ਮੈਂ ਤਾਂ ਅੰਮ੍ਰਿਤ ਛਕਿਆ ਹੋਇਆ ਹੈ, ਬਾਕੀ ਤਾਂ ਐਵੇਂ ਹੀ ਨੇ ਫੇਰ ਤਾਂ ਭਾਈ ਮੈਂ ਰਹਿ ਗਈ ਇਹਦੇ ਵਿੱਚ। ਮੈਂ ਨੂੰ ਹੀ ਮਾਰਨਾ ਹੈ, ਮਹਾਰਾਜ ਕਹਿੰਦੇ ਪਹਿਲਾਂ ਮੈਂ ਨੂੰ ਮਰਨਾ ਕਬੂਲ ਕਰ, ਸਰੀਰ ਨਹੀਂ ਅਸੀਂ ਮਾਰਨਾ। ਤੇਰੇ ਵਿੱਚ ਜਿਹੜੀ ਵਾਧੂ ਦੀ ਚੀਜ਼ ਮੈਂ ਹੈ, ਜਿਹਨੇ ਤੈਨੂੰ ਰੱਬ ਨਾਲੋਂ ਤੋੜਿਆ

ਹੈ ਉਹਨੂੰ ਕਬੂਲ ਕਰ ਲੈ, ਬਈ ਮਰਨਾ ਠੀਕ ਹੈ ਮਹਾਰਾਜ, ਮਾਰ ਦਿਓ ਮੇਰੀ ਮੈਂ ਨੂੰ। ਫੇਰ ਕਹਿੰਦੇ ਗਾਹਕ ਹੁੰਦਾ ਹੈ। ਫੇਰ ਉਹਦੇ 'ਚ ਗੁਣ ਹੁੰਦੇ ਨੇ, ਪਹਿਲਾ ਹੁੰਦਾ ਹੈ ਪ੍ਰਤੀਤ, ਭਰੋਸਾ ਜਿਹਨੂੰ ਕਹਿੰਦੇ ਨੇ। ਜਿੰਨਾਂ ਚਿਰ ਭਰੋਸਾ ਨਹੀਂ ਗੱਲ ਨਹੀਂ ਬਣਿਆ ਕਰਦੀ। ਧੰਨੇ ਨੂੰ ਭਰੋਸਾ ਸੀ, ਪੰਜ ਚਾਰ ਘੰਟੇ ਬੈਠ ਕੇ ਰੱਬ ਨੂੰ ਰੋਟੀ ਖਿਲਾ ਦਿੱਤੀ –

***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ਅੰਗ – 488***

ਰੋਟੀ ਵੀ ਖਲਾ ਦਿੱਤੀ ਤੇ ਲੱਸੀ ਵੀ ਪਿਲਾ ਦਿੱਤੀ। ਕਿਉਂਕਿ ਪ੍ਰਤੀਤ ਸੀ ਮਨ ਵਿੱਚ, ਦੂਸਰਾ ਹੁੰਦਾ ਹੈ ਰਜ਼ਾ 'ਚ ਰਾਜ਼ੀ ਰਹਿਣਾ। ਚਾਹੇ ਸੁੱਖ ਆ ਜਾਵੇ, ਚਾਹੇ ਦੁੱਖ ਆ ਜਾਵੇ, ਬਹੁਤੇ ਕਹਿੰਦੇ ਨੇ ਕਿ ਜੀ, ਜਦੋਂ ਦੇ ਅਸੀਂ ਬਾਣੀ ਪੜ੍ਹਦੇ ਹਾਂ, ਉਸ ਦਿਨ ਦਾ ਸਾਡਾ ਕੰਮ ਹੀ ਖਰਾਬ ਹੋ ਗਿਆ, ਤੁਹਾਨੂੰ ਕੀਹਨੇ ਕਿਹਾ ਸੀ ਬਾਣੀ ਪੜ੍ਹਨ ਨੂੰ ਭਾਈ। ਜੇ ਤੁਹਾਡੇ 'ਚ ਰਜ਼ਾ 'ਚ ਰਾਜ਼ੀ ਰਹਿਣ ਦੀ ਸ਼ਕਤੀ ਨਹੀਂ ਹੈ, ਤਾਂ ਤੁਸੀਂ ਗਲਤ ਪੈ ਗਏ। ਐਵੇਂ ਨਾ ਕਰੋ, ਤੁਹਾਡੇ ਕਰਮ ਮਾੜੇ ਸੀ, ਮਾੜੇ ਕਰਮਾਂ ਦਾ ਫਲ ਘਟ ਕੇ ਮਿਲ ਰਿਹਾ ਹੈ। ਸੋ ਰਜ਼ਾ ਵਿੱਚ ਰਾਜ਼ੀ, ਜੋ ਕੁਛ ਵਾਹਿਗੁਰੂ ਵਲੋਂ ਸੁੱਖ ਆਵੇ ਤਾਂ ਵੀ –

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ – 5***

ਦੁੱਖ ਤੇ ਸੁੱਖ ਨੂੰ ਦਾਤ ਸਮਝ –

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥***
***ਅੰਗ – 757***

ਗੁਰੂ ਪੰਜਵੇਂ ਪਾਤਸ਼ਾਹ ਨੂੰ ਇੱਕ ਗੁਰਸਿੱਖ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹੋ ਜਿਹੇ ਸਿੱਖ ਦੇ ਦਰਸ਼ਨ ਤਾਂ ਕਰਾ ਦਿਓ। ਮਹਾਰਾਜ ਕਹਿੰਦੇ ਐਸ ਤਰ੍ਹਾਂ ਕਰ ਗੁਜਰਾਤ ਚਲਿਆ ਜਾਹ, ਚਾਰ ਦਿਨ ਦੇ ਅੰਦਰ-ਅੰਦਰ। ਉਥੇ ਇੱਕ ਭਾਈ ਭਿਖਾਰੀ ਨਾਮ ਦਾ ਗੁਰਸਿੱਖ ਰਹਿੰਦਾ ਹੈ, ਉਥੇ ਤੈਨੂੰ ਸਭ ਗੱਲ ਸਮਝ 'ਚ ਆ ਜਾਏਗੀ। ਗੁਜਰਾਤ ਪਹੁੰਚ ਜਾਂਦਾ ਹੈ, ਉਥੇ ਕੀ ਦੇਖਦਾ ਹੈ ਕਿ ਭਾਈ ਭਿਖਾਰੀ ਆਪਣੀ ਬੈਠਕ 'ਚ ਬੈਠੇ ਹੋਏ ਇੱਕ ਤੱਪੜ ਗੱਠ ਰਹੇ ਨੇ ਤੇ ਇਹਦੇ ਨਾਲ ਬਚਨ ਵੀ ਕਰਦੇ ਨੇ ਤੇ ਆਪਣਾ ਕੰਮ ਵੀ ਕਰਦੇ ਨੇ ਤੇ ਨਾਲ ਨਿਗ੍ਹਾ ਲਾ ਕੇ ਦੇਖਦਾ ਹੈ, ਇੱਕ ਪੂਲਾ ਪਿਆ ਹੈ ਕਣਕ ਦਾ, ਨਾਲੀ ਦਾ, ਇੱਕ ਘੜਾ ਪਿਆ ਹੈ ਕੌਰਾ ਬਈ ਇਹ ਮਿਰਤਕ ਦਾ ਸਮਾਨ ਵੀ ਇੱਥੇ ਪਿਆ ਤੇ ਇੱਕ ਅਰਥੀ ਪਈ ਹੈ ਬਣਾਈ ਹੋਈ। ਉਸ ਵੇਲੇ ਨਹੀਂ ਪੁੱਛਿਆ, ਦੂਸਰੇ ਦਿਨ ਲੜਕੇ ਦੀ ਸ਼ਾਦੀ ਸੀ, ਵਿਆਹੁਣ ਜਾਂਦੇ ਨੇ ਤੇ ਇਹ ਵੀ ਨਾਲ ਚਲਿਆ ਗਿਆ। ਜਿਸ ਵਕਤ ਵਿਆਹ ਕੇ ਵਾਪਸ ਆਉਂਦੇ ਨੇ, ਮਾਂ ਪਾਣੀ ਵਾਰਨ ਵਾਸਤੇ ਦਰ ਵਿੱਚ ਖੜ੍ਹੀ ਹੈ, ਭੈਣਾਂ ਨੇ ਦਰਵਾਜ਼ਾ ਰੋਕਿਆ ਹੋਇਆ ਹੈ, ਬਈ ਵੀਰ ਨੂੰ ਲੰਘਣ ਤਾਂ ਦੇਣਾ ਹੈ ਜੇ ਸਾਡੀ ਮੰਗ ਪੂਰੀ ਕਰੇਗਾ। ਉਸ ਵੇਲੇ ਕੀ ਖਬਰ ਆਉਂਦੀ ਹੈ ਕਿ ਤੁਹਾਡਾ ਭਰਾ ਤਾਂ ਮਰ ਗਿਆ। ਮਾਂ ਨੂੰ ਖਬਰ ਆਉਂਦੀ

ਹੈ ਕਿ ਤੇਰਾ ਪੁੱਤਰ ਮਰ ਗਿਆ, ਹੁਣੇ ਇਹ ਪਿੰਡ ਦੀ ਜੂਹ 'ਚ ਆ ਕੇ। ਦਰਦ ਉੱਠਿਆ ਹੈ, ਉਸੇ ਵੇਲੇ ਕੁਰਹਾਮ ਮਚ ਗਿਆ ਘਰ ਵਿੱਚ। ਦਿਨ ਥੋੜ੍ਹਾ ਜਿਹਾ ਰਹਿੰਦਾ ਸੀ, ਭਾਈ ਭਿਖਾਰੀ ਨੇ ਤੱਪੜ ਲਿਆ ਕੇ ਵਿਛਾ ਦਿੱਤਾ, ਕਹਿੰਦੇ ਬਹਿ ਜਾਓ ਭਾਈ, ਰਿਸ਼ਤੇਦਾਰ ਤਾਂ ਸਾਰੇ ਆਏ ਹੋਏ ਓਂ। ਚਲੋ ਛੇਤੀ ਸਸਕਾਰ ਕਰ ਦੇਈਏ। ਛੇਤੀ ਇਸ਼ਨਾਨ ਕਰਾਓ ਇਹਦਾ। ਇਸ਼ਨਾਨ ਕਰਾਇਆ, ਸਸਕਾਰ ਕਰ ਦਿੱਤਾ। ਵਾਪਸ ਆਏ, ਕਹਿੰਦੇ ਭਾਈ ਗੁਰਮੁਖ ਰਹਿਰਾਸ ਸਾਹਿਬ ਦਾ ਪਾਠ ਨਹੀਂ ਅੱਜ ਹੋਇਆ, ਚਲੋ ਬੈਠ ਕੇ ਪਾਠ ਕਰੀਏ। ਹੈਰਾਨ ਹੈ ਕਿ ਇਹ ਕਿਹੜੀ ਮਿੱਟੀ ਦਾ ਬਣਿਆ ਹੋਇਆ ਹੈ, ਪੁੱਤਰ ਜਵਾਨ ਮਰ ਗਿਆ, ਨੂੰਹ ਘਰ ਵਿੱਚ ਆਈ ਹੈ ਤੇ ਅਜੇ ਕੰਗਣਾ ਵੀ ਨਹੀਂ ਖੋਲ੍ਹਿਆ ਉਸਦਾ ਬਈ ਹੋਇਆ ਕੀ, ਇਹਦੇ ਮਨ ਵਿੱਚ ਕੋਈ ਅਸਰ ਨਹੀਂ ਹੈ। ਕਹਿਣ ਲੱਗੇ, ਭਾਈ ਭਿਖਾਰੀ ਕਿ ਤੁਹਾਨੂੰ ਪਤਾ ਸੀ ਕਿ ਤੁਹਾਡਾ ਪੁੱਤਰ ਚੜ੍ਹਾਈ ਕਰ ਜਾਣਾ ਹੈ, ਪਤਾ ਸੀ ਨਾ? ਕਹਿੰਦੇ ਹਾਂ ਸਾਨੂੰ ਪਤਾ ਸੀ। ਕਹਿੰਦੇ, ਫੇਰ ਉਹਦਾ ਵਿਆਹ ਕਿਉਂ ਕਰਿਆ? ਕਹਿੰਦੇ, ਉਹਨੇ ਵਿਆਹ ਕਰਾ ਕੇ ਹੀ ਚੜ੍ਹਾਈ ਕਰਨਾ ਸੀ। ਵਿਆਹ ਹੋਣਾ ਹੀ ਸੀ ਇਸਦਾ ਤਾਂਹੀ ਚੜ੍ਹਾਈ ਕਰਨੀ ਸੀ। ਕਹਿੰਦੇ ਫੇਰ, ਗੁਰੂ ਮਹਾਰਾਜ ਤੋਂ ਇਹਦੀ ਉਮਰ ਮੰਗ ਲੈਂਦੇ? ਕਹਿੰਦੇ, ਫੇਰ ਨਹੀਂ ਸੀ ਜਾਣਾ, ਇਹ ਤਾਂ ਜਾਣਾ ਹੀ ਜਾਣਾ ਹੈ ਕੋਈ ਅੱਗੇ ਚਲਿਆ ਗਿਆ, ਕੋਈ ਪਿੱਛੇ। ਸੋ ਇਹਨੂੰ ਕਹਿੰਦੇ ਨੇ ਰਜ਼ਾ ਵਿੱਚ ਰਾਜ਼ੀ ਹੋਣਾ। ਦੂਸਰਾ ਗੁਣ ਹੋਇਆ ਕਰਦਾ ਹੈ ਨਾਮ ਜਪਣ ਵਾਲਿਆਂ 'ਚ। ਤੀਸਰਾ ਹੋਇਆ ਕਰਦਾ ਹੈ ਵਾਸ਼ਨਾਵਾਂ ਨੇ ਸਾਡੇ ਮਨ ਵਿੱਚ ਬਹੁਤ ਸਾਰੀਆਂ, ਹਰ ਵਕਤ ਅਸੀਂ ਵਾਸ਼ਨਾ 'ਚ ਰਹਿੰਦੇ ਹਾਂ, ਮੇਰਾ ਆਹ ਹੋ ਜਾਏ, ਮੇਰੀ ਕੋਠੀ ਬਣ ਜਾਏ, ਮੈਨੂੰ ਨੌਕਰੀ ਮਿਲ ਜਾਏ, ਮੇਰਾ ਪੈਸਾ ਜੁੜ ਜਾਏ। ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਨੇ ਇੱਕ ਤਾਂ ਹੈ ਪੁੱਤਰ ਵਾਸ਼ਨਾ, ਜਿਹਦੇ ਪੁੱਤਰ ਨਹੀਂ ਹੁੰਦਾ, ਉਹਨੂੰ ਪੁੱਛ ਕੇ ਦੇਖ ਲਓ, ਦਿਨ ਰਾਤ ਕੋਸ਼ਿਸ਼ਾਂ ਕਰਦਾ ਹੈ, ਕਿਤੋਂ ਖੈਰ ਪੈ ਜਾਵੇ, ਕਿਤੋਂ ਮਿਲ ਜਾਵੇ। ਮਾੜੇ ਤੋਂ ਮਾੜੇ ਕੰਮ ਕਰਨ ਨੂੰ ਵੀ ਤਿਆਰ ਹੈ ਕਿਤੇ ਮੱਥੇ ਟਿਕਾ ਲਓ, ਧਰਮ ਤੋਂ ਬੇਦੀਨ ਕਰ ਦਿਓ। ਕਿਉਂਕਿ ਵਾਸ਼ਨਾ ਨੇ ਉਹਦਾ ਮਨ ਬੰਨ ਲਿਆ। ਦੂਸਰੀ ਵਾਸ਼ਨਾ ਹੋਇਆ ਕਰਦੀ ਹੈ ਧਨ ਦੀ। ਧਨ ਦੀ ਵਾਸ਼ਨਾ 'ਚ ਸਾਰੇ ਫਸੇ ਹੋਏ ਕਿ ਬਹੁਤਾ ਧਨ ਹੋਣਾ ਚਾਹੀਦਾ ਹੈ, ਦਿਨ ਰਾਤ ਤੁਰੇ ਫਿਰਦੇ ਹਾਂ ਧਨ ਵਾਸਤੇ। ਤੀਸਰੀ ਵਾਸ਼ਨਾ ਹੋਇਆ ਕਰਦੀ ਹੈ, ਦੇਹ ਵਾਸ਼ਨਾ, ਦੇਹ ਨੂੰ ਸ਼ਿੰਗਾਰੀ ਜਾਣਾ, ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਣਾ। ਚੌਥੀ ਵਾਸ਼ਨਾ ਹੋਇਆ ਕਰਦੀ ਹੈ, ਲੋਕ ਵਾਸ਼ਨਾ। ਲੋਕ ਮੈਨੂੰ ਚੰਗਾ ਕਹਿਣ, ਵਿਆਹ 'ਤੇ ਚਾਹੇ ਕਰਜ਼ਾ ਲੈ ਕੇ ਖਰਚੇ ਕਿ ਮੇਰੀ ਲੋਕਾਂ 'ਚ ਮਹਿਮਾ ਹੋਵੇ, ਲੋਕ ਨਾ ਮੈਨੂੰ ਮਾੜਾ ਕਹਿ ਜਾਣ। ਲੇਕਿਨ ਅਸੂਲ ਇਹ ਹੈ ਕਿ ਲੋਕ ਤਾਂ ਨਾ ਕਿਸੇ ਨੂੰ ਚੰਗਾ ਕਹਿੰਦੇ ਨੇ ਸਾਰੇ, ਨਾ ਕਿਸੇ ਨੂੰ ਸਾਰੇ ਮਾੜਾ ਕਹਿੰਦੇ ਨੇ। ਮਾੜੇ ਕਹਿਣ ਵਾਲੇ ਵੀ ਓਨੇ ਹੀ, ਚੰਗਾ ਕਹਿਣ ਵਾਲੇ ਵੀ ਓਨੇ ਹੀ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਸੀਤਾ ਜੀ ਨੂੰ ਵਾਪਸ ਲੈ ਕੇ ਆਉਂਦੇ

ਨੇ ਤਾਂ ਇੱਕ ਧੋਬੀ ਦੇ ਬੋਲ ਮਾਰਨ ਤੇ ਸੀਤਾ ਜੀ ਨੂੰ ਪੰਜਾਬ ਵਿੱਚ ਛੱਡ ਗਏ ਅੰਮ੍ਰਿਤਸਰ ਕੋਲ, ਬਾਲਮੀਕ ਦੇ ਆਸ਼ਰਮ 'ਚ। ਪੂਰਬ ਵੱਲ ਗਏ ਦੌਰੇ ਤੇ ਦੋਵੇਂ ਰਾਏ ਭਰਾ। ਉਥੇ ਜਾ ਕੇ ਪਾਣੀ ਮੰਗਿਆ। ਇੱਕ ਕਿਸਾਨ ਹੈ ਉਹਨੇ ਗੋਡਿਆਂ ਤੱਕ ਬੂਟ ਪਾਏ ਹੋਏ ਨੇ ਚਮੜੇ ਦੇ, ਹਲ ਵਾਹ ਰਿਹਾ ਹੈ ਤੇ ਉਤੇ ਟੋਪ ਲਿਆ ਹੋਇਆ ਹੈ ਤਾਰਾਂ ਦਾ, ਕੋਟ ਪਾਇਆ ਹੋਇਆ ਹੈ ਤਾਰਾਂ ਦਾ। ਬਲਦਾਂ ਦੇ ਉਤੇ ਝੁੱਲ ਦਿੱਤੇ ਹੋਏ ਨੇ ਤਾਰਾਂ ਦੇ। ਬਲਦਾਂ ਦੇ ਪੈਰਾਂ 'ਚ ਪਾਏ ਹੋਏ ਨੇ ਚਮੜੇ ਦੇ ਫੁਟਲਸ। ਹੈਰਾਨ ਹੋ ਗਏ ਕਿ ਆਹ ਕਿਹੜੀ ਵਰਦੀ ਹੋਈ, ਗਰਮੀ ਦਾ ਮਹੀਨਾ ਹੈ ਇਹ ਕੀ ਕਰੀਂ ਫਿਰਦਾ ਹੈ ਕਿਸਾਨ। ਪਾਣੀ ਪਿਲਾਇਆ ਉਹਨੇ ਖੂਹ 'ਚੋਂ ਕੱਢ ਕੇ ਦੋਵਾਂ ਭਰਾਵਾਂ ਨੂੰ। ਉਸ ਤੋਂ ਬਾਅਦ ਕਹਿੰਦੇ ਐ ਕਿਸਾਨ! ਆਹ ਤੁਸੀਂ ਕੀ ਕਰਿਆ ਹੈ, ਕਹਿੰਦਾ ਮਹਾਰਾਜ ਇੱਥੇ ਇੱਕ ਬਿੱਛੂ ਹੈ, ਜੇ ਉਹ ਲੜ ਜਾਵੇ ਤਾਂ ਉਥੇ ਹੀ ਮਰ ਜਾਂਦਾ ਹੈ ਬੰਦਾ। ਇਸ ਕਰਕੇ ਅਸੀਂ ਚਮੜੇ ਦੇ ਬੂਟ ਪਾ ਕੇ ਰੱਖਦੇ ਹਾਂ ਗੋਡਿਆਂ ਤੱਕ, ਬਲਦਾਂ ਦੇ ਵੀ ਅਸੀਂ ਪਾਉਂਦੇ ਹਾਂ।

ਇਹ ਤਾਰਾਂ ਦੇ ਝੁੱਲ ਦਿੱਤੇ ਨੇ, ਕਹਿੰਦੇ ਇੱਥੇ ਪੰਛੀ ਹੈ ਇੱਕ, ਉਹ ਚੁੰਝ ਮਾਰਦਾ ਹੈ, ਐਨੀ ਚੁੰਝ ਤਿੱਖੀ ਹੈ ਕਿ ਮਾਸ ਕੱਢ ਕੇ ਲੈ ਜਾਂਦਾ ਹੈ। ਏਸ ਕਰਕੇ ਅਸੀਂ ਇਹ ਕਰਨਾ ਹੈ, ਉਹ ਕਹਿੰਦਾ ਕਿ ਫੇਰ ਐਹੋ ਜਿਹੀ ਜ਼ਮੀਨ ਦੇ ਵਿੱਚ ਰਹਿਣ ਦਾ ਕੀ ਫਾਇਦਾ, ਐਨਾ ਹਿੰਦੋਸਤਾਨ ਪਿਆ ਹੈ, ਤੂੰ ਇਹ ਜ਼ਮੀਨ ਛੱਡ ਕੇ ਹੋਰ ਥਾਂ ਲੈ ਲੈ। ਤੈਨੂੰ ਮੈਂ ਦੇ ਦਿੰਦਾ ਹਾਂ, ਲਛਮਣ ਨੇ ਕਿਹਾ। ਕਹਿੰਦਾ, ਜੀ ਵਾਹ ਜੀ ਵਾਹ ਤੁਸੀਂ ਮੈਨੂੰ ਰਾਮ ਚੰਦਰ ਹੀ ਸਮਝ ਲਿਆ, ਸੀਗੇ ਰਾਮ ਚੰਦਰ ਹੀ। ਕਹਿਣ ਲੱਗੇ, ਕਿਉਂ? ਕਹਿਣ ਲੱਗਿਆ ਕਿ ਕੋਈ ਆਪਣੀ ਇਸਤ੍ਰੀ ਨੂੰ ਛੱਡਦਾ ਹੈ ਤੇ ਜ਼ਮੀਨ ਨੂੰ ਵੀ ਕਦੇ ਕੋਈ ਛੱਡਦਾ ਹੈ। ਚਾਹੇ ਕਿਹੋ ਜਿਹੀ ਹੋਵੇ ਕੋਲ ਹੀ ਰੱਖਦਾ ਹੈ, ਕਹਿੰਦੇ ਕਿਉਂ ਲਛਮਣ, ਇੱਕ ਤਾਂ ਆਹ ਗੱਲ ਕਹਿੰਦੇ ਨੇ, ਇੱਕ ਆਹ ਕਹਿੰਦੇ ਨੇ। ਕਹਿੰਦੇ, ਹੁਣ ਦੱਸ। ਇਹਨੂੰ ਲੋਕ ਵਾਸ਼ਨਾ ਕਹਿੰਦੇ ਨੇ, ਲੋਕ ਵਾਸ਼ਨਾ 'ਚ ਕਦੇ ਕੋਈ ਪੂਰਾ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਸਾਸ਼ਤਰ ਵਾਸ਼ਨਾ ਹੁੰਦੀ ਹੈ, ਅੰਨੁਸ਼ਠਾਨ ਵਾਸ਼ਨਾ ਹੁੰਦੀ ਹੇ ਇਹ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰਕੇ ਇੱਕ ਵਾਸ਼ਨਾ ਰੱਖਣੀ ਹੈ ਕਿ ਮੇਰਾ ਅੰਮ੍ਰਿਤ ਵੇਲਾ ਨਾ ਲੰਘ ਜਾਵੇ, ਮੈਂ ਤਾਂ ਨਾਮ ਜਪ ਕੇ ਨਾਮ ਇਕੱਠਾ ਕਰਨਾ ਹੈ ਤੇ ਅੱਜ ਮੇਰਾ ਲੰਘਿਆ ਜਾ ਰਿਹਾ ਹੈ, ਵਾਸ਼ਨਾ ਹੋਵੇ ਪ੍ਰਬਲ, ਬਹੁਤੀਆਂ ਗੱਲਾਂ ਨਹੀਂ ਮੈਂ ਮਾਰਨੀਆਂ ਮੈਂ ਤਾਂ ਵਾਹਿਗੁਰੂ-ਵਾਹਿਗੁਰੂ ਕਰਕੇ ਨਾਮ ਦਾ ਧਨ ਇਕੱਠਾ ਕਰਨਾ ਹੈ। ਸੋ ਉਸ ਤੋਂ ਅੱਗੇ ਹੋਇਆ ਕਰਦਾ ਹੈ, ਪ੍ਰਭਤਾ ਦਾ ਤਿਆਗ, ਲੋਕ ਵਾਹਵਾ-ਵਾਹਵਾ ਕਹਿੰਦੇ ਨੇ, ਉਹਦਾ ਤਿਆਗ ਕਰ ਦੇਣਾ। ਕੋਈ ਬੁਰਾ ਕਹੋ, ਚਾਹੇ ਮਾੜਾ ਕਹੋ। ਫੇਰ ਨਿੰਦਿਆ ਤੇ ਉਸਤਤ ਦੋਹਾਂ ਦਾ ਤਿਆਗ ਕਰ ਦੇਣਾ। ਨਾ ਨਿੰਦਿਆ ਤੋਂ ਡਰਨਾ, ਨਾ ਉਸਤਤ ਕਰਾਉਣੀ। ਇਸੇ ਤਰ੍ਹਾਂ ਦੇ ਨਾਲ ਆਪਣਾ ਸਰਬੰਸ ਗੁਰੂ ਦੇ ਅਰਪਣ ਕਰ ਦੇਣਾ। ਆਪਣਾ ਸਰੀਰ ਵੀ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥***
***ਅੰਗ - 918***

ਇਹ ਗੱਲ ਸਾਰਿਆਂ ਨਾਲੋਂ ਔਖੀ ਹੈ ਸਾਧਸੰਗਤ ਜੀ! ਇਹ ਕਹਿਣੀ ਸੁਖਾਲੀ ਹੈ, ਕੋਈ ਵਿਰਲਾ ਸੂਰਮਾ ਹੈ ਜਿਹੜਾ ਇਹ ਚੀਜ਼, ਆਪਣਾ ਸਰਬੰਸ ਗੁਰੂ ਦੇ ਅਰਪਣ ਕਰ ਦੇਵੇ। ਕੋਈ-ਕੋਈ ਹੁੰਦਾ ਹੈ। ਸਿੱਖ ਸਾਰੇ ਨਹੀਂ ਹੋਇਆ ਕਰਦੇ। ਫੇਰ ਮੰਤਰ ਦੇ ਉਤੇ ਭਰੋਸਾ, ਜਿਹੜਾ ਮੰਤਰ ਦੇ ਦਿੱਤਾ ਪੰਜ ਪਿਆਰਿਆਂ ਨੇ ਇਹ ਨਹੀਂ ਕਿ ਇਹ ਮੰਤਰ ਨੂੰ ਛੱਡ ਕੇ ਫਲਾਣੇ ਥਾਉਂ ਜਾਓ। ਉਥੇ ਮਿਲਦਾ ਹੈ ਜੀ ਨਾਮ। ਨਾਮ ਤਾਂ ਤੁਹਾਡੇ ਅੰਦਰ ਹੈ, ਮੰਤਰ ਨੇ ਪ੍ਰਗਟ ਕਰਨਾ ਹੈ। ਸੋ ਜਿਹੜਾ ਵੀ ਮੰਤਰ ਮਿਲ ਗਿਆ ਉਸ ਦੇ ਉਤੇ ਪੂਰਾ ਭਰੋਸਾ ਕਰਨਾ, ਸਾਧਨ ਕਰਨਾ। ਫੇਰ ਸੇਵਾ ਦੀ ਲਗਨ, ਅਭਿਮਾਨ ਦਾ ਤਿਆਗ ਕਰਨਾ ਤੇ ਸ਼ੁਭ ਗੁਣ ਧਾਰਨੇ। ਫੇਰ ਮਨ ਵਿੱਚ ਦ੍ਰਿੜ੍ਹਤਾ ਹੋਣੀ, ਇਹ ਗੁਣ ਜਿਹਦੇ ਵਿੱਚ ਹੋਣ ਉਹ ਨਾਮ ਦਾ ਅਧਿਕਾਰੀ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ, ਭਾਈ ਤੀਰਥੇ! ਤੂੰ ਮੰਨਦਾ ਹੈਂ ਸਰਵਰ ਨੂੰ, ਤੇਰੇ ਘਰ ਵਿੱਚ ਮੁਕਾਮ ਹੈ, ਇਹ ਦੋ ਗੱਲਾਂ ਤਾਂ ਨਹੀਂ ਚੱਲਣੀਆਂ ਤੂੰ ਚੰਗਾ ਹੈ ਸਰਵਰੀਆਂ ਹੀ ਰਹਿ, ਤੇਰੀ ਲੋਕ ਨਿੰਦਿਆ ਕਰਨਗੇ। ਤੇਰੇ ਖਾਰ ਖਾਣਗੇ, ਕਹਿੰਦਾ ਮਹਾਰਾਜ! ਕੁਛ ਹੋ ਜਾਵੇ, ਮੈਨੂੰ ਤੁਸੀਂ ਨਾਮ ਦੇ ਦਿਓ। ਕਹਿੰਦੇ, ਨਾਮ ਲੈਣਾ ਹੈ ਤਾਂ ਉਹਨੂੰ ਢਾਹ ਕੇ ਆ ਮੁਕਾਮ ਨੂੰ। ਘਰ ਵਿੱਚ ਚਲਿਆ ਜਾਂਦਾ ਹੈ, ਕਹੀ ਚੁੱਕ ਲਈ। ਘਰਵਾਲੀ ਕਹਿਣ ਲੱਗੀ ਕੀ ਕਰਨ ਲੱਗਿਆ ਹੈਂ ਕਹਿੰਦਾ ਮੈਂ ਆਹ ਜਿਹੜਾ ਮੁਕਾਮ ਬਣਿਆ ਹੋਇਆ ਹੈ ਇਹ ਢਾਹ ਦੇਣਾ ਹੈ ਕਹਿੰਦੀ, ਸਾਰਾ ਪਿੰਡ ਆਉਂਦਾ ਹੈ ਜਦ ਖੇਲ੍ਹ ਪੈਂਦੀ ਹੈ, ਤੂੰ ਕੀ ਕਰਨ ਲੱਗ ਗਿਆ, ਲੋਕਾਂ 'ਚ ਬੜੀ ਭਾਰੀ ਬਦਨਾਮੀ ਹੋਏਗੀ। ਕਹਿੰਦਾ, ਜੋ ਹੋਣਾ ਹੈ ਹੋ ਜਾਏ। ਕਹੀ ਦਾ ਟੱਕ ਮਾਰਿਆ, ਢਾਹੁੰਣਾ ਸ਼ੁਰੂ ਕਰ ਦਿੰਦਾ ਹੈ। ਘਰਵਾਲੀ ਆਉਂਦੀ ਹੈ ਕਹੀ ਫੜਦੀ ਹੈ, ਮੋਢਿਆਂ ਤੋਂ ਫੜ ਕੇ ਹਟਾਉਂਦੀ ਹੈ, ਕਹਿੰਦਾ, ਹਟ ਜਾ ਪਾਸੇ। ਲੋਕ ਦੇਖਦੇ ਨੇ। ਕਹਿੰਦੇ, ਕਮਲਾ ਹੋ ਗਿਆ ਤੀਰਥਾ। ਢਾਹ ਦਿੱਤਾ, ਢਾਹ ਕੇ ਸਿੱਧਾ ਗੁਰੂ ਸਾਹਿਬ ਕੋਲ ਆਇਆ ਕਿਉਂਕਿ ਲਗਨ ਹੈ ਸਾਧਸੰਗਤ ਜੀ। ਸਾਰਿਆਂ 'ਚ ਨਹੀਂ ਇਹ ਲਗਨ ਹੋਇਆ ਕਰਦੀ। ਵਿਰਲਾ-ਵਿਰਲਾ ਪੁਰਸ਼ ਹੁੰਦਾ ਹੈ, ਤਾਂ ਹੀ ਨਾਮ ਰਹਿ ਗਿਆ ਨਾ ਉਹਦਾ। ਮਹਾਰਾਜ ਨੂੰ ਆ ਕੇ ਕਿਹਾ ਕਿ ਸੱਚੇ ਪਾਤਸ਼ਾਹ! ਮੈਂ ਢਾਹ ਆਇਆ। ਕਹਿੰਦੇ, ਫੇਰ ਤੇਰੀ ਮੁਕਾਲਫਤ ਹੋਈ? ਕਹਿੰਦੇ, ਮਹਾਰਾਜ! ਹੋਣੀ ਹੀ ਸੀ, ਪਰ ਮੈਂ ਨਹੀਂ ਇਤਬਾਰ ਕਰਦਾ, ਇੱਕ ਤੂੰ ਚਾਹੀਦਾ ਹੈਂ। ਤੂੰ ਨਾ ਮੇਰੇ ਨਾਲ ਨਰਾਜ਼ ਹੋਈਂ ਚਾਹੇ ਸਾਰਾ ਸੰਸਾਰ ਇੱਕ ਪਾਸੇ ਹੋ ਜਾਏ, ਮੇਰਾ ਗੁਰੂ ਮੇਰੇ ਵਲ ਹੋਵੇ। ਦ੍ਰਿੜ੍ਹ ਇਰਾਦਾ ਦੇਖ ਕੇ ਮਹਾਰਾਜ ਜੀ ਨੇ ਨਾਮ ਦੀ ਦਾਤ ਦੇ ਦਿੱਤੀ। ਉਸੇ ਵੇਲੇ ਉਸ ਨੇ ਨਾਮ ਜਪਣਾ ਸ਼ੁਰੂ ਕਰ ਦਿੱਤਾ। ਇਹ ਨਹੀਂ ਕਿ ਸਮਾਂ ਲਾਓ ਕਿ ਸਵੇਰੇ ਸ਼ੁਰੂ ਕਰਾਂਗੇ। ਨਾਮ ਤਾਂ ਉਸੇ ਵੇਲੇ ਸ਼ੁਰੂ ਕਰ ਦੇਈਦਾ ਹੈ, ਨਾਮ ਜਪਦਾ ਹੈ, ਨਾਮ ਰਸਨਾ ਨਾਲ ਜਪਿਆ ਜਾਂਦਾ ਹੈ ਪਹਿਲਾਂ। ਰਸਨਾ ਤੋਂ ਕੰਠ ਵਿੱਚ ਚਲਿਆ ਜਾਂਦਾ ਹੈ, ਦਸ ਗੁਣਾਂ ਫਲ ਵਧ ਜਾਂਦਾ ਹੈ। ਦਸ ਵਾਰੀ ਬੋਲ ਕੇ ਕੇ ਕਹੋ ਵਾਹਿਗੁਰੂ, ਕੰਠ ਵਿੱਚ ਚਿੱਤ ਨੂੰ

ਇਕਾਗਰ ਕਰਕੇ ਇੱਕ ਵਾਰੀ ਕਹੋ। ਹਿਰਦੇ 'ਚ ਚਲਿਆ ਜਾਂਦਾ ਹੈ, ਦਸ ਗੁਣਾਂ ਫਲ ਵੱਧ ਜਾਂਦਾ ਹੈ। ਸੌ ਵਾਰੀ ਬੋਲ ਕੇ ਕਹੋ, ਹਿਰਦੇ 'ਚ ਇੱਕ ਵਾਰੀ ਕਹੋ, ਨਾਭੀ 'ਚ ਚਲਿਆ ਜਾਂਦਾ ਹੈ, ਹਜ਼ਾਰ ਵਾਰੀ ਬੋਲ ਕੇ ਵਾਹਿਗੁਰੂ-ਵਾਹਿਗੁਰੂ ਕਹੋ ਤੇ ਇੱਕ ਵਾਰੀ ਉਥੇ ਕਹੋ, ਚਿੱਤ ਨੂੰ ਇਕਾਗਰ ਕਰਕੇ, ਫਲ ਬਰਾਬਰ ਹੋ ਜਾਇਆ ਕਰਦਾ ਹੈ, ਅਜੇ ਅਧਕ ਹੋਇਆ ਕਰਦਾ ਹੈ ਉਹਦਾ, ਇੱਥੇ ਤੱਕ ਬਾਣੀ ਜਾਂਦੀ ਹੈ, ਇਹਦੇ ਉਤੇ mental ਨਾਮ ਆ ਜਾਂਦਾ ਹੈ। ਮਾਨਸਿਕ ਨਾਮ ਉਹ ਆਗਿਆ ਚੱਕਰ, ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਇਸ ਥਾਂ ਦੇ ਉਤੇ ਅਨਹਦ ਸ਼ਬਦ ਦੀ ਮਦਦ ਦੇ ਨਾਲ, ਨਾਮ 'ਚ ਪੈ ਜਾਂਦਾ ਹੈ। ਤ੍ਰਿਕੁਟੀ 'ਚ ਨਾਮ ਜਪਿਆ ਜਾਂਦਾ ਹੈ, ਦਸਵੇਂ ਦੁਆਰ 'ਚ ਸੁਰਤ ਨੂੰ, ਸਵਾਸ ਨਹੀਂ ਅਸੀਂ ਚਾੜ੍ਹਦੇ, ਸੁਰਤ ਚਾੜ੍ਹਦੇ ਹਾਂ। ਸੁਰਤ ਦੇ ਨਾਲ ਨਾਮ ਜਪਿਆ ਜਾਂਦਾ ਹੈ। ਇਸ ਤਰ੍ਹਾਂ ਉਹਨੇ ਥੋੜ੍ਹੇ ਹੀ ਦਿਨਾਂ 'ਚ ਨਾਮ ਜਪਿਆ। ਬਹੁਤਾ ਸਮਾਂ ਨਹੀਂ ਲਾਇਆ, ਦ੍ਰਿੜ੍ਹ ਲਗਨ ਸੀ, ਲਗਨ ਹੋਣ ਕਰਕੇ ਨਾਮ ਵਧਦਾ ਹੀ ਚਲਿਆ ਗਿਆ। ਅਖੀਰ ਅਵਸਥਾ ਇਹ ਆ ਗਈ ਕਿ ਉਹਦੀ ਸਮਾਧੀ ਲਗ ਗਈ। ਰਸ ਵਿੱਚ ਆ ਗਿਆ, ਕਿਸੇ ਨਾਲ ਗੱਲ ਨਹੀਂ ਕਰਦਾ, ਹਰ ਵਕਤ ਦਿਨ ਰਾਤ ਸੇਵਾ ਕਰਦਾ ਹੈ, ਅੱਖਾਂ ਦੇ ਅੰਦਰ ਇੱਕ ਨਸ਼ਾ ਰਹਿੰਦਾ ਹੈ ਹਰ ਵਕਤ। ਮਸਤੀ ਰਹਿੰਦੀ ਹੈ ਸਾਰੇ ਸਰੀਰ ਦੇ ਅੰਦਰ ਤੇ ਕਿਸੇ ਰਸ ਦੇ ਵਿੱਚ ਮਖਮੂਰ ਰਹਿੰਦਾ ਹੈ, ਮਹਾਨ ਰਸ ਦੇ ਵਿੱਚ ਰਹਿੰਦਾ ਹੈ ਉਸ ਅਵਸਥਾ ਨੂੰ ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਨੈ।***

ਆਦਮੀ ਹੌਲੀ-ਹੌਲੀ ਤਰੱਕੀ ਕਰਦਾ-ਕਰਦਾ, ਸਮਾਧੀ ਵਿੱਚ ਚਲਿਆ ਜਾਂਦਾ ਹੈ। ਤਿੰਨ ਕਿਸਮ ਦੀ ਸਮਾਧੀ ਹੁੰਦੀ ਹੈ ਇੱਕ ਨੂੰ ਸਾਵਿਕਲਪ ਸਮਾਧੀ ਇੱਕ ਨਿਰਵਿਕਲਪ ਸਮਾਧੀ, ਇਹ ਸਹਿਜ ਸਮਾਧ ਜਿਹੜੀ ਅੱਖਾਂ ਖੁਲ੍ਹੀਆਂ ਨਾਲ ਹਰ ਵਕਤ ਲੱਗੀ ਰਹਿੰਦੀ ਹੈ -

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ ॥ ਅੰਗ - 106***

ਓਹੀ ਜਾਣਦਾ ਹੈ ਦੂਜਾ ਨਹੀਂ ਜਾਣਦਾ ਏਸ ਚੀਜ਼ ਨੂੰ ਕਿਉਂਕਿ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਅੰਗ - 1414***

ਦਸਵੇਂ ਆਕਾਸ਼ ਦੇ ਵਿੱਚ ਸੁਰਤ ਚੜ੍ਹ ਜਾਂਦੀ ਹੈ। ਦਸਵਾਂ ਦੁਆਰ ਜਿਹਨੂੰ ਕਹਿੰਦੇ ਨੇ। ਉਥੇ ਨਿਸ਼ਾਨੀ ਕੀ ਹੈ? ਕਹਿੰਦੇ -

***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਅੰਗ - 1414***

ਸੁੱਖਾਂ ਦਾ ਵਾਸਾ ਹੈ ਉਥੇ, ਅੰਮ੍ਰਿਤ ਨਾਮ ਦੀ ਧੁਨ ਉਠਦੀ ਹੈ ਉਥੋਂ -

***ਨਾਨਕ ਦੂਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - 1414***

ਦੁੱਖ ਸੁੱਖ ਤੋਂ ਉੱਚੀ ਅਵਸਥਾ ਹੋ ਜਾਇਆ ਕਰਦੀ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਜਦੋਂ ਖੁੱਲ੍ਹ ਗਿਆ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਅੰਗ - 954***

ਜਦੋਂ ਪ੍ਰਕਾਸ਼ ਹੋ ਗਿਆ ਫੇਰ ਦਿਸਦਾ ਕੀ ਹੈ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***
***ਅੰਗ - 954***

ਸਾਰਿਆਂ 'ਚ ਵਾਹਿਗੁਰੂ ਦਿਸਣ ਲੱਗ ਜਾਂਦਾ ਹੈ -

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਜਦੋਂ ਮਹਾਰਾਜ ਜੀ ਨੇ ਦੇਖਿਆ ਕਿ ਇਹ ਗੁਰਸਿੱਖ ਤਾਂ ਪੁੱਗ ਗਿਆ, ਪੀ.ਐਚ.ਡੀ ਕਰਨ ਵਾਲਾ ਹੋ ਗਿਆ, ਹੁਣ ਪੇਪਰ ਪਾਈਏ ਇਹਦੇ ਉਤੇ। ਪਰਚਾ ਪਾਈਏ, ਇਹਨੂੰ ਕੋਈ ਮੁਸ਼ਕਲ ਦੇਈਏ ਤਾਂਕਿ ਪਤਾ ਲਗ ਜਾਏ ਕਿ ਇਹ ਪਾਸ ਹੈ ਕਿ ਫੇਲ੍ਹ ਹੈ। ਗੁਰਮਤਿ ਦੇ ਅੰਦਰ ਸੌ ਦਾ ਸੌ ਨੰਬਰ ਲੈਣਾ ਪੈਂਦਾ ਹੈ। ਇਹ ਨਹੀਂ ਹੈ ਕਿ 33 ਨਾਲ ਪਾਸ ਹੋ ਜਾਏਗਾ। ਬੜਾ ਔਖਾ ਇਮਤਿਹਾਨ ਹੈ ਸਾਧਸੰਗਤ ਜੀ

ਗੁਰੂ ਮਹਾਰਾਜ ਜੀ ਨੇ ਇੱਕ ਦਿਨ ਬੁਲਾਇਆ, ਕਿਉਂਕਿ ਉਹ ਮੰਝਕੀ ਦੇ ਹੋਣ ਕਰਕੇ, ਸਾਰਿਆਂ ਨੇ ਉਸ ਦਾ ਨਾਉਂ ਤੀਰਥੇ ਦੀ ਥਾਂ 'ਤੇ, ਮੰਝ ਰੱਖ ਲਿਆ। ਕਹਿੰਦੇ, ਭਾਈ ਮੰਝ! ਹੁਣ ਤੂੰ ਐਸ ਤਰ੍ਹਾਂ ਕਰ ਘਰ ਜਾ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਆਪ ਦੇ ਦਰਸ਼ਨ ਬਿਨਾਂ ਰਹਿ ਨਹੀਂ ਸਕਦਾ। ਕਹਿੰਦੇ, ਅਸੀਂ ਸੁਨੇਹਾ ਭੇਜਾਂਗੇ, ਫੇਰ ਆ ਜਾਈਂ। ਜਿੰਨਾਂ ਚਿਰ ਅਸੀਂ ਸੁਨੇਹਾ ਨਹੀਂ ਭੇਜਦੇ, ਓਨਾਂ ਚਿਰ ਨਾ ਆਈਂ। ਹੁਣ ਇਹ ਅਵਸਥਾ ਗੁਰਸਿੱਖ ਵਾਸਤੇ ਬਹੁਤ ਔਖੀ ਹੈ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾਂ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***
***ਅੰਗ - 708***

ਮੱਛੀ ਨੂੰ ਪਾਣੀ ਤੋਂ ਬਗੈਰ ਜੀਉਣਾ ਔਖਾ ਹੋ ਜਾਂਦਾ ਹੈ। ਗੁਰਸਿੱਖ ਨੂੰ ਗੁਰੂ ਦੇ ਦਰਸ਼ਨਾਂ ਤੋਂ ਬਗੈਰ ਜੀਉਣਾ ਔਖਾ ਹੋ ਜਾਂਦਾ ਹੈ। ਰਜ਼ਾ ਸਿਰ

'ਤੇ ਮੰਨੀ, ਹੁਕਮ ਮੰਨਿਆ। ਕਿਉਂਕਿ –

***ਆਗਿਆ ਸਮ ਨਹੀ ਸਾਹਿਬ ਸੇਵਾ।***

ਘਰ ਆ ਜਾਂਦਾ ਹੈ, ਆਉਂਦੇ ਸਾਰ, ਕੀ ਹੋਣ ਲੱਗ ਗਿਆ, ਰੋਜ਼ ਇੱਕ ਡੰਗਰ ਮਰ ਜਾਇਆ ਕਰੇ। ਚੌਧਰੀ ਸੀ ਬਹੁਤ ਵੱਡਾ। ਖੁਰਲੀਆਂ ਭਰੀਆਂ ਪਈਆਂ ਸੀ ਪਸ਼ੂਆਂ ਨਾਲ। ਵੱਡੀਆਂ ਲਵੇਰੀਆਂ ਦੁੱਧ ਦੇਣ ਵਾਲੀਆਂ, ਬਲਦ ਦੇਖਣ ਵਾਲੇ, ਦੂਰ-ਦੂਰ ਤੋਂ ਲਿਆ ਕੇ ਨਸਲਾਂ ਪਾਲੀਆਂ ਹੋਈਆਂ। ਰੋਜ਼ ਮਰ ਜਾਂਦੀ ਹੈ, ਕਦੇ ਮੱਝ ਮਰ ਗਈ, ਕਦੇ ਬੈੱਲ ਮਰ ਗਿਆ। ਹੁੰਦੇ-ਹੁੰਦੇ ਸਾਰਾ ਹੀ ਜਿੰਨਾਂ ਸਮਾਨ ਸੀ ਬਰਬਾਦ ਹੋਣ ਲੱਗ ਗਿਆ। ਪਿੰਡ ਨੇ ਇਕੱਠ ਕਰਿਆ, ਇਲਾਕੇ ਨੇ ਇਕੱਠ ਕਰਿਆ, ਕਹਿਣ ਲੱਗੇ ਦੇਖੋ, ਇਹਨੇ ਪੀਰ ਨੂੰ ਕਰ ਲਿਆ ਨਰਾਜ਼, ਹੁਣ ਇਹਦੇ ਨਾਲ ਸਾਡਾ ਕੋਈ ਤੁਅੱਲਕ ਨਹੀਂ। ਮਤਾ ਪਾਸ ਕਰ ਦਿੱਤਾ ਸਾਰਿਆਂ ਨੇ ਕਿ ਜੇ ਇਹ ਪਿੰਡ ਦੇ ਵਿੱਚ ਰਹਿ ਗਿਆ, ਪਿੰਡ ਦੇ ਉਤੇ ਪਤਾ ਨਹੀਂ ਪੀਰ ਕੀ ਕਹਿਰ ਲਿਆ ਦਏਗਾ ਤੇ ਚੰਗਾ ਹੈ ਇਹਨੂੰ ਪਿੰਡ 'ਚੋਂ ਕੱਢ ਦੇਈਏ। ਜ਼ਮੀਨ ਖੋਹ ਲਈ ਸਾਰੀ।

***ਛੀਨ ਲੀਨ ਗ੍ਰਿਹ ਧਨ ਸਰਦਾਰੀ***
***ਸਰਬ ਸਰੀਕਨ ਦੀਨ ਨਿਕਾਰੀ।***

ਪਿੰਡ ਤੋਂ ਕੱਢ ਦਿੱਤਾ। ਡੋਲਦਾ ਨਹੀਂ ਹੈ, ਘਰਵਾਲੀ ਨੂੰ ਵੀ ਵਾਹਿਗੁਰੂ ਨੇ ਸੁਮੱਤ ਦੇ ਦਿੱਤੀ। ਇੱਕ ਲੜਕੀ ਸੀ ਉਹਨੂੰ ਵੀ ਸੁਮੱਤ ਦੇ ਦਿੱਤੀ। ਕੁਛ ਸੁਰਤੀ ਉਨ੍ਹਾਂ ਦੀ ਵੀ ਉੱਚੀ ਹੋ ਗਈ, ਗੁਰੂ ਮਹਾਰਾਜ ਨਾਲ ਪਿਆਰ ਪੈ ਗਿਆ। ਲੇਕਿਨ ਇੱਕ ਗ੍ਰਿਹਸਤੀ ਵਾਸਤੇ ਬਹੁਤ ਵੱਡੀ clamity ਹੈ ਸਭ ਕੁਛ ਬਣਿਆ ਬਣਾਇਆ ਜੇ ਉਹਦਾ ਚਲਿਆ ਜਾਵੇ। ਫੇਰ ਵੱਡੀ ਸਰਦਾਰੀ ਜਾਂਦੀ ਰਹੀ। ਕੋਈ ਚੀਜ਼ ਨਹੀਂ ਰਹੀ, ਅਖੀਰ ਸਰੀਕਾਂ ਨੇ ਇਕੱਠਿਆਂ ਹੋ ਕੇ ਕੱਢ ਦਿੱਤਾ।

ਤਿੰਨ ਤਰ੍ਹਾਂ ਦੇ ਮੁਰੀਦ ਹੋਇਆ ਕਰਦੇ ਨੇ। ਮੁਰੀਦ, ਮੁਰੀਦ-ਏ-ਸਾਦਕ, ਮੁਰੀਦ-ਏ-ਫਿਦਾਈ; ਸਿੱਖ, ਸਿਦਕੀ ਸਿੱਖ, ਮਰਜੀਵੜੇ ਸਿੱਖ।ਇੱਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਕੋਲ ਸਵਾਲ ਕਰਿਆ ਪਾਤਸ਼ਾਹ! ਇਹ ਸਾਰੇ ਸਿੱਖਾਂ ਦੇ ਉਤੇ ਇੱਕੋ ਜਿਹਾ ਅਸਰ ਕਿਉਂ ਨਹੀਂ ਹੁੰਦਾ।

ਮਹਾਰਾਜ ਕਹਿੰਦੇ, ਭਾਈ! ਦਰਜਿਆਂ 'ਚ ਫਰਕ ਹੈ।

ਕਹਿੰਦੇ ਕਿਵੇਂ ਮਹਾਰਾਜ?

ਕਹਿੰਦੇ, ਇੱਕ ਤਾਂ ਸਿੱਖੀ ਹੈਗੀ ਭੇਖ ਦੀ, ਸੋਹਣੀ ਲਗਦੀ ਹੈ ਕਿਰਪਾਨ ਪਾਈ ਹੋਈ, ਦਸਤਾਰਾ ਸਜਦਾ ਹੈ, ਕਹਿੰਦੇ ਉਹ ਵੀ ਭੇਖ ਧਾਰਨ ਕਰ ਲੈਂਦਾ ਹੈ ਕਿ ਲੋਕ ਮੈਨੂੰ ਵੀ ਫਤਹਿ ਬੁਲਾਉਣਗੇ ਜੇ ਉਹਨੂੰ ਬੁਲਾਉਂਦੇ ਨੇ। ਮੈਨੂੰ ਨਿਗੁਰਾ-ਨਿਗੁਰਾ ਤਾਂ ਨਹੀਂ ਨਾ ਕਹਿਣਗੇ। ਦੂਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਕੋਈ ਮਤਲਬ ਧਾਰ ਕੇ ਸਿੱਖੀ ਧਾਰਨ ਕਰ ਲੈਣੀ ਕਿ ਜੇ ਮੈਂ ਸਿੱਖ ਬਣ ਗਿਆ ਮੇਰੀ ਦੁਕਾਨ ਬਹੁਤ ਵਧੀਆ ਚੱਲੇਗੀ। ਸਾਰੇ ਮੇਰੇ ਹੀ ਗਾਹਕ ਬਣਨਗੇ ਆ ਕੇ। ਇੱਕ ਹੋਇਆ ਕਰਦੀ ਹੈ ਸਿੱਖੀ

ਪਿੱਛੇ ਮੁੜ-ਮੁੜ ਦੇਖਦੀ। ਬਣ ਤਾਂ ਗਿਆ, ਲੇਕਿਨ ਜਿਹੜੀਆਂ ਪਿਛਲੀਆਂ ਮਾੜੀਆਂ ਆਦਤਾਂ ਸ਼ਰਾਬ ਵਗੈਰਾ ਪੀਣੀ ਯਾਦ ਆਉਂਦੀ ਹੈ ਜਦੋਂ ਮੀਂਹ ਪੈਂਦਾ ਹੈ, ਠੰਢੀ-ਠੰਢੀ ਹਵਾ ਚਲਦੀ ਹੈ, ਜੀਅ ਕਰਦਾ ਹੈ, ਫੇਰ ਪਿੱਛੇ ਨੂੰ ਝਾਕਦੀ ਹੈ। ਅੱਗੇ ਨਹੀਂ ਵਧਦੀ, ਪਿੱਛੇ ਨੂੰ ਗਿਰਨ ਵਾਸਤੇ ਸੋਚਦੀ ਹੈ, ਵਿਆਹ ਚਲਿਆ ਗਿਆ। ਸਾਰੇ ਪੀਂਦੇ ਨੇ, ਮਾੜਾ ਜਿਹਾ ਹੀ ਕਹਿਣ ਦੀ ਲੋੜ ਹੈ ਉਹਨੂੰ, ਆ ਜਾ ਭਾਈ, ਤੂੰ ਕਾਹਤੋਂ ਸਾਡੇ ਤੋਂ ਅੱਡ ਹੋਇਆ ਬੈਠਾ ਹੈਂ, ਜਦੇ ਹੀ ਗਿਰ ਜਾਏਗਾ। ਕਹਿੰਦੇ, ਚੌਥੀ ਹੁੰਦੀ ਹੈ ਸਿਦਕ ਦੀ, ਪੰਜਵੀਂ ਹੁੰਦੀ ਹੈ ਭਾਵਨੀ ਦੀ। ਕਹਿੰਦੇ, ਪਤਾ ਕਿਵੇਂ ਲੱਗੇ ਮਹਾਰਾਜ! ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਸੀ। ਮਹਾਰਾਜ ਕਹਿੰਦੇ ਐਸ ਤਰ੍ਹਾਂ ਕਰੋ, ਭਾਈ ਸਿੰਘੋ! ਸਾਡੀ ਆਗਿਆ ਤੋਂ ਬਗੈਰ ਕੋਈ ਵੀ ਆਪਣੇ ਘਰਾਂ ਨੂੰ ਨਾ ਜਾਵੇ। ਪਹਿਰੇ ਲਾ ਦਿੱਤੇ ਗਏ, ਕੋਈ ਨਾ ਜਾਵੇ। ਪੰਜ ਚਾਰ ਦਿਨ ਤਾਂ ਸਾਰੇ ਠਹਿਰੇ, ਫੇਰ ਗੱਲਾਂ ਕਰਨ ਲੱਗ ਗਏ ਕਿ ਇਹ ਕੀ ਗੱਲ ਗੁਰੂ ਸਾਹਿਬ ਦੇ ਅਸੀਂ ਆਏ ਹਾਂ, ਇਨ੍ਹਾਂ ਨੂੰ ਪਤਾ ਹੀ ਨਹੀਂ, ਸਾਡੇ ਤਾਂ ਡੰਗਰ ਭੁੱਖੇ ਮਰ ਜਾਣਗੇ ਤੇ ਦੂਰ-ਦੂਰ ਤੋਂ ਅਸੀਂ ਆਏ ਹਾਂ, ਕੋਈ ਬਠਿੰਡੇ ਤੋਂ ਆਇਆ ਹੈ, ਕੋਈ ਫਰੀਦਕੋਟ ਤੋਂ ਆਇਆ ਹੈ, ਕੋਈ ਕਿਤੋਂ ਆਇਆ, ਅਨੰਦਪੁਰ ਸਾਹਿਬ ਇਕੱਠੇ ਹੋਏ ਨੇ। ਬਈ ਹੋਊ ਕੀ ਇਹ ਚੀਜ਼। ਕਿੰਨੇ ਦਿਨ ਸਾਡੇ ਜਾਣ ਨੂੰ ਲੱਗਣੇ ਨੇ, ਸਾਨੂੰ ਇੱਥੋਂ ਹੀ ਨਹੀਂ ਜਾਣ ਦਿੰਦੇ। ਪੰਦਰਾਂ ਦਿਨ ਲੰਘ ਗਏ ਸਾਧਸੰਗਤ ਜੀ! ਕਾਹਲੀ ਪੈ ਗਈ ਸੰਗਤ ਵਿਸ਼ਵਾਸ਼ ਟੁੱਟ ਗਿਆ। ਗੁਰੂ ਨੂੰ ਹੁਣ ਅੰਤਰਜਾਮੀ ਨਹੀਂ ਸਮਝਦੇ। ਇੱਕ ਕਹਿਣ ਲੱਗਿਆ ਕਿ ਮੈਂ ਤੁਹਾਨੂੰ ਜੁਗਤ ਦਸਦਾ ਹਾਂ, ਡੇਢ ਸੌ ਬੰਦਾ ਇਕੱਠਾ ਹੋ ਗਿਆ ਇੱਕ ਪਾਸੇ, ਕਹਿੰਦਾ ਪਹਿਲਾਂ ਤਾ ਸਹੁੰ ਖਾਓ ਕਿ ਦੱਸੋਂਗੇ ਨਹੀਂ ਇਹ ਗੱਲ। ਕਹਿੰਦੇ, ਨਾ ਅਸੀਂ ਨਹੀਂ ਦਸਦੇ, ਕਹਿੰਦਾ ਛੁਟਕਾਰਾ ਤੁਹਾਡਾ ਮੈਂ ਕਰਾ ਦਊਂਗਾ।

ਕਹਿੰਦੇ, ਕਿਵੇਂ?

ਕਹਿੰਦਾ, ਮੈਨੂੰ ਸਾਹ ਖਿੱਚਣਾ ਆਉਂਦਾ ਹੈ। ਕਹਿੰਦਾ, ਮੈਂ ਸਾਹ ਖਿੱਚ ਲੈਂਦਾ ਹਾਂ, ਤੁਸੀਂ ਮੈਨੂੰ ਪਾ ਦਿਓ ਅਰਥੀ 'ਤੇ। ਨਾਸਾਂ ਦੇ ਨਾਲ ਮੇਰੇ ਰੂੰਈ ਲਾ ਕੇ ਦੇਖੋ, ਜੇ ਕਦੇ ਵੀ ਹਿੱਲ ਜਾਵੇ, ਲੰਮਾ ਸਾਹ ਹੈ ਪਲਟ ਲੈਂਦਾ ਹਾਂ ਮੈਂ ਅੰਦਰ ਹੀ ਅੰਦਰ। ਦੇਖ ਲਿਆ, ਕਹਿੰਦੇ ਠੀਕ ਹੈ। ਮੁਰਦੇ ਦਾ ਸਾਂਗ ਬਣਾ ਲਿਆ, ਅਰਥੀ 'ਤੇ ਪਾ ਲਿਆ ਤੇ ਸ਼ਬਦ ਪੜ੍ਹਦੇ ਹੋਏ ਗੁਰੂ ਸਾਹਿਬ ਦੇ ਮੂਹਰੇ ਦੀ ਲੰਘਦੇ ਨੇ। ਮਹਾਰਾਜ ਕਹਿੰਦੇ, ਕੀ ਗੱਲ ਭਾਈ? ਕਹਿੰਦੇ, ਸੱਚੇ ਪਾਤਸ਼ਾਹ! ਇਹ ਬੜੀ ਦੂਰੋਂ ਸਿੱਖ ਆਇਆ ਸੀ, ਰਾਜਸਥਾਨ ਵਲੋਂ ਆਇਆ ਸੀ ਤੇ ਪਰਿਵਾਰ ਵਿਚਾਰੇ ਦਾ ਛੋਟਾ-ਛੋਟਾ ਹੈ, ਇੱਥੇ ਆ ਕੇ ਚੜ੍ਹਾਈ ਕਰ ਗਿਆ, ਤੇ ਹੁਣ ਇਹ ਸਿੱਖ ਸਸਕਾਰ ਕਰਨ ਵਾਸਤੇ ਜਾ ਰਹੇ ਨੇ। ਉਨ੍ਹਾਂ ਦਾ ਕੀ ਸੀ ਕਿ ਇਹਨੂੰ ਇੱਕ ਵਾਰੀ ਕੱਢ ਲਈਏ, ਜਿੱਥੇ ਤੱਕ ਪਹਿਰਾ ਹੈ, ਉਸ ਤੋਂ ਅਗਾਹਾਂ ਫੇਰ ਕਿਹੜਾ ਅਸੀਂ ਚੁੱਕਣਾ ਹੈ, ਇੰਤਜ਼ਾਮ ਕਰਿਆ ਹੋਇਆ ਸੀ। ਮਹਾਰਾਜ ਕਹਿੰਦੇ, ਭਾਈ! ਐਡੀ ਦੂਰ ਕਾਹਨੂੰ ਸਸਕਾਰ ਕਰਨ ਲਿਜਾਂਦੇ ਓਂ, ਲਿਆਓ ਇੱਥੇ ਹੀ ਕਰ ਦਿੰਦੇ ਹਾਂ।

ਫੂਸ ਇਕੱਠਾ ਕਰਾ ਲਿਆ, ਕਹਿੰਦੇ ਇੱਥੇ ਰੱਖ ਦਿਓ ਅਰਥੀ। ਅਰਥੀ ਰੱਖ ਦਿੱਤੀ ਤੇ ਓਧਰਲੇ ਪਾਸਿਓਂ ਲਾਂਗਰੀ ਸਿੰਘ ਨੂੰ ਕਹਿੰਦੇ ਲਿਆ, ਜਲਦੀ-ਜਲਦੀ ਲੱਕੜ, ਸੁਣੀ ਜਾਂਦਾ ਹੈ ਕਿ ਆਹ ਕੀ ਬਣਿਆ ਹੈ ਹੁਣ, ਬਈ ਮੇਰੇ ਆਲੇ ਦੁਆਲੇ ਸਾਰੇ ਖੜ੍ਹੇ ਨੇ, ਮੈਂ ਸੱਚੀਓਂ ਤਾਂ ਨਹੀਂ ਜਲਣਾ। ਉਹ ਜਦੋਂ ਘਾਹ ਨੂੰ ਅੱਗ ਲੱਗੀ ਤਾਂ ਲੱਗੀ ਤਿੜ-ਤਿੜ ਕਰਨ ਤਾਂ ਸੇਕ ਜਿਹਾ ਲੱਗਣ ਲੱਗਿਆ, ਰੱਸੀਆਂ ਜਿਹੀਆਂ ਤੋੜ ਕੇ ਕੱਚਾ ਹੀ ਬਾਣ ਹੁੰਦਾ ਹੈ, ਬਾਣ ਤੋੜਿਆ ਤੇ ਛਾਲ ਮਾਰ ਕੇ ਨੱਠ ਲਿਆ। ਮਹਾਰਾਜ ਨੇ ਤਾਲੀ ਮਾਰ ਦਿੱਤੀ ਕਹਿੰਦੇ, ਦੇਖੋ ਤੁਹਾਡਾ ਮੁਰਦਾ ਸਣੇ ਦੇਹ ਸਚਖੰਡ ਨੂੰ ਦੌੜਿਆ ਜਾ ਰਿਹਾ ਹੈ। ਕਹਿੰਦੇ, ਲਿਆਓ, ਫੜ ਕੇ। ਫੜ ਲਿਆਂਦਾ ਕਹਿੰਦੇ ਗੁਰਸਿੱਖੋ! ਆਹ ਕੀ ਗੱਲ। ਕਹਿੰਦੇ, ਸੱਚੇ ਪਾਤਸ਼ਾਹ! ਦਿਨ ਬਹੁਤ ਹੋ ਗਏ, ਕੁਛ ਤਾਂ ਅਸੀਂ ਕਰਨਾ ਹੀ ਸੀ। ਮਹਾਰਾਜ ਕਹਿੰਦੇ, ਆਹ ਜਿਹੜੀ ਸਿੱਖੀ ਹੈ, ਇਹ ਭੇਖ ਦੀ, ਪਿੱਛੇ ਮੁੜ-ਮੁੜ ਦੇਖਦੀ ਤੇ ਹਿਰਸ ਦੀ ਹੈ। ਜਿਹੜੀ ਸਿੱਖੀ ਹੁੰਦੀ ਹੈ ਸਿਦਕ ਦੀ, ਉਹ ਤਾਂ ਮੇਰਾ ਸਿਰ ਚਲਿਆ ਜਾਵੇ ਬੇਸ਼ੱਕ ਪਰ ਸਿਦਕ ਨਾ ਜਾਵੇ। ਸਿਰ ਨੂੰ ਨਹੀਂ ਉਹ ਕੁਛ ਸਮਝਿਆ ਕਰਦਾ। ਭਾਈ ਡੱਲਾ ਤੁਹਾਡੇ ਦਮਦਮੇ ਸਾਹਿਬ, ਇੱਥੇ ਬਹੁਤ ਸੇਵਾ ਕਰੀ, ਗੁਰੂ ਮਹਾਰਾਜ ਦੀ ਨੌਂ ਮਹੀਨੇ ਗੁਰੂ ਸਾਹਿਬ ਰਹੇ ਇੱਥੇ। ਨੌਂ ਮਹੀਨੇ ਨੌਂ ਦਿਨ। ਇੱਕ ਦਿਨ ਮਹਾਰਾਜ ਨੇ ਆਵਾਜ਼ ਦਿੱਤੀ ਭਾਈ! ਕੌਣ ਹੈ ਪਹਿਰੇ 'ਤੇ। ਕਹਿੰਦਾ, ਜੀ ਮੈਂ ਡੱਲਾ, ਫੇਰ ਆਵਾਜ਼ ਦਿੱਤੀ, ਦੋ ਘੰਟੇ ਬਾਅਦ, ਕੌਣ ਹੈ ਪਹਿਰੇ 'ਤੇ, ਕਹਿੰਦਾ ਜੀ ਮੈਂ ਡੱਲਾ। ਸਾਰੀ ਰਾਤ ਖੜ੍ਹਾ ਰਿਹਾ। ਅੰਮ੍ਰਿਤ ਵੇਲੇ ਮਹਾਰਾਜ ਕਹਿਣ ਲੱਗੇ, ਡੱਲਿਆ! ਸਾਡੇ ਕੋਲ ਆਈਂ ਅੱਜ। ਇਸ਼ਨਾਨ ਵਗੈਰਾ ਕਰਕੇ, ਜਦੋਂ ਦਿਨ ਚੜ੍ਹਿਆ, ਮਹਾਰਾਜ ਕੋਲ ਆ ਗਿਆ, ਕਹਿੰਦਾ, ਸੱਚੇ ਪਾਤਸ਼ਾਹ! ਆਪ ਨੇ ਹੁਕਮ ਕਰਿਆ ਸੀ। ਕਹਿੰਦੇ, ਡੱਲਿਆ! ਤੇਰੀ ਸੇਵਾ 'ਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ। ਮੰਗ ਕੀ ਮੰਗਦਾ ਹੈਂ। ਕਹਿੰਦਾ, ਸੱਚੇ ਪਾਤਸ਼ਾਹ! ਮੰਗਣਾ ਮੈਂ ਕੀ ਹੈ, ਮੈਨੂੰ ਆਪਣੀ ਦਰਗਾਹ 'ਚ ਪੀੜ੍ਹੀ ਜੋਗਾ ਥਾਉਂ ਦੇ ਦਿਓ। ਮਹਾਰਾਜ ਕਹਿੰਦੇ, ਇਹ ਤਾਂ ਨਹੀਂ ਹੋ ਸਕਦਾ, ਤੂੰ ਅਜੇ ਸਿੱਖ ਹੀ ਨਹੀਂ ਬਣਿਆ। ਉਹ ਥਾਂ ਤਾਂ ਸਿੱਖਾਂ ਵਾਸਤੇ reserve ਹੈ, ਤੈਨੂੰ ਨਹੀਂ ਮਿਲ ਸਕਦਾ। ਇਸ ਤਰ੍ਹਾਂ ਸੇਵਾ ਕਰਦੇ-ਕਰਦੇ ਇੱਕ ਦਿਨ ਇਹ ਗੱਲ ਕਹੀ ਉਹਨੇ, ਕਹਿੰਦਾ, ਸੱਚੇ ਪਾਤਸ਼ਾਹ! ਸਾਹਿਬਜ਼ਾਦੇ ਸ਼ਹੀਦ ਹੋ ਗਏ ਉਥੇ, ਕਿੰਨੇ ਸਿੰਘ ਸ਼ਹੀਦ ਹੋ ਗਏ, ਮੇਰੇ ਦੇਖੋ ਕਿੱਡੇ ਛਾਤੀਆਂ 45 ਇੰਚ ਤੋਂ ਘੱਟ ਕਿਸੇ ਬਰਾੜ ਦੀ ਛਾਤੀ ਨਹੀਂ ਘੱਟ ਹੈ। ਇਸੇ ਕਰਕੇ ਮਹਾਰਾਜ ਨੇ ਕਿਹਾ ਸੀ - ਈਂ ਕੌਮ ਬਰਾੜਾਂ, ਇਹ ਬਰਾੜਾਂ ਦੀ ਕੌਮ ਮੇਰੀ ਸਿੱਖੀ ਵਿੱਚ ਹੈ। ਐ ਅਰੌਂਗਜ਼ੇਬ ਤੂੰ ਮੇਰੇ ਕੋਲ ਆ, ਤੈਨੂੰ ਕੁਛ ਨਹੀਂ ਕਹਿਣਗੇ, ਡਰਦੇ ਆਇਆ ਨਹੀਂ ਸੀ ਕਰਦੇ ਇਸ ਇਲਾਕੇ 'ਚ ਜਿੱਥੇ ਆਪਾਂ ਬੈਠੇ ਹਾਂ, ਫੌਜ ਨਹੀਂ ਸੀ ਇੱਥੇ ਚੜ੍ਹਿਆ ਕਰਦੀ। ਇਲਾਕਾ ਹੋਰ ਤਰ੍ਹਾਂ ਦਾ ਸੀ ਤਾਂ ਉਸ ਵੇਲੇ ਮਹਾਰਾਜ ਨੇ ਸੁਣ ਲਿਆ। ਮਹਾਰਾਜ ਕਹਿਣ ਲੱਗੇ, ਭਾਈ ਡੱਲਿਆ! ਇਹ ਦਿਲ ਦੀ ਗੱਲ ਹੁੰਦੀ ਹੈ, ਕੱਦ ਦੀ ਬਾਤ ਨਹੀਂ ਹੁੰਦੀ। ਕਹਿੰਦਾ ਮਹਾਰਾਜ! ਦੇਖੋ, ਮੇਰਾ ਜੁਆਨ ਜੇ ਤਲਵਾਰ ਚਲਾਵੇ, ਜੁਆਨ ਦੇ ਮੋਢੇ ਤੋਂ ਲੈ ਕੇ ਘੋੜੇ ਦੀ ਕਾਠੀ ਵੱਢ ਕੇ

ਧਰਤੀ 'ਚ ਚਲੀ ਜਾਏਗੀ ਤਲਵਾਰ। ਐਨਾ-ਐਨਾ ਬਲ ਹੈ ਇਨ੍ਹਾਂ 'ਚ। ਮਹਾਰਾਜ ਕਹਿੰਦੇ ਕੋਈ ਨਾ ਇਹ ਕਿਸੇ ਦਿਨ ਦੇਖਾਂਗੇ। ਫੇਰ ਮਹਾਰਾਜ ਨੇ ਕਿਹਾ ਕਿ ਡੱਲਿਆ! ਸਿਦਕ ਦੀ ਗੱਲ ਹੈ, ਸਿਦਕ ਤੋਂ ਹੀਣੇ ਨੇ ਇਹ। ਸਿਦਕ ਤੋਂ ਹੌਲੇ ਨੇ, ਭਾਈ ਦਾਨ ਸਿੰਘ ਨਾਲ ਸੀ ਮਹਾਰਾਜ ਦੇ। ਜਦੋਂ ਆਹ ਦਮਦਮੇ ਸਾਹਿਬ 'ਚ ਦਾਖਲ ਹੋਣ ਲੱਗੇ ਤਲਵੰਡੀ ਦੀ ਜੂਹ 'ਚ, ਮਹਾਰਾਜ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ। ਕਹਿੰਦੇ, ਕੀ ਗੱਲ ਭਾਈ! ਵਾਗਾਂ ਫੜ ਲਈਆਂ, ਕਹਿੰਦੇ ਮਹਾਰਾਜ! ਅਗਾਹਾਂ ਤਾਂ ਇਲਾਕਾ ਆ ਗਿਆ, ਤਲਵੰਡੀ ਦਾ। ਸਾਡੀ ਤਨਖਾਹ ਕੌਣ ਦਏਗਾ। ਮਹਾਰਾਜ ਕਹਿਣ ਲੱਗੇ, ਤਨਖਾਹ? ਤੁਸੀਂ ਸਿੱਖੀ ਲੈਣੀ ਹੈ ਕਿ ਪੈਸੇ ਲੈਣੇ ਨੇ। ਕਹਿੰਦੇ, ਮਹਾਰਾਜ! ਸਿੱਖ ਤਾਂ ਅਸੀਂ ਤੇਰੇ ਹੈਗੇ ਹੀ। ਹੋਰ ਸਿੱਖੀ ਕੀ ਲੈਣੀ ਹੈ। ਕਹਿੰਦੇ ਪੈਸੇ ਚਾਹੀਦੇ ਨੇ ਬਾਲ-ਬੱਚਿਆਂ ਨੂੰ ਕੀ ਭੇਜੀਏ। ਮਹਾਰਾਜ ਕਹਿੰਦੇ, ਨਹੀਂ-ਨਹੀਂ ਇੱਕ ਗੱਲ ਦੱਸੋ। ਕਹਿੰਦੇ, ਮਹਾਰਾਜ! ਨਾ ਮੀਂਹ ਪੁਆਇਆ ਹੈ। ਸਾਡੇ ਤਾਂ ਛੋਲੇ ਵੀ ਸੁੱਕ ਗਏ ਤੇ ਕ੍ਰਿਪਾ ਕਰਕੇ ਮੀਂਹ ਤਾਂ ਪੁਆ ਦਿਓ। ਮਹਾਰਾਜ ਨੇ ਤੀਰ ਮਾਰਿਆ ਉਤੇ। ਬਾਰਿਸ਼ ਹੋਣ ਲੱਗ ਗਈ। ਬੜੀ ਬਾਰਿਸ਼ ਹੋਈ। ਕਹਿੰਦੇ ਲਓ ਮੀਂਹ ਤਾਂ ਪੈ ਗਿਆ ਹੁਣ ਦੱਸੋ ਤੁਸੀਂ ਸਿੱਖੀ ਲੈਣੀ ਹੈ ਕਿ ਪੈਸੇ? ਕਹਿੰਦੇ, ਮਹਾਰਾਜ! ਸਿੱਖ ਤਾਂ ਅਸੀਂ ਹੈਗੇ, ਪੈਸੇ ਚਾਹੀਦੇ ਨੇ। ਓਹੀ ਗੱਲ ਇੱਕੋ ਹੀ ਕਹੀ ਜਾਣ, ਐਨੇ ਨੂੰ ਕੋਈ ਆ ਗਿਆ ਦਸਵੰਧ ਲੈ ਕੇ ਮਹਾਰਾਜ ਨੇ ਢਾਲੇ ਭਰ-ਭਰ ਕੇ ਦੇਣੇ ਸ਼ੁਰੂ ਕਰ ਦਿੱਤੇ, ਆਹ ਗੁਪਤਸਰ ਕੋਲ ਤੇ ਉਸ ਤੋਂ ਬਾਅਦ ਦਾਨ ਸਿੰਘ ਦੀ ਵਾਰੀ ਆਈ। ਕਹਿੰਦੇ, ਦਾਨ ਸਿੰਘ! ਤੂੰ ਵੀ ਲੈ ਲੈ, ਨਾਲੇ ਇਕੱਲੇ-ਇਕੱਲੇ ਨੂੰ ਪੁੱਛੀ ਗਏ ਕਿ ਸਿੱਖੀ ਲੈਣੀ ਹੈ ਕਿ ਪੈਸੇ? ਕਹਿੰਦਾ, ਸਿੱਖ ਤਾਂ ਹੈਗਾ, ਪੈਸੇ ਦੇ ਦਿਓ। ਦੂਜੀ ਗੱਲ ਕਹਿ ਦਿਆ ਕਰਨ। ਜਦੋਂ ਦਾਨ ਸਿੰਘ ਦੀ ਵਾਰੀ ਆਈ, ਕਹਿੰਦੇ ਦਾਨ ਸਿੰਆਂ! ਤੂੰ ਦੱਸ? ਕਹਿੰਦਾ, ਮਹਾਰਾਜ! ਮੈਨੂੰ ਤਾਂ ਸਿੱਖੀ ਚਾਹੀਦੀ ਹੈ। ਕਹਿੰਦੇ, ਦਾਨ ਸਿੰਆਂ! ਮਹਾਂ ਸਿੰਘ ਨੇ ਮਾਝੇ ਦੀ ਰੱਖ ਲਈ, ਤੂੰ ਮਾਲਵੇ ਦੀ ਰੱਖ ਲਈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਉਥੇ ਗਏ ਤਾਂ ਉਹ ਵੱਡੀ ਗੱਲ ਕਰੀ ਜਾਏ। ਮਹਾਰਾਜ ਕਹਿੰਦੇ, ਇਹ ਤਾਂ ਠੀਕ ਹੈ, ਡੱਲ੍ਹਿਆ ਸਿਦਕ ਨਹੀਂ ਹੈ। ਸਿਦਕ ਹੋਰ ਚੀਜ਼ ਹੁੰਦੀ ਹੈ, ਜ਼ੋਰ ਹੋਰ ਚੀਜ਼ ਹੁੰਦਾ ਹੈ। ਐਨੇ ਨੂੰ ਇੱਕ ਦਿਨ ਕਿਸੇ ਨੇ ਰਾਈਫਲ ਲਿਆ ਕੇ ਰੱਖ ਦਿੱਤੀ। ਮਹਾਰਾਜ ਕਹਿੰਦੇ, ਭਾਈ ਡੱਲ੍ਹਿਆ! ਅਸੀਂ ਨਿਸ਼ਾਨਾ ਪਰਖਣਾ ਹੈ ਇਹਦਾ ਤੇ ਇਹ ਪ੍ਰੇਮੀ ਕਹਿੰਦਾ ਹੈ ਕਿ ਨਿਸ਼ਾਨਾ ਇਹਦਾ ਵਾਲ ਜਿੰਨਾਂ ਵੀ ਉੱਚਾ ਨੀਵਾਂ ਨਹੀਂ ਆਉਂਦਾ ਤੇ ਜਵਾਨ ਲਿਆ ਦੋ, 45-45 ਇੰਚ ਦੀਆਂ ਛਾਤੀਆਂ ਨੇ, ਅਸੀਂ ਇਨ੍ਹਾਂ 'ਚੋਂ ਕੱਢਣਾ ਚਾਹੁੰਦੇ ਹਾਂ ਕਿ ਰਾਈਫਲ ਦੀ ਗੋਲੀ ਦੋਹਾਂ 'ਚੋਂ ਨਿਕਲ ਜਾਏਗੀ ਕਿ ਨਹੀਂ। ਨੀਵੀਂ ਪਾ ਲਈ ਸਾਰਿਆਂ ਨੇ ਹੌਲੀ-ਹੌਲੀ ਖਿਸਕਣੇ ਸ਼ੁਰੂ ਹੋ ਗਏ। ਭਾਈ ਡੱਲਾ ਉੱਠ ਕੇ ਆ ਗਿਆ, ਆ ਕੇ ਕਹਿਣ ਲੱਗਿਆ ਓ ਤੁਸੀਂ ਮੇਰੀ ਬੇਇੱਜ਼ਤੀ ਕਰਾ ਦਿੱਤੀ। ਕਹਿੰਦੇ, ਸਰਦਾਰ ਜੀ! ਲੜਾਈ 'ਚ ਹੱਥ ਦੇਖਣੇ ਹੈ ਤਾਂ ਦੇਖੋ, ਐਸ ਤਰ੍ਹਾਂ ਕੋਈ ਮਰਨ ਨੂੰ ਤਿਆਰ ਹੁੰਦਾ ਹੈ ਕਿ ਗੋਲੀ ਦੇ ਸਾਮ੍ਹਣੇ ਖੜ੍ਹ ਜਾਓ। ਵਾਪਸ ਆ ਗਿਆ,

ਨੀਵੀਂ ਪਾਈ ਹੋਈ ਹੈ, ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਤਾਂ ਐਸ ਤਰ੍ਹਾਂ ਕਹਿੰਦੇ ਨੇ। ਮਹਾਰਾਜ ਕਹਿੰਦੇ, ਫੇਰ ਤੂੰ ਖੜ੍ਹ ਜਾ ਸਾਮ੍ਹਣੇ। ਕਹਿੰਦਾ ਮਹਾਰਾਜ! ਮੇਰੇ ਤਾਂ ਬੱਚੇ ਛੋਟੇ ਨੇ ਅਜੇ। ਮਹਾਰਾਜ ਕਹਿੰਦੇ ਕਿਸੇ ਸਿੱਖ ਨੂੰ ਕਹਿ। ਦੋ ਸਿੱਖ ਦਸਤਾਰੇ ਬੰਨ੍ਹਦੇ ਸੀ, ਇੱਕ ਬੰਨ੍ਹ ਹਟਿਆ ਸੀ ਤੇ ਇੱਕ ਬੰਨ੍ਹ ਰਿਹਾ ਸੀ। ਉਸ ਵੇਲੇ ਉਸ ਨੇ ਆਵਾਜ਼ ਦੇ ਦਿੱਤੀ ਜਾ ਕੇ, ਓ ਗੁਰਸਿੱਖੋ! ਗੁਰੂ ਮਹਾਰਾਜ ਕੋਲ ਰਾਈਫਲ ਆਈ ਹੈ, ਨਿਸ਼ਾਨਾ ਪਰਖਣਾ ਹੈ ਤੇ ਇੱਕ ਸਿੱਖ ਦੀ ਲੋੜ, ਦੋਵੇਂ ਨੱਠੇ ਆਉਂਦੇ ਨੇ। ਪਹਿਲਾ ਆ ਕੇ ਖੜ੍ਹ ਗਿਆ, ਦੂਜਾ ਉਹਦੇ ਮੂਹਰੇ ਆ ਗਿਆ। ਉਹ ਉਹਦੇ ਮੂਹਰੇ, ਉਹ ਉਹਦੇ ਮੂਹਰੇ, ਕਰਦੇ-ਕਰਦੇ ਗੁਰੂ ਸਾਹਿਬ ਦੇ ਕੋਲ ਚਲੇ ਗਏ। ਮਹਾਰਾਜ ਕਹਿੰਦੇ, ਇਹ ਕੀ ਕਰਦੇ ਓਂ, ਇੱਕ ਦੀ ਲੋੜ ਹੈ। ਕਹਿੰਦੇ, ਮਹਾਰਾਜ! ਦੋਹਾਂ ਨੇ ਸੁਣੀ ਹੈ ਅਸੀਂ ਇਹ ਗੱਲ। ਕਹਿੰਦੇ, ਚੰਗਾ ਦੋਵੇਂ ਖੜ੍ਹੋ ਨਿਸ਼ਾਨਾ ਸਿੰਨ ਲਿਆ ਤੇ ਭਾਈ ਡੱਲਾ ਜੀ ਦੇਖਦੇ ਨੇ ਕਿ ਇਹ ਤਾਂ ਗੋਲੀ ਲੱਗੀ ਕਿ ਲੱਗੀ। ਇਹ ਤਾਂ ਬਿਲਕੁਲ ਨੀਵਾਂ ਨਿਸ਼ਾਨਾ ਵਿੰਨ੍ਹਿਆ ਹੋਇਆ ਹੈ। ਮਹਾਰਾਜ ਨੇ ਗੋਲੀ ਛੱਡ ਦਿੱਤੀ, ਦਸਤਾਰਾਂ ਨਾਲ ਛੂੰਹਦੀ ਹੋਈ ਲੰਘ ਗਈ ਗੋਲੀ। ਕਹਿੰਦੇ, ਡੱਲ੍ਹਿਆ! ਦੇਖਣ ਨੂੰ ਤਾਂ ਮਾੜੇ ਲਗਦੇ ਨੇ, ਆਹ ਸਿਦਕੀ ਸਿੱਖ ਨੇ ਜਿਹੜੇ ਸਵਾ-ਸਵਾ ਲੱਖ ਨਾਲ ਚਮਕੌਰ ਸਾਹਿਬ 'ਚ ਲੜੇ ਨੇ। ਸੋ ਇਨ੍ਹਾਂ ਨੂੰ ਸਿਦਕੀ ਸਿੱਖ ਕਹਿੰਦੇ ਨੇ।

ਇੱਕ ਹੋਇਆ ਕਰਦੇ ਨੇ ਭਾਵਨੀ ਦੇ ਸਿੱਖ। ਉਹ ਹੁੰਦੇ ਨੇ ਜਿਹੜੇ ਗੁਰੂ ਨੂੰ ਪ੍ਰਮੇਸ਼ਰ ਸਮਝਦੇ ਨੇ। ਸੋ ਇਸ ਤਰ੍ਹਾਂ ਉਹ ਨਹੀਂ ਡੋਲਿਆ ਕਰਦੇ, ਬਾਕੀ ਸਭ ਡੋਲ੍ਹ ਜਾਇਆ ਕਰਦੇ ਨੇ। ਸਿਦਕੀ ਨਹੀਂ ਡੋਲਿਆ ਕਰਦਾ, ਭਾਵਨੀ ਵਾਲਾ ਨਹੀਂ ਡੋਲਿਆ ਕਰਦਾ।

ਸੋ ਉਸ ਵੇਲੇ ਭਾਈ ਮੰਝ ਨੂੰ ਘਰੋਂ ਕੱਢ ਦਿੱਤਾ। ਹੁਣ ਮਨ ਦੇ ਅੰਦਰ ਭੋਰਾ ਜਿੰਨਾਂ ਵੀ ਰੰਜ ਨਹੀਂ ਤੇ ਸਾਰਿਆਂ ਨੇ ਕਰ ਦਿੱਤਾ ਕਿ ਨਾ ਇਹਨੂੰ ਪਾਣੀ ਦਿਓ, ਨਾ ਰੋਟੀ ਦਿਓ। ਇੱਥੇ ਨਾ ਰਹਿਣ ਦਿਓ ਆਪਣੀ ਜੂਹ ਦੇ ਅੰਦਰ, ਜੂਹ ਤੋਂ ਬਾਹਰ ਕੱਢ ਦਿੱਤਾ। ਇਹ ਐਸੀ ਹਾਲਤ ਹੁੰਦੀ ਹੈ ਜਿਹਦੇ ਬਾਰੇ ਮਹਾਰਾਜ ਨੇ ਫੁਰਮਾਨ ਕਰਿਆ ਹੈ -

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥***

***ਅੰਗ - 70***

ਕੋਈ ਬੰਦਾ ਵੀ ਢੋਈ ਨਹੀਂ ਦਿੰਦਾ, ਕੋਈ ਆਸਰਾ ਨਹੀਂ ਦਿੰਦਾ, ਐਨੀ ਮੁਸ਼ਕਲ ਬਣ ਗਈ। ਪੜ੍ਹੋ ਪਿਆਰ ਨਾਲ -

***ਧਾਰਨਾ - ਢੋਈ ਕੋਈ ਦੇਵੇ ਨਾ,***
***ਮੁਸ਼ਕਲ ਹੁਣ ਬਹੁਤੀ ਬਣ ਗਈ।***

ਕੱਲ੍ਹ ਦਾ ਸਰਦਾਰ, ਕਿੰਨਿਆਂ ਪਿੰਡਾਂ ਦਾ ਚੌਧਰੀ, ਅੱਜ ਮੰਗਤਾ ਬਣਾ ਦਿੱਤਾ, ਕੋਈ ਪਾਣੀ ਦੇਣ ਨੂੰ ਤਿਆਰ ਨਹੀਂ, ਕੋਈ ਚੀਜ਼ ਦੇਣ ਨੂੰ ਤਿਆਰ ਨਹੀਂ। ਘਰ ਵਿੱਚੋਂ ਕੱਢ ਦਿੱਤਾ। ਬੜੀ ਮੁਸ਼ਕਲ ਬਣ ਗਈ। ਮਹਾਰਾਜ ਕਹਿੰਦੇ, ਇਹ ਜਿਹੜੀ ਮੁਸ਼ਕਲ ਹੁੰਦੀ ਹੈ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*

***ਅੰਗ - 70***

'ਅਤਿ' ਕਹਿੰਦੇ ਨੇ, ਆਖਰੀ ਹੱਦ ਤੱਕ। ਜਿਹੜੇ ਕੱਲ੍ਹ ਤੱਕ ਆ ਕੇ ਪੈਂਦ ਵਲ ਬੈਠਦੇ ਸੀ, ਖੁਸ਼ਾਮਦ ਕਰਦੇ ਸੀ। ਜਿਹੜੇ ਭਰਾ ਕਹਿੰਦੇ ਸੀ ਕਿ ਅਸੀਂ ਇਹਦੀਆਂ ਬਾਹਾਂ ਹਾਂ। ਹੁਣ ਕੋਈ ਕੋਲ ਨਹੀਂ ਖੜ੍ਹਦਾ। ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਭੈਣਾਂ ਤੇ ਭਾਈ ਜੀ,*
*ਲਾਗੂ ਸਭ ਦੁਸ਼ਮਣ ਬਣ ਗਏ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*

***ਅੰਗ - 70***

ਕੋਈ ਸਾਕ ਨਹੀਂ, ਕੋਈ ਭੈਣ, ਕੋਈ ਭਰਾ ਨਹੀਂ ਜਿਨ੍ਹਾਂ ਨੂੰ ਬਾਹਾਂ ਗਿਣਦੇ ਸੀ। ਜਿੱਥੇ ਬੈਠਦਾ ਹੈ ਉਥੋਂ ਉਠਾ ਦਿੰਦੇ ਨੇ, ਤੁਰਿਆ ਜਾਂਦਾ ਹੈ ਗੱਲਾਂ ਕਰਦੇ ਨੇ ਬੜੀ ਮੁਸ਼ਕਲ ਹੋ ਗਈ ਸਾਧਸੰਗਤ ਜੀ। ਐਸੀ ਅਵਸਥਾ ਵਿੱਚ ਕੁਦਰਤੀ ਤੌਰ 'ਤੇ ਮਨ ਵਿੱਚ ਐਸੇ ਖਿਆਲ ਆ ਜਾਂਦੇ ਨੇ -

*ਧਾਰਨਾ - ਝੱਟ ਕਿੱਥੇ ਲੰਘਾਵਾਂ ਓ,*
*ਮਾਲਕਾ ਦੁਨੀਆਂ ਟਿਕਣ ਨਾ ਦੇਵੇ।*

*ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾਂ ਪਤਿ।*
*ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।*
*ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।*
*ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ।*
*ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।*
*ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।*
*ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝੱਤਿ।*
*ਏਥੈ ਓਥੈ ਨਾਨਕਾ ਕਰਤਾ ਰਖੈ ਪਤਿ।*

ਐਸੀ ਹਾਲਤ ਜੇ ਕਿਸੇ 'ਤੇ ਹੋਈ ਹੋਵੇ, ਓਹੀ ਅੰਦਾਜ਼ਾ ਲਾ ਸਕਦਾ ਹੈ ਕਿ ਦੂਜੇ ਵਾਸਤੇ ਤਾਂ ਇਹ ਕਹਾਣੀ ਬਣ ਜਾਂਦੀ ਹੈ, ਜਿਹਨੂੰ ਲੱਗ ਜਾਵੇ ਉਹਨੂੰ ਪੀੜ ਦਾ ਪਤਾ ਹੁੰਦਾ ਹੈ। ਘਰਵਾਲੀ ਪਿੱਛੇ ਹੈ ਉਹਦੇ ਤੇ ਲੜਕੀ ਨਾਲ ਜਾ ਰਹੀ ਹੈ। ਕੋਈ ਪਾਣੀ ਨਹੀਂ ਦਿੰਦਾ, ਕੋਈ ਸਿੱਧੇ ਮੂੰਹ ਗੱਲ ਨਹੀਂ ਕਰਦਾ। ਸਾਰਿਆਂ ਨੇ ਫੈਸਲਾ ਕਰ ਲਿਆ ਕਿ ਜੇ ਇਹਦੇ ਨਾਲ ਗੱਲ ਕਰੀ, ਤਾਂ ਪੀਰ ਸਾਡੇ 'ਤੇ ਨਰਾਜ਼ ਹੋ ਜਾਏਗਾ। ਇਹਦਾ ਤਾਂ ਸਭ ਕੁਛ ਜਾਂਦਾ ਰਿਹਾ, ਸਾਡਾ ਵੀ ਜਾਂਦਾ ਰਹੇਗਾ ਕਿ ਇਹਦੇ ਨਾਲ ਕੋਈ ਗੱਲ ਹੀ ਨਾ ਕਰੋ। ਸੋ ਐਸੀ ਅਵਸਥਾ 'ਚ ਨਾ ਕੋਈ ਪਤਾ ਲਗਦਾ ਹੈ ਕਿ ਰੋਟੀ ਕਿੱਥੇ ਖਾਵਾਂਗੇ। ਗੁਰੂ ਸਾਹਿਬ ਦਾ ਹੁਕਮ ਹੈ ਕਿ ਜਦੋਂ ਤੱਕ ਅਸੀਂ ਬੁਲਾਈਏ ਨਾ, ਤੂੰ ਉਦੋਂ ਤੱਕ ਆਉਣਾ ਨਹੀਂ। ਉਸ ਵੇਲੇ ਘਰਵਾਲੀ ਵੀ ਕਹਿੰਦੀ ਹੈ ਕਿ ਹੁਣ ਕੀ ਬਣੇਗਾ। ਆਪਣੇ ਕੋਲ ਤਾਂ ਨਾ ਕੋਈ ਪੈਸਾ ਹੈ, ਨਾ ਕੋਈ ਕੱਪੜਾ ਹੈ, ਕੋਈ ਚੀਜ਼ ਰਹਿਣ ਹੀ ਨਹੀਂ ਦਿੱਤੀ, ਸਾਰੀਆਂ ਹੀ

ਖੋਹ ਲਈਆਂ, ਤਿੰਨ ਕੱਪੜੇ ਲੈ ਕੇ ਆਪਾਂ ਤੁਰੇ ਜਾ ਰਹੇ ਹਾਂ। ਉਹ ਕਹਿੰਦਾ ਦੇਖ, ਵਾਹਿਗੁਰੂ ਦਾ ਇੰਤਜ਼ਾਮ, ਇਹ ਜਿਹੜੇ ਪੰਛੀ ਨੇ ਇਹ ਕੀ ਕਰਦੇ ਨੇ, ਇਨ੍ਹਾਂ ਨੂੰ ਵੀ ਤਾਂ ਰੋਜ਼ੀ ਦਿੰਦਾ ਹੈ –

*ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ*
*ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - 10*

ਉਹ ਤਾਂ ਰਾਜ਼ਕ ਹੈ ਉਹਨੇ ਰਿਜ਼ਕ ਦੇਣਾ ਹੀ ਦੇਣਾ ਹੈ ਤੇ ਆਪਣੇ ਮਨ ਨੂੰ ਧਰਵਾਸ ਦਿੰਦਾ ਹੈ, ਚਾਰੋਂ ਪਾਸੇ ਦੁੱਖ ਹੀ ਦੁੱਖ, ਕੋਈ ਸ਼ਿਕਵਾ ਨਹੀਂ ਹੈ, ਕੋਈ ਉਲਾਂਭਾ ਨਹੀਂ ਕਿ ਮੈਂ ਸਿੱਖੀ ਧਾਰਨ ਕਰੀ, ਕਿੱਥੇ ਚੌਧਰੀ ਸੀ ਸਾਰੇ ਪਿੰਡਾਂ ਦਾ ਤੇ ਕਿੱਥੇ ਅੱਜ ਮੇਰੇ ਨਾਲ ਕੋਈ ਬੋਲਦਾ ਨਹੀਂ। ਉਸ ਵੇਲੇ ਮਨ ਵਿੱਚ ਖਿਆਲ ਆਉਂਦਾ ਹੈ ਐਸ ਤਰ੍ਹਾਂ ਦੇ ਨਾਲ, ਪੜ੍ਹੋ।

*ਧਾਰਨਾ – ਕਿਤੇ ਡੋਲ ਨਾ ਜਾਈਂ ਓਏ ਮਨਾਂ ਮੇਰਿਆ*
*ਦੁੱਖਾਂ ਦੇ ਪਹਾੜ ਦੇਖ ਕੇ।*

*ਦੀਨਨ ਕੀ ਪ੍ਰਤਿਪਾਲ ਕਰੈ ਨਿਤ,*
*ਸੰਤ ਉਬਾਰ ਗਨੀਮਨ ਗਾਰੈ।*
*ਪੱਛ ਪਸੂ ਨਗ ਨਾਗ ਨਰਾਧਿਪ,*
*ਸਰਬ ਸਮੈ ਸਭ ਕੋ ਪ੍ਰਤਿਪਾਰੈ।*
*ਪੋਖਤ ਹੈ ਜਲ ਮੈ ਥਲ ਮੈ ਪਲ ਮੈ,*
*ਕਲਿ ਕੇ ਨਹੀਂ ਕਰਮ ਬਿਚਾਰੈ।*
*ਦੀਨ ਦਇਆਲ ਦਇਆ ਨਿਧਿ,*
*ਦੋਖਨ ਦੇਖਤ ਹੈ ਪਰ ਦੇਤ ਨ ਹਾਰੈ।*
*ਕਾਮ ਨ ਕ੍ਰੋਧ ਨ ਲੋਭ ਨ ਮੋਹ,*
*ਨ ਰੋਗ ਨ ਸੋਗ ਨ ਭੋਗ ਨ ਭੈ ਹੈ।*
*ਦੇਹ ਬਿਹੀਨ ਸਨੇਹ ਸਭੋ ਤਨ,*
*ਨੇਹ ਬਿਰਕਤ ਅਗੇਹ ਅਛੈ ਹੈ।*
*ਜਾਨ ਕੋ ਦੇਤ ਅਜਾਨ ਕੋ ਦੇਤ,*
*ਜਮੀਨ ਕੋ ਦੇਤ ਜਮਾਨ ਕੋ ਦੈ ਹੈ।*
*ਕਾਹੇ ਕੋ ਡੋਲਤ ਹੈ,*
*ਤੁਮਰੀ ਸੁਧ ਸੁੰਦਰ ਸ੍ਰੀ ਪਦਮਾ ਪਤਿ ਲੈ ਹੈ।* *ਤ੍ਵਪ੍ਰਸਾਦਿ ਸ੍ਵੱਯੇ*

ਧਰਵਾਸ ਦੇ ਰਿਹਾ ਹੈ ਕਿ ਸਾਰਿਆਂ ਨੂੰ ਪਾਲਦਾ ਹੈ –

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥*
*ਅੰਗ - 724*

ਜਿਹਨੇ ਤੈਨੂੰ ਪੈਦਾ ਕਰਿਆ ਹੈ ਉਹ ਆਧਾਰ ਵੀ ਦਏਗਾ, –

*ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥*
*ਅੰਗ - 724*

ਸੋ ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਰੋਜ਼ੀ ਤਾਂ ਦਿੰਦਾ ਹੀ ਹੈ ਸਾਧਸੰਗਤ ਜੀ! ਇਹ ਵਾਹਿਗੁਰੂ ਦੀ ਡਿਊਟੀ ਹੈ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਦਮਦਮੇ ਸਾਹਿਬ ਵਾਲੇ, ਜਦੋਂ ਆਪ ਹਜ਼ੂਰ ਸਾਹਿਬ ਤਪ ਕਰ ਰਹੇ ਸੀ, ਸਵਾ ਲੱਖ ਜਪੁਜੀ ਸਾਹਿਬ ਦਾ ਆਪ ਪਾਠ ਕਰ ਰਹੇ ਸੀ। ਉਸ ਵੇਲੇ ਆਪ ਦੇ ਮਨ ਵਿੱਚ ਆਇਆ, ਪਾਣੀ 'ਚ ਬੈਠ ਕੇ ਪਾਠ ਕਰੀਏ, ਉਹ ਗੋਦਾਵਰੀ ਵਿੱਚ ਹਜ਼ੂਰ ਸਾਹਿਬ ਤੋਂ ਹੇਠਾਂ ਨਾਦੇੜ ਸਾਹਿਬ ਤੋਂ ਚਾਰ ਮੀਲ ਜਾ ਕੇ ਬੈਠ ਗਏ, ਪਹਿਲਾ ਦਿਨ ਲੰਘਿਆ, ਦੂਸਰਾ ਦਿਨ ਜਦੋਂ ਹੋਇਆ। ਰਾਤ ਨੂੰ ਉਥੇ ਦੇ ਹੈੱਡ ਗ੍ਰੰਥੀ ਨੂੰ ਸੁਪਨਾ ਆਉਂਦਾ ਹੈ ਕਿ ਮੇਰਾ ਇੱਕ ਪਿਆਰਾ ਪਾਣੀ 'ਚ ਬੈਠਾ ਹੈ ਉਹਨੂੰ ਪ੍ਰਸ਼ਾਦਾ ਦੇ ਕੇ ਆ। ਸੁਪਨਾ ਆਇਆ, ਉਹਨੇ ਗੋਲਿਆ ਹੀ ਨਾ, ਤੀਸਰਾ ਦਿਨ ਹੋ ਗਿਆ ਫੇਰ ਆਇਆ ਸੁਪਨਾ ਕਿ ਤੂੰ ਕੱਲ੍ਹ ਲੈ ਕੇ ਨਹੀਂ ਗਿਆ ਪ੍ਰਸ਼ਾਦਾ, ਜਾਹ ਪਾਣੀ ਦੇ ਕੇ ਆ। ਘਰਵਾਲੀ ਨਾਲ ਗੱਲ ਕਰੀ ਕਹਿੰਦੀ ਐਸ ਤਰ੍ਹਾਂ ਤਾਂ ਰੋਜ਼ ਹੀ ਸੁਪਨੇ ਆਉਣੇ ਨੇ, ਇੱਥੇ ਕੋਈ ਨਾ ਕੋਈ ਤਾਂ ਆਇਆ ਹੀ ਰਹਿੰਦਾ ਹੈ, ਤੁਹਾਨੂੰ ਹੋਰ ਕੀ ਸੁਪਨੇ ਆਉਣੇ ਨੇ ਲੜਾਈਆਂ ਦੇ, ਜਾਂ ਖੇਤੀ ਦੇ ਆਉਣਗੇ? ਆਹੀ ਆਉਣੇ ਨੇ ਲੰਗਰ ਦੇ। ਚੌਥਾ ਦਿਨ ਵੀ ਲੰਘ ਗਿਆ, ਪੰਜਵਾਂ ਦਿਨ ਆ ਗਿਆ। ਫੇਰ ਮਹਾਰਾਜ ਨੇ ਕਰਾਰੇ ਹੋ ਕੇ ਕਿਹਾ ਕਿ ਤੈਨੂੰ ਸਿੱਖਾ ਅਸੀਂ ਰੋਜ਼ ਕਹਿੰਦੇ ਹਾਂ ਕਿ ਸਿੱਖ ਸਾਡਾ ਪੰਜ ਦਿਨ ਦਾ ਭੁੱਖਾ ਹੈ, ਜਾਹ ਉਹਨੂੰ ਪ੍ਰਸ਼ਾਦਾ ਦੇ ਕੇ ਆ। ਪ੍ਰਸ਼ਾਦਾ ਤਿਆਰ ਕਰ ਲਿਆ, ਘਰਵਾਲੀ ਕਹਿਣ ਲੱਗੀ ਐਵੇਂ ਤੈਨੂੰ ਵਹਿਮ ਹੋ ਗਿਆ, ਬਾਰ-ਬਾਰ ਖਿਆਲ ਆਉਂਦੇ ਨੇ ਓਹੀ। ਦਿਲ 'ਚ ਤੇਰੇ ਗਹਿਰੀ ਗੱਲ ਬਹਿ ਗਈ। ਉਹ ਕਹਿੰਦਾ ਨਾ, ਮੈਨੂੰ ਤਾਂ ਮਹਾਰਾਜ ਸੱਚੀਓਂ ਕਹਿੰਦੇ ਨੇ। ਪ੍ਰਸ਼ਾਦਾ ਲੈ ਕੇ ਤੁਰ ਗਿਆ, ਦੋ ਤਿੰਨ ਮੀਲ ਘੁੰਮ ਕੇ ਆ ਗਿਆ, ਉਥੇ ਦਿਲ ਨੇ ਜਵਾਬ ਦੇ ਦਿੱਤਾ ਕਿ ਮਨਾਂ! ਨਾ ਜਾਣ ਨਾ ਪਛਾਣ, ਐਵੇਂ ਪ੍ਰਸ਼ਾਦਾ ਚੁੱਕੀਂ ਫਿਰਦਾ ਹੈਂ। ਕੀਹਨੂੰ ਦੇ ਦਏਂਗਾ, ਨਾ ਤੂੰ ਜਾਣਦਾ ਹੈ ਨਾ ਬੁੱਝਦਾ ਹੈਂ ਇੱਥੇ ਤਾਂ ਬੇਅੰਤ ਹੀ ਫਿਰਦੇ ਨੇ ਸਿੱਖ। ਮੁੜ ਆਇਆ। ਛੇਵੇਂ ਦਿਨ ਫੇਰ ਸੁਪਨਾ ਆਇਆ, ਛੇਵੇਂ ਦਿਨ ਪਹੁੰਚਦਾ ਹੈ ਤੇ ਉਥੇ ਹੈ ਨਹੀਂ। ਫੇਰ ਅੱਗੇ ਤੁਰਦਾ ਹੈ ਤੇ ਅੱਠ ਮੀਲ 'ਤੇ ਜਾ ਕੇ ਸੰਤ ਮਿਲੇ, ਪਾਣੀ ਵਿੱਚ ਬੈਠੇ ਪਾਠ ਕਰਦੇ ਸੀ। ਉਸ ਵੇਲੇ ਫਤਹਿ ਬੁਲਾਈ ਤੇ ਸੰਤ ਬਾਹਰ ਆ ਗਏ। ਸਾਰੀ ਵਾਰਤਾ ਦੱਸੀ ਕਿ ਮਹਾਰਾਜ! ਅੱਜ ਮੈਨੂੰ ਪੰਜ ਦਿਨ ਹੋ ਗਏ, ਸੁਪਨਾ ਆਉਂਦਾ ਹੈ ਰੋਜ਼ ਗੁਰੂ ਕਲਗੀਧਰ ਪਾਤਸ਼ਾਹ ਕਹਿੰਦੇ ਨੇ ਕਿ ਮੇਰਾ ਸਿੱਖ ਭੁੱਖਾ ਬੈਠਾ ਹੈ ਤੂੰ ਪ੍ਰਸ਼ਾਦਾ ਦੇ ਕੇ ਆ। ਪਹਿਲਾਂ ਤਾਂ ਮੈਂ ਗੌਲਿਆ ਹੀ ਨਹੀਂ, ਮੇਰੀ ਭੁੱਲ ਕਰੋ ਮਾਫ। ਸੋ ਉਸ ਵੇਲੇ ਮਹਾਂਪੁਰਸ਼ ਕਹਿਣ ਲੱਗੇ, ਅੱਛਾ! ਸਾਡੇ ਵਾਸਤੇ ਐਨੀ ਕਲਗੀਧਰ ਪਾਤਸ਼ਾਹ ਨੂੰ ਖੇਚਲ ਕਰਨੀ ਪੈਂਦੀ ਹੈ, ਚੱਲ ਭਾਈ! ਫੇਰ ਅਸੀਂ ਉਥੇ ਹੀ ਬੈਠਦੇ ਹਾਂ। ਸੋ ਰੋਟੀ ਤਾਂ ਪ੍ਰਮੇਸ਼ਰ ਨੇ ਦੇਣੀ ਹੀ ਦੇਣੀ ਹੈ। ਜਿੰਨੇ ਮਹਾਂਪੁਰਸ਼, ਬੇਅੰਤ ਮਿਸਾਲਾਂ ਨੇ ਇੱਕ ਦੋ ਚਾਰ ਨਹੀਂ ਹੈ, ਸੋ ਕਹਿਣ ਲੱਗਿਆ ਕਿ ਡੋਲ੍ਹ ਨਾ ਮਨ ਨੂੰ ਸਮਝਾਉਂਦਾ ਜਾਂਦਾ ਹੈ। ਇਸ

ਤਰ੍ਹਾਂ ਕਰਦੇ-ਕਰਦੇ ਕੋਈ ਭਲੇ ਪੁਰਸ਼ਾਂ ਦਾ ਪਿੰਡ ਆ ਗਿਆ। ਜਿਹੜੇ ਪ੍ਰਮੇਸ਼ਰ ਨੂੰ ਮੰਨਦੇ ਸੀ ਤੇ ਜਿਹਦੇ ਵਿੱਚ ਪ੍ਰਮੇਸ਼ਰ ਦੇ ਪਿਆਰੇ ਰਹਿੰਦੇ ਸੀ, ਉਥੇ ਜਾ ਕੇ ਜਿਹੜਾ ਵੱਡਾ ਚੌਧਰੀ ਸੀ ਉਹਦੇ ਨਾਲ ਗੱਲ ਕਰੀ ਕਿ ਆਹ ਮੇਰੇ ਨਾਲ ਭਾਣਾ ਬੀਤਿਆ ਹੈ ਤੇ ਮੇਰੀ ਥੋੜ੍ਹੀ ਜਿਹੀ ਮਦਦ ਕਰ ਦਿਓ, ਕਹਿੰਦੇ, ਕੀ ਚਾਹੀਦਾ ਹੈ? ਕਹਿੰਦਾ, ਇੱਕ ਤਾਂ ਮੈਨੂੰ ਤੰਗੜ ਲੈ ਦਿਓ, ਜਿਹਦੇ ਵਿੱਚ ਮੈਂ ਘਾਹ ਖੋਤ ਕੇ ਬੰਨ੍ਹ ਲਿਆਇਆ ਕਰਾਂ ਤੇ ਇੱਕ ਮੈਨੂੰ ਤੁਸੀਂ ਦਾਤੀ ਦੇ ਦਿਓ ਜਾਂ ਖੁਰਪਾ ਦੇ ਦਿਓ, ਝੌਂਪੜੀ ਪਾਉਣ ਨੂੰ ਥਾਉਂ ਦੇ ਦਿਓ। ਕੱਲ੍ਹ ਦਾ ਚੌਧਰੀ ਜਿਹੜਾ ਕਿੰਨੇ ਪਿੰਡਾਂ ਦਾ ਚੌਧਰੀ ਸੀ, ਅੱਜ ਆਪ ਇੱਕ ਥਾਉਂ ਮੰਗ ਰਿਹਾ ਹੈ ਝੌਂਪੜੀ ਜੋਗਾ ਤੇ ਝੌਂਪੜੀ ਪਾ ਲਈ। ਥੋੜ੍ਹੇ ਜਿਹੇ ਪੈਸਿਆਂ ਦਾ ਰੋਜ਼ ਘਾਹ ਲਿਆ ਕੇ ਵੇਚਦਾ ਹੈ, ਲੱਕੜਾਂ ਚੁਗ ਲਿਆਉਂਦਾ ਹੈ, ਲੱਕੜਾਂ ਲਿਆ ਕੇ ਵੇਚ ਦਿੰਦਾ ਹੈ, ਆਪਣਾ ਗੁਜ਼ਾਰਾ ਕਰ ਰਿਹਾ ਹੈ। ਚੌਥਾ ਹਿੱਸਾ ਗੁਰੂ ਦੇ ਨਮਿੱਤ ਰੱਖ ਦਿੰਦਾ ਹੈ। ਰੋਜ਼ ਆਨੇ ਦੀ ਕਿਰਤ ਕਰਦਾ ਹੈ, ਜਦ ਇੱਕ ਆਨਾ (ਚਾਰ ਪੈਸੇ) ਬਹੁਤ ਵੱਡੀ ਕੀਮਤ ਰੱਖਦਾ ਸੀ। ਸਾਢੇ ਨੌਂ ਮਣ ਛੋਲੇ ਆਇਆ ਕਰਦੇ ਸੀ ਇੱਕ ਰੁਪਈਏ ਦੇ। ਸੌਲ੍ਹਾਂ ਆਨਿਆਂ ਦਾ ਰੁਪਈਆ ਹੁੰਦਾ। ਇੱਕ ਆਨੇ ਦੇ ਆਪੇ ਹੀ ਹਿਸਾਬ ਲਾ ਕੇ ਦੇਖ ਲਿਓ ਕਿ ਕਿੰਨੇ ਆਉਂਦੇ ਸੀ, ਵੀਹ ਸੇਰ ਤੋਂ ਉੱਤੇ ਆਉਂਦੇ ਸੀ। ਸੋ ਉਹ ਪੈਸਾ ਰੱਖੀ ਗਿਆ, ਜਦ ਕਾਫੀ ਸਮਾਂ ਨਿਕਲ ਗਿਆ ਤਾਂ ਗੁਰੂ ਮਹਾਰਾਜ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਸਿੱਖ ਅਜੇ ਤੱਕ ਤਾਂ ਦ੍ਰਿੜ੍ਹ ਹੈ, ਦੂਜਾ ਪੇਪਰ ਪਾਈਏ ਇਹਦੇ ਉਤੇ ਤੇ ਉਸ ਵੇਲੇ ਆਪਣੇ ਗੁਰਸਿੱਖ ਨੂੰ, ਇੱਕ ਨੂੰ ਭੇਜ ਦਿੱਤਾ, ਮੇਵੜੇ ਨੂੰ ਤੇ ਇੱਕ ਚਿੱਠੀ ਹੁਕਮਨਾਮਾ ਲਿਖ ਦਿੱਤਾ ਕਹਿੰਦੇ ਲੈ ਭਾਈ! ਫਲਾਣੇ ਪਿੰਡ ਦੇ ਅੰਦਰ ਇੱਕ ਸਾਡਾ ਸਿੱਖ ਰਹਿੰਦਾ ਹੈ, ਜਿਹਨੂੰ ਲੋਕ ਮੰਝ ਕਰਕੇ ਕਹਿੰਦੇ ਨੇ, ਤੀਰਥਾ ਉਹਦਾ ਨਾਉਂ ਹੈ। ਆਹ ਸਾਡਾ ਹੁਕਮਨਾਮਾ ਉਹਨੂੰ ਦੇ ਦੇਈਂ, ਪਰ ਦੇਈਂ ਤਾਂ ਜੇ ਉਹ ਵੀਹ ਰੁਪਈਏ ਇਹਦੀ ਦਰਸ਼ਨੀ ਭੇਟ ਦੇਵੇ। ਸਖਤ ਰਹੀਂ, ਗਰੀਬੀ ਦੇਖ ਕੇ ਪਿਘਲ ਨਾ ਜਾਈਂ ਕਿਤੇ।

ਹੁਣ ਗਰੀਬ ਆਦਮੀ, ਚਾਰ ਪੈਸੇ ਦੀ ਰੋਜ਼ ਕਿਰਤ ਕਰਨ ਵਾਲਾ, ਬੜਾ ਰੁਪਈਏ ਕਿੱਥੋਂ ਲਿਆ ਦਿੰਦਾ। ਜਿਹੜੇ ਅੱਜ ਵਾਲੇ ਵੀਹ ਰੁਪਈਏ ਸੀ ਉਸ ਸਮੇਂ ਦੇ ਹਜ਼ਾਰਾਂ ਰੁਪਏ ਸੀ, ਤਕਰੀਬਨ ਦੱਸ ਹਜ਼ਾਰ ਤੋਂ ਵੱਧ ਨੇ ਅੱਜਕਲ੍ਹ ਦੇ। ਇੱਕ ਮਜ਼ਦੂਰੀ ਕਰਨ ਵਾਲਾ ਬੰਦਾ ਐਨਾ ਨਹੀਂ ਦੇ ਸਕਦਾ। ਉਸ ਵੇਲੇ ਇਹ ਜਿਸ ਵਕਤ ਗਿਆ, ਜਾ ਕੇ ਇਸਨੇ ਦੱਸਿਆ ਕਿ ਮੈਂ ਗੁਰੂ ਮਹਾਰਾਜ ਕੋਲੋਂ ਆਇਆ ਹਾਂ ਤੇ ਉਨ੍ਹਾਂ ਨੇ ਹੁਕਮਨਾਮਾ ਦਿੱਤਾ, ਸਾਰੇ ਪਰਿਵਾਰ ਨੇ ਉਹਦੇ ਚਰਨ ਧੋਤੇ, ਚਰਨਾਮ੍ਰਿਤ ਲਿਆ। ਸੇਵਾ ਕਰੀ, ਜਿੰਨੀ ਹੋ ਸਕਦੀ ਸੀ ਉਹਦੀ ਸੇਵਾ ਕਰਕੇ, ਕਹਿਣ ਲੱਗੇ ਕਿ ਕੋਈ ਹੁਕਮ ਦੱਸੋ। ਕਿਉਂਕਿ ਜਦੋਂ ਕੋਈ ਆਪਣੇ ਪਿਆਰੇ ਕੋਲੋਂ ਆਉਂਦਾ ਹੈ ਨਾ ਸਾਧਸੰਗਤ ਜੀ! ਉਹਦੀਆਂ ਗੱਲਾਂ ਨਹੀਂ ਮੁੱਕਦੀਆਂ ਹੁੰਦੀਆਂ। ਜੇ ਇੱਕ ਵਾਰੀ ਸੁਣਾ ਦਿੱਤੀ, ਕਹਿੰਦਾ ਫੇਰ ਸੁਣਾ, ਫੇਰ ਸੁਣਾ ਦਿੱਤੀ, ਫੇਰ ਕਹਿੰਦੇ ਕੀ ਕਿਹਾ ਸੀ ਉਹਨੂੰ ਮੁੜ ਕੇ ਫੇਰ ਪੁੱਛ ਲਏਗਾ ਤੇ ਉਹਦੀ ਕੀਮਤ ਕਿੰਨੀ ਹੁੰਦੀ ਹੈ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***
***ਅੰਗ - 558***

ਭਾਈ ਮੰਝ ਦਾ ਪੈਰ ਨਹੀਂ ਲਗਦਾ, ਪਰਿਵਾਰ ਦਾ ਪੈਰ ਨਹੀਂ ਲਗਦਾ, ਸ਼ੁਕਰ ਹੈ ਸਾਨੂੰ ਮਹਾਰਾਜ ਨੇ ਯਾਦ ਤਾਂ ਰੱਖਿਆ। ਲੋਕਾਂ ਨੇ ਤਾਂ ਸਾਨੂੰ ਛੱਡ ਦਿੱਤਾ ਪਰ ਮਹਾਰਾਜ ਨੇ ਤਾਂ ਯਾਦ ਕਰ ਲਿਆ। ਕਹਿੰਦੇ, ਭਾਈ! ਹੁਕਮਨਾਮਾ ਫੇਰ ਸਾਨੂੰ ਦੇ ਦਿਓ, ਕਹਿੰਦੇ, ਹੁਕਮਨਾਮਾ ਭਾਈ ਮੰਝ ਇਹ ਤਾਂ ਮਿਲਣਾ ਹੈ ਜੇ ਤੂੰ ਵੀਹ ਰੁਪਈਏ ਪਹਿਲਾਂ ਦਰਸ਼ਨੀ ਭੇਟ ਰੱਖੇਂ, ਉਸ ਵੇਲੇ ਚੁੱਪ ਕਰ ਗਿਆ। ਕੋਈ ਰਾਹ ਨਹੀਂ ਲੱਭਦਾ ਕਿ ਵੀਹ ਰੁਪਈਏ ਲਿਆਈਏ ਕਿੱਥੋਂ। ਕੌਣ ਦਊਗਾ ਵੀਹ ਰੁਪਈਏ। ਨਵੇਂ-ਨਵੇਂ ਅਸੀਂ ਇੱਥੇ ਆਏ ਹਾਂ, ਵੀਹ ਰੁਪਈਏ ਤਾਂ ਕਿਸੇ ਨੇ ਦੇਣੇ ਨਹੀਂ। ਉਸ ਵੇਲੇ ਉੱਠ ਕੇ ਗਏ ਘਰਵਾਲੀ ਵੀ ਕੋਲ ਚਲੇ ਗਈ, ਲੜਕੀ ਵੀ ਹੈ, ਸਾਰੀ ਗੱਲ ਸਮਝੀ, ਲੜਕੀ ਕਹਿਣ ਲੱਗੀ, ਪਿਤਾ ਜੀ! ਐਸ ਤਰ੍ਹਾਂ ਕਰੋ ਤੁਸੀਂ, ਮੇਰੀ ਮਿਹਨਤ ਗਹਿਣੇ ਕਰ ਦਿਓ, ਜਿਹਨੂੰ ਅੱਜਕੱਲ੍ਹ ਬੰਧਵਾ ਮਜ਼ਦੂਰ ਕਹਿੰਦੇ ਨੇ, advance ਲੈ ਲਓ ਤੇ ਮੈਂ ਚਾਹੇ ਦੋ ਸਾਲ 'ਚ ਚਾਹੇ ਚਾਰ ਸਾਲ 'ਚ, ਚਾਹੇ ਪੰਜ ਸਾਲ 'ਚ ਮੈਂ ਮਿਹਨਤ ਕਰਕੇ ਵੀਹ ਰੁਪਈਏ ਉਤਾਰ ਦੇਵਾਂਗੀ। ਤੁਸੀਂ ਐਸ ਤਰ੍ਹਾਂ ਕਰ ਲਓ ਗੱਲ। ਗੱਲ ਸੁੱਝ ਗਈ, ਉਸ ਵੇਲੇ ਕਿਸੇ ਭਲੇ ਪੁਰਸ਼ ਦੇ ਪਾਸ ਜਾਂਦੇ ਨੇ, ਜਾ ਕੇ ਸਾਰੀ ਗੱਲ ਕਹੀ ਤੇ ਉਹ ਮੰਨ ਗਿਆ। ਕਹਿਣ ਲੱਗਿਆ, ਠੀਕ ਹੈ ਮੈਂ ਵੀਹ ਰੁਪਈਏ ਦੇ ਦਿੰਦਾ ਹਾਂ, ਮੈਨੂੰ ਵੀ ਲੋੜ ਹੈ। ਲੜਕੀ ਨੂੰ ਛੱਡ ਆਂਦਾ, ਚੌਧਰੀ ਦੀ ਲੜਕੀ ਹੈ ਜਿਹਨੇ ਕਦੇ ਕੰਮ ਨਹੀਂ ਸੀ ਕਰਕੇ ਦੇਖਿਆ, ਉਥੇ ਲਿਪਦੀ ਹੈ, ਗੋਹੇ ਪੱਥਦੀ ਹੈ, ਬੱਚਿਆਂ ਨੂੰ ਪੜ੍ਹਾਉਂਦੀ ਹੈ, ਚੱਕੀ ਚਲਾਉਂਦੀ ਹੈ, ਹੋਰ ਸਾਰੇ ਕੰਮ ਕਰਦੀ ਹੈ। ਪਤਾ ਹੈ ਕਿ ਮੇਰੀ ਲੜਕੀ ਨੂੰ ਐਸ ਤਰ੍ਹਾਂ ਕੰਮ ਕਰਨੇ ਪੈਣੇ ਨੇ। ਲੇਕਿਨ ਡੋਲਿਆ ਨਹੀਂ ਸਾਧਸੰਗਤ ਜੀ! -

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥***
***ਅੰਗ - 1425***

ਸ਼ੁਕਰ ਕੀਤਾ, ਲੈ ਕੇ ਪੜ੍ਹਿਆ ਤੇ ਉਹਦੇ ਉਤੇ ਲਿਖਿਆ ਹੈ ਕਿ ਭਾਈ ਮੰਝ ਅਸੀਂ ਤੇਰੇ 'ਤੇ ਬੜੇ ਖੁਸ਼ ਹਾਂ। ਤੂੰ ਭਜਨ ਕਰ, ਨਾਮ ਜਪ। ਬੁਲਾਇਆ ਅਜੇ ਵੀ ਨਾ। ਸਮਾਂ ਬੀਤ ਗਿਆ, ਦੋ-ਤਿੰਨ ਮਹੀਨੇ ਹੋਰ ਲੰਘ ਗਏ ਫੇਰ ਮਹਾਰਾਜ ਨੇ ਕਿਹਾ ਕਿ ਸਾਡਾ ਹੁਕਮਨਾਮਾ ਲੈ ਜਾਓ ਤੇ ਲਿਜਾ ਕੇ ਭਾਈ ਮੰਝ ਨੂੰ ਦੇ ਕੇ ਆਓ। ਉਸੇ ਤਰ੍ਹਾਂ ਕਰਨਾ ਹੈ, ਪਹਿਲਾਂ ਵੀਹ ਰੁਪਈਏ ਲਈਂ ਤੇ ਫੇਰ ਦੇਈਂ। ਦੁਬਾਰਾ ਫੇਰ ਆ ਗਏ, ਜਦੋਂ ਗੁਰਸਿੱਖ ਦੇ ਦਰਸ਼ਨ ਕਰੇ, ਚਾਓ ਚੜ੍ਹ ਗਿਆ। ਬੜੀ ਸੇਵਾ ਕੀਤੀ ਉਸ ਤੋਂ ਬਾਅਦ ਕਿਹਾ ਕਿ ਹੁਕਮ? ਕਹਿਣ ਲੱਗੇ, ਭਾਈ ਮੰਝ! ਹੁਕਮਨਾਮਾ ਆਇਆ ਹੈ ਦੂਸਰਾ। ਕਹਿੰਦੇ, ਦਿਓ ਫੇਰ ਦਰਸ਼ਨ ਕਰੀਏ? ਕਹਿੰਦੇ, ਨਾ ਵੀਹ ਰੁਪਈਏ, ਪਹਿਲਾਂ ਦਰਸ਼ਨੀ ਭੇਟ ਦੇ। ਉਸ ਵੇਲੇ ਡੋਲਿਆ ਨਹੀਂ ਹੈ ਸਾਧਸੰਗਤ ਜੀ। ਇਹੋ ਜਿਹੇ ਮੌਕੇ ਜਦੋਂ ਇਮਤਿਹਾਨ ਦੇ ਹੁੰਦੇ ਨੇ, ਵੱਡੇ-

ਵੱਡੇ ਡੋਲ ਜਾਂਦੇ ਨੇ। ਲੇਕਿਨ ਕੋਈ ਗੁਰੂ ਦਾ ਪਿਆਰਾ ਜਿਹਨੇ ਤਨ, ਮਨ, ਧਨ ਸਭ ਗੁਰੂ ਨੂੰ ਦਿੱਤਾ ਹੋਇਆ ਹੈ, ਉਹ ਨਹੀਂ ਡੋਲਦਾ।

***ਧਾਰਨਾ – ਪਰਬਤ ਵੀ ਡੋਲਦੇ, ਡੋਲੇ ਨਾ ਸਿੱਖ ਗੁਰਾਂ ਦਾ।***

***ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।***
***ਝਖੜਿ ਆਏ ਤਰੁਵਰਾ ਸਰਬਤ ਹਲੰਦੇ।***
***ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।***
***ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।***
***ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।***
***ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ।***

***ਭਾਈ ਗੁਰਦਾਸ ਜੀ, ਵਾਰ 35/21***

ਫੁਰਮਾਨ ਕਰਦੇ ਨੇ ਭਾਈ ਗੁਰਦਾਸ ਜੀ ਕਿ ਜਦੋਂ ਧਰਤੀ ਉਪਰ ਭੁਚਾਲ ਆਉਂਦਾ ਹੈ, ਪਰਬਤ ਵੀ ਡੋਲਦੇ ਨੇ। ਝੱਖੜ ਆਉਂਦਾ ਹੈ ਸਾਰੇ ਦਰਖਤ ਗਿਰ ਜਾਂਦੇ ਨੇ, ਟੁੱਟ ਜਾਂਦੇ ਨੇ। ਅੱਗ ਲੱਗ ਜਾਵੇ, ਸਾਰੇ ਘਾਹ ਜਲ ਜਾਂਦੇ ਨੇ। ਕੋਈ ਕੋਈ ਵਿਰਲਾ ਬੰਦਾ ਹੈ ਜਿਹੜਾ ਗੁਰੂ ਦੇ ਇਮਤਿਹਾਨ ਵਿੱਚ ਪੂਰਾ ਉਤਰ ਜਾਵੇ। ਗੁਰੂ ਦਾ ਇਮਤਿਹਾਨ ਛੋਟਾ ਜਿਹਾ ਨਹੀਂ ਹੁੰਦਾ, ਬਹੁਤ ਵੱਡਾ ਇਮਤਿਹਾਨ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਵੀਹ ਰੁਪਏ ਦੇਣੇ ਨੇ ਹੁਣ, ਫਿਕਰ ਪਿਆ ਹੋਇਆ ਹੈ ਕਿ ਵੀਹ ਰੁਪਏ ਲਿਆਵਾਂ ਕਿੱਥੋਂ, ਐਨੇ ਨੂੰ ਘਰਵਾਲੀ ਕਹਿਣ ਲੱਗੀ ਕਿ ਤੁਸੀਂ ਘਬਰਾਓ ਨਾ, ਇਹ ਗੱਲ ਕਰੋ ਜਿਵੇਂ ਲੜਕੀ ਦੀ ਮਿਹਨਤ ਨੂੰ ਗਿਰਵੀ ਰੱਖਿਆ ਹੈ ਮੈਨੂੰ ਵੀ ਗਿਰਵੀ ਕਰ ਦਿਓ ਤੇ ਜਦੋਂ ਇਹਦੇ ਪੈਸੇ ਉਤਰ ਜਾਣਗੇ, ਮੈਂ ਵੀ ਆਜ਼ਾਦ ਹੋ ਜਾਵਾਂਗੀ। ਸੋ ਇਸੇ ਤਰ੍ਹਾਂ ਦੇ ਨਾਲ ਕੀਤਾ, ਚਿੱਠੀ ਲੈ ਲਈ, ਹੁਕਮਨਾਮਾ ਲੈ ਲਿਆ। ਉਹਦੇ 'ਚ ਲਿਖਿਆ ਹੋਇਆ ਕਿ ਭਾਈ ਮੰਝ! ਅਸੀਂ ਤੇਰੇ 'ਤੇ ਬੜੇ ਪ੍ਰਸੰਨ ਹਾਂ, ਤੂੰ ਹੁਣ ਸਾਡੇ ਕੋਲ ਅੰਮ੍ਰਿਤਸਰ ਆ ਜਾ, ਰਾਮਦਾਸਪੁਰੇ ਆ ਜਾ ਤੇ ਇੱਥੇ ਆ ਕੇ ਸੇਵਾ ਕਰ। ਜਾਣਦੇ ਸਭ ਕੁਛ ਸੀ, ਲੇਕਿਨ ਪਰਚਾ ਪਾ ਦਿੱਤਾ। ਹੁਣ ਭਾਈ ਮੰਝ, ਲੜਕੀ ਕਿਸੇ ਪਾਸੇ ਹੈ, ਘਰਵਾਲੀ ਕਿਸੇ ਪਾਸੇ ਚਲੀ ਗਈ। ਇਕੱਲਾ ਤੁਰਿਆ ਜਾਂਦਾ ਹੈ। ਲੇਕਿਨ ਚਿੱਤ 'ਚ ਖੁਸ਼ੀ ਹੈ ਕਿ ਗੁਰੂ ਮਹਾਰਾਜ ਨੇ ਮੈਨੂੰ ਬੁਲਾ ਲਿਆ ਤੇ ਮੈਨੂੰ ਪ੍ਰਵਾਨ ਕਰ ਲਿਆ। ਉਸ ਵੇਲੇ ਗੁਰੂ ਮਹਾਰਾਜ ਦੇ ਦਰਬਾਰ 'ਚ ਪਹੁੰਚ ਜਾਂਦਾ ਹੈ। ਜਾ ਕੇ ਨਮਸ਼ਕਾਰ ਕੀਤੀ। ਲੇਕਿਨ ਮਹਾਰਾਜ ਨੇ ਅੱਖ ਚੁੱਕ ਕੇ ਨਹੀਂ ਝਾਕਿਆ। ਦੇਖਿਆ ਹੀ ਨਹੀਂ ਉਹਦੇ ਵਲ, ਨਾ ਪੁੱਛਿਆ ਕਿ ਭਾਈ ਮੰਝ ਤੂੰ ਆ ਗਿਆ। ਕਿੱਡਾ ਵੱਡਾ ਇਮਤਿਹਾਨ ਹੈ ਅਸੀਂ ਤਾਂ ਜਦੇ ਹੀ ਫੇਲ੍ਹ ਹੋ ਜਾਣਾ ਸੀ। ਮਹਾਰਾਜ! ਮੈਂ ਤਾਂ ਬਾਲ-ਬੱਚੇ ਵੀ ਗਹਿਣੇ ਕਰ ਦਿੱਤੇ, ਤੁਸੀਂ ਮੇਰੇ ਨਾਲ ਬੋਲਦੇ ਹੀ ਨਹੀਂ ਮੇਰੇ ਤੋਂ ਕਿਹੜਾ ਕਸੂਰ ਹੋ ਗਿਆ। ਇਹ ਬਹੁਤ ਵੱਡਾ ਪਰਚਾ ਹੈ ਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ। ਯਾਦ ਤਾਂ ਕਰ ਲਿਆ, ਮੇਰਾ ਨਾਉਂ ਤਾਂ ਲੈ ਲਿਆ। ਐਨੀਓ ਖੁਸ਼ੀ ਚੜ੍ਹੀ ਹੋਈ ਹੈ, ਗੁਰਸਿੱਖ ਜਿਹੜਾ ਹੈ ਨਾ ਆਪਣੇ ਕੋਲ ਮਨ ਰੱਖਦਾ ਹੈ ਨਾ ਤਨ ਰੱਖਦਾ ਹੈ।

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥*** ***ਅੰਗ - 286***

ਕਾਰਜ ਰਾਸ ਉਹਦੇ ਹੁੰਦੇ ਨੇ ਜਿਹੜਾ ਗੁਰੂ ਨੂੰ ਮਨ ਦੇ ਦੇਵੇ। ਜਿਹੜਾ ਤਨ ਵੀ ਵੇਚ ਦੇਵੇ ਕਿਉਂਕਿ ਗੁਰੂ ਨੂੰ ਮਨਾਉਣਾ ਕੋਈ ਸੁਖਾਲਾ ਨਹੀਂ ਹੈ -

***ਧਾਰਨਾ - ਗੁਰਾਂ ਨੂੰ ਮਨਾ ਲਈਏ,***
***ਤਨ ਮਨ ਧਨ ਦੇ ਕੇ।***

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥*** ***ਅੰਗ - 918***

ਤਨ ਵੀ ਗੁਰੂ ਦਾ ਕਰ ਦੇਣਾ, ਮਨ ਵੀ ਗੁਰੂ ਦਾ ਕਰ ਦੇਣਾ, ਧਨ ਵੀ ਗੁਰੂ ਦਾ ਕਰ ਦੇਣਾ -

***ਇਹੁ ਤਨੁ ਵੇਚੀ ਸੰਤ ਪਹਿ ਪਿਆਰੇ***
***ਪ੍ਰੀਤਮੁ ਦੇਇ ਮਿਲਾਇ ॥*** ***ਅੰਗ - 431***

ਕਹਿੰਦੇ ਵੇਚ ਦੇਈਏ ਏਸ ਤਨ ਨੂੰ, ਉਹਦੇ ਕੋਲ, ਜਿਹੜਾ ਸਾਨੂੰ ਵਾਹਿਗੁਰੂ ਨੂੰ ਮਿਲਾ ਦੇਵੇ -

***ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥***
***ਅੰਗ - 431***

***ਜਿਨ ਹਰਿ ਅਰਥਿ ਸਰੀਰੁ ਲਗਾਇਆ***
***ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥***
***ਹਲਤਿ ਪਲਤਿ ਹਰਿ ਸੋਭਾ ਪਾਵਹਿ***
***ਹਰਿ ਰੰਗੁ ਲਗਾ ਮਨਿ ਗੂੜਾ ॥*** ***ਅੰਗ - 698***

ਬੁਲਾਇਆ ਨਹੀਂ ਮਹਾਰਾਜ ਜੀ ਨੇ, ਸੇਵਾ ਕਰ ਰਿਹਾ ਹੈ ਦਿਨ ਰਾਤ। ਨਾ ਦਿਨੇ ਟਿਕਦਾ ਹੈ ਨਾ ਰਾਤ ਨੂੰ ਟਿਕਦਾ ਹੈ, ਪਹਿਲੇ ਨੰਬਰ 'ਤੇ ਹੋ ਕੇ ਸੇਵਾ ਕਰ ਰਿਹਾ ਹੈ। ਜਦੋਂ ਕੁਛ ਸਮਾਂ ਲੰਘ ਗਿਆ ਤਾਂ ਉਸ ਵੇਲੇ ਗੁਰੂ ਮਹਾਰਾਜ ਨੇ ਪੁੱਛਿਆ ਕਹਿੰਦੇ, ਭਾਈ ਇੱਥੇ ਇੱਕ ਸਿੱਖ ਆਇਆ ਸੀ, ਭਾਈ ਮੰਝ। ਜਾਣਦੇ ਸਭ ਕੁਛ ਨੇ। ਕਹਿੰਦੇ, ਹਾਂ ਮਹਾਰਾਜ! ਬੜੀ ਸੇਵਾ ਕਰਦਾ ਹੈ। ਨਾ ਦਿਨੇ ਟਿਕਦਾ ਹੈ, ਨਾ ਰਾਤ ਨੂੰ ਟਿਕਦਾ ਹੈ, ਸਿਮਰਨ ਐਨਾ ਕਰਦਾ ਹੈ, ਜਦੋਂ ਦੇਖੋ ਉਹਦੇ ਮੁੱਖ ਤੋਂ ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ। 'ਸਤਿਨਾਮ ਵਾਹਿਗੁਰੂ-ਸਤਿਨਾਮ ਵਾਹਿਗੁਰੂ'। ਇੱਕੋ ਆਵਾਜ਼ ਲਗਾਤਾਰ ਆ ਰਹੀ ਹੈ। ਸੱਚੇ ਪਾਤਸ਼ਾਹ! ਬਿਰਤੀ ਉਹਦੀ ਬਹੁਤ ਅੱਛੀ ਹੈ, ਕਿਸੇ ਨਾਲ ਔਖਾ ਭਾਰਾ ਨਹੀਂ ਹੁੰਦਾ। ਕੋਈ ਬਚਨ ਕਹੋ, ਰੋਟੀ ਖਾਂਦੇ ਨੂੰ ਕਹਿ ਦੇ, ਭਾਈ ਮੰਝ ਆਹ ਕਰਨਾ ਹੈ, ਉਥੇ ਹੀ ਛੱਡ ਕੇ ਕਹਿ ਦਿੰਦਾ ਹੈ ਕਿ ਸਤਿ ਬਚਨ। ਮਹਾਰਾਜ ਕਹਿੰਦੇ, ਐਸ ਤਰ੍ਹਾਂ ਦੱਸੋ ਪ੍ਰਸ਼ਾਦਾ ਕਿੱਥੋਂ ਛਕਦਾ ਹੈ? ਕਹਿੰਦੇ, ਮਹਾਰਾਜ! ਉਹ ਤਾਂ ਲੰਗਰ 'ਚੋਂ ਛਕਦਾ ਹੈ। ਕਹਿੰਦੇ, ਫੇਰ ਉਹਦੀ ਸੇਵਾ ਕਾਹਦੀ ਹੋਈ। ਸੇਵਾ ਕਰ ਲੈਂਦਾ ਹੈ ਉਹਦੇ ਬਦਲੇ ਪ੍ਰਸ਼ਾਦੇ ਛਕ ਲੈਂਦਾ ਹੈ। ਉਹਨੂੰ ਕਹੋ ਪ੍ਰਸ਼ਾਦਾ ਲੰਗਰ 'ਚੋਂ ਨਾ ਛਕਿਆ ਕਰੇ। ਤਾੜਨਾ ਕਰ ਦਿੱਤੀ। ਉਸ ਵੇਲੇ ਜੋ ਸ੍ਰੀ ਮਾਨ ਸੀ ਲੰਗਰ

ਦੇ, ਜਦੋਂ ਭਾਈ ਮੰਝ ਬੈਠਣ ਲੱਗਿਆ ਪੰਗਤ 'ਚ, ਸਾਰਿਆਂ ਨੂੰ ਪ੍ਰਸ਼ਾਦੇ ਵਰਤਾਏ ਜਾ ਰਹੇ ਨੇ, ਜਦੋਂ ਉਹਦੇ ਕੋਲ ਆਏ ਉਹਨੂੰ ਪ੍ਰਸ਼ਾਦਾ ਨਾ ਵਰਤਾਇਆ। ਦੇਖਿਆ, ਉਸ ਨੇ ਕਿ ਪ੍ਰਸ਼ਾਦਾ ਮੈਨੂੰ ਕਿਉਂ ਛੱਡ ਗਏ। ਬਾਕੀ ਸਭ ਛਕੀ ਜਾਂਦੇ ਨੇ ਤੇ ਉਹਨੂੰ ਨਾ ਕੋਈ ਪ੍ਰਸ਼ਾਦਾ ਦਿੰਦਾ ਹੈ, ਨਾ ਪਾਣੀ ਦਿੰਦਾ ਹੈ, ਨਾ ਕੁਛ ਵੀ ਨਹੀਂ ਦਿੰਦੇ। ਉਸ ਤੋਂ ਬਾਅਦ ਪੰਗਤ ਉੱਠ ਜਾਂਦੀ ਹੈ। ਉਹ ਵੀ ਨਾਲ ਹੀ ਉੱਠ ਖੜ੍ਹਦਾ ਹੈ। ਮਨ ਵਿੱਚ ਕੋਈ ਰੰਝ ਨਹੀਂ, ਸਾਧਸੰਗਤ ਜੀ ਆਹ ਗੱਲ ਬੜੀ ਔਖੀ ਹੈ ਕਹਿਣੀ ਸੁਖਾਲੀ ਹੈ, ਸੁਣਨੀ ਸੁਖਾਲੀ ਹੈ, ਬਹੁਤ ਔਖੀ ਗੱਲ ਹੈ, ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ-ਕੋਈ ਹੈ।***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥***

***ਅੰਗ – 474***

ਸਾਰੀ ਦੁਨੀਆਂ ਗੱਲਾਂ ਦੇ ਨਾਲ ਸੇਵਕ ਬਣਦੀ ਹੈ, ਸੇਵਾਦਾਰ ਬਣਦੀ ਹੈ। ਮਹਾਰਾਜ ਕਹਿੰਦੇ, ਗੱਲਾਂ ਕਰਨ ਵਾਲੇ ਹੀ ਨੇ ਜਿੰਨਾਂ ਚਿਰ ਆਪ ਗਵਾ ਕੇ ਸੇਵਾ ਨਹੀਂ ਨਾ ਕਰਦਾ, ਓਨਾਂ ਚਿਰ ਗੱਲ ਨਹੀਂ ਬਣਦੀ। ਜੋ ਸਾਡੀ ਹਾਲਤ ਹੈ ਅਸੀਂ ਚਾਕਰ ਨਹੀਂ ਹਾਂ ਸਾਧਸੰਗਤ ਜੀ। ਗੱਲਾਂ ਨਾਲ ਅਸੀਂ ਬਹੁਤ ਚੰਗੇ ਹਾਂ। ਐਸ ਤਰ੍ਹਾਂ ਫੁਰਮਾਨ ਹਾਂ –

***ਧਾਰਨਾ – ਗੱਲੀਂ ਅਸੀਂ ਚੰਗੀਆਂ – 2***
***ਆਚਾਰੀ ਬੁਰੀਆਂ।***

***ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥***
***ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥***
***ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥***
***ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥***
***ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥***

***ਅੰਗ – 85***

ਜਿਹੜੇ ਹਰ ਵਕਤ ਸੇਵਾ ਕਰਦੇ ਨੇ ਅਸੀਂ ਉਨ੍ਹਾਂ ਦੀ ਰੀਸ ਕਰਦੇ ਹਾਂ। ਗੱਲਾਂ ਨਾਲ ਤਾਂ ਅਸੀਂ ਬਹੁਤ ਵੱਡੇ ਹਾਂ –

***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥***

***ਅੰਗ – 433***

ਗੱਲਾਂ ਨਾਲ ਸੁਹਾਗਣ ਹੈ ਚਾਹੇ ਪਤੀ ਮਿਲਿਆ ਹੈ, ਚਾਹੇ ਨਹੀਂ ਮਿਲਿਆ। ਲੇਕਿਨ ਇਹ ਨਹੀਂ ਗੱਲ, ਇਹ ਭਾਈ ਮੰਝ ਕਿੰਨੀ ਕਸਵੱਟੀ ਲੱਗ ਗਈ, ਹੁਣ ਪ੍ਰਸ਼ਾਦਾ ਕਿੱਥੋਂ ਛਕੇ। ਸੇਵਾ ਤਾਂ ਕਰਨੀ ਹੈ ਗੁਰੂ ਘਰ

ਦੀ। ਓਸ ਵੇਲੇ ਜਦੋਂ ਇਹ ਹੁਕਮ ਸੁਣਾਇਆ ਕਿ ਭਾਈ ਮੰਝ! ਤੇਰੇ ਵਾਸਤੇ ਹੁਕਮ ਹੈ ਕਿ ਤੂੰ ਲੰਗਰ 'ਚੋਂ ਪ੍ਰਸ਼ਾਦਾ ਨਹੀਂ ਛਕਣਾ। ਮਨ 'ਚ ਨਹੀਂ ਆਇਆ ਕਿ ਮੇਰਾ ਤਾਂ ਸਾਰਾ ਕੁਛ ਤਬਾਹ ਹੋ ਗਿਆ। ਮੈਂ ਚੌਧਰੀ ਸੀ, ਸਿੱਖੀ ਮੈਨੂੰ ਕੀ ਪਈ, ਇਹ ਤਾਂ ਬੜੀ ਮਹਿੰਗੀ ਪੈ ਗਈ। ਭੁੱਲ ਕੇ ਵੀ ਖਿਆਲ ਨਹੀਂ ਆਇਆ ਇਸ ਗੱਲ ਦਾ, ਨਾ ਇਹ ਖਿਆਲ ਆਇਆ ਕਿ ਮੇਰੀ ਲੜਕੀ ਕਿਤੇ ਮਿਹਨਤਾਂ ਕਰ ਰਹੀ ਹੈ, ਮੇਰੇ ਘਰਵਾਲੀ ਮਿਹਨਤਾਂ ਕਰ ਰਹੀ ਹੈ ਤੇ ਹੁਣ ਸੇਵਾ ਮੈਂ ਦਿਨ ਰਾਤ ਗੁਰੂ ਘਰ ਦੀ ਕਰਨੀ ਹੈ ਤੇ ਪ੍ਰਸ਼ਾਦਾ ਮੈਨੂੰ ਮਿਲਣਾ ਨਹੀਂ। ਪਤਾ ਨਹੀਂ ਮਹਾਰਾਜ ਨੇ ਕੀ ਕਿਹਾ ਹੈ। ਕਿਉਂਕਿ ਆਮ ਇਹ ਹੈ ਇੱਕ ਤਾਂ ਉਹ ਨੇ ਜਿਨ੍ਹਾਂ ਨੇ ਜ਼ਿੰਦਗੀ ਗੁਰੂ ਘਰ ਨੂੰ ਦਿੱਤੀ ਹੋਈ ਹੈ। ਇੱਕ ਉਹ ਨੇ ਜਿਹੜੇ ਕਦੇ-ਕਦੇ ਆ ਜਾਂਦੇ ਨੇ ਗੁਰੂ ਘਰ। ਲੰਗਰ 'ਚ ਪ੍ਰਸ਼ਾਦਾ ਛਕ ਲੈਂਦੇ ਨੇ, ਜਿਨ੍ਹਾਂ ਨੇ ਆਪਣਾ ਜੀਵਨ ਦਿੱਤਾ ਹੋਇਆ ਹੈ, ਉਹਨੇ ਤਾਂ ਲੋੜ ਮਾਤਰ ਛਕਣਾ ਹੀ ਛਕਣਾ ਹੈ। ਲੇਕਿਨ ਜਿਹੜਾ ਲਾਲਚ ਕਰਦਾ ਹੈ ਇਹਦੇ ਵਿੱਚ, ਗੁਰੂ ਘਰ ਤੋਂ ਪੈਸੇ ਕਮਾਉਣ ਦਾ ਯਤਨ ਕਰਦਾ ਹੈ ਤੇ ਫੇਰ ਆਪਣੇ ਵਾਸਤੇ ਵਰਤਦਾ ਹੈ, ਉਹ ਤਾਂ ਮਹਾਰਾਜ ਨੇ ਬਹੁਤ ਬੁਰਾ ਮੰਨਿਆ ਹੈ। ਐਸ ਤਰ੍ਹਾਂ ਦੇ ਨਾਲ ਪੜ੍ਹੋ ਭਾਈ ਗੁਰਦਾਸ ਜੀ ਕਹਿੰਦੇ ਨੇ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,***
***ਧਾਨ ਬੂਰਾ ਪੂਜਾ ਦਾ।***

***ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।***
***ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।***
***ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।***

***ਭਾਈ ਗੁਰਦਾਸ ਜੀ, ਵਾਰ 35/12***

ਸਹੁਰੇ ਘਰ ਜਵਾਈ ਰਹਿੰਦਾ ਹੋਵੇ, ਪਾਣੀ ਪੀਂਦਾ ਹੋਵੇ, ਲੋਕ ਕਹਿਣਗੇ ਸ਼ਰਾਬ ਪੀਂਦਾ ਹੈ। ਕੋਈ ਨਹੀਂ ਮੰਨਦਾ -

***ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।***
***ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।***

***ਭਾਈ ਗੁਰਦਾਸ ਜੀ, ਵਾਰ 35/12***

ਮੱਖੀ ਮਰ ਜਾਵੇ ਕਿਸੇ ਚੀਜ਼ 'ਚ, ਉਹ ਖਾਣ ਦੇ ਕੰਮ ਦੀ ਚੀਜ਼ ਨਹੀਂ ਰਹਿੰਦੀ -

***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।***

***ਭਾਈ ਗੁਰਦਾਸ ਜੀ, ਵਾਰ 35/12***

ਜਿਵੇਂ ਖੰਡੇ ਦੇ ਕੈਪਸੂਲਾਂ 'ਚ ਬਿਹੁ ਪਾਈ ਹੋਵੇ, ਇਸ ਤਰ੍ਹਾਂ ਧਰਮਸਾਲਾ ਦੀਆਂ ਰੋਟੀਆਂ ਨੇ।

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।***
***ਮਤ ਮਾਰਨ, ਹੱਡ ਗਾਲਨਿ, ਭਜਨ ਕਰਨ ਨ ਦੇਨਿ।***

ਸੋ ਮਹਾਰਾਜ ਨੇ ਬਹੁਤ ਜ਼ਿਆਦਾ ਪਾਬੰਦੀ ਲਾਈ ਹੈ ਗੁਰਸਿੱਖਾਂ 'ਤੇ।

ਕਹਿੰਦੇ, ਜਿਵੇਂ -

***ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਭੋਰਾ ਕੁ ਖੱਟਾ ਪਾ ਦਿਓ, ਦੁੱਧ ਵਿਗੜ ਜਾਂਦਾ ਹੈ, ਫਟ ਜਾਂਦਾ ਹੈ -

***ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਇੱਕ ਚੰਗਿਆੜੀ ਪਾ ਦਿਓ, ਹਜ਼ਾਰਾਂ ਮਣ ਰੂਈਂ ਦੇ ਵਿੱਚ, ਰੂੰ ਜਲ ਜਾਏਗੀ।

***ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਪਾਣੀ ਦੇ ਵਿੱਚ ਬੂਰ ਪੈ ਜਾਏ, ਪਾਣੀ ਦਾ ਸਤਿਆਨਾਸ਼ ਹੋ ਜਾਂਦਾ ਹੈ, ਦਰਖਤ ਨੂੰ ਲਾਗ ਲੱਗ ਜਾਏ, ਘੋਣ ਲਗ ਜਾਏ ਦਰਖਤ, ਉਹਦੇ 'ਚ ਬੋੜ ਪੈ ਜਾਂਦਾ ਹੈ।

***ਜਿਉ ਉਦਮਾਦੀ ਅਤੀਸਾਰੁ ਖਈ ਰੋਗ ਮਨੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਜਿਵੇਂ ਕੋਹੜ, ਟੀ.ਬੀ. ਆਦਮੀ ਨੂੰ ਹੋਈ ਹੁੰਦੀ ਹੈ ਐਸ ਤਰ੍ਹਾਂ ਦੇ ਨਾਲ।

***ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਜਾਲ ਦੇ ਵਿੱਚ ਫਸ ਜਾਂਦੇ ਨੇ ਪੰਖੀ ਆ ਕੇ, ਹੇਠਾਂ ਪਿਆ ਹੁੰਦਾ ਹੈ ਚੋਗਾ, ਭੁੱਖ ਲੱਗੀ ਹੁੰਦੀ ਹੈ, ਆ ਕੇ ਵਿੱਚ ਫਸ ਜਾਂਦੇ ਨੇ।

***ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ।***

***ਭਾਈ ਗੁਰਦਾਸ ਜੀ, ਵਾਰ 35/14***

ਕਹਿੰਦੇ, ਬੇਮੁਖਾਂ ਨੂੰ ਵਿਆਪਦੀ ਹੈ ਕਿ ਗੁਰੂ ਦਾ ਪੈਸਾ ਖਾ ਲਈਏ।

ਸੋ ਰੋਟੀ ਖਾਣੀ ਬੰਦ ਕਰ ਦਿੱਤੀ। ਸਾਰਾ ਦਿਨ ਸੇਵਾ ਕਰਦਾ ਹੈ, ਕਿਸੇ ਦੇ ਮਨ ਮਿਹਰ ਪੈ ਗਈ ਗੁਰਸਿੱਖ ਦੇ, ਆਵਾਜ਼ ਮਾਰ ਦਿੱਤੀ ਕਿ ਭਾਈ ਮੰਝ ਪ੍ਰਸ਼ਾਦਾ ਛਕ ਲੈ। ਸ਼ੁਕਰ-ਸ਼ੁਕਰ ਕਰਕੇ, ਇੱਕ ਮਿਲਿਆ ਇੱਕ ਦੇ ਉਤੇ, ਦੋ ਮਿਲ ਗਏ ਦੋ ਦੇ ਉਤੇ ਸਬਰ ਕਰ ਲੈਂਦਾ ਹੈ। ਮੰਗਦਾ ਨਹੀਂ। ਇਹ ਮੁਰੀਦ ਬਣਨਾ ਕੋਈ ਖਾਲਾ ਜੀ ਦਾ ਬਾੜਾ ਨਹੀਂ ਸਾਧਸੰਗਤ ਜੀ। ਇਹਦੇ 'ਚ ਤਾਂ ਆਪਣਾ ਆਪ ਮਿਟਾਉਣਾ ਪੈਂਦਾ ਹੈ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।***

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ 3/18*

ਮੁਰਦਾ ਹੋਏ ਤੋਂ ਬਗੈਰ ਨਾ ਸਿੱਖ ਬਣ ਸਕਦਾ ਹੈ, ਨਾ ਮੁਰੀਦ ਬਣ ਸਕਦਾ ਹੈ ਕਿਉਂਕਿ ਇਹਦੇ 'ਚ ਪਹਿਲੀ ਸ਼ਰਤ ਹੈ–

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – 1412*

ਮਰਨਾ ਪੈਂਦਾ ਹੈ, ਜੀਉਂਦੇ ਦਾ ਕੰਮ ਨਹੀਂ ਹੈ, ਇੱਥੇ ਮਰ ਕੇ ਫੇਰ ਜੀਉਂਦਾ ਹੁੰਦਾ ਹੈ, ਫੇਰ ਸਦਾ ਦੀ ਜ਼ਿੰਦਗੀ ਪ੍ਰਾਪਤ ਹੁੰਦੀ ਹੈ, ਫੇਰ ਨਹੀਂ ਮਰਿਆ ਕਰਦਾ ਦੁਬਾਰਾ। ਜਿਹਨੂੰ ਮਰਨ ਦੀ ਜਾਚ ਆ ਗਈ ਉਹ ਨਹੀਂ ਮਰਿਆ ਕਰਦਾ ਦੁਬਾਰਾ। ਮਰਦੇ ਓਹੀ ਨੇ ਜਿਨ੍ਹਾਂ ਨੂੰ ਜਾਚ ਨਹੀਂ ਹੈ। ਉਹ ਹਉਮੈ ਵਿੱਚ ਰਹਿੰਦੇ ਨੇ, ਹਉਮੈ ਦਾ ਕੰਮ ਹੈ ਜੰਮਦੇ ਰਹਿਣਾ, ਮਰਦੇ ਰਹਿਣਾ। ਸਬਰ ਹੋਵੇ ਹੱਦ ਤੋਂ ਜ਼ਿਆਦਾ, ਸਭ ਕੁਛ ਕਰਨ ਦੀ ਤਾਕਤ ਰੱਖਦਾ ਹੋਇਆ ਫੇਰ ਕੁਛ ਨਾ ਕਰੇ।

ਇੱਕ ਵਾਰੀ ਈਰਾਨ ਦੇ ਬਾਦਸ਼ਾਹ ਦੇ ਦਰਬਾਰ ਵਿੱਚ ਇਹ ਸਵਾਲ ਪੈਦਾ ਹੋ ਗਿਆ ਕਿ ਸਬਰ ਤੇ ਸ਼ੁਕਰ ਇਹਦਾ ਕੀ ਮਾਇਅਨਾ ਹੋਇਆ ਸਹੀ, ਕਿਉਂਕਿ ਇਹਦੀ ਬਹੁਤ ਵੱਡੀ ਵਡਿਆਈ ਹੈ ਤੇ ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਸਬਰ ਹੋਣਾ ਚਾਹੀਦਾ ਹੈ –

*ਫਰੀਦਾ ਸਾਹਿਬ ਕੀ ਕਰਿ ਚਾਕਰੀ ਦਿਲ ਹੀ ਲਾਹਿ ਭਰਾਂਦਿ ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ਅੰਗ – 1381*

ਰੁੱਖਾਂ ਵਰਗਾ ਜਿਗਰਾ ਚਾਹੀਦਾ ਹੈ –

*ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥*
*ਇਕੁ ਛਿਜਹਿ ਬਿਆ ਲਤਾੜੀਅਹਿ ॥*
*ਤਾਂ ਸਾਈ ਦੈ ਦਰਿ ਵਾੜੀਅਹਿ ॥ ਅੰਗ – 1378*

ਉਤੋਂ ਪੈਰਾਂ ਨਾਲ ਲਤਾੜਦੇ ਨੇ, ਫੇਰ ਕਹਿੰਦੇ ਸਾਂਈ ਦੇ ਦਰ 'ਤੇ

ਪੈਂਦਾ ਹੈ ਉਹ ਜਾ ਕੇ, ਕਬੂਲ ਪੈਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਰਥ ਨਹੀਂ ਸਮਝ 'ਚ ਆਉਂਦੇ। ਬੜੇ ਉਲਮਾ ਨੇ ਅਰਥ ਕਰੇ, ਵਿਦਵਾਨਾਂ ਨੇ। ਲੇਕਿਨ ਤਸੱਲੀ ਨਹੀਂ ਹੋਈ, ਅਖੀਰ ਇਹ ਹੋਇਆ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਬੜੇ ਆਲਮ ਨੇ ਤੇ ਦਿੱਲੀ ਭੇਜਿਆ ਜਾਵੇ ਕੋਈ ਬੰਦਾ। ਉਥੋਂ ਅਰਥ ਸਿੱਖੇ। ਇਹ ਕਹਿਣ ਲੱਗੇ ਕਿ ਇਹ ਆਲਮਾਂ ਦੇ ਅਰਥ ਦੀ ਬਾਤ ਨਹੀਂ, ਇਹਨੂੰ ਕੋਈ ਆਰਫ ਲੋਕ, ਬ੍ਰਹਮਗਿਆਨੀ ਅਰਥ ਕਰ ਸਕਦਾ ਹੈ, ਹੋਰ ਨਹੀਂ ਕੋਈ ਅਰਥ ਕਰ ਸਕਦਾ ਕਿ ਸਬਰ ਤੇ ਸ਼ੁਕਰ ਕੀ ਹੁੰਦਾ ਹੈ। ਕਹਿਣ ਲੱਗੇ, ਬ੍ਰਹਮਗਿਆਨੀ ਕਿੱਥੋਂ ਭਾਲੀਏ? ਕਹਿੰਦੇ, ਔਰੰਗਜ਼ੇਬ ਦੀ ਕੈਦ ਵਿੱਚ ਇੱਕ ਪੂਰਨ ਮਹਾਤਮਾ ਜਿਨ੍ਹਾਂ ਦਾ ਨਾਮ ਸੁਰਮੱਦ ਹੈ, ਉਹ ਨੇ; ਉਨ੍ਹਾਂ ਤੋਂ ਅਰਥ ਪੁੱਛ ਲਓ ਜਾ ਕੇ ਵਜ਼ੀਰ ਨੂੰ ਭੇਜਿਆ ਜਾਂਦਾ ਹੈ, ਸਫਰ ਕਰਦਾ-ਕਰਦਾ ਵਜ਼ੀਰ ਉਥੇ ਆਇਆ ਦਿੱਲੀ। ਉਥੇ ਆ ਕੇ ਅਰਥ ਪੁੱਛੇ ਲੇਕਿਨ ਕਿਸੇ ਤੋਂ ਤਸੱਲੀ ਨਾ ਉਹਦੀ ਹੋਈ। ਫੇਰ ਉਹਨੇ ਕਿਹਾ ਕਿ ਮੈਂ ਸੁਰਮੱਦ ਨੂੰ ਮਿਲਣਾ ਚਾਹੁੰਦਾ ਹਾਂ। ਸੁਰਮੱਦ ਦਾ ਪਤਾ ਕੀਤਾ ਤਾਂ ਪਹਿਲਾਂ ਉਹਦੇ ਨਾਲ ਗੱਲ ਕਰਨ ਵਾਸਤੇ ਵਜ਼ੀਰ ਜਾਂਦਾ ਹੈ, ਜਿਸ ਤਹਿਖਾਨੇ 'ਚ ਉਹ ਬੰਦ ਸੀ, ਉਥੇ ਜਾ ਕੇ ਜਦੋਂ ਆਵਾਜ਼ ਦਿਤੀ ਤਾਂ ਸੁਰਮੱਦ ਸੀਖਾਂ ਦੇ ਕੋਲ ਆ ਗਿਆ। ਨਾ ਕੋਈ ਕੱਪੜਾ ਹੈ ਤੇੜ, ਸਰੀਰ ਨਗਨ ਹੈ ਉਹਦਾ। ਬੜਾ ਖਿਆਲ ਆਇਆ ਕਿ ਇਹ ਐਡਾ ਵੱਡਾ ਮਹਾਤਮਾ, ਐਡਾ ਵੱਡਾ ਸਾਧੂ ਤੇ ਇਹਦੇ ਨਾਲ ਆਹ ਹਾਲਤ ਕਰ ਰਿਹਾ ਹੈ ਔਰੰਗਜ਼ੇਬ! ਕਰਨੀ ਕਿਹੋ ਕਿਹੀ ਸੀ ਇੱਕ ਵਾਰੀ ਉਹਨੇ ਇੱਕ ਲੜਕਾ ਆਇਆ, ਕਹਿਣ ਲੱਗਿਆ ਜੀ, ਮੇਰੀ ਸ਼ਾਦੀ ਹੋਣੀ ਹੈ, ਮੈਨੂੰ ਦੱਸ ਹਜ਼ਾਰ ਰੁਪਿਆ ਚਾਹੀਦਾ ਹੈ। ਉਹ ਕਹਿੰਦੇ, ਦਸ ਹਜ਼ਾਰ ਅਸੀਂ ਕਿੱਥੋਂ ਦੇਈਏ ਭਾਈ। ਕਹਿੰਦਾ, ਨਾ ਮਹਾਰਾਜ! ਮੈਨੂੰ ਕਿਤੋਂ ਦਿਓ। ਉਨ੍ਹਾਂ ਨੇ ਚਾਰ ਕਾਨੇ ਤੋੜ ਕੇ, ਚਾਰ ਪਾਵੇ ਬਣਾ ਦਿੱਤੇ, ਚਾਰ ਬਾਂਹੀਆਂ ਬਣਾ ਦਿੱਤੀਆਂ ਤੇ ਫੂਸ ਨਾਲ ਉਹਨੂੰ ਆਲੇ-ਦੁਆਲੇ ਤੋਂ ਬੁਣ ਦਿੱਤਾ ਜਿਵੇਂ ਮੰਜਾ ਬਣਾਈਦਾ ਹੈ, ਕਹਿੰਦੇ ਆਹ ਲੈ ਜਾ, ਬਜ਼ਾਰ ਵਿੱਚ ਜਾ ਕੇ ਹੌਕਾ ਦੇ ਦੇ ਕਿ ਅੱਠ ਆਨੇ ਨੂੰ ਔਰੰਗਜ਼ੇਬ ਦਾ ਤਖਤ ਵਿਕਦਾ ਹੈ, ਉਹਨੇ ਜਾ ਕੇ ਹੌਕਾ ਦੇ ਦਿੱਤਾ ਕਿ ਦਿੱਲੀ ਦਾ ਤਖਤ ਅੱਠ ਆਨੇ 'ਚ ਵਿਕ ਰਿਹਾ ਹੈ। ਸੁਰਮੱਦ ਨੇ ਇਹਦਾ ਮੁੱਲ ਪਾਇਆ ਹੈ। ਜਦੋਂ ਸੁਰਮੱਦ ਦਾ ਨਾਮ ਲਿਆ ਉਸ ਵੇਲੇ ਔਰੰਗਜ਼ੇਬ ਘਬਰਾ ਗਿਆ। ਕਹਿਣ ਲੱਗਿਆ, ਸਾਂਈ ਲੋਕ ਹੈ ਇਹ ਤਾਂ ਮੇਰਾ ਰਾਜ ਜਾਏਗਾ ਸਾਰਾ ਹੀ, ਅੱਠ ਆਨੇ 'ਚ ਵੇਚ ਕੇ। ਉਸੇ ਵੇਲੇ ਬੁਲਾ ਲਿਆ ਲੜਕੇ ਨੂੰ, ਕਹਿਣ ਲੱਗਿਆ ਕਿੰਨਾ ਪੈਸਾ ਚਾਹੀਦਾ ਹੈ। ਕਹਿੰਦਾ, ਦਸ ਹਜ਼ਾਰ। ਕੱਢ ਕੇ ਦੇ ਦਿੱਤਾ।

ਇੱਕ ਵਾਰੀ ਔਰੰਗਜ਼ੇਬ ਨੇ ਹੁਕਮ ਦੇ ਦਿੱਤਾ ਕਿ ਸੁਰਮੱਦ ਨੂੰ ਕਤਲ ਕਰ ਦਿਓ, ਜਦੋਂ ਕਤਲ ਕਰਨ ਲੱਗੇ, ਉਹ ਕਹਿਣ ਲੱਗਿਆ ਦੇਖ ਕੇ ਕਰੀਂ ਜਿੰਨਾਂ ਤੇਰਾ ਖਾਨਦਾਨ ਹੈ, ਸਭ ਮੇਰੇ ਨਾਲ ਹੀ ਮਰ ਜਾਏਗਾ। ਕਹਿੰਦੇ ਸਬੂਤ? ਕਹਿੰਦੇ, ਮੇਰੀ ਚੀਚੀ ਨੂੰ ਚੀਰਾ ਦੇ ਕੇ ਦੇਖ, ਜਦੋਂ ਚੀਚੀ

ਉਂਗਲੀ ਨੂੰ ਚੀਰਾ ਦਿੱਤਾ ਤਾਂ ਔਰੰਗਜ਼ੇਬ ਦੇ ਵੀ ਚੀਰਾ ਆ ਗਿਆ, ਬੇਗਮਾਂ ਦੇ ਵੀ ਆ ਗਿਆ, ਸਾਰੇ ਪਰਿਵਾਰ ਦੀਆਂ ਉਂਗਲੀਆਂ ਚੀਰੀਆਂ ਗਈਆਂ। ਐਸੀਆਂ ਸ਼ਕਤੀਆਂ ਦਾ ਮਾਲਕ, ਵਸਤਰ ਨਹੀਂ ਸੀ ਪਹਿਨਦਾ ਹੁੰਦਾ, ਜਾਮਾ ਮਸਜਿਦ ਦੇ ਸਾਮ੍ਹਣੇ ਪਿੱਪਲ ਸੀ, ਉਹਦੇ ਹੇਠਾਂ ਬੈਠਦਾ ਹੁੰਦਾ ਸੀ, ਹੁਣ ਵੀ ਹੈਗਾ ਪਿੱਪਲ ਉਹ। ਇੱਕ ਦਿਨ ਔਰੰਗਜ਼ੇਬ ਕਹਿਣ ਲੱਗਿਆ, ਨਮਾਜ਼ ਪੜ੍ਹਨ ਜਾਂਦਾ ਹੈ। ਕਹਿਣ ਲੱਗਿਆ, ਦਰਵੇਸ ਸਾਂਈ! ਤੂੰ ਕੱਪੜੇ ਕਿਉਂ ਨਹੀਂ ਪਹਿਨਦਾ। ਕੰਬਲ ਤੇਰੇ ਕੋਲ ਪਿਆ ਹੈ ਤੂੰ ਉਤੇ ਕਿਉਂ ਨਹੀਂ ਲੈਂਦਾ? ਕਹਿੰਦਾ, ਤੂੰ ਦੇ ਦੇ। ਹਾਥੀ ਤੋਂ ਉਤਰ ਆਇਆ, ਜਿੱਦੀ ਸੀ ਥੋੜ੍ਹਾ ਜਿਹਾ। ਜਦੋਂ ਚੁੱਕ ਕੇ ਕੰਬਲ ਦੇਣ ਲੱਗਿਆ, ਇੱਕ ਦਮ ਰੱਖ ਦਿੱਤਾ। ਕਹਿੰਦਾ, ਕਿਉਂ ਰੱਖਦਾ ਕਿਉਂ ਹੈ? ਕੀ ਦਿਸਿਆ ਹੈ ਤੈਨੂੰ? ਪਿਉ ਦਾ ਸਿਰ ਹੇਠਾਂ ਪਿਆ ਹੈ, ਭਰਾਵਾਂ ਦੇ ਸਿਰ ਹੇਠਾਂ ਪਏ ਨੇ। ਬਹੁਤ ਸਾਰੇ ਸੂਫੀ ਮਹਾਂਪੁਰਸ਼, ਹਿੰਦੂ ਮਹਾਂਪੁਰਸ਼ਾਂ ਦੇ ਸਿਰ ਪਏ ਨੇ। ਕਹਿੰਦੇ, ਕਿਉਂ ਡਰ ਗਿਆ, ਕਹਿੰਦੇ ਦੱਸ ਤੇਰੇ ਔਗੁਣ ਢਕਾਂ ਕਿ ਆਪਣਾ ਤਨ ਢਕਾਂ।

ਉਹਦੇ ਨਾਲ ਖਿਝਦਾ ਰਹਿੰਦਾ ਸੀ ਹਰ ਵਕਤ। ਅਖੀਰ ਇੱਕ ਦਿਨ ਕਹਿਣ ਲੱਗਿਆ, ਸਾਂਈਂ! ਤੈਨੂੰ ਦੇਹ ਅਧਿਆਸ ਬੜਾ ਹੈ। ਕਹਿੰਦਾ, ਲੈ ਚਮੜਾ ਤੈਨੂੰ ਚਾਹੀਦਾ ਹੈ, ਲੈ ਲੈ ਤੂੰ। ਕੈਦ ਕਰ ਦਿੱਤਾ ਇਹਨੂੰ। ਕੈਦ ਕਰਕੇ ਹੁਕਮ ਦੇ ਦਿੱਤਾ ਕਿ ਇਹਦੇ ਸੌ ਕੋਰੜਾ ਰੋਜ਼ ਲੱਗੇ ਤੇ ਇਹਨੂੰ ਛੋਲਿਆਂ ਦੀ, ਬਾਜਰੇ ਦੀ ਖੁਸ਼ਕ ਰੋਟੀ ਲੂਣ ਪਾ ਕੇ ਅੱਧੋ-ਸੱਧੀ ਫੇਰ ਇਹਨੂੰ ਰੋਟੀ ਦਿਓ ਤੇ ਉਸ ਵੇਲੇ ਜਦੋਂ ਇਹ ਵਜ਼ੀਰ ਪਹੁੰਚਦਾ ਹੈ, ਇਹਨੇ ਜਾ ਕੇ ਕਿਹਾ ਸਾਂਈਂ! ਮੈਂ ਅਰਥ ਪੁੱਛਣ ਆਇਆਂ ਹਾਂ, ਐਨੇ ਨੂੰ ਜਲਾਦ ਆ ਜਾਂਦਾ ਹੈ, ਅੰਦਰ ਵੜ ਗਿਆ ਜਲਾਦ। ਸੁਰਮੱਦ ਚੌਂਕੜਾ ਮਾਰ ਕੇ ਬੈਠ ਗਿਆ, ਪੰਜਾਹ ਕੋਰੜੇ ਮਾਰੇ, ਉਸ ਤੋਂ ਬਾਅਦ ਫੇਰ ਦਮ ਲੈ ਲਿਆ ਫੇਰ ਪੰਜਾਹ ਮਾਰੇ। ਇਹ ਚੁੱਪ ਕਰੇ ਹੋਏ ਨੇ, ਨਾਂਹ ਵਿੱਚ ਉਂਗਲੀ ਹਿਲਾਈ ਜਾਂਦੇ ਨੇ। ਸਮਝ ਵਿੱਚ ਨਹੀਂ ਆਇਆ ਇਹਦੇ। ਜਦੋਂ ਜਲਾਦ ਚਲਿਆ ਗਿਆ, ਤਾਂ ਉਸ ਵੇਲੇ ਕਹਿਣ ਲੱਗਿਆ ਕਿ ਮੈਂ ਅਰਥ ਪੁੱਛਣ ਆਇਆ ਸੀ। ਸਾਂਈ ਲੋਕ! ਤੇਰੇ ਨਾਲ ਤਾਂ ਬਹੁਤ ਬੁਰੀ ਹੁੰਦੀ ਹੈ, ਤੂੰ ਕੀ ਲੈਣਾ ਹੈ, ਤੂੰ ਅਰਥ ਪੁੱਛ ਲਈਂ। ਕੱਲ੍ਹ ਨੂੰ ਐਸ ਤਰ੍ਹਾਂ ਕਰੀਂ ਇੱਕ ਮਸ਼ਕ ਪਾਣੀ ਦੀ ਲਿਆਈਂ ਤੇ ਦੋ ਗਜ਼ ਕੱਪੜਾ ਲਿਆਈਂ ਮੈਂ ਤੇੜ ਪਹਿਨ ਲਵਾਂਗਾ। ਦੂਸਰੇ ਦਿਨ ਜਦੋਂ ਗਿਆ, ਆਵਾਜ਼ ਦਿੱਤੀ, ਸਾਂਈਂ ਲੋਕ ਮੈਂ ਲੈ ਆਇਆ ਮਸ਼ਕ ਤੇ ਦਰਵਾਜ਼ਾ ਬੰਦ ਹੈ। ਨਿਗ੍ਹਾ ਕਰੀ ਸੁਰਮੱਦ ਨੇ ਦਰਵਾਜ਼ਾ ਤੜੱਕ ਦੇ ਕੇ ਖੁੱਲ੍ਹ ਗਿਆ। ਔਹ ਗਿਆ ਤਾਲਾ ਲਹਿ ਕੇ। ਕਹਿੰਦਾ, ਆ ਜਾ, ਅੰਦਰ। ਪਹਿਰੇਦਾਰ ਸੁਲਾ ਦਿੱਤੇ ਨਿਗ੍ਹਾ ਨਾਲ ਹੀ। ਅੰਦਰ ਚਲਿਆ, ਇਸ਼ਨਾਨ ਕਰਾਇਆ, ਵਸਤਰ ਪਹਿਨੇ। ਹੈਰਾਨ ਹੋ ਗਿਆ ਕਿ ਸਾਂਈਂ ਲੋਕ 'ਚ ਐਨੀ ਤਾਕਤ ਤੇ ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ ਜਲਾਦ। ਕੋਰੜੇ ਮਾਰਦਾ ਹੈ ਤੇ ਇਹ ਖਾਈ ਜਾਂਦਾ ਹੈ, ਜਦੋਂ ਪੰਜਾਹ ਲੱਗ ਗਏ, ਕਹਿੰਦੇ ਸਮਝ ਗਿਆ ਅਰਥ। ਕਹਿੰਦਾ, ਨਾ ਮਹਾਰਾਜ! ਮੈਂ ਤਾਂ

ਸਮਝਿਆ ਨਹੀਂ। ਸਿਰ 'ਤੇ ਹੱਥ ਰੱਖ ਦਿੱਤਾ। ਕਹਿੰਦੇ ਲੈ ਹੁਣ ਸਮਝੀਂ। ਜਦੋਂ ਬਾਕੀ ਦੇ ਪੰਜਾਹ ਕੋਰੜੇ ਲੱਗ ਗਏ, ਕਹਿੰਦੇ ਸਮਝ ਗਿਆ ਅਰਥ। ਕਹਿੰਦਾ, ਨਾ ਮਹਾਰਾਜ! ਮੈਂ ਤਾਂ ਸਮਝਿਆ ਨਹੀਂ। ਸਿਰ 'ਤੇ ਹੱਥ ਰੱਖ ਦਿੱਤਾ, ਕਹਿੰਦੇ ਲੈ ਹੁਣ ਸਮਝੀਂ। ਜਦੋਂ ਬਾਕੀ ਦੇ ਪੰਜਾਹ ਕੋਰੜੇ ਲੱਗੇ, ਉਸ ਵੇਲੇ ਸਾਰੀਆਂ ਅਸਮਾਨੀ ਤਾਕਤਾਂ ਆਵਾਜ਼ਾਂ ਦਿੰਦੀਆਂ ਨੇ ਕਿ ਸੁਰਮੱਦ ਐਨਾ ਦੁੱਖ ਕਿਉਂ ਸਹੀ ਜਾਂਦਾ ਹੈਂ। ਸਾਨੂੰ ਹੁਕਮ ਦੇ ਇਸ ਜ਼ਾਲਮ ਬਾਦਸ਼ਾਹ ਦੀ ਬਾਦਸ਼ਾਹੀ ਗਰਕ ਕਰੀਏ, ਇਹਦਾ ਖਾਨਦਾਨ ਗਰਕ ਕਰੀਏ, ਦਿੱਲੀ ਗਰਕ ਕਰੀਏ, ਕਹਿੰਦੇ ਨਾ। ਜਦੋਂ ਲੱਗ ਹਟੇ ਕੋਰੜੇ ਕਹਿੰਦੇ ਸਮਝ 'ਚ ਆ ਗਿਆ ਤੈਨੂੰ ਸਬਰ ਦਾ ਅਰਥ?

ਉਹ ਕਹਿੰਦਾ, ਨਹੀਂ ਮੈਨੂੰ ਤਾਂ ਆਇਆ ਨਹੀਂ।

ਕਹਿੰਦੇ, ਅਸੀਂ ਤਾਂ ਤੈਨੂੰ ਪ੍ਰੈਕਟੀਕਲੀ ਦਿਖਾ ਦਿੱਤਾ।

ਐਨੀਆਂ ਤਾਕਤਾਂ ਦਾ ਮਾਲਕ ਹਾਂ ਜੇ ਇੱਕ ਵਾਰੀ ਚੁਟਕੀ ਵਜਾ ਦੇਵਾਂ, ਦਿੱਲੀ ਗਰਕ ਹੋ ਜਾਏਗੀ ਉਸੇ ਵੇਲੇ। ਐਨੀ ਤਾਕਤ ਹੁੰਦੇ ਹੋਏ ਫੇਰ ਵੀ ਮੈਂ ਕੋਰੜੇ ਖਾਏ। ਸਾਰੀਆਂ ਤਾਕਤਾਂ ਦਾ ਮਾਲਕ ਹੁੰਦਾ ਹੋਇਆ ਲੂਣ ਵਾਲਾ ਪਾਣੀ ਪੀ ਕੇ ਬਾਜਰੇ ਦੀ ਰੋਟੀ ਰੁਖੀ ਖਾ ਕੇ ਤੇ ਫੇਰ ਮੈਂ ਅੱਲਾ ਤਾਲਾ ਦਾ ਸ਼ੁਕਰ ਕਰਦਾ ਹਾਂ ਕਿ ਹੇ ਪ੍ਰਭੂ! ਤੂੰ ਮੇਰੇ ਵਾਸਤੇ ਭੇਜਦਾ ਤਾਂ ਹੈ ਨਾ ਕੁਛ ਨਾ ਕੁਛ। ਸੋ ਇਹ ਮੁਰੀਦ ਦੇ ਲੱਛਣ ਹੁੰਦੇ ਨੇ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਗੁਲਾਮ ਦਾ ਕੋਈ ਹੱਕ ਨਹੀਂ ਹੋਇਆ ਕਰਦਾ, ਕਦੇ ਕਹਿ ਦਿਓ ਸੌਂ ਜਾ, ਕਦੇ ਕਹਿ ਦਿਓ ਉਠ ਜਾ। ਉਹਨੇ ਕੰਮ ਕਰਨਾ ਹੈ, ਕੋਈ ਹੱਕ ਨਹੀਂ ਗੁਲਾਮ ਦਾ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ ਬਿਲਕੁਲ ਇਹਦਾ ਰੂਪ ਬਣ ਕੇ ਸੇਵਾ ਕਰ ਰਹੇ ਨੇ ਤੇ ਸੇਵਾ ਕਰਦੇ-ਕਰਦੇ ਅੱਜ ਸਰੀਰ ਕ੍ਰਿਸ਼ ਹੋਇਆ-ਹੋਇਆ ਹੈ, ਕਮਜ਼ੋਰ ਹੋ ਗਿਆ। ਭੱਰਾ ਵੱਡਾ ਓਡਾ ਹੀ ਲਿਆਉਂਦੇ ਨੇ ਚੁੱਕ ਕੇ ਚੁੱਕ ਹੁੰਦਾ ਨਹੀਂ ਹੈ, ਸੰਲਘਾ ਨਾਲ ਲੈ ਜਾਂਦੇ ਨੇ, ਸੰਲਘੇ ਦੀ ਮਦਦ ਦੇ ਨਾਲ ਦਰਖਤ ਤੇ ਭੱਰਾ ਚੁੱਕ ਕੇ, ਸਿਰ 'ਤੇ ਰੱਖਦੇ ਨੇ। ਜਿੱਥੇ ਸਿਰ ਥੱਕ ਜਾਂਦਾ ਹੈ ਉਥੇ ਦਮ ਲੈਂਦੇ ਨੇ। ਇਸੇ ਤਰ੍ਹਾਂ ਕਰਦੇ ਅੱਜ ਚਾਰ ਵਜੇ ਹਨ੍ਹੇਰੀ ਆ ਗਈ, ਕਾਲੀ ਬੋਲੀ ਹਨ੍ਹੇਰੀ ਹੈ ਰਸਤਾ ਭੁੱਲ ਗਏ ਤੇ ਜੰਗਲ ਦੇ ਵਿੱਚ ਇੱਕ ਖੂਹ ਹੈ, ਜਿਹਦੀ ਮੌਣ ਨਹੀਂ ਹੈ ਉੱਤੇ। ਖੂਹ ਦੇ ਵਿੱਚ ਦੜੰਮ ਕਰਕੇ ਗਿਰ ਗਿਆ। ਹੁਣ ਨਾ ਕੋਈ ਨੇੜੇ-ਤੇੜੇ ਹੈ। ਕੋਈ ਨਹੀਂ ਹੈਗਾ। ਉਸ ਵੇਲੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਿਸੇ ਨਗਰ ਵਿੱਚ ਨੇੜੇ ਹੀ ਗਏ ਹੋਏ ਨੇ, ਓਸ ਜੰਗਲ ਦੇ ਕੋਲ

ਹੀ ਤੇ ਅਚਾਨਕ ਦੀਵਾਨ ਵਿੱਚ ਬੈਠੇ-ਬੈਠੇ ਖੜ੍ਹੇ ਹੋ ਗਏ। ਖੜ੍ਹੇ ਹੋ ਕੇ ਲੱਜਾਂ ਲਿਆਓ ਜਲਦੀ। ਜੋੜਾ ਨਹੀਂ ਪਾਇਆ ਤੇ ਓਸੇ ਤਰ੍ਹਾਂ ਦੌੜੇ ਜਾਂਦੇ ਨੇ। ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਮਾਲਦੈ।*

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥*

*ਅੰਗ - 682*

ਸਿੱਖ ਨੂੰ ਗੁਰੂ ਹਰ ਵਕਤ ਉਹਦੀ ਪ੍ਰਤਿਪਾਲਣਾ ਕਰਦਾ ਹੈ, ਨਿਗ੍ਹਾ ਤੋਂ ਓਹਲੇ ਨਹੀਂ ਹੁੰਦਾ। ਇਹ ਤਾਂ ਨਹੀਂ ਸੀ ਕਿ ਗੁਰੂ ਮਹਾਰਾਜ ਨੂੰ ਪਤਾ ਨਹੀਂ ਸੀ ਕਿ ਇਹਦੇ ਨਾਲ ਕੀ ਭਾਵੀ ਬੀਤੀ ਹੈ। ਚੌਧਰੀਪੁਣਾ ਜਾਂਦਾ ਰਿਹਾ, ਪਿੰਡ 'ਚੋਂ ਕੱਢ ਦਿੱਤਾ, ਲੜਕੀ ਗਹਿਣੇ ਪੈ ਗਈ, ਘਰਵਾਲੀ ਗਹਿਣੇ ਪੈ ਗਈ ਤੇ ਅਸੀਂ ਲੰਗਰ 'ਚ ਵੀ ਇਹਨੂੰ ਪ੍ਰਸ਼ਾਦਾ ਨਹੀਂ ਛਕਣ ਦਿੰਦੇ। ਅੰਦਰੋਂ ਸਭ ਕੁਛ ਜਾਣਦੇ ਨੇ ਤੇ ਇਹ ਵੀ ਪਤਾ ਹੈ ਕਿ ਮੇਰਾ ਸਿੱਖ ਅੱਜ ਖੂਹ 'ਚ ਗਿਰ ਗਿਆ। ਉਸ ਵੇਲੇ ਗੁਰੂ ਧਾਈ ਕਰੀਂ ਆਉਂਦਾ ਹੈ, ਬੈਠ ਨਹੀਂ ਸਕੇ ਤਖਤ ਦੇ ਉਤੇ। ਸੰਗਤਾਂ 'ਚੋਂ ਉੱਠ ਕੇ ਇੱਕ ਦਮ ਖੜ੍ਹੇ ਹੋ ਗਏ। ਜੋੜਾ ਨਹੀਂ ਮੰਗਿਆ, ਇੱਕ ਦਮ ਕਹਿੰਦੇ, ਲੱਜਾਂ ਲੈ ਕੇ ਆਓ ਛੇਤੀ ਸਾਡੇ ਪਿੱਛੇ। ਹਨ੍ਹੇਰੀ ਜ਼ੋਰੋ ਜ਼ੋਰ ਚੱਲ ਰਹੀ ਹੈ। ਹੈਰਾਨ ਨੇ ਸਾਰੇ ਕਿ ਗੁਰੂ ਮਹਾਰਾਜ, ਜੋੜਾ ਵੀ ਨਹੀਂ ਪਾਇਆ, ਸੇਵਕ ਨੱਠ ਕੇ ਜੋੜਾ ਲੈ ਕੇ ਆਉਂਦਾ ਹੈ। ਲੇਕਿਨ ਜੋੜਾ ਪਾਉਣ ਦਾ ਵਿਹਲ ਨਹੀਂ ਹੈ -

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆਉਂਦੇ,*
*ਪਿਆਰਿਆਂ ਦੇ ਰੱਖਣੇ ਨੂੰ।*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*

*ਅੰਗ - 403*

ਕੈਸਾ ਨਜ਼ਾਰਾ ਹੈ, ਗੁਰੂ ਮਹਾਰਾਜ ਦੌੜੇ ਆ ਰਹੇ ਨੇ, ਜੋੜੇ ਵਾਲਾ ਜੋੜਾ ਚੁੱਕੀਂ ਆਉਂਦਾ ਹੈ, ਘੋੜੇ ਵਾਲਾ ਘੋੜੇ ਨੂੰ ਲੈ ਕੇ ਨੱਠਿਆ ਆਉਂਦਾ ਹੈ। ਲੱਜਾਂ ਵਾਲੇ ਲੱਜਾਂ ਇਕੱਠੀਆਂ ਕਰਕੇ ਆ ਰਹੇ ਨੇ ਤੇ ਮਹਾਰਾਜ ਦੌੜੇ ਜਾ ਰਹੇ ਨੇ ਕਿਸੇ ਦੀ ਬਾਤ ਨਹੀਂ ਸੁਣਦੇ ਤੇ ਜਾ ਕੇ ਉਸ ਖੂਹ ਦੇ ਕੋਲ ਖੜ੍ਹੇ ਹੋ ਗਏ। ਉਸ ਵੇਲੇ ਆਵਾਜ਼ ਆ ਰਹੀ ਹੈ ਖੂਹ ਦੇ ਵਿਚੋਂ, ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ। ਆਵਾਜ਼ ਦਿੱਤੀ, ਮਹਾਰਾਜ ਕਹਿੰਦੇ, ਪੁੱਛੋ ਇਹਨੂੰ। ਮੌਣ ਤੋਂ ਨਹੀਂ ਗਏ, ਮੌਣ ਤੋਂ ਪਿੱਛੇ ਹਟ ਕੇ ਖੜ੍ਹ ਗਏ। ਕਹਿੰਦੇ, ਪੁੱਛੋ ਕੌਣ ਹੈ। ਜਾਣਦੇ ਤਾਂ ਸਭ ਕੁਛ ਸੀ। ਆਵਾਜ਼ ਦਿੱਤੀ ਸਿੱਖ ਨੇ, ਕਹਿੰਦੇ ਪ੍ਰੇਮੀਆਂ! ਤੂੰ ਕੌਣ ਹੈਂ? ਕਹਿਣ ਲੱਗਿਆ, ਕਿ ਮੈਂ ਗਰੀਬ ਜਿਹਾ ਸਿੱਖ ਹਾਂ ਗੁਰੂ ਪੰਜਵੇਂ ਪਾਤਸ਼ਾਹ ਦਾ, ਅਧਨਾ ਜਿਹਾ ਸਿੱਖ, ਮਾਮੂਲੀ

ਜਿਹਾ ਸਿੱਖ। ਕੋਈ ਮਾਣ ਨਹੀਂ ਮਨ ਦੇ ਅੰਦਰ। ਕਹਿੰਦੇ ਫੇਰ ਅਸੀਂ ਲੱਜਾਂ ਫਿਰਾਉਂਦੇ ਹਾਂ ਤੇ ਤੂੰ ਨਿਕਲ ਆ ਇਹਦੇ ਵਿੱਚੋਂ। ਕਹਿੰਦੇ, ਦੇਖੋ ਪਿਆਰਿਓ! ਜੇ ਮੈਨੂੰ ਕੱਢਣਾ ਹੈ ਤਾਂ ਪਹਿਲਾਂ ਬਾਲਣ ਕੱਢ ਲਓ। ਅਜੇ ਤੱਕ ਮੈਂ ਭਿੱਜਣ ਨਹੀਂ ਦਿੱਤਾ।

ਅਸੀਂ ਕੀ ਕਰਨਾ ਸੀ, ਪਹਿਲਾਂ ਤਾਂ ਖੂਹ 'ਚ ਗਿਰਨਾ ਹੀ ਨਹੀਂ ਸੀ, ਐਹੋ ਜਿਹੀ ਹਨ੍ਹੇਰੀ 'ਚ ਜਾਣਾ ਹੀ ਨਹੀਂ ਸੀ। ਵੀਹ ਬਹਾਨੇ ਲਾ ਦੇਣੇ ਸੀ। ਅੱਜ ਸੇਵਾ ਕਰਦਾ ਹੈ ਕੋਈ ਐਸੀ ਸਾਧਸੰਗਤ ਜੀ! ਬਹੁਤ ਔਖੀ ਬਾਤ ਹੈ। ਇਹ ਤਾਂ ਉਨ੍ਹਾਂ ਗੁਰਸਿੱਖਾਂ ਦੇ ਹੀ ਜੀਵਨ ਸੀ, ਜਿਨ੍ਹਾਂ ਦਾ ਚਾਨਣ ਮੁਨਾਰਾ ਬਣਾ ਕੇ ਅਸੀਂ ਰੋਸ਼ਨੀ ਲੈ ਕੇ ਤੁਰਦੇ ਹਾਂ, ਉਹਦੇ ਅੰਦਰ। ਉਹ ਜੀਵਨ ਅੱਜ ਦੇ ਸਿੱਖਾਂ ਨੂੰ ਪ੍ਰਾਪਤ ਨਹੀਂ ਹੈ। ਉਹ ਤਾਂ ਖੁਦਗਰਜ਼ੀ ਹੇ ਹੱਦ ਤੋਂ ਜ਼ਿਆਦਾ। ਵੱਡਾ ਬਣਨ ਦੀ ਲਾਲਸਾ ਹੈ, ਚਾਹੇ ਸਾਰਿਆਂ ਨੂੰ ਧੋਖਾ ਦੇਣਾ ਪੈ ਜਾਏ। ਕੌਮ ਵਾਸਤੇ ਨਹੀਂ ਕੋਈ ਜਿਉਂਦਾ, ਸਿੱਖੀ ਵਾਸਤੇ ਨਹੀਂ ਕੋਈ ਜਿਉਂਦਾ, ਆਪਣੇ ਵਾਸਤੇ ਜਿਉਂ ਰਹੇ ਨੇ ਸਾਰੇ। ਬਿਲਕੁਲ ਉਲਟਾ ਕੰਮ ਹੋ ਗਿਆ ਉਸ ਵੇਲੇ ਤੋਂ ਤੇ ਉਥੇ ਕੀ ਹੈ, ਬਾਲਣ ਸਿਰ 'ਤੇ ਹੈ, ਪਾਣੀ 'ਚ ਖੜ੍ਹਾ ਹੈ, ਗਲ-ਗਲ ਪਾਣੀ ਆਇਆ ਹੋਇਆ ਹੈ। ਅਸੀਂ ਕੀ ਕਰਨਾ ਸੀ ਜੇ ਭਲਾ ਗਿਰ ਵੀ ਜਾਂਦੇ ਤਾਂ ਬਾਲਣ ਰੱਖਣਾ ਸੀ ਪੈਰਾਂ ਥੱਲੇ ਤੇ ਉਹਦੇ ਉਤੇ ਖੜ੍ਹ ਜਾਣਾ ਸੀ ਕਿ ਕਿਤੇ ਡੁੱਬ ਨਾ ਜਾਈਏ। ਧੰਨ ਹੈ ਗੁਰਸਿੱਖ, ਕਿੰਨੀ ਦੇਰ ਹੋ ਗਈ ਗਿਰੇ ਨੂੰ ਬਾਲਣ ਸਿਰ 'ਤੇ ਚੁੱਕੀਂ ਖੜ੍ਹੇ ਨੂੰ, ਭਾਰਾ ਭਰਾ ਹੈ। ਭਿੱਜਣ ਨਹੀਂ ਦਿੱਤਾ।

ਕਹਿਣ ਲੱਗਿਆ ਕਿ ਗੁਰਮੁਖੋ! ਜੇ ਮੈਨੂੰ ਕੱਢਣਾ ਹੈ ਤਾਂ ਗੁਰੂ ਕੇ ਲੰਗਰਾਂ ਦਾ ਪਹਿਲਾਂ ਬਾਲਣ ਕੱਢੋ। ਬਾਲਣ ਨਾ ਕਿਤੇ ਗਿੱਲਾ ਹੋ ਜਾਏ। ਆਹ ਗੱਲ ਸੁਣ ਕੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਣ ਲੱਗ ਗਿਆ, ਧੰਨ ਸਿੱਖਾ! ਧੰਨ ਸਿੱਖਾ! ਧੰਨ ਤੇਰੀ ਕਮਾਈ। ਸੱਚਮੁੱਚ ਹੀ ਤੇਰਾ ਤਾਂ ਜੀਵਨ ਹੀ ਬਹੁਤ ਉੱਚਾ ਹੈ। ਗੁਰੂ ਮਹਾਰਾਜ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ। ਉਸ ਵੇਲੇ ਦੋ ਲੱਜਾਂ ਫਿਰਾਈਆਂ, ਇੱਕ ਦੇ ਵਿੱਚ ਬਾਲਣ ਖਿੱਚਿਆ ਤੇ ਇੱਕ ਦੇ ਨਾਲ ਫੜ ਕੇ ਭਾਈ ਮੰਝ ਨੂੰ ਕੱਢਿਆ ਬਾਹਰ। ਜਦੋਂ ਭਾਈ ਮੰਝ ਬਾਹਰ ਨਿਕਲਿਆ ਕੀ ਦੇਖਦਾ ਹੈ ਸਾਮ੍ਹਣੇ ਗੁਰੂ ਮਹਾਰਾਜ ਖੜ੍ਹੇ ਨੇ। ਮਹਾਰਾਜ ਜੀ! ਬਚਨ ਨਹੀਂ ਕਰ ਸਕੇ ਤੇ ਇੱਕ ਦਮ ਅੱਗੇ ਵਧੇ, ਸਿੱਖ ਨੂੰ ਛਾਤੀ ਨਾਲ ਲਾ ਲਿਆ। ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਛਾਤੀ ਨਾਲ ਲਾ ਲਿਆ, ਗੁਰਾਂ ਨੇ ਸਿੱਖ ਪਿਆਰਾ।***

ਅੱਗੇ ਵਧੇ ਮਹਾਰਾਜ ਤੇ ਸਿੱਖ ਨੂੰ ਗਲ ਨਾਲ ਲਾ ਲਿਆ।

***ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥***

***ਅੰਗ - 681***

ਜੋ ਕੋਈ ਅਵਗੁਣ ਰਹਿੰਦਾ ਵੀ ਸੀ, ਸਾਰੇ ਮੇਟ ਦਿੱਤੇ। ਮਹਾਰਾਜ ਜੀ ਦੇ ਨੇਤਰਾਂ 'ਚੋਂ ਵੀ ਜਲ ਚਲ ਰਿਹਾ ਹੈ ਤੇ ਭਾਈ ਮੰਝ ਦੇ ਵੀ ਨੇਤਰਾਂ 'ਚੋਂ ਜਿਵੇਂ ਉੱਭਲ ਉੱਠਦੀ ਹੈ, ਐਸ ਤਰ੍ਹਾਂ ਪਾਣੀ ਗਿਰ ਰਿਹਾ ਹੈ। ਸੋ ਅੱਜ ਤੱਕ ਮੌਕਾ ਹੀ ਨਹੀਂ ਮਿਲਿਆ, ਕਿੰਨੇ ਸਾਲ ਹੋ ਗਏ ਸੀ ਸੇਵਾ ਕਰਦੇ ਨੂੰ। ਗੁਰੂ ਮਹਾਰਾਜ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੰਗ ਪਿਆਰਿਆ! ਤੈਨੂੰ ਗੁਰਾਂ ਤੋਂ ਦਿਵਾਈਏ।***

ਭਾਈ ਮੰਝ! ਅਸੀਂ ਤੇਰੇ ਉਤੇ ਅਤਿ ਪ੍ਰਸੰਨ ਹੋਏ ਹਾਂ। ਬਹੁਤ ਪ੍ਰਸੰਨ ਹੋਏ ਹਾਂ ਕਿ ਸਾਡਾ ਸਿੱਖ ਐਡਾ ਵੱਡਾ ਇਮਤਿਹਾਨ ਪਾਸ ਕਰ ਗਿਆ। ਮੰਗ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥***

***ਅੰਗ - 681***

ਅੱਜ ਜੋ ਕੁਛ ਮੰਗਣਾ ਹੈ ਗੁਰੂ ਨਾਨਕ ਦੇ ਘਰੋਂ ਤੈਨੂੰ ਦਿਵਾ ਦਿੰਦੇ ਹਾਂ। ਉਸ ਵੇਲੇ ਭਾਈ ਮੰਝ ਹਉਕਿਆਂ ਨਾਲ ਰੋਣ ਲੱਗ ਗਏ। ਬੋਲ ਨਹੀਂ ਹੁੰਦਾ। ਉਸ ਵੇਲੇ ਮਹਾਰਾਜ ਕਹਿੰਦੇ ਕਿ ਕੁਛ ਮੁਖ ਤੋਂ ਤਾਂ ਬੋਲ। ਉਸ ਵੇਲੇ ਕਿਹਾ ਕਿ ਮਹਾਰਾਜ! ਮੈਂ ਕਿਸੇ ਦਾ ਮੁਹਥਾਜ ਨਾ ਹੋਵਾਂ। ਮਹਾਰਾਜ ਜੀ ਨੇ ਕਿਹਾ ਕਿ ਹੋਰ ਮੰਗ? ਉਸ ਵੇਲੇ ਗਲ ਰੁਕ ਗਿਆ, ਹੰਝੂ ਆ ਰਹੇ ਨੇ ਲੇਕਿਨ ਗੱਲ ਨਹੀਂ ਨਿਕਲ ਰਹੀ। ਕਾਫੀ ਦੇਰ ਤੋਂ ਬਾਅਦ ਮਹਾਰਾਜ ਜੀ ਨੇ ਕਿਹਾ ਕਿ ਕੁਛ ਤਾਂ ਮੰਗ, ਤੈਨੂੰ ਦੇਈਏ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਐਡਾ ਸਿੱਖ ਜਿੱਡਾ ਤੁਸੀਂ ਚਾਹੁੰਦੇ ਓਂ, ਤੁਹਾਡੀ ਕ੍ਰਿਪਾ ਤੋਂ ਬਗੈਰ ਹੋ ਨਹੀਂ ਸਕਦਾ। ਤੁਸੀਂ ਅੱਜ ਤੋਂ ਕਸਵੱਟੀ ਨਾ ਕਿਸੇ ਸਿੱਖ 'ਤੇ ਲਾਇਓ। ਕਿਉਂਕਿ ਪਾਸ ਨਹੀਂ ਇਹ ਹੋਣੇ। ਰਿਆਇਤੀ ਪਾਸ ਕਰ ਦਿਓ ਪਾਤਸ਼ਾਹ। ਕ੍ਰਿਪਾ ਕਰੋ ਆਪ।

ਸਾਧਸੰਗਤ ਜੀ! ਸਾਰਿਆਂ ਸਾਡੇ ਵਰਗਿਆਂ ਵਾਸਤੇ ਮੰਗ ਲਿਆ। ਕਸਵੱਟੀ ਤਾਂ ਕੋਈ ਸਹਿ ਨਹੀਂ ਸਕਦਾ, ਬਹੁਤ ਔਖੀ ਹੈ। ਇਹ ਤਾਂ ਭਾਈ ਮੰਝ ਦੀ ਮਿਹਰਬਾਨੀ ਹੋ ਗਈ ਕਿ ਰਿਆਇਤੀ ਨੰਬਰ ਦੇ ਕੇ ਗੁਰੂ ਪਾਸ ਕਰਨ ਲੱਗ ਗਏ ਸਾਨੂੰ। ਉਸ ਵੇਲੇ ਕਹਿਣ ਲੱਗੇ, ਮਹਾਰਾਜ ਕਿ ਭਾਈ ਮੰਝ! ਜੇ ਸੋਨੇ ਵਿੱਚ ਖੋਟ ਹੋਵੇ ਤਾਂ ਉਹ ਬਾਰ੍ਹਾਂ ਬੰਨ੍ਹੀ ਦਾ ਸ਼ੁੱਧ ਸੋਨਾ ਨਾ ਬਣਨ ਕਰਕੇ ਉਹਦੀ ਪੂਰੀ ਕੀਮਤ ਨਹੀਂ ਪੈਂਦੀ ਤੇ ਅਸੀਂ ਗੁਰਸਿੱਖਾਂ ਨੂੰ ਤਾਅ ਲਾ ਕੇ ਪੂਰੇ ਕਰਦੇ ਹਾਂ। ਉਸ ਤੋਂ ਬਾਅਦ ਉਹਨੂੰ ਦਾਤਾ ਬਣਾਉਂਦੇ ਹਾਂ, ਸੰਸਾਰ ਨੂੰ ਤਾਰਨ ਵਾਸਤੇ। ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ, ਬ੍ਰਹਮਗਿਆਨ ਦੀ ਦਾਤ ਦੇ ਦਿੱਤੀ। ਰਿੱਧੀਆਂ-

ਸਿੱਧੀਆਂ, ਨਉਨਿਧੀਆਂ ਬੇਅੰਤ ਸ਼ਕਤੀਆਂ ਭਾਈ ਮੰਝ ਦੇ ਤਾਬੇ ਕਰ ਦਿੱਤੀਆਂ। ਕਹਿੰਦੇ, ਲੈ ਭਾਈ ਮੰਝ! ਇਹ ਸਾਰਾ ਇਮਤਿਹਾਨ ਜਿੰਨਾਂ ਸੀ ਤੇਰੀ ਸਰਦਾਰੀ ਜਾਣੀ, ਤੇਰੇ ਬੱਚੇ ਤੇ ਘਰਵਾਲੀ ਗਹਿਣੇ ਪੈ ਜਾਣੀ ਤੇ ਲੋਕਾਂ ਨੇ ਤੇਰੀ ਮੁਖਾਲਫਤ ਕਰਨੀ ਹੈ ਇਹ ਤਾਂ ਅਸੀਂਓਂ ਕਸਵੱਟੀ ਲਾਈ ਸੀ, ਉਨ੍ਹਾਂ ਦੇ ਅਸੀਂ ਮਨ ਪਰੇਰ ਦਿੱਤੇ ਸੀ, ਸਖਤ ਬਣਾ ਦਿੱਤੇ ਸੀ ਤੇ ਅੱਜ ਤੂੰ ਪੂਰਾ ਗੁਰਸਿੱਖ ਨਿੱਤਰ ਗਿਆ। ਪੂਰਾ ਬਣ ਗਿਆ ਤੇ ਤੂੰ ਸਾਨੂੰ ਪਿਆਰਾ ਹੈਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮੰਝ ਪਿਆਰਾ ਗੁਰੂ ਨੂੰ।*
*ਗੁਰੂ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ।*
*ਜਗ ਲੰਘਣਹਾਰਾ।*

ਕਹਿਣ ਲੱਗੇ, ਭਾਈ ਮੰਝ! ਜਹਾਜ਼ ਬਣਾ ਦਿੱਤਾ ਤੂੰ। ਜਿੰਨਿਆਂ ਨੂੰ ਜੀਅ ਕਰਦਾ ਹੈ, ਚਾੜ੍ਹ ਕੇ ਭਵਜਲ ਪਾਰ ਕਰੀਂ। ਉਸ ਵੇਲੇ ਸਾਰੀਆਂ ਰਿੱਧੀਆਂ-ਸਿੱਧੀਆਂ, ਸ਼ਕਤੀਆਂ, ਬ੍ਰਹਮਗਿਆਨ ਦੀ ਦਾਤ ਦੇ ਕੇ, ਬਾਕੀ ਸਾਰਿਆਂ ਨੂੰ ਸੁਮੱਤ ਆ ਗਈ, ਜਿਸਦੇ ਘਰ ਲੜਕੀ ਸੀ ਲੈ ਕੇ ਹਾਜ਼ਰ ਹੋ ਗਿਆ। ਕਹਿਣ ਲੱਗਿਆ, ਭਾਈ ਮੰਝ! ਬੜੀ ਭਾਰੀ ਮੇਰੇ ਤੋਂ ਭੁੱਲ ਹੋਈ। ਤੂੰ ਦੇਵਤਾ, ਤੂੰ ਮਹਾਂਪੁਰਸ਼ ਤੇਰੀ ਲੜਕੀ ਤੋਂ ਮੈਂ ਕੰਮ ਕਰਾਇਆ। ਬੜਾ ਮੇਰੇ ਤੋਂ ਮਾੜਾ ਕੰਮ ਹੋਇਆ, ਮੇਰੀ ਭੁੱਲ ਬਖਸ਼। ਜਿੱਥੇ ਘਰਵਾਲੀ ਕੰਮ ਕਰਦੀ ਸੀ ਉਹ ਵੀ ਲੈ ਕੇ ਹਾਜ਼ਰ ਹੋ ਗਏ। ਸਾਰਾ ਭਾਈਚਾਰਾ ਹਾਜ਼ਰ ਹੋ ਗਿਆ, ਜਿਨ੍ਹਾਂ ਨੇ ਮੱਝਾਂ ਖੋਹੀਆਂ ਸੀ, ਜ਼ਮੀਨ ਖੋਹੀ ਸੀ, ਪਛਤਾਅ-ਪਛਤਾਅ ਕੇ ਕਹਿੰਦੇ ਨੇ ਕਿ ਭਾਈ ਮੰਝ! ਤੇਰੇ ਜਾਣ ਤੋਂ ਬਾਅਦ ਸਾਡਾ ਬੁਰਾ ਹਾਲ ਹੋ ਗਿਆ, ਕ੍ਰਿਪਾ ਕਰ ਜਿਸ ਗੁਰੂ ਦੇ ਤੂੰ ਲੜ ਲੱਗਿਆ ਹੈਂ ਆਹ ਸਾਰੀ ਮੰਝਕੀ ਨੂੰ ਉਹਦੇ ਲੜ ਲਾ ਦੇ। ਜਿੰਨੀ ਤੇਰੀ ਚੌਧਰ ਹੈ, ਜਿੰਨੇ ਤੇਰੇ ਪਿੰਡ ਸੀ ਅਸੀਂ ਸਾਰੇ ਤੈਨੂੰ ਵਾਪਸ ਕਰਦੇ ਹਾਂ। ਛੇਤੀ ਲੈ ਚੱਲ ਸਾਨੂੰ ਗੁਰੂ ਕੋਲ। ਸਾਰੀ ਮੰਝਕੀ ਤਾਰ ਦਿੱਤੀ ਇੱਕ ਗੁਰਸਿੱਖ ਨੇ ਸਾਧਸੰਗਤ ਜੀ! ਬੇਨਤੀ ਕਰੀ ਸੀ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ – 26*

ਸੇਵਾ ਕਰਨ ਦੇ ਨਾਲ ਕਿੱਡਾ ਵੱਡਾ ਮਾਣ ਪ੍ਰਾਪਤ ਹੋਇਆ, ਕਿੰਨਿਆਂ ਗੁਰਸਿੱਖਾਂ ਦਾ ਭਲਾ ਹੋਇਆ। ਪੜ੍ਹ ਲਓ ਸਾਰੇ –

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ।*

ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ –

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ – 274*

ਬੜੀ ਵੱਡੀ ਚੀਜ਼ ਹੈ ਗੁਰਸਿੱਖੋ ਨਾਮ, ਨਾਮ ਨਾਲੋਂ ਅਸੀਂ ਟੁੱਟ ਗਏ,

ਉਸ ਦਿਨ ਦਾ ਬੜਾ ਭਾਰਾ ਦੁੱਖ ਸਾਡੇ ਸਾਮ੍ਹਣੇ ਖੜ੍ਹਾ ਹੋ ਗਿਆ। ਦੁੱਖੀ ਹੋ ਰਹੇ ਹਾਂ, ਚੈਨ ਨਹੀਂ ਆ ਰਹੀ। ਬਹੁਤ ਕੀਮਤੀ ਚੀਜ਼ ਗੁਰੂ ਮਹਾਰਾਜ ਨੇ ਦਰਗਾਹ 'ਚੋਂ ਸਾਨੂੰ ਲਿਆ ਕੇ ਸਾਨੂੰ ਬਖਸ਼ਿਸ਼ ਕੀਤੀ ਸੀ, ਪਰ ਅਸੀਂ ਨਿਸ਼ੁਕਰੇ, ਨਿਕਦਰੇ ਹੋਣ ਕਰਕੇ ਉਸ ਨਾਮ ਨੂੰ ਨਹੀਂ ਇਕੱਠਾ ਕਰ ਸਕੇ। ਜਪੋ ਨਾਮ, ਅੰਮ੍ਰਿਤ ਵੇਲੇ ਉੱਠਿਆ ਕਰੋ। ਉੱਠ ਕੇ ਜੋ ਪੰਜਾਂ ਪਿਆਰਿਆਂ ਨੇ ਨਾਮ ਦੀ ਦਾਤ ਦਿੱਤੀ ਹੈ, ਹੋਰ ਨਾਮ ਨਹੀਂ ਹੁੰਦੇ ਕਿ ਫਲਾਣੇ ਥਾਉਂ ਤੋਂ ਲੈ ਲਈਏ, ਓਧਰੋਂ ਲੈ ਲਈਏ, ਇਹ ਐਵੇਂ ਕਮਜ਼ੋਰ ਨਿਹਚਿਆਂ ਵਾਲੀਆਂ ਗੱਲਾਂ ਹੋਇਆ ਕਰਦੀਆਂ ਨੇ। ਵਾਹਿਗੁਰੂ ਮੰਤਰ ਸਾਰਿਆਂ ਨਾਲੋਂ ਸ਼੍ਰੋਮਣੀ ਮੰਤਰ ਹੈ, ਕਲਜੁਗ ਦੇ ਅੰਦਰ ਤਾਰਨ ਨੂੰ ਸਮਰੱਥ ਹੈ। ਇਹ ਇੱਕ ਬੇੜੇ 'ਤੇ ਬੈਠ ਕੇ ਫੇਰ ਨਾ ਆਲੇ-ਦੁਆਲੇ ਡਾਵਾਂਡੋਲ ਹੋਇਆ ਕਰੋ। ਸਿੱਖੀ ਦੇ ਵਿੱਚ ਪ੍ਰਤੱਖ ਹੋਵੇ। ਸਭ ਦਾ ਭਲਾ ਮੰਗੋ, ਸੱਚੇ ਦਿਲ ਨਾਲ ਕਿਹਾ ਕਰੋ, 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।' ਜਦੋਂ ਅਸੀਂ ਸਰਬੱਤ ਦਾ ਭਲਾ ਮੰਗਾਂਗੇ, ਸਾਡਾ ਬੁਰਾ ਕੋਈ ਨਹੀਂ ਮੰਗੇਗਾ। ਖਿਆਲ ਦਾ ਪ੍ਰਤੀਖਿਆਲ ਹੋਇਆ ਕਰਦਾ ਹੈ। ਜੋ ਗੁਰੂ ਮਹਾਰਾਜ ਨੇ ਸਾਨੂੰ ਸਿੱਖਿਆ ਦਿੱਤੀ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਉਹਨੂੰ ਪੂਰੀ-ਪੂਰੀ ਤਰ੍ਹਾਂ ਦੇ ਨਾਲ ਕਮਾਉਣ ਦਾ ਯਤਨ ਕਰੋ, ਜਦੋਂ ਅਸੀਂ ਕਮਾਵਾਂਗੇ, ਫੇਰ ਸਿੱਖੀ ਸਾਡੇ ਵਿੱਚ ਪ੍ਰਵੇਸ਼ ਕਰੇਗੀ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇੱਥੇ ਹੀ ਸਮਾਪਤੀ ਹੈ, ਸਾਰੇ ਪ੍ਰੇਮੀ ਗੁਰਸਤੋਤਰ, ਅਨੰਦ ਸਾਹਿਬ ਵਿੱਚ ਬੋਲੋ। **(ਫਿਲਮ ਨੰ. 218)**

# 13

## ਆਦਿ ਸਚੁ ਜੁਗਾਦਿ ਸਚੁ ॥
## ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸ਼ਾਨ.......................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਏਕੋ ਕਹੀਐ ਨਾਨਕਾ, ਏਕੋ ਕਹੀਐ ਨਾਨਕਾ।*

*ਆਦਿ ਵਾਹਿਗੁਰੂ ਜੁਗਾਦਿ ਵਾਹਿਗੁਰੂ*
*ਹੈ ਭੀ ਵਾਹਿਗੁਰੂ ਹੋਸੀ ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* *ਅੰਗ - 1291*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*

*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ਅੰਗ - 290*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ - 537*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਨੂੰ ਸਿਧਾਂਤ ਦਿੱਤਾ ਹੈ ਜੋ ਸਾਡੀ ਮੰਜ਼ਲ-ਏ-ਮਕਸੂਦ ਹੈ, ਜੋ ਸਾਡਾ ਨਿਸ਼ਾਨਾ ਹੈ ਜਿੱਥੇ ਅਸੀਂ ਭਜਨ ਬੰਦਗੀ ਨਾਮ ਜਪ ਕੇ, ਸਤਿਸੰਗ ਕਰਕੇ ਪਹੁੰਚਣਾ ਹੈ ਉਹ ਇਹ ਆਤਮ ਮੰਡਲ ਹੈ ਜਿੱਥੇ ਜਾ ਕੇ ਦੂਜਾ ਦਿਸਦਾ ਨਹੀਂ ਹੈ। ਮਹਾਰਾਜ ਕਹਿੰਦੇ ਇਹ ਨਿਸ਼ਾਨੀ ਹੈ ਇਹਦੀ। ਪਹੁੰਚਣ ਵਾਲਾ ਪੁਰਖ ਇਸ ਅਵਸਥਾ 'ਚ ਆ ਕੇ ਸਮਝ ਲਵੇ ਕਿ ਮੇਰੀ ਮੰਜ਼ਲ ਆ ਗਈ, ਜੋ ਕੁਛ ਜਾਨਣਾ ਸੀ ਜਾਣ ਲਿਆ ਜਿਸ ਵਾਸਤੇ ਚੌਰਾਸੀ ਦੇ ਗੇੜੇ ਖਾ ਕੇ ਮਨੁੱਖਾ ਜਨਮ ਮਿਲਿਆ ਸੀ ਉਹ ਮੈਨੂੰ ਫਲ ਪ੍ਰਾਪਤ ਹੋ ਗਿਆ। ਕ੍ਰਿਤ-ਕ੍ਰਿਤ ਹੋ ਗਿਆ ਕਿ ਹੁਣ ਮੇਰਾ ਚੱਕਰ ਜੰਮਣ ਮਰਨ ਦਾ ਕੱਟ ਗਿਆ ਤੇ ਪ੍ਰਮ ਅਨੰਦ ਅਵਸਥਾ ਦੇ ਵਿੱਚ ਮੇਰੀ ਹੋਂਦ ਸਮਾਅ ਗਈ। ਇਹ ਸਾਡਾ ਨਿਸ਼ਾਨਾ ਹੈ ਜਿੱਥੇ ਅਸੀਂ ਪਹੁੰਚਣਾ ਹੈ ਕਿਉਂਕਿ ਵਾਹਿਗੁਰੂ ਜੀ ਨੇ ਆਪਣੀ ਮਾਇਆ ਦਾ ਪਸਾਰਾ ਆਪ ਕੀਤਾ ਹੈ। ਆਪੇ ਹੀ ਇੱਕ ਰੂਪ ਤੋਂ ਅਨੇਕ ਰੂਪ ਹੋਇਆ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਇਹ ਨਿਸ਼ਾਨਾ ਜੇ ਤਾਂ ਯਾਦ ਰਹਿੰਦਾ ਹੈ, ਤਾਂ ਭਜਨ ਬੰਦਗੀ ਬਹੁਤ ਛੇਤੀ ਫਲ ਦਿੰਦੀ ਹੈ, ਬਹੁਤ ਹੀ ਛੇਤੀ। ਥੋੜ੍ਹੇ ਜਿਹੇ ਚਿਰ 'ਚ ਹੀ ਫਲ ਦੇ ਦਿੰਦੀ ਹੈ। ਜੇ ਨਿਸ਼ਾਨਾ ਖੁੰਜਿਆ ਰਹਿੰਦਾ ਹੈ ਤਾਂ ਤੁਸੀਂ ਆਪੇ ਹੀ ਦੇਖੋ, ਨਿਸ਼ਾਨੇ ਵਲ ਪਿੱਠ ਕਰੀ ਹੋਈ ਹੈ ਗੋਲੀ ਚਲਾਉਂਦੇ ਓਂ, ਗੋਲੀਆਂ ਵੀ ਓਨੀਆਂ ਹੀ ਚਲਦੀਆਂ, ਰਾਈਫਲ ਵੀ ਓਨੀਂ ਹੀ ਗਰਮ ਹੁੰਦੀ ਹੈ, ਪਰ ਕਿਸੇ ਨਿਸ਼ਾਨੇ 'ਤੇ ਨਾ ਲੱਗਣ ਕਰਕੇ ਗੋਲੀ ਨਾ ਲੱਗਣ ਕਰਕੇ ਕੁਛ ਵੀ ਪ੍ਰਾਪਤੀ ਨਹੀਂ ਹੋਣੀ, ਇਹ ਪੱਕੀ ਤਰ੍ਹਾਂ ਸਮਝ ਲਓ। ਜੇ ਅਸੀਂ ਲੋਕ ਕਹਿੰਦੇ ਹਾਂ ਕਿ ਹਾਂ-ਹਾਂ ਤੁਹਾਨੂੰ ਇਹਦਾ ਵੀ ਫਲ ਮਿਲ ਜਾਏਗਾ, ਤਾਂ ਉਹ ਤੁਹਾਡਾ ਜੀਅ ਲਵਾਉਣ ਵਾਸਤੇ ਹੈ ਪਰ ਇਹ ਕਿੰਨਾ ਕੁ ਮਿਲਦਾ ਹੈ ਬਹੁਤਾ ਹੀ ਘੱਟ ਮਿਲਦਾ ਹੈ। ਜਿਵੇਂ ਤੁਸੀਂ ਹੀਰੇ ਨੂੰ ਲੱਖ ਰੁਪਏ ਦਾ ਹੀਰਾ ਹੋਵੇ ਤੇ ਐਸ ਤਰ੍ਹਾਂ ਸਮਝ ਲਓ ਆਨੇ ਦੁਆਨੀ ਨੂੰ ਵੇਚ ਦੇਵੋ, ਕਿੰਨਾ ਘਾਟਾ ਪੈਂਦਾ ਹੈ। ਸਮਾਂ ਲੰਘਦਾ ਜਾਂਦਾ ਹੈ ਬਿਲਕੁਲ ਲਿਹਾਜ਼ ਨਹੀਂ ਕਿਸੇ ਦੀ ਕਰਦਾ -

*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਟਿਕ-ਟਿਕ ਸਾਰਾ ਦਿਨ ਘੜੀ ਕਰਦੀ ਹੈ ਇਹ 60 ਵਾਰੀ ਜਦੋਂ ਘੁੰਮ ਜਾਂਦੀ ਹੈ ਇੱਕ ਮਿੰਟ ਲੰਘ ਜਾਂਦਾ ਹੈ, ਇਹ ਜਿਹੜੀ ਟਿਕ ਹੈ ਇਹ

ਵੀ ਪੰਦਰਾਂ ਵਾਰੀ ਜਦੋਂ ਛਿਨ ਲੰਘ ਜਾਂਦੇ ਨੇ ਪੰਦਰਾਂ ਛਿਨ ਤਾਂ ਇੱਕ ਵਾਰੀ ਟਿਕ ਕਹਿੰਦੀ ਹੈ। ਸਮਾਂ ਤਾਂ ਇਸ ਤੋਂ ਸੂਖਸ਼ਮ ਹੈ, ਮਹਾਰਾਜ ਕਹਿੰਦੇ ਇਸ ਤਰ੍ਹਾਂ ਤੇਰੀ ਉਮਰ ਲੰਘਦੀ ਹੈ -

*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*

*ਅੰਗ - 726*

ਅਜੇ ਕੁਛ ਨਹੀਂ ਵਿਗੜਿਆ, ਜੇ ਦੋ ਚਾਰ ਸਾਲ ਵੀ ਬਚ ਰਹਿੰਦੇ ਤਾਂ ਵੀ ਵਿਗੜਿਆ ਨਾ ਮਨ। ਕਿਉਂਕਿ ਇੱਕ ਸਾਹ ਦੇ ਨਾਲ ਵੀ ਓਸ ਨਿਸ਼ਾਨੇ 'ਤੇ ਪਹੁੰਚ ਸਕਦੇ ਹਾਂ ਜੇ ਨਿਸ਼ਾਨਾ ਸਾਮ੍ਹਣੇ ਆ ਜਾਵੇ। ਨਹੀਂ ਸੈਂਕੜੇ ਮਾਲਾ ਫੇਰ ਕੇ ਵਰ੍ਹਿਆਂ ਬੱਧੀ ਜੰਗਲਾਂ 'ਚ ਰਹਿ ਕੇ, ਭੋਰਿਆਂ 'ਚ ਬਹਿ ਕੇ, ਭੁੱਖੇ ਰਹਿ ਕੇ, ਪੁੱਠੇ ਲਟਕ ਕੇ ਨੰਗੇ ਪੈਰੀ ਤੁਰ ਕੇ, ਕੱਪੜਿਆਂ ਤੋਂ ਬਿਨਾਂ ਤੁਰ ਕੇ ਮਹਾਰਾਜ ਕਹਿੰਦੇ ਕੀ ਭਾਲਦਾ ਹੈਂ ਤੂੰ ਪਿਆਰਿਆ! ਕਿੰਨੇ ਗਲਤ ਰਸਤੇ ਪੈ ਗਿਆ, ਰਸਤਾ ਸਮਝ, ਰਸਤਾ ਤਾਂ ਨੇੜੇ ਹੀ ਹੈ, ਬਹੁਤੀ ਦੂਰ ਨਹੀਂ ਹੈਗਾ। ਫੇਰ ਉਹ ਕਹਿੰਦੇ ਕਿ ਇਹ ਗੱਲ ਐਵੇਂ ਨਾ ਸਮਝੀਂ ਤੈਨੂੰ ਪ੍ਰਤੱਖ ਸਰੂਪ ਦਿੰਦੇ ਹਾਂ। ਉਹਦੇ ਬਾਰੇ ਇਸ ਤਰ੍ਹਾਂ ਪੜ੍ਹਦੇ ਨੇ -

*ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,*
*ਇੱਕ ਵਾਰੀ ਰਾਮ ਬੋਲ ਕੇ।*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥*

*ਅੰਗ - 902*

ਕਮਾਲ ਹੈ, ਜੋਗੀ ਹੁੰਦੇ ਨੇ, ਇੱਕ ਜੋਗੀਸਰ ਹੁੰਦੇ ਨੇ ਜੋਗੀਆਂ ਦੇ ਈਸ਼੍ਵਰ, ਉਨ੍ਹਾਂ ਦੀ ਗਤੀ ਜੋ ਹੁੰਦੀ ਹੈ ਉਹ ਨਿਰਵਾਣ ਪਦ ਹੋਇਆ ਕਰਦਾ ਹੈ। ਜਿੱਥੋਂ ਜਾ ਕੇ ਦੁਬਾਰਾ ਨਹੀਂ ਆਦਮੀ ਜੰਮਣ ਮਰਨ ਦੇ ਚੱਕਰ 'ਚ ਆਉਂਦਾ। ਛੁਟ ਜਾਂਦਾ ਹੈ, ਉਹਦੇ ਵਾਸਤੇ ਉਹ ਗੁਫਾਵਾਂ 'ਚ ਬੈਠਦੇ ਨੇ, ਬਰਫਾਂ ਦੇ ਵਿੱਚ ਰਹਿੰਦੇ ਨੇ, ਆਬਾਦੀਆਂ ਤੋਂ ਦੂਰ ਰਹਿੰਦੇ ਨੇ, ਯੋਗ ਸਾਧਨਾ ਸਾਧਦੇ ਨੇ। ਬਹੁਤ ਮੁਸ਼ਕਲ ਦੇ ਨਾਲ ਸਾਧਨਾ ਹੋਇਆ ਕਰਦੀ ਹੈ। ਛੇ ਕਰਮ ਉਨ੍ਹਾਂ ਨੂੰ ਰੋਜ਼ ਕਰਨੇ ਪੈਂਦੇ ਨੇ। 21 ਫੁੱਟ ਦੀ ਚਾਰ ਉਂਗਲ ਚੌੜੀ ਲੀਰ, ਉਹ ਪਹਿਲਾਂ ਤੇਲ ਲਾ-ਲਾ ਕੇ, ਅੰਦਰ ਲੰਘਾਉਣੀ ਪੈਂਦੀ ਹੈ, ਡੇਢ ਫੁੱਟ ਰੋਜ਼, ਉਹ ਨਾੜਾਂ ਦੇ ਵਿਚੀਂ ਲੰਘਦੀ ਹੈ ਫੇਰ ਮੇਹਦੇ 'ਚ ਚਲੀ ਜਾਂਦੀ ਹੈ। ਗਰਮ ਪਾਣੀ ਨਾਲ ਭਿਓਂਤੀ ਹੁੰਦੀ ਹੈ, ਉਹ ਮੇਹਦੇ 'ਚੋਂ ਜਦੋਂ ਕੱਢਿਆ ਜਾਂਦਾ ਹੈ ਤਾਂ ਬਹੁਤ ਕੁਛ ਉਹਦੇ ਨਾਲ ਸਭ ਨੂੰ ਹੀ ਪਤਾ ਕਿ ਮਿਹਦੇ 'ਚ ਕੀ ਪਿਆ ਹੁੰਦਾ ਹੈ, ਉਹ ਬਾਹਰ ਨਿਕਲ ਆਉਂਦਾ ਹੈ। ਜਿਸ ਵਕਤ ਦੋ ਚਾਰ ਵਾਰੀ ਕਰੇ 'ਤੇ ਬਿਲਕੁਲ ਸਾਫ ਆਵੇ, ਸਮਝੋ ਮਿਹਦਾ ਬਿਲਕੁਲ ਸਾਫ ਹੋ ਗਿਆ। ਨੱਕ ਦੇ ਵਿੱਚ ਦੋ ਫੁੱਟ ਦਾ ਇੱਕ

ਡੋਰਾ ਹੁੰਦਾ, ਬੜਾ ਹੀ ਮੁਲਾਇਮ ਰੇਸ਼ਮ ਦਾ, ਪਹਿਲਾਂ ਉਹਨੂੰ ਚਾੜ੍ਹਦੇ ਨੇ, ਨੱਕ 'ਚ ਜੇ ਮਾੜਾ ਜਿਹਾ ਝਟਕਾ ਲੱਗ ਜਾਵੇ, ਛਿੱਕਾਂ ਹੀ ਨਹੀਂ ਬੰਦ ਹੁੰਦੀਆਂ। ਕਿੰਨਾ ਔਖਾ ਉਹ ਚੜ੍ਹਦਾ ਹੈ, ਸਵਾਸ ਦੇ ਬਲ ਨਾਲ ਹੇਠਾਂ ਨੂੰ ਦੱਬਦੇ ਨੇ ਦੂਸਰੀ ਨੱਸ ਵਲ ਨੂੰ, ਫੇਰ ਉਹ ਹੌਲੀ-ਹੌਲੀ ਬਾਹਰ ਕੱਢਦੇ ਨੇ, ਪੂਰਾ ਹੀ ਜ਼ੋਰ ਲਗ ਜਾਂਦਾ ਹੈ ਬੰਦੇ ਦਾ। ਉਹਦੇ ਨਾਲ ਜਿੱਥੇ ਰੇਸ਼ਾ ਟਿਕੀ ਹੁੰਦੀ ਹੈ ਉਥੇ ਉਹਦੀ ਸਫਾਈ ਕਰਦੇ ਨੇ, ਨੇਤੀ ਹੈ, ਧੋਤੀ ਹੈ, ਕਪਾਲੀ ਹੈ, ਬਸਤੀ ਹੈ, ਤ੍ਰਾਟਕ ਹੈ, ਕਪਾਲਭਾਤੀ ਹੈ ਇਹ ਛੇ ਸਾਧਨ ਹੋਇਆ ਕਰਦੇ ਨੇ, ਜਿਹੜੀ ਕਪਾਲਭਾਤੀ ਹੈ ਇਹ ਜੀਭ ਨੂੰ ਲੰਮਾ ਕਰਕੇ, ਮਾਲਿਸ਼ਾਂ ਕਰ-ਕਰਕੇ ਇੱਥੇ ਤੱਕ ਲੈ ਆਉਣਾ ਕਿ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਭਰਵੱਟੇ ਨੇ ਉਸ ਥਾਂ ਦੇ ਵਿਚਾਲੇ ਤੱਕ ਉਹ ਆਪੇ ਹੀ ਆ ਜਾਂਦਾ ਹੈ। ਕਿੰਨਾ ਔਖਾ ਹੈ, ਉਹਨੂੰ ਫੇਰ ਮੋੜ ਕੇ ਦੂਹਰੀ ਕਰਕੇ ਸਵਾਸ ਅੰਦਰ ਖਿੱਚ ਲੈਂਦੇ ਨੇ ਤੇ ਜਿੱਥੋਂ ਸਵਾਸ ਵਾਪਸ ਆਉਂਦਾ ਹੈ ਉਥੇ ਲਾ ਦਿੰਦੇ ਨੇ, ਉਹ ਸਵਾਸ ਹੇਠਾਂ ਨਹੀਂ ਉਤਰਦਾ ਉਹਦੇ ਨਾਲ ਕੀ ਹੁੰਦਾ ਹੈ ਆਦਮੀ ਮਰਦਾ ਨਹੀਂ ਹੈ, ਸਵਾਸ ਦਸਵੇਂ ਦੁਆਰ 'ਚ ਟਿਕ ਜਾਂਦਾ ਹੈ। ਸਵਾਸ ਦੀ ਗਰਮੀ ਦੇ-ਦੇ ਕੇ ਅਪਾਨ ਵਾਯੂ ਤੇ ਉਪਾਨ ਵਾਯੂ ਦੋਹਾਂ ਨੂੰ ਇਕੱਠਾ ਕਰ ਦੇਣਾ। ਇਕੱਠਾ ਕਰਕੇ ਰੀੜ੍ਹ ਦੀ ਹੱਡੀ ਦੇ ਹੇਠਾਂ ਇੱਕ ਢਾਈ ਵਲ ਖਾਧੀ ਪਈ ਹੈ ਨਾੜੀ, ਜਿਵੇਂ ਸੱਪ ਨੇ ਵਲੇਟ ਪਾਇਆ ਹੁੰਦਾ ਹੈ, ਉਹਦਾ ਨਾਉਂ ਹੈ ਭੁਚੰਗਾ ਨਾੜੀ, ਨਾੜੀ ਦਾ ਨਾਉਂ ਹੀ ਸੱਪ ਨਾੜੀ ਰੱਖ ਦਿੱਤਾ, ਉਹਦਾ ਮੂੰਹ ਖੋਲ੍ਹਦੇ ਨੇ ਗਰਮੀ ਦੇ ਦੇ ਕੇ, ਪ੍ਰਾਣਾਯਾਮ ਕਰਨ ਲੱਗ ਜਾਓ ਮੈਂ ਦੱਸ ਦਿੰਦਾ ਹਾਂ ਤਰੀਕਾ, ਇਹ ਦੋ ਕੁ ਮਹੀਨੇ ਲਗਦੇ ਨੇ ਜਦੋਂ ਨੂੰ ਪਾਗਲਖਾਨੇ ਪੱਕਾ ਆਦਮੀ ਪਹੁੰਚ ਜਾਂਦਾ ਹੈ। ਇੱਕ ਅੱਧਾ ਹਜ਼ਾਰ 'ਚੋਂ ਬਚਦਾ ਹੈ, ਬਾਕੀ ਨਹੀਂ ਬਚਦੇ, ਉਹਦਾ ਤਰੀਕਾ ਇਹ ਹੈ ਕਿ 42 ਵਾਰੀ ਵਾਹਿਗੁਰੂ-ਵਾਹਿਗੁਰੂ ਅੰਦਰ ਨੂੰ ਸਾਹ ਖਿੱਚ ਕੇ ਕਰੋ, ਫੇਰ ਸਾਹ ਨਹੀਂ ਆਉਣ ਦੇਣਾ, 84 ਵਾਰੀ ਰੋਕ ਕੇ ਕਰਨਾ। ਉਸ ਤੋਂ ਬਾਅਦ 42 ਵਾਰੀ ਬਾਹਰ ਕੱਢਦੇ ਕੱਢਦੇ ਕਰਨਾ ਹੈ, ਉਹ ਐਨੀ ਗਰਮੀ ਅੰਦਰ ਜਮ੍ਹਾਂ ਹੋ ਜਾਂਦੀ ਹੈ ਦਿਮਾਗ ਨੂੰ ਪਤਾ ਹੀ ਨਹੀਂ ਲਗਦਾ, ਅੱਧੇ ਤਾਂ ਮਸਤਾਨੇ ਹੋ ਜਾਂਦੇ ਨੇ, ਉਹ ਉੱਘਲ ਦੀਆਂ ਪਾਤਾਲ ਮਾਰਦਾ ਹੈ, ਕਹਿੰਦੇ ਜੀ ਇਹ ਤਾਂ ਬਚਨ ਦੇ ਰਿਹਾ ਹੈ। ਕਿੰਨਾ ਔਖਾ ਸਾਧਨ ਹੈ, ਕਰ ਲਏਗਾ ਅੱਜ ਕੋਈ। ਫੇਰ ਇਹ ਹੈ ਕਿ ਬ੍ਰਹਮਚਰੀਆ ਪੂਰਾ ਰੱਖਣਾ ਪੈਂਦਾ ਹੈ, ਕਿਸੇ ਤਰੀਕੇ ਨਾਲ ਵੀ ਬ੍ਰਹਮਚਰੀਆਂ 'ਚ ਕੋਈ ਭੰਗ ਨਾ ਪਵੇ, ਕਿਸੇ ਤਰੀਕੇ ਨਾਲ ਵੀ, ਨਹੀਂ ਤਾਂ ਇਹ ਉਸੇ ਵੇਲੇ ਟੁੱਟ ਜਾਂਦਾ ਹੈ। ਅੱਜ ਦੇ ਜ਼ਮਾਨੇ 'ਚ ਕੋਈ ਸੂਰਮਾ ਐਸਾ ਨਹੀਂ ਜਿਹੜਾ ਵਰਤ ਕਮਾ ਲਵੇ। ਉਹ ਜੇ ਹੋ ਜਾਵੇ, ਸਰੀਰ ਪੂਰਾ ਤੰਦਰੁਸਤ ਹੋਵੇ, ਗਰਮੀ ਨੂੰ ਸਹਿ ਜਾਂਦਾ ਹੈ, ਨਹੀਂ ਤਾਂ ਨਹੀਂ ਸਹਿ ਸਕਦਾ। ਇਹੀ ਜਿਹੜੀ ਐਨਰਜੀ ਹੈ, ਜਿਸਨੂੰ ਓਜ ਕਹਿੰਦੇ ਨੇ, ਇੱਕ ਸੇਰ ਖ਼ੁਰਾਕ ਖਾਧੀ ਜਾਵੇ ਮਜ਼ਬੂਤ, ਇੱਕ ਤੁਪਕਾ ਖ਼ੂਨ ਦਾ ਬਣਦਾ ਹੈ। ਸੌ ਤੁਪਕੇ ਬਣ ਜਾਣ ਤਾਂ ਇੱਕ ਤੁਪਕਾ ਵੀਰਜ਼ ਦਾ ਬਣਦਾ ਹੈ। ਸੌ ਵੀਰਜ਼ ਦਾ ਬਣ ਜਾਵੇ, ਉਹ ਪੱਕਦਾ ਹੈ, ਉਹ ਪੱਕ ਕੇ ਓਜ ਵਿੱਚ ਜਾਂਦਾ ਹੈ, ਓਜ ਦੇ ਨਾਲ ਮੱਥੇ 'ਚ ਚਮਕ ਆਉਂਦੀ ਹੈ। ਸਰੀਰ 'ਚ ਨੂਰ ਆ ਜਾਂਦਾ ਹੈ। ਸਹੁੱਪਣਾ ਆ

ਜਾਂਦੀ ਹੈ ਉਹ ਜੇ ਹੋਵੇ ਤਾਂ ਪ੍ਰਾਣਾਯਾਮ ਦੀ ਝਾਲ ਝੱਲ ਸਕਦਾ ਹੈ, ਨਹੀਂ ਤਾਂ ਨਹੀਂ ਝੱਲ ਸਕਦਾ। ਇਸ ਕਰਕੇ ਬ੍ਰਹਮਚਰੀਆ ਜ਼ਰੂਰੀ ਹੈ, ਭਜਨ ਕਰਨ ਵਾਸਤੇ। ਫੇਰ ਇਸ ਤੋਂ ਬਾਅਦ heat ਦੇ ਨਾਲ ਬਹੁਤ ਸਾਰੇ ਸਾਧਨ ਨੇ, ਆਸਣ ਹੈ। ਸਮ ਹੈ, ਦਮ ਹੈ, ਬਹੁਤ ਚੀਜ਼ਾਂ ਨੇ, ਸਮੇਂ-ਸਮੇਂ ਸਿਰ ਮੈਂ ਦਸਦਾ ਹੀ ਰਹਿੰਦਾ ਹਾਂ ਇਹ ਚੀਜ਼ਾਂ। ਫੇਰ ਉਹ heat ਮੂੰਹ ਖੋਲ੍ਹ ਦਿੰਦੀ ਹੈ ਉਸ ਨਾੜੀ ਦਾ। ਮੂੰਹ ਖੋਲ੍ਹਣ ਦੇ ਬਾਅਦ ਪ੍ਰਾਣ ਕਿਉਂਕਿ ਸੂਖਸ਼ਮ ਨੇ, ਇੱਕ ਦਮ ਉਹਦੇ 'ਚ enter ਹੋ ਜਾਂਦਾ ਹੈ, ਹਵਾ ਦਾ ਸੁਭਾਅ ਹੈ। ਜਿੱਥੇ ਖਾਲੀ ਥਾਂ ਹੋਏਗਾ, ਉਥੇ ਇੱਕ ਮਿੰਟ 'ਚ ਜਾ ਵੜੇਗੀ। ਮਿੰਟ ਤਾਂ ਬਹੁਤਾ ਹੈ ਬਿਜਲੀ ਦੀ ਚਾਲ ਨਾਲ ਜਾ ਵੜਦੀ ਹੈ ਉਥੇ, ਸਵਾਸ ਉਸੇ ਵੇਲੇ ਰੋਕ ਲੈਂਦਾ ਹੈ ਉਹਨੂੰ। ਉਹ ਮੁੜ ਕੇ ਨਹੀਂ ਮੂੰਹ ਮੀਚਦੀ। ਉਹਦੇ ਨਾਲ ਛੂੰਹਦੇ ਸਾਰ ਸਵਾਸ ਇਲੈਕਟ੍ਰਾਨਿਕ ਸਾਰੇ ਸਰੀਰ ਦੀ disturb ਹੋ ਜਾਂਦੀ ਹੈ। ਉਹ ਐਨੇ ਝਲਕੇ ਪੈਂਦੇ ਨੇ ਕਿ ਆਦਮੀ ਸਹਿ ਨਹੀਂ ਸਕਦਾ, ਲੇਕਿਨ ਉਹਨੂੰ ਕੰਟਰੋਲ ਕਰ ਲੈਂਦਾ ਹੈ ਪ੍ਰਾਣਾਯਾਮ। ਕਰਕੇ ਉਹ ਸ਼ਕਤੀ ਨੂੰ ਸਵਾਸ ਨਾਲ ਲੈ ਕੇ ਤੁਰਦਾ ਹੈ, ਐਨੀ heat (ਗਰਮੀ) ਵੱਧ ਜਾਂਦੀ ਹੈ ਕਿ ਪਹਿਲਾ ਚੱਕਰ ਜਿਹੜਾ ਹੈ ਰੀੜ੍ਹ ਦੀ ਹੱਡੀ ਸੁਖਮਨਾ ਨਾੜੀ ਦਾ ਉਹ ਖੁਲ੍ਹ ਜਾਂਦਾ ਹੈ। ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ। ਉਥੇ ਲਾਲ ਰੰਗ ਦੇ ਪੱਤੇ ਹੋਇਆ ਕਰਦੇ ਨੇ, ਚਾਰ ਪੱਤੇ ਹੋਇਆ ਕਰਦੇ ਨੇ। ਅਗਲੇ 'ਚ ਸਵਾਧਿਸਠਾਨ 'ਚ ਛੇ ਪੱਤੇ ਹੋਇਆ ਕਰਦੇ ਨੇ। ਮਣੀਪੂਰਕ ਚੱਕਰ ਵਿੱਚ ਅੱਠ ਪੱਤੇ, ਉਸ ਤੋਂ ਅਗਲੇ 'ਚ ਬਾਰ੍ਹਾਂ, ਉਸ ਤੋਂ ਅੱਗਲੇ 'ਚ ਸੌਲਾਂ, ਆਗਿਆ ਚੱਕਰ 'ਚ ਆ ਕੇ ਦੋ ਪੱਤੇ ਰਹਿ ਜਾਂਦੇ ਨੇ। ਵਿਚਾਲੇ ਇੱਕ ਕਮਲ ਆਉਂਦਾ ਹੈ ਨੀਵੇਂ ਪੱਧਰ 'ਤੇ ਉਹਦੀਆਂ ਪੱਤੀਆਂ ਹੁੰਦੀਆਂ ਨੇ, ਜਿਹੜਾ ਮਨ ਹੈ ਉਹਦੇ ਉਤੇ ਘੁੰਮਦਾ ਹੈ ਜੇ ਤਾਂ east ਵੱਲ ਹੋਵੇ ਫੇਰ ਤਾਂ ਭਜਨ ਕਰਨ ਨੂੰ ਜੀਅ ਕਰਦਾ ਹੈ, west ਵਲ ਨੂੰ ਹੋਵੇ ਫੇਰ ਬਿਰਤੀ ਨਹੀਂ ਟੁੱਟਦੀ, ਜੇ north ਵੱਲ ਨੂੰ ਹੋਵੇ ਤਾਂ ਜੀਅ ਕਰਦਾ ਹੈ ਕਿ ਕੀਰਤਨ ਕਰੀਏ, ਗਾਈਏ। ਜੇ south ਵਲ ਨੂੰ ਹੋਵੇ ਫੇਰ ਲੋਕਾਂ ਨੂੰ ਗਾਲ੍ਹਾਂ ਕੱਢਦਾ ਹੈ, ਵੈਰ ਉਠਦਾ ਹੈ, ਬਹੁਤ ਗੁੱਸਾ ਆਉਂਦਾ ਹੈ ਆਪਣੇ ਆਪ 'ਤੇ। ਉਹ ਘੁੰਮਦਾ ਰਹਿੰਦਾ ਹੈ, ਉਹ ਜਿਹੋ ਜਿਹਾ ਘੁੰਮਦਾ ਹੈ ਉਹੋ ਜਿਹਾ ਹੀ ਸੁਭਾਅ ਆਦਮੀ ਦਾ ਬਣ ਜਾਂਦਾ ਹੈ। ਉਸ ਤੋਂ ਬਾਅਦ ਵਿਸ਼ੁੱਧ ਚੱਕਰ ਕੰਠ 'ਚ ਹੁੰਦਾ ਹੈ, ਇਹਨੂੰ ਲੰਘ ਕੇ ਚਲਿਆ ਜਾਂਦਾ ਹੈ ਆਗਿਆ ਚੱਕਰ 'ਚ, ਉਥੇ ਦੋ ਪੱਤੇ ਹੁੰਦੇ ਨੇ ਗੁਰੂ ਦਾ ਨਿਵਾਸ ਹੁੰਦਾ ਹੈ। ਪਹਿਲਿਆਂ 'ਚ ਹੋਰ ਸ਼ਕਤੀਆਂ ਦਾ ਨਿਵਾਸ ਹੁੰਦਾ ਹੈ। ਉਸ ਤੋਂ ਬਾਅਦ ਤ੍ਰਿਕੁਟੀ ਹੁੰਦੀ ਹੈ, ਤ੍ਰਿਕੁਟੀ ਵੇਧਣੀ ਪੈਂਦੀ ਹੈ, ਉਡਾਉਣੀ ਪੈਂਦੀ ਹੈ, ਜਿਵੇਂ ਬੰਬ ਉਡਾ ਦਿੰਦਾ ਹੈ। ਉਹ ਧਿਆਤਾ, ਧਿਆਨ, ਧੇਅ ਆਉਂਦਾ ਹੈ, ਆਪੇ ਹੀ ਧੇਅ ਬਣ ਕੇ ਅਗਾਹਾਂ ਤੁਰਦਾ ਹੈ ਜਿਹਦਾ ਧਿਆਨ ਧਰਦਾ ਹੈ ਉਹ ਬਣ ਜਾਂਦੀ ਹੈ। ਉਸ ਤੋਂ ਅੱਗੇ ਉਹਦਾ ਸਰੀਰ ਤੁਰਦਾ ਹੈ, ਆਪ ਨਹੀਂ ਤੁਰਦੀ ਹੈ। ਫੇਰ ਹਜ਼ਾਰ ਦਲ ਵਾਲਾ ਕਮਲ ਆਉਂਦਾ ਹੈ, ਉਸ ਤੋਂ ਉਹਦੇ ਵਿੱਚ ਸ਼ਕਤੀਆਂ ਹੀ ਸ਼ਕਤੀਆਂ ਹੁੰਦੀਆਂ ਨੇ, ਉਡ ਜਾਵੇ, ਗੁਪਤ ਹੋ ਜਾਏ, ਪ੍ਰਮਾਣੂ ਬਣ ਜਾਵੇ, ਪਹਾੜ ਜਿੱਡਾ ਬਣ ਜਾਵੇ ਸਰੀਰ। ਸਭ ਸ਼ਕਤੀਆਂ

ਉਹਦੇ 'ਚ ਹੁੰਦੀਆਂ ਨੇ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ- 649***

ਉਸ ਤੋਂ ਬਾਅਦ, ਉਹਨੂੰ ਲੰਘਣ ਤੋਂ ਬਾਅਦ ਉਹਨੂੰ ਕੋਈ ਸੂਰਮਾ ਹੀ ਲੰਘਦਾ ਹੈ, ਕਿਉਂਕਿ ਉਥੇ ਐਨੀ ਸ਼ਕਤੀ ਆ ਜਾਂਦੀ ਹੈ ਕਿ ਜਰਣੀ ਔਖੀ ਹੋ ਜਾਂਦੀ ਹੈ, ਸੁਭਾਅ ਸਾਡਾ ਹੈਗਾ ਕਿ ਸਾਡੀ ਮਾਨਤਾ ਹੋਵੇ, ਸਾਨੂੰ ਲੋਕ ਜਾਨਣ ਵੱਡਾ ਯੋਗੀ ਕਹਿਣ, ਵੱਡੇ-ਵੱਡੇ ਬੰਦੇ ਝੁਕਦੇ ਨੇ ਕਰੋੜਾਂਪਤੀ, ਅਰਬਾਂ ਪਤੀ। ਜੋ ਵੀ ਆਉਂਦੇ ਨੇ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਜਾਣਦੇ ਹੁੰਦੇ ਨੇ, ਜੇ ਨਾ ਵੀ ਆਉਣ ਉਸ 'ਚ ਐਨੀ ਸ਼ਕਤੀ ਹੁੰਦੀ ਹੈ ਕਿ ਜਿਹਦਾ ਧਿਆਨ ਧਰਿਆ ਉਹਨੇ ਆਪੇ ਹੀ ਆ ਜਾਣਾ ਹੈ। ਉਹ ਖਿੱਚ ਲੈਂਦੀ ਹੈ ਸ਼ਕਤੀ। ਐਨੀ ਕਸ਼ਿਸ਼ ਹੁੰਦੀ ਹੈ ਉਹਦੇ 'ਚ। ਬੰਦਾ ਉਹਦੇ ਮੂਹਰੇ ਠਹਿਰ ਨਹੀਂ ਸਕਦਾ। ਕਈ miss use (ਦੁਰਵਰਤੋਂ) ਕਰਦੇ ਨੇ ਇਸ ਸ਼ਕਤੀ ਦਾ। ਔਰਤਾਂ ਵਗੈਰਾ ਨੂੰ ਖਿੱਚਣਾ ਸ਼ੁਰੂ ਕਰ ਦਿੰਦੇ ਨੇ, ਫੇਰ ਕਿਤੇ ਦਸਵੇਂ ਦੁਆਰ 'ਚ ਜਾਂਦਾ ਹੈ। ਇਹਦੇ ਵਿੱਚ ਚਾਹੇ ਚਾਲੀ ਸਾਲ ਲੱਗ ਜਾਣ, ਚਾਹੇ ਪੰਜਾਹ ਲੱਗ ਜਾਣ, ਚਾਹੇ ਸੱਠ ਲੱਗ ਜਾਣ, ਉਥੇ ਜਾ ਕੇ ਵੀ ਪ੍ਰਾਣ ਜਾਂਦਾ ਹੈ, ਸੁਰਤ ਨਹੀਂ ਜਾਂਦੀ, ਇਹ ਫਰਕ ਸਮਝ ਲਿਓ ਤੁਸੀਂ। ਉਹ ਪ੍ਰਾਪਤੀ ਨਹੀਂ ਹੁੰਦੀ ਜਿਹੜੀ ਸੁਰਤ ਤੇ ਸ਼ਬਦ ਨਾਲ ਹੁੰਦੀ ਹੈ ਹੁਣ ਇਧਰਲੇ ਪਾਸੇ ਗੁਰੂ ਮਹਾਰਾਜ ਨੇ ਬਹੁਤ ਹੀ ਆਸਾਨ ਰਾਹ ਦਸ ਦਿੱਤਾ। ਉਹ ਕਹਿੰਦੇ ਨਿਸ਼ਾਨਾ ਰੱਖੋ ਸਾਮ੍ਹਣੇ, ਆਲੇ-ਦੁਆਲੇ ਨਾ ਤੁਸੀਂ ਜਾਓ, ਸਿੱਧਾ ਉਥੇ ਜਾਓ ਜਿੱਥੇ ਹੁਣੇ ਮੈਂ ਦੱਸਿਆ ਹੈ ਤੁਹਾਨੂੰ ਸ਼ਬਦ ਪੜ੍ਹ ਕੇ। ਇਹਨੂੰ ਬਣਾਓ ਧੇਅ, ਕਿਉਂਕਿ ਸਤਿ ਅਵਸਥਾ ਹੈ। ਇਹਦੇ ਉਤੇ ਯਕੀਨ ਨਹੀਂ ਹੁੰਦਾ। ਨਾ ਗਿਆਨੀਆਂ ਨੂੰ ਆਉਂਦਾ ਹੈ ਨਾ ਕਥਾਕਾਰਾਂ ਨੂੰ ਆਉਂਦਾ ਹੈ, ਨਾ ਨੀਵੇਂ ਪੱਧਰ ਦੇ ਸੰਤਾਂ ਨੂੰ ਆਉਂਦਾ ਹੈ। ਸੰਤ ਤਾਂ ਹੁੰਦਾ ਹੈ ਉੱਚਾ, ਲੋਕ ਕਹਿਣ ਲੱਗ ਜਾਂਦੇ ਨੇ ਕਿ ਇਹ ਸੰਤ ਹੈ ਜੀ, ਸੰਤ ਹੈ ਜੀ। ਇੱਕ ਅੱਧੇ ਨੂੰ ਆਉਂਦਾ ਹੈ, ਮੈਦਾਨ-ਏ-ਜੰਗ 'ਚ ਇੱਕ ਨੂੰ ਆਇਆ, ਭਾਈ ਘਨਈਏ ਨੂੰ। ਹੋਰ ਸਾਖੀਆਂ ਤਾਂ ਆਉਂਦੀਆਂ ਹੀ ਨਹੀਂ ਹਨ, ਤੁਸੀਂ ਆਪੇ ਵਿਸ਼ਲੇਸ਼ਣ ਕਰਕੇ ਦੇਖ ਲਓ। ਕੁਰਬਾਨੀ ਦੇ ਦੇਣੀ, ਸਰੀਰ ਦੇ ਟੁਕੜੇ-ਟੁਕੜੇ ਕਰਾ ਦੇਣੇ। ਇਹ ਅਵਸਥਾ ਹੋਰ ਹੈ, ਸਰੀਰ ਦੀ ਅਵਸਥਾ ਹੈ। ਭਾਈ ਘਨਈਏ ਦੀ ਅਵਸਥਾ ਜਿਹੜੀ ਹੈ ਉਹ ਪਰਮ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ ਉਸ ਪੁਰਸ਼ ਨੂੰ, ਜਿਹੜਾ ਇਹ ਬੁੱਝ ਲਵੇ, ਕਿਉਂਕਿ ਬਾਤ ਬੁੱਝ ਲਈ। ਜਦੋਂ ਬਾਤ ਹੀ ਬੁੱਝ ਲਈ ਉਡਾਉਣੀ ਪਾਈ ਹੋਈ ਬੁੱਝ ਲਈ, ਅਗਾਂਹਾਂ ਕੀ ਰਹਿ ਗਿਆ?

ਇਸ ਤਰ੍ਹਾਂ ਦੇ ਨਾਲ ਇਹ ਰਸਤਾ ਕਿੰਨਾ ਔਖਾ ਹੈ, ਮਹਾਰਾਜ ਕਹਿੰਦੇ ਦੂਜਾ ਰਸਤਾ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ***

***ਅੰਗ - 981***

ਰੱਬ ਨਾਲ ਨਹੀਂ ਉਹਨੇ ਪ੍ਰੀਤ ਜੋੜੀ। ਜਮਦੂਤ ਆ ਗਏ ਅੰਤ ਵੇਲੇ,

ਸਭ ਨੂੰ ਆਉਂਦੇ ਨੇ ਲੈਣ ਜਿਹੜੇ ਪ੍ਰਮੇਸ਼ਰ ਤੋਂ ਭੁੱਲੇ ਰਹਿੰਦੇ ਨੇ। ਏਸੇ ਕਰਕੇ ਮਹਾਰਾਜ ਜੀ ਸਾਨੂੰ ਐਸੀ ਤਾੜਨਾ ਕਰਦੇ ਨੇ –

***ਧਾਰਨਾ – ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਓਏ,***
***ਕਾਹਨੂੰ ਜੰਮਣਾ।***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***

***ਅੰਗ – 450***

ਕਿੱਡੀ ਬਾਤ ਸਾਨੂੰ ਸਮਝਾਈ ਹੈ, ਕੀ ਫਾਇਦਾ ਸੰਸਾਰ ਤੇ ਆਉਣ ਦਾ ਤੇਰਾ, ਜੇ ਐਸਾ ਨਾਮ ਤੂੰ ਨਹੀਂ ਜਪਿਆ, ਜਿਹਦੇ ਜਪਣ ਦੇ ਨਾਲ ਤੂੰ ਆਪਣੇ ਲਕਸ਼ ਨੂੰ ਪ੍ਰਾਪਤ ਕਰ ਲਏਂ। ਸੋ ਮਹਾਰਾਜ ਜੀ ਕਹਿੰਦੇ ਕਿ –

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***

***ਅੰਗ – 981***

ਉਹ ਨਾਰਾਇਣ ਜਦੋਂ ਕਿਹਾ, ਪੜ੍ਹਿਆਂ ਲਿਖਿਆ ਵਿਦਵਾਨ, ਪਤਿਤ ਹੋਇਆ–ਹੋਇਆ ਪੰਡਤ ਸੀਗਾ, ਚਾਰੇ ਵੇਦਾਂ ਦਾ ਗਿਆਤਾ ਸੀ ਇਸੇ ਕਰਕੇ ਉਹਨੂੰ ਜਾਣਦੇ ਸੀ, ਮਾੜੇ ਆਦਮੀ ਨੂੰ ਦੁਨੀਆਂ 'ਚ ਕੌਣ ਜਾਣਦਾ ਹੈ ਕੋਈ ਵੱਡਾ ਮਹਾਤਮਾ ਪਤਿਤ ਹੋ ਜਾਏ ਉਹਨੂੰ ਸਾਰੇ ਜਾਣਦੇ ਸੀ –

***ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।***

***ਭਾਈ ਗੁਰਦਾਸ ਜੀ ਵਾਰ 10/20***

ਵੇਸਵਾ ਦੇ ਜਾ ਕੇ ਰਹਿਣ ਲੱਗ ਗਿਆ –

***ਗੁਰੂ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ।***

***ਭਾਈ ਗੁਰਦਾਸ ਜੀ ਵਾਰ 10/20***

***ਬਿਰਥਾ ਜਨਮੁ ਗਵਾਇਅਨੁ ਭਵਜਲ ਅੰਦਰਿ ਫਿਰਦਾ ਵਹਿਆ।***

***ਭਾਈ ਗੁਰਦਾਸ ਜੀ ਵਾਰ 10/20***

ਗੁਰੂ ਤੋਂ ਬੇਮੁਖ ਹੋ ਗਿਆ, ਬਿਰਥਾ ਜਨਮ ਗਵਾ ਰਿਹਾ ਹੈ, ਬਿਰਥਾ ਜਨਮ ਗਵਾ ਲਿਆ ਉਸ ਨੇ ਆਪਣਾ। ਮਹਾਂਪਾਪੀ ਹੋ ਗਿਆ –

***ਛਿਅ ਪੁਤ ਜਾਏ ਵੇਸੁਆ ਪਾਪਾਂ ਦਾ ਫਲ ਇਛੇ ਲਹਿਆ।***

***ਭਾਈ ਗੁਰਦਾਸ ਜੀ ਵਾਰ 10/20***

ਜਿਸ ਵੇਸਵਾ ਦੇ ਨਾਲ ਜਾ ਕੇ ਰਹਿਣ ਲੱਗਿਆ, ਛੇ ਪੁੱਤਰ ਹੋ ਗਏ, ਘਰ 'ਚ ਕਲੇਸ਼ ਰਹਿਣ ਲੱਗ ਗਿਆ। ਆਮਦਨ ਦਾ ਸਾਧਨ ਕੋਈ ਨਹੀਂ, ਜਿੱਥੇ ਆਮਦਨ ਘੱਟ ਹੋਏਗੀ, ਉਥੇ ਰੌਲਾ ਪੈਣਾ ਹੀ ਪੈਣਾ ਹੈ ਦਿਮਾਗ ਦੇ ਵਿੱਚ। ਕਿਸੇ ਨੇ ਕੱਪੜਾ ਮੰਗਣਾ ਹੈ ਕਿਸੇ ਨੇ ਪੈਸਾ ਮੰਗਣਾ

ਕਿਸੇ, ਕਿਸੇ ਨੇ ਜੋੜਾ ਮੰਗਣਾ ਹੈ। ਰੌਲਾ ਪਿਆ ਰਹਿੰਦਾ ਹੈ, ਕਲਜੁਗ ਆ ਵੜਦਾ ਹੈ। ਇਸੇ ਕਰਕੇ ਮਹਾਰਾਜ ਨੇ ਮਾਇਆ ਨੂੰ ਗੁਜ਼ਰਾਨ ਆਖਿਆ। ਗੁਜ਼ਾਰੇ ਵਰਗੀ ਮਾਇਆ ਜਿਹੜੀ ਹੋਣੀ ਚਾਹੀਦੀ ਹੈ –

***ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥***

***ਅੰਗ – 656***

ਭਗਤੀ ਨਹੀਂ ਹੁੰਦੀ ਕਲੇਸ਼ ਹੀ ਨਹੀਂ ਹਟਦਾ ਘਰ ਦੇ ਵਿਚੋਂ। ਆਪਣੇ ਆਪ ਨੂੰ ਤਾਂ ਸਮਝਾ ਦਏਗਾ, ਨਹੀਂ ਕਲੇਸ਼ ਹੋਣ ਦਏਗਾ, ਜਿਹੜਾ ਘਰ ਰੋਜ਼ ਪੈਣਾ ਹੈ। ਵੇਣੀ ਰੋਜ਼ ਭਜਨ ਕਰਨ ਜਾਂਦਾ ਹੈ, ਅਧਿਆਤਮੀ ਕਰਮ ਕਰਦਾ ਹੈ ਉਹ, ਆਤਮ ਚਿੰਤਨ ਕਰਦਾ ਹੈ, ਬਾਹਰ ਜਾ ਕੇ ਜੰਗਲ 'ਚ, ਇਕਾਂਤ ਥਾਂ। ਘਰ ਆਉਂਦਾ ਹੈ ਉਹ ਕਹਿੰਦਾ ਹੈ ਰਾਸ਼ਨ ਨਹੀਂ ਹੈ, ਕੱਪੜਾ ਨਹੀਂ ਹੈ, ਬੱਚਿਆ ਲਈ ਆਹ ਨਹੀਂ ਓਹ ਨਹੀਂ ਹੈ। ਤੂੰ ਕਿੱਥੇ ਜਾਂਦਾ ਹੈ ਦਸਦਾ ਵੀ ਨਹੀਂ ਹੈ। ਉਹ ਕਹਿੰਦਾ ਸਭ ਤੋਂ ਵੱਡਾ ਰਾਜਾ ਹੈ ਜੋ ਦੁਨੀਆਂ ਦਾ, ਰਾਜਿਆਂ ਦਾ ਰਾਜਾ, ਉਹਦੇ ਦਰਬਾਰ 'ਚ ਪਹੁੰਚਦਾ ਹੁੰਦਾ। ਬੋਲਦਾ ਤਾਂ ਸੱਚ ਸੀ ਵਿਚਾਰਾ। ਕਿਉਂਕਿ ਪਾਤਸ਼ਾਹਾਂ ਦਾ ਪਾਤਸ਼ਾਹ ਸੀ ਉਹ। ਪਰ ਇਹਦੇ ਘਰਵਾਲੀ ਦੀ ਸਮਝ 'ਚ ਨਹੀਂ ਸੀ ਆਉਂਦਾ। ਕਹਿੰਦੀ, ਦੇਖ ਮੈਂ ਮੰਗ-ਮੰਗ ਕੇ ਥੱਕ ਗਈ ਹਾਂ ਮੈਨੂੰ ਲੋਕ ਹੁਣ ਦਿੰਦੇ ਨਹੀਂ ਮੰਗਿਆ ਹੋਇਆ ਤੇ ਇਨ੍ਹਾਂ ਨੇ ਕਿਹੜਾ ਮੋੜਨਾ ਹੈ ਤੇ ਘਰ 'ਚ ਕਿਵੇਂ ਗੱਲ ਚੱਲੇਗੀ ਨਾ ਆਟਾ ਹੈ, ਨਾ ਦਾਲ ਹੈ, ਇੱਥੇ ਤੱਕ ਕਿ ਲੂਣ ਵੀ ਨਹੀਂ ਹੈ –

***ਘਰਿ ਸਭ ਵਥੂ ਮੰਗੀਅਨਿ ਵਲ ਛਲੁ ਕਰਿਕੈ ਝਤੁ ਲੰਘਾਵੈ।***

***ਭਾਈ ਗੁਰਦਾਸ ਜੀ,ਵਾਰ 10/14***

ਵਲ ਛਲ ਕਰਕੇ ਇਕ ਝੱਤ ਲੰਘਾ ਲੈ, ਸਭ ਚੀਜ਼ਾਂ ਮੰਗੀਆਂ ਜਾਂਦੀਆਂ ਨੇ। ਰਜਾਈਆਂ ਪਾਟ ਗਈਆਂ, ਸਿਆਲ ਆ ਗਿਆ, ਦੱਸ ਕੀ ਕਰਾਂ ਮੈਂ। ਉਹਦੀ ਜ਼ਿੰਮੇਵਾਰੀ ਸੀ, ਵਿਚਾਰੀ ਠੀਕ ਹੀ ਕਹਿੰਦੀ ਸੀ, ਗਲਤ ਤਾਂ ਕਹਿੰਦੀ ਨਹੀਂ ਸੀ ਕਿਉਂਕਿ ਬੀਬੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ ਘਰ 'ਚ। ਸਭ ਚੀਜ਼ਾਂ ਤਿਆਰ ਰੱਖਣੀਆਂ, ਉਹ ਹੁਣ ਕਹਿਣ ਲੱਗੀ, ਗਾਲ੍ਹਾਂ ਕੱਢਣ ਲੱਗ ਗਈ ਬਾਦਸ਼ਾਹ ਨੂੰ ਕਿ ਐਹੋ ਜਿਹਾ ਨਿਰਦਈ, ਦੋ ਸਾਲ ਹੋ ਗਏ ਤੈਨੂੰ ਜਾਂਦੇ ਨੂੰ, ਤੈਨੂੰ ਧੇਲਾ ਵੀ ਨਹੀਂ ਦਿੱਤਾ? ਕਹਿੰਦਾ, ਦਊਗਾ, ਅਜੇ ਸੰਪੂਰਨ ਨਹੀਂ ਹੋਇਆ ਮੇਰਾ ਜਿਹੜਾ ਮੈਂ ਕੰਮ ਕਰਦਾ ਹਾਂ। ਜਿਹੜੀ ਭਜਨ ਕਰਦਾ ਹਾਂ, ਕਥਾ ਕਰਦਾ ਹਾਂ ਅਜੇ ਪੂਰੀ ਨਹੀਂ ਹੋਈ, ਪੂਰੀ ਹੋਣ 'ਤੇ ਦੇਵੇਗਾ। ਬਹੁਤ ਲੜੀ, ਗਾਲ੍ਹਾਂ ਕੱਢਦੀ ਹੈ। ਉਹ ਕਹਿੰਦਾ ਕਿ ਉਹਨੂੰ ਤੂੰ ਗਾਲ੍ਹਾਂ ਨਾ ਕੱਢ, ਉਹ ਤਾਂ ਸਾਰੇ ਸੰਸਾਰ ਨੂੰ ਪਾਲਦਾ ਹੈ। ਉਹ ਤੈਨੂੰ ਵੀ ਪਾਲਦਾ ਹੈ, ਤੂੰ ਵਿਸ਼ਵਾਸ਼ ਰੱਖ।

***ਧਾਰਨਾ – ਰੋਟੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

***ਕਾਹੇ ਰੇ ਮਨ ਚਿਤਵਹਿ***

*ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* **ਅੰਗ - 10**

ਕਾਹਨੂੰ ਇਹਦੇ ਨਾਲ ਨਰਾਜ਼ ਹੁੰਦਾ ਹੈਂ, ਦੇਖ ਕੂੰਜਾਂ -

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ॥* **ਅੰਗ - 10**

ਉਹ ਤਾਂ ਸਾਰਿਆਂ ਨੂੰ ਪਾਲਦਾ ਹੈ ਤੂੰ ਕਿਉਂ ਕਲਪਨਾ ਕਰਦੀ ਹੈਂ ਮੈਨੂੰ ਇਸ ਤਰ੍ਹਾਂ ਦੱਸ ਕਿ ਅੱਜ ਤੱਕ ਭੁੱਖੀ ਰਹੀਂ ਐਂ? ਕਹਿੰਦੀ, ਤੈਨੂੰ ਪਤਾ ਲੱਗੇਗਾ ਜਦੋਂ ਤੂੰ ਮੇਰੀ ਤਰ੍ਹਾਂ ਮੰਗ ਕੇ ਲਿਆਵੇਂ। ਹੁਣ ਤਾਂ ਮੇਰੇ ਪਰਛਾਵੇਂ ਤੋਂ ਵੀ ਲੋਕ ਡਰਦੇ ਨੇ ਕਿ ਤੁਹਾਡੇ ਤਾਂ ਹੋਣਾ ਹੀ ਨਹੀਂ ਕੁਛ, ਇਹ ਕੰਮ ਕਰਦਾ ਨਹੀਂ ਹੈ ਆਏਗਾ ਕਿੱਥੋਂ? ਕਹਿੰਦੀ, ਐਹੋ ਜਿਹਾ ਰਾਜਾ, ਕਿਹੋ ਜਿਹਾ ਸਖਤ, ਬੇਈਮਾਨ ਹੈ, ਧੋਖਾ ਦਿੰਦਾ ਹੈ, ਉਹਨੂੰ ਪਤਾ ਨਹੀਂ ਕਿ ਪਿੱਛੇ ਪਰਿਵਾਰ ਵੀ ਹੈ ਉਹਦੇ, ਖਾਣਾ ਹੈ ਕੁਛ। ਉਹ ਕਹਿੰਦਾ ਨਾ ਏਸ ਤਰ੍ਹਾਂ ਨਾ ਕਹਿ, ਉਹ ਬੜਾ ਸਮਰੱਥ ਹੈ। ਉਹ ਇੱਥੇ ਤੇਰੀ ਗੱਲ ਕਹੀ ਹੋਈ ਉਹਦੇ ਕੋਲ ਪਹੁੰਚ ਜਾਂਦੀ ਹੈ। ਉਹ ਕਹਿੰਦੀ ਜੇ ਗੱਲ ਪਹੁੰਚ ਜਾਂਦੀ ਹੋਵੇ ਤਾਂ ਸੁਣੇ ਨਾ ਉਹਨੂੰ, ਹੁਣ ਵੀ ਮੈਂ ਕਹਿੰਦੀ ਹਾਂ? ਕਹਿੰਦਾ ਕੋਈ ਨੀਂ, ਤੂੰ ਜਿਗਰਾ ਰੱਖ। ਜਿਗਰਾ ਰੱਖਣਾ ਚਾਹੀਦਾ ਹੈ, ਕਿਉਂਕਿ ਰੂਹਾਨੀ ਮਾਰਗ ਦੇ ਵਿੱਚ ਸਾਧਸੰਗਤ ਜੀ, ਇਹ ਬਹੁਤ ਵੱਡੀ ਚੀਜ਼ ਹੈ, ਇਹ ਬੜੀ ਮੁਸ਼ਕਲ ਦੇ ਨਾਲ ਆਉਂਦੀ ਹੈ। ਧੀਰਜ ਹੈ ਇਹਦਾ। ਧੀਰਜੀ ਬੰਦਾ ਦੁਨੀਆਂ ਤੋਂ ਖੱਟ ਜਾਂਦਾ ਹੈ, ਕਾਹਲਾ ਬੰਦਾ ਦੁਨੀਆਂ ਤੋਂ ਗਵਾ ਕੇ ਤੁਰ ਜਾਂਦਾ ਹੈ। 'ਕਾਹਲੀ ਅੱਗੇ ਟੋਏ'।

ਇੱਕ ਸਾਖੀ ਆਉਂਦੀ ਹੈ ਛੋਟੀ ਜਿਹੀ, ਭਾਰਤ ਵਰਸ਼ ਵਿੱਚ ਇੱਕ ਰਾਜਾ ਮੁੰਝ ਹੋਇਆ ਹੈ, ਮੁੰਝ ਗੋਤ ਉਥੋਂ ਹੀ ਚੱਲਿਆ ਹੈ, ਉਹਨੇ ਆਪਣੇ ਭਤੀਜੇ ਦਾ ਰਾਜ ਦੱਬ ਲਿਆ ਸੀ। ਭਤੀਜੇ ਨੇ ਹੁਕਮ ਦੇ ਦਿੱਤਾ ਕਿ ਇਹਦੇ ਹੱਥ ਵੱਢ ਕੇ ਖੂਹ 'ਚ ਸੁੱਟ ਦਿਓ। ਰਾਜ ਉਹਦਾ ਸੀ, ਪਰ ਉਹ ਜਦੋਂ ਸੁੱਟਣ ਲੱਗੇ, ਉਹ ਜਿਹੜਾ ਇੱਕ ਕਾਫਲਾ ਆ ਗਿਆ, ਉਹ ਕਹਿੰਦੇ ਇਹਨੂੰ ਕਿਉਂ ਸੁੱਟਦੇ ਓਂ, ਸਾਨੂੰ ਮੁੱਲ ਵੇਚ ਦਿਓ ਸਾਨੂੰ ਚਾਰ ਪੈਸੇ ਬਣ ਜਾਣਗੇ, ਅਸੀਂ ਕਿਹੜਾ ਇਹਨੂੰ ਕਿਤੇ ਆਉਣ ਦੇਣਾ ਹੈ। ਉਹ ਮੁੱਲ ਲਿਆ ਉਸ ਸੌਦਾਗਰ ਨੇ। ਪੈਸੇ ਦੇ ਦਿੱਤੇ ਜਲਾਦਾਂ ਨੂੰ, ਜਾ ਕੇ ਕਹਿ ਦਿੱਤਾ ਕਿ ਸੁੱਟ ਆਏ। ਉਹ ਉਥੇ ਗਿਆ ਤਾਂ ਉਹ ਕੁਦਰਤੀ ਐਸਾ ਹੋਇਆ ਕਿ ਕਿਸੇ ਨੇ ਲੈ ਲਿਆ, ਗੁਲਾਮ ਬਣਾ ਲਿਆ, ਉਥੇ ਦਾ ਰਾਜਾ ਮਰ ਗਿਆ। ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਔਲਾਦ ਤਾਂ ਹੈ ਨਹੀਂ, ਜਿਹੜਾ ਸਵੇਰੇ ਸਾਝਰੇ ਆ ਜਾਏਗਾ, ਉਹਨੂੰ ਅਸੀਂ ਰਾਜ ਤਖਤ 'ਤੇ ਬਿਠਾਲ ਦੇਵਾਂਗੇ। ਇਹ ਬਾਹਰ ਗਿਆ ਹੋਇਆ ਸੀ, ਇਹਨੂੰ ਰਾਤ ਪੈ ਗਈ ਉਥੇ ਹੀ ਟਿਕਿਆ ਰਿਹਾ ਹੈ ਤੇ ਸਾਝਰੇ ਹੀ ਜਦੋਂ ਦਰਵਾਜੇ ਖੁਲ੍ਹਣ ਦਾ ਵਕਤ

ਹੋਇਆ, ਉਸ ਵੇਲੇ ਇੱਹ ਦਰਵਾਜ਼ੇ ਅੱਗੇ ਬਹਿ ਗਿਆ, ਜਦੋਂ ਦਰਵਾਜ਼ਾ ਖੁੱਲ੍ਹਿਆ ਅੱਗੇ ਆ ਗਿਆ। ਉਸੇ ਵੇਲੇ ਵਾਜੇ ਵੱਜਣੇ ਸ਼ੁਰੂ ਹੋ ਗਏ। ਪਾਲਕੀ 'ਚ ਬਿਠਾ ਲਿਆ ਤੇ ਰਾਜ ਤਿਲਕ ਦੇ ਦਿਤਾ, ਉਸ ਤੋਂ ਬਾਅਦ ਰਾਜ ਇਹਦਾ ਨਾਲ ਲਗਦਾ ਸੀ ਤੇ ਇਹਨੇ ਰਾਜ ਲੈ ਲਿਆ। ਜਿੱਤ ਗਿਆ, ਇਹ ਰਾਜਾ ਬਣ ਗਿਆ। ਆਪਣਾ ਹੀ ਰਾਜ ਵੀ ਲੈ ਲਿਆ ਤੇ ਉਹ ਵੀ ਲੈ ਲਿਆ। ਬੜੇ ਸੁੱਖ-ਸਾਂਦ ਨਾਲ ਰਹਿੰਦਾ ਰਿਹਾ। ਕਿਸੇ ਹੋਰ ਰਾਜੇ ਨੇ ਹੱਲਾ ਕਰ ਦਿੱਤਾ ਕਿੰਨਿਆਂ ਸਾਲਾਂ ਬਾਅਦ ਇਹ ਯੁੱਧ ਵਿੱਚ ਗਿਆ ਤੇ ਇਹਦਾ ਪੁੱਤਰ ਜਵਾਨ ਸੀ, 18-19 ਸਾਲ ਦਾ, ਉਹ ਵੀ ਯੁੱਧ ਵਿੱਚ ਚਲਿਆ ਗਿਆ, ਇੱਕ ਦਿਨ ਇਹ ਰਾਜ ਮਹਿਲਾਂ ਨੂੰ ਵਾਪਸ ਮੁੜਿਆ ਕਿ ਮਹਿਲਾਂ ਦੀ ਖਬਰ ਲੈ ਆਵਾਂ ਮੈਂ ਜਾ ਕੇ। ਉਥੇ ਕੀ ਦੇਖਦਾ ਹੈ ਕਿ ਮੇਰੀ ਜਿਹੜੀ ਮਹਾਰਾਣੀ ਹੈ ਇਹਦੇ ਮੰਜੇ ਤੇ ਬੰਦਾ ਕੌਣ ਪਿਆ ਹੈ? ਉਸ ਵੇਲੇ ਬੜੀ ਕਾਹਲੀ ਆਈ ਅੰਦਰ। ਇਹਦਾ ਵਜ਼ੀਰ ਕਹਿੰਦਾ ਜੀ ਕਿ ਮਹਾਰਾਜ! ਕਦੇ ਕਾਹਲੀ ਨਹੀਂ ਕਰਨੀ, ਸਦਾ ਧੀਰਜ 'ਚ ਰਹੋ। ਉਹ ਇਹਦੇ ਯਾਦ ਆ ਗਿਆ ਕਿ ਉਹ ਧੀਰਜ ਨੂੰ ਕਹਿੰਦਾ ਸੀ ਕਿ ਦੇਖੋ ਧੀਰਜ ਕਰਦੇ ਹਾਂ। ਐਨੇ ਨੂੰ ਵਜ਼ੀਰ ਨੂੰ ਬੁਲਾ ਲਿਆ, ਕਹਿਣ ਲੱਗਿਆ, ਦੇਖੋ, ਵਜ਼ੀਰ ਸਾਹਿਬ! ਹੁਣ ਕਾਹਦਾ ਪੜਦਾ ਰਹਿ ਗਿਆ, ਮੇਰੀ ਮਹਾਰਾਣੀ ਨਾਲ ਕੋਈ ਬੰਦਾ ਸੁੱਤਾ ਪਿਆ ਹੈ ਤੇ ਮੈਂ ਇਹ ਕਹਿੰਦਾ ਹਾਂ ਕਿ ਮੈਂ ਇਨ੍ਹਾਂ ਦੋਹਾਂ ਨੂੰ ਹੁਣੇ ਹੀ ਮਾਰ ਦੇਵਾਂ, ਉਹ ਕਹਿੰਦੇ ਮਹਾਰਾਜ! ਧੀਰਜ ਰੱਖੋ, ਇੱਥੇ ਬਹਿ ਜਾਓ, ਮੈਂ ਵੀ ਤੁਹਾਡੇ ਬਰਾਬਰ ਬੈਠਾਂ, ਕਾਹਲੀ ਨਾ ਕਰੋ। ਦੇਖੋ, ਕੌਣ ਹੈ। ਕਹਿੰਦਾ ਕੋਈ ਸ਼ਾਹੀ ਬੰਦਾ ਹੈ ਦੁਸ਼ਾਲਾ ਲਿਆ ਹੋਇਆ ਹੈ ਰਾਜਿਆਂ ਵਾਲਾ। ਮੇਰੀ ਗੈਰਹਾਜ਼ਰੀ 'ਚ ਕੋਈ ਰਾਜਾ ਹੋਣਾ ਮੇਰੇ ਮਹਿਲਾਂ 'ਚ। ਬੇਈਮਾਨ ਹੈ ਮੇਰੀ ਰਾਣੀ। ਮੈਂ ਇਹਨੂੰ ਜੀਉਣ ਦਾ ਹੱਕ ਨਹੀਂ ਦਿੰਦਾ। ਉਹ ਵਜ਼ੀਰ ਨੇ ਫੇਰ ਸਮਝਾਇਆ, ਥੋੜ੍ਹਾ ਬਹੁਤਾ ਖੜਕਾ ਹੋਇਆ, ਮਹਾਰਾਣੀ ਨੂੰ ਜਾਗ ਆ ਗਈ। ਜਾਗ ਆਈ ਤਾਂ ਉੱਠ ਕੇ ਜਦ ਦੇਖਿਆ ਤਾਂ ਸਾਮ੍ਹਣੇ ਕੁਰਸੀ ਦੇ ਉਤੇ ਰਾਜਾ ਬੈਠਾ ਹੈ, ਹੈਰਾਨ ਹੋ ਗਈ, ਸੁੱਝਦਾ ਹੀ ਨਹੀਂ ਕੁਛ ਕਿ ਆਹ ਕੀ ਗੱਲ, ਇਹ ਤਾਂ ਮੇਰੇ ਸਾਮ੍ਹਣੇ ਬੈਠਾ ਹੈ, ਇਹ ਬੰਦਾ ਕੌਣ ਹੋਇਆ? ਉਸ ਵੇਲੇ ਉਹਨੇ ਕੜਕ ਕੇ ਪੁੱਛਿਆ ਕਿ ਦੱਸ ਇਹ ਕੌਣ ਹੈ। ਉਹ ਕਹਿਣ ਲੱਗੀ, ਮਹਾਰਾਜ! ਮੈਂ ਤਾਂ ਇਹਨੂੰ ਹੁਣ ਤੱਕ ਸਮਝਦੀ ਰਹੀ ਹਾਂ ਕਿ ਤੁਸੀਂ ਆ ਕੇ ਪੈ ਗਏ। ਮੈਂ ਜਦੋਂ ਆਈ ਹਾਂ ਇਹ ਮੇਰੇ bed (ਬਿਸਤਰ) ਤੇ ਸੁੱਤਾ ਪਿਆ ਸੀ, ਕਿਉਂਕਿ ਕਿੰਨੇ ਦਿਨਾਂ ਤੋਂ ਜੰਗ ਲੜਿਆ ਜਾ ਰਿਹਾ ਹੈ, ਜੰਗ ਦੇ ਵਿੱਚ ਉਨੀਂਦਰੇ ਆਦਮੀ ਨੂੰ ਐਨੀ ਘੂਕ ਨੀਂਦ ਆਉਂਦੀ ਹੈ, ਦੂਜਾ ਇਹ ਕਿ ਰਾਜਿਆਂ ਨੂੰ ਕਦੇ ਵੀ ਨਹੀਂ ਜਗਾਉਂਦਾ ਕੋਈ, ਕਿਉਂਕਿ ਪਾਪ ਗਿਣਿਆ ਜਾਂਦਾ ਹੈ ਜੇ ਰਾਜੇ ਨੂੰ ਜਗਾਓ, ਉਹਨੂੰ ਮਸਾਂ ਨੀਂਦ ਆਉਂਦੀ ਹੈ ਤੇ ਉਹ ਆਪਣੀ ਜਾਗ ਆਪ ਉੱਠਦਾ ਹੈ, ਉਹਨੂੰ ਜਗਾਇਆ ਨਹੀਂ ਜਾਂਦਾ। ਸੋ ਮਹਾਰਾਜ ਮੈਂ ਨਾ ਤਾਂ ਕੱਪੜਾ ਲਾਹਿਆ ਹੈ ਮੂੰਹ ਤੋਂ। ਨਾ ਮੈਂ ਦੇਖਿਆ ਹੈ, ਸ਼ਾਹੀ ਦੁਸ਼ਾਲਾ ਹੈ, ਮੈਂ ਤਾਂ ਸਮਝਿਆ ਇਹ ਹਾਂ ਕਿ ਤੁਸੀਂ ਓਂ। ਕਹਿਣ ਲੱਗਿਆ, ਝੂਠ

ਬੋਲਦੀ ਹੈ। ਵਜ਼ੀਰ ਕਹਿਣ ਲੱਗਿਆ ਕਿ ਮਹਾਰਾਣੀ ਦੀ ਗੱਲ ਠੀਕ ਹੈ, ਇਹਨੂੰ ਉਠਾਲ ਕੇ ਪੁੱਛਦੇ ਕਿ ਇਹ ਕਿਉਂ ਆਇਆ ਹੈ। ਕਹਿੰਦਾ, ਹੁਣ ਉਠਾਲਣ ਦੀ ਬਾਤ ਨਹੀਂ, ਮੈਂ ਤਾਂ ਗਰਦਨ ਲਾਹ ਕੇ ਪਰ੍ਹੇ ਮਾਰਨੀ ਹੈ। ਰਾਣੀ ਦੀ ਵੀ ਕਿਉਂਕਿ ਇਹ ਝੂਠ ਬੋਲਦੀ ਹੈ।

ਵਜ਼ੀਰ ਨੇ ਮਨ੍ਹਾ ਕਰ ਦਿੱਤਾ, ਮਨ੍ਹਾ ਕਰਿਆ ਹੋਇਆ ਤਾਂ ਜਗਾਓ ਕਹਿੰਦੇ ਇਹਨੂੰ। ਜਗਾਇਆ, ਜਿਸ ਵਕਤ ਦੁਸ਼ਾਲਾ ਮੂੰਹ ਤੋਂ ਲਾਹਿਆ, ਹੈਰਾਨ ਰਹਿ ਗਿਆ ਕਿ ਇਹ ਤਾਂ ਮੇਰਾ ਪੁੱਤਰ ਹੀ ਹੈ ਕਿ ਇਹ ਕਿਵੇਂ ਆ ਗਿਆ। ਜਗਾ ਕੇ ਪੁੱਛਿਆ ਕਿ ਬੇਟਾ! ਤੂੰ ਇੱਥੇ ਕਿਵੇਂ ਆ ਗਿਆ। ਕਹਿਣ ਲੱਗਿਆ, ਪਿਤਾ ਜੀ! ਮੈਦਾਨੇ-ਏ-ਜੰਗ ਜਿੱਥੇ ਮੈਂ ਲੜ ਰਿਹਾ ਹਾਂ, ਸਾਡੀ ਸਥਿਤੀ ਬੜੀ ਮਜ਼ਬੂਤ ਹੈ, ਜਰਨੈਲ ਨੂੰ ਮੈਂ ਸੰਭਾਲ ਕੇ, ਮੇਰਾ ਜੀਅ ਕਰਿਆ ਕਿ ਮੈਂ ਮਾਂ ਨੂੰ ਮਿਲ ਆਵਾਂ। ਪਿਆਰ ਆਇਆ ਮੇਰੇ ਮਨ ਵਿੱਚ ਮਾਂ ਦਾ ਤੇ ਜਦੋਂ ਮੈਂ ਇੱਥੇ ਆਇਆ ਇਹ ਰੁੱਝੀ ਹੋਈ ਸੀ ਕੰਮਾਂ 'ਚ, ਮੈਂ ਬਿਸਤਰ ਤੇ ਆ ਕੇ ਪੈ ਗਿਆ ਕਿ ਮੈਨੂੰ ਆਪੇ ਜਗਾ ਲਏਗੀ ਤੇ ਮੈਨੂੰ ਨਹੀਂ ਪਤਾ ਕਿ ਘੰਟਾ ਹੋਇਆ ਹੈ ਜਾਂ ਦੋ ਘੰਟੇ ਹੋਏ ਨੇ ਕਿੰਨਾ ਚਿਰ ਹੋਇਆ ਹੈ ਮੈਨੂੰ ਸੁੱਤੇ ਨੂੰ। ਮੈਂ ਤਾਂ ਹੈਰਾਨ ਹਾਂ ਕਿ ਤੁਸੀਂ ਵੀ ਸਾਮ੍ਹਣੇ ਤੇ ਮਾਤਾ ਵੀ ਸਾਮ੍ਹਣੇ ਓਂ।

ਵਜ਼ੀਰ ਕਹਿਣ ਲੱਗਿਆ ਕਿ ਰਾਜਾ ਮੁੰਝ! ਦੇਖ ਕਿੱਡੀ ਵੱਡੀ ਗਲਤੀ ਕਰ ਲਈ ਸੀ ਕਾਹਲੇਪੁਣ 'ਚ। ਘਰਵਾਲੀ ਵੀ ਤੂੰ ਨਿਰਦੋਸ਼ ਮਾਰ ਦੇਣੀ ਸੀ ਤੇ ਆਪਣੇ ਪੁੱਤਰ ਦਾ ਵੀ ਗਲ ਵੱਢ ਦੇਣਾ ਸੀ, ਬਾਅਦ ਵਿੱਚ ਤੂੰ ਪਛਤਾਉਣਾ ਸੀ।

ਸੋ ਤਾਂ ਸਿਆਣੇ ਕਹਿੰਦੇ ਨੇ ਕਿ 'ਕਾਹਲਿਆਂ ਅੱਗੇ ਟੋਏ'। ਜਿਹੜੇ ਕਾਹਲੇ ਚਲਦੇ ਨੇ ਉਹ ਟੋਇਆਂ 'ਚ ਗਿਰਦੇ ਨੇ। ਧੀਰਜ ਵਾਲਾ ਜਿਹੜਾ ਬੰਦਾ ਹੈ ਉਹ ਜਿੱਤ ਜਾਂਦਾ ਹੈ, ਹਰ ਮਾਮਲੇ 'ਚ ਜਿੱਤ ਜਾਂਦਾ ਹੈ, ਕਾਹਲ ਨਹੀਂ ਕਰਦਾ, ਧਿਆਨ ਨਾਲ ਸੋਚਦਾ ਹੈ ਕੰਮ ਕਰਨ ਤੋਂ ਪਹਿਲਾਂ, ਧੀਰਜ 'ਚ ਰਹਿੰਦਾ ਹੈ।

ਸੋ ਬੇਣੀ ਕਹਿਣ ਲੱਗਿਆ ਘਰਵਾਲੀ ਨੂੰ ਕਿ ਦੇਖ, ਧੀਰਜ ਇੱਕ ਗੁਣ ਹੈ ਰੂਹਾਨੀ ਗੁਣ। ਇਹ ਨਾਮ ਜਪਣ ਵਾਸਤੇ ਬੜਾ ਜ਼ਰੂਰੀ ਹੈ ਤੂੰ ਧੀਰਜ ਤਾਂ ਰੱਖ। ਕਹਿੰਦੀ, ਕਾਹਦੀ ਧੀਰਜ ਰੱਖਾਂ, ਤੂੰ ਮੇਰੇ ਥਾਂ ਹੋਵੇ ਤੂੰ ਧੀਰਜ ਰੱਖ ਲਵੇਂ? ਬਿਲਕੁਲ ਗਲਤ ਤੇਰਾ ਮਾਲਕ ਜਿਹੜਾ ਹੈ ਉਹ ਨਿਰਦਈ ਹੈ। ਉਹ ਚਲਿਆ ਜਾਂਦਾ ਹੈ, ਭਜਨ ਕਰਦਾ ਹੈ, ਉਹਨੇ ਕੋਈ ਫੁਰਨਾ ਨਹੀਂ ਕਰਿਆ। ਅਸੀਂ ਤਾਂ ਉਲਾਂਭੇ ਦੇਣ ਲੱਗ ਜਾਈਏ ਰੱਬ ਨੂੰ ਕਿਸ ਸਾਡੇ ਘਰ ਦਾ ਹਾਲ ਕੀ ਤੂੰ ਬਣਾ ਛੱਡਿਆ। ਉਹ ਪ੍ਰਮੇਸ਼ਰ ਆਉਂਦਾ ਹੈ ਸਰੂਪ ਬਣਾ ਲਿਆ, ਉਹਨੂੰ ਗੱਡੇ, ਸਵਾਰੀਆਂ ਲੈਣ ਦੀ ਕੀ ਲੋੜ ਹੈ। ਉਹਨੇ ਤਾਂ ਇੱਕ ਮਿੰਟ 'ਚ ਉਥੇ ਖੜ੍ਹੀਆਂ ਹੀ ਦਿਖਾ ਦੇਣੀਆਂ ਨੇ। ਕਹਿੰਦੇ ਬੇਣੀ ਦਾ ਘਰ ਕਿਹੜਾ ਹੈ, ਬੇਅੰਤ ਕੱਪੜਾ ਲੀੜਾ, ਗਹਿਣੇ, ਪੈਸਾ ਟਕਾ,

ਰਾਸ਼ਨ; ਭਾਈ ਗੁਰਦਾਸ ਜੀ ਲਿਖਦੇ ਨੇ ਕਿ ਅਣਗਿਣਤੀ, ਗਿਣਤੀ ਤੋਂ ਬਾਹਰ ਸੀ, ਲੱਖ ਦੋ ਲੱਖ ਨਹੀਂ, ਬੇਅੰਤ ਸੀ। ਉਹ ਸੀ ਛੋਟਾ ਜਿਹਾ। ਉਹ ਨਿਗ੍ਹਾ ਕੀਤੀ, ਨਿਗ੍ਹਾ ਕਰਦੇ ਹੀ ਮਹੱਲ ਬਣ ਗਿਆ। ਉਹ ਕਹਿਣ ਲੱਗੀ ਕਿ ਇਹ ਕਿਹੋ ਜਿਹਾ ਰਾਜਾ ਹੈ। ਇਹਦੇ ਕੋਲ ਤਾਂ ਸ਼ਕਤੀ ਵੀ ਹੈ। ਸਮਝ ਸਕੀ ਕਿਉਂਕਿ ਭਾਗ ਨਹੀਂ ਸੀ ਬਣੇ ਕਿ ਮੈਂ ਇਹਨੂੰ ਪ੍ਰਮੇਸ਼ਰ ਸਮਝ ਕੇ ਚਰਨਾਂ 'ਤੇ ਢਹਿ ਪਵਾਂ, ਕਿਉਂਕਿ ਭਾਗਾ ਬਿਨਾਂ ਪ੍ਰਮੇਸ਼ਰ ਕੋਲ ਦੀ ਹੋ ਕੇ ਲੰਘ ਜਾਂਦਾ ਹੈ।

ਇੱਕ ਐਸੀ ਸੰਤਾਂ ਦੇ ਜੀਵਨ 'ਚ ਆਉਂਦੀ ਹੈ ਕਥਾ, ਬਾਬਾ ਜਵਾਲਾ ਸਿੰਘ ਜੀ ਨੂੰ ਨਾਲ ਦੇ ਪ੍ਰੇਮੀ ਕਹਿਣ ਲੱਗੇ ਕਿ ਕਦੇ ਗੁਰੂ ਨਾਨਕ ਸਾਹਿਬ ਦੇ ਵੀ ਦਰਸ਼ਨ ਕਰਾ ਦਿਓ। ਉਹ ਕਹਿੰਦੇ, ਗੁਰੂ ਨਾਨਕ ਸਾਹਿਬ ਸੰਤਾਂ ਦੇ ਵਿਚੀਂ ਹੋ ਕੇ ਦਰਸ਼ਨ ਦਿੰਦੇ ਨੇ। ਕਹਿੰਦੇ, ਨਹੀਂ, ਮਹਾਰਾਜ! ਸਾਨੂੰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਾਓ। ਉਹ ਕਹਿੰਦੇ, ਚੰਗਾ ਲੰਗਰ 'ਚ ਆਉਣਗੇ, ਪਛਾਣ ਲਿਓ। ਰਾਤ ਵੱਡੀ ਹੋ ਗਈ, ਆ ਕੇ ਪ੍ਰਸ਼ਾਦਾ ਮੰਗਿਆ, ਲੰਗਰ ਬੰਦ ਹੋ ਚੁੱਕਿਆ ਸੀ, ਪਹਿਲਾਂ ਤਾਂ ਲਾਂਗਰੀ ਸਿੰਘ ਨੇ ਕਿਹਾ ਕਿ ਤੈਨੂੰ ਹੁਣ ਪਤਾ ਲੱਗਿਆ ਹੈ? ਉਹ ਕਹਿੰਦਾ, ਭਾਈ! ਮੈਂ ਹੁਣੇ ਆਇਆ ਹਾਂ। ਪ੍ਰਸ਼ਾਦਾ ਦੇ ਦਿੱਤਾ, ਹੱਥ ਧੋਤੇ, ਉਹਨੇ ਕੁਰਲੀ ਕਰ ਦਿੱਤੀ ਉਥੇ ਹੀ। ਉਹ ਤਾਂ ਗਲ ਪੈ ਗਿਆ ਉਹਦੇ। ਕਹਿੰਦਾ, ਤੈਨੂੰ ਪਤਾ ਨਹੀਂ ਮਰਿਆਦਾ ਦਾ, ਏਥੇ ਕੁਰਲੀ ਕਰ ਦਿੱਤੀ। ਉਹ ਹੱਸੀ ਗਿਆ। ਸਵੇਰੇ ਸੰਤ ਤਾਂ ਲੁੱਕ ਗਏ। ਕਹਿੰਦੇ ਤੁਸੀਂ ਕਹਿੰਦੇ ਸੀ ਗੁਰੂ ਨਾਨਕ ਸਾਹਿਬ ਅੱਜ ਆਉਣਗੇ। ਕਹਿੰਦੇ, ਆਏ ਤਾਂ ਸੀ ਤੁਹਾਡੇ ਤੋਂ ਪਛਾਣ ਨਹੀਂ ਹੋਏ, ਕੁਰਲੀ ਕੀਹਨੇ ਕਰੀ ਸੀ ਰਾਤ? ਕਹਿੰਦੇ, ਤੁਹਾਡਾ ਸਿਦਕ ਦੇਖਣਾ ਸੀ ਉਨ੍ਹਾਂ ਨੇ।

ਸੋ ਪ੍ਰਮੇਸ਼ਰ ਤਾਂ ਹਾਜ਼ਰ ਨਾਜ਼ਰ ਹੈ ਸਾਧਸੰਗਤ ਜੀ, ਜਿੱਥੇ ਧਿਆਓ ਉਥੇ ਹੀ ਆ ਜਾਂਦਾ ਹੈ। ਸਾਡੇ ਵਿੱਚ ਉਹ ਸ਼ਕਤੀ ਤੇ ਲਗਨ ਨਹੀਂ ਹੈ ਜਿਹਦੇ ਨਾਲ ਸਾਡਾ ਸੰਪਰਕ ਉਹਦੇ ਨਾਲ ਜੁੜ ਜਾਏ। ਜੇ ਸੰਪਰਕ ਜੁੜ ਜਾਵੇ, ਇੱਕ ਸੈਕਿੰਡ ਨਹੀਂ ਉਹ ਲਾਉਂਦਾ–

***ਹਾਥੀ ਕੀ ਚਿੰਘਾੜ ਪਲ ਪਾਛੈ ਪਹੁਚਤ ਤਾਹਿ,***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ। ਅਕਾਲ ਉਸਤਤਿ***

ਦਰੋਪਤੀ ਦੇ ਕੱਪੜੇ ਬਚਾਉਣ ਵਾਸਤੇ ਕਿੰਨਾ ਚਿਰ ਲੱਗਿਆ ਸੀ, ਇੱਕ ਝਟਕਾ ਮਾਰਿਆ ਅੱਧੀ ਧੋਤੀ ਲਹਿ ਗਈ, ਅੱਧੀ ਹੀ ਰਹਿ ਗਈ ਸੀ। ਆਪੇ ਹੀ ਅੰਦਾਜ਼ਾ ਲਾ ਲਓ ਕਿ ਉਹਨੇ ਦੂਜਾ ਝਟਕਾ ਮਾਰਨਾ ਸੀ ਉਸ ਤੋਂ ਪਹਿਲਾਂ –

***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਭਾਈ ਗੁਰਦਾਸ ਜੀ, ਵਾਰ 10/8***

ਅੱਖਾਂ ਮੀਚੀਆਂ, ਪ੍ਰਮੇਸ਼ਰ ਦਾ ਧਿਆਨ ਧਰਿਆ, ਦੇਰ ਨਹੀਂ ਲੱਗੀ ਇੱਕ ਸੈਕਿੰਡ ਦੇ ਵਿੱਚ ਹੀ ਸਾਰੀ ਗੱਲ ਹੋ ਗਈ। ਜਿਸ ਵਕਤ ਨਾਮ ਦੀ ਸੁੱਧ ਆਈ –

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥***

***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥***

***ਅੰਗ - 1008***

ਉਹਨੂੰ ਰਾਮ ਦੇ ਨਾਮ ਦੀ ਸੁੱਧ ਆਉਂਦੀ ਹੈ ਤੇ ਉਸੇ ਵੇਲੇ ਨਾਮ action (ਕਾਰਵਾਈ) 'ਚ ਆ ਗਿਆ। ਕ੍ਰਿਸ਼ਨ ਪ੍ਰਮੇਸ਼ਰ ਦਾ ਨਾਮ ਹੈ। ਜਿਸ ਵਕਤ ਕਿਹਾ, ਉਸੇ ਵੇਲੇ ਕੱਪੜੇ ਆਉਣੇ ਸ਼ੁਰੂ ਹੋ ਗਏ -

***ਕਪੜ ਕੋਟੁ ਉਸਾਰਿਅਨੁ ਥਕੇ ਦੂਤ ਨ ਪਾਰਿ ਵਸਾਂਦੀ।***

***ਭਾਈ ਗੁਰਦਾਸ ਜੀ, ਵਾਰ 10/8***

ਥੱਕ ਗਏ ਖਿੱਚਣ ਨਾਲ। ਦਸਮ ਗ੍ਰੰਥ 'ਚ ਤਾਂ ਲਿਖਿਆ ਹੋਇਆ ਹੈ ਕਿ ਸੱਤ ਦਿਨ ਲਾਹੀ ਗਏ ਢੀਠ ਬੰਦੇ। ਖਿੱਚੀ ਗਏ, ਖਿੱਚੀ ਗਏ, ਕੱਪੜਾ ਆਈ ਜਾਵੇ ਹੱਥ 'ਚ ਉਹਨੂੰ ਕੁਛ ਵੀ ਨਾ ਹੋਵੇ। ਫੇਰ ਹਾਰ ਕੇ -

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਹਿ ਜਾਂਦੀ।***

***ਭਾਈ ਗੁਰਦਾਸ ਜੀ, ਵਾਰ 10/8***

ਸੋ ਵਾਹਿਗੁਰੂ ਜੀ ਤਾਂ ਐਨਾ ਨੇੜੇ ਨੇ ਕਿ ਸਾਡਾ ਉਹਦੇ ਨਾਲ ਸੰਪਰਕ ਜੁੜਦਾ ਨਹੀਂ ਹੈ ਅੰਦਰੋਂ। ਉਹ ਕਿਉਂ ਨਹੀਂ ਜੁੜਦਾ ਕਿਉਂਕਿ ਗਲਤ ਚਾਲਕ ਸਾਡੇ ਅਰ ਰੱਬ ਦੇ ਵਿਚਾਲੇ ਆਇਆ ਹੋਇਆ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - 624***

ਆਹ ਕਹਿੰਦੇ ਪਲਾਸਟਿਕ ਦਾ ਪਤਲਾ ਜਿਹਾ ਕਾਗਜ਼ ਹੈ, ਐਨਾ ਕੁ ਫਰਕ ਹੈ ਉਹ ਸੰਪਰਕ ਨਹੀਂ ਜੁੜ ਸਕਦਾ। ਇੱਕ ਵਾਰੀ, ਕਿਸੇ ਥਾਂ ਪ੍ਰੇਮੀ ਬਹੁਤ ਸਾਰੇ ਗਏ ਹੋਏ ਸੀ ਮੈਂ ਵੀ ਗਿਆ ਹੋਇਆ ਸੀ, ਉਥੇ ਇੱਕ ਪ੍ਰੇਮੀ ਦੀ ਜੀਪ ਸੀ, ਕਹਿਣ ਲੱਗੇ ਕਿ ਥੋੜ੍ਹਾ ਇਹਦੇ ਨਾਲ ਮਜ਼ਾਕ ਕਰੀਏ। ਉਨ੍ਹਾਂ ਨੇ ਨਵੀਂ-ਨਵੀਂ ਲਈ ਸੀ, ਉਨ੍ਹਾਂ ਨੇ distributor ਖੋਲ੍ਹਿਆ, ਪਤਲੇ-ਪਤਲੇ ਕਾਗਜ਼ ਰੱਖ ਦਿੱਤੇ ਪਲਾਸਟਿਕ ਦੇ, ਵਿੱਚ। ਉਹ start ਕਰੀ ਜਾਏ, ਧੱਕੇ ਲਵਾਈ ਜਾਏ। start ਹੋਣੀ ਕਿੱਥੋਂ ਸੀ, ਜਦੋਂ ਕਰੰਟ ਹੀ ਨਹੀਂ ਆ ਰਿਹਾ ਸੀ ਉਸ ਵਿਚ। ਗਰਮੀ-ਗਰਮੀ ਹੋ ਗਿਆ, ਹੱਸੀ ਜਾਣ, ਫੇਰ ਉਹਨੂੰ ਸਮਝ 'ਚ ਆ ਗਿਆ ਕਿ ਇਨ੍ਹਾਂ ਨੇ ਸ਼ਰਾਰਤ ਕਰੀ ਹੈ ਕਹਿਣ ਲੱਗਿਆ, ਤੁਸੀਂ ਮੈਨੂੰ ਦੱਸ ਦਿਓ, ਅਖੀਰ ਜਦੋਂ ਦੇਖਿਆ ਕਿ ਹਫ ਗਿਆ, ਹੰਭ ਗਿਆ ਤਾਂ ਇੱਕ ਜਣਾ ਆਇਆ ਉਹਨੇ distributor ਖੋਲ੍ਹ ਕੇ ਵਿਚੋਂ ਸਾਰੇ ਕਾਗਜ਼ ਕੱਢ ਦਿੱਤੇ। ਕਰੰਟ ਤਾਂ ਓਧਰ ਜਾ ਰਹੀ ਹੈ, ਓਧਰ ਇੰਜਣ ਪੂਰਾ ਤਿਆਰ ਹੈ। ਕਿਉਂ ਨਹੀਂ ਜਾ ਰਹੀ ਕਿਉਂਕਿ ਕਰੰਟ ਪਾਸ ਨਹੀਂ ਹੁੰਦੀ ਇੱਕ ਪੁਆਇੰਟ ਐਸਾ ਹੈ ਜਿੱਥੋਂ ਕਰੰਟ ਨਹੀਂ ਪਾਸ ਹੋ ਰਹੀ ਹੈ। ਇਹ ਮੋਟੀ ਮਿਸਾਲ ਹੈ। ਇਵੇਂ ਜਿਵੇਂ ਸਾਡੇ ਵਲੋਂ, ਅਸੀਂ ਅਰਦਾਸ ਵਗੈਰਾ ਕਰਦੇ ਹਾਂ, ਰੱਬ ਵੱਲ ਨੂੰ ਤਾਂ ਨੇੜੇ ਹੀ ਬਿਲਕੁਲ ਹੀ, ਉਹ ਸਾਡੀ ਕਰੰਟ ਪਾਸ ਨਹੀਂ ਹੁੰਦੀ ਉਹਦੇ ਵਿੱਚ ਮੈਂ ਦਾ ਪਰਿਵਾਰ ਵੜ ਗਿਆ ਆ ਕੇ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***

***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - 624***

ਕਹਿੰਦੇ, ਐਨਾ ਕੁ ਪਤਲਾ ਹੋ ਕੇ ਰੱਬ ਨਾਲ ਸਬੰਧ ਨਹੀਂ ਜੁੜਦਾ। ਬੁਰਾ ਪ੍ਰਭਾਵ ਵਿੱਚ ਪੈ ਗਿਆ, ਕਰੰਟ ਵਿਚੋਂ ਗੁਜ਼ਰਨ ਨਹੀਂ ਦਿੰਦਾ। ਕਾਰਬਨ ਆ ਗਈ ਪੁਆਇੰਟਾਂ 'ਤੇ, ਉਹ ਕਰੰਟ ਨਹੀਂ ਵਿਚੋਂ ਗੁਜ਼ਰਨ ਦਿੰਦੀ। ਸਾਡੀ ਸਿੱਧੀ ਗੱਲ ਮਸ਼ੀਨਰੀ ਦੇ ਹਿਸਾਬ ਨਾਲ ਅਸੀਂ ਸਮਝ ਜਾਂਦੇ ਹਾਂ। ਸੋ ਸਾਡੀ ਗੱਲ ਤਾਂ ਨਹੀਂ ਰੱਬ ਤੱਕ ਪਹੁੰਚਦੀ, ਕਿਉਂਕਿ ਅੰਦਰ ਉਹਦੇ 'ਚ ਕਾਰਬਨ ਆਈ ਹੋਈ ਹੈ। ਸਾਡਾ ਜਿਹੜਾ ਸਬੰਧ ਹੈ, ਉਹ ਦੂਸ਼ਿਤ ਹੋਇਆ ਹੋਇਆ ਹੈ। ਸਫਾਈ ਕਰਨ ਵਾਲਾ ਹੈ। ਸਫਾਈ ਕਿਵੇਂ ਹੁੰਦਾ ਹੈ, ਇਹ ਬੜੀ ਲੰਮੀ ਚੌੜੀ ਬਾਤ ਹੈ, ਘੰਟਿਆ ਬੱਧੀ ਹੈ। ਬਹੁਤ ਵਾਰੀ ਮੈਂ ਦੀਵਾਨਾਂ 'ਚ ਦੱਸੀ ਹੈ। ਖੋਲ੍ਹ-ਖੋਲ੍ਹ ਕੇ ਦੱਸੀ ਹੈ। ਫੇਰ ਸਮਾਂ ਮਿਲਿਆ ਮੈਂ ਫੇਰ ਵੀ ਇਹਦੇ ਉਤੇ ਗੱਲ ਕਰਾਂਗਾ।

ਸੋ ਉਹ ਪਛਾਣ ਨਾ ਸਕੀ। ਉਧਰੋਂ ਚਲਿਆ ਗਿਆ ਬੇਣੀ ਜੀ ਪਾਸ, ਕਹਿਣ ਲੱਗਿਆ ਤੁਸੀਂ ਜਾਓ। ਪਿਆਰ ਕਰਿਆ, ਹਿੱਤ ਕਰਿਆ ਗਲ ਨਾਲ ਲਾ ਕੇ ਰੱਬ ਨੇ ਕਿ ਤੂੰ ਨਿਰਇੱਛਤ ਭਗਤ ਹੈਂ ਮੇਰਾ। ਮੈਂ ਦੇ ਆਇਆ ਹਾਂ ਸਭ ਕੁਛ। ਸਭ ਕੁਛ ਪਹੁੰਚਾ ਦਿੱਤਾ ਬਿਨਾਂ ਮੰਗੇ। ਸੋ ਇਹ ਇੱਕ ਗੱਲ ਹੈ ਕਿ ਇਸ ਤਰ੍ਹਾਂ ਦੇ ਨਾਲ ਸਬੰਧ ਵਾਹਿਗੁਰੂ ਨਾਲ ਜਦੋਂ ਜੁੜਦਾ ਹੈ ਉਹ -

***ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥***

***ਅੰਗ - 656***

ਓਹਿ ਜਿਹੜੀ ਰੋਟੀ ਪਾਣੀ ਦੀ ਘਾਟ ਹੈ, ਆਦਮੀ ਆਪ ਤਾਂ ਮਨ ਜਾਏਗਾ ਹੁਣ ਘਰਵਾਲੇ ਨਹੀਂ ਮੰਨਦੇ, ਘਰ ਵਾਲੇ ਕਲੇਸ਼ ਪਾ ਦਿੰਦੇ ਨੇ ਕਿ ਆ ਵੀ ਚਾਹੀਦਾ ਹੈ, ਔਹ ਵੀ ਚਾਹੀਦਾ ਹੈ। ਜਾਂ ਤਾਂ ਦੋਵੇਂ ਇਹੋ ਜਿਹੇ ਹੋਣ, ਦੋਵੇਂ ਪ੍ਰਮੇਸ਼ਰ ਵਲ ਲੱਗੇ ਹੋਣ ਜਾਂ ਉਨ੍ਹਾਂ ਦੇ ਭਾਗ ਨਹੀਂ ਬਣਦੇ, ਸੰਜੋਗ ਤਾਂ ਬਣਦੇ ਨਹੀਂ ਸਾਧਸੰਗਤ ਜੀ! ਭਾਗ ਹੋਰ ਹੁੰਦਾ ਹੈ, ਸੰਜੋਗ ਹੋਰ ਹੁੰਦਾ ਹੈ। ਸੰਜੋਗ ਤਾਂ ਬਣ ਗਿਆ ਕਿ ਸਾਧੂ ਨਾਲ ਵਿਆਹ ਹੋ ਗਿਆ ਕਿਸੇ ਦਾ। ਭਾਗ ਪ੍ਰਮੇਸ਼ਰ ਦੇ ਦਰਸ਼ਨ ਕਰਨ ਦਾ ਨਹੀਂ ਬਣ ਸਕਿਆ, ਕਿਉਂਕਿ ਉਹਨੇ ਉਹਦੀ ਵਿਰੋਧਤਾ ਕੀਤੀ, ਉਹਨੂੰ ਅਪਣਾਇਆ ਨਹੀਂ ਹੈ ਉਹਦੀ ਰਜ਼ਾ ਵਿੱਚ ਨਹੀਂ ਰਾਜ਼ੀ ਰਹੀ, ਹਰ ਵਕਤ ਕਣਤਾਉਂਦੀ ਰਹਿੰਦੀ ਹੈ ਉਹਨੂੰ। ਸੋ ਇਹ ਹੱਲ ਹੋ ਜਾਂਦਾ ਹੈ। ਪੈਸੇ ਦੀ ਕਮੀ ਜਿਹੜੀ ਹੈ ਇਹ ਘਰ 'ਚ ਕਲੇਸ਼ ਰੱਖਦੀ ਹੈ। ਚਾਹੇ ਭਗਤ ਹੈ, ਚਾਹੇ ਦੁਨੀਆਂਦਾਰ ਹੈ ਉਹਦੇ ਤਾਂ ਬੇਅੰਤ ਹੀ ਰਹਿੰਦਾ ਹੈ। ਹੁਣ ਇਹ ਹੋਇਆ ਕਿ ਉਹਦੇ ਛੇ ਪੁੱਤਰ ਹੋ ਗਏ, ਖਾਣ ਪੀਣ ਨੂੰ ਕੁਛ ਨਹੀਂ, ਖਾਂਦਾ ਕੀ ਸੀ, ਚੌਲ ਲੈ ਜਾਂਦਾ ਸੀ, ਜਾਲ ਵਿਛਾ ਦੇਣਾ ਚੌਲ ਪਾ ਕੇ ਜਿੰਨੇ ਕੁ ਪੰਛੀ ਫਸੇ ਬਜ਼ਾਰ 'ਚ ਲਿਆ ਕੇ ਵੇਚ ਦੇਣੇ, ਦੋ ਚਾਰ ਆਪਣੇ ਖਾਣ ਨੂੰ ਲੈ ਆਉਣੇ, ਕਬੂਤਰ, ਚਿੜੀਆਂ ਵਗੈਰਾ। ਘਰ 'ਚ ਕਲੇਸ਼ ਰਹਿੰਦਾ ਸੀ ਅਖੀਰ ਇਹਦੇ ਮਨ 'ਚ ਆਇਆ ਕਿ ਮੈਂ ਬੜਾ ਪਤਿਤ ਹੋਇਆ ਹਾਂ, ਦਿਮਾਗ ਵਿੱਚ ਸਭ ਕੁਛ

ਪਿਆ ਸੀ ਉਵੇਂ-ਜਿਵੇਂ, ਚਾਰੇ ਵੇਦ ਪਏ ਸੀ, ਛੇਈ ਸ਼ਾਸਤਰ ਪਏ ਸੀ, ਸਤਾਈ ਸਿਮ੍ਰਤੀਆਂ, ਦੇਸ਼ ਭਰ 'ਚ ਪ੍ਰਸਿੱਧ ਵਿਦਵਾਨ ਸੀ ਇਹ। ਮਹਾਰਾਜ ਫੁਰਮਾਨ ਕਰਦੇ ਨੇ-

***ਅਜਾਮਲੁ ਪਾਪੀ ਜਗੁ ਜਾਨੇ ...........॥ ਅੰਗ - 631***

ਜਗ ਜਾਣਦਾ ਸੀ, ਮਾੜਾ ਮੋਟਾ ਬੰਦਾ ਨਹੀਂ ਸੀ ਉਹ। ਉਹਦੇ ਪਤਿਤਪੁਣੇ ਨੂੰ ਵੀ ਸਾਰਾ ਸੰਸਾਰ ਜਾਣਦਾ ਸੀ। ਕੋਈ ਨਹੀਂ ਸੀ ਜਿਹੜਾ ਉਹਨੂੰ ਭੁੱਲਿਆ ਹੋਵੇ, ਕਿਉਂਕਿ ਪਹਿਲਾਂ ਦਿਗਵਜਈ ਸੀ ਉਹ। ਕੋਈ ਵੀ ਉਹਦੇ ਮੁਤਾਬਿਕ ਸ਼ਾਸਤਰ ਅਰਥ ਨਹੀਂ ਸੀ ਕਰ ਸਕਦਾ। ਏਥੇ ਤੱਕ ਉਹਦਾ ਨਿਸ਼ਚਾ ਹੋ ਗਿਆ ਕਿ ਮੇਰਾ ਗੁਰੂ ਮੇਰੇ ਤੋਂ ਅਣਜਾਣ ਹੈ, ਗੁਰੂ ਨੇ ਕਿਹਾ ਬੇਟਾ! ਤੂੰ 18 ਸਾਲ ਦਾ ਹੋ ਗਿਆ, ਤੈਨੂੰ ਏਸ ਵੇਲੇ ਸਭ ਤੋਂ ਜਿਹੜਾ ਖਤਰਾ ਹੈ ਉਹ ਕਾਮ ਤੋਂ ਹੈ। ਇਹ ਜੇ ਆ ਜਾਵੇ ਦਿਮਾਗ ਦੀ ਵਿਦਿਆ ਵਗੈਰਾ ਔਹ ਮਾਰਦਾ ਹੈ ਲਾਹ ਕੇ। ਜਾਇਜ਼-ਨਜ਼ਾਇਜ਼ ਕੁਛ ਨਹੀਂ ਜਾਣਦਾ। ਜਾਤ-ਕੁਜਾਤ ਨਹੀਂ ਜਾਣਦਾ, ਕੁਛ ਨਹੀਂ ਜਾਣਦਾ, ਕਰਕੇ ਪਛਤਾਉਂਦਾ ਹੈ ਕਿ ਤੂੰ ਆਹ ਵੇਸਵਾ ਦੇ ਬਜ਼ਾਰਾਂ 'ਚੋਂ ਨਾ ਲੰਘੀਂ। ਲੈ ਕਹਿੰਦਾ, ਮੇਰੇ ਗੁਰੂ ਨੂੰ ਮੇਰੇ 'ਤੇ ਵਿਸ਼ਵਾਸ਼ ਨਹੀਂ ਹੈ। ਮੈਂ ਆ ਗਈ ਨਾ ਮੈਂ। ਮਹਾਰਾਜ ਕਹਿੰਦੇ -

***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - 286***

ਉਹਦੇ 'ਚ ਮੈਂ ਆ ਗਈ ਕਿ ਮੈਂ ਵਿਦਵਾਨ ਹਾਂ, ਉਚਾਰਨ ਸ਼ੁੱਧ ਕਰਦਾ ਹੈ, ਵੱਡੇ-ਵੱਡੇ ਵਿਦਵਾਨਾਂ ਨਾਲ ਗੱਲ ਧੰਨ-ਧੰਨ ਹੁੰਦੀ ਹੈ, ਧੰਨ ਅਜਾਮਲ ਐਨੀ ਛੋਟੀ ਉਮਰ ਵਿੱਚ ਐਡੀ ਵਿਦਿਆ ਪ੍ਰਾਪਤੀ ਕਰ ਲਈ। ਗੁਰੂ 'ਤੇ ਸ਼ੰਕਾ ਆ ਗਿਆ, ਜਦੋਂ ਗੁਰੂ ਤੇ ਸੰਤ, ਜਿਹਦੇ ਕੋਲ ਕੋਈ ਰਹਿੰਦਾ ਹੈ, ਜੇ ਇੱਕ ਵਾਰੀ ਸ਼ੰਕਾ ਆ ਜਾਏ, ਉਹਦੀ ਸਾਰੀ ਕੀਤੀ ਕਤਰੀ ਸੇਵਾ ਜ਼ੀਰੋ 'ਤੇ ਆ ਜਾਂਦੀ ਹੈ, ਮੁੜ ਕੇ। ਛੇ ਕਲਾ ਬੈਰਾਗ ਦੀਆਂ ਨਾਲ ਨਸ਼ਟ ਹੁੰਦੀਆਂ ਨੇ। ਛੇ ਜਨਮ ਦੁੱਖ ਦੇ ਮਿਲਣ ਤਾਂ ਇੱਕ ਕਲਾ ਬੈਰਾਗ ਦੀ ਪੈਦਾ ਹੁੰਦੀ ਹੈ, ਐਡਾ ਨੁਕਸਾਨ ਹੁੰਦਾ ਹੈ। ਆਪਣੇ ਮਹਾਤਮਾ 'ਤੇ ਤਰਕ ਕਰਨ ਦਾ, ਜਿਸ ਤੋਂ ਅਧਿਆਤਮ ਮਾਰਗ ਦਾ ਸਬਕ ਸਿੱਖ ਰਿਹਾ ਹੈ। ਉਹਦੇ ਤਰਕ ਕਰਨ ਨਾਲ ਐਨਾ ਦੋਸ਼ ਪੈਦਾ ਹੋ ਜਾਂਦਾ ਹੈ। ਇਹਨੇ ਕਿਹਾ ਕਿ ਮੇਰੇ ਗੁਰੂ ਹੈ ਤਾਂ ਵਿਦਵਾਨ ਬੜੇ, ਉਚਾਰਨ ਕਈ ਵਾਰੀ ਸ਼ੁੱਧ ਕਰਨਾ ਭੁੱਲ ਜਾਂਦੇ ਨੇ।

ਹੁਣ ਭੁੱਲਣਾ ਦਿਮਾਗ ਦੀ ਬਾਤ ਹੈ, ਜੇ ਦਿਮਾਗ 'ਚ ਕਮਜ਼ੋਰੀ ਹੈ ਭੁੱਲ ਜਾਂਦਾ ਹੈ, ਯਾਦਦਾਸ਼ਤ ਦੇ ਸੈਲ ਕਮਜ਼ੋਰ ਹੋ ਕੇ ਭੁੱਲਣ ਲਗ ਜਾਂਦਾ ਹੈ ਆਦਮੀ ਲੇਕਿਨ ਮਹਾਤਮਾ ਦਾ ਗਿਆਨ ਪਰਪੱਕ ਹੁੰਦਾ ਹੈ।

ਸੋ ਇਹ ਅਭਿਮਾਨ ਆਉਣ ਨਾਲ ਕਹਿਣ ਲੱਗਿਆ, ਮੇਰੇ ਗੁਰੂ ਕਹਿੰਦੇ ਨੇ, ਉਥੇ ਹੀ ਬੱਸ ਨਹੀਂ ਕਰੀ, ਕਹਿਣ ਲੱਗਿਆ, ਗੁਰੂਦੇਵ! ਤੁਸੀਂ

ਤਾਂ ਮੈਨੂੰ ਬੱਚਾ ਹੀ ਸਮਝਦੇ ਓਂ ਅਣਜਾਣ, ਮੈਂ ਛੇਈ ਸ਼ਾਸਤਰ, ਚਾਰਾਂ ਵੇਦਾਂ ਦਾ, ਸਤਾਈ ਸਿਮ੍ਰਤੀਆਂ, ਸਾਰੀਆਂ ਉਪਨਿਸ਼ਦਾਂ, ਗੀਤਾ ਦਾ ਐਡਾ ਧੁਰੰਧਰ ਵਿਦਵਾਨ ਹਾਂ ਕਿ ਮੇਰੇ ਸਾਮ੍ਹਣੇ ਕੋਈ ਖੜ੍ਹ ਤਾਂ ਸਕਦਾ ਨਹੀਂ ਹੈ। ਤੁਸੀਂ ਮੇਰੇ 'ਤੇ ਇਹ ਸ਼ੱਕ ਕਰਿਆ। ਮੈਂ ਅੱਛੀ ਤਰ੍ਹਾਂ ਜਾਣਦਾ ਹਾਂ ਕਿ ਰੌਰਵ ਨਰਕ ਦੇ ਵਿੱਚ ਵਾਸਾ ਮਿਲਦਾ ਹੈ। ਇਹ ਵੀ ਮੈਂ ਜਾਣਦਾ ਹਾਂ ਜਿਹੜਾ ਪਰਇਸਤਰੀ ਕੋਲ ਬੰਦਾ ਜਾਂਦਾ ਹੈ, ਇਸਤਰੀ ਪਰ ਪੁਰਖ ਕੋਲ ਜਾਂਦੀ ਹੈ ਉਹਨੂੰ ਗਰਮ ਥੰਮ ਦੇ ਨਾਲ ਚੰਮੇੜ ਦਿੰਦੇ ਨੇ, ਉਹ ਥੰਮ ਉਸੇ ਬੰਦੇ ਦੀ, ਉਸੇ ਇਸਤ੍ਰੀ ਦੀ ਸ਼ਕਲ ਦਾ ਹੁੰਦਾ ਹੈ, ਅੱਗ ਵਰਗਾ। ਹੇ ਗੁਰੂਦੇਵ! ਜਦ ਮੈਂ ਇਹ ਸਭ ਜਾਣਦਾ ਹਾਂ ਮੈਂ ਕਿਵੇਂ ਇਹ ਗਿਰ ਜਾਵਾਂਗਾ? ਕਹਿੰਦੇ, ਬੇਟਾ! ਇਹ ਤੇਰੇ ਅੰਦਰ ਅਹੰ ਦੀ ਅੰਸ ਆ ਗਈ, ਮੈਂ ਦੀ, ਅਭਿਮਾਨ ਦੀ। ਜਦੋਂ ਅਭਿਮਾਨ ਆ ਜਾਵੇ, ਉਸ ਵੇਲੇ ਸਬੰਧ ਟੁੱਟ ਜਾਂਦਾ ਹੈ, ਗੁਰੂ ਨਾਲੋਂ ਤੇ ਪ੍ਰਮੇਸ਼ਰ ਨਾਲੋਂ। ਏਸ ਕਰਕੇ ਇਹ ਚੀਜ਼ ਗੁਰੂ ਕਿਸੇ ਵੀ ਕੀਮਤ 'ਤੇ ਪਸੰਦ ਨਹੀਂ ਕਰਦਾ -

***ਧਾਰਨਾ - ਤੇਰਾ ਮਾਣ, ਤੇਰਾ ਮਾਣ, ਤੇਰਾ ਮਾਣ ਓ,***
***ਗੁਰਾਂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***
***ਅੰਗ - 1089***

ਮਹਾਰਾਜ ਕਹਿੰਦੇ, ਕੂਕਾਂ ਮਾਰ-ਮਾਰ, ਉੱਚੀ ਅਵਾਜ਼ ਦੇ-ਦੇ ਕੇ ਵੇਦ ਦਸਦੇ ਨੇ ਕਿ ਪਿਆਰਿਆ! ਤੇਰਾ ਮਾਣ ਨਹੀਂ ਭਾਉਣਾ ਪ੍ਰਮੇਸ਼ਰ ਨੂੰ ਓਸ ਮਾਣ ਕਰਕੇ ਹੀ ਤੂੰ ਵੱਖਰਾ ਹੋਇਆ-ਹੋਇਆ ਹੈਂ। ਉਹ ਹਉਮੈ ਦੀ ਅੰਸ ਹੋਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਮੱਧ ਪ੍ਰਦੇਸ਼ ਜਾਂ ਆਸਾਮ ਦੇ ਜੰਗਲਾਂ 'ਚ ਜਾ ਰਹੇ ਸੀ। ਆਸਾਮ ਵਿੱਚ ਵੀ ਉਸ ਵੇਲੇ ਆਦਮਖੋਰ ਬੰਦੇ ਹੋਇਆ ਕਰਦੇ ਸੀ। ਬੜੀ ਦੇਰ ਤੱਕ ਰਹੇ, ਐਸਾ ਇਤਿਹਾਸ 'ਚ ਆਉਂਦਾ ਹੈ, ਅੰਗ੍ਰੇਜ਼ਾਂ ਦਾ ਜਹਾਜ਼ ਆਇਆ, ਉਹ ਜਹਾਜ਼ ਉਥੇ ਉਤਾਰ ਗਿਆ ਉਨ੍ਹਾਂ ਨੂੰ। ਉਥੇ ਜਿਹੜੀ ਕੌਮ ਵਸਦੀ ਸੀ, ਜਦੋਂ ਇਹ ਅੰਗ੍ਰੇਜ਼ ਦੇਖੇ ਉਨ੍ਹਾਂ ਨੇ, ਉਹ ਇੱਕ-ਇੱਕ ਕਰਕੇ ਚੁੱਕ ਕੇ ਲੈ ਗਏ, ਸਾਰਿਆਂ ਨੂੰ ਹੀ ਖਾ ਲਿਆ। ਜਦੋਂ ਦੁਬਾਰਾ ਆਏ ਉਥੇ ਕੁਛ ਵੀ ਨਾ। ਅਮਰੀਕਾ 'ਚ ਜਦੋਂ ਪਹਿਲਾਂ-ਪਹਿਲਾਂ ਅੰਗਰੇਜ਼ਾਂ ਦਾ ਜਹਾਜ਼ ਗਿਆ, ਉਨ੍ਹਾਂ ਨੇ ਜਾ ਕੇ ਲਾਹ ਦਿੱਤਾ ਜਿੱਥੇ ਨਿਊ ਇੰਗਲੈਂਚ 'ਚ ਰੱਖਿਆ ਹੋਇਆ ਹੈ, ਅਮਰੀਕਾ 'ਚ। ਉਥੇ ਛੇ ਮਹੀਨੇ 'ਚ ਇਹ ਆਉਂਦਾ ਜਾਂਦਾ ਸੀ, ਜਦੋਂ ਛੇ ਮਹੀਨੇ 'ਚ ਆਏ, ਉਥੇ ਇੱਕ ਵੀ ਬੰਦਾ ਨਹੀਂ ਸੀ। ਦੁਬਾਰਾ ਫੇਰ ਲੈ ਆਏ। ਕਹਿੰਦੇ ਪਹਿਲਾਂ ਕਿਲਾ ਬਣਾਓ, ਚਾਰ ਦੀਵਾਰੀ ਬਣਾਓ, ਇਨ੍ਹਾਂ ਲੋਕਾਂ ਦਾ ਮੁਕਾਬਲਾ ਕਰੋ। ਹਥਿਆਰ ਸੀਗੇ, ਦੂਜੀ ਵਾਰੀ ਵੀ ਸਿਰਫ ਇੱਕ ਬੰਦਾ ਬਚਿਆ, ਉਹ ਕਪਤਾਨ ਸੀਗਾ। ਕੈਪਟਨ ਫੌਜ ਦਾ। ਉਹ ਭਾਰਤੀ ਲੋਕਾਂ ਦੇ ਵਿੱਚ ਚਲਿਆ ਗਿਆ, ਜਿਨ੍ਹਾਂ ਨੂੰ ਰੈਡ ਇੰਡੀਅਨ ਕਹਿੰਦੇ ਨੇ। ਉਥੇ ਜਦੋਂ ਮਾਰਨ ਲੱਗੇ, ਉਸ ਵੇਲੇ ਰਾਜੇ ਦੀ ਲੜਕੀ ਨੂੰ ਇਹ ਬਹੁਤ ਚੰਗਾ ਲੱਗਿਆ, ਉਹ ਇੱਕ ਦਮ ਉਤੇ ਆ

ਕੇ ਪੈ ਗਈ ਇਹਦੇ ਕਿ ਮੈਨੂੰ ਵੱਢੋ ਪਹਿਲਾਂ। ਉਹ ਰਾਜੇ ਨੇ ਕਿਹਾ ਕਿ ਇਹ ਪਰਦੇਸੀ ਹੈ, ਭੇਤ ਲੈ ਲਏਗਾ ਆਪਣਾ। ਕਹਿੰਦੀ, ਨਹੀਂ ਇਹ ਨਹੀਂ ਮੈਂ ਮਾਰਨ ਦੇਣਾ। ਅਖੀਰ ਉਹਨੂੰ ਰੱਖ ਲਿਆ, ਸਿਆਣਾ ਸੀ। ਫੌਜ ਦੇ ਵਿੱਚ ਕਮਾਂਡਰ ਵੀ ਬਣ ਗਿਆ। ਹੁਣ ਉਹਨੂੰ ਇਹ ਪਤਾ ਸੀ ਕਿ ਛੇ ਮਹੀਨੇ ਬਾਅਦ ਸਾਡਾ ਜਹਾਜ਼ ਮੁੜਨਾ ਹੈ। ਮੇਰਾ ਫਰਜ਼ ਹੈ ਕਿ ਮੈਂ ਉਥੇ ਉਨ੍ਹਾਂ ਦੀ ਰਾਖੀ ਕਰਾਂ ਜਾ ਕੇ। ਜਦੋਂ ਉਹ ਜਹਾਜ਼ ਆਇਆ ਉਸ ਵੇਲੇ ਉਹ ਦੌੜ ਕੇ ਆਪਣੇ ਅੰਗਰੇਜ਼ਾਂ ਦੀ ਰਾਖੀ ਕਰੀ। ਫੇਰ ਉਥੇ ਇਨ੍ਹਾਂ ਦੇ ਪੈਰ ਲੱਗੇ, ਰੈਡ ਇੰਡੀਅਨ ਫੇਰ ਮਾਰੇ। ਹੁਣ ਤਾਂ ਬਹੁਤੇ ਹੀ ਥੋੜ੍ਹੇ ਰਹਿ ਗਏ ਉਥੇ। ਸੋ ਇਹ ਚੀਜ਼ਾਂ ਹੋਇਆ ਕਰਦੀਆਂ ਨੇ, ਇੱਥੇ ਵੀ ਖਾਂਦੇ ਸੀ।

ਗੁਰੂ ਨਾਨਕ ਸਾਹਿਬ ਦੇ ਸਮੇਂ ਤੁਸੀਂ ਹੈਰਾਨ ਹੋਵੋਂਗੇ, ਹੁਣ ਤਾਂ ਕਹਿ ਦਿੰਦੇ ਨੇ ਕਿ ਭਾਈ ਮਰਦਾਨਾ ਸੀ ਨਾਲ, ਅਸੀਂ ਤਾਂ ਮੰਨਦੇ ਨਹੀਂ ਅਸੀਂ ਤਾਂ ਭਾਈ ਬਾਲੇ ਨੂੰ ਮੰਨਦੇ ਹਾਂ। ਕਿਉਂਕਿ ਉਨ੍ਹਾਂ ਲੋਕਾਂ ਦੇ ਗੀਤਾਂ ਦੇ ਵਿੱਚ ਆਉਂਦਾ ਹੈ ਭਾਈ ਬਾਲਾ। ਨਾਨਕ ਮਤੇ ਜਿਹੜੇ ਥਾਰੂ ਲੋਕ ਨੇ ਬਾਬੇ ਸ੍ਰੀ ਚੰਦ ਨੇ ਭੇਜੇ ਸੀ ਉਹ ਗੀਤ ਗਾਂਦੇ ਨੇ –

***'ਮੇਰੇ ਬਾਬਾ ਸੇ ਗਰਬ ਕੀਆ ਸੋ ਹਾਰਿਓ ਰੇ।'***

ਦੀਵਾਲੀ ਨੂੰ ਨਾਨਕ ਮਤੇ ਆ ਕੇ ਨੱਚਦੇ ਨੇ, ਟੱਪਦੇ ਨੇ ਨਾਲੇ ਇਹੋ ਜਿਹੇ ਗੀਤ ਗਾਉਂਦੇ ਨੇ। ਦੂਜਾ ਇਹ ਗਾਉਂਦੇ ਨੇ ਕਿ 'ਦੀਆ ਕਿਸਨੇ ਜਲਾਇਆ ਰੇ।' ਕਹਿੰਦੇ, –

***'ਮਰਦਾਨੇ ਨੇ ਬੱਤੀ ਡਾਲੀ, ਬਾਲੇ ਨੇ ਡਾਲਿਆ ਤੇਲ'***
***ਗੁਰੂ ਨਾਨਕ ਨੇ ਦੀਆ ਜਲਾਇਆ ਰੇ।***
***ਯੇ ਦੀਯਾ ਕਿਸਨੇ ਜਲਾਇਆ ਰੇ।***

ਉਹ ਲੋਕ ਅੱਜ ਤੋਂ ਕਿੰਨੇ ਸੌ ਪਹਿਲਾਂ ਗਏ ਹੋਏ, ਅਜੇ ਵੀ ਗੀਤ ਭਾਈ ਬਾਲੇ ਦਾ ਗਾਉਂਦੇ ਨੇ। ਉਥੇ ਕੋਈ ਜਾ ਕੇ ਸਿੱਖਾਂ ਨੇ ਦੱਸਿਆ ਹੈ ਕਿ ਭਾਈ ਬਾਲਾ ਸੀਗਾ। ਇਹ ਤਾਂ ਗਏ ਹੀ ਨਹੀਂ, ਸੰਪਰਕ ਹੀ ਨਹੀਂ ਹੋਇਆ ਇਨ੍ਹਾਂ ਦਾ ਤਾਂ। ਸਾਡਾ ਸੰਪਰਕ ਤਾਂ 1948 'ਚ ਹੋਇਆ ਉਨ੍ਹਾਂ ਲੋਕਾਂ ਨਾਲ, ਉਹ ਪਹਿਲਾਂ ਹੀ ਗਾਉਂਦੇ ਸੀ ਸਾਡੇ ਤੋਂ, ਅਰ ਗਿਣਤੀ ਬਹੁਤ ਵੱਡੀ ਹੈ ਉਨ੍ਹਾਂ ਥਾਰੂਆਂ ਦੀ। ਹੋਰ ਵੀ ਲੋਕ ਗਾਉਂਦੇ ਨੇ। ਇਹ ਜਿਹੜੇ ਨਵੇਂ-ਨਵੇਂ ਲਿਖਾਰੀ ਉਠਦੇ ਨੇ, ਬਹੁਤੇ ਬੁੱਧੀਵਾਨ ਐਸ ਤਰ੍ਹਾਂ ਕਿਹਾ ਕਿ ਫਲਾਣੀ ਕਿਤਾਬ ਵਿੱਚ ਇਹ ਲਿਖਿਆ ਸੀ। ਕਿਤਾਬਾਂ ਜੇ ਗਲਤ ਨੇ, ਗਲਤ ਗੱਲਾਂ ਅਸੀਂ ਬੰਨ੍ਹ ਲਵਾਂਗੇ ਇਨ੍ਹਾਂ ਦੀਆਂ ਲਿਖੀਆਂ ਹੋਈਆਂ। ਬਿਲਕੁਲ ਉਲਟ-ਪੁਲਟ ਗੱਲ ਕਰਕੇ ਵਿਦਵਾਨ ਕਹਾਉਂਦੇ ਨੇ। ਅਰ ਉਨ੍ਹਾਂ ਨੂੰ ਉਹ ਜਾਣ ਕੇ ਡਿਗਰੀਆਂ ਦਿੰਦੇ ਨੇ ਤਾਂ ਕਿ ਇਨ੍ਹਾਂ ਦਾ ਵਿਸ਼ਵਾਸ਼ ਕਮਜ਼ੋਰ ਹੋ ਜਾਏ। ਸ਼ਰਾਰਤ ਹੁੰਦੀ ਹੈ ਇੱਕ ਬੜੀ ਜ਼ਬਰਦਸਤ ਨਾਸਤਕਤਾ ਦੀ।

ਸੋ ਇਸ ਤਰ੍ਹਾਂ ਤਿੰਨੋ ਜਣੇ ਜਾ ਰਹੇ ਨੇ ਤੇ ਜਾਂਦੇ-ਜਾਂਦੇ ਮਰਦਾਨੇ ਨੇ ਕਿਹਾ ਸੱਚੇ ਪਾਤਸ਼ਾਹ! ਕਿੰਨਾਂ ਚਿਰ ਹੋ ਗਿਆ, ਆਪਾਂ ਸੂਰਜ ਵਲ ਨੂੰ ਮੂੰਹ ਕਰੀਂ ਤੁਰੇ ਹੀ ਜਾਂਦੇ ਹਾਂ। ਪਿੱਛਾ ਕਿੰਨੀ ਕੁ ਦੂਰ ਰਹਿ ਗਿਆ, ਜਿੱਥੋਂ ਆਪਾਂ ਆਏ ਸੀ? ਮਹਾਰਾਜ ਕਹਿੰਦੇ, ਮਰਦਾਨਿਆਂ! ਬਹੁਤ ਦੂਰ

ਹੈ। ਜਾਣਾ ਕਿੱਥੇ ਕੁ ਤੱਕ ਹੈ, ਹੋਰ ਮੋੜਾ ਨਹੀਂ ਪਾਉਣਾ। ਪਹਿਲੀ ਉਦਾਸੀ ਬਾਰ੍ਹਾਂ ਸਾਲ ਦੀ ਮਹਾਰਾਜ ਦੀ। ਕਹਿੰਦੇ, ਮਰਦਾਨਿਆਂ ਆਪਣੇ ਤਾਂ ਹੱਥ ਵਿੱਚ ਨਹੀਂ ਹੈ। ਜਿੱਥੇ ਨਿਰੰਕਾਰ ਲਿਜਾ ਰਿਹਾ ਹੈ, ਉਥੇ ਆਪਾਂ ਜਾ ਰਹੇ ਹਾਂ। ਕਹਿੰਦਾ, ਮੈਂ ਤਾਂ ਨਹੀਂ ਹੁਣ ਅੱਗੇ ਜਾਣਾ, ਵਾਪਸ ਮੁੜੋ। ਮਹਾਰਾਜ ਕਹਿੰਦੇ, ਮਰਦਾਨਿਆਂ ਆਪਾਂ ਵਾਹਿਗੁਰੂ ਦੇ ਹੁਕਮ 'ਚ ਚੱਲ ਰਹੇ ਹਾਂ, ਆਪਣੀ ਮਰਜ਼ੀ ਨਾਲ ਨਹੀਂ, ਚੱਲ ਰਹੇ। ਜਿੱਥੇ ਲਿਜਾਂਦਾ ਹੈ ਉਥੇ ਆਪਾਂ ਜਾ ਰਹੇ ਹਾਂ। ਜਦੋਂ ਮੋੜਾ ਪਾ ਦਏਗਾ, ਮੋੜਾ ਪਾ ਦੇਵਾਂਗੇ। ਕਹਿੰਦਾ, ਫੇਰ ਮੈਂ ਤਾਂ ਨਹੀਂ ਜਾ ਰਿਹਾ, ਆਹ ਆਪਣੀ ਰਬਾਬ ਸਾਂਭੋ। ਮਹਾਰਾਜ ਕਹਿੰਦੇ, ਮਰਦਾਨਿਆਂ! ਐਸ ਤਰ੍ਹਾਂ ਨਾ ਕਰ, ਐਡੀ ਦੂਰ ਆ ਕੇ ਤੂੰ ਸਾਥ ਛੱਡਣ ਤਿਆਰ ਹੋ ਗਿਆ। ਖੇਲ੍ਹ ਤਾਂ ਮਹਾਰਾਜ ਦਾ ਹੀ ਸੀ ਆਪਣਾ, ਉਹ ਵਿਚਾਰਾ ਕੀ ਕਰੇ। ਜੇ ਅਸੀਂ ਉਹਨੂੰ ਦੋਸ਼ ਦੇਈਏ, ਸਾਡੇ ਨਾਲੋਂ ਤਾਂ ਕਰੋੜਾਂਗੁਣਾਂ ਚੰਗਾ ਸੀ, ਚਾਰ ਦਿਨ ਨਹੀਂ ਅਸੀਂ ਕੱਢ ਸਕਦੇ ਸਤਿਸੰਗ 'ਚ ਜਾਣ ਲਈ। ਸਾਡੇ ਸਾਰੇ ਹੀ ਕੰਮ ਜੀ ਵਿਗੜ ਜਾਣਗੇ। ਸਾਡਾ ਆਹ ਕੰਮ ਖਰਾਬ ਹੋ ਜਾਏਗਾ। ਧੰਨ ਮਰਦਾਨਾ ਛੋਟੇ-ਛੋਟੇ ਬੱਚਿਆਂ ਨੂੰ ਛੱਡ ਕੇ ਆਇਆ ਸੀ ਪਿੱਛੇ। ਤਕਲੀਫਾਂ ਸਹਿ ਰਿਹਾ ਸੀ। ਆਪੇ ਹੀ ਜਾ ਕੇ ਫਸਦਾ ਸੀ, ਮਹਾਰਾਜ ਤੇ ਭਾਈ ਬਾਲਾ ਤਾਂ ਬਾਹਰ ਬੈਠਦੇ ਸੀ, ਭਾਈ ਮਰਦਾਨਾ ਹੀ ਫਸਦਾ ਸੀ ਜਿੱਥੇ ਫਸਦਾ ਸੀ ਜਾ ਕੇ। ਓਹੀ ਤਕੜਾ ਸੀ, ਗੱਲਾਂਬਾਤਾਂ ਕਰਨ ਨੂੰ ਸਿਆਣਾ ਹੋਣਾ। ਭਾਈ ਬਾਲਾ ਤਾਂ ਜਨਮਸਾਖੀ ਲਿਖਾਈ ਹੈ ਉਹਨੇ ਬਾਕੀ ਤਾਂ ਉਹਦਾ ਜ਼ਿਕਰ ਘੱਟ ਹੀ ਆਉਂਦਾ ਹੈ, ਬੱਸ ਐਨਾ ਹੀ ਆਉਂਦਾ ਹੈ ਬਾਲੇ ਸੰਧੂ ਦਾ, ਚੰਦਰਭਾਨ ਸੀ ਇਹਦਾ ਪਿਤਾ ਕਿ ਉਹਦੇ ਖੂਹ 'ਤੇ ਜਾ ਕੇ ਬੈਠ ਗਏ, ਉਹ ਜਾ ਕੇ ਦੇਖ ਲਓ ਚੰਦਰਭਾਨ ਵੀ ਤੇ ਸੰਧੂ ਵੀ ਨੇ। ਸੋ ਭਾਈ ਬਾਲਾ ਚੁੱਪ ਕਰਕੇ ਦੇਖੀ ਜਾਂਦਾ ਹੈ ਕਿ ਰੌਲਾ ਪਾ ਲਿਆ ਇਹਨੇ। ਮਹਾਰਾਜ ਕਹਿੰਦੇ, ਮਰਦਾਨਿਆਂ! ਔਹ ਦੇਖ ਕਿੰਨੀਆਂ ਬਲਾਵਾਂ ਸੀ ਜਿਨ੍ਹਾਂ ਨਾਲ ਆਪਣਾ ਵਾਹ ਪਿਆ, ਕਿਤੇ ਤੂੰ ਨੇੜੇ ਕਹਿੰਨਾਂ। ਉਹ ਤਾਂ ਹਜ਼ਾਰਾਂ ਮੀਲ ਆਪਾਂ ਆ ਗਏ ਹਾਂ ਤੁਰ ਕੇ। ਨਿਰੰਕਾਰ ਜਦੋਂ ਭੇਜੇਗਾ ਚੱਲਾਂਗੇ, ਤੈਨੂੰ ਪਹੁੰਚਣ ਨਹੀਂ ਦੇਣਾ ਰਾਹ 'ਚ ਹੀ ਫੜ ਲੈਣਾ ਹੈ ਕਿਸੇ ਨੇ। ਕਹਿੰਦਾ, ਮਹਾਰਾਜ! ਅੱਗੇ ਨਾ ਫੜਿਆ, ਆਹ ਭੁੱਲ ਗਿਆ ਕਿ ਇਹ ਤਾਂ ਗੁਰੂ ਨਾਨਕ ਦਾ ਪ੍ਰਤਾਪ ਐਨਾ ਸੀ ਕਿ ਕੋਈ ਨੇੜੇ ਹੀ ਨਹੀਂ ਆ ਸਕਦਾ। ਉਹ ਨਿਹਚਾ ਡੋਲ ਗਿਆ ਥੋੜ੍ਹਾ। ਡੋਲ੍ਹਿਆ ਹੋਇਆ ਤਾਂ ਮਹਾਰਾਜ ਕਹਿੰਦੇ, ਚੰਗਾ ਬਈ ਤੇਰੀ ਮਰਜ਼ੀ। ਰਬਾਬ ਰੱਖੀ ਤੁਰ ਪਿਆ, ਤਿੰਨ ਘੰਟੇ ਜਦ ਤੁਰਦੇ ਨੂੰ ਹੋਏ, ਨੌਂ ਕੁ ਮੀਲ ਸਫਰ ਦਾ ਲੰਘਿਆ। ਉਸ ਵੇਲੇ ਮਹਾਰਾਜ ਕਹਿੰਦੇ, ਭਾਈ ਬਾਲਾ! ਮਰਦਾਨਾ ਤਾਂ ਕੁਥਾਂਹਾਂ ਫਸ ਗਿਆ।

ਸੱਚੇ ਪਾਤਸ਼ਾਹ! ਕਿਵੇ?

ਕਹਿੰਦੇ, ਇੱਕ ਆਦਮਖੋਰ ਨੇ ਫੜ ਲਿਆ ਉਹਨੂੰ ਤੇ ਉਹਨੂੰ ਖਾਣ ਦੇ ਲਈ ਤਲ ਕੇ ਰੱਖਣਾ ਹੈ ਉਹਨੇ। ਇੱਕ ਦਿਨ 'ਚ ਖਾ ਜਾਵੇ, ਦੋ ਦਿਨਾਂ 'ਚ ਖਾ ਜਾਵੇ। ਤਲਣ ਦੀਆਂ ਤਿਆਰੀਆਂ ਹੋ ਰਹੀਆਂ ਨੇ। ਕੜਾਹ

ਗਰਮ ਕਰਨ ਵਾਸਤੇ ਤੇਲ ਜਿਹੜਾ ਹੈ ਉਹ ਰੱਖ ਦਿੱਤਾ ਉਹਦੇ ਉਤੇ ਤੇ ਉਹ ਚੁੱਕ ਕੇ ਸੁੱਟਣ ਵਾਲਾ ਹੀ ਹੈ। ਭਾਈ ਬਾਲਾ ਜੀ ਕਹਿੰਦੇ, ਫੇਰ ਮਹਾਰਾਜ! ਗੁਰੂ ਤੋਂ ਬੇਮੁਖ ਹੋਣ ਦਾ ਫਲ ਤਾਂ ਮਿਲਣਾ ਹੀ ਹੈ।

ਕਹਿੰਦੇ, ਨਾ ਜਿਹੜੇ ਲੱਗ ਗਏ ਉਨ੍ਹਾਂ ਨਾਲ ਓੜ ਨਿਭਾਉਣੀ ਚਾਹੀਦੀ ਹੈ। ਭੁੱਲਦਾ ਬੱਚਾ ਹੈ, ਭੁੱਲ ਜਾਂਦਾ ਹੈ ਸਿੱਖ। ਕੋਈ ਗੱਲ ਨਹੀਂ ਭਾਈ ਬਾਲਾ, ਗੁਰੂ ਦਾ ਫਰਜ਼ ਹੁੰਦਾ ਹੈ ਭੁੱਲੇ ਹੋਏ ਸਿੱਖ ਦੀ ਰਾਖੀ ਕਰਨੀ। ਚੰਗੀ ਤਰ੍ਹਾਂ ਖੋਜ ਕੇ ਮੈਂ ਵਿਚਾਰਾਂ ਕੀਤੀਆਂ ਹੋਈਆਂ ਸੀ। ਮੈਂ ਐਡਾ ਵਿਦਵਾਨ ਪ੍ਰਸਿੱਧ ਹੋ ਗਿਆ ਕਿ ਮੈਨੂੰ ਇਹ ਲੱਗਿਆ ਕਿ ਮੈਂ ਆਪਣੇ ਗੁਰੂ ਨਾਲੋਂ ਜ਼ਿਆਦਾ ਜਾਣਦਾ ਹਾਂ। ਕਈ ਸੇਵਕ ਹੁੰਦੇ ਨੇ ਉਹ ਮਹਾਂਪੁਰਸ਼ ਦੇ ਬਚਨਾਂ ਨੂੰ ਘੋਟਾ ਲਾ ਕੇ ਯਾਦ ਕਰ ਲੈਂਦੇ ਨੇ। ਅਨੁਭਵ ਨਹੀਂ ਹੁੰਦਾ, ਉਹ ਟੇਪ ਰਿਕਾਰਡ ਹੁੰਦੇ ਨੇ ਅੰਦਰ।

ਰਜਨੀਸ਼ ਨੂੰ ਜੇ ਕਹਿਣਾ ਕਿ ਤੁਹਾਡਾ ਫਲਾਣਾ ਸੇਵਕ ਬੜਾ ਵਧੀਆ ਕਥਾ ਕਰਦਾ ਹੈ ਤਾਂ ਕਹਿਣ ਕਿ He is my good parrot. ਉਹ ਕਹਿੰਦਾ, ਇਹ ਤੋਤੇ ਬੜੇ ਸੋਹਣੇ ਨੇ ਜਿਹੜੇ ਮੇਰੇ ਕੋਲ ਆਏ ਹੋਏ ਨੇ। ਉਹ ਮਹਾਤਮਾ ਜਦ ਕਹਿੰਦੇ ਨੇ ਜਦ ਇੱਕ-ਇੱਕ ਅੱਖਰ ਉਨ੍ਹਾਂ ਦਾ ਬੋਲਿਆ ਹੋਇਆ ਸੁਣਾਵੇ, ਆਪ ਅਨੁਭਵ ਨਾ ਹੋਵੇ ਅੰਦਰ। ਚਾਹੀਦਾ ਤਾਂ ਇਹ ਹੈ ਕਿ ਅਨੁਭਵ ਅੰਦਰ ਆਪ ਪਹਿਲਾਂ ਪੈਦਾ ਕਰੋ, ਫੇਰ ਮਹਾਂਪੁਰਸ਼ਾਂ ਦੇ ਬਚਨ ਸੁਣਾਓ। ਘੋਟੇ ਲਾ ਕੇ ਲੋਕਾਂ ਨੂੰ ਧੋਖਾ ਦਿੰਦੇ ਓਂ, ਮਾਨਤਾ ਕਰਾਉਂਦੇ ਓਂ, ਆਪਣੀ, ਕਿੰਨੇ ਦੋਸ਼ੀ ਬਣੋਂਗੇ ਦਰਗਾਹ 'ਚ ਜਾ ਕੇ, ਪਹਿਲਾ ਘਾਲ ਦਾ ਕਮਾਈ ਕਰੋ। ਅੰਦਰੋਂ ਉਘਾੜੋ ਵਿਦਿਆ। ਉਹਨੂੰ ਅਨੁਭਵ ਕਰਕੇ ਫੇਰ ਬਚਨ ਬੋਲੋ। ਪੂਰੇ ਦੇ ਪੂਰੇ ਬਚਨ। ਬ੍ਰਹਮਗਿਆਨ ਦੇ ਬਚਨ ਸੁਣਾਉਣ ਲੱਗ ਜਾਣਗੇ, ਆਪ ਅਜੇ ਚਿੱਕੜ 'ਚ ਬੈਠੇ ਹੋਣਗੇ। ਕਿਉਂਕਿ ਘੋਟੇ ਲਾਏ ਹੋਏ ਨੇ, ਟੇਪਾਂ ਆ ਗਈਆਂ, ਕੋਈ ਬੰਦਾ ਵੀ ਲਾ ਸਕਦਾ ਹੈ। ਹੁਣ ਤਾਂ ਬਹੁਤਾ ਹੀ ਜ਼ਿਆਦਾ ਹੋ ਗਿਆ। ਮੈਂ ਮੈਗਜ਼ੀਨ 'ਚ ਲਿਖਦਾ ਹੁੰਦਾ ਹਾਂ, ਸੰਤ ਹੀ ਸੰਤ ਹੋ ਗਿਆ, ਜਿਵੇਂ ਖੁੰਭਾਂ ਉੱਗਦੀਆਂ ਨੇ ਸਾਉਣ ਭਾਦੋਂ 'ਚ, ਐਸ ਤਰ੍ਹਾਂ ਹੋ ਗਿਆ ਨਾ ਜਾਣ ਨਾ ਪਛਾਣ। ਦੁਨੀਆਂ ਦੇ unfit (ਅਯੋਗ) ਬੰਦੇ, ਚਾਰ ਜਮਾਤਾਂ ਪਾਸ ਨਹੀਂ ਕਰਦੇ, ਨਾ ਘਰਦਿਆਂ ਦਾ ਕੰਮ ਕਰਦੇ ਨੇ, ਡੇਰੇ ਆ ਗਏ, ਦੋ ਸੁਰਾਂ 'ਤੇ ਉਂਗਲੀ ਰੱਖ ਕੇ ਲੱਗ ਗਏ ਕੀਰਤਨ ਕਰਨ। ਉਹ ਟੇਪ ਹੈ ਅੰਦਰ, ਦੱਸ ਪੰਦਰਾਂ ਵਾਰੀ ਸੁਣ ਲਓ, ਜ਼ੁਬਾਨੀ ਯਾਦ ਹੋ ਜਾਂਦੀ ਹੈ। ਜ਼ੁਬਾਨੀ ਯਾਦ ਕੀਤੀਆਂ ਹੋਈਆਂ ਵੀਹ ਤੀਹ ਟੇਪਾਂ ਮੁਕਦੀਆਂ ਨਹੀਂ, ਸਾਰੀ ਦੁਨੀਆਂ 'ਚ ਘੁੰਮ ਆਓ ਚਾਹੇ। ਕਿਉਂਕਿ ਵੀਹ ਤੀਹ ਦੀਵਾਨ ਹੀ ਨਹੀਂ ਲੱਗਦੇ ਇੱਕ ਲੱਗਿਆ, 80 ਮੀਲ ਹੋਰ ਅੱਗੇ, ਪੰਜਾਹ ਮੀਲ ਹੋਰ ਅੱਗੇ। ਰੋਜ਼ ਗੁਰਦੁਆਰੇ ਬਦਲਦੇ ਨੇ। ਰੋਜ਼ ਉਹਨੇ ਸੁਣਾਉਣਾ ਹੈ, ਰੋਜ਼ ਬੱਲੇ-ਬੱਲੇ ਹੋਣੀ ਹੈ ਉਹਦੀ ਕਿ ਬੱਲੇ-ਬੱਲੇ ਇਹ ਤਾਂ ਬੜਾ ਵਿਦਵਾਨ ਆ ਗਿਆ, ਪਰ ਵਿੱਚ ਕੱਖ ਨਹੀਂ ਹੁੰਦਾ। ਇਸ ਤਰ੍ਹਾਂ ਇਹ ਚੀਜ਼ਾਂ ਮਾੜੀਆਂ ਵੀ ਨੇ। ਅਨਅਧਿਕਾਰੀ ਇਹ ਅਧਿਕਾਰ ਲੈ ਕੇ ਦੁਨੀਆਂ ਨੂੰ ਲੁੱਟਦੇ ਨੇ, ਸੰਤ ਕਹਾਉਂਦੇ ਨੇ, ਕੋਈ ਪ੍ਰਚਾਰਕ ਕਹਾਉਂਦਾ ਹੈ, ਕੋਈ ਕੁਛ ਕਹਾਉਂਦਾ ਹੈ, ਰਾਗੀਆਂ ਦਾ ਅਜੇ ਫੇਰ ਔਖਾ ਹੈ ਰਾਗ ਵਗੈਰਾ

ਸਿੱਖਣੇ, ਆਹ ਸਾਡੇ ਵਾਲਾ ਕੰਮ ਤਾਂ ਸਿੱਧਾ ਹੀ ਹੈ। ਦੋ ਉਂਗਲਾਂ ਰੱਖੀਆਂ, ਚਲੇ ਜਾਓ ਬਾਹਰਲੇ ਮੁਲਕਾਂ 'ਚ ਡਾਲਰ ਹੀ ਡਾਲਰ, ਪੌਂਡ ਹੀ ਪੌਂਡ। ਉਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਕਿ ਇਹ ਕਮਾਈ ਵੀ ਹੈ ਕਿ ਉਤੋਂ-ਉਤੋਂ ਹੀ ਹੈ। ਸੋ ਇਹ ਨੁਕਸ ਪੈ ਜਾਂਦਾ ਹੈ। ਇਹ ਨੁਕਸ ਜਿਹੜਾ ਹੈ ਇਹ ਫੇਰ ਜੀਵਨ ਨਹੀਂ ਬਣਨ ਦਿੰਦਾ। ਵਾਹਵਾ-ਵਾਹਵਾ ਪਹਿਲਾਂ ਹੀ ਕੱਚੇ ਦੀ ਹੋਣ ਲੱਗ ਜਾਂਦੀ ਹੈ।

ਹੈਰਾਨ ਹੁੰਦੇ ਹਾਂ, ਅੱਖਰ-ਅੱਖਰ ਉਵੇਂ ਜਿਵੇਂ ਉਵੇਂ ਹੀ ਬੋਲ, ਉਵੇਂ ਹੀ ਸਭ ਕੁਛ, ਸੁਣਾਉਣਾ ਸ਼ੁਰੂ ਕਰ ਦਿੰਦੇ। ਸਮਝਦਾਰ ਤਾਂ ਕਹਿੰਦੇ ਨੇ ਕਿ ਇਹਨੇ ਘੋਟੇ ਲਾਏ ਹੋਏ ਨੇ। ਦੂਜਿਆਂ ਨੂੰ ਨਹੀਂ ਪਤਾ ਲਗਦਾ ਉਹ ਕਹਿਣਗੇ ਇਹ ਤਾਂ ਮਹਾਂਵਿਦਵਾਨ ਆ ਗਿਆ। ਇੱਥੇ ਹੀ ਬੱਸ ਨਹੀਂ ਉਹਨੂੰ ਆਪਣੀ ਵਿਦਵਤਾ ਦੇ ਉਤੇ ਮਾਣ ਵੀ ਹੁੰਦਾ ਹੈ ਕਿ ਮੇਰਾ ਤਾਂ ਸਤਿਕਾਰ ਹੁੰਦਾ ਹੈ ਮੈਂ ਨੂੰ ਤਾਂ ਬਣ ਗਿਆ ਪੂਰਾ। ਉਹ ਨਾ ਓਧਰਲਾ ਰਹਿੰਦਾ ਹੈ ਨਾ ਏਧਰਲਾ ਰਹਿੰਦਾ ਹੈ। ਉਹਨੂੰ ਮਾਣ ਖਾ ਜਾਂਦਾ ਹੈ -

***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥***

***ਅੰਗ - 1372***

ਸੋ ਇਹ ਕੌਡਾ ਕਹਿਣ ਲੱਗਿਆ ਕਿ ਭਾਈ ਮਰਦਾਨਾ! ਮੈਂ ਬੜਾ ਵਿਦਵਾਨ ਹੋ ਗਿਆ। ਮਹਾਤਮਾ ਦੇ ਸਾਡੇ ਬਚਨ ਮੈਂ ਯਾਦ ਕਰ ਲਏ, ਜਦੋਂ ਮੈਂ ਕਥਾ ਕਰਦਾ ਸੀ ਸਭ ਅਸ਼-ਅਸ਼ ਕਰ ਉੱਠਦੇ ਸੀ ਤੇ ਮੇਰੇ ਮਨ ਦੇ ਵਿੱਚ ਐਨਾ ਅਭਿਮਾਨ ਆ ਗਿਆ ਕਿ ਮੇਰੇ ਗੁਰੂ ਆਏ, ਸਾਰੇ ਖੜ੍ਹੇ ਹੋ ਗਏ, ਮੈਂ ਨਾ ਹੋਇਆ, ਮੈਂ ਆਰਾਮ ਨਾਲ ਬੈਠਾ ਰਿਹਾ ਕਿ ਇਹ ਕਿਹੜਾ ਮੇਰੇ ਤੋਂ ਜ਼ਿਆਦਾ ਜਾਣਦਾ ਹੈ, ਉਸ ਤਰ੍ਹਾਂ ਤਾਂ ਮੈਂ ਇਸ ਤੋਂ ਜ਼ਿਆਦਾ ਜਾਣਦਾ ਹਾਂ। ਕਹਿੰਦੇ, ਉਨ੍ਹਾਂ ਨੇ ਮੈਨੂੰ ਸ਼ਰਾਫ ਦੇ ਦਿੱਤਾ। ਕਹਿੰਦਾ, ਜਾ ਓਏ ਰਾਖਸ਼ ਬਣ, ਤੇਰੀ ਵਿਦਿਆ ਤੈਨੂੰ ਭੁੱਲ ਜਾਵੇ ਸਾਰੀ, ਜਿੰਨੀ ਅਸੀਂ ਪੜ੍ਹਾਈ ਹੈ, ਤੂੰ ਆਦਮ ਖੋਰ ਬਣ। ਕਹਿੰਦਾ, ਮੈਂ ਚਰਨ ਫੜ ਲਏ ਕਿ ਮਹਾਰਾਜ ਮੇਰੇ ਤੋਂ ਭੁੱਲ ਹੋ ਗਈ। ਮੈਂ ਇੱਕ ਦਮ ਸਮਝ ਪੈ ਗਈ ਕਿ ਮੈਂ ਅਭਿਮਾਨ ਕੀਤਾ ਹੈ ਤੇ ਅਭਿਮਾਨ ਕਰਨਾ ਹੀ ਨਾ ਗੁਰੂ ਨੂੰ ਭਾਉਂਦਾ ਹੈ ਨਾ ਪ੍ਰਮੇਸ਼ਰ ਨੂੰ ਭਾਉਂਦਾ ਹੈ -

***ਧਾਰਨਾ - ਤੇਰਾ ਮਾਣ ਨਾ ਗੁਰਾਂ ਨੂੰ ਭਾਵੇ,***
***ਹਾਕਾਂ ਮਾਰ ਵੇਦ ਦਸਦੇ।***

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***

***ਅੰਗ - 1089***

ਕੂਕਾਂ ਮਾਰ-ਮਾਰ ਕੇ ਮਹਾਰਾਜ ਕਹਿੰਦੇ ਦਸਦੇ ਨੇ, ਕਹਿਣ ਲੱਗੇ, ਮਹਾਰਾਜ! ਮੈਂ ਖੜ੍ਹਾ ਨਾ ਹੋਇਆ, ਮੇਰੇ ਗੁਰੂ ਨੇ ਸਰਾਪ ਦੇ ਦਿੱਤਾ ਕਿ ਜਾਹ, ਰਾਖਸ਼ ਹੋ, ਤੈਨੂੰ ਸਾਰੀ ਵਿਦਿਆ ਭੁੱਲ ਜਾਏ। ਕੁਦਰਤੀ ਮੈਂ ਰਾਖਸ਼ਸ਼ ਹੋਣਾ ਸੀ। ਮੈਂ ਚਰਨ ਫੜ ਲਏ ਕਿ ਮਹਾਰਾਜ! ਹੁਣ ਮੈਂ ਰਾਖਸ਼ਸ਼ ਤਾਂ ਹੋ ਹੀ ਜਾਣਾ ਹੈ, ਮੇਰਾ ਕਿਤੇ ਉਧਾਰ ਵੀ ਹੋਏਗਾ, ਸਰਾਪ ਦਾ ਅੰਤ ਵੀ

ਹੋਏਗਾ ਤੁਹਾਡੇ ਦਾ। ਕਿਉਂਕਿ ਜਿਹੜਾ ਤੁਹਾਡਾ ਬੋਲ ਹੈ, ਇਹ ਤਾਂ ਕੋਈ ਦੁਨੀਆਂ ਦੀ ਤਾਕਤ ਨਹੀਂ ਜਿਹੜਾ ਇਹਨੂੰ ਮਿਟਾ ਦੇਵੇ। ਕਿਉਂਕਿ ਗੁਰੂ ਮਹਾਰਾਜ ਐਸਾ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਪ੍ਰਭ ਜੀ ਦਾ ਵਾਸਾ ਹੈ,***
***ਸੰਤਾਂ ਦੀ ਰਸਨਾ ਉਤੇ।***

ਬਚਨ ਤਾਂ ਤੁਹਾਡਾ ਟਲਣਾ ਨਹੀਂ ਹੁਣ, ਇਹ ਤਾਂ ਹੋਣਾ ਹੀ ਹੋਣਾ ਹੈ। ਮਹਾਰਾਜ! ਕੋਈ ਸਾਧਨ ਵੀ ਦੱਸੋ, ਏਸ ਭੁੱਲ ਦਾ ਮੈਨੂੰ ਕਦੋਂ ਤੱਕ ਦੋਖ ਰਹੇਗਾ ਤੇ ਕਦੋਂ ਆਪ ਦੇ ਬਚਨ ਦਾ ਸਰਾਪ ਅੰਤ ਹੋਏਗਾ। ਕਿਉਂਕਿ ਸਰਾਪ ਦਾ ਅੰਤ ਹੋਇਆ ਕਰਦਾ ਹੈ। ਉਹ ਵੀ ਮਹਾਤਮਾ ਕ੍ਰਿਪਾ ਕਰਨ।

ਕਹਿਣ ਲੱਗੇ, ਕੌਡੇ! ਗੁਰੂ ਨਾਨਕ ਆਉਣਗੇ ਇੱਥੇ, ਕਲਜੁਗ ਦੇ ਵਿੱਚ ਪ੍ਰਮੇਸ਼ਰ ਰੂਪ ਹੋ ਕੇ, ਗੁਰੂ ਰੂਪ ਹੋ ਕੇ ਸੰਸਾਰ ਨੂੰ ਉਧਾਰਣ ਵਾਸਤੇ। ਓਨੀਂ ਦੇਰ ਤੱਕ ਇਹ ਤੇਰੀ ਬੁੱਧੀ ਰਹੇਗੀ। ਉਨ੍ਹਾਂ ਦੇ ਜਦੋਂ ਤੂੰ ਦਰਸ਼ਨ ਕਰੇਂਗਾ ਤੇਰੇ ਸਰਾਪ ਦਾ ਅੰਤ ਹੋ ਜਾਏਗਾ। ਕਹਿਣ ਲੱਗੇ, ਮਹਾਰਾਜ! ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਰਾਖਸ਼ਸ਼ ਬੁੱਧੀ ਵਾਲਾ ਬੰਦੇ ਫੜ-ਫੜ ਖਾਵਾਂਗਾ ਤੁਹਾਡੇ ਹੁਕਮ ਦੇ ਮੁਤਾਬਿਕ। ਕੀ ਪਤਾ ਮੈਂ ਉਨ੍ਹਾਂ ਦੀ ਬੇਅਦਬੀ ਕਰ ਬੈਠਾਂ। ਕਹਿੰਦੇ, ਲੈ ਤੈਨੂੰ ਅਸੀਂ ਇੱਕ ਸ਼ੀਸ਼ਾ ਦਿੰਦੇ ਹਾਂ, ਹਰ ਬੰਦੇ ਨੂੰ ਖਾਣ ਤੋਂ ਪਹਿਲਾਂ ਏਸ ਸ਼ੀਸ਼ੇ 'ਚ ਦੇਖੀਂ। ਉਹਦਾ ਜੋ ਅਸਲਾ ਹੈ ਉਹ ਤੈਨੂੰ ਨਜ਼ਰ ਆਏਗਾ।

ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਤੈਨੂੰ ਵੀ ਸ਼ੀਸ਼ੇ 'ਚ ਦੇਖਿਆ ਸੀ। ਉਸ ਵੇਲੇ ਤੂੰ ਮਨੁੱਖ ਨਹੀਂ ਸੀ ਦਿਸਿਆ ਕਿਉਂਕਿ ਗੁਰੂ ਤੋਂ ਬੇਮੁਖ ਹੋ ਆਇਆ ਸੀ। ਮੈਨੂੰ ਤੂੰ ਪਸ਼ੂ ਹੀ ਲੱਗਿਆ, ਏਸ ਕਰਕੇ ਮੈਨੂੰ ਦੋਸ਼ ਨਹੀਂ ਮੈਂ ਪਸ਼ੂ ਖਾ ਰਿਹਾ ਸੀ। ਪਰ ਮੈਂ ਜਦ ਸ਼ੀਸ਼ੇ ਵਿੱਚ ਗੁਰੂ ਨਾਨਕ ਦੇ ਦਰਸ਼ਨ ਕਰੇ ਮੇਰਾ ਸ਼ੀਸ਼ਾ ਨੂਰ ਨਾਲ ਜਗਮਗ-ਜਗਮਗ ਕਰਨ ਲੱਗ ਗਿਆ, ਜੋਤ ਹੀ ਜੋਤ ਉਹਦੇ ਵਿੱਚ ਗੁਰੂ ਨਾਨਕ ਨਜ਼ਰ ਆਏ। ਇਹ ਮੇਰੇ ਗੁਰੂ ਨੇ ਨਿਸ਼ਾਨੀ ਦੱਸੀ ਸੀ। ਸੋ ਹੁਣ ਮੇਰੇ 'ਤੇ ਕ੍ਰਿਪਾ ਇਨ੍ਹਾਂ ਨੇ ਕਰੀ, ਹੁਣ ਮੈਨੂੰ ਨਾਮ ਦਾਨ ਦੇ ਕੇ ਆਪਣੀ ਚਰਨ ਸ਼ਰਨ ਲਾ ਲਓ। ਉਸ ਵੇਲੇ ਮਹਾਰਾਜ ਕਹਿੰਦੇ, ਮਰਦਾਨਿਆਂ! ਪਹਿਲਾਂ ਸਿੱਖ ਬਣਾ ਇਹਨੂੰ ਤੂੰ। ਤੂੰ ਦੇਹ ਅੱਜ ਸਾਡੇ ਸਾਮ੍ਹਣੇ ਨਾਮ। ਮਰਦਾਨਾ ਗੁਰੂ ਬਣਾਇਆ ਉਹਦਾ।

ਅਸੀਂ ਤਾਂ ਕੱਟੜਵਾਦ 'ਚ ਹੋਰ ਹੀ ਗੱਲਾਂ ਕਰ ਲੈਂਦੇ ਹਾਂ, ਸਾਨੂੰ ਹੈ ਕਿ ਜੇ ਇਹ ਗੱਲ ਕਹਿ ਦਿੱਤੀ ਕਮਜ਼ੋਰੀ ਆ ਜਾਏਗੀ ਗੱਲ 'ਚ। ਮਹਾਰਾਜ ਤਾਂ ਸਿੱਖ ਨੂੰ ਕਹਿੰਦੇ ਨੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਹੁਣ ਨਾਮ ਤਾਂਹੀ ਜਪਾਏਗਾ ਜੇ ਨਾਮ ਦੀ ਸੋਝੀ ਦਏਗਾ, ਕਿਵੇਂ ਜਪਾ ਦਏਗਾ। ਗੁਰੂ ਨੇ ਸਮਰੱਥਾ ਦਿੱਤੀ ਹੋਈ ਹੈ ਸਿੱਖ ਨੂੰ, ਪਦਵੀ ਉਹਦੀ ਐਨੀ ਉੱਚੀ ਕਰ ਦਿੱਤੀ ਕਿ ਧੂੜ ਮੰਗਦੇ ਹਾਂ ਅਸੀਂ ਓਸ ਸਿੱਖ ਦੀ

ਜਿਹੜਾ ਆਪ ਵੀ ਨਾਮ ਜਪਦਾ ਹੈ ਤੇ ਸੰਸਾਰ ਨੂੰ ਵੀ ਜਪਾਉਂਦਾ ਹੈ। ਉਹ ਗੱਲ ਵੱਖਰੀ ਹੈ ਕਿ ਨਿਮਰਤਾ 'ਚ ਆਇਆ ਹੋਇਆ, ਉਹ ਮਰਿਯਾਦਾ ਦਾ ਪਾਲਣ ਕਰਦਾ ਹੈ। ਸੋ ਇਸ ਤਰ੍ਹਾਂ ਗੁਰੂ ਦੇ ਸਨਮੁੱਖ ਜੇ ਅਭਿਮਾਨ ਕਰੇ ਮੈਂ ਕੁਛ ਬਣ ਗਿਆ। ਜੇ ਦੂਜੀ ਬੋਲੀ 'ਚ ਬੋਲੀਏ ਤਾਂ ਇਹ ਹੈ ਕਿ ਉਹਦਾ ਬੇੜਾ ਹੀ ਗਰਕ ਹੋ ਜਾਂਦਾ ਹੈ। ਸਭ ਰੂਹਾਨੀਅਤ ਉਹਦੀ ਖਤਮ, ਕੀਤਾ ਹੋਇਆ ਤਪ ਖਤਮ। ਛੇ ਕਲਾ ਬੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਮੁੜ ਕੇ ਪਾਮਰ ਬਣ ਜਾਂਦਾ ਹੈ। ਬੁੱਧੀ ਨਸ਼ਟ, ਰੂਹਾਨੀਅਤ ਖਤਮ। ਸੋ ਇਸ ਤਰ੍ਹਾਂ ਅਜਾਮਲ ਦੇ ਮਨ 'ਚ ਆ ਗਿਆ ਕਿ ਮੇਰਾ ਗੁਰੂ ਮੇਰੇ 'ਤੇ ਵਿਸ਼ਵਾਸ਼ ਨਹੀਂ ਕਰਦਾ, ਮੈਨੂੰ ਦੁਨੀਆਂ ਮੰਨਦੀ ਹੈ, ਮੈਂ ਦਿਗਵਿਜਈ ਹਾਂ ਮੇਰੇ ਸਾਮ੍ਹਣੇ ਕੋਈ ਵਿਦਵਾਨ ਖੜ੍ਹਾ ਨਹੀਂ ਰਹਿ ਸਕਦਾ, ਐਸੇ ਅਰਥ ਮੈਂ ਕਰਨੇ ਜਾਣਦਾ ਹਾਂ। ਉਹ ਹੁਣ ਗੁਰੂ ਦੇ ਨਾਲੋਂ ਸਬੰਧ ਟੁੱਟਿਆ। ਜੋਗਾ ਸਿੰਘ ਦਾ ਵੀ ਇਸੇ ਤਰ੍ਹਾਂ ਟੁੱਟਿਆ ਸੀ ਕਿ ਮੈਂ ਤਾਂ ਬੜੀ ਭਾਰੀ ਕੁਰਬਾਨੀ ਕਰੀ ਹੈ। ਕੋਈ ਨਹੀਂ ਕਰ ਸਕਦਾ ਇਹ ਕੁਰਬਾਨੀ। ਜਿਸ ਵਕਤ ਹਉਂ ਦਾ ਲੇਸ ਆ ਜਾਵੇ, ਉਹ ਇੱਕ ਪੜਦਾ ਆ ਜਾਂਦਾ ਹੈ, ਗੁਰੂ ਦੀ ਜਿਹੜੀ ਸਿੱਧੀ ਕ੍ਰਿਪਾ ਆ ਰਹੀ ਹੈ, ਉਹ ਕਿਰਨ ਕ੍ਰਿਪਾ ਦੀ ਜਿਹੜੀ ਆ ਰਹੀ ਹੈ ਉਹਨੂੰ ਤੋੜ ਦਿੰਦਾ ਹੈ। ਉਹਦੇ ਵਿੱਚ ਬੁਰੇ ਪ੍ਰਭਾਵ ਕਾਰਨ ਕਰੰਟ ਪਾਸ ਨਹੀਂ ਜੇ ਹੁੰਦੀ। ਜਿਵੇਂ ਗੱਡੀ ਦੀ ਕਰੰਟ ਪਾਸ ਨਹੀਂ ਹੁੰਦੀ ਜੇ ਦਸਿ-ਟਰਬ੍ਰਿਊਟਰ 'ਚ ਕੋਈ ਜੰਮਿਆ ਹੋਵੇ ਕਾਰਬਨ ਵਗੈਰਾ। ਇਵੇਂ ਜਿਵੇਂ ਗੁਰੂ ਦੀ ਰਹਿਮਤ ਸਿੱਖ ਦੇ ਕੋਲ ਪਹੁੰਚਦੀ ਨਹੀਂ। ਜੇ ਸਿੱਖ ਦੇ ਮਨ ਦੇ ਅੰਦਰ ਮੈਂ ਦਾ, ਅਭਿਮਾਨ ਦਾ ਪੜਦਾ ਆ ਜਾਵੇ। ਉਥੇ ਫੇਰ ਆ ਜਾਂਦਾ ਹੈ ਸਿੱਖ। ਫੇਰ ਬੇਦਾਵੇ ਵੀ ਦੇ ਦਿੰਦਾ ਹੈ, ਗੁਰੂ ਦੇ ਖਿਲਾਫ ਗੱਲਾਂ ਵੀ ਕਰਦਾ ਹੈ। ਗੁਰੂ ਦੀ ਨਿੰਦਿਆ ਵੀ ਕਰਦਾ ਹੈ, ਕਿਉਂਕਿ ਬੁੱਧੀ ਭ੍ਰਿਸ਼ਟ ਹੋ ਗਈ ਉਹਦੀ। ਬੁੱਧੀ ਭ੍ਰਿਸ਼ਟ ਹੋਈ ਕਹਿੰਦਾ ਦੇਖਾਂ ਤਾਂ ਸਹੀ ਮੇਰੇ 'ਤੇ ਕੀ ਅਸਰ ਹੁੰਦਾ ਹੈ। ਪਹਿਲਾ ਦਿਨ ਲੰਘ ਗਿਆ, ਇੱਕ ਬਹੁਤ ਸੁੰਦਰ ਵੇਸਵਾ ਦੇਖੀ ਦੂਸਰੇ ਦਿਨ ਉਥੇ ਜਾ ਕੇ ਖੜ੍ਹ ਗਿਆ ਉਹ ਵੀ ਦੇਖ ਰਹੀ ਹੈ, ਉਹਨੇ ਵੀ ਇਸ਼ਾਰਾ ਕਰਕੇ ਬੁਲਾ ਲਿਆ, ਕਹਿੰਦਾ ਮੈਂ ਵੇਦ ਸ਼ਾਸਤਰ ਪੜ੍ਹੇ ਹੋਏ ਨੇ, ਨੇੜੇ ਜਾਣ ਦਾ ਕੀ ਦੋਸ਼ ਹੈ। ਬ੍ਰਹਮਚਰੀਆ 'ਚ ਅੱਠ ਬੰਧਨ ਹੁੰਦੇ ਨੇ, ਜੇ ਤਾਂ ਰੱਖ ਲਏ, ਰੱਖ ਲਏ ਨਹੀਂ ਤਾਂ ਗਿਰ ਹੀ ਜਾਂਦਾ ਆਦਮੀ, ਜੇ ਤੋਲਦਾ ਤੁਰਿਆ ਜਾਵੇ। ਅਖੀਰ ਇਹ ਹੋਇਆ –

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥***

***ਅੰਗ – 643***

ਪਤਿਤ ਹੋ ਗਿਆ, ਮਾਂ-ਬਾਪ ਨੇ ਰੋਕਿਆ, ਗੁਰੂ ਨੇ ਆਸ਼ਰਮ 'ਚੋਂ ਕੱਢ ਦਿੱਤਾ ਕਿ ਤੇਰੇ ਵਰਗਿਆਂ ਦਾ ਆਸ਼ਰਮ 'ਚ ਨਹੀਂ ਥਾਉਂ ਹੁੰਦਾ। ਮਾਂ-ਬਾਪ ਨੇ ਸਮਝਾਇਆ, ਰੌਲਾ ਪੈ ਗਿਆ, ਰਾਜੇ ਨੂੰ ਪੈ ਗਿਆ ਨਗਰ ਦੇ ਨੂੰ, ਉਹਨੇ ਮਾਂ-ਬਾਪ ਬੁਲਾਏ, ਉਹ ਕਹਿੰਦੇ ਅਸੀਂ ਤਾਂ ਜੀ ਬੇਦਾਵਾ ਦੇ ਦਿੱਤਾ, ਕਹਿੰਦੇ ਇਹਨੂੰ ਨਗਰ 'ਚੋਂ ਬਾਹਰ ਕੱਢ ਦਿਓ। ਉਹਨੇ ਆ ਕੇ ਉਸ ਵੇਸਵਾ ਨੂੰ ਕਿਹਾ, ਉਹ ਕਹਿੰਦੀ ਦੇਖ ਅਸੀਂ ਤਾਂ ਪੈਸੇ ਦੀਆਂ ਪੁਜਾਰਨਾਂ

ਹੁੰਦੀਆਂ ਹਾਂ, ਪਰ ਤੈਨੂੰ ਕਿਉਂਕਿ ਬਹੁਤ ਵੱਡੀ ਸਜ਼ਾ ਮਿਲੀ ਹੈ, ਮੈਂ ਵੀ ਤੇਰੇ ਨਾਲ ਹੀ ਤੁਰਦੀ ਹਾਂ। ਜੰਗਲ 'ਚ ਆ ਕੇ ਰਹਿਣ ਲੱਗ ਗਏ। ਉਥੇ ਛੇ ਪੁੱਤਰ ਹੋ ਗਏ, ਹੁਣ ਰੌਲਾ ਪੈ ਗਿਆ, ਰੋਟੀ ਖਾਣ ਨੂੰ ਨਹੀਂ, ਕੱਪੜਾ ਪਹਿਨਣ ਨੂੰ ਨਹੀਂ। ਅਖੀਰ ਮਨ 'ਚ ਆਇਆ ਕਿ ਮੈਂ ਖੁਦਕਸ਼ੀ ਕਰ ਲਵਾਂ। ਜਿਹੜੇ ਡਰਪੋਕ ਬੰਦੇ ਹੁੰਦੇ ਨੇ ਹਾਰੇ ਹੋਏ, ਉਹ ਖੁਦਕਸ਼ੀ ਕਰਿਆ ਕਰਦੇ ਨੇ। ਸਜ਼ਾ ਇਹਦੀ ਇਹ ਹੈ ਕਿ ਕਲਪ ਪਰਿਯੰਤ ਮਨੁੱਖਾ ਜਨਮ ਉਨ੍ਹਾਂ ਨੂੰ ਦੁਬਾਰਾ ਨਹੀਂ ਮਿਲਿਆ ਕਰਦਾ। ਭਟਕਦੇ ਫਿਰੀ ਜਾਂਦੇ ਨੇ।

ਉਹ ਜਾਂਦੇ ਨੂੰ ਮਹਾਤਮਾ ਦੇ ਦਰਸ਼ਨ ਦਾ ਫਲ ਮਿਲਣਾ ਸੀ। ਮਹਾਂਪੁਰਸ਼ ਆ ਰਹੇ ਨੇ, ਇਹ ਵੀ ਵੱਡਾ ਹੋ ਚੁੱਕਿਆ, ਉਹ ਵੀ ਬਿਰਧ ਹੋ ਚੁੱਕੇ ਨੇ, ਕਹਿਣ ਲੱਗਿਆ, ਬਈ ਚਲੋ, ਸੰਤਾਂ ਦੇ ਦਰਸ਼ਨ ਕਰੀਏ, ਦਰਸ਼ਨ ਕਰਦੇ ਸਾਰ ਇੱਕ ਰੋਸ਼ਨੀ ਦੀ ਕਿਰਨ ਆ ਗਈ ਅੰਦਰ। ਉਹਨੇ ਕਿਹਾ ਚਲੋ ਮਰਨਾ ਤਾਂ ਹੈ ਆਪਾਂ ਨਮਸ਼ਕਾਰ ਕਰ ਚੱਲੀਏ। ਮਹਾਤਮਾ ਦਰਸ਼ਨ ਫਲ ਦਿੰਦੇ ਨੇ ਸਾਧਸੰਗਤ ਜੀ! ਬਚਾਉਂਦੇ ਨੇ।

ਇੱਕ ਵਾਰੀ ਬਾਬਾ ਸਾਵਣ ਸਿੰਘ ਜੀ, ਬਿਆਸਾ ਦਰਿਆ ਦੇ ਕੰਢੇ ਬੈਠੇ ਸੀ ਆਪਣੀ ਮੌਜ 'ਚ। ਇੱਕ ਬੀਬੀ ਆਈ, ਪੜ੍ਹੀ ਲਿਖੀ ਸਾੜ੍ਹੀ ਵਗੈਰਾ ਲਾਈ ਹੋਈ ਹੈ। ਸੋਹਣੀ ਹੈ, ਅਮੀਰ ਘਰ ਦੀ ਲੜਕੀ ਹੈ। ਉਹ ਦਰਿਆ ਵਲ ਨੂੰ ਤੁਰੀ ਜਾਂਦੀ ਹੈ, ਉਹਨੇ ਕਿਹਾ ਕਿ ਮਹਾਤਮਾ ਅੱਜ ਇਕੱਲੇ ਹੀ ਬੈਠੇ ਨੇ, ਸੇਵਾਦਾਰ ਦੂਰ ਸੀ ਕਹਿਣ ਲੱਗੀ ਕਿ ਮਰ ਤਾਂ ਮੈਂ ਜਾਣਾ ਹੀ ਹੈ, ਹੁਣ ਨਮਸ਼ਕਾਰ ਹੀ ਕਰ ਲਈਏ। ਉਹ ਨਮਸ਼ਕਾਰ ਕਰਨ ਆ ਗਈ। ਮਹਾਂਪੁਰਸ਼ਾਂ ਨੇ ਪੁੱਛਿਆ ਬੇਟੀ! ਇੱਕ ਤਾਂ ਕੁਵੇਲਾ ਹੈ, ਐਸ ਵੇਲੇ ਇੱਥੇ ਕੋਈ ਆਉਂਦਾ ਨਹੀਂ, ਦਰਿਆ ਡੂੰਘਾ ਚਲਦਾ ਹੈ ਪੂਰਾ, ਐਨੀ ਉਚਾਈ ਤੋਂ ਉਤਰ ਕੇ ਆਈ ਹੈਂ। ਫੇਰ ਤੇਰਾ ਕੋਈ ਮਨੋਰਥ ਨਜ਼ਰ ਨਹੀਂ ਆਉਂਦਾ। ਤੇਰੇ ਕੋਲ ਕੋਈ ਬਰਤਨ ਨਹੀਂ ਹੈ ਕਿ ਪਾਣੀ ਲੈਣ ਆਈ ਹੈਂ। ਕਿਸ ਮਨੋਰਥ ਨਾਲ ਤੂੰ ਦਰਿਆ ਵਲ ਨੂੰ ਜਾ ਰਹੀ ਹੈਂ।

ਕਹਿਣ ਲੱਗੀ, ਬਾਬਾ ਜੀ! ਮੈਂ ਤੁਹਾਡੇ ਕੋਲ ਕੀ ਲਕੋਅ ਰੱਖਣਾ ਹੈ, ਮੈਂ ਤਾਂ ਦਰਿਆ 'ਚ ਛਾਲ ਮਾਰਨ ਜਾ ਰਹੀ ਹਾਂ। ਕਹਿੰਦੇ ਕਿਉਂ?

ਮੇਰੇ ਪਤੀ ਨਾਲ ਮੇਰਾ ਜੋੜ ਨਹੀਂ ਬਣਦਾ। ਬਹੁਤ ਕੱਬਾ ਹੈ, ਗਾਲ੍ਹਾਂ ਕੱਢਦਾ ਹੈ, ਮਾਰਨ ਤੱਕ ਵੀ ਜਾਂਦਾ ਹੈ।

ਬੱਚੇ ਹੈਗੇ?

ਕਹਿੰਦੀ, ਹਾਂ ਬੱਚੇ ਹੈਗੇ।

ਕੰਮ ਕੀ ਕਰਦਾ ਹੈ?

ਕਹਿੰਦੀ ਬੜਾ ਸੋਹਣਾ ਆਫੀਸਰ ਹੈ। ਮੈਂ ਵੀ ਨੌਕਰੀ ਕਰਦੀ ਹਾਂ।

ਕਹਿੰਦੇ, ਬੇਟਾ! ਮੈਂ ਹਟਾਉਣਾ ਤਾਂ ਹੈ ਨਹੀਂ ਤੈਨੂੰ। ਪਰ ਇੱਕ ਗੱਲ ਮੇਰੀ ਸੁਣ ਲੈ। ਕਿੰਨੀ ਉਮਰ ਹੋ ਗਈ ਤੇਰੀ?

ਕਹਿੰਦੀ, 45 ਸਾਲ ਦੀ।

ਕਹਿੰਦੇ, ਹੁਣ ਅਗਾਂਹਾਂ ਦਾ ਪਤਾ ਨਹੀਂ ਤੂੰ ਪਹਿਲਾਂ ਜਾਣਾ ਹੈ, ਜਾਂ ਉਹਨੇ ਜਾਣਾ ਹੈ। ਇਹ ਤੇਰਾ ਕਰਮ ਹੈ ਜਿਹੜਾ ਤੂੰ ਭੋਗ ਰਹੀ ਹੈਂ। ਇਹ ਐਵੇਂ ਨਹੀਂ ਹੋ ਰਿਹਾ ਤੁਹਾਡਾ ਜਿਹੜਾ ਕੁ-ਜੋੜ ਹੈ ਤੁਹਾਡੇ ਪਿਛਲੇ ਜਨਮਾਂ ਦੇ ਕੀਤੇ ਹੋਏ ਕਰਮਾਂ ਦਾ ਫਲ ਮਿਲ ਰਿਹਾ ਹੈ। ਬਈ 45 ਸਾਲ ਤਾਂ ਤੂੰ ਭੋਗ ਲਏ। ਵਿਆਹ 18-20 ਸਾਲ ਦੀ ਦਾ ਹੋ ਗਿਆ ਹੋਣਾ। 27-28 ਸਾਲ ਲੰਘ ਗਏ ਹੁਣ ਅਗਾਂਹਾਂ ਕਿੰਨਾ ਕੁ ਹੈ। ਦੇਖ, ਇੱਕ ਗੱਲ ਜੋ ਮਹਾਤਮਾ ਦੀ ਸਤਿ ਹੁੰਦੀ ਹੈ, ਉਹ ਇਹ ਹੈ ਕਿ ਜਿਹੜੇ ਬਾਕੀ ਸਾਲ ਰਹਿ ਗਏ ਨਾ ਤੇਰੇ ਇਹਦੇ ਨਾਲ ਭੋਗਣ ਲਈ, ਉਹ ਤੂੰ ਦੁਬਾਰਾ ਫੇਰ ਜਨਮ ਲਏਂਗੀ, ਫੇਰ ਵੀ ਭੋਗਣੇ ਪੈਣੇ ਨੇ। ਅਸੀਂ ਤਾਂ ਤੈਨੂੰ ਸਲਾਹ ਦਿੰਦੇ ਹਾਂ ਕਿ ਔਖੀ-ਸੌਖੀ ਜਿੱਥੇ ਐਨੇ ਸਾਲ ਕੱਢ ਲਏ ਇਹ ਵੀ ਕੱਢ ਲੈ। ਸੋਚਣ ਲੱਗ ਗਈ, ਦਰਿਆ ਕੋਲ ਹੌਲੀ-ਹੌਲੀ ਤੁਰੀ ਜਾਂਦੀ ਹੈ, ਹੁਣ ਕਾਹਲੀ ਹਟ ਗਈ। ਕੰਢੇ 'ਤੇ ਜਾ ਕੇ ਬਹਿ ਗਈ। ਵਾਪਸ ਆ ਗਈ, ਆ ਕੇ ਮੱਥਾ ਟੇਕ ਦਿੱਤਾ। ਕਹਿੰਦੇ, ਕਿਉਂ ਬੇਟਾ?

ਕਹਿਣ ਲੱਗੀ, ਬਾਬਾ ਜੀ! ਪਤਾ ਨਹੀਂ ਤਾਂ ਤੁਹਾਡੇ ਦਰਸ਼ਨਾਂ ਦਾ ਮੈਨੂੰ ਫਲ ਮਿਲ ਗਿਆ। ਮੇਰੀ ਅਕਲ 'ਤੇ ਜਿਹੜਾ ਹਨ੍ਹੇਰਾ ਛਾਇਆ ਹੋਇਆ ਸੀ, ਚਾਨਣਾ ਆ ਗਿਆ।

ਕਹਿੰਦੀ, ਮੈਂ ਕਿਹਾ ਮਨਾਂ! ਰੌਲਾ ਸਾਰਾ ਸਾਡਾ ਅਭਿਮਾਨ ਕਰਕੇ ਹੈ, ਮੈਂ ਆਪਣੇ ਆਪ ਨੂੰ ਖਿੱਚਦੀ ਹਾਂ, ਉਹ ਆਪਣੇ ਆਪ ਨੂੰ ਖਿੱਚਦਾ ਹੈ ਸਾਡਾ ਅਜੋੜ ਹੈ। ਜੇ ਅਸੀਂ ਪਿਆਰ ਨਾਲ ਜ਼ਿੰਦਗੀ ਬਤੀਤ ਕਰੀਏ, ਸਾਡਾ ਸਮਾਂ ਲੰਘ ਸਕਦਾ ਹੈ ਚੰਗਾ ਤੇ ਹੁਣ ਬਾਬਾ ਜੀ! ਮੈਂ ਕੋਸ਼ਿਸ਼ ਕਰਾਂਗੀ, ਇਹ ਜਿਹੜਾ ਮੇਰੇ ਮਨ ਵਿੱਚ ਐਵੇਂ ਝੂਠਾ ਅਭਿਮਾਨ ਹੈ, ਇਹ ਛੱਡ ਕੇ ਮੈਂ ਪਿਆਰ ਕਰਕੇ ਆਪਣਾ ਜੀਵਨ ਨਿਭਾਉਣ ਦਾ ਯਤਨ ਕਰਾਂਗੀ।

ਸੋ ਇਹ ਮਹਾਤਮਾ ਦੇ ਦਰਸ਼ਨ ਦਾ ਫਲ ਹੋਇਆ।

ਅਜਾਮਲ ਨੂੰ ਮਹਾਤਮਾ ਨਜ਼ਰ ਆ ਗਏ, ਕਹਿੰਦਾ, ਨਮਸ਼ਕਾਰ ਕਰ ਲਈਏ। ਦੇਖਦੇ ਸਾਰ ਅਸਰ ਹੋ ਜਾਂਦਾ ਹੈ, ਮਹਾਤਮਾ, ਪੁੰਨ ਕਰਮ ਬਣ ਜਾਂਦੇ ਨੇ, ਪਾਪ ਕਰਮ ਲਾਂਭੇ ਹੋ ਜਾਂਦੇ ਨੇ, ਨੱਠ ਜਾਂਦੇ ਨੇ ਪਾਪ। ਜਦੋਂ ਨਮਸ਼ਕਾਰ ਕਰੀ, ਰੋਂਦਾ ਹੈ। ਪਛਾਣ ਗਿਆ ਕਿ ਇਹ ਤਾਂ ਮੇਰਾ ਹੀ ਗੁਰੂ ਹੈ, ਇਹਦੇ ਨਾਲੋਂ ਮੈਂ ਵਿਛੜਿਆ ਸੀ ਅਭਿਮਾਨ ਕਰਕੇ। ਕੀ ਹਾਲ ਹੋਇਆ ਮੇਰਾ ਹੁਣ। ਮੈਨੂੰ ਵਰਜਿਆ ਸੀ, ਮੈਂ ਕਹਿੰਦਾ ਸੀ ਮੇਰੇ ਵਰਗਾ ਦੁਨੀਆਂ 'ਚ ਵਿਦਵਾਨ ਕੋਈ ਨਹੀਂ ਹੈ। ਇਹ ਮੇਰਾ ਗੁਰੂ ਮੇਰੇ 'ਤੇ ਕਿਉਂ ਸ਼ੱਕ ਕਰੀ ਜਾਂਦਾ ਹੈ। ਸੋ ਮਹਾਤਮਾ ਉਹ ਆ ਗਏ, ਇਹ ਰੋਣ ਲੱਗ ਗਿਆ। ਮਹਾਤਮਾ ਝੁਕੇ, ਝੁਕ ਕੇ ਮੋਢੇ ਤੋਂ ਫੜਿਆ ਤੇ ਉਠਾਲ ਲਿਆ। ਕਹਿੰਦੇ, ਬੇਟਾ! ਇਹ ਕੀ ਹਾਲ ਹੈ ਤੇਰਾ? ਬਾਬਰੀਆਂ ਤੇਰੀਆਂ ਖਿੰਡੀਆਂ ਹੋਈਆਂ ਨੇ, ਬੁਰਾ ਤੇਰਾ ਹਾਲ ਹੋਇਆ-ਹੋਇਆ ਹੈ, ਝੁਰੜੀਆਂ ਪੈਂਦੀਆਂ ਨੇ।

ਅਸੀਂ ਪਛਾਣਦੇ ਹਾਂ ਕਿ ਕਿਤੇ ਤੂੰ ਅਜਾਮਲ ਤਾਂ ਨਹੀਂ ਕਿਤੇ? ਕਹਿੰਦਾ, ਹਾਂ ਮਹਾਰਾਜ। ਹੁਣ ਮੈਂ ਪੰਡਤ ਅਜਾਮਲ ਨਹੀਂ ਹਾਂ। ਮੈਂ ਪਤਿਤ ਅਜਾਮਲ ਹਾਂ, ਮੈਨੂੰ ਸਾਰੀ ਦੁਨੀਆਂ ਪਤਿਤ ਕਹਿੰਦੀ ਹੈ।

ਕੀ ਕਰਦਾ ਹੈ?

ਕਹਿੰਦਾ, ਮਹਾਰਾਜ! ਮੈਂ ਖੁਦਕਸ਼ੀ ਕਰਨ ਜਾ ਰਿਹਾ ਹਾਂ। ਨਦੀ 'ਚ ਛਾਲ ਮਾਰ ਕੇ ਆਤਮ ਹੱਤਿਆ ਕਰਨੀ ਚਾਹੁੰਦਾ ਹਾਂ। ਕਹਿੰਦੇ ਅਜਾਮਲ! ਫੇਰ 'ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।' ਇਹ ਬਕਾਇਆ ਕਰਮ ਤੈਨੂੰ ਭੋਗਣੇ ਹੀ ਪੈਣੇ ਨੇ। ਇਹ ਨਾ ਕੰਮ ਕਰ। ਚੰਗਾ ਸਾਡਾ ਬਚਨ ਮੰਨ। ਤੇਰੇ ਇੱਕ ਪੁੱਤਰ ਹੋਰ ਹੋਣਾ ਹੈ, ਉਹਦਾ ਨਾਉਂ ਅਸੀਂ ਰੱਖਾਂਗੇ –

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਫਲ ਇਛੇ ਲਹਿਆ।***
***ਭਾਈ ਗੁਰਦਾਸ ਜੀ ਵਾਰ 10/20***

ਬੁੱਕਲ 'ਚ ਲਿਆ ਪੁੱਤਰ, ਲਿਜਾ ਕੇ ਮਹਾਂਪੁਰਸ਼ਾਂ ਦੇ ਚਰਨਾਂ 'ਚ ਰੱਖ ਦਿੱਤਾ। ਰੋਂਦਾ ਹੈ, ਮਹਾਰਾਜ! ਮੈਂ ਪਤਿਤ ਅਜਾਮਲ ਆ ਗਿਆ ਤੁਹਾਡੇ ਦਰਬਾਰ 'ਤੇ।

ਇਹ ਕੀ ਹੈ?

ਕਹਿੰਦਾ, ਇਹ ਮੇਰਾ ਫਲ ਹੈ ਪਾਪਾਂ ਦਾ, ਸੱਤਵਾਂ। ਮਹਾਤਮਾ ਕਹਿੰਦੇ, ਅਜਾਮਲ। ਪਤਿਤ ਨਾ ਕਹਿ ਆਪਣੇ ਆਪ ਨੂੰ ਕਿਉਂਕਿ ਜਿਹਦੇ ਪੁੰਨ ਕਰਮਾਂ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਵੇ, ਉਹਨੂੰ ਸੰਤਾਂ ਦੇ ਦਰਸ਼ਨ ਨਹੀਂ ਹੋਇਆਂ ਕਰਦੇ, ਕੋਲ ਰਹਿੰਦੇ ਹੋਏ ਵੀ। ਕਿਉਂਕਿ ਪੁੰਨ ਕਰਮ ਨਹੀਂ ਬਣਿਆ ਹੋਇਆ –

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- 95***

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – 642***

ਸਾਧੂ ਦੀ ਸੰਗਤ ਤੇ ਹਰੀ ਦਾ ਕੀਰਤਨ। ਗੁਰੂ ਨਾਨਕ ਸਾਹਿਬ ਨੂੰ ਸਾਰੇ ਹੀ ਦੇਖਦੇ ਸੀ, ਸਭ ਭਾਗਾਂ ਵਾਲੇ ਸੀ ਜਿਨ੍ਹਾਂ ਦਾ ਕੋਨਟਓਚਟ (ਸੰਪਰਕ) ਉਨ੍ਹਾਂ ਨਾਲ ਹੁੰਦਾ। ਇੱਟਾਂ-ਵੱਟੇ ਮਾਰਨ ਵਾਲੇ, ਕੁਰਾਹੀਆਂ ਕਹਿਣ ਵਾਲੇ, ਗੁਰੂ ਨਾਨਕ ਸਾਹਿਬ ਦੇ ਵਾਦ ਪਏ ਹੋਏ ਸੀ ਏਮਨਾਬਾਦ 'ਚ, ਮਰਦਾਨੇ ਨੂੰ ਧੱਕੇ ਮਾਰੇ, ਧੱਕੇ ਮਾਰ ਕੇ ਨਾਲੀ 'ਚ ਸੁੱਟ ਦਿੱਤਾ। ਮਰਦਾਨਾ ਲਿਬੜਿਆ ਹੋਇਆ ਓਵੇਂ ਹੀ ਗੁਰੂ ਸਾਹਿਬ ਕੋਲ ਆ ਗਿਆ। ਮਹਾਰਾਜ ਕਹਿੰਦੇ, ਮਰਦਾਨਿਆਂ! ਆਹ ਹਾਲ ਤੇਰਾ ਚਿੱਕੜ 'ਚ ਗਿਰ ਕੇ ਤੇਰਾ। ਕੀਹਨੇ ਗੇਰਿਆ ਤੈਨੂੰ ਚਿੱਕੜ 'ਚ। ਕਹਿੰਦਾ, ਮਹਾਰਾਜ! ਮੈਨੂੰ ਧੱਕਾ ਦੇ ਦਿੱਤਾ ਪਠਾਣਾਂ ਨੇ ਕਿ ਤੂੰ ਹਿੰਦੂ ਦਾ ਕੀਰਤਨੀਆਂ ਬਣਿਆ ਹੋਇਆ ਹੈਂ। ਮਹਾਰਾਜ

ਕਹਿੰਦੇ ਮਰਦਾਨਿਆਂ! ਰਬਾਬ ਸੁਰ ਕਰ, ਇਵੇਂ ਜਿਵੇਂ ਬਾਣੀ ਆ ਗਈ ਜ਼ੋਰ ਨਾਲ।

ਮਰਦਾਨਾ ਕਹਿਣ ਲੱਗਿਆ, ਮਹਾਰਾਜ! ਮੈਂ ਇਸ਼ਨਾਨ ਨਹੀਂ ਕਰਿਆ।

ਕਹਿੰਦੇ, ਨਹੀਂ ਐਸੇ ਤਰ੍ਹਾਂ ਰਬਾਬ ਸੁਰ ਕਰ। ਕਿਉਂਕਿ ਬਾਣੀ ਆ ਰਹੀ ਹੈ –

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ***
***ਜੋਰੀ ਮੰਗੈ ਦਾਨੁ ਵੇ ਲਾਲੋ ॥*** ***ਅੰਗ – 722***

ਮਹਾਰਾਜ ਨੇ ਇਹ ਸ਼ਬਦ ਤੇਰ੍ਹਾਂ ਸਾਲ ਪਹਿਲਾਂ ਉਚਾਰਿਆ –

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿਦੁਸਤਾਨੁ ਸਮਾਲਸੀ ਬੋਲਾ ॥*** ***ਅੰਗ – 723***

ਸੋ ਅਭਿਮਾਨ ਦੀ ਬਾਤ ਹੋਇਆ ਕਰਦੀ ਹੈ। ਅਭਿਮਾਨੀ ਪੁਰਸ਼ ਦੀ। ਸੋ ਦਰਸ਼ਨ ਨਹੀਂ ਹੁੰਦੇ, ਕੋਲ ਹੀ ਗੁਰੂ ਨਾਨਕ ਸਾਹਿਬ ਦੇ ਏਮਨਾਬਾਦ ਵਾਲੇ ਰਹਿੰਦੇ ਸੀ। ਕੁਰਾਹੀਆ ਕਹਿੰਦੇ ਸੀ, ਕਿਤੇ ਕੁਛ, ਕਿਤੇ ਮਰਦਾਨੇ ਨੂੰ ਧੱਕੇ ਮਾਰਦੇ ਸੀ। ਸਾਰਿਆਂ ਨੂੰ ਪਛਾਣ ਨਹੀਂ ਹੁੰਦੀ, ਹੁਣ ਤਾਂ ਜਗਤ ਤਾਰਕ ਅਸੀਂ ਕਹਿੰਦੇ ਹਾਂ। ਸਾਡੇ ਅਨੁਮਾਨ ਹੋਰ ਨੇ, ਉਸ ਵੇਲੇ ਦੇ ਬੰਦਿਆਂ ਦੇ ਅਨੁਮਾਨ ਹੋਰ ਸੀ। ਮਲਕ ਭਾਗੋ ਨੂੰ ਨਹੀਂ ਸੀ ਪਤਾ ਕਿ ਪ੍ਰਮੇਸ਼ਰ ਆਪ ਲਾਲੋ ਦੇ ਘਰ ਜਾ ਕੇ ਠਹਿਰਿਆ ਹੋਇਆ ਹੈ। ਕਿਸੇ ਸਾਧੂ ਸੰਤ ਨੂੰ ਨਹੀਂ ਸੀ ਪਤਾ, ਸਾਰਿਆਂ ਨੇ ਸ਼ਿਕਾਇਤਾਂ ਲਾਈਆਂ ਕਿ ਦੇਖੋ ਮਹਾਰਾਜ! ਖੱਤਰੀ ਹੋ ਕੇ ਉੱਚੇ ਵਰਣ ਦਾ ਹੋ ਕੇ ਸ਼ੂਦਰ ਦੇ ਘਰ ਰੋਟੀ ਖਾਂਦਾ ਹੈ। ਜੇ ਪਛਾਣ ਹੁੰਦੀ ਉਨ੍ਹਾਂ ਦੇ ਭਾਗ ਬਣੇ ਹੁੰਦੇ, ਤਾਂ ਪਤਾ ਨਾ ਹੁੰਦਾ ਕਿ ਗੁਰੂ ਨਾਨਕ ਸਾਹਿਬ ਨੇ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਬਿਨਾਂ ਭਾਗਾਂ ਤੋਂ ਸਾਧੂ ਨਹੀਂ ਮਿਲਿਆ ਕਰਦਾ। ਸਾਧੂ ਦੀ ਪਛਾਣ ਨਹੀਂ ਹੁੰਦੀ, ਉਹਦੇ ਨਾਲ ਸੰਪਰਕ ਨਹੀਂ ਜੁੜਿਆ ਕਰਦਾ ਕਦੇ ਵੀ। ਭਾਗਾਂ ਨਾਲ ਜੁੜਦਾ ਹੈ। ਸੋ ਉਹ ਮਹਾਤਮਾ ਕਹਿਣ ਲੱਗੇ, ਅਜਾਮਲ! ਪਤਿਤ ਨਾ ਕਹਿ ਆਪਣੇ ਆਪ ਨੂੰ। ਕਹਿਣ ਲੱਗਿਆ, ਮਹਾਰਾਜ! ਮੇਰੇ ਨਾਲੋਂ ਪਤਿਤ ਕੋਈ ਹੈ ਨਹੀਂ। ਕਹਿੰਦੇ, ਤੇਰੇ ਪੁੰਨ ਕਰਮ ਬਚੇ ਪਏ ਨੇ। ਜੇ ਤੇਰੇ ਪੁੰਨ ਕਰਮ ਨਾ ਬਚੇ ਹੁੰਦੇ, ਤੂੰ ਸਾਡੇ ਕੋਲ ਨਹੀਂ ਸੀ ਆ ਸਕਦਾ। ਤੇਰਾ ਸਾਡੇ ਨਾਲ ਮਿਲਾਪ ਨਹੀਂ ਸੀ ਹੋ ਸਕਦਾ। ਤੇਰੇ ਬਚੇ ਹੋਏ ਕਰਮਾਂ ਨੇ ਤੈਨੂੰ ਪਰੇਰ ਕੇ ਸਾਡੇ ਕੋਲ ਲਿਆਂਦਾ ਹੈ। ਕਹਿੰਦੇ, ਜਾਹ ਅਸੀਂ ਇਹਦਾ ਨਾਉਂ ਨਾਰਾਇਣ ਰੱਖਦੇ ਹਾਂ। ਹੁਣ ਤੂੰ ਆਪਣੇ ਪੁੱਤਰ ਦਾ ਨਾਉਂ ਲੈ ਕੇ ਨਰਾਇਣ-ਨਰਾਇਣ ਕਰੀ ਜਾਇਆ ਕਰ। ਕਰ ਲਏਂਗਾ? ਕਹਿੰਦਾ ਹਾਂ। ਕਹਿੰਦਾ ਮਹਾਰਾਜ! ਨਾਮ ਨਹੀਂ ਜਪ ਹੋਣਾ। ਕਹਿੰਦੇ, ਅਸੀਂ ਨਾਮ ਤੇਰੇ ਤੋਂ ਕੀ ਜਪਾਉਂਦੇ ਹਾਂ? ਅਸੀਂ ਤਾਂ ਤੈਨੂੰ ਕਹਿੰਦੇ ਹਾਂ ਕਿ ਪੁੱਤਰ ਦਾ ਨਾਉਂ ਲਈ ਜਾ। ਹੁਣ ਕਰਦੇ-ਕਰਦੇ ਸਮਾਂ ਬੀਤ ਗਿਆ, ਪਿਆਰ ਐਨਾ ਪੈ

ਗਿਆ। ਅੱਖਾਂ ਤੋਂ ਓਹਲੇ ਹੋਵੇ ਉਦੋਂ ਹੀ ਕਹੇ ਨਰਾਇਣ ਨਰਾਇਣ। ਹਾਕਾਂ ਮਾਰੀ ਜਾਇਆ ਕਰੇ। ਘਰਵਾਲੀ ਵੀ ਲੜੇ ਕਿ ਤੈਨੂੰ ਕੀ ਹੋ ਗਿਆ, ਪੁੱਤਰ ਤਾਂ ਹੋਰ ਵੀ ਹੈਗੇ, ਇਹਦਾ ਹੀ ਨਾਉਂ ਹਰ ਵਕਤ ਲਈਂ ਜਾਂਦਾ ਹੈਂ। ਜ਼ੁਬਾਨ 'ਤੇ ਚੜ੍ਹ ਗਿਆ ਨਰਾਇਣ।

ਹੁਣ ਅੰਤ ਕਾਲ ਆ ਗਿਆ। ਅਸਲੀ ਨਰਾਇਣ ਦਾ ਨਾਉਂ ਤਾਂ ਲੈਂਦਾ ਨਹੀਂ ਸੀ ਕਿ ਉਹਨੂੰ ਜਮਦੂਤ ਛੱਡ ਦਿੰਦੇ। ਉਸ ਵੇਲੇ ਜਮਦੂਤਾਂ ਦਾ ਦਲ ਆ ਗਿਆ ਲੈਣ ਵਾਸਤੇ ਕਿ ਮਹਾਂਪਾਪੀ ਨੂੰ ਲੈ ਕੇ ਆਓ।

***ਅੰਤਕਾਲ ਜਮਦੂਤ ਵੇਖਿ ਪੁਤ ਨਾਰਾਇਣੁ ਬੋਲੈ ਛਹਿਆ।***

***ਭਾਈ ਗੁਰਦਾਸ ਜੀ, ਵਾਰ 1/20***

ਡਰੇ ਹੋਏ ਨੇ ਆਵਾਜ਼ ਮਾਰ ਦਿੱਤੀ। ਸੋ ਮਹਾਰਾਜ ਕਹਿੰਦੇ ਆਵਾਜ਼ ਮਾਰਦੇ ਸਾਰ ਜਿਹੜੀ ਮੈਂ ਗੱਲ ਕਰਨੀ ਸੀ, ਐਨਾ ਲੰਮਾ ਚੌੜਾ ਬੋਲਿਆ ਉਹ ਗੱਲ ਫੇਰ ਸਮਝੋ ਭੁੱਲ ਚੁੱਕੀ ਹੈ ਸਾਰਿਆਂ ਨੂੰ। ਉਹ ਇਹ ਸੀ ਕਿ ਨਿਸ਼ਾਨਾ ਸਾਮ੍ਹਣੇ ਹੋਵੇ, ਥੋੜ੍ਹਾ ਜਿਹਾ ਨਾਮ ਜਪਿਆ ਹੋਇਆ ਹੀ ਉਧਾਰ ਹੋ ਜਾਂਦਾ ਹੈ। ਨਿਸ਼ਾਨਾ ਸਾਮ੍ਹਣੇ ਨਾ ਹੋਵੇ, ਮਾਲਾ ਤੇ ਮਾਲਾ ਘਸਾਈ ਜਾਓ, ਤੋੜ-ਤੋੜ ਕੇ ਸੁੱਟ ਦਿਓ, ਘਸਾ ਕੇ, ਹੋਰ ਵੱਟ ਲਓ, ਧਾਗੇ ਪਾਈ ਜਾਂਦੇ ਹਾਂ। ਸਿਮਰਨੇ ਫੇਰੀ ਜਾਂਦੇ ਹਾਂ, ਕਿਉਂਕਿ ਹੁਣ ਉੱਨ ਦੀਆਂ ਮਾਲਾਂ ਤਾਂ ਬਹੁਤ ਘਟ ਗਈਆਂ। ਉਹ ਤਾਂ ਨਾਮ ਧਾਰੀਆਂ ਕੋਲ ਹੀ ਰਹਿ ਗਈਆਂ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - 491***

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - 1374***

ਕਹਿੰਦੇ, ਰਾਮ ਤਾਂ ਕਹਿੰਦੇ ਨੇ ਇਹਦੇ 'ਚ ਇੱਕ ਭੇਤ ਹੈ, ਇਹਦੇ 'ਚ ਇੱਕ ਵਿਚਾਰ ਹੈ, ਉਹਨੂੰ follow (ਪਾਲਣ) ਕਰੋ। ਰਾਮ-ਰਾਮ ਸਾਰੀ ਦੁਨੀਆਂ ਕਰ ਰਹੀ ਹੈ, ਵਾਹਿਗੁਰੂ-ਵਾਹਿਗੁਰੂ, ਆਪਾਂ ਵੀ ਕਹਿੰਦੇ ਸੀਗੇ, ਕਹਿੰਦੇ ਇਹਦੇ ਵਿੱਚ ਇੱਕ ਵਿਚਾਰ ਹੈ, ਉਹ ਵਿਚਾਰ ਹੈ ਕਿ ਰਾਮ ਕਹਿਣ ਵੇਲੇ ਨਿਸ਼ਾਨਾ ਸਾਮ੍ਹਣੇ ਹੋਣਾ ਚਾਹੀਦਾ ਹੈ, ਨਿਸ਼ਚੇਪੂਰਵਕ। ਨਿਸ਼ਚੇਪੂਰਵਕ ਇੱਕ ਤਾਂ ਅਕਲ ਨਾਲ ਸਮਝਣਾ ਹੈ, ਇੱਕ ਰੁਚੀ ਵੀ ਉਹਦੇ ਨਾਲ ਨਾ ਬਣੇ। ਹੁਣ ਮੈਂ ਕਹਿ ਦੇਵਾਂ ਕਿ ਅੰਮ੍ਰਿਤ ਵੇਲੇ ਕੱਲ੍ਹ ਨੂੰ ਏਥੇ ਆਇਓ, ਇੱਥੇ ਰਾਤ ਨੂੰ ਇੱਕ ਕ੍ਰਿਸ਼ਮਾ ਵਰਤਣਾ ਹੈ, ਪੂਰੇ ਦੋ ਵਜੇ ਜਿੱਥੇ ਆਪਾਂ ਬੈਠੇ ਹਾਂ ਇੱਥੇ ਸੋਨੇ ਦੀਆਂ ਮੋਹਰਾਂ ਦੇ ਢੇਰ ਲੱਗੇ ਪਏ ਹੋਣਗੇ। ਰੁਚੀ ਬਣ ਗਈ ਨਾ। ਸੌਣਾ ਹੀ ਨਹੀਂ ਜੇ ਸੌਂ ਗਏ ਤਾਂ ਦੋ ਵਜੇ ਨਹੀਂ ਜਾ ਹੋਣਾ। ਹਰ ਹਾਲਤ 'ਚ ਅਸੀਂ ਦੋ ਵਜੇ ਕੀ, ਅਸੀਂ ਤਾਂ 12 ਵਜੇ ਏਥੇ ਹੀ ਆ ਕੇ ਬਹਿ ਜਾਣਾ ਹੈ ਕਿ ਜਦੋਂ ਦੋ ਵੱਜਣਗੇ, ਨੱਠ ਕੇ ਪੈ ਜਾਵਾਂਗੇ। ਹੁਣ ਇਹ ਹੋ ਗਈ ਰੁਚੀ। ਇਹ ਰੁਚੀ ਨਾਮ ਦੀ ਨਹੀਂ ਹੈ ਸਾਡੇ ਅੰਦਰ। ਨਾਮ ਕੀ ਹੈ? ਮਹਾਰਾਜ ਕਹਿੰਦੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

**ਅੰਗ – 81**

ਕੋਈ ਸੰਸਾਰ 'ਚ ਅੱਜ ਤੱਕ ਪੈਦਾ ਨਹੀਂ ਹੋਇਆ ਜਿਹੜਾ ਨਾਮ ਦੀ ਕੀਮਤ ਦੱਸ ਸਕੇ। ਜਿਨ੍ਹਾਂ ਦੇ ਮੱਥੇ 'ਚ ਭਾਗ ਹੈ ਉਹ ਨਾਮ ਦੇ ਰਸ ਨੂੰ ਮਾਣਦੇ ਨੇ। ਸੋ ਹੁਣ ਅਜਾਮਲ ਜਮਦੂਤਾਂ ਨੇ ਘੇਰ ਲਿਆ। ਹੁਣ ਇਹ ਚਾਰੇ ਵੇਦਾਂ ਦਾ ਵਿਦਵਾਨ, ਉਪਨਿਸ਼ਦਾਂ ਦਾ, ਵਿਦਿਆ ਭੁੱਲੀ ਹੋਈ, ਉਹ ਅੰਤ ਦੇ ਸਮੇਂ ਜਾਗ ਗਈ ਕਿ ਇੱਥੇ ਵਾਹਿਗੁਰੂ ਬਿਨਾਂ ਕੋਈ ਨਹੀਂ ਹੈ। ਪਛਾਣ ਕੇ ਕਹਿ ਦਿੱਤਾ, 'ਨਾਰਾਇਣ'। ਕਹਿੰਦੇ, ਕਹਿਣ ਦੀ ਦੇਰ ਸੀ –

*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੁਖੁ ਡੇਰਾ ਢਹਿਆ। ਭਾਈ ਗੁਰਦਾਸ ਜੀ, 10/20*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*

**ਅੰਗ – 902**

ਬੁੱਧ ਨਹੀਂ ਆਈ। ਬੁੱਧ ਤੇ ਸੁੱਧ 'ਚ ਫਰਕ ਹੁੰਦਾ ਹੈ। ਸੁੱਧ ਹੋਰ ਚੀਜ਼ ਹੈ –

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* **ਅੰਗ – 8**

ਬੁੱਧ ਉਹ ਹੁੰਦੀ ਹੈ ਢੋਹ ਕੇ ਪਛਾਨਣਾ। ਦੇਖ ਲਿਆ ਕਿ ਵਾਜਾ ਹੈ, ਬੋਲਦਾ ਹੈ ਇਹ। ਸੁੱਧ ਹੁੰਦੀ ਹੈ ਕਿ ਬਿਨਾਂ ਹੀ ਟੋਹੇ 'ਤੇ ਪਛਾਣ ਲਿਆ ਕਿ ਵਾਜਾ ਹੈ। ਬੁੱਧੀ ਅਨੁਮਾਨ ਲਾਉਂਦੀ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ, ਲੇਕਿਨ ਅੰਦਰੋਂ ਅਨੁਮਾਨ ਲਗਦਾ ਨਹੀਂ ਹੈ, ਅੰਦਰਲਾ ਮੰਨਦਾ ਨਹੀਂ ਹੈ ਕਿ ਇਹ, ਬੁੱਧੀ ਨਾਲ ਤਾਂ ਜਾਣ ਲਿਆ, ਜਾਣਕਾਰੀ ਦੇ ਖਜ਼ਾਨੇ 'ਚ ਪਾ ਲਿਆ ਪਰ ਅਨੁਭਵ ਦੇ ਖਜ਼ਾਨੇ ਤੱਕ ਇਹਦੀ ਪਹੁੰਚ ਨਹੀਂ ਹੈ ਕਿਉਂਕਿ ਉਥੇ ਉਡਾਰੀ ਨਹੀਂ ਹੈ। ਭਾਈ ਵੀਰ ਸਿੰਘ ਲਿਖਦੇ ਨੇ –

*ਜਿਨ੍ਹਾਂ ਉਚਯਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*
*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।*

**ਭਾਈ ਵੀਰ ਸਿੰਘ**

ਅਸੀਂ ਤਾਂ ਜੀਉਂਦੀ ਦੁਨੀਆਂ ਵਿੱਚ ਪਹੁੰਚ ਗਏ। ਉਹ ਜਦੋਂ ਇਹ ਅਨੁਭਵ ਹੋ ਗਿਆ ਮੈਂ ਮਰ ਜਾਂਦੀ ਹੈ ਉਸੇ ਵੇਲੇ ਇਹਨੂੰ ਨਾਮ ਕਹਿੰਦੇ ਨੇ, ਇਸੇ ਅਨੁਭਵ ਨੂੰ –

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***
***ਅੰਗ - 560***

ਦੋਵੇਂ ਰਹਿੰਦੇ ਨਹੀਂ ਇੱਕ ਥਾਂ 'ਤੇ। ਹੁਣ ਹੋਇਆ ਕੀ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ - 902***

ਅੱਖ ਦੇ ਫੋਰੇ ਜਿੰਨੇ ਚਿਰ 'ਚ ਉਹ ਗਤੀ ਮਿਲ ਗਈ ਜਿਹੜੀ ਸੋਝੀ ਵਾਲੀ -

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ - 1***

ਇਹ ਸਾਧਸੰਗਤ ਜੀ! ਸਾਡਾ ਨਿਸ਼ਾਨਾ ਹੈ ਜੇ ਨਾਮ ਜਪਿਆ ਜਾਵੇ ਇਹ ਨਿਸ਼ਾਨਾ, ਸੋਝੀ ਬੁੱਧੀ ਨਾਲ ਨਹੀਂ, ਅੰਤਸ਼ਕਰਣ ਦੇ ਵਿਚੋਂ ਇਹ ਨਿਸ਼ਾਨਾ ਅਨੁਭਵ ਹੋਵੇ ਤਾਂ ਕਹਿੰਦੇ ਮਹਾਰਾਜ ਦਸਵੇਂ ਪਾਤਸ਼ਾਹ ਕਹਿੰਦੇ ਨੇ -

***ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,***
***ਇੱਕ ਵਾਰੀ ਧਿਆ ਲੈ ਵਾਹਿਗੁਰੂ।***

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ***

ਹੁਣ ਦੇਖੋ ਕਿੰਨਾ smallest period ਦਸਦੇ ਨੇ, ਸਕਿੰਟ ਨਹੀਂ ਕਿਹਾ 'ਛਿਨ' ਕਿਹਾ ਹੈ, 15 ਛਿਨਾਂ ਦਾ ਇੱਕ ਸਕਿੰਟ ਬਣਦਾ ਹੈ। ਕਿੱਡਾ ਵੱਡਾ concession (ਰਿਆਇਤ) ਹੈ, 'ਕਾਲ ਫਾਸ ਕੇ ਬੀਚ ਨ ਆਇਓ' ਆਹ ਗੱਲ ਜੇ ਅਸੀਂ ਸਮਝ ਲਈਏ ਠੀਕ ਤਰ੍ਹਾਂ ਦੇ ਨਾਲ, ਇੱਕ ਵੀ ਪ੍ਰੇਮੀ ਨਹੀਂ ਜਿਹੜਾ ਏਥੇ ਬੈਠਾ ਹੈ, ਮੁੜ ਕੇ ਜਨਮ ਮਰਨ ਦੇ ਚੱਕਰ 'ਚ ਪਵੇ। ਨਹੀਂ ਪੈਂਦਾ, ਉਹ ਧਿਆਉਣ ਦੀ ਜੁਗਤੀ ਨਹੀਂ ਆਉਂਦੀ। ਜੁਗਤੀ ਦੇ ਉਪਰ ਮੈਂ ਸਾਰਾ ਬੋਲਿਆ ਹੈ। ਸੋ ਇਹ ਜੋ ਮੈਂ ਬੇਨਤੀਆਂ ਕਰੀਆਂ ਨੇ ਕੋਈ ਪ੍ਰਸੰਗ ਨਹੀਂ ਸੁਣਾਇਆ, ਇੱਕ ਗੱਲ ਕਰੀ ਹੈ -

***'ਆਦਿ ਸਚੁ ਜੁਗਾਦਿ ਸਚੁਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ 1 ॥***

ਸਮਝੋ, ਗੁਰੂ ਸਾਹਿਬ ਨੇ ਛੁਪਾ ਕੇ ਨਹੀਂ ਕੁਛ ਵੀ ਰੱਖਿਆ ਹੋਇਆ। ਪ੍ਰਗਟ ਕਰਕੇ ਰੱਖ ਦਿੱਤਾ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਪ ਕੇ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ - 902***

ਸੋ ਹੁਣ ਸਮਾਪਤੀ ਹੁੰਦੀ ਹੈ, ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ ਵਿੱਚ ਬੋਲੋ। (ਫਿਲਮ ਨੰ. 733)



(--------)

# 14

## ਹਉ ਭਾਲਿ ਵਿਕੁੰਨੀ ਹੋਈ ॥

ਸ਼ਾਨ........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਫਿਰਦੇ-ਫਿਰਦੇ ਨੂੰ ਬਹੁਤੇ ਜੁਗ ਬੀਤ ਗਏ,*
*ਆਪਣੀ ਭਗਤੀ ਲਾ ਲੈ ਮਾਲਕਾ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 1786*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*

*ਅੰਗ - 631*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਆਪ ਗੁਰੂ ਦਰਬਾਰ ਵਿੱਚ ਪਹੁੰਚੇ ਹੋ ਜਿੰਨੇ ਕਦਮ ਕੋਈ ਚੱਲ ਕੇ ਆਉਂਦਾ ਹੈ, ਓਨੇ ਯੱਗਾਂ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਬਹੁਤ ਹੀ ਵੱਡਾ ਫਲ ਸਤਿਸੰਗ ਦਾ ਕਲਜੁਗ 'ਚ ਰੱਖਿਆ ਹੈ। ਕਲਜੁਗ ਦੇ ਅੰਦਰ ਨਾਮ ਦੀ ਵਡਿਆਈ ਹੈ, ਹੋਰ ਕੋਈ ਕਿਰਤ, ਕਰਮ, ਦਾਨ-ਪੁੰਨ, ਤੀਰਥ ਯਾਤਰਾ ਉਹ ਚਲਦਾ ਨਹੀਂ ਹੈ, ਫਲ ਨਾਸ਼ ਹੋ ਜਾਂਦਾ ਹੈ। ਪਹਿਲੇ ਸਤਿਜੁਗ ਹੋਇਆ ਕਰਦਾ ਸੀ, ਮਹਾਰਾਜ ਕਹਿੰਦੇ, ਉਹਦੇ ਵਿੱਚ ਵਸਣ ਵਾਲੇ ਜਿਹੜੇ ਬੰਦੇ ਨੇ ਉਹ ਬ੍ਰਹਮ ਦੇ ਜਾਨਣ ਵਾਲੇ ਸੀ, ਪ੍ਰਮੇਸ਼ਰ ਨੂੰ ਜਾਨਣ ਵਾਲੇ। ਤ੍ਰੇਤੇ ਤੇ ਦੁਆਪਰ ਵਿੱਚ ਬੰਦਿਆਂ ਦੇ ਚਰਿੱਤਰ ਬਹੁਤ ਉੱਚੇ ਸੀ। ਧਰਮੀ ਬੰਦੇ ਸੀ, ਕੋਈ ਗੱਲ ਨਜਾਇਜ਼ ਨਹੀਂ ਸੀ ਹੋਣ ਦਿਆ

ਕਰਦੇ, ਪਰ ਕਰਮ ਕਾਂਡ ਕਰਦੇ ਰਹਿੰਦੇ ਸੀ, ਲੱਗੇ ਰਹਿੰਦੇ ਸੀ, ਉਨ੍ਹਾਂ ਦਾ ਉਧਾਰ ਹੋ ਜਾਇਆ ਕਰਦਾ ਸੀ। ਪੰਜ ਹਜ਼ਾਰ ਸਾਲ ਤੋਂ ਕੁਛ ਸਾਲ ਉਤੇ ਹੋਏ। ਇੱਕ ਇੱਥੇ ਬਹੁਤ ਭਿਆਨਕ ਯੁੱਧ ਹੋਇਆ, ਜੋ ਅੱਜ ਤੱਕ ਸਭ ਦੇ ਯਾਦ ਹੈ। ਉਸ ਯੁੱਧ ਦਾ ਨਾਉਂ ਹੀ ਮਹਾਂਭਾਰਤ ਰੱਖ ਦਿੱਤਾ। ਉਹਦੇ ਵਿੱਚ 18 ਕੂਹਣੀਆਂ ਫੌਜ, ਤੇ ਨਾਲ ਜਿਹੜੇ ਹੋਰ ਅਨੇਕ ਤਰ੍ਹਾਂ ਦੀਆਂ ਯੂਨਿਟਾਂ ਹੁੰਦੀਆਂ ਨੇ ਫੌਜ ਦੇ ਅੰਦਰ ਸੇਵਾ ਕਰਨ ਵਾਲੀਆਂ, ਉਹ ਤਕਰੀਬਨ 45 ਲੱਖ ਬੰਦਾ 18 ਦਿਨਾਂ 'ਚ ਮਰਿਆ, 10 ਜਣੇ ਬਚੇ ਸਿਰਫ। ਜਿਸ ਦੇਸ਼ ਦੀ ਐਡੀ ਵੱਡੀ ਤਬਾਹੀ ਹੋ ਜਾਵੇ ਉਥੇ ਕੀ ਰਹਿ ਜਾਂਦਾ ਹੈ ਬਾਕੀ, ਕੁਛ ਵੀ ਨਾ ਰਿਹਾ। ਕ੍ਰਿਸ਼ਨ ਮਹਾਰਾਜ ਨੇ ਯੁੱਧ ਤੋਂ ਪਹਿਲਾਂ, ਯੁਧਿਸ਼ਟਰ ਨੂੰ ਸਮਝਾਇਆ, ਧ੍ਰਿਤਰਾਸ਼ਟਰ ਨੂੰ ਸਮਝਾਇਆ ਕਿ ਦੇਖੋ, ਯੁੱਧ ਨਾ ਕਰੋ। ਸਵਾਲ ਆ ਗਿਆ ਨੇਕੀ ਤੇ ਬਦੀ ਦਾ। ਜੇ ਨੇਕੀ ਵਾਲੇ ਦਬ ਜਾਂਦੇ ਨੇ ਤਾਂ ਨੇਕੀ ਦਾ ਖਾਤਮਾ ਹੋ ਜਾਏਗਾ। ਸੱਚ ਦਾ ਖਾਤਮਾ ਹੋ ਜਾਏਗਾ, ਅਲੋਪ ਹੋ ਜਾਏਗਾ, ਧਰਮ ਖਤਮ ਹੋ ਜਾਏਗਾ। ਤੁਸੀਂ ਅਦਇਆ ਦੀ ਬਾਤ ਨਾ ਕਰੋ, ਨਾ ਟਲਿਆ, ਅਖੀਰ ਯੁੱਧ ਹੋਇਆ। ਕਿੱਡੀ ਵੱਡੀ ਤਬਾਹੀ ਹੋਈ, ਉਸ ਤੋਂ ਬਾਅਦ ਅਰਜਨ ਦਾ ਜੋ ਲੜਕਾ ਸੀ, ਜਿਸਨੇ ਤਖਤ 'ਤੇ ਬੈਠਣਾ ਸੀ, ਜਿਸਦਾ ਨਾਉਂ ਅਭਿਮੰਨਯੂ ਸੀ, ਉਹ ਵੀ ਮੈਦਾਨ-ਏ-ਜੰਗ ਵਿੱਚ ਮਾਰਿਆ ਗਿਆ। ਕੋਈ ਵਾਰਸ ਨਾ ਰਿਹਾ। ਪਾਂਡਵਾਂ ਨੇ ਰਾਜ ਕਰਿਆ, ਅਖੀਰ ਉਨ੍ਹਾਂ ਦੇ ਮਨ ਵਿੱਚ ਇਹ ਰਹਿੰਦਾ ਸੀ ਕਿ ਬੜਾ ਭਾਰੀ ਨੁਕਸਾਨ ਹੋ ਗਿਆ। ਆਪਣੇ ਹੀ ਰਿਸ਼ਤੇਦਾਰ ਸੀ, ਕੋਈ ਚਾਚਾ ਸੀ, ਕੋਈ ਤਾਇਆ ਸੀ, ਕੋਈ ਮਾਮਾ ਸੀ, ਕੋਈ ਕੁੜਮ ਸੀ, ਕੋਈ ਮਾਮੇ ਦੇ ਪੁੱਤਰ ਸਨ, ਕਿੰਨੇ ਪਿਆਰ ਨਾਲ ਅਸੀਂ ਰਹਿੰਦੇ ਸੀ, ਕਿੰਨਾ ਭੇੜ ਪਿਆ, ਅਖੀਰ ਉਨ੍ਹਾਂ ਨੇ ਕ੍ਰਿਸ਼ਨ ਮਹਾਰਾਜ ਨੂੰ ਦੱਸਿਆ ਕਿ ਸਾਨੂੰ ਰਾਜ ਲੈ ਕੇ ਖੁਸ਼ੀ ਨਹੀਂ ਹੋਈ। ਚਿੱਤ ਦੀ ਉਦਾਸੀ ਨਹੀਂ ਖਤਮ ਹੋਈ। ਬਗੈਰ ਕਿਸੇ ਕਾਰਨ ਤੋਂ ਅੰਦਰੋਂ ਹਉਕੇ ਆਉਣੇ ਸ਼ੁਰੂ ਹੋਏ-ਹੋਏ ਨੇ। ਫਿਰਦਾ ਨਹੀਂ ਚਿੱਤ। ਕਿਸੇ ਰਾਜ ਭਾਗ ਦੇ ਨਾਚ ਗਾਣੇ, ਹੋਰ ਖੇਲ੍ਹਾਂ ਆਦਿਕ ਨੂੰ ਸਾਡਾ ਚਿੱਤ ਨਹੀਂ ਕਰਦਾ। ਇੱਕ ਪਸ਼ਚਾਤਾਪ ਰਹਿੰਦਾ ਹੈ ਅੰਦਰ। ਯੁੱਧ ਲੜਿਆ, ਕਿੱਥੇ ਗਏ ਉਹ ਵੱਡੇ-ਵੱਡੇ ਸੂਰਮੇ ਭਾਰਤ ਵਰਸ਼ ਦੇ, ਜਿਨ੍ਹਾਂ ਦੇ ਮੁਕਾਬਲੇ 'ਤੇ ਕੋਈ ਹੈ ਹੀ ਨਹੀਂ ਸੀ। ਕਿੱਡੀ ਤਾਕਤ ਸੀ ਜੋ ਕਮਜ਼ੋਰ ਹੋ ਗਈ। ਹੁਣ ਬਾਹਰੋਂ ਦੂਜਿਆਂ ਕੌਮਾਂ ਨੇ ਹੱਲੇ ਕਰਨੇ ਨੇ ਤੇ ਹੁਣ ਤਾਂ ਕੋਈ ਪ੍ਰਾਕਰਮੀ ਰਿਹਾ ਹੀ ਨਹੀਂ ਹੈ, ਧਰਮ ਖਤਮ ਹੋ ਗਿਆ, ਜਿੰਨੇ ਰਹਿ ਗਏ ਫੌਜਾਂ ਨਵੇਂ ਸਿਰਿਓਂ ਬਣਾਉਣੀਆਂ ਪੈਣੀਆਂ ਨੇ। ਟਰੇਨਿੰਗ ਨਵੇਂ ਸਿਰਿਓਂ ਲੈਣੀ ਪੈਣੀ ਹੈ ਕਿ ਹੈ ਨਹੀਂ ਹੁਣ, ਭਾਰਤ ਦਾ ਮੰਦਾ ਹਾਲ ਹੋ ਗਿਆ। ਉਸ ਦਿਨ ਤੋਂ ਸਾਡਾ ਪਤਨ ਸ਼ੁਰੂ ਹੋਇਆ। ਉਸ ਵੇਲੇ ਪਾਂਡਵ ਉਦਾਸ ਹੋ ਕੇ ਤਪ ਕਰਨ ਦੇ ਵਾਸਤੇ, ਨਾਲ ਦਰੋਪਤੀ ਨੂੰ ਲੈ ਕੇ ਹੇਮਕੁੰਟ ਪਰਬਤ 'ਤੇ ਚਲੇ ਜਾਂਦੇ ਨੇ। ਬੜੀ ਦੇਰ ਬੈਠੇ, ਤਪ ਕਰਿਆ ਉਥੇ। ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਹੇਮਕੁੰਟ ਦੇ ਬਾਰੇ ਦੱਸਿਆ, ਤਾਂ ਉਨ੍ਹਾਂ ਨੇ ਕਿਹਾ ਕਿ ਉਹ ਓਹੀ ਅਸਥਾਨ ਹੈ -

***ਹੇਮ ਕੁੰਟ ਪਰਬਤ ਹੈਂ ਜਹਾਂ***

***ਸਪਤ ਸ੍ਰਿੰਗ ਸੋਭਤ ਹੈ ਤਹਾਂ***
***ਸਪਤ ਸ੍ਰਿੰਗ ਤਹ ਨਾਮ ਕਹਾਵਾ***
***ਪੰਡ ਰਾਜ ਜਹ ਜੋਗ ਕਮਾਵਾ***

ਜਿੱਥੇ ਪਾਂਡਵਾਂ ਨੇ ਜੋਗ ਕਮਾਇਆ ਸੀ, ਉਥੇ ਨੇੜੇ ਹੀ ਸਾਡਾ ਅਸਥਾਨ ਹੈ। ਅਖੀਰ ਇਹ ਪਹਾੜਾਂ ਦੇ ਉਤੇ ਹੋਰ ਚੜ੍ਹੇ, ਬਰਫਾਂ ਦੇ ਤੁਫਾਨ ਆਏ, ਉਨ੍ਹਾਂ ਦੇ ਵਿੱਚ ਦਬ ਕੇ ਚੜ੍ਹਾਈ ਕਰ ਗਏ। ਆਪਣੀ ਥਾਂ ਦੇ ਉਤੇ ਆਪਣੇ ਪੋਤਰੇ ਨੂੰ ਜਿਸਦਾ ਨਾਮ ਪ੍ਰੀਕਸ਼ਤ ਸੀ ਉਸਨੂੰ ਰਾਜ ਭਾਗ ਸੰਭਾਲ ਦਿੱਤਾ। ਸਾਰੇ ਕਰਮ ਧਰਮ ਸੰਭਾਲ ਦਿੱਤੇ ਬੜਾ ਕਰਮੀ ਧਰਮ ਵਾਲਾ ਬੰਦਾ, ਪੂਰਾ ਮਰਿਯਾਦਾ ਪੁਰਸ਼ੋਤਮ ਜਿਸਦੇ ਰਾਜ ਵਿੱਚ ਕੋਈ ਵੀ ਦੁਖੀ ਨਹੀਂ ਸੀ। ਕੋਈ ਭੁੱਖਾ ਨਹੀਂ ਸੀ ਮਰਦਾ, ਕਿਸੇ ਕਿਸਮ ਦੀ ਬੁਰਿਆਈ ਸਾਰੇ ਰਾਜ ਵਿੱਚ ਨਹੀਂ ਸੀ। ਤਾਸ਼ਕੰਦ ਤੋਂ ਲੈ ਕੇ ਆਸਾਮ ਤੱਕ, ਏਧਰ ਅਫਗਾਨਿਸਤਾਨ ਤੋਂ ਲੈ ਕੇ ਬ੍ਰਹਮਾ ਤੱਕ ਹੇਠਾਂ ਵਿੰਧਿਆਚਲ ਪਰਬਤ ਤੱਕ ਇਨ੍ਹਾਂ ਦਾ ਨੇਹਕੰਟਕ ਰਾਜ ਸੀ। ਸਾਰੇ ਰਾਜੇ ਇਸ ਨੂੰ ਪਿਆਰ ਕਰਦੇ ਸੀ, ਸਤਿਕਾਰ ਕਰਦੇ ਸੀ। ਯੁੱਗ ਬਦਲ ਗਿਆ, ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪਿਆਰਿਓ! ਕਲਜੁਗ ਆ ਗਿਆ। ਕਹਿੰਦੇ, ਮਹਾਰਾਜ! ਕਿੰਨਾਂ ਕੁ ਭਿਆਨਕ ਹੈ। ਉਨ੍ਹਾਂ ਨੇ ਦ੍ਰਿਸ਼ਟਾਂਤ ਦੇ ਨਾਲ ਦਿਖਾ ਦਿੱਤਾ ਕਿ ਐਨਾ ਭਿਆਨਕ ਹੈ। ਕਹਿਣ ਲੱਗੇ ਕਿ ਕਲਜੁਗ ਦੀ ਸਾਧਨਾ ਹੀ ਹੋਰ ਹੋਏਗੀ। ਕੋਈ ਕਰਮ ਧਰਮ ਨਹੀਂ ਰਹੇਗਾ, ਮਾਇਆ ਵਿੱਚ ਪਰਚ ਜਾਣਗੇ। ਪੁੱਤਰ ਮਾਪਿਆਂ ਦਾ ਸਤਿਕਾਰ ਬਿਲਕੁਲ ਨਹੀਂ ਕਰੇਗਾ। ਮਾਪੇ ਤਰਸਦੇ ਫਿਰਨਗੇ ਪੁੱਤਰਾਂ ਦੇ ਪਿਆਰ ਵਾਸਤੇ। ਵੱਡੇ-ਵੱਡੇ ਖਰਚ ਕਰਕੇ ਉਨ੍ਹਾਂ ਨੂੰ ਪੜ੍ਹਾਉਣਗੇ, ਲਿਖਾਉਣਗੇ, ਸ਼ਾਦੀਆਂ ਕਰਨਗੇ ਪਰ ਜਦੋਂ ਸ਼ਾਦੀ ਹੋ ਕੇ ਲੜਕੀ ਘਰ ਆਈ, ਉਸੇ ਵੇਲੇ ਲੜਕੇ ਦਾ ਰੁੱਖ ਬਦਲ ਜਾਏਗਾ। ਮਾਂ-ਬਾਪ ਦੀ ਥਾਂ ਆਪਣੀ ਪਤਨੀ ਵਿੱਚ ਪਰਚ ਜਾਏਗਾ। ਇਸਤ੍ਰੀਆਂ ਪਤੀਵਰਤਾ ਨਹੀਂ ਹੋਇਆ ਕਰਨਗੀਆਂ। ਆਪਣਾ ਸਰੀਰ ਜਿਹੜਾ ਹੈ ਉਹਦਾ ਦਿਖਾਵਾ ਕਰਨਗੀਆਂ, ਵਸਤਰ ਘੱਟ ਪਾਉਣਗੀਆਂ, ਕਰਮ ਧਰਮ ਛੁਟ ਜਾਣਗੇ। ਜਿੰਨੇ ਧਰਮ ਅਸਥਾਨ ਨੇ ਇਨ੍ਹਾਂ ਵਿੱਚ ਆ ਕੇ ਉਹ ਪੁਰਸ਼ ਕਬਜ਼ਾ ਕਰਨਗੇ ਜਿਹੜੇ ਨਾ ਆਪ ਧਰਮ ਦੇ ਰਸਤੇ ਚਲਦੇ ਨੇ, ਨਾ ਕਿਸੇ ਨੂੰ ਚੱਲਣ ਦੇਣ। ਵੇਦਾਂ, ਸ਼ਾਸਤਰਾਂ ਧਰਮ ਗ੍ਰੰਥਾਂ ਦੇ ਅਰਥ ਆਪਣੇ ਹਿਸਾਬ ਨਾਲ ਲਾ ਕੇ ਕਹਿਣਾ ਸ਼ੁਰੂ ਕਰ ਦੇਣਗੇ ਕਿ ਮਾਸ ਖਾਓ, ਮੱਛੀ ਖਾਓ, ਅੰਡੇ ਖਾਓ, ਸ਼ਰਾਬ ਪੀਓ। ਇੱਥੇ ਤੱਕ ਕਿ ਸ਼ਰਾਬ ਪੀਣ ਵਾਲੇ ਧਰਮ ਕਹਿ ਕੇ ਪ੍ਰਗਟ ਹੋਣਗੇ ਏਸ ਥਾਂ ਦੇ ਉਤੇ। ਜਿਹੜੇ ਮਦਰਾ ਪੀਣਗੇ, ਮਾਸ ਖਾਣਗੇ, ਮੈਥੁਨ ਦੇ ਵਿੱਚ ਵਿਸ਼ਵਾਸ਼ ਰੱਖਣਗੇ। ਸੋ ਐਸਾ ਹੋ ਜਾਏਗਾ ਆਚਾਰੀਆਂ ਦਾ ਹਾਲ, ਬੜੇ ਧਿਆਨ ਨਾਲ ਸੁਣਦੇ ਨੇ ਕਿ ਕੀ ਹੋਏਗਾ? ਕਰਮ ਧਰਮ ਕਿਵੇਂ ਭ੍ਰਿਸ਼ਟ ਹੋ ਜਾਣਗੇ, ਬੰਦੇ ਦੀ ਬੁੱਧੀ ਕਿਵੇਂ ਗਲਤ ਹੋ ਜਾਏਗੀ? ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਬਿਲਕੁਲ ਐਸ ਤਰ੍ਹਾਂ ਸਮਝ ਲਓ, ਚੰਦ, ਸੂਰਜ, ਤਾਰੇ ਤਾਂ ਨਹੀਂ ਬਦਲਣਗੇ, ਨਾ ਮੌਸਮ ਬਦਲਣਾ ਹੈ, ਹਵਾ ਓਹੀ ਹੋਏਗੀ ਸਭ ਕੁਛ ਓਹੀ ਹੋਏਗਾ ਪਰ ਮਨੁੱਖ ਦਾ ਮਨ ਜਿਹੜਾ ਹੈ ਉਹ ਉਲਟਾ ਹੋ ਜਾਏਗਾ। ਮਨੁੱਖ ਲਾਲਚ ਵਿੱਚ ਆ ਜਾਏਗਾ। ਕਿਸੇ ਨਾਲ ਸਮਝੌਤਾ ਨਹੀਂ ਕਰੇਗਾ। ਰਾਜੇ ਦਾ ਧਰਮ ਹੈ..

***ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥***

***ਅੰਗ - 1240***

ਰਾਜੇ ਧਰਮ ਤੋਂ ਹੀਣੇ ਹੋ ਜਾਣਗੇ। ਇਨਸਾਫ ਦੇ ਨਾਮ 'ਤੇ ਬੇਇਨਸਾਫੀਆਂ ਕਰਨਗੇ। ਧੱਕੇ-ਧੌੜੇ ਕਰਨਗੇ, ਪਾਰਟੀਆਂ ਬਨਾਉਣਗੇ, ਆਪਣੇ ਬੰਦਿਆਂ ਦਾ ਹਿਤ ਪੂਰਨ ਕਰਨਗੇ। ਆਮ ਪਬਲਿਕ ਪਿਸ ਜਾਏਗੀ, ਉਨ੍ਹਾਂ ਦੀ ਕੋਈ ਸੁਣੇਗਾ ਨਹੀਂ। ਤੀਰਥ ਕੋਈ ਵੀ ਫਲ ਨਹੀਂ ਦਏਗਾ, ਦਾਨ ਨੇ ਫਲ ਨਹੀਂ ਦੇਣਾ। ਤੀਰਥਾਂ ਦੀ ਯਾਤਰਾ ਨੇ ਫਲ ਨਹੀਂ ਦੇਣਾ। ਜੱਗਾਂ ਨੇ ਫਲ ਨਹੀਂ ਦੇਣਾ। ਬ੍ਰਹਮਚਰੀਆ ਵਰਤ ਬਿਲਕੁਲ ਖਤਮ ਹੋ ਜਾਏਗਾ। ਸਾਧੂਆਂ ਦੀ ਇੱਜ਼ਤ ਖਤਮ ਹੋ ਜਾਏਗੀ, ਨਕਲੀ ਸਾਧੂ ਥਾਂ-ਥਾਂ ਤੇ ਖੁੰਬਾਂ ਵਾਂਗੂੰ ਉੱਗਣਗੇ, ਜਿਨ੍ਹਾਂ ਦਾ ਮਤਲਬ ਸੰਸਾਰ ਨੂੰ ਸਤਿ ਦੇ ਰਸਤੇ ਪਾਉਣ ਦੀ ਥਾਂ ਆਪਣੇ ਹੀ ਅਸਥਾਨ ਉੱਚੇ-ਉੱਚੇ ਬਨਾਉਣਗੇ। ਆਪਣੇ ਐਸ਼ੋ-ਇਸ਼ਰਤ ਦੇ ਸਮਾਨ ਪੈਦਾ ਕਰਨਗੇ। ਨਾਉਂ ਧਰਮ ਦਾ ਹੋਏਗਾ ਲੇਕਿਨ ਕੇਵਲ ਵਿਖਾਵੇ ਦਾ ਬੁਰਕਾ ਹੋਏਗਾ, ਵਿਚੋਂ ਕੁਛ ਨਹੀਂ ਹੋਏਗਾ। ਦੁਨੀਆਂ ਕੁਰਾਹੇ ਪੈ ਜਾਏਗੀ, ਕੁਛ ਨਹੀਂ ਪਤਾ ਚੱਲਣਾ। ਵੇਦ ਦੀ ਬਾਤ ਨਹੀਂ ਪੁੱਛਣੀ ਕਿਸੇ ਨੇ, ਧਰਮ ਸ਼ਾਸਤਰਾਂ ਦਾ ਅਪਮਾਨ ਹੋਏਗਾ। ਇਸ ਬਾਰੇ ਤਾਂ ਬਹੁਤ ਕੁਛ ਦੱਸਿਆ ਪਰ ਮੈਂ ਤਾਂ ਥੋੜ੍ਹਾ ਜਿਹਾ ਹੀ ਦਸ ਰਿਹਾ ਹਾਂ। ਸੁਣ ਕੇ ਦਹਿਲ ਗਏ। ਕਹਿਣ ਲੱਗੇ, ਹੈਂ ਐਹੋ ਜਿਹਾ ਸਮਾਂ ਭਿਆਨਕ ਆ ਜਾਏਗਾ, ਫੇਰ ਮਹਾਰਾਜ! ਅਸੀਂ ਤਾਂ ਏਸ ਕਲਜੁਗ 'ਚ ਨਹੀਂ ਰਹਿਣਾ। ਆਗਿਆ ਦੇਵੋ ਕਿ ਅਸੀਂ ਤਪ ਕਰੀਏ, ਸੋ ਰਾਜ ਭੋਗਣ ਤੋਂ ਬਾਅਦ ਆਪਣੇ ਪੋਤੇ ਨੂੰ ਰਾਜ ਦੇ ਆਏ ਜਿਹਦਾ ਨਾਉਂ ਪ੍ਰੀਕਸ਼ਤ ਸੀ।

ਪ੍ਰੀਕਸ਼ਤ ਜੰਗਲ ਵਿੱਚ ਜਾ ਰਿਹਾ ਹੈ, ਕੀ ਦੇਖਦਾ ਹੈ ਇੱਕ ਕਾਲੇ ਕੱਪੜਿਆਂ ਵਾਲਾ, ਸੋਨੇ ਦਾ ਮੁਕਟ ਪਹਿਨਿਆਂ ਹੋਇਆ ਹੈ, ਬਹੁਤ ਵੱਡਾ ਭਾਰਾ ਕੱਦ ਹੈ। ਬਹੁਤ ਭਾਰੀ ਛੁਰਾ ਹੱਥ ਵਿੱਚ ਹੈ, ਇੱਕ ਬੈਲ ਨੂੰ ਮਾਰ ਰਿਹਾ ਹੈ ਤੇ ਇਹਦੀ ਥਾਂ ਘੋੜਾ ਨਠਾ ਕੇ ਕੋਲ ਪਹੁੰਚਿਆ। ਤਲਵਾਰ ਕੱਢ ਲਈ, ਕਹਿਣ ਲੱਗਿਆ ਤੂੰ ਬੈੱਲ ਨੂੰ ਮਾਰ ਰਿਹਾ ਹੈਂ, ਕੌਣ ਹੈਂ ਤੂੰ? ਮੌਤ ਦਾ ਦੰਡ ਮੈਂ ਤੈਨੂੰ ਦੇਣਾ ਹੈ। ਇਹ ਕਰ ਕੀ ਰਿਹਾ ਹੈਂ? ਕਹਿਣ ਲੱਗਿਆ, ਮਹਾਰਾਜ! ਤੁਸੀਂ ਵੀ ਮਹਾਰਾਜ ਤੇ ਮੈਂ ਵੀ ਮਹਾਰਾਜ।

ਕਹਿੰਦਾ, ਤੂੰ ਕਿਸ ਦੇਸ਼ ਦਾ ਮਹਾਰਾਜ ਹੈਂ?

ਕਹਿੰਦੇ, ਤੂੰ ਤਾਂ ਕੇਵਲ ਇਸ ਦੇਸ਼ ਦਾ ਮਹਾਰਾਜ ਹੈਂ, ਮੈਂ ਸਾਰੀ ਦੁਨੀਆਂ ਦਾ ਮਹਾਰਾਜ ਹਾਂ, ਕੁੱਲ ਦੁਨੀਆਂ ਜਿੰਨੀ ਵੀ ਹੈ।

ਪੁਛਿਆ ਕਿ ਤੇਰਾ ਰਾਜ ਕਿਹੋ ਜਿਹਾ ਹੈ?

ਕਹਿੰਦਾ, ਮੇਰਾ ਰਾਜ ਹੈ ਧਰਮ ਤੋਂ ਖਾਲੀ। ਕਿਤੇ ਨਾਮ ਨਿਸ਼ਾਨ ਨਹੀਂ ਰਹਿਣਾ ਧਰਮ ਦਾ। ਦਿਖਾਵੇ ਦੇ ਕੰਮ ਕਰਨਗੇ ਸਾਰੇ। ਨਾਮ ਜਪਣਗੇ, ਦਿਖਾਵੇ ਦਾ ਕੀਰਤਨ ਕਰਨਗੇ। ਹਰ ਚੀਜ਼ ਉਲਟੀ ਹੋਏਗੀ। ਪਾਪ ਦਾ ਪਸਾਰਾ ਹੋ ਜਾਏਗਾ ਤੇ ਜਿਹਨੂੰ ਧਰਮ ਕਹਿੰਦੇ ਨੇ, ਸੱਚ ਕਹਿੰਦੇ ਨੇ, ਉਹ ਕਿਤੇ ਭਾਲਿਆ ਹੋਇਆ ਵੀ ਨਹੀਂ ਲੱਭਣਾ ਰਾਜਨ! ਮੇਰੇ ਰਾਜ ਦੇ ਅੰਦਰ।

ਮੇਰੇ ਹੱਥ ਵਿੱਚ ਕੈਂਚੀ ਹੈ ਮੈਂ ਘਰ-ਘਰ ਦੇ ਵਿੱਚ ਕਲੇਸ਼ ਪੁਆ ਦੇਵਾਂਗਾ। ਪੁੱਤਰ ਦਾ ਪਿਤਾ ਨਾਲ, ਨੂੰਹ ਦਾ ਸੱਸ ਨਾਲ, ਲੜਕੀ ਦਾ ਮਾਂ ਨਾਲ। ਇੱਕ ਵੀ ਬੰਦਾ ਸੰਮਤੀ ਦੇ ਨਾਲ ਨਹੀਂ ਚੱਲੇਗਾ। ਜਿੰਨੇ ਬੰਦੇ ਓਨੇ ਰਾਹ, ਦੁਖੀ ਹੋਣਗੇ, ਕੋਈ ਇਲਾਜ ਨਹੀਂ ਲੱਭਣਾ ਇਹਦਾ। ਧਰਮ ਵੱਲ ਤਾਂ ਮੈਂ ਕਿਸੇ ਨੂੰ ਜਾਣ ਹੀ ਨਹੀਂ ਦੇਣਾ। ਗੁਰੂ ਨਾਨਕ ਪਾਤਸ਼ਾਹ ਨੇ ਇਸਨੂੰ ਬਹੁਤ ਛੋਟੇ ਜਿਹੇ ਅੱਖਰਾਂ ਦੇ ਵਿੱਚ ਸਾਨੂੰ ਸੰਬੋਧਨ ਕਰਦਿਆਂ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ।***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***

***ਅੰਗ - 468***

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

***ਅੰਗ - 145***

ਮਹਾਰਾਜ ਕਹਿੰਦੇ ਕਲਜੁਗ ਦਾ ਸਮਾਂ ਆ ਗਿਆ ਤੇ ਇਹਦੇ ਵਿੱਚ ਸੱਚ ਅਲੋਪ ਹੋ ਗਿਆ, ਧਰਮ ਨਾਮ ਦੀ ਕੋਈ ਚੀਜ਼ ਨਹੀਂ ਰਹੀ, ਫੰਘ ਲਾ ਕੇ ਧਰਮ ਉੱਡ ਗਿਆ। ਮੈਂ ਧਰਮ ਦੀ ਸਥਾਪਤੀ ਵਾਸਤੇ ਆਇਆਂ ਹਾਂ, ਧਰਮ ਸਥਾਪਤ ਕਰਨ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਮੈਂ ਧਰਮ ਚਲਾਵਣ ਆਇਆ ਹਾਂ। ਜਿਹੜੀਆਂ ਧਰਮ ਦੀਆਂ values (ਗੁਣ) ਖਤਮ ਹੋ ਗਈਆਂ ਜਿਹੜੀਆਂ - ਸੱਚ ਹੈ, ਸੰਤੋਖ ਹੈ, ਧੀਰਜ ਹੈ, ਦਇਆ ਹੈ, ਖਿਮਾ ਹੈ, ਦਾਨ ਹੈ, ਸੀਲ ਹੈ, ਸੌਚ ਹੈ, ਤਪ ਹੈ, ਮਿਠਾਸ ਹੈ; ਇੱਕ ਤਾਂ ਨਹੀਂ ਹੈ ਸੈਂਕੜੇ ਨੇ।

ਇੱਕ ਵਾਰੀ 'ਆਤਮ ਮਾਰਗ' ਵਿੱਚ ਲਿਖਿਆ ਸੀ ਲੇਖ ਉਹਦੇ ਵਿੱਚ 64 ਲਿਖੀਆਂ ਹੋਈਆਂ ਸੀ ਇਹ ਸਾਰੀਆਂ ਗੱਲਾਂ। ਪੜ੍ਹ ਲਿਆ ਕਰੋ, ਯਾਦ ਕਰ ਲਿਆ ਕਰੋ ਕੰਮ ਆ ਜਾਂਦੀਆਂ ਨੇ ਕਿਤੇ। ਸੋ ਐਸਾ ਯੁੱਗ, ਜਿਸ ਦੇ ਵਿਚੀਂ ਅਸੀਂ ਲੰਘ ਰਹੇ ਹਾਂ। ਜਿਸ ਵਕਤ ਇਹ ਗੱਲ ਸੁਣੀ ਰਾਜੇ ਪ੍ਰੀਕਸ਼ਤ ਨੇ। ਉਹਨੇ ਕਿਹਾ ਕਿ ਫੇਰ ਤਾਂ ਮੈਂ ਤੈਨੂੰ ਆਪਣੇ ਰਾਜ ਵਿੱਚ ਦਾਖਲ ਨਹੀਂ ਹੋਣ ਦੇਣਾ। ਉਹ ਕਹਿੰਦਾ, ਮੇਰਾ ਰਾਜ ਹੈ ਮੈਂ ਰਾਜ ਕਰਨਾ ਹੈ। ਤੇਰਾ ਰਾਜ ਨਿੱਕਾ ਜਿਹਾ ਹੈ, ਮੇਰਾ ਰਾਜ ਸਾਰੀ ਸ੍ਰਿਸ਼ਟੀ ਤੇ ਹੈ। ਐਨਾ ਕੁ ਮੈਂ ਕਰ ਸਕਦਾ ਹਾਂ ਕਿ ਤੂੰ ਮੈਨੂੰ ਥਾਂ ਦੇ ਦੇ ਕਿ ਜਿੱਥੇ ਮੈਂ ਰਹਿ ਸਕਾਂ। ਰਹਿਣਾ ਮੈਂ ਜ਼ਰੂਰ ਹੈ। ਕਹਿੰਦਾ, ਚੰਗਾ, ਤੂੰ ਮੰਗ ਕਿੱਥੇ ਮੰਗਦਾ ਹੈਂ ਥਾਂ। ਧਿਆਨ ਨਾਲ ਸੁਣਿਓ।

ਕਹਿਣ ਲੱਗਿਆ, ਮਹਾਰਾਜ ਪ੍ਰੀਕਸ਼ਤ! ਮੈਨੂੰ ਜੂਏਖਾਨੇ ਵਿੱਚ ਥਾਂ ਦੇ ਦੇ, ਜਿੱਥੇ ਜੂਆ ਖੇਲ੍ਹਦੇ ਹੋਣ। ਉਹ ਕਹਿੰਦਾ, ਮੇਰੇ ਰਾਜ ਵਿੱਚ ਤਾਂ ਜੂਆ ਕੋਈ ਖੇਲ੍ਹਦਾ ਹੀ ਨਹੀਂ, ਕਿਉਂਕਿ ਜੂਆ ਖੇਲ੍ਹਣ ਨਾਲ ਮਹਾਂਭਾਰਤ ਦਾ ਯੁੱਧ ਹੋਇਆ। ਧੋਖੇ ਨਾਲ ਮੇਰੇ ਬਜ਼ੁਰਗਾਂ ਨੂੰ ਹਰਾ ਦਿੱਤਾ ਤੇ ਉਹਦਾ ਨਤੀਜਾ ਕੀ ਨਿਕਲਿਆ, 45 ਲੱਖ ਯੋਧਾ ਸੰਪੂਰਨ ਰੂਪ ਵਿੱਚ ਖਤਮ ਹੋ ਗਿਆ ਤੇ

ਅੱਜ ਭਾਰਤ ਵਰਸ਼ ਵਿੱਚ ਨਾ ਕੋਈ ਸਾਇੰਸ ਰਹੀ ਹੈ, ਨਾ ਕੋਈ ਯੋਧਾ ਰਿਹਾ ਹੈ। ਸ਼ੰਕਰ ਵਰਨ ਓਲਾਦ ਹੋ ਗਈ। ਮਾਂ ਬਾਪ ਦੇ ਬਹੁਤ ਘੱਟ ਬੱਚੇ ਨੇ, ਏਧਰੋਂ ਓਧਰੋਂ ਮੰਗ ਕੇ ਲਏ ਹੋਏ ਬੱਚੇ ਨੇ ਤੇ ਜੂਆ ਤਾਂ ਹੈ ਨਹੀਂ ਬੰਦ ਕਰ ਦਿੱਤਾ। ਹੋਰ ਮੰਗ ਕਿੱਥੇ ਰਹਿ ਸਕਦਾ ਹੈਂ। ਕਹਿਣ ਲੱਗਿਆ, ਮਹਾਰਾਜ! ਮੈਨੂੰ ਸ਼ਰਾਬਖਾਨਿਆਂ 'ਚ ਜਗ੍ਹਾ ਦੇ ਦਿਓ। ਪ੍ਰੀਕਸ਼ਦ ਕਹਿਣ ਲੱਗਿਆ ਕਿ ਮੇਰੇ ਰਾਜ ਵਿੱਚ ਤਾਂ ਕੋਈ ਸ਼ਰਾਬ ਪੀਂਦਾ ਹੀ ਨਹੀਂ ਹੈ। ਇੱਕ ਵੀ ਬੰਦਾ ਨਹੀਂ ਪੀਂਦਾ।

ਦੋ ਹਜ਼ਾਰ ਸਾਲ ਹੋਏ, ਇੱਕ ਰਾਜਾ ਹੋਇਆ ਹੈ ਜਿਸਦਾ ਨਾਮ ਬਿਕਰਮਾਜੀਤ ਸੀ। ਦਿੱਲੀ ਜਾਓ, ਬਿਰਲਾ ਮੰਦਰ ਦੇ ਕੋਲ ਇੱਕ ਥੰਮ ਹੈ, ਉਹਦੇ ਉਤੇ ਲਿਖਿਆ ਹੋਇਆ ਹੈ ਕਿ ਮੇਰੇ ਰਾਜ ਵਿੱਚ ਕੋਈ ਬੰਦਾ ਚੋਰ ਨਹੀਂ ਹੈ। ਮੇਰੇ ਰਾਜ ਵਿੱਚ ਕੋਈ ਵੇਸਵਾ ਨਹੀਂ ਹੈ। ਮੇਰੇ ਰਾਜ ਵਿੱਚ ਕੋਈ ਸ਼ਰਾਬ ਪੀਣ ਵਾਲਾ ਨਹੀਂ ਹੈ। ਕਿੱਡਾ ਸੁਥਰਾ ਰਾਜ, ਹਜ਼ਾਰਾਂ ਮੁਰੱਬਾ ਮੀਲ ਦਾ ਰਾਜ। ਅੱਜ ਭਾਰਤ ਵਰਸ਼ ਹੈ ਬਹੁਤ ਵੱਡਾ, ਦੱਖਣ ਇਹਦੇ ਵਿੱਚ ਰਲ ਗਈ ਹੈ। ਪਰ ਉਸ ਤਰ੍ਹਾਂ ਦਾ ਨਹੀਂ ਹੈ ਉਧਰ ਪਾਕਿਸਤਾਨ ਆ ਗਿਆ, ਇਧਰ ਬੰਗਲਾ ਦੇਸ਼ ਆ ਗਿਆ। ਉਤੇ ਤਿੱਬਤ ਵਗੈਰਾ ਦੀ ਹੱਦ ਗਈ। ਤਾਸ਼ਕੰਦ ਤੋਂ ਲੈ ਕੇ ਬਿਕਰਮਾਜੀਤ ਦਾ ਰਾਜ ਸ਼ੁਰੂ ਹੋਇਆ ਕਰਦਾ ਹੈ। ਅਫਗਾਨਿਸਤਾਨ ਉਹਦੇ ਵਿੱਚ ਸੀ। ਐਡੇ ਰਾਜ ਦੇ ਵਿੱਚ ਕੋਈ ਵੀ ਗਲਤ ਗੱਲ ਨਹੀਂ ਹੁੰਦੀ, ਕਹਿੰਦਾ, ਡਾਕਾ ਮੇਰੇ ਕੋਈ ਮਾਰਦਾ ਹੀ ਨਹੀਂ ਸੀ। ਅੱਠ ਲਿਖੀਆਂ ਹੋਈਆਂ ਨੇ ਗੱਲਾਂ ਪੜ੍ਹ ਲਿਓ। ਥਾਂ-ਥਾਂ 'ਤੇ ਸਤੰਭ ਲੱਗੇ ਹੋਏ ਨੇ। ਉਹ ਖਬਰ ਦਿੰਦੇ ਨੇ ਕਿ ਦੋ ਹਜ਼ਾਰ ਸਾਲ ਪਹਿਲਾਂ ਕਿਹੋ ਜਿਹੇ ਮਨੁੱਖਾਂ ਦੇ ਸੁਭਾਅ ਸੀ, ਅੱਜ ਅਸੀਂ ਕਿੱਥੇ ਚਲੇ ਗਏ।

ਸੋ ਉਹ ਕਹਿਣ ਲੱਗਿਆ ਕਿ ਮੇਰੇ ਰਾਜ ਵਿੱਚ ਤਾਂ ਕੋਈ ਸ਼ਰਾਬਖਾਨਾ ਹੀ ਨਹੀਂ ਹੈ, ਨਾ ਸ਼ਰਾਬ ਕੱਢਦਾ ਹੈ ਕੋਈ।

ਹੋਰ ਦੱਸ?

ਕਹਿਣ ਲੱਗਿਆ, ਮਹਾਰਾਜ! ਫੇਰ ਮੈਨੂੰ ਉਥੇ ਥਾਂ ਦੇ ਦਿਓ, ਜਿੱਥੇ ਵੇਸਵਾਵਾਂ ਹੋਣ, ਕਿਉਂਕਿ ਉਹ ਮੇਰੀ ਫੌਜ ਹੈ ਵੇਸਵਾਵਾਂ।

ਉਹ ਕਹਿਣ ਲੱਗਿਆ, ਪੁਰਖਾ! ਮੇਰੇ ਰਾਜ ਵਿੱਚ ਇੱਕ ਵੀ ਵੇਸਵਾ ਨਹੀਂ ਹੈ। ਇੱਥੇ ਪਤੀਵਰਤਾ ਤੇ ਇਸਤਰੀ ਵਰਤਾ, ਸਤਿ ਵਰਤ ਧਰਮ ਚਲਦੇ ਨੇ। ਕੋਈ ਕਿਸੇ ਦੇ ਸਤਿ ਵਲ ਨਹੀਂ ਦੇਖਦਾ, ਜਤੀ ਸਤੀ ਪੁਰਸ਼ ਨੇ, ਸਾਧਨਾ ਸੰਪੰਨ ਨੇ, ਨਾਮ ਜਪਦੇ ਨੇ। ਸੋ ਜਦ ਵੇਸਵਾ ਹੈ ਹੀ ਨਹੀਂ ਤੈਨੂੰ ਕਿੱਥੇ ਥਾਂ ਦੇਵਾਂ?

ਫੇਰ ਪੁੱਛਿਆ, ਕਹਿਣ ਲੱਗਿਆ ਕਿ ਪੰਜਵੀਂ ਜਗ੍ਹਾ ਦੱਸ ਕਿੱਥੇ ਹੈ। ਕਿਉਂਕਿ ਤੂੰ ਪੰਜ ਜਗ੍ਹਾ ਦੱਸੀਆਂ ਨੇ। ਕਹਿਣ ਲੱਗਿਆ ਕਿ ਮਹਾਰਾਜ! ਹੁਣ ਮੈਨੂੰ ਨਾਂਹ ਨਾ ਕਰਿਓ, ਕਿਉਂਕਿ ਮੈਂ ਰਹਿਣਾ ਜ਼ਰੂਰ ਹੈ।

ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਸੋਨੇ ਵਿੱਚ ਥਾਂ ਦੇ ਦਿਓ।

ਸੁਭਾਵਿਕ ਹੀ ਕਹਿ ਦਿੱਤਾ ਕਿ ਹਾਂ ਤੂੰ ਸੋਨੇ ਵਿੱਚ ਰਹਿ ਸਕਦਾ ਹੈਂ। ਸੋਨਾ ਕਲਜੁਗ ਦਾ ਪ੍ਰਤੀਕ ਹੈ। ਸੋਨੇ ਵਿੱਚ ਰਹਿਣ ਦੇ ਨਾਲ ਨਤੀਜਾ ਕੀ ਹੋਇਆ ਕਿ ਰਾਜੇ ਪ੍ਰੀਕਸ਼ਤ ਦੀ ਬੁੱਧੀ ਭ੍ਰਿਸ਼ਟ ਹੋ ਕੇ ਤਾਜ ਪਹਿਨਿਆ ਹੋਇਆ ਸੀ, ਇਹਨੇ ਇੱਕ ਮਰਿਆ ਹੋਇਆ ਸੱਪ ਇੱਕ ਰਿਸ਼ੀ ਦੇ ਗਲ ਵਿੱਚ ਪਾ ਦਿੱਤਾ। ਉਹਨੇ ਸਰਾਪ ਦੇ ਦਿੱਤਾ ਕਿ ਅੱਠਾਂ ਦਿਨਾਂ ਦੇ ਅੰਦਰ ਸੱਪ ਲੜ ਕੇ ਮਰੇਗਾ, ਜਿਹਨੇ ਮੇਰੇ ਗਲ 'ਚ ਪਾਇਆ ਹੈ। ਚੇਲੇ ਨੇ ਸਰਾਪ ਦੇ ਦਿੱਤਾ ਉਹਦੇ।

ਸੋ ਰਾਜਾ ਪ੍ਰੀਕਸ਼ਤ ਵੇਲੇ ਕਲਜੁਗ ਪੂਰੇ ਜ਼ੋਰ ਨਾਲ ਦਾਖਲ ਹੋ ਗਿਆ, ਫੇਰ ਇਹਨੂੰ ਕੀਹਨੇ ਪੁੱਛਣਾ ਸੀ ਜਦ ਪ੍ਰੀਕਸ਼ਤ ਹੀ ਚੜ੍ਹਾਈ ਕਰ ਗਿਆ। ਫੇਰ ਝੂਠ ਆ ਗਿਆ, ਛਲ, ਕਪਟ, ਨਿੰਦਿਆ, ਚੁਗਲੀਆਂ, ਛਲ ਆ ਗਿਆ। ਝੂਠ ਦੀ ਨੀਤੀ ਆ ਗਈ। ਦੁਨੀਆਂ ਦੁਖੀ ਹੋ ਗਈ।

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਮੈਂ ਟੋਲ੍ਹਦਾ ਫਿਰਦਾ ਹਾਂ, ਕਿਸੇ ਥਾਂ 'ਤੇ ਮੈਨੂੰ ਧਰਮ ਦਾ ਪਤਾ ਲੱਗ ਜਾਵੇ।

***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

***ਅੰਗ - 145***

ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ, ਕੋਈ ਰਾਹ ਨਹੀਂ ਹੈ ਧਰਮ ਦਾ। ਪ੍ਰੀਕਸ਼ਤ ਨੇ ਇੱਕ ਗੱਲ ਕਹੀ ਕਿ ਤੂੰ ਤਾਂ ਫੇਰ ਮਾਰਨ ਵਾਲਾ ਹੈ, ਤੇਰੇ ਵਿੱਚ ਗੁਣ ਤਾਂ ਕੋਈ ਨਹੀਂ, ਸਾਰੇ ਔਗੁਣ ਹੀ ਨੇ। ਕਹਿਣ ਲੱਗਿਆ, ਰਾਜਾ ਪ੍ਰੀਕਸ਼ਤ! ਮੇਰੇ ਵਿੱਚ ਇੱਕ ਗੁਣ ਵੀ ਹੈ। ਮੇਰੇ ਵਿੱਚ ਗੁਣ ਇਹ ਹੈ ਕਿ ਪਹਿਲੇ ਯੁੱਗਾਂ ਦੇ ਅੰਦਰ ਦਸ ਹਜ਼ਾਰ ਸਾਲ ਤਪਸਿਆ ਦੇ ਬਰਾਬਰ ਸਤਿਜੁਗ ਦੀ ਦੇ, ਹਜ਼ਾਰ ਸਾਲ ਦੀ ਤਪਸਿਆ ਤ੍ਰੇਤੇ ਦੀ; ਤ੍ਰੇਤੇ ਦੀ ਹਜ਼ਾਰ ਸਾਲ ਦੀ ਤਪਸਿਆ ਦੇ ਬਰਾਬਰ ਦੁਆਪਰ ਦੀ ਸੌ ਸਾਲ ਦੀ ਤਪਸਿਆ। ਦੁਆਪਰ ਦੀ ਸੌ ਸਾਲ ਦੀ ਸਤਿਜੁਗ ਦੀ ਦਸ ਹਜ਼ਾਰ ਸਾਲ ਦੀ, ਕਲਜੁਗ ਦੀ ਦੋ ਘੜੀ ਜੇ ਚਿੱਤ ਇਕਾਗਰ ਕਰਕੇ ਸਤਿਸੰਗ ਕਰ ਲਏ ਤਾਂ ਸਤਿਸੰਗ ਦਾ ਮਹਾਤਮ ਉਸ ਤੋਂ ਵੱਧ ਹੁੰਦਾ ਹੈ। ਕਿੰਨਾ ਕੁ ਹੁੰਦਾ ਹੈ ਦੋ ਘੜੀ, 45 ਮਿੰਟ ਹੁੰਦਾ ਹੈ। ਜੇ ਮਨ ਚਿਤ ਇਕਾਗਰ ਕਰਕੇ, ਸਮਝ ਕੇ ਇੱਕ ਵਾਰੀ ਵਾਹਿਗੁਰੂ ਕਹਿ ਦੇਵੇ, ਸਾਰੀ ਜ਼ਿੰਦਗੀ 'ਚ ਇੱਕ ਵਾਰੀ ਸਮਝ ਕੇ। ਉਹਦੇ ਸਾਰੇ ਪਾਪ ਉਸੇ ਵੇਲੇ ਨਸ਼ਟ ਹੋ ਜਾਣਗੇ ਤੇ ਬੈਕੁੰਠ ਧਾਮ ਨੂੰ ਚਲਿਆ ਜਾਏਗਾ। ਕਹਿਣ ਲੱਗਿਆ, ਮੇਰੇ ਵਿੱਚ ਸਿਫਤ ਵੀ ਹੈ, ਮੈਂ ਮਾੜਾ ਵੀ ਹੱਦ ਦਰਜੇ ਦਾ ਹਾਂ ਪਰ ਮੇਰੇ ਰਾਜ ਦੇ ਅੰਦਰ ਪ੍ਰਮੇਸ਼ਰ ਨੇ ਜੀਵਾਂ ਦੇ ਉਧਾਰ ਵਾਸਤੇ ਬਹੁਤ ਹੀ ਸੁਖੈਨ ਸਾਧਨ ਦੇ ਦਿੱਤਾ।

ਪਹਿਲੇ ਜ਼ਮਾਨਿਆਂ ਦੇ ਅੰਦਰ ਬਹੁਤ ਔਖੇ ਸਾਧਨ ਹੁੰਦੇ ਸੀ, ਬਾਰ-ਬਾਰ ਮੈਂ ਦੀਵਾਨਾਂ ਵਿੱਚ ਦਸਦਾ ਵੀ ਰਹਿੰਦਾ ਹਾਂ। ਜਿਹੜੇ ਲਗਾਤਾਰ ਆਉਣ ਵਾਲੇ ਪ੍ਰੇਮੀ ਨੇ ਜਾਣਦੇ ਨੇ ਕਿ ਕਿੰਨੇ ਔਖੇ ਸਾਧਨ ਕਰਨੇ ਪੈਂਦੇ ਸੀ। ਇਹ ਕਲਜੁਗ ਦੇ ਅੰਦਰ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ -

*ਧਾਰਨਾ - ਨਾਨਕ ਨਾਮ ਸੁਖਾਲਾ ਕਲਜੁਗ,*
*ਨਾਨਕ ਨਾਮ ਸੁਖਾਲਾ।*

*ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।*

*ਭਾਈ ਗੁਰਦਾਸ ਜੀ, ਵਾਰ 31/1*

ਸੋ ਉਹ ਨਾਮ ਜਿਸਦੇ ਨਾਲ ਐਸੇ ਭਿਆਨਕ ਯੁੱਗ ਵਿਚੋਂ ਤਰਿਆ ਜਾ ਸਕਦਾ ਹੈ, ਉਹ ਸਤਿਸੰਗ 'ਚ ਮਿਲਦਾ ਹੈ -

*ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥*
*ਇਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥*

*ਅੰਗ - 72*

ਉਸ ਨੂੰ ਸਤਿਸੰਗਤ ਕਹਿੰਦੇ ਹਨ ਹੀ ਓਹੀ ਜਿੱਥੇ ਨਾਮ ਦੀ ਬਾਤ ਚਲਦੀ ਹੈ। ਬਾਕੀ ਤਾਂ ਰੌਲਾ ਗੌਲਾ ਹੈ, ਚੁਟਕਲੇ ਸੁਣ ਲਓ, ਹੱਸ ਲਓ ਉਹ ਤਾਂ ਬਥੇਰੇ ਹਸਾਉਣ ਵਾਲੇ ਆਈ ਜਾਂਦੇ ਨੇ ਰੇਡੀਓ, ਟੈਲੀਵੀਜ਼ਨ 'ਚ।

ਸੋ ਇਸ ਤਰ੍ਹਾਂ ਦੇ ਨਾਲ ਜੋ ਸਾਡੇ ਤਰਨ ਦਾ ਸਾਧਨ ਹੈ ਜਿਸਦੇ ਰਾਹੀਂ ਅਸੀਂ ਲੰਮੇ ਸਫਰ ਨੂੰ ਮੁਕਾਉਣਾ ਹੈ ਉਹ ਹੁਣ ਪਿਆਰਿਓ! ਸਮਾਂ ਆ ਗਿਆ। ਮਹਾਰਾਜ ਕਹਿੰਦੇ, ਐਹੋ ਜਿਹਾ ਸਮਾਂ ਮੁੜ ਕੇ ਤੇਰੇ ਹੱਥ ਨਹੀਂ ਆਉਣਾ, ਐਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਪਛਤਾਵੇਂਗੀ ਜਿੰਦੇ ਵੇਲਾ ਹੱਥ ਨਹੀਂਓ ਆਉਣਾ।*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*

*ਅੰਗ - 1428*

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥* *ਅੰਗ - 1159*

ਕਿੰਨਾ ਸੁਖੈਨ ਸਾਨੂੰ ਗੁਰੂ ਮਹਾਰਾਜ ਨੇ ਬੋਲ ਕੇ ਦੱਸਿਆ ਹੈ ਕਿ ਤੂੰ ਕੁਛ ਕਰਨ ਵਾਸਤੇ ਆਇਆ ਹੈਂ ਸੰਸਾਰ 'ਚ। ਜਿਹੜੇ ਕੰਮਾਂ 'ਚ ਤੂੰ ਲੱਗਿਆ ਹੋਇਆ ਹੈਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥* *ਅੰਗ - 12*

ਵਿਅਰਥ ਨੇ ਸਾਰੇ, ਕਿਸੇ ਕੰਮ ਦੇ ਨਹੀਂ -

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥* *ਅੰਗ - 12*

ਲੱਕ ਬੰਨ੍ਹ ਲੈ। ਐਨਾ ਕੁ ਬਹੁਤ ਹੈ ਉਪਦੇਸ਼ ਤਾਂ।

ਇੱਕ ਵਾਰੀ ਅਸੀਂ ਬਾਬਾ ਜਵਾਲਾ ਸਿੰਘ ਜੀ ਦੇ ਦਰਸ਼ਨ ਕਰਨ

ਗਏ, ਹਰਖੋਵਾਲ ਵਾਲੇ। ਤੁਹਾਡੇ ਬੀਜੀ ਮੇਰੇ ਨਾਲ ਸਨ, ਇੱਥੇ ਅੰਨਪੂਰਨਾ ਵਿੱਚ ਆਏ ਹੋਏ ਸੀ, ਕੂਹਣੀ ਸਾਹਿਬ ਗੁਰਦੁਆਰੇ ਦੇ ਨਾਲ। ਸੰਗਤ ਆਈ ਜਾਏ, ਬੈਠੀ ਜਾਏ, ਕਾਫੀ ਸੰਗਤ ਹੋ ਗਈ ਉੱਠ ਕੇ ਬੈਠ ਕੇ। ਸੰਤ ਮਹਿੰਦਰ ਸਿੰਘ ਗੁਟਕਾ ਹੱਥ 'ਚ ਲੈ ਕੇ ਪਾਠ ਕਰ ਰਹੇ ਸੀ। ਇਸ਼ਾਰਾ ਕਰਿਆ, ਕਹਿੰਦੇ ਮਹਿੰਦਰ ਸਿੰਘ ਉਰ੍ਹੇ ਆ। ਮੰਜੇ 'ਤੇ ਬਿਠਾਇਆ ਕਿਉਂਕਿ ਮਹਾਂਪੁਰਸ਼ ਬਾਣੀ ਦਾ ਸਤਿਕਾਰ ਕਰਦੇ ਨੇ, ਕੋਈ ਬਾਣੀ ਪੜ੍ਹਦਾ ਹੋਵੇ, ਕਦੇ ਨਹੀਂ ਉੱਚੇ ਥਾਂ ਬੈਠਦੇ। ਉਹਨੂੰ ਉੱਚੇ ਥਾਂ ਬਿਠਾਉਣਗੇ। ਇਹ ਮਰਿਯਾਦਾ ਗੁਰੂ ਛੇਵੇਂ ਪਾਤਸ਼ਾਹ ਤੋਂ ਚਲੀ ਆ ਰਹੀ ਹੈ। ਗੁਰੂ ਛੇਵੇਂ ਪਾਤਸ਼ਾਹ ਨੇ ਜਦੋਂ ਭਾਈ ਗੁਪਾਲੇ ਤੋਂ ਜਪੁਜੀ ਸਾਹਿਬ ਦਾ ਪਾਠ ਸਰਵਣ ਕੀਤਾ, ਤਾਂ ਆਪਣੇ ਤਖਤ ਦੇ ਨਾਲੋਂ ਚਾਰ ਉਂਗਲ ਉੱਚਾ ਉਹਦਾ ਆਸਣ ਲਵਾਇਆ। ਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਤੁਸੀਂ ਗੁਰੂ ਤੇ ਇਹ ਸਿੱਖ, ਇਹਦਾ ਆਸਣ ਚਾਰ ਉਂਗਲ ਉੱਚਾ? ਅਸੀਂ ਕਿਵੇਂ ਸਹਿਨ ਕਰ ਲਵਾਂਗੇ?

ਕਹਿੰਦੇ, ਪਿਆਰਿਓ! ਤੁਸੀਂ ਭੁੱਲਦੇ ਓਂ। ਗੁਰੂ ਸਰੀਰ ਨਹੀਂ ਹੋਇਆ ਕਰਦੇ, ਗੁਰੂ ਸ਼ਬਦ ਹੋਇਆ ਕਰਦਾ ਹੈ। ਇਹਦੇ ਅੰਦਰੋਂ ਸ਼ਬਦ ਰੂਪ ਦੇ ਵਿੱਚ, ਗੁਰੂ ਨੇ ਬੋਲਣਾ ਹੈ। 'ਜਪੁਜੀ ਸਾਹਿਬ' ਦੇ ਰੂਪ 'ਚ। ਅਸੀਂ ਦੇਹ ਹਾਂ। ਦੇਹ ਦਾ ਮੁਕਾਬਲਾ ਸ਼ਬਦ ਨਾਲ ਨਹੀਂ ਹੋ ਸਕਦਾ। ਸ਼ਬਦ ਦਾ ਸਤਿਕਾਰ ਹੈ ਕਿ ਜਿੱਥੋਂ ਸ਼ਬਦ ਆ ਰਿਹਾ ਹੈ, ਜਿਸ ਸਰੀਰ 'ਚੋਂ ਉਹ ਉੱਚਾ ਬੈਠੇ।

ਫੇਰ ਪਤਾ ਨਹੀਂ ਕਿਉਂ ਕਹਿ ਦਿੰਦੇ ਨੇ ਕਿ ਜੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਹਿੰਦੇ ਨੇ ਜੀ। ਪਤਾ ਨਹੀਂ ਕਿੰਨੀ ਮੂਰਖਤਾਈਂ ਵਧੀ ਹੋਈ ਹੈ ਸਾਡੇ 'ਚ। ਹੇਠਾਂ ਬਹਿ ਜਾਓ ਸੰਗਤ ਨੂੰ ਨਹੀਂ ਦਿਸਦਾ। ਰੋਜ਼ ਸਟੇਜਾਂ ਕੌਣ ਲਾਵੇ। ਫੇਰ ਉਹ ਉਤੇ ਬਹਿੰਦਾ ਹੈ, ਬਾਣੀ ਪੜ੍ਹਦਾ ਹੈ, ਗੱਲਾਂ ਤਾਂ ਨਹੀਂ ਕਰਦਾ, ਕੋਈ ਹਾਸੇ ਵਗੈਰਾ, ਮਖੌਲ ਦੇ ਨਾਟਕ ਚੇਟਕ ਤਾਂ ਨਹੀਂ ਨਾ ਕਰਦਾ। ਗੁਰੂ ਗ੍ਰੰਥ ਸਾਹਿਬ ਤਾਂ ਕਿੰਨੀ ਉਚਿਆਈ 'ਤੇ ਨੇ। ਫੇਰ ਮੰਜੀ ਸਾਹਿਬ ਹੈ, ਉਹਦੇ ਉਤੇ ਗੁਰੂ ਗ੍ਰੰਥ ਸਾਹਿਬ ਨੇ। ਉਹ ਭੁੱਲ ਜਾਂਦੇ ਹਾਂ।

ਗੁਰੂ ਮਹਾਰਾਜ ਨੇ ਚਾਰ ਉਂਗਲ ਉੱਚਾ ਉਹਦਾ ਆਸਣ ਲਵਾਇਆ ਕਿ ਇਸ ਤੋਂ 'ਜਪੁਜੀ ਸਾਹਿਬ' ਸੁਣਨਾ ਹੈ । ਸੋ ਇਸ ਤਰ੍ਹਾਂ ਦੇ ਨਾਲ ਬਾਣੀ ਦਾ ਅਦਬ ਹੈ, ਬਾਣੀ ਦਾ ਜਿੰਨਾਂ ਚਿਰ ਸਾਡੇ ਅੰਦਰ ਅਦਬ ਪੈਦਾ ਨਹੀਂ ਹੁੰਦਾ ਓਨਾਂ ਚਿਰ ਸਾਨੂੰ ਸੋਝੀ ਨਹੀਂ ਆਉਂਦੀ ਹੈ ਕਿਸੇ ਗੱਲ ਦੀ। ਸੋ ਮਹਾਰਾਜ ਕਹਿੰਦੇ, ਪਿਆਰਿਆ! ਤੂੰ ਕੁਛ ਕਰਨ ਵਾਸਤੇ ਆਇਆ ਸੀ, ਉਹ ਤੂੰ ਕਰਿਆ ਨਹੀਂ, ਹੋਰਾਂ ਕੰਮਾਂ ਦੇ ਵਿੱਚ ਤੂੰ ਆਪਣਾ ਸਮਾਂ ਬਰਬਾਦ ਕਰ ਦਿੱਤਾ। ਕੀ ਕਰੇਂਗਾ? ਰੋਣਾ ਹੀ ਪੈਣਾ ਹੈ ਕਿ ਸੰਸਾਰ 'ਤੇ ਆਇਆ ਸੀ, ਮੈਨੂੰ ਰੱਬ ਨੇ ਸਵਾਸ ਦਿੱਤੇ ਸੀ। ਕਿਸੇ ਬੰਦੇ ਨੂੰ ਅਸੀਂ 88 ਕਰੋੜ, 66 ਲੱਖ ਰੁਪਿਆ ਦੇ ਕੇ, ਅਮਰੀਕਾ 'ਚ ਭੇਜ ਦੇਈਏ ਕਿ ਜਾਹ ਵਪਾਰ ਕਰਕੇ ਆ, ਖਰਾ ਵਪਾਰ ਲਿਆ। ਉਹ ਉਥੇ ਹੋਟਲਾਂ ਦੇ ਵਿੱਚ, ਸੈਰ-ਸਪਾਟਿਆਂ 'ਚ, ਸਮੁੰਦਰ ਦੇ ਕੰਢਿਆਂ ਤੇ ਘੁੰਮ ਕੇ ਸਾਰਾ ਰੁਪਿਆ ਖਰਚ ਆਵੇ, ਫੇਰ ਦੇਖ ਲਓ ਉਹਦਾ ਕੀ ਹਾਲ ਹੋਵੇ, ਜੇਲ੍ਹ ਦੇ ਵਿੱਚ ਸੁੱਟ

ਕੇ ਨਾਮ ਹੀ ਨਹੀਂ ਲੈਣਾ ਕਿਸੇ ਨੇ। ਏਸੇ ਤਰ੍ਹਾਂ ਪ੍ਰਭੂ ਨੇ ਸਾਨੂੰ ਸੌ ਸਾਲ ਦੀ ਉਮਰ ਵਾਲੇ ਨੂੰ 88 ਕਰੋੜ, 66 ਲੱਖ ਸਵਾਸ ਦੇ ਕੇ ਸੰਸਾਰ 'ਤੇ ਭੇਜਿਆ ਹੈ ਕਿ ਪਿਆਰਿਆ! ਤੇਰਾ ਸਫਰ ਬੜਾ ਲੰਮਾ ਹੋ ਜਾਏਗਾ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
***ਅੰਗ - 999***

ਤੈਨੂੰ ਖਰਬਾਂ-ਖਰਬਾਂ ਸਾਲ ਹੋ ਗਏ ਦੁਖੀ ਹੁੰਦੇ ਨੂੰ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥* ***ਅੰਗ - 176***

ਹੁਣ ਤੇਰੀ ਵਾਰੀ ਆ ਗਈ। ਵਾਰੀ ਆਈ ਹੈ ਤਾਂ ਤੂੰ ਇੱਕ ਅੱਖਰ ਜਪਣਾ ਹੈ ਸਿਰਫ, ਜੇ ਤਾਂ ਤੂੰ ਇੱਕ ਅੱਖਰ ਜਪ ਗਿਆ, ਤਾਂ ਤੂੰ ਪਾਰ। ਤੇਰੇ ਸਾਰੇ ਦੁੱਖਾਂ ਦਾ ਖਾਤਮਾ। ਜੇ ਉਹ ਇੱਕੋ ਹੀ ਅੱਖਰ ਨਾ ਤੂੰ ਜਪ ਸਕਿਆ ਤਾਂ ਪਿਆਰਿਆ! ਫੇਰ ਤੂੰ ਕਿਸੇ ਕੰਮ ਨਹੀਂ। ਸਿਧਾਂਤ ਹੈ ਗੁਰੂ ਗ੍ਰੰਥ ਸਾਹਿਬ ਦਾ, ਮੈਂ ਨਹੀਂ ਕਹਿ ਰਿਹਾ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* ***ਅਕਾਲ ਉਸਤਤਿ***

ਛਿਨ ਕਹਿੰਦੇ ਨੇ ਅੱਖ ਦੇ ਝਮਕਣ ਜਿੰਨਾਂ ਚਿਰ ਨੂੰ। ਇਸ ਤੋਂ ਵੱਡਾ concession (ਰਿਆਇਤ) ਕਦੇ ਮਿਲ ਸਕਦਾ ਹੈ? ਉਨ੍ਹਾਂ ਜੁਗਾਂ 'ਚ ਤਾਂ ਹੈ ਨਹੀਂ ਸੀ, ਸਿਰਫ ਕਲਜੁਗ ਨੂੰ ਪ੍ਰਾਪਤ ਹੋਇਆ ਹੈ। ਕਿਉਂਕਿ ਇਹਦਾ ਬਲ ਬਹੁਤਾ ਹੈ, ਜਗਿਆਸੂ ਨਹੀਂ ਤਾਂ ਭੁੱਲ ਜਾਣਗੇ। ਇੱਕ ਵਾਰੀ ਨਾਮ ਜਪਿਆ ਹੋਇਆ, ਉਹ ਪਾਰ ਹੋ ਜਾਏਗਾ।

ਕੋਈ ਹੋਇਆ ਹੈ?

ਕਹਿੰਦੇ, ਹਾਂ, ਬਥੇਰੇ ਹੋਏ ਨੇ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥*
***ਅੰਗ - 902***

ਚੁਟਕੀ ਜਿੰਨੇ ਚਿਰ 'ਚ। ਵੱਡੇ-ਵੱਡੇ ਜੋਗੀ ਗੁਫਾਵਾਂ 'ਚ ਬੈਠ ਕੇ

ਜਿਹੜੀ ਅਵਸਥਾ ਨੂੰ ਲੱਭਦੇ ਸੀ, ਉਹਨੇ ਚੁਟਕੀ 'ਚ ਲੈ ਲਈ। ਉਹ ਨਾਮ ਦੀ ਮਹਿਮਾ ਹੈ ਇਹ ਕੋਈ ਕਹਾਣੀਆਂ ਨਹੀਂ ਹੈਗੀਆਂ। ਇਹਨੂੰ ਮਿਥਿਓਲੋਜੀ ਕਹੀ ਜਾਂਦੇ ਨੇ। ਇਨ੍ਹਾਂ ਨੂੰ ਪਤਾ ਹੀ ਨਹੀਂ ਮਿਥਿਓਲੋਜੀ ਕੀ ਹੁੰਦੀ ਹੈ। ਮਿਥਿਓਲੋਜੀ ਕੋਈ ਨਹੀਂ ਇਹ ਤਾਂ ਗੱਲਾਂ ਓਵੇਂ ਜਿਵੇਂ ਸੀਨੇ-ਬ-ਸੀਨੇ ਚਲਦੀਆਂ ਆਈਆਂ ਨੇ। ਸਬੰਧ ਨਹੀਂ ਟੁੱਟਿਆ ਕਿਸੇ ਥਾਂ ਤੇ ਵੀ, ਸਤਿਪੁਰਸ਼ਾਂ ਦੇ ਬਚਨ ਨੇ।

ਵੇਦ ਕੀ ਹੈ? ਵੇਦ ਜਦੋਂ ਪ੍ਰਗਟ ਹੋਏ ਨੇ ਜਦ ਨਹੀਂ ਲਿਖੇ ਗਏ, ਇਹ ਤਾਂ ਹੁਣ ਜਦ ਕਲਜੁਗ 'ਚ ਬੁੱਧੀਆਂ ਕਮਜ਼ੋਰ ਹੋ ਗਈਆਂ ਤਾਂ ਲਿਖੇ ਗਏ। ਤਿੰਨ ਜੁਗਾਂ ਦੇ ਅੰਦਰ ਤਾਂ ਇਹ ਜਿਹਦੇ ਜ਼ੁਬਾਨੀ ਚਾਰ ਵੇਦ ਯਾਦ ਹੁੰਦੇ ਸੀ ਉਹਨੂੰ ਚਤੁਰਬੇਦੀ ਕਹਿੰਦੇ ਸੀ, ਜਿਹਦੇ ਤਿੰਨ ਹੁੰਦੇ ਤ੍ਰਿਬੇਦੀ, ਜਿਹਦੇ ਦੋ ਹੁੰਦੇ ਦੁਬੇਦੀ, ਜਿਹਦੇ ਇੱਕ ਹੁੰਦਾ ਉਹਨੂੰ ਬੇਦੀ ਕਹਿੰਦੇ ਸੀ। ਏਵੇਂ ਜਿਵੇਂ ਹੀ ਚਲਦੇ ਆਏ ਨੇ। ਹੁਣ ਗੁਰੂ ਅੱਠਵੇਂ ਪਾਤਸ਼ਾਹ ਪੰਜ ਸਾਲ ਦੇ ਸੀ ਜਦੋਂ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਯਾਦ ਸੀਗਾ। ਬਾਬਾ ਫਰੀਦ ਪੰਜ ਸਾਲ ਦੇ ਸੀ ਜਿਸ ਵਕਤ ਉਨ੍ਹਾਂ ਦੇ ਪੂਰਾ ਕੁਰਾਨ ਸ਼ਰੀਫ ਯਾਦ ਸੀਗਾ। ਇਹ ਕੁਦਰਤ ਵਲੋਂ ਹੋਇਆ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਸ ਕਲਜੁਗ ਦੇ ਵਿੱਚ ਜੋ ਸਾਡੀ ਸਾਧਨਾ ਹੈ, ਮਹਾਰਾਜ ਕਹਿੰਦੇ ਨਾਮ ਦੀ ਸਾਧਨਾ ਹੈ। ਅਸੀਂ ਕਹਿੰਦੇ ਹਾਂ ਕਿ ਜੀ ਨਾਮ ਜਪਦੇ ਹਾਂ, ਬਿਲਕੁਲ ਨਹੀਂ, ਕਿਸੇ ਨੂੰ ਨਹੀਂ ਨਾਮ ਜਪਣਾ ਆਉਂਦਾ। ਮਹਾਰਾਜ ਨੇ ਵੱਡਿਆਂ-ਵੱਡਿਆਂ ਦੇ ਨਾਉਂ ਲਏ ਨੇ, ਨਾਰਦ ਦੇ, ਸੰਨਕਾਦਕਾਂ ਦੇ ਕਹਿੰਦੇ ਪਰ ਫੇਰ ਵੀ ਉਨ੍ਹਾਂ ਨੇ ਅੰਦਰ ਵਸਦਾ ਵਾਹਿਗੁਰੂ ਦੇਖਿਆ ਨਹੀਂ ਹੈ। ਸੋ ਹੁਣ ਆਪਾਂ ਸਤਿਸੰਗ 'ਚ ਆਉਂਦੇ ਹਾਂ। ਇੱਥੇ ਵਿਚਾਰਾਂ ਚਲਦੀਆਂ ਨੇ ਬਹੁਤ ਲੰਬੀਆਂ ਚੌੜੀਆਂ, ਇਹ ਤਾਂ ਮਹਾਰਾਜ ਦੀ ਮਿਹਰਬਾਨੀ ਹੈ ਜਿਨ੍ਹਾਂ ਨੇ ਫਿਲਮਾਂ ਵਿੱਚ ਰਿਕਾਰਡ ਕਰਾ ਦਿੱਤਾ। ਮੈਨੂੰ ਹੁਕਮ ਦੇ ਦਿੱਤਾ ਸੀ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਕਿ ਫਿਲਮਾਂ ਬਣਾ। 2250, 2300 ਦੇ ਕਰੀਬ ਆਡੀਓ ਕੈਸਟਾਂ ਰਿਕਾਰਡ ਹੋ ਗਈਆਂ। ਆਹ ਜਿਹੜਾ ਮੈਗਜ਼ੀਨ ਹੈ ਇਹ ਜੇ ਬੰਦੇ ਕਾਬਲ ਆਈ ਗਏ ਸੌ ਸਾਲ ਤੱਕ ਮੇਰਾ ਬੋਲਿਆ ਹੋਇਆ ਨਹੀਂ ਮੁੱਕਣਾ ਇਹਦੇ 'ਚ। 50 ਸਫੇ ਛਾਪੀ ਜਾਓ, ਸੌ ਸਾਲ ਨਹੀਂ ਮੁੱਕਦੇ, ਐਨੀ ਚੀਜ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਇਕੱਠੀ ਹੋ ਗਈ ਹੈ। ਐਸ ਬੋਲੀ 'ਚ ਜਿਵੇਂ ਮੈਂ ਬੋਲਦਾ ਹਾਂ, ਵਿਚਾਰ ਦੇ ਨਾਲ।

ਸੋ ਮਹਾਰਾਜ ਕਹਿੰਦੇ, ਹੁਣ ਰਿਹਾ ਨਹੀਂ ਵੇਲਾ। ਕਾਹਲੀ ਕਰ, ਛੇਤੀ ਕਰ ਤੂੰ। 'ਮਤ ਸਾਹ ਆਵੇ ਕਿ ਨਾ ਆਵੇ।'

***ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ***
***ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥***

***ਅੰਗ - 540***

ਕਹਿੰਦੇ ਚੁਟਕੀ ਜਿੰਨਾਂ ਵੀ ਸਮਾਂ ਢਿੱਲ ਨਾ ਕਰ। ਪਤਾ ਨਹੀਂ ਸਾਹ ਨੇ ਆਉਣਾ ਹੈ ਕਿ ਨਹੀਂ ਆਉਣਾ। ਐਨੀ ਤਾਕੀਦ ਕੀਤੀ ਗਈ ਹੈ ਇਸ

ਗੱਲ ਨੂੰ ਅਸੀਂ ਸਮਝਦੇ ਨਹੀਂ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਪਾਸ ਆਏ ਸਿੱਖ ਇਕੱਠੇ ਹੋ ਕੇ ਕਿ ਮਹਾਰਾਜ ਅਸੀਂ ਉਪਦੇਸ਼ ਤਾਂ ਬਹੁਤ ਸੁਣਦੇ ਹਾਂ ਪਰ ਹਿਰਦੇ ਵਿੱਚ ਨਹੀਂ ਟਿਕਦਾ।

ਇਸ ਨੂੰ ਮੈਂ ਵੀ ਪਰਤਿਆ ਕੇ ਦੇਖਿਆ ਹੈ ਇੱਥੋਂ ਜਾ ਕੇ ਜੇ ਮੈਂ ਇਨ੍ਹਾਂ ਹੀ ਸਿੰਘਾਂ ਨੂੰ ਕਹਾਂ ਆਪ ਦਿਆਂ ਨੂੰ, ਮੈਂ ਤੁਹਾਨੂੰ ਨਹੀਂ ਕਹਿੰਦਾ ਤੁਸੀਂ ਬਹੁਤ ਚੰਗੇ ਓਂ। ਆਹ ਜਿਨ੍ਹਾਂ ਨੇ ਘਰ ਬਾਰ ਛੱਡੇ ਨੇ, ਇਨ੍ਹਾਂ ਨੂੰ ਜੇ ਮੈਂ ਕਹਾਂ ਕਿ ਮੈਂ ਕੀ ਬੋਲਿਆ ਹੈ ਪੰਜ ਮਿੰਟ ਲਈ ਬੋਲ ਕੇ ਦੱਸੋ? ਪੰਜ ਮਿੰਟ ਹੀ ਬੋਲ ਕੇ ਨਹੀਂ ਦਸ ਸਕਦੇ। ਉਹ ਕਿਉਂ ਨਹੀਂ ਬੋਲਿਆ ਕਿਉਂਕਿ ਹਿਰਦੇ 'ਚ ਨਹੀਂ ਵਸਿਆ।

ਉਨ੍ਹਾਂ ਨੂੰ ਵੀ ਇਹੀ ਸੰਕਟ ਸੀ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਉਪਦੇਸ਼ ਸੁਣਦੇ ਹਾਂ, ਉਸ ਵੇਲੇ ਸਾਡਾ ਜਿਹੜਾ ਮਨ ਹੈ ਉਹ ਪੂਰੀ ਤਰ੍ਹਾਂ ਏਸ ਗੱਲ 'ਚ ਆਇਆ ਹੁੰਦਾ ਹੈ ਕਿ ਹੁਣ ਅਸੀਂ ਨਾਮ ਜਪਾਂਗੇ। ਕੋਈ ਸਾਨੂੰ ਸ਼ੱਕ-ਸੁਬਾ ਨਹੀਂ ਹੁੰਦਾ, ਕੋਈ ਸਾਡੇ ਅੰਦਰ ਤਰਕ ਨਹੀਂ ਹੁੰਦੀ। ਤੁਹਾਡੇ ਸਤਿ ਬਚਨ ਨੇ, ਪਰ ਸੱਚੇ ਪਾਤਸ਼ਾਹ! ਇਹ ਸਾਡੇ ਹਿਰਦੇ ਵਿੱਚ ਟਿਕਦੇ ਕਿਉਂ ਨਹੀਂ ਹਨ। ਆਪ ਦੇ ਬਚਨ ਹਿਰਦੇ ਵਿੱਚ ਕਿਉਂ ਨਹੀਂ ਵਸਦੇ। ਮਹਾਰਾਜ ਕਹਿਣ ਲੱਗੇ ਕਿ ਤੁਸੀਂ ਬੜੀ ਚੰਗੀ ਗੱਲ ਪੁੱਛੀ। ਕਹਿਣ ਲੱਗੇ, ਜਿਹੜਾ ਤੁਹਾਡਾ ਅੰਤਸ਼ਕਰਣ ਹੈ ਨਾ ਜਿੱਥੇ ਇਨ੍ਹਾਂ ਚੀਜ਼ਾਂ ਨੇ ਟਿਕਣਾ ਹੈ ਉਹਨੂੰ ਤੁਸੀਂ ਹਿਰਦਾ ਕਹਿੰਦੇ ਓਂ। ਚਾਰ ਚੀਜ਼ਾਂ ਉਹਦੇ 'ਚ ਹੁੰਦੀਆਂ ਨੇ - ਮਨ, ਚਿਤ, ਬੁੱਧੀ ਤੇ ਮੈਂ ਭਾਵ ਹੁੰਦਾ ਹੈ। ਚੇਤਨਾ ਹੁੰਦੀ ਹੈ। ਇਨ੍ਹਾਂ ਚਾਰਾਂ ਨੂੰ ਮਿਲ ਕੇ ਅੰਤਸ਼ਕਰਣ ਕਹਿੰਦੇ ਨੇ। ਹੁਣ ਉਹ ਪਹਿਲਾਂ ਹੀ ਭਰਿਆ ਹੋਇਆ ਹੈ -

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥***

***ਅੰਗ - 474***

ਜੇ ਘੜੇ ਦੇ ਵਿੱਚ ਚੀਜ਼ ਪਾਉਣੀ ਹੈ, ਤਾਂ ਪਹਿਲੀ ਜਿੰਨੀ ਦੇਰ ਤੱਕ ਅਸੀਂ ਕੱਢਦੇ ਨਹੀਂ, ਮੁਕੀ ਪਈ ਹੈ ਅੰਦਰ। ਭਰਿਆ ਹੋਇਆ ਹੈ ਘੜਾ। ਉਸ ਵਿੱਚ ਅਸੀਂ ਛੋਲੇ ਪਾਉਣੇ ਚਾਹੁੰਦੇ ਹਾਂ, ਕਿਹੜਾ ਸੂਰਮਾ ਹੈ ਜਿਹੜਾ ਮੱਕੀ ਦੇ ਵਿੱਚ ਹੀ ਛੋਲੇ ਪਾ ਦੇਵੇ। ਕੋਈ ਹੈ ਤਰੀਕਾ, ਜਦੋਂ ਤੱਕ ਉਹ ਖਾਲੀ ਨਹੀਂ ਹੁੰਦੀ। ਓਨੀਂ ਦੇਰ ਤੱਕ ਦੂਜੀ ਚੀਜ਼ ਨਹੀਂ ਪੈਂਦੀ। ਮਹਾਰਾਜ ਕਹਿੰਦੇ ਪਿਆਰਿਓ! ਜਨਮਾਂ-ਜਨਮਾਂ ਦੇ ਸੰਸਕਾਰ, ਪਾਪ, ਯਾਦਦਾਸ਼ਤਾਂ, ਕੀਤੇ ਹੋਏ ਕਰਮ, ਉਨ੍ਹਾਂ ਦੇ ਹਿਸਾਬ ਉਨ੍ਹਾਂ ਨਾਲ ਤੁਹਾਡਾ ਅੰਤਸ਼ਕਰਣ ਲਬਾ-ਲਬ ਭਰਿਆ ਪਿਆ ਹੈ। ਉਹਦੇ 'ਚ ਤਿੰਨ ਚੀਜ਼ਾਂ ਨੇ ਬੜੀਆਂ ਜ਼ਬਰਦਸਤ ਜਿਹੜੀਆਂ ਜਦੋਂ ਤੱਕ ਤੁਸੀਂ ਸਾਫ ਨਹੀਂ ਕਰਦੇ, ਓਨੀਂ ਦੇਰ ਤੱਕ ਉਥੇ ਹੋਰ ਚੀਜ਼ ਨੇ ਟਿਕਣਾ ਨਹੀਂ ਹੈ।

ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਆਪ ਵਿਸਥਾਰ ਦੇ ਨਾਲ ਦੱਸੋ।

ਮਹਾਰਾਜ ਕਹਿੰਦੇ, ਪਹਿਲੀ ਤਾਂ ਗੱਲ ਇਹ ਹੈ ਐਸ ਤਰ੍ਹਾਂ ਪੜ੍ਹ ਲਓ-

*ਧਾਰਨਾ – ਜਨਮਾਂ ਜਨਮਾਂ ਦੀ ਮੈਲ ਲੱਗੀ ਮਨ ਨੂੰ,*
*ਰੰਗ ਕਾਲਾ ਸਿਆਹ ਹੋ ਗਿਆ।*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ – 651*

ਇੱਕ ਕਾਲਾ ਹੁੰਦਾ ਹੈ, ਇੱਕ ਬਿਲਕੁਲ ਕਾਲਾ ਕੱਟ ਕਹਿੰਦੇ ਨੇ, ਸਿਆਹ। ਦੋ ਅੱਖਰ ਮਹਾਰਾਜ ਨੇ ਦਾਖਲ ਕਰ ਦਿੱਤੇ, ਬਈ ਐਨਾ ਕਾਲਾ ਹੋ ਗਿਆ ਕਿ ਚਟਿਆਈ ਕਿਤੇ ਨਜ਼ਰ ਹੀ ਨਹੀਂ ਆਉਂਦੀ। ਆਹ ਹਾਲ ਹੈ ਸਾਡਾ ਮਹਾਰਾਜ ਕਹਿੰਦੇ। ਅਸੀਂ ਬਹੁਤ ਵੱਡੇ-ਵੱਡੇ ਬਣੇ ਫਿਰਦੇ ਹਾਂ। ਕੋਹਲੂ ਦੀ ਲੀਰ, ਉਹਦੇ 'ਚ ਥੰਦਿਆਈ ਐਨੀ ਰਚ ਜਾਂਦੀ ਹੈ ਕਿ ਸੈਂਕੜੇ ਵਾਰੀ ਧੋਣ ਦੇ ਨਾਲ ਵੀ ਸਾਫ ਨਹੀਂ ਹੁੰਦੀ। ਕਹਿੰਦੇ, ਪਿਆਰਿਓ! ਇਹਨੂੰ ਮਲ ਕਹਿੰਦੇ ਨੇ। ਕਰੋੜਾਂ ਜਨਮਾਂ ਦੇ ਕਰਮਾਂ ਦੀ ਮੈਲ ਇਹਦੇ ਵਿੱਚ ਭਰੀ ਪਈ ਹੈ। ਜਦੋਂ ਤੱਕ ਮੈਲ ਦਾ ਖਾਤਮਾ ਨਹੀਂ ਹੁੰਦਾ, ਅਗਾਂਹਾਂ ਗੁਰੂ ਦਾ ਉਪਦੇਸ਼ ਕਿਵੇਂ ਆ ਜਾਏਗਾ, ਮੈਲੇ ਮਨ ਦੇ ਅੰਦਰ। ਮੈਲਾ ਮਨ ਤਾਂ ਬਹੁਤ ਤਿਲਕਣਾ ਹੁੰਦਾ ਹੈ ਉਹਦੇ ਵਿੱਚ ਉਪਦੇਸ਼ ਸਮਾਇਆ ਹੀ ਨਹੀਂ ਕਰਦਾ। ਜੇ ਪਾਠ ਕਰੇਗਾ ਤਾਂ ਉਹ ਪਾਠ ਨਹੀਂ ਕਰ ਸਕਦਾ, ਮਨ ਨਹੀਂ ਲੱਗਣਾ। ਕਿਉਂਕਿ ਮਨ ਮੈਲਾ ਹੈ। ਜੇ ਤੀਰਥਾਂ 'ਤੇ ਨਾਹੁੰਣ ਚਲਿਆ ਗਿਆ, ਸਾਬਣ ਨਾਲ ਨਾਹੁੰਦਾ ਹੈ, ਮਲ-ਮਲ ਕੇ ਨਾਹੁੰਦਾ ਹੈ ਮਹਾਰਾਜ ਕਹਿੰਦੇ –

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*

*ਅੰਗ – 558*

ਗੱਲ ਅਸੀਂ ਚਲਾ ਰਹੇ ਹਾਂ ਮਨ ਦੀ, ਤੂੰ ਤਨ ਧੋਈ ਜਾਂਦਾ ਹੈਂ। ਇਹਦੇ ਨਾਲ ਤਾਂ ਕੁਛ ਵੀ ਨਹੀਂ ਫਰਕ ਪੈਂਦਾ। ਇਹ ਤੇਰੇ ਅੰਦਰ ਮੈਲ ਲੱਗੀ ਹੋਈ ਹੈ, ਮੈਲ ਵੀ ਐਸੀ ਹੈ ਜਿਹੜੀ ਕਿਸੇ ਤਰੀਕੇ ਨਾਲ ਲਹਿੰਦੀ ਹੀ ਨਹੀਂ ਹੈ। ਕਹਿੰਦੇ, ਮਹਾਰਾਜ, ਸ਼ਾਸਤਰ ਪੜ੍ਹ ਕੇ, ਧਰਮ ਗ੍ਰੰਥ ਪੜ੍ਹ ਕੇ ਕਹਿੰਦੇ ਹੋਰ ਲਗ ਜਾਂਦੀ ਹੈ। ਦਾਨ ਕਰਕੇ ਕਹਿੰਦੇ ਹੋਰ ਲਗ ਜਾਂਦੀ ਹੈ, ਸੇਵਾ ਕਰਕੇ, ਕਹਿੰਦੇ ਜੇ ਜੁਗਤ ਨਾਲ ਨਾ ਕਰੇ ਤਾਂ ਹੋਰ ਲਗ ਜਾਂਦੀ ਹੈ। ਹਰ ਚੀਜ਼ 'ਚ ਭੇਤ ਹੈ, ਸੇਵਾ ਕਰਨ 'ਚ। ਨਾਮ ਜਪਣ 'ਚ, ਦਾਨ ਕਰਨ 'ਚ ਹਰ ਚੀਜ਼ 'ਚ ਭੇਤ ਹੈ। ਜਦੋਂ ਤੱਕ ਸਾਨੂੰ ਪਤਾ ਨਹੀਂ ਲਗਦਾ ਓਨੀਂ ਦੇਰ ਤੱਕ ਨਤੀਜਾ ਨਹੀਂ ਨਿਕਲਿਆ ਕਰਦਾ। ਮਹਾਰਾਜ ਕਹਿਣ ਲੱਗੇ, ਪਿਆਰਿਓ! ਐਨੀ ਮੈਲ ਹੈ ਕਿ ਨਿਕਲਦੀ ਨਹੀਂ।

ਸੱਚੇ ਪਾਤਸ਼ਾਹ! ਬਚਨ ਤਾਂ ਚਲਾ ਲਿਆ, ਹੁਣ ਆਪ ਕ੍ਰਿਪਾ ਕਰਕੇ ਇਹਦਾ ਇਲਾਜ ਵੀ ਦੱਸੋ?

ਮਹਾਰਾਜ ਕਹਿੰਦੇ, ਇਲਾਜ ਤਾਂ ਇਹਦੇ ਬਹੁਤ ਨੇ, ਬਾਕੀ ਸਾਰੀਆਂ ਮੈਲਾਂ ਨਿਸ਼ਕਾਮ ਕਰਮ ਕਰਨ ਨਾਲ ਦੂਰ ਹੋ ਜਾਂਦੀਆਂ ਨੇ, ਇੱਕ ਮੈਲ ਲੱਗੀ ਰਹਿ ਜਾਂਦੀ ਹੈ। ਉਹ ਨਹੀਂ ਹੁੰਦੀ। ਉਹ ਕਿਸੇ ਤਰੀਕੇ ਨਾਲ ਨਹੀਂ

ਹੁੰਦੀ, ਨ ਪੜ੍ਹਨ ਨਾਲ, ਨਾ ਵਿਚਾਰਨ ਨਾਲ, ਨਾ ਜਾਗਣ ਨਾਲ, ਨਾ ਤਪ ਕਰਨ ਨਾਲ; ਉਹ ਵਧਦੀ ਜਾਂਦੀ ਹੈ।

ਮਹਾਰਾਜ ਐਸੀ ਮੈਲ ਕਿਹੜੀ ਹੈ? ਨੇਕ ਕਰਮ ਕਰਕੇ ਵੀ ਨਹੀਂ ਲਹਿੰਦੀ?

ਮਹਾਰਾਜ ਕਹਿੰਦੇ, ਹਾਂ।

ਉਹਦਾ ਨਾਉਂ?

ਮਹਾਰਾਜ ਕਹਿੰਦੇ, ਹਉਮੈ।

ਉਹ ਨਹੀਂ ਲਹਿੰਦੀ, ਪੁੱਛ ਲਓ ਕਹਿੰਦੇ ਗਿਆਨੀਆਂ ਨੂੰ ਜਾ ਕੇ, ਪੜ੍ਹਿਆਂ ਹੋਇਆ ਨੂੰ ਪੁੱਛ ਲਓ। ਆਪ ਹੀ ਮੈਲ ਦੇ ਅਧੀਨ ਨੇ। ਸੋ ਇਸ ਕਰਕੇ ਉਹਦਾ ਇਲਾਜ ਹੈ, ਸਮਰੱਥ ਗੁਰੂ ਕੋਲ ਇੱਕ ਵਸਤੂ ਹੈ ਜਿਹਨੂੰ ਨਾਮ ਕਹਿੰਦੇ ਨੇ। ਉਹ ਮੰਤਰ ਦਿੰਦਾ ਹੈ, ਮੰਤਰ ਨਾਲ ਸਾਧਨਾ ਕਰਾ-ਕਰਾ ਕੇ ਨਾਮ ਦੇ ਮੰਡਲ ਤੱਕ ਲੈ ਜਾਂਦਾ ਹੈ। ਜਿਸ ਵਕਤ ਨਾਮ ਦੇ ਮੰਡਲ ਵਿੱਚ ਸੁਰਤ ਦਾਖਲ ਹੁੰਦੀ ਹੈ। ਉਸ ਵੇਲੇ ਮੈਲ ਦਾ ਖਾਤਮਾ ਹੋ ਜਾਂਦਾ ਹੈ। ਹਉਮੈ ਮੈਲ ਜਿਸਨੂੰ ਆਖਦੇ ਨੇ। ਉਹਦੇ ਵਿਰੋਧੀ ਤੱਤ ਨੇ। ਨਾਮ ਹੈ ਤਾਂ ਹਉਮੈ ਨਹੀਂ, ਹਉਮੈ ਹੈ ਤਾਂ ਨਾਮ ਨਹੀਂ। ਰੌਲਾ ਰੱਪਾ ਪਿਆ, ਅਸੀਂ ਬੜੇ ਬਣਦੇ ਫਿਰਦੇ ਹਾਂ, ਅਸੀਂ ਆਪਣੀ ਹੋਂਦ ਨੂੰ ਮੰਨਦੇ ਹਾਂ ਕਿ ਮੇਰੀ ਹੋਂਦ ਹੈ। ਜਦੋਂ ਤੱਕ ਅਸੀਂ ਆਪਣੀ ਹੋਂਦ ਨੂੰ ਮੰਨਦੇ ਹਾਂ, ਕਿੰਨੇ ਹੀ ਚੰਗੇ ਹਾਂ, ਮੈਲ ਤਾਂ ਲੱਗੀ ਲਗਾਈ ਰਹਿ ਗਈ ਫੇਰ ਓਹ, ਲਹਿੰਦੀ ਨਹੀਂ ਜਿਸ ਕਰਕੇ ਅੰਤਸ਼ਕਰਣ ਨਿਰਮਲ ਨਹੀਂ ਹੁੰਦਾ । ਨਿਸ਼ਕਾਮ ਕਰਮਾਂ ਦੇ ਨਾਲ ਹਉਮੈ ਤੋਂ ਬਿਨਾਂ ਬਾਕੀ ਸਾਰੀਆਂ ਮੈਲਾਂ ਲਹਿ ਜਾਂਦੀਆਂ ਨੇ। ਸੋ ਪਿਆਰਿਓ! ਉਹਦਾ ਇਲਾਜ ਸਮਰੱਥ ਗੁਰੂ ਕੋਲ ਹੁੰਦਾ ਹੈ। ਸਤਿਗੁਰੂ ਕੋਲ ਐਸਾ ਰੰਗ ਕਾਟ ਹੁੰਦਾ ਹੈ, ਉਹਦੇ ਨਾਲ ਉਹ ਮੈਲ ਨੂੰ ਲਾਹ ਦਿੰਦਾ ਹੈ। ਹੋਰ ਕੋਈ ਤਰੀਕਾ ਨਹੀਂ ਹੈ, ਜਦੋਂ ਤੱਕ ਉਹ ਮੈਲ ਅੰਦਰ ਹੈ, ਗੁਰੂ ਦਾ ਉਪਦੇਸ਼ ਟਿਕਦਾ ਨਹੀਂ ਹੈ। ਇੱਥੇ ਹੀ ਨਹੀਂ, ਦੂਸਰੀ ਇੱਕ ਹੋਰ ਜਬਰਦਸਤ ਮੈਲ ਹੈ। ਉਹ ਕੀ ਹੈ ਹਜ਼ੂਰ? ਉਹ ਕਹਿਣ ਲੱਗੇ ਕਿ ਉਹ ਹੈ, ਵਿਖਸ਼ੇਪਤਾ। ਮਨ ਵਿੱਚ ਵਿਖਸ਼ੇਪਤਾ ਰਹਿਣੀ, ਗੁਰੂ ਦੇ ਉਪਦੇਸ਼ ਨੂੰ ਸੁਣ ਕੇ, ਮੱਥੇ ਟੇਕਦੇ ਹੋਇਆ, ਗੁਰੂ ਮੰਨਦਾ ਹੋਇਆ, ਕਿੱਡਾ ਹੀ ਸਮਰੱਥ ਹੋਵੇ, ਗੁਰੂ ਨੂੰ ਇਹ ਵੀ ਜਾਣਦਾ ਹੋਇਆ ਕਿ ਇਹ ਰੱਬ ਵਰਗਾ ਹੀ ਹੈ, ਲੇਕਿਨ ਉਹਦਾ ਸੰਸਾ ਨਹੀਂ ਮਰਦਾ, ਵਿਖਸ਼ੇਪਪੁਣਾ ਉਹਦਾ ਦੂਰ ਨਹੀਂ ਹੁੰਦਾ।

ਸੱਚੇ ਪਾਤਸ਼ਾਹ! ਸਾਡੇ ਸਮਝ 'ਚ ਨਹੀਂ ਆਈ ਇਹ ਗੱਲ।

ਕਹਿਣ ਲੱਗੇ, ਪਿਆਰਿਓ! ਦੇਖੋ ਗੁਰੂ ਕਹਿੰਦਾ ਹੈ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਉਹ ਹਸਤੀ ਜਿਹਨੂੰ 'ਏਕੰਕਾਰ' ਕਹਿੰਦੇ ਨੇ, ਉਹਦੇ ਵਿੱਚ ਆਹ

ਚੀਜ਼ਾਂ ਨੇ, ਸੰਖੇਪ ਦੇ ਵਿੱਚ ਤੁਹਾਨੂੰ ਦੱਸੀਆਂ ਨੇ ਅਸੀਂ। ਹੈ ਸਭ ਕੁਛ ਹੀ। ਲੇਕਿਨ ਜੋ ਉਹਦੀ ਪਛਾਣ ਕਰਨੀ ਹੈ ਤਾਂ ਦੱਸਣਾ ਪੈਂਦਾ ਹੈ, ਜੇ ਬੰਦੇ ਦੀ ਪਛਾਣ ਕਰਨੀ ਹੋਵੇ ਦੱਸਣਾ ਪੈਂਦਾ ਹੈ ਕਿ ਇਹੋ ਜਿਹੀ ਕੋਠੀ 'ਚ ਰਹਿੰਦਾ ਹੈ। ਐਸ ਤਰ੍ਹਾਂ ਕੱਪੜੇ ਪਹਿਨਦਾ ਹੈ, ਇਹੋ ਜਿਹੀ ਉਹਦੀ ਕਾਰ ਹੈ, ਫੇਰ ਨਿਸ਼ਚਾ ਹੋ ਜਾਂਦਾ ਹੈ ਕਿ ਟੋਲ੍ਹ ਲਵਾਂਗੇ। ਹੁਣ ਮਹਾਰਾਜ ਫੁਰਮਾਨ ਕਰਦੇ ਨੇ ਕਿ ਓਸ ਵਾਹਿਗੁਰੂ ਨੇ, ਇਹਨੂੰ ਵਾਹਿਗੁਰੂ ਕਹਿ ਲਓ, ਪ੍ਰਮਾਤਮਾ ਕਹਿ ਲਓ, ਨਿਰੰਕਾਰ ਕਹਿ ਲਓ, ਪਰ ਇਹਦਾ ਅਸਲੀ ਨਾਮ ਏਕੰਕਾਰ ਹੈ, ਕਿਉਂਕਿ ਗੁਰੂ ਮਹਾਰਾਜ ਨੇ ਏਕੰਕਾਰ ਨਾਮ ਰੱਖਿਆ ਹੈ। ਵਾਹਿਗੁਰੂ ਨਾਮ ਨਹੀਂ ਹੈ, ਵਾਹਿਗੁਰੂ ਮੰਤਰ ਹੈ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***

***ਭਾਈ ਗੁਰਦਾਸ ਜੀ, ਵਾਰ 13/2***

ਇਹ ਸੱਤਾ ਜਿਹੜੀ ਹੈ ਨਾ, ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ; ਇਹ ਏਕੰਕਾਰ ਹੈ। ਇਹਨੂੰ ਸਤਿਨਾਮ ਕਹਿ ਲਓ, ਇਹ ਏਕੰਕਾਰ ਹੈ। ਉਹ ਏਕੰਕਾਰ ਜਿਹੜਾ ਹੈ ਇਹਨੇ ਆਪਣੀ ਖੇਲ੍ਹ ਰਚੀ। ਆਪੇ ਇੱਕ ਤੋਂ ਅਨੇਕ ਹੋ ਗਿਆ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ। ਜਾਪੁ ਸਾਹਿਬ***

ਇਹਨੂੰ ਮਹਾਰਾਜ ਨੇ ਕਿਹਾ ਕਿ ਇਹਨੂੰ ਅਸੀਂ ਸੱਚ ਕਹਿੰਦੇ ਹਾਂ, ਸੱਚ ਕਹਿ ਲੈਨੇ ਹਾਂ ਚਲੋ। ਚੀਜ਼ ਇਹੀ ਹੈ ਜਿਹੜੀ ਤੁਹਾਨੂੰ ਏਕੰਕਾਰ ਤੋਂ ਗੁਰਪ੍ਰਸਾਦਿ ਤੱਕ ਦੱਸੀ ਹੈ। ਇਹਦਾ ਨਾਮ ਅਸੀਂ ਸੱਚ ਰੱਖ ਲੈਂਦੇ ਹਾਂ। ਇਹ ਜਿਹੜੀ ਹਸਤੀ ਹੈ ਇਹ ਪਹਿਲਾਂ ਵੀ ਇਹੀ ਸੀਗੀ। ਜਦੋਂ ਸ੍ਰਿਸ਼ਟੀ ਦਾ ਆਦਿ ਹੋਇਆ ਉਸ ਵੇਲੇ ਵੀ ਇਹੀ ਸੀ, ਹੁਣ ਵੀ ਇਹੀ ਹੈ, ਜਦੋਂ ਕੁਛ ਵੀ ਨਹੀਂ ਹੋਏਗਾ-

***ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥***

***ਅੰਗ - 1000***

ਫੇਰ ਵੀ ਓਹੀ ਹੋਊ। ਉਹਨੂੰ ਅਸੀਂ ਸੰਖੇਪ ਦੇ ਵਿੱਚ ਤੁਹਾਨੂੰ ਸਮਝਾਉਣ ਨੂੰ -

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਇਹ ਉਪਦੇਸ਼ ਹੈ ਗੁਰੂ ਦਾ, ਏਸ ਉਪਦੇਸ਼ ਨੂੰ ਕਹਿੰਦੇ ਨੇ -

***ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਅੰਗ - 274***

ਇਹ ਬੀਜ ਵਾਲਾ seed ਦਾ ਮੰਤਰ ਹੈ, ਸਭ ਤੋਂ ਜ਼ਿਆਦਾ ਗਿਆਨ ਏਸੇ ਦਾ ਹੋਣਾ ਹੈ ਜਦ ਹੋਣਾ ਹੈ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥ ਅੰਗ - 736***

ਇਹ ਹੁਣ ਮਹਾਰਾਜ ਨੇ ਤਾਂ ਕਹਿ ਦਿੱਤਾ, ਉਪਦੇਸ਼ ਹੈ ਗੁਰੂ ਦਾ, ਮਹਾਰਾਜ ਕਹਿਣ ਲੱਗੇ ਤੁਹਾਡੇ ਮਨ 'ਚ ਨਹੀਂ ਵਸ ਸਕਦਾ। ਕਿਉਂਕਿ ਤੁਹਾਡਾ ਅੰਤਸ਼ਕਰਣ ਭਰਿਆ ਹੋਇਆ ਹੈ ਮੈਲ ਨਾਲ। ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੈ। ਦੂਸਰਾ ਹੈਗਾ ਵਿਖਸ਼ੇਪ ਇਹ ਗੱਲ ਨੂੰ ਤੁਸੀਂ ਸੱਚ ਮੰਨਣਾ ਹੀ ਨਹੀਂ, ਜ਼ੋਰ ਲਾ ਲਓ ਜਿੰਨਾਂ ਲਗਦਾ ਹੈ। ਹੁਣ ਗੁਰੂ ਨਾਨਕ ਸਾਹਿਬ ਕਹਿ ਰਹੇ ਨੇ, ਨਿਰੰਕਾਰ ਦੀ ਹਜ਼ੂਰੀ 'ਚ ਕਹਿੰਦੇ ਨੇ ਕਿਹਾ, ਇਹ ਤਾਂ ਇੱਕ ਪ੍ਰਤੀਕ ਬਣਾ ਕੇ ਗੱਲ ਦੱਸਣ ਵਾਸਤੇ ਹੈ। ਗੁਰੂ ਨਾਨਕ ਸਾਹਿਬ ਆਪ ਹੀ ਨਿਰੰਕਾਰ ਸੀਗੇ। ਹੋਰ ਨਹੀਂ ਸੀਗਾ ਕੋਈ। ਹੁਣ ਏਸ ਗੱਲ ਨੂੰ ਮੰਨ ਕੇ ਦਿਖਾਓ ਕੋਈ ਸੂਰਮਾ। ਗੁਰੂ ਦੀ ਕਹੀ ਹੋਈ ਹੈ, ਸਾਨੂੰ ਤਾਂ ਸ਼ੰਕਾ ਨਹੀਂ ਨਾ ਹੈ ਕੋਈ। ਗੁਰੂ ਸਾਹਿਬ ਹੋਰ ਕੁਛ ਕਰਾ ਲਓ, ਆਹ ਗੱਲ ਨਹੀਂ ਅਸੀਂ ਮੰਨਣੀ। ਕਿੱਡੀ ਬਗਾਵਤ ਹੈ ਸਾਡੀ ਗੁਰੂ ਤੋਂ। ਉਂਞ ਸਾਡਾ ਗੁਰੂ ਹੈ, ਗੁਰੂ ਹੈ, ਰੌਲਾ ਪਾ ਦੇਣਾ ਹੈ, ਸ਼ਬਦ ਗੁਰੂ-ਸ਼ਬਦ ਗੁਰੂ। ਨਾ ਸ਼ਬਦ ਦੀ ਸਮਝ ਆਵੇ ਕਿ ਸ਼ਬਦ ਹੈ ਕਿਹੜਾ, ਜਿਹੜਾ ਸਾਡਾ ਗੁਰੂ ਹੈ। ਨਾ ਸ਼ਬਦ ਗੁਰੂ ਦੀ ਗੱਲ ਮੰਨਦੇ ਹਾਂ।

ਮਹਾਰਾਜ ਕੋਈ ਤਰੀਕਾ?

ਮਹਾਰਾਜ ਕਹਿੰਦੇ ਕੋਈ ਤਰੀਕਾ ਨਹੀਂ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥***
***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥***
***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥***
***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥***

***ਅੰਗ - 1***

ਇਸ ਤੱਤ ਗਿਆਨ ਨੂੰ ਹਰ ਆਦਮੀ ਨਹੀਂ ਮੰਨ ਸਕਦਾ। ਜਿਹੜਾ ਮੰਨ ਜਾਏਗਾ ਉਸੇ ਵੇਲੇ ਬ੍ਰਹਮਗਿਆਨ ਦੀ ਅਵਸਥਾ, ਬਜਰ ਕਪਾਟ ਖੁੱਲ੍ਹ ਜਾਣਗੇ। ਅੰਦਰ ਲਾਈਟ ਦੇ ਉਲਾਂਭੇ, ਵੱਡੀਆਂ ਲਾਈਟਾਂ ਉਸੇ ਵੇਲੇ ਪ੍ਰਕਾਸ਼ ਹੋ ਜਾਣਗੀਆਂ, ਅਨਹਦ ਵਾਜਿਆਂ ਦੀ ਧੁਨ ਜਾਰੀ ਹੋ ਜਾਏਗੀ।

ਕਹਿੰਦੇ ਮੰਨ ਗਿਆ।

ਕਹਿੰਦੇ, ਬਿਲਕੁਲ ਨਹੀਂ, ਕਹਿਣ ਵਾਸਤੇ ਮੰਨ ਲਿਆ। inpractise (ਅਸਲੀ ਰੂਪ ਵਿੱਚ) ਨਹੀਂ ਮੰਨਦੇ, inpractise ਭਾਈ ਘਨੱਈਏ ਨੇ ਮੰਨਿਆ ਸੀ। ਉਹਦੀ ਮਾਨਸਿਕ ਸਥਿਤੀ ਅਸੀਂ ਦਸ ਨਹੀਂ ਸਕਦੇ। ਅਸੀਂ ਆਪਣੀ ਬੋਲੀ 'ਚ ਬੋਲਦੇ ਹਾਂ। ਜਿੰਨੀ ਕੁ ਸਾਡੀ ਪਹੁੰਚ ਹੈ, ਉਥੇ ਕੁ ਤੱਕ ਅਸੀਂ ਗੱਲ ਕਰ ਦਿੰਦੇ ਹਾਂ। ਭਾਈ ਘਨਈਏ ਦੀ ਕੀ ਸਥਿਤੀ ਸੀ, ਕੀ ਸੋਚਦਾ ਸੀ, ਉਹ ਜਾਣਦੇ ਸੀ -

***ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥***

***ਅੰਗ - 273***

ਦੂਸਰੇ ਨੂੰ ਨਹੀਂ ਪਤਾ ਜਾਂ ਵਾਹਿਗੁਰੂ ਜਾਣਦਾ ਹੈ, ਜਾਂ ਬ੍ਰਹਮਗਿਆਨੀ

ਜਾਣਦਾ ਹੈ ਉਹਦੀ ਗਤੀ ਨੂੰ। ਮਹਾਰਾਜ ਕਹਿੰਦੇ, ਇਹ ਵਿਖਸ਼ੇਪ ਹੈ ਪਿਆਰਿਓ, ਇਹਨੂੰ ਵਿਖਸ਼ੇਪ ਕਹਿੰਦੇ ਨੇ। ਨਿਹਚਾ ਨਾ ਲਿਆਉਣਾ, ਸੰਸ਼ਿਆਂ ਦੀ ਮੈਲ ਲੱਗੀ ਰਹਿਣੀ। ਮਨ ਨੇ ਨਿਸ਼ਚੇ ਵਿੱਚ ਨਾ ਆਉਣਾ। ਸੰਸ਼ਿਆਂ ਦੀ ਮੈਲ ਲੱਗੀ ਰਹਿਣੀ, ਮਨ ਨੇ ਨਿਸ਼ਚੇ ਵਿੱਚ ਨਾ ਆਉਣਾ।

ਸੱਚੇ ਪਾਤਸ਼ਾਹ! ਕੋਈ ਤਰੀਕਾ?

ਮਹਾਰਾਜ ਕਹਿੰਦੇ ਇੱਕੋ ਤਰੀਕਾ ਹੈ ਕਿ ਤੁਸੀਂ ਵਾਹਿਗੁਰੂ ਦਾ ਨਾਮ ਇਕਾਗਰ ਚਿੱਤ ਦੇ ਨਾਲ ਜਦੋਂ ਜਪਣਾ ਸ਼ੁਰੂ ਕਰੋਂਗੇ, ਫੇਰ ਅੰਦਰ ਚੜ੍ਹਾਈ ਕਰੋਂਗੇ। ਉਹਦੇ ਦੱਸਣ ਦੀ ਕੋਈ ਲੋੜ ਹੀ ਨਹੀਂ ਹੁੰਦੀ, ਕਿਉਂਕਿ ਅਨੁਮਾਨ ਕਾਇਮ ਹੋ ਜਾਂਦੇ ਨੇ, ਅਰ ਸਾਡੇ ਪ੍ਰਚਾਰਕ ਫੇਰ ਬ੍ਰਹਮ ਗਿਆਨ ਤੋਂ ਥੱਲੇ ਦੀ ਗੱਲ ਨਹੀਂ ਕਰਦੇ, ਉਤੇ ਦੀ ਕਰਨਗੇ। ਪਤਾ ਹੁੰਦਾ ਨਹੀਂ ਹੈ, ਬਿਨਾ ਪਤੇ ਤੋਂ ਉਲਟ ਫੁਲਟ ਹੀ ਕਹਿਣ ਲੱਗ ਜਾਣਗੇ।

ਮਹਾਰਾਜ ਕਹਿੰਦੇ ਇਹਦੀ ਗੱਲ ਨਹੀਂ ਹੈ, ਇਹਨੂੰ ਪ੍ਰਤੱਖ ਰੂਪ 'ਚ ਦੇਖੋ। ਉਹਦਾ ਅਸੀਂ ਤੁਹਾਨੂੰ ਤਰੀਕਾ, ਮੁੱਢ ਦੱਸ ਦਿੰਦੇ ਹਾਂ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜਸ ਕਰੋ ਵਾਹਿਗੁਰੂ ਦਾ,***
***ਪਿਆਰਿਓ ਚਿੱਤ ਨੂੰ ਇਕਾਗਰ ਕਰਕੇ।***

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥*** ***ਅੰਗ - 295***

ਸਭ ਤੋਂ ਪਹਿਲੀ ਜਿਹੜੀ ਸ਼ਰਤ ਹੈ ਏਸ ਗੱਲ ਨੂੰ ਸਮਝਣ ਦੀ, ਉਹ ਚਿੱਤ ਦੀ ਇਕਾਗਰਤਾ ਹੋਣੀ ਚਾਹੀਦੀ ਹੈ, ਜੇ ਚਿੱਤ ਨਹੀਂ ਇਕਾਗਰ ਹੋਇਆ ਤਾਂ ਕੁਛ ਵੀ ਨਹੀਂ ਬਣਦਾ। ਸੁਣਦੇ-ਸੁਣਦੇ ਅਸੀਂ ਜਾਂਦੇ ਹਾਂ, ਬਹੁਤ ਸੁਣਿਆ-ਬਹੁਤ ਸੁਣਿਆ, ਬੇਅੰਤ ਤਰੀਕਿਆਂ ਦੇ ਨਾਲ ਮੈਂ ਬੇਨਤੀਆਂ ਕਰੀਆਂ। ਆਹ ਫਿਲਮਾਂ ਤਾਂ ਥੋੜ੍ਹੀਆਂ ਜਿਹੀਆਂ ਹੀ ਬਣਾਈਆਂ ਨੇ, ਇਹ ਅਸੀਂ 1988 ਕੁ ਤੋਂ ਬਣਾਉਣ ਲੱਗੇ ਹਾਂ, ਥੋੜ੍ਹੀਆਂ-ਥੋੜ੍ਹੀਆਂ। ਜਿਹੜਾ ਸਾਰੀ ਉਮਰ ਪਹਿਲਾਂ ਬੋਲਿਆ ਗਿਆ ਉਹ ਤਾਂ ਕਿਤੇ ਰਿਕਾਰਡ ਹੀ ਨਹੀਂ ਹੋਇਆ। ਜਿਨ੍ਹਾਂ ਨੂੰ, ਜਿਹੜੇ ਬਚਨਾਂ ਨੂੰ ਸੁਣ ਕੇ ਯੂ.ਪੀ. ਦੇ ਵਿੱਚ, ਸੰਗਤ ਦੇ ਵਿੱਚ ਖੜ੍ਹੇ ਹੋ ਕੇ ਕਹਿ ਦਿੰਦੇ ਸੀ ਕਿ ਮਹਾਰਾਜ! ਮੈਂ ਡੰਗਰ ਚੋਰੀ ਕਰਦਾ ਹਾਂ, ਮੈਂ ਐਨਿਆਂ ਦੇ ਡੰਗਰ ਕੱਢੇ ਨੇ, ਮੈਂ ਫਸਿਆ ਨਹੀਂ ਹਾਂ। ਸਾਰੀ ਸੰਗਤ 'ਚ ਕਹਿ ਦੇਣਾ ਖੜ੍ਹੇ ਹੋ ਕੇ। ਮੇਰੀ ਗੱਲ ਵੀ ਸੁਣੋ। ਮੈਨੂੰ ਬਖਸ਼ ਦਿਓ। ਕੋਈ ਬਚਨ ਹੀ ਸੀ, ਕੋਈ ਐਹੋ ਜਿਹੀਆਂ ਚੀਜ਼ਾਂ ਸੀ ਜਿਹੜੀਆਂ ਉਹਨੂੰ ਮਜ਼ਬੂਰ ਕਰ ਦਿੰਦੀਆਂ ਸੀ ਕਿ ਸੰਗਤ 'ਚ ਨਹੀਂ ਬੈਠ ਸਕਦਾ ਤੂੰ। ਉਹਨੂੰ ਉੱਠਣਾ ਪੈਂਦਾ ਸੀ, ਐਨੀਆਂ ਵੱਡੀਆਂ-ਵੱਡੀਆਂ ਗੱਲਾਂ ਉਥੇ ਦਸਦੇ ਸੀ, ਮੈਨੂੰ ਮਿਲਿਆ ਸਬਇੰਸਪੈਕਟਰ, ਉਥੇ ਦਰੋਗਾ ਕਹਿੰਦੇ ਨੇ। ਕਹਿੰਦਾ ਜੀ ਹੋਰ ਬੰਦੇ ਹੁੰਦੇ ਉਨ੍ਹਾਂ ਨਾਲ। ਉਹ ਕਹਿੰਦੇ ਅਸੀਂ ਫੈਸਲਾ ਕਰਿਆ ਹੈ, ਨਾਉਂ ਲਿਖ ਲੈਂਦੇ ਹਾਂ ਅਸੀਂ ਉਹਦਾ, ਕਿਉਂਕਿ ਰਿਪੋਰਟ ਸਾਡੇ ਕੋਲ ਆ ਜਾਂਦੀ ਹੈ। ਉਹਨੂੰ ਛੇ ਮਹੀਨੇ ਚੈਕ ਕਰਦੇ ਹਾਂ ਅਸੀਂ। ਜੇ ਤਾਂ ਛੇ ਮਹੀਨਿਆਂ 'ਚ ਉਸਨੇ ਨਾ ਕੁਛ ਕਰਿਆ ਤਾਂ ਅਸੀਂ ਸਮਝਦੇ ਹਾਂ

ਕਿ ਜਿਹੜਾ ਕੰਮ ਅਸੀਂ ਇਹਨੂੰ ਜੇਲ੍ਹ 'ਚ ਡੱਕ ਕੇ ਕਰਨਾ ਸੀ, ਉਹ ਸਤਿਸੰਗ ਵਿੱਚ ਹੋ ਗਿਆ। ਜੇਲ੍ਹ ਦੇ ਵਿੱਚ ਜਾ ਕੇ ਵੀ ਬੰਦੇ ਨੂੰ ਸੁਧਾਰਨਾ ਹੀ ਹੁੰਦਾ ਹੈ ਮੁੱਖ ਕੰਮ ਤਾਂ। ਉਹ ਜਦ ਤੁਹਾਡੇ ਸਤਿਸੰਗ 'ਚ ਆ ਕੇ ਸੁਧਰ ਗਿਆ, ਛੇ ਮਹੀਨੇ ਬਾਅਦ ਚੈਕ ਕਰਕੇ ਉਹਦਾ ਨਾਉਂ ਫੇਰ ਦਸ ਨੰਬਰ ਜਿਹੜਾ ਬਸਤਾ ਹੈ ਉਹਦੇ ਵਿਚੋਂ ਕੱਟ ਦਿੰਦੇ ਹਾਂ, ਦਸ ਨੰਬਰੀਆਂ ਨਹੀਂ ਫੇਰ ਉਹ ਰਹਿੰਦਾ। ਮਹਾਰਾਜ ਕਹਿੰਦੇ ਕਿ ਇਹ ਠੀਕ ਹੈ, ਬਚਨ ਨੇ ਅਨੇਕਾਂ। ਆਦਮੀ ਦੇ ਨਹੀਂ ਯਾਦ ਰਹਿੰਦੇ ਪਰ ਉਹਦਾ ਅਸਰ ਰਹਿ ਜਾਂਦਾ ਹੈ।

ਐਸੇ ਹੀ ਬਚਨ ਚੱਲ ਰਹੇ ਨੇ ਜਦੋਂ ਤੋਂ ਇਹ ਸਤਿਸੰਗ ਸ਼ੁਰੂ ਹੋਏ ਨੇ। ਸਾਡੇ ਉਤੇ ਕਿੰਨਾ ਕੁ ਬਚਨ ਇਨ੍ਹਾਂ ਬਚਨਾਂ ਦਾ ਹੋ ਚੁੱਕਿਆ ਹੈ। ਮੈਨੂੰ ਤਾਂ ਲਗਦਾ ਹੈ ਬਹੁਤ ਹੋ ਗਿਆ। ਕਿਉਂਕਿ ਜਿੰਨੀ ਸੇਵਾ ਇਹ ਸੰਗਤ ਕਰਦੀ ਹੈ। ਕਿੰਨੀ dedicated ਇਹ ਸੰਗਤ ਹੈ, ਹਜ਼ਾਰਾਂ ਦੀ ਤਾਦਾਦ 'ਚ, ਲੱਖਾਂ ਦੀ ਤਾਦਾਦ 'ਚ, ਉਹ ਗੁਰੂ ਦਾ ਜੋ ਰਸਤਾ ਉਹਦੇ ਉਤੇ ਚੱਲ ਪਏ ਨੇ ਸਾਰੇ। ਮੈਗਜ਼ੀਨ 35-36 ਹਜ਼ਾਰ ਮਹੀਨੇ ਦਾ ਛਪਦਾ ਹੈ, ਵੱਧ ਜਾਣਾ ਹੈ ਹੋਰ। ਕਿੰਨੀਆਂ ਚਿੱਠੀਆਂ ਆਉਂਦੀਆਂ ਨੇ, ਕੱਲ੍ਹ ਹੀ ਮੈਂ ਇੱਕ ਫੈਕਸ ਦੇਖੀ ਹੈ ਲਾਸ ਏਜੰਲੈਸ ਦੀ, ਉਹ ਕਹਿੰਦੇ ਸਾਨੂੰ ਕੀ ਦੇ ਦਿੱਤਾ ਤੁਸੀਂ। ਹੈਰਾਨ ਹੁੰਦੇ ਹਾਂ ਅਸੀਂ ਕਿ ਐਹੋ ਜਿਹੀ ਚੀਜ਼ ਵੀ ਆ ਗਈ ਸੰਸਾਰ 'ਚ। ਐਨਾ ਇਹ ਉਪਦੇਸ਼ ਫਲੀਭੂਤ ਹੋ ਰਿਹਾ ਹੈ, ਦੂਰ ਤੱਕ ਦੁਨੀਆਂ 'ਚ ਜਾ ਰਿਹਾ ਹੈ। ਉਹ ਅਸਰ ਹੋ ਰਿਹਾ ਹੈ, ਅਸਰ ਨਾ ਹੋਵੇ ਫੇਰ ਫੈਕਸ ਕਾਹਨੂੰ ਕਰਨੀ ਸੀ ਉਹਨੇ। ਆਪਣੇ ਪ੍ਰਭਾਵ ਕਿਉਂ ਦਸਦਾ, ਜੇ ਉਹਦੇ 'ਤੇ ਅਸਰ ਨਾ ਹੁੰਦਾ। ਬਹੁਤ ਦਸ ਸਕਦੇ ਨੇ, ਬਹੁਤਿਆਂ 'ਚ ਤਾਕਤ ਹੀ ਨਹੀਂ ਹੁੰਦੀ, ਦਸ ਨਹੀਂ ਸਕਦੇ। ਉਹ ਕਹਿ ਨਹੀਂ ਸਕਦੇ।

ਇੱਕ ਵਾਰੀ ਇੱਥੇ ਇੱਕ ਬੀਬੀ, ਜਦ ਭਾਰਤ ਦੇਖਣ ਵਾਸਤੇ ਇੱਥੋਂ ਭੇਜਿਆ ਕਰਦੀ ਸੀ ਸਰਕਾਰ। ਭਾਰਤ ਦਰਸ਼ਨ ਕਹਿੰਦੇ ਸੀ। ਉਹ ਜਦੋਂ ਵਾਪਸ ਆਈ, ਮੈਂ ਪੁੱਛਣ ਚਲਿਆ ਗਿਆ ਮੈਂ ਕਿਹਾ ਬੀਬਾ! ਕਿੱਥੇ-ਕਿੱਥੇ ਗਏ ਤੁਸੀਂ? ਕਹਿੰਦੀ, ਅਸੀਂ ਇੱਕ ਥਾਂ ਗਏ ਉਹ ਬਹੁਤਾ ਹੀ ਸੋਹਣਾ, ਉਥੇ ਬਹੁਤ ਹੀ ਵਧੀਆ, ਫੇਰ ਇੱਕ ਥਾਂ ਗਏ ਉਹ ਵੀ ਵਧੀਆ ਸੀ। ਮੈਂ ਕਿਹਾ, ਕੋਈ ਥਾਉਂ ਦਾ ਨਾਉਂ ਯਾਦ ਨਹੀਂ ਹੈਗਾ? ਕਹਿੰਦੀ, ਮੈਨੂੰ ਤਾਂ ਐਨਾ ਹੀ ਯਾਦ ਹੈ ਕਿ ਬਹੁਤ ਵਧੀਆ ਸੀ। ਉਹ ਦੱਸਣ ਦੀ ਤਾਕਤ ਨਹੀਂ ਹੁੰਦੀ। ਕਿਸੇ-ਕਿਸੇ ਨੂੰ ਬੋਲੀ ਮਿਲੀ ਹੁੰਦੀ ਹੈ ਸਪੈਸ਼ਲ, ਉਹ ਦੱਸ ਦਿਆ ਕਰਦਾ ਹੈ। ਸੋ ਇਹ ਜੋ ਬਚਨ ਨੇ ਗੁਰੂ ਦੇ, ਮਹਾਰਾਜ ਨੇ ਤਾਂ ਏਸਨੂੰ ਬਹੁਤ ਜ਼ਬਰਦਸਤ ਆਖਿਆ ਹੈ ਕਿ ਜੇ ਭਰੀ ਹੋਈ ਰਾਈਫਲ 'ਚੋਂ ਗੋਲੀ ਨਿਕਲੇ ਜਾਂ ਤੀਰ ਨਿਕਲੇ ਕਮਾਨ ਦੇ ਉਤੋਂ ਉਹਨੇ ਜ਼ਖਮੀ ਕਰਨਾ ਹੀ ਕਰਨਾ ਹੈ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥***

***ਅੰਗ - 1374***

ਸੋ ਮਹਾਰਾਜ ਇੱਥੇ ਇਹ ਦਸਦੇ ਨੇ ਕਿ ਪਿਆਰਿਓ! ਜੋ ਦੂਜੀ ਮੈਲ ਹੈ ਉਹ ਲੱਗੀ ਹੋਈ ਹੈ ਵਿਖਸ਼ੇਪਤਾ ਦੀ ਹੁਣ ਇਹਦਾ ਇਲਾਜ ਹੈ ਚਿੱਤ ਵਿੱਚ ਇਕਾਗਰਤਾ ਆਉਣੀ। ਇਕਾਗਰਤਾ ਆ ਨਹੀਂ ਸਕਦੀ। ਇਕਾਗਰਤਾ ਆਉਂਦੀ ਹੈ ਉਪਾਸ਼ਨਾ ਦੇ ਨਾਲ। ਸੰਤ ਮਹਾਂਪੁਰਸ਼ ਜੁਗਤੀਆਂ ਦਸਦੇ ਰਹਿੰਦੇ ਨੇ ਕਿ ਐਸ ਤਰ੍ਹਾਂ ਇਕਾਗਰ ਕਰ ਤੂੰ ਚਿੱਤ। ਜੋ ਬਹੁਤ ਸੁਖਾਲੀ ਜੁਗਤੀ ਹੈ ਉਹ ਇਸ ਤਰ੍ਹਾਂ ਹੁੰਦੀ ਹੈ -

***ਧਾਰਨਾ - ਮਨ ਵਿੱਚ ਧਰੀਏ ਧਿਆਨ ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*** ***ਅੰਗ - 864***

ਜਿਹੋ ਜਿਹਾ ਵਿਦਿਆਰਥੀ ਓਹੋ ਜਿਹਾ ਉਹਨੂੰ ਉਪਦੇਸ਼। ਬਹੁਤ ਸਾਰੇ ਵਾਦ-ਵਿਵਾਦ 'ਚ ਪੈਂਦੇ ਨੇ। ਇਹ ਵਿਸ਼ਾ ਨਹੀਂ ਹੈ ਵਾਦ-ਵਿਵਾਦ ਦਾ ਇਹ ਤਾਂ ਗੁਪਤ ਹੈ। ਜਿਹੜਾ ਗੁਰਮੁਖ ਹੈ, ਗੁਰੂ ਨਾਨਕ ਸਾਹਿਬ ਨੂੰ ਗੋਰਖ ਨੇ ਕਿਹਾ ਹੇ ਨਾਨਕ! ਤੇਰਾ ਜਿਹੜਾ ਧਰਮ ਹੈ ਸਾਨੂੰ ਏਸ ਤਰ੍ਹਾਂ ਲਗਦਾ ਹੈ ਚੱਲਣਾ ਨਹੀਂ ਹੈ। ਕਹਿੰਦੇ, ਕਿਉਂ? ਕਹਿੰਦੇ, ਤੁਸੀਂ ਇਹਦੇ 'ਚ ਦੇਹਧਾਰੀ ਗੁਰੂ ਦੀ ਹੋਂਦ ਨੂੰ ਨਹੀਂ ਦਾਖਲ ਕਰਿਆ। ਤੁਸੀਂ ਆਪ ਕਿਹਾ ਹੈ ਸ਼ਬਦ ਗੁਰੂ, ਸੁਰਤਿ ਧੁਨ ਚੇਲਾ। ਸ਼ਬਦ ਜਿਹੜਾ ਹੈ ਉਹ ਨਿਰਾਕਾਰ ਹੈ। ਨਿਰਾਕਾਰ ਦਾ ਧਿਆਨ ਕਿਵੇਂ ਲੱਗੇਗਾ। ਮਹਾਰਾਜ ਕਹਿਣ ਲੱਗੇ, ਗੋਰਖਨਾਥ! ਨਾਮ ਮਾਰਗ ਹੈ ਇਹ। ਜਿਹਨੂੰ ਅਸੀਂ ਸਿੱਖ ਧਰਮ ਕਹਿੰਦੇ ਹਾਂ। 'ਆਤਮ ਮਾਰਗ', 'ਨਾਮ ਮਾਰਗ', ਏਸ ਨਾਮ ਮਾਰਗ ਵਿੱਚ ਗੁਰਮੁੱਖ ਦੀ ਮਹੱਤਤਾ ਹੈ। ਜਿਸਨੇ ਗੁਰਮੁਖ ਪਦਵੀ ਪ੍ਰਾਪਤ ਕਰ ਲਈ ਉਹਦੀ ਹਉਂ ਗੁਰੂ ਵਿੱਚ ਲੀਨ ਹੋ ਜਾਂਦੀ ਹੈ। ਗੁਰੂ ਉਹਦੇ ਵਿੱਚ ਸਮਾਅ ਜਾਂਦਾ ਹੈ। ਉਹਨੇ ਜਨਤਾ ਦੇ ਉਤੇ ਪਰਉਪਕਾਰ ਕਰਨਾ ਹੈ ਕਿਉਂਕਿ ਅਸੀਂ ਸੱਚ ਤੋਂ ਬਾਅਦ ਛੁੱਟੀਆਂ ਨਹੀਂ ਦਿੱਤੀਆਂ। ਸੱਚ ਦੀ ਹੋਂਦ ਸਭ ਤੋਂ ਵੱਡੀ ਹੈ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*** ***ਅੰਗ - 62***

ਸੱਚ ਨੂੰ ਪਰਤੱਖ realize ਕਰਨ ਤੋਂ ਬਾਅਦ ਜਦੋਂ ਕਰਮ ਯੋਗ ਦੇ ਵਿੱਚ ਪੈਂਦਾ ਹੈ ਕਹਿੰਦੇ ਉਹ ਗੁਰਮੁਖ ਹੈ ਜਿਹਨੇ ਸੰਸਾਰ ਦਾ ਉਧਾਰ ਕਰਨਾ ਹੈ। ਉਹ ਆਪਣਾ ਗਿਆਨ ਵੰਡੇਗਾ। ਮੌਕੇ ਦੀ ਬਾਤ ਹੈ, ਜਿਹੋ ਜਿਹੀਆਂ ਕਿਸੇ ਦੀਆਂ ਸਥਿਤੀਆਂ ਨੇ, ਜਿਹੋ ਜਿਹੀ ਸੋਚ ਹੈ, ਜਿਹੋ ਜਿਹੀ ਉਹਦੇ ਅੰਦਰ ਬੁੱਧੀ ਹੈ, ਉਹੋ ਜਿਹਾ ਤਰੀਕਾ ਅਖਤਿਆਰ ਕਰ ਲਿਆ ਜਾਇਆ ਕਰਦਾ ਹੈ। ਸੋ ਉਪਾਸਨਾ ਹੀ ਹੁੰਦੀ ਹੈ ਕਿ ਆਪਣੇ ਈਸ਼ਟ ਦਾ ਧਿਆਨ ਆਪਣੇ ਹਿਰਦੇ ਦੇ ਵਿੱਚ, ਆਪਣੇ ਆਗਿਆ ਚੱਕਰ। ਇੱਕ ਹੋਇਆ ਕਰਦਾ ਹੈ ਪਿੰਡੀ ਹਿਰਦਾ, ਇੱਕ ਹੋਇਆ ਕਰਦਾ ਹੈ ਬ੍ਰਹਿਮੰਡੀ ਹਿਰਦਾ। ਪਿੰਡੀ ਹਿਰਦਾ ਅਸੀਂ ਦਿਲ ਨੂੰ ਕਹਿੰਦੇ ਹਾਂ, ਕਿਉਂਕਿ ਸਰੀਰ ਨਾਲ ਸਬੰਧ ਰੱਖਦਾ ਹੈ। ਜਿਹੜਾ ਬ੍ਰਹਿਮੰਡੀ ਹਿਰਦਾ ਹੈ cosmic ਨਾਲ ਸਬੰਧ ਰੱਖਣ ਵਾਲਾ ਉਹ ਆਗਿਆ ਚੱਕਰ, ਸਹੰਸਰਾਰ ਦਲ, ਇਹਦੇ ਵਿਚਕਾਰ ਹੋਇਆ ਕਰਦਾ ਹੈ। ਇਹਦੇ ਵਿੱਚ ਇਸ ਥਾਂ 'ਤੇ ਗੁਰੂ ਦਾ ਧਿਆਨ ਰਹਿੰਦਾ ਹੈ। ਗੁਰੂ ਜਿਹੜਾ ਹੈ ਗੁਰੂ ਨਾਨਕ ਸਾਹਿਬ ਇਹ ਪਰਮ ਤੱਤ ਹੈ, ਇਹ ਪੂਰੀ ਚੇਤਨ ਜੋਤ ਹੈ। ਇਹਦੇ ਵਿੱਚ ਤੇ ਅਕਾਲ ਪੁਰਖ

ਦੇ ਵਿੱਚ ਕੋਈ ਭੇਤ ਨਹੀਂ ਹੈਗਾ। ਕਹਿਣ ਨੂੰ ਨਾਉਂ ਹੀ ਦੋ ਨੇ ਲੇਕਿਨ ਇੱਕੋ ਹੀ ਗੱਲ ਹੈ। ਸੋ ਜਿਹੜੀ ਚੇਤਨ ਜੋਤ ਹੈ ਚੇਤਨ ਜੋਤ ਦੇ ਨਾਲ ਮਿਲ ਕੇ ਚੇਤਨ ਹੀ ਹੋ ਜਾਂਦਾ ਹੈ। ਸਾਡੇ ਵਾਸਤੇ ਵਾਹਿਗੁਰੂ ਹੋਰ ਨਹੀਂ ਹੈ, ਗੁਰੂ ਨਾਨਕ ਸਾਹਿਬ ਹੋਰ ਨਹੀਂ। ਗੁਰੂ ਨਾਨਕ ਸਾਹਿਬ ਹੀ ਵਾਹਿਗੁਰੂ ਹੈ, ਕਿਉਂਕਿ ਐਸਾ ਫੁਰਮਾਨ ਹੈ –

***ਧਾਰਨਾ – ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨਾ ਭਾਈ।***
***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ – 442***

ਗੁਰੂ ਤੇ ਗੋਬਿੰਦ ਨੂੰ, ਜਿਸ ਦੇ ਮਨ ਵਿੱਚ ਦੋ ਨਜ਼ਰ ਆਉਂਦੇ ਨੇ, ਦੋ ਜਾਣਦਾ ਹੈ, ਉਹ ਨਹੀਂ ਲੰਘ ਸਕਿਆ ਕਰਦਾ ਹੈ।

ਗੁਰੂ ਅੰਗਦ ਪਾਤਸ਼ਾਹ ਨੇ ਪੁੱਛਿਆ ਭਾਈ ਬਾਲਾ ਜੀ ਨੂੰ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿੰਦੇ, ਪੂਰਨ ਸੰਤ।

ਬਾਬਾ ਬੁੱਢਾ ਜੀ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਪੂਰਨ ਬ੍ਰਹਮਗਿਆਨੀ।

ਸਾਰਿਆਂ ਨੇ ਕਿਹਾ ਪਾਤਸ਼ਾਹ! ਤੁਸੀਂ ਗੁਰੁ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿਣ ਲੱਗੇ, ਪਿਆਰਿਓ! ਉਹ ਤਾਂ ਅਨੇਕਾਂ ਕਲਾਂ ਦਾ ਮਾਲਕ ਤ੍ਰੇਤੇ ਯੁੱਗ ਦੇ ਅੰਦਰ ਸ੍ਰੀ ਰਾਮ ਚੰਦਰ ਜੀ, ਚੌਦਾਂ ਕਲਾਂ ਸੰਪੰਨ ਅਵਤਾਰ ਸਨ। ਦੁਆਪਰ ਯੁੱਗ ਦੇ ਅੰਦਰ 16 ਕਲਾਂ ਸੰਪੰਨ ਕ੍ਰਿਸ਼ਨ ਮਹਾਰਾਜ ਦਾ ਅਵਤਾਰ ਤੇ ਕਲਜੁਗ ਦੇ ਅੰਦਰ –

***ਅਨਤ ਕਲਾ ਹੋਇ ਠਾਕੁਰੁ ਚੜਿਆ ॥*** ***ਅੰਗ – 1081***

ਤੇ ਆਪ ਠਾਕੁਰ ਸੰਸਾਰ ਦਾ ਉਧਾਰ ਕਰਨ ਵਾਸਤੇ ਗੁਰੂ ਰੂਪ ਵਿੱਚ ਪ੍ਰਗਟ ਹੋਇਆ। ਉਹ ਆਪ ਹੀ ਸੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ। ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ ਕਿ ਪਾਤਸ਼ਾਹ! ਤੁਸੀਂ ਆਪ ਅਕਾਲ ਪੁਰਖ ਬਣੇ ਓਂ। ਚਾਰ ਨਿਸ਼ਚੇ ਹੁੰਦੇ ਨੇ –

ਮੇਰਾ ਗੁਰੂ ਬਹੁਤ ਵਧੀਆ ਸੰਤ ਹੈ।

ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ।

ਮੇਰਾ ਗੁਰੂ ਰੱਬ ਵਰਗਾ ਹੈ।

ਆਖਰੀ ਨਿਸ਼ਚਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਪ੍ਰਮੇਸ਼ਰ ਹੀ ਹੈ,

ਹੋਰ ਕੀ ਹੈ? ਜਦੋਂ ਤੱਕ ਇਹ ਨਿਸ਼ਚਾ ਨਹੀਂ ਆਉਂਦਾ, ਅਗਾਂਹਾਂ ਨਹੀਂ ਤੁਰਿਆ ਜਾਂਦਾ –

*ਧਾਰਨਾ – ਗੁਰ ਕੀ ਪਰਤੀਤ ਜੀ, ਜਿਸਦੇ ਮਨ ਵਿੱਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ – 283*

ਸਭ ਤੋਂ ਜ਼ਰੂਰੀ ਬਾਤ, ਗੁਰੂ ਦੀ ਪਰਤੀਤ ਹੋਣੀ ਚਾਹੀਦੀ ਹੈ। ਹੁਣ ਅਸੀਂ ਕਹਾਂਗੇ ਕਿ ਸਾਡੀ ਤਾਂ ਗੁਰੂ ਦੇ ਉਤੇ ਪਰਤੀਤ ਹੈ ਬਿਲਕੁਲ ਗਲਤ ਹੈ, ਗੁਰੂ ਕਹਿੰਦਾ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ – 1*
*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥* *ਅੰਗ – 275*

ਗੁਰੂ ਦਾ ਬਚਨ ਜਿਹੜਾ ਹੈ ਉਹਨੂੰ ਅਸੀਂ ਮੰਨ ਨਹੀਂ ਸਕਦੇ। ਹੱਠ ਨਾ ਕਰੀਏ। ਗੱਲ 'ਤੇ ਆਈਏ। ਜਿਹੜੀ ਗੱਲ ਗੁਰੂ ਸਾਹਿਬ ਕਹਿੰਦੇ ਨੇ ਮੰਨਣ ਦੀ, ਉਹ ਸਾਡੇ ਵਿੱਚ ਆ ਨਹੀਂ ਸਕੀ। ਅਜੇ ਸੁਣਨ ਦੀ ਵੀ ਨਹੀਂ ਆ ਸਕੀ, ਮੰਨਣ ਦੀ ਤਾਂ ਅਗਾਹਾਂ ਦੀ ਗੱਲ ਹੈ। ਜੇ ਮੰਨਣ ਦੀ ਗੱਲ ਆ ਜਾਵੇ ਤਾਂ –

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* *ਅੰਗ – 3*

ਆਹੀ ਜਿਹੜੀ ਗੱਲ ਮੈਂ ਕਹਿੰਦਾ ਹਾਂ ਇਹਨੂੰ ਨਾਮ ਕਹਿੰਦੇ ਨੇ। ਇਹ ਮੰਨਿਆ ਨਹੀਂ ਜਾਂਦਾ। ਜਿਸ ਵਕਤ ਮੰਨਿਆ ਜਾਏਗਾ, ਉਸ ਵੇਲੇ ਬਜਰ ਕਪਾਟ ਇੱਕ ਸਕਿੰਟ ਦੇ ਵਿੱਚ ਖੁਲ੍ਹ ਜਾਣਗੇ ਕਿਉਂਕਿ ਗੁਰੂ ਦਾ ਸ਼ਬਦ ਖੋਲ੍ਹਦਾ ਹੈ –

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ – 954*

ਉਹ ਖੁਲ੍ਹੇਗਾ, ਜਦ ਉਹ ਮੰਨੇਗਾ। ਮੰਨ ਅਸੀਂ ਸਕਦੇ ਨਹੀਂ ਕਿਉਂਕਿ ਪ੍ਰਤੀਤ ਨਹੀਂ ਸਾਡੇ ਅੰਦਰ ਪੈਦਾ ਹੋਈ। ਸੋ ਪਰਤੀਤ ਪੈਦਾ ਹੁੰਦੀ ਹੈ ਉਪਾਸਨਾ ਦੇ ਨਾਲ। ਸਾਧਨ ਕਰਨਾ ਪੈਂਦਾ ਹੈ ਲਗਾਤਾਰ, ਉਪਾਸਨਾ ਹੈਗੀ ਦੋ ਕਿਸਮ ਦੀ। ਇੱਕ ਨੂੰ ਅੰਤਰੀਵ ਉਪਾਸਨਾ ਕਹਿੰਦੇ ਨੇ, ਇੱਕ ਨੂੰ

ਬਹਿਰੰਗ ਉਪਾਸਨਾ ਕਹਿੰਦੇ ਨੇ, ਬੜੀਆਂ ਵਧੀਆਂ ਗੱਲਾਂ ਕੀਤੀਆਂ ਲੰਮੀਆਂ ਚੌੜੀਆਂ ਇਨ੍ਹਾਂ ਦੇ ਉਤੇ, ਭੁੱਲ ਜਾਂਦੇ ਹਾਂ ਅਸੀਂ, ਯਾਦ ਨਹੀਂ ਰਹਿੰਦਾ। ਸੋ ਮਹਾਰਾਜ ਕਹਿੰਦੇ ਪਿਆਰਿਓ! ਜਿਹੜਾ ਦੂਜਾ ਦੋਸ਼ ਹੈ ਨਾ ਵਿਖਸ਼ੇਪ ਦਾ, ਇਹ ਉਪਾਸਨਾ ਤੋਂ ਬਗੈਰ ਨਹੀਂ। ਉਪਾਸਨਾ ਦੇ ਬਾਰੇ ਬੇਅੰਤ ਸਮਾਂ ਚਾਹੀਦਾ ਹੈ, ਇਹਦੇ ਉਤੇ ਗੱਲ ਕਰਨ ਵਾਸਤੇ।

ਤੀਸਰਾ ਮਹਾਰਾਜ ਕਹਿੰਦੇ ਜਿਹੜਾ ਆਵਰਨ ਹੈ ਪਰਦਾ ਪਿਆ ਹੋਇਆ ਇਹ ਜਦੋਂ ਤੱਕ ਗਿਆਨ ਨੇਤਰਾਂ 'ਚੋਂ ਪੈ ਕੇ ਨੇਤਰਾਂ ਦਾ ਅੰਧਾਪਨ ਦੂਰ ਨਹੀਂ ਹੁੰਦਾ, ਓਨੀਂ ਦੇਰ ਤੱਕ ਅਗਿਆਨ ਦਾ ਪੜਦਾ ਪਾਟਿਆ ਨਹੀਂ ਕਰਦਾ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥***
***ਅੰਗ – 293***

ਉਹ ਜਦੋਂ ਪ੍ਰਕਾਸ਼ ਹੋਇਆ, ਦੇਖਿਆ ਕੀ।

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ – 293***

ਬਾਣੀ ਦੇ ਵਿੱਚ ਹੈ ਸਭ ਕੁਝ –

***ਸੋਧਤ ਸੋਧਤ ਸੋਧਤ ਸੀਝਿਆ ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ – 281***

ਮਹਾਰਾਜ ਕਹਿੰਦੇ, ਜਿਹੜੇ ਆਹ ਬਚਨ ਅਸੀਂ ਤੁਹਾਨੂੰ ਕਹੇ ਨੇ, ਪਹਿਲਾਂ ਦੋਸ਼ ਦੱਸੇ ਨੇ ਅੰਤਸ਼ਕਰਣ ਦੇ ਕਿ ਮਲ ਹੈ, ਵਿਖਸ਼ੇਪ ਹੈ, ਆਵਰਨ ਹੈ ਇਨ੍ਹਾਂ ਦੇ ਦੂਰ ਕਰਨ ਦਾ ਸਾਧਨ ਨਿਸ਼ਕਾਮ ਕਰਮ ਹੈ, ਉਪਾਸ਼ਨਾ ਹੈ ਤੇ ਗਿਆਨ ਹੈ। ਗਿਆਨ ਹੋਣ 'ਤੇ ਹਉਮੈ ਦੀ ਮੈਲ ਕੱਟ ਹੁੰਦੀ ਹੈ ਨਹੀਂ ਤਾਂ ਨਹੀਂ ਕੱਟ ਹੁੰਦੀ, ਸਗੋਂ ਹੋਰ ਵੱਧ ਜਾਂਦੀ ਹੈ। ਬਹੁਤ ਪੜ੍ਹ ਜਾਵੇ, ਗਿਆਨੀ ਬਣ ਜਾਵੇ, ਲੈਕਚਰ ਦੇਣ ਲੱਗ ਜਾਵੇ, ਲੋਕ ਵਾਹਵਾ ਵਾਹਵਾ ਕਹਿਣ; ਉਹ ਵੱਧ ਜਾਂਦੀ ਹੈ। ਨਹੀਂ ਹਟਦੀ ਇਹ ਕੁਦਰਤੀ ਤੌਰ 'ਤੇ ਹੈ। ਇਹ ਪੂਰਨ ਗਿਆਨ ਹੋਣ ਤੋਂ ਬਗੈਰ ਨਹੀਂ ਹਟਿਆ ਕਰਦੀ। ਸੋ ਇਹਦੀ ਜਿਹੜੀ ਮੈਂ ਬੇਨਤੀ ਕਰੀ ਸੀ ਕਿ ਨਾਮ ਜਪਣ ਦੇ ਵਿੱਚ ਇੱਕ ਭੇਤ ਹੈ ਬੜਾ ਜ਼ਬਰਦਸਤ। ਜਦੋਂ ਤੱਕ ਅਸੀਂ, ਉਹ ਗੱਲ ਨੂੰ ਨਹੀਂ ਸਮਝਦੇ, ਓਨੀਂ ਦੇਰ ਤੱਕ ਅਸੀਂ ਤੁਰ ਹੀ ਨਹੀਂ ਸਕਦੇ ਇਸ ਮਾਰਗ 'ਤੇ। ਅਸੀਂ ਕਿਉਂ ਨਹੀਂ ਚੱਲ ਰਹੇ। ਐਨੇ over busy ਹਾਂ ਕਲਜੁਗ ਨੇ ਸਾਡੀਆਂ ਭੂਤਨੀਆਂ ਭੁਲਾਈਆਂ ਪਈਆਂ ਨੇ। ਚੱਕਰ ਖਲਾਏ ਪਏ ਨੇ ਹਰ ਬੰਦੇ ਦੇ। ਕਹਿੰਦਾ ਜੇ ਕੋਈ ਸਤ ਕਰਦਾ ਹੈ ਸਤਿ ਨਹੀਂ ਉਹਦਾ ਮੈਂ ਰਹਿਣ ਦੇਣਾ, ਜੇ ਕੋਈ ਤਪ ਕਰੇ, 'ਤਪ ਛੀਜੈ' –

***ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥***

*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥*

*ਅੰਗ - 902*

ਉਹ ਐਡੀ force ਖਿਆਲਾਂ ਦੀ ਸ਼ਕਤੀ ਦਾ ਵੇਗ ਚੱਲ ਰਿਹਾ ਹੈ ਸਾਡੇ ਉਤੇ, ਜਿਹਨੂੰ ਕਲਜੁਗ ਕਹਿੰਦੇ ਨੇ। ਉਹਦੇ influence (ਪ੍ਰਭਾਵ) 'ਚ ਆਏ ਹੋਏ ਅਸੀਂ ਨਾ ਸਾਨੂੰ ਸ਼ੁੱਧ ਸਤਿਸੰਗ ਮਿਲਦਾ ਹੈ, ਜੇ ਮਿਲ ਗਿਆ ਤਾਂ ਅੰਤਸ਼ਕਰਣ ਦੀ ਮੈਲ ਸਾਡੀ ਪੇਸ਼ ਨਹੀਂ ਜਾਣ ਦਿੰਦੀ। ਅੰਦਰ ਵਸਦਾ ਨਹੀਂ ਹੈ ਕੁਛ, ਸੁਣਨ ਦੀ ਅਵਸਥਾ ਸਾਡੇ ਅੰਦਰ ਪੈਦਾ ਨਹੀਂ ਹੁੰਦੀ, ਮਹਾਰਾਜ ਕਹਿੰਦੇ ਫੇਰ ਸੁਣਨ ਦੀ ਅਵਸਥਾ ਸਾਡੇ ਅੰਦਰ ਪੈਦਾ ਨਹੀਂ ਹੁੰਦੀ, ਮਹਾਰਾਜ ਕਹਿੰਦੇ, ਜੇ ਸੁਣਨ ਦੀ ਤੇਰੇ 'ਚ ਅਵਸਥਾ ਆ ਜਾਵੇ ਤਾਂ –

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ - 2*

ਪਰ ਅਵਸਥਾ ਨਹੀਂ ਪੈਦਾ ਹੁੰਦੀ। ਇਹ ਚੀਜ਼ਾਂ ਨੇ ਜਿਹੜੀਆਂ ਸਾਨੂੰ ਸੋਚਣੀਆਂ ਚਾਹੀਦੀਆਂ ਨੇ ਕਿਉਂਕਿ ਇਹ ਚਾਟਸਾਲ ਹੈ, ਜਿੱਥੇ ਤੁਸੀਂ ਬੈਠੇ ਓਂ। ਇਹ ਯੂਨੀਵਰਸਿਟੀ ਹੈ ਰੂਹਾਨੀਅਤ ਦੀ। ਜਿੱਥੇ ਆਪਾਂ ਬੈਠ ਕੇ ਅੰਤਮ ਸੱਚ ਨੂੰ ਸਮਝਣਾ ਹੈ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ - 1*

ਸਾਰੇ ਹੀ ਏਕੰਕਾਰ ਨੂੰ ਸਮਝਣ ਦਾ ਯਤਨ ਕਰਦੇ ਨੇ। ਮੋਟੀਆਂ ਜਿਹੜੀਆਂ ਲਾਈਨਾਂ ਨੇ ਜਿਹੜੀਆਂ ਖਿੱਚੀਆਂ ਜਾਂਦੀਆਂ ਨੇ ਉਹ ਇਹ ਨੇ ਕਿ ਪਿਆਰਿਓ! ਤੁਸੀਂ ਆਪ ਹੀ ਨਿਰੰਕਾਰ ਹੋ। ਤੁਸੀਂ ਹੀ ਏਕੰਕਾਰ। ਲੇਕਿਨ ਵੱਖਰਾ-ਵੱਖਰਾ ਕਿਉਂ ਅਨੁਭਵ ਕਰਦੇ ਹਾਂ ਕਿਉਂਕਿ ਹਉਮੈ ਤੱਤ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*

*ਅੰਗ - 999*

ਉਹ ਤੱਤ ਬਾਤ ਸਾਡੀ ਪੇਸ਼ ਨਹੀਂ ਜਾ ਰਹੀ, ਕਿਉਂਕਿ ਅਕਲ ਦੀ ਪਹੁੰਚ ਨਹੀਂ ਹੈ। ਉਹ ਉਚਿਆਈਆਂ ਹੋਰ ਨੇ –

*ਜਿਨ੍ਹਾਂ ਉਚਯਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*

*ਭਾਈ ਵੀਰ ਸਿੰਘ ਜੀ*

ਜਿਹੜੇ ਦੁਨੀਆਂਦਾਰ ਨੇ ਉਹ ਕਹਿੰਦੇ ਬਿਲਕੁਲ ਗਲਤ –

*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।*

***ਭਾਈ ਵੀਰ ਸਿੰਘ ਜੀ***

ਇਹ ਚੀਜ਼ਾਂ ਨੇ ਸਮਝਣ ਵਾਲੀਆਂ। ਭਾਈ ਵੀਰ ਸਿੰਘ ਜੀ ਬਹੁਤ ਪਹੁੰਚੀ ਹੋਈ ਰੂਹ ਸੀ, ਗੁਪਤ ਰਹਿਣਾ ਚਾਹੁੰਦੀ ਸੀ –

*ਛੁਪੇ ਰਹਿਣ ਦੀ ਚਾਹ, ਛੁਪੇ ਟੁਰ ਜਾਣ ਦੀ।*
*ਪੂਰੀ ਹੁੰਦੇ ਨਾਹਿ ਮੈਂ ਤਰਲੇ ਲੈ ਰਹੀ।*

ਸਾਰੇ ਮਹਾਂਪੁਰਸ਼ਾਂ 'ਚ ਇਹੀ ਭਾਵਨਾ ਹੁੰਦੀ ਹੈ। ਪ੍ਰਗਟ ਹੋਣਾ ਕੋਈ ਵੀ ਨਹੀਂ ਚਾਹੁੰਦਾ। ਪ੍ਰਗਟ ਹੋਣ ਨਾਲ ਐਨੀਆ ਬਲਾਵਾਂ ਪੈਂਦੀਆਂ ਨੇ, ਨਾ ਤਾਂ ਉਨ੍ਹਾਂ ਨੂੰ ਕੋਈ ਟਾਲ ਸਕੇ, ਆਪਣਾ ਸਮਾਂ ਬਰਬਾਦ ਹੁੰਦਾ ਹੈ, ਬੇਅੰਤ ਸਮਾਂ ਬਰਬਾਦ। ਸੋ ਗੱਲ ਨਹੀਂ ਸਾਡੇ ਸਮਝ 'ਚ ਆਉਂਦੀ। ਚੱਲੋ ਤਾਂ ਹਾਂ, ਬਹੁਤ ਵਾਹਿਗੁਰੂ ਨੇ ਕ੍ਰਿਪਾ ਕਰ ਦਿੱਤੀ ਕਿ ਕਲਜੁਗ ਦੇ ਸਮੇਂ 'ਚ ਤੁਸੀਂ ਐਡੀ-ਐਡੀ ਦੂਰੋਂ ਆ ਕੇ ਸਤਿਸੰਗ 'ਚ ਪਹੁੰਚ ਜਾਂਦੇ ਓਂ। ਇਹ ਥੋੜ੍ਹੀ ਮਿਹਰਬਾਨੀ ਹੈ ਅਕਾਲਪੁਰਖ ਦੀ, ਪਰ ਅਗਾਂਹਾਂ ਜਿਹੜੀ ਪੜ੍ਹਾਈ ਹੈ ਉਹ ਬਹੁਤੀ ਔਖੀ ਹੈ, ਹੱਦ ਤੋਂ ਜ਼ਿਆਦਾ ਹੈ। ਕੋਈ ਪੜ੍ਹਾਈ ਨਹੀਂ ਐਨੀ ਔਖੀ ਜਿੰਨੀ ਰੂਹਾਨੀ ਪੜ੍ਹਾਈ ਹੈ। ਕੋਈ ਦੁਨੀਆਂ ਦੀ ਪੜ੍ਹਾਈ ਐਨੀ ਸੌਖੀ ਨਹੀਂ ਹੈ ਜਿੰਨੀ ਰੂਹਾਨੀ ਪੜ੍ਹਾਈ ਸੌਖੀ ਹੈ। ਇਹਦੇ ਵਿੱਚ ਗੁੰਝਲ ਹੀ ਕੋਈ ਨਹੀਂ ਕਿ ਇੱਕ ਗੱਲ ਸਮਝਣੀ। ਉਹ ਜੇ ਤਾਂ ਸਮਝ ਲਈ ਤਾਂ, ਤਾਂ ਤੂੰ ਜਿੱਤ ਗਿਆ–

*ਧਾਰਨਾ – ਲੇਖੇ ਤੇਰੇ ਓ, ਇੱਕ ਗੱਲ ਹੈ,*
*ਹੋਰ ਹਉਮੈ ਝੱਖਣਾ ਝਾਖ।*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*

***ਅੰਗ – 467***

ਉਹ ਇੱਕ ਗੱਲ ਨਹੀਂ ਸਾਡੀ ਸਮਝ 'ਚ ਆਉਂਦੀ। ਉਹਦੇ ਬਾਰੇ ਮੈਂ ਬੇਨਤੀ ਕਰੀ ਹੈ ਮਹਾਰਾਜ ਕਹਿਣ ਲੱਗੇ ਪਿਆਰਿਓ! ਤਿੰਨ ਦੋਸ਼ ਨੇ, ਕਰੋੜਾਂ, ਅਰਬਾਂ ਖਰਬਾਂ ਜਨਮ ਦੀ ਮੈਲ ਲੱਗੀ ਹੋਈ ਹੈ। ਦੂਸਰਾ ਵਿਖਸ਼ੇਪਤਾ ਹੈ, ਮਨ ਮੰਨਦਾ ਨਹੀਂ ਹੈ। ਲੱਖ ਜਨਮ ਕਰ ਲਓ ਤਾਂ ਵੀ ਮੰਨਣ ਨੂੰ ਨਹੀਂ ਤਿਆਰ। ਜੇ ਸਮਝਾਓ ਕਿ ਤੂੰ ਤਾਂ ਕੁਛ ਵੀ ਨਹੀਂ, ਗੁਰੂ ਸਾਹਿਬ ਤਾਂ ਹਨ।

ਕਹਿੰਦਾ, ਚੱਲ, ਤੇਰੇ ਕਹਿਣ 'ਤੇ ਮੰਨ ਲੈਂਦਾ ਹਾਂ, ਮੇਰਾ ਅੰਦਰੋਂ ਨਹੀਂ ਮੰਨਦਾ ਮਨ।

ਨਹੀਂ ਮੰਨਦਾ।

ਜਿਹਨੇ ਮੰਨ ਲਈ ਉਹਦੀ ਪੂਜਾ ਸੰਸਾਰ 'ਚ ਹੋ ਰਹੀ ਹੈ। ਪੂਜਾ ਹੀ ਨਹੀਂ ਹੁੰਦੀ, ਉਹਦੀ ਸਾਰੀ ਕਾਇਨਾਤ ਜਿੰਨੀ ਹੈ, ਸਵਰਗ ਲੋਕ, ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਪ੍ਰਜਾਪਤ ਲੋਕ, ਅਜਾਨ ਦੇਵ ਲੋਕ। ਬ੍ਰਹਮਲੋਕ, ਸ਼ਿਵ ਲੋਕ, ਬੈਕੁੰਠ ਧਾਮ। ਸਾਰਿਆਂ ਦੇ ਵਿੱਚ ਧੰਨ-ਧੰਨ ਹੋ ਰਹੀ ਹੈ। ਉਹਦੇ ਦਰਸ਼ਨ ਕਰਨ, ਉਨ੍ਹਾਂ ਲੋਕਾਂ ਦੇ ਮੁੱਖ ਦੇਵ ਆਪਣੇ ਆਸਣ ਛੱਡ ਕੇ ਤੁਰੇ ਆਉਂਦੇ ਨੇ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***

***ਅੰਗ - 273***

ਸੋ ਮਹਾਰਾਜ ਕਹਿੰਦੇ, ਇਹ ਤਿੰਨ ਜਿਹੜੀਆਂ ਚੀਜ਼ਾਂ ਨੇ ਇੱਕ ਮਲ, ਦੂਜੀ ਵਿਖਸ਼ੇਪ ਤੇ ਤੀਜੀ ਆਵਰਣ; ਇਹ ਗੁਰੂ ਦੇ ਬਚਨ ਨੂੰ ਅੰਤਸ਼ਕਰਣ 'ਚ ਸਮਾਉਣ ਨਹੀਂ ਦਿੰਦੇ। ਕਿਉਂਕਿ ਇਹ ਚੀਜ਼ਾਂ ਪਹਿਲਾਂ ਠੋਕ-ਠੋਕ ਕੇ ਭਰੀਆਂ ਹੋਈਆਂ ਨੇ। ਇਨ੍ਹਾਂ ਨੂੰ ਪਹਿਲਾਂ ਬਾਹਰ ਕੱਢ। ਹੁਣ ਸਵਾਲ ਸਾਡੇ ਕੋਲ ਆ ਗਿਆ ਕਿ ਗੱਲ ਤਾਂ ਅਸੀਂ ਸਮਝ ਲਈ। ਇੱਕ ਨਵੀਂ ਸਮੱਸਿਆ ਹੋਰ ਖੜ੍ਹੀ ਹੋ ਗਈ। ਉਹ ਕਿਵੇਂ ਕੱਢ ਸਕਦੇ ਹਾਂ ਅਸੀਂ ਇਨ੍ਹਾਂ ਨੂੰ। ਉਹਦੇ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਸੁਣ ਲੈ ਪਿਆਰਿਆ! ਨਾਮ ਜਪਣੇ ਦੀ ਜੁਗਤੀ।***

ਹੁਣ ਅੰਤਸ਼ਕਰਣ ਭਰਿਆ ਪਿਆ ਹੈ। ਇਹ ਸਾਰੀ ਜਿਹੜੀ ਮੈਲ ਹੈ, ਜਿੰਨਾਂ ਦੋਸ਼ ਹੈ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥*** ***ਅੰਗ - 4***

ਸੋ ਨਾਮ ਦਾ ਰੰਗ ਕਿਵੇਂ ਲੱਗੇ? ਜਪਦਿਆਂ ਦੀਆਂ ਉਮਰਾਂ ਲੰਘ ਗਈਆਂ, ਰੰਗ ਲੱਗਿਆ ਹੀ ਨਹੀਂ ਹੈ। ਉਮਰਾਂ ਹੋ ਗਈਆਂ, ਵਾਹਿਗੁਰੂ-ਵਾਹਿਗੁਰੂ ਕਰਦੇ ਨੂੰ। ਨੁਕਸ ਹੈ, ਕਿੱਥੇ ਨੁਕਸ ਹੈ, ਕਿਹੜੀ ਤਾਰ ਨਹੀਂ ਸਾਡੀ ਜੁੜਦੀ। ਕਿਉਂ ਇਹ ਫਲੀਭੂਤ ਨਹੀਂ ਹੋ ਰਿਹਾ। ਕਿਉਂ ਸਾਨੂੰ ਇੱਕ ਨਜ਼ਰ ਨਹੀਂ ਹਾਲੇ ਤੱਕ ਨਹੀਂ ਆਇਆ -

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***

***ਅੰਗ - 407***

ਕਿਤੇ ਨੁਕਸ ਹੈ, ਕਿਸੇ ਥਾਂ 'ਤੇ। ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ – ਰਾਮ ਰਾਮ ਸਭ ਕੋ ਕਹੈ,***
***ਤਾਂ ਮੈਂ ਏਕ ਬਿਚਾਰ।***
***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥***

***ਅੰਗ – 1374***

ਮਾਤਾ ਲੋਈ ਕੋਲ ਕਿਹੜਾ ਨਾਮ ਸੀ, ਇੱਕ ਵਾਰੀ ਕਹਾ ਕੇ ਕੋਹੜ ਹੀ ਹਟਾ ਦਿੱਤਾ ਰਾਜੇ ਦਾ। ਇਨ੍ਹਾਂ ਗੱਲਾਂ 'ਚ ਜ਼ਰੂਰ ਕੋਈ ਭੇਤ ਹੈ। ਜਦੋਂ ਤੱਕ ਸਾਨੂੰ ਏਸ ਗੱਲ ਦਾ ਭੇਤ ਸਮਝ 'ਚ ਨਹੀਂ ਆਉਂਦਾ। ਅਸੀਂ ਚੱਲ ਨਹੀਂ ਸਕਦੇ। ਮਹਾਰਾਜ ਕਹਿੰਦੇ, ਜਦ ਤੱਕ ਤੂੰ ਉਨ੍ਹਾਂ ਕੋਲ ਨਹੀਂ ਜਾਂਦਾ ਜਿਹੜੇ ਨਾਮ ਜਪਦੇ ਨੇ, ਉਨ੍ਹਾਂ ਦੀ ਡਿਊਟੀ ਲੱਗੀ ਹੋਈ ਹੈ ਤੇ ਉਨ੍ਹਾਂ ਕੋਲ ਜਾਹ।

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***

***ਅੰਗ – 1373***

ਉਹਦੇ ਕੋਲ ਭੇਤ ਨੇ। ਜਦੋਂ ਤੱਕ ਉਹ ਭੇਤ ਖੋਲ੍ਹਦਾ ਨਹੀਂ ਹੈ, ਓਨੀਂ ਦੇਰ ਤੱਕ ਨਾਮ ਨਹੀਂ ਜਪਿਆ ਜਾ ਸਕਦਾ। ਸੋ ਇਹ ਵਿਚਾਰਾਂ ਜੋ ਆਪਾਂ ਕੀਤੀਆਂ ਨੇ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਅਗਲੇ ਹਫਤੇ ਮਹਾਰਾਜ ਨੇ ਚਾਹਿਆ ਤਾਂ ਵਿਚਾਰ ਕਰਾਂਗੇ ਕਿ ਉਹ ਕਿਹੜੀ ਜੁਗਤੀ ਹੈ?, ਸਾਡਾ ਨਾਮ ਕਿਉਂ ਫਲੀਭੂਤ ਨਹੀਂ ਹੁੰਦਾ? ਨਿਰੀਆਂ ਸਾਖੀਆਂ ਨਹੀਂ, ਤੱਤ ਵਿਚਾਰ ਆਪਾਂ ਕਰਨੀ ਹੈ। ਤੁਸੀਂ ਬਹੁਤ ਅਗਲੀ ਸਟੇਜ ਦੇ ਵਿਦਿਆਰਥੀ ਹੋ, ਤੁਹਾਨੂੰ ਛੋਟੇ ਮੋਟੇ ਕੀਰਤਨ ਪਸੰਦ ਨਹੀਂ ਆਉਂਦੇ। ਮਨੋਰੰਜਨ ਦੀਆਂ ਚੀਜ਼ਾਂ ਅੱਛੀਆਂ ਨਹੀਂ ਲਗਦੀਆਂ, ਵਿਚਾਰ ਦੇ ਵਿੱਚ ਤੁਸੀਂ ਪਹੁੰਚ ਚੁੱਕੇ ਓਂ। ਸੋ ਵਿਚਾਰ ਦੇ ਨਾਲ ਹੀ ਆਪਾਂ ਗੱਲਬਾਤ ਕਰਦੇ ਹਾਂ।

ਨਾਮ ਜਪਣ ਤੇ ਜਪਾਉਣ ਦਾ ਸਭ ਤੋਂ ਵੱਡਾ ਤੇ ਔਖਾ ਕੰਮ ਹੈ। ਏਸੇ ਕਰਕੇ ਮਹਾਰਾਜ ਨੇ ਕਿਹਾ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ – 306***

ਸੋ ਉਹਦਾ ਇੱਕ ਪਾਸਾ 'ਆਤਮ ਮਾਰਗ' ਮੈਗਜ਼ੀਨ ਚੱਲ ਰਿਹਾ ਹੈ। ਕਿਤਾਬਾਂ ਬਹੁਤ ਸਾਰੀਆਂ ਛਪ ਚੁੱਕੀਆਂ ਨੇ। ਉਹ ਸਾਰੀ ਦੁਨੀਆਂ 'ਚ ਪਹੁੰਚ ਰਹੀਆਂ ਨੇ। ਮੈਂ ਹੈਰਾਨ ਹਾਂ ਜਿਹੜੇ ਨਾਮ ਜਪਣ ਦੇ ਸ਼ੌਕ ਵਾਲੇ ਨੇ ਉਨ੍ਹਾਂ ਦੀਆਂ ਬਾਰ-ਬਾਰ ਚਿੱਠੀਆਂ, ਬਾਰ-ਬਾਰ ਟੈਲੀਫੋਨ ਸਵੇਰ ਤੋਂ ਹੀ ਆਉਣੇ ਸ਼ੁਰੂ ਹੋ ਜਾਂਦੇ ਨੇ ਕਿ ਸਾਨੂੰ ਰਾਹ ਲੱਭ ਗਿਆ। ਆਸ ਹੋ ਗਈ, ਹੁਣ ਚਾਨਣਾ ਦਿਸ ਗਿਆ ਸਾਨੂੰ ਇੱਕ ਪਾਸੇ। ਗੁਰੂ ਦੀ ਬਾਣੀ ਹੈ ਹੀ ਚਾਨਣ। ਇਹਦਾ ਅਸੀਂ ਪ੍ਰਕਾਸ਼ ਲਕੋ ਕੇ ਰੱਖਿਆ ਹੋਇਆ ਸੀ, ਜਾਂ

ਤਾਂ ਸਾਨੂੰ ਸਮਝ ਘੱਟ ਸੀ ਜਾਂ ਅਸੀਂ ਚਾਹੁੰਦੇ ਨਹੀਂ ਸੀਗੇ ਕਿ ਇਹਨੂੰ ਸੰਸਾਰ ਦੇ ਵਿੱਚ ਫੈਲਾਇਆ ਜਾਵੇ। ਜਦੋਂ ਹੁਣ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੱਖਰਾਂ ਦਾ ਰੂਪ ਕਰਕੇ travel ਕਰਦੀ ਹੈ, ਹਵਾਈ ਜਹਾਜ਼ਾਂ 'ਚ ਜਾਂਦੀ ਹੈ, ਇੰਟਰਨੈੱਟ 'ਤੇ ਪਹੁੰਚ ਗਈ ਅਸਮਾਨ ਦੇ ਉਤੇ। ਬਟਨ ਦੱਬ ਲਓ ਆਉਣੀ ਸ਼ੁਰੂ ਹੋ ਜਾਏਗੀ। ਕਿਤੇ ਕੋਈ ਬੈਠਾ ਹੈ, ਜਹਾਜ਼ 'ਚ ਬੈਠਾ ਹੈ ਉਥੇ ਆ ਜਾਏਗੀ, ਹਵਾਈ ਜਹਾਜ਼ 'ਚ ਬੈਠਾ ਹੈ ਉਥੇ ਇੰਸਟਰੂਮੈਂਟ ਹੋਣੇ ਚਾਹੀਦੇ ਨੇ ਉਥੇ ਆ ਜਾਏਗੀ। ਬਾਣੀ ਨੇ ਜਦ ਪ੍ਰਕਾਸ਼ ਸ਼ੁਰੂ ਕਰਿਆ ਹੈ, ਉਹ ਬਹੁਤ ਤੇਜ਼ ਪ੍ਰਕਾਸ਼ ਹੈ। ਸਾਨੂੰ ਕਹਿੰਦੇ ਨੇ ਕਿ ਜੀ ਆਹ ਲਿਖੋ, ਤੁਸੀਂ ਖਾਲਸੇ ਦਾ ਲਿਖੋ। ਮੈਂ ਕਿਹਾ ਤੁਸੀਂ ਪੜ੍ਹਦੇ ਹੀ ਨਹੀਂ, ਤੁਹਾਨੂੰ ਪਤਾ ਹੀ ਨਹੀਂ, ਅਸੀਂ ਲਿਖਦੇ ਹੀ ਖਾਲਸੇ ਦਾ ਹਾਂ। ਸਾਡਾ ਤਾਂ ਸਾਰਾ ਲੇਖ ਹੈ ਹੀ ਖਾਲਸੇ ਦਾ ਕਿਉਂਕਿ ਖਾਲਸਾ ਜਿਹੜਾ ਹੈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਦੁਨੀਆਂ ਦੀਆਂ ਗੱਲਾਂ ਨਹੀਂ ਅਸੀਂ ਲਿਖ ਸਕਦੇ। ਅਸੀਂ ਗੁਰੂ ਨਾਨਕ ਸਾਹਿਬ ਦੀ ਬਾਣੀ, ਜੋ ਆਖਰੀ ਫਰੇਮ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***

***ਅੰਗ – 846***

ਇਹਦੇ ਉਤੇ ਕੇਂਦਰਤ ਨੇ ਸਾਰੇ ਲੇਖ। ਬਹੁਤ ਧਿਆਨ ਨਾਲ ਮੈਂ ਪੜ੍ਹਦਾ ਹਾਂ, ਕੋਈ ਅੱਖਰ ਐਸਾ ਨਾ ਨਿਕਲ ਜਾਵੇ, ਜਿਹਦੇ ਵਿੱਚ ਦਵੈਤ ਹੋਵੇ। ਜਿਹਦੇ 'ਚ ਰਾਗ ਹੋਵੇ, ਅਗਿਆਨ ਹੋਵੇ, ਅੱਖਰਾਂ 'ਚ ਵੀ ਪ੍ਰਕਾਸ਼ ਹੁੰਦਾ ਹੈ, ਅੱਖਰਾਂ 'ਚ ਹੀ ਹਨ੍ਹੇਰ ਹੁੰਦਾ ਹੈ। ਕੋਸ਼ਿਸ਼ ਕਰਦੇ ਹਾਂ ਕਿ ਹਨ੍ਹੇਰੇ ਵਾਲਾ ਅੱਖਰ ਨਾ ਕੋਈ ਸ਼ਾਮਲ ਹੋ ਜਾਏ ਇਹਦੇ ਵਿੱਚ। ਸੋ ਤੁਸੀਂ ਸਾਰੇ ਹੀ ਲੱਗੇ ਹੋਏ ਹੋ, ਥਾਂ-ਥਾਂ 'ਤੇ ਮਿਹਨਤ ਹੋ ਰਹੀ ਹੈ, ਹਰ ਥਾਂ 'ਤੇ ਸੇਵਾਦਾਰ ਹੋ ਕੇ ਚਲਾ ਰਹੇ ਹੋ।

ਸੋ ਤੁਸੀਂ ਵਿਚਾਰ ਕਰੋ, ਬੜੇ ਦੀਵਾਨ ਸੁਣੇ, ਬੜੀ ਵਿਚਾਰ ਸੁਣੀ, ਹੁਣ ਪ੍ਰੈਕਟੀਕਲ ਕਰਮ ਜਿਹੜੇ ਨਾਮ ਜਪਣ ਦੇ ਨੇ ਉਨ੍ਹਾਂ ਨੂੰ ਸਮਝ ਕੇ ਨਾਮ ਵੱਲ ਚੱਲ ਪਵੋ ਕਿਉਂਕਿ ਨਾਮ ਜਪਣਾ ਵਾਹਿਗੁਰੂ ਦੀ ਸੇਵਾ ਹੈ। ਇਹਦੇ ਨਾਲ ਅੰਧਕਾਰ ਦੂਰ ਹੋਣਾ ਹੈ, ਬੇਚੈਨੀ ਦੂਰ ਹੋਣੀ ਹੈ। ਬਹੁਤ ਵੱਡੇ ਸੰਕਟ ਦੇ ਵਿੱਚੋਂ ਅਸੀਂ ਲੰਘ ਰਹੇ ਹਾਂ, ਕਲਜੁਗ ਦਾ ਪੂਰਾ ਜ਼ੋਰ ਪੈ ਰਿਹਾ ਹੈ, ਸੱਚ ਕਿਤੇ ਕਿਨਾਰੇ ਹੀ ਰਹਿ ਗਿਆ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਫੇਰ ਗੁਰ ਸਤੋਤਰ ਤੋਂ ਬਾਅਦ, ਗੁਰੂ ਮਹਾਰਾਜ ਦਾ ਹੁਕਮ ਸੁਣੋ, ਵਿਚਾਰ ਜੋ ਹੋਏਗੀ ਉਹ ਸਰਵਣ ਕਰੋ। ਅਰਦਾਸ। (ਫਿਲਮ ਨੰ. 735)

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌਂ ਕਰੌਂ ਨਿਵਾਸ॥

ਮੇਰੇ ਵਿੱਚ ਤੇ ਵਾਹਿਗੁਰੂ ਵਿੱਚ ਤੇ ਉਸ ਪੁਰਸ਼ ਦੇ ਵਿੱਚ, ਖਾਲਸਾ ਜਿਹਨੂੰ ਪਦਵੀ ਪ੍ਰਾਪਤ ਹੋ ਗਈ। ਬ੍ਰਹਮਗਿਆਨੀ -

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ - 272

ਕਹਿੰਦੇ, ਜਿਹਨੂੰ ਗਿਆਨ ਦਾ ਸੁਰਮਾ ਪ੍ਰਾਪਤ ਹੋਣ ਦੇ ਨਾਲ ਨੇਤਰਾਂ ਦਾ ਅੰਧਕਾਰ ਦੂਰ ਹੋ ਕੇ ਹਰ ਘਟ 'ਚ ਪ੍ਰਮੇਸ਼ਰ ਦਿਸਣ ਲੱਗ ਗਿਆ ਕਹਿੰਦੇ, ਉਹ ਖਾਲਸਾ ਹੋਇਆ ਕਰਦਾ ਹੈ। ਉਹਨੂੰ ਆਤਮਾ ਦਾ ਰਸ ਆ ਜਾਇਆ ਕਰਦਾ ਹੈ ਤੇ ਉਹ ਬਰਾਬਰ ਕੀਹਦੇ ਹੈ? ਕਹਿੰਦੇ, ਮੇਰਾ ਤੇ ਵਾਹਿਗੁਰੂ ਦਾ ਤੇ ਉਹਦਾ ਕੋਈ ਭੇਦ ਨਹੀਂ ਹੁੰਦਾ, ਇੱਕੋ ਜਿਹੇ ਹੀ ਹੁੰਦੇ ਨੇ। ਐਸੇ ਮਹਾਂਪੁਰਸ਼ ਵਾਹਿਗੁਰੂ ਨਾਲ ਜੁੜੇ ਹੁੰਦੇ ਨੇ। ਉਨ੍ਹਾਂ ਨੂੰ ਗੁਰੂ ਮਹਾਰਜ ਨੇ ਖਾਲਸੇ ਦਾ ਦਰਜਾ ਦਿਤਾ ਹੈ।

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਮਾਤ ਲੋਕ ਯਾਤਰਾ
(17.06.1918 ਤੋਂ 31 ਅਕਤੂਬਰ 2001)